

Original Uploaded by:
Punjab Digital Library
Digitized by:
Panjab Digital Library




Original with;
Punjab Vidhan Sabha
Digitized by;
Panjab Digi

Original with;
Punjab Vidhan Sabha.
Digitized by:

Original with;
Punjab Vidhan Sabha
Digitized by;
Panjab Digital Library

Punjab Vidhan Sabha Debates

15th October, 1985

Vol. I—No. 2

OFFICIAL REPORT



CONTENTS

Tuesday, the 15th October, 1985

		Page
Election of Speaker	..	(2)1
Congratulatory speeches	..	(2)1
Announcement by the Speaker	..	(2)6

PUNJAB VIDHAN SABHA SECRETARIAT, CHANDIGARH.

Price: Rs.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Tuesday, the 15th October, 1985.

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Acting Speaker (Sardar Ravi Inder Singh) in the Chair.

ELECTION OF SPEAKER

Mr. Acting Speaker : Now the House will proceed to elect the Speaker.

Chief Minister (Sardar Surjit Singh Barnala) : Sir, I beg to move—

> That Sardar Ravi Inder Singh, a Member of the Punjab Vidhan Sabha, who is present in the House, do take the Chair as Speaker of the Vidhan Sabha.

Education Minister (Sardar Sukhjinder Singh): Sir, I second the motion moved by the Chief Minister.

Mr. Acting Speaker: Motion moved—

> That Sardar Ravi Inder Singh, a Member of the Punjab Vidhan Sabha, who is present in the House, do take the Chair as Speaker of the Vidhan Sabha.

Mr. Acting Speaker: Is there any other proposal ?
(No other proposal was put forward by any other Hon'ble Member)

Mr. Acting Speaker: Since no other proposal has been put forward by any other Member, I declare Sardar Ravi Inder Singh elected as Speaker of the Punjab Vidhan Sabha. (Thumping)

(Sardar Ravi Inder Singh, Acting Speaker, occupied the Chair of the Speaker).

CONGRATULATORY SPEECHES

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਆਪ ਦਾ ਇਸ ਉੱਚ ਪਦਵੀ ਲਈ ਸਰਬਸੰਮਤੀ ਨਾਲ ਇਸ ਹਾਊਸ ਵਲੋਂ ਚੁਣੇ ਜਾਣ ਤੇ, ਮੈਂ ਆਪ ਨੂੰ ਬਹੁਤ ਵਧਾਈ ਪੇਸ਼ ਕਰਦਾ ਹਾਂ ਆਪਣੀ ਪਾਰਟੀ ਵਲੋਂ ਅਤੇ ਇਸ ਹਾਊਸ ਦੇ ਵਲੋਂ। ਇਸ ਉੱਚ ਪਦਵੀ ਤੇ ਬਹੁਤ ਮੁਮਤਾਜ਼ ਸ਼ਖਸੀਅਤਾਂ ਸੁਭਾਏਮਾਨ ਹੁੰਦੀਆਂ ਰਹੀਆਂ ਹਨ। ਆਪ ਵਾਸਤੇ ਵੀ ਇਹ ਪਦਵੀ ਕੋਈ ਨਵੀਂ ਨਹੀਂ ਹੈ। ਆਪ ਪਹਿਲਾਂ ਇਸ ਹਾਊਸ ਦੇ ਮੈਂਬਰ ਵੀ ਰਹੇ ਹੋ ਅਤੇ ਇਸ ਪਦਵੀ ਤੇ ਵੀ ਸੁਭਾਏਮਾਨ ਰਹੇ ਹੋ ਅਤੇ ਜਿੰਨੀ ਦੇਰ ਤੁਸੀਂ ਬਤੌਰ ਸਪੀਕਰ ਦੇ ਫ਼ਰਜ਼ ਨਿਭਾਇਆ, ਸਾਰਾ ਹਾਊਸ ਜਾਣਦਾ ਹੈ ਕਿ ਆਪ ਬਹੁਤ ਗੰਭੀਰਤਾ ਨਾਲ, ਬਹੁਤ ਯੋਗਤਾ ਦੇ ਨਾਲ ਆਪਣੇ ਫਰਜ਼ ਨੂੰ ਨਿਭਾਉਂਦੇ ਰਹੇ ਹੋ ਅਤੇ ਹਾਊਸ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨੇ ਮਹਿਸੂਸ ਕੀਤਾ ਜਦੋਂ ਆਪ ਪਹਿਲਾਂ ਸਪੀਕਰ ਸੀ ਤਾਂ ਆਪ ਨੇ ਕਿਸੇ ਕਿਸਮ ਦਾ ਪੱਖਪਾਤ ਨਹੀਂ ਸੀ ਕੀਤਾ ਅਤੇ ਬਹੁਤ ਵੱਡੀ ਗਲ ਇਸ ਕੁਰਸੀ ਦੀ ਇਹ ਹੁੰਦੀ ਹੈ ਕਿ ਕਿਸੇ ਕਿਸਮ ਦਾ ਪੱਖਪਾਤ ਹਾਊਸ ਦੇ ਵਿਚ ਬੈਠੀਆਂ ਪਾਰਟੀਆਂ ਨਾਲ ਜਾਂ ਹਾਊਸ ਦੇ ਮੈਂਬਰਾਂ ਨਾਲ ਨਾ ਹੋਵੇ। ਆਪ ਬਹੁਤ ਯੋਗ ਸ਼ਖ਼ਸੀਅਤ ਹੋ ਇਸ ਵੇਲੇ ਇਸ ਕੁਰਸੀ ਨੂੰ ਸੰਭਾਲਣ ਵਾਸਤੇ। ਅੱਜ ਮੈਨੂੰ ਬਹੁਤ ਖੁਸ਼ੀ ਹੈ ਇਸ ਗੱਲ ਦੀ ਕਿ ਸਾਰੇ ਹਾਊਸ ਦੇ ਮੈਂਬਰਾਂ ਨੇ ਆਪ ਨੂੰ ਇਸ ਅਹੁਦੇ ਲਈ ਮੁਨਾਸਬ ਸਮਝਿਆ ਅਤੇ ਸਰਬ-ਸੰਮਤੀ ਨਾਲ ਇਸ ਕੁਰਸੀ ਵਾਸਤੇ ਚੁਣਿਆ। ਆਪ ਤੋਂ ਸਾਨੂੰ ਸਾਰਿਆਂ ਨੂੰ ਇਹ ਆਸ ਹੈ ਕਿ ਆਪ ਬੜੀ ਨਿਰਪੱਖਤਾ ਨਾਲ ਇਸ ਹਾਊਸ ਨੂੰ ਚਲਾਉਂਦੇ ਰਹੋਗੇ। ਖਾਸ ਕਰਕੇ ਮੈਂ ਆਪ ਦਾ ਇਸ ਗੱਲ ਵਲ ਧਿਆਨ ਦਿਵਾਵਾਂਗਾ ਕਿ ਸਾਡੇ ਨਾਲ ਇਧਰ ਬੈਠੇ (ਟਰੈਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਜੋ ਮੈਂਬਰ ਸਾਹਿਬਾਨ ਹਨ ਉਨ੍ਹਾਂ ਨਾਲ ਤਾਂ ਬੇਸ਼ਕ ਜੇ ਕੋਈ ਵਧੀਕੀ ਹੋ ਵੀ ਜਾਵੇ ਕੋਈ ਗੱਲ ਨਹੀਂ ਲੇਕਿਨ ਜੋ ਸਾਡੇ ਵੀਰ ਦੂਸਰੇ ਪਾਸੇ ਬੈਠੇ ਹਨ, ਕੁਝ ਆਜ਼ਾਦ ਮੈਂਬਰ ਹਨ, ਦੂਸਰੀਆਂ ਪਾਰਟੀਆਂ ਦੇ ਮੈਂਬਰ ਹਨ ਉਨ੍ਹਾਂ ਦਾ ਤੁਹਾਨੂੰ ਸਾਡੇ ਨਾਲੋਂ ਵੀ ਜ਼ਿਆਦਾ ਧਿਆਨ ਰੱਖਣਾ ਹੋਵੇਗਾ। (ਥੰਪਿੰਗ) ਅੱਜ ਅਸੀਂ ਸਾਰੇ ਇਕੱਠੇ ਹੋਏ ਹਾਂ ਇਕ ਨਵੇਂ ਪੰਜਾਬ ਦੀ ਤਸ਼ਕੀਲ ਕਰਨ ਲਈ । ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਨਵੇਂ ਪੰਜਾਬ ਦਾ ਸੁਪਨਾ ਲਿਆ ਸੀ। ਪੰਜਾਬ ਵਿਚ ਅਮਨ, ਭਾਈਚਾਰਾ ਅਤੇ ਪੰਜਾਬ ਦੀ ਉਨਤੀ ਦਾ ਜੋ ਆਪਣੇ ਮਨ ਵਿਚ ਇਕ ਨਕਸ਼ਾ ਬਣਾਇਆ ਸੀ ਅੱਜ ਅਸੀਂ ਸਾਰੇ ਮੈਂਬਰ ਉਸ ਨਕਸ਼ੇ ਨੂੰ ਸਾਕਾਰ ਕਰਨ ਵਾਸਤੇ ਯਤਨਸ਼ੀਲ ਹਾਂ। ਮੈਨੂੰ ਆਸ ਹੈ ਕਿ ਇਸ ਹਾਊਸ ਵਿਚ ਸਾਰੇ ਮੈਂਬਰ ਸਾਹਿਬਾਨ ਬੜੀ ਜ਼ਿਮੇਵਾਰੀ ਨਾਲ ਆਪਣੇ ਆਪਣੇ ਕਰਤਵ ਨਿਭਾਉਣਗੇ। ਅਸੀਂ ਆਪਣੀ ਆਪਣੀ ਥਾਂ ਤੋਂ ਆਏ ਹਾਂ ਅਤੇ ਲੋਕਾਂ ਨੇ ਸਾਡੇ ਤੇ ਬੜਾ ਭਰੋਸਾ ਪ੍ਰਗਟ ਕੀਤਾ ਹੈ, ਉਨ੍ਹਾਂ ਦਾ ਭਰੋਸਾ ਕਾਇਮ ਰਖੀਏ ਅਤੇ ਇਸ ਹਾਊਸ ਵਿਚ ਅਜਿਹੀਆਂ ਕਾਰਵਾਈਆਂ ਹੋਣ ਕਿ ਪੰਜਾਬ ਦੀ ਉਨਤੀ ਅਤੇ ਸਦਭਾਵਨਾ ਹੋਵੇ। ਪੰਜਾਬ ਦੇ ਹਾਲਾਤ ਸੁਖਾਵੇਂ ਹੋਣ ਅਤੇ ਪੰਜਾਬ ਤਰੱਕੀ ਕਰੇ। ਮੈਂ ਆਪ ਦਾ ਧਿਆਨ ਇਸ ਗੱਲ ਵੱਲ ਵੀ ਦਿਵਾਉਣਾ ਚਾਹਾਂਗਾ ਕਿ ਅਸੀਂ ਕਾਫ਼ੀ ਸਮੇਂ ਬਾਅਦ ਇਸ ਹਾਊਸ ਵਿਚ ਬੈਠ ਰਹੇ ਹਾਂ ਅਤੇ ਕੁਝ ਸਾਡੇ ਸਾਹਮਣੇ ਮੁਸ਼ਕਲਾਤ ਹਨ। ਇਸ ਸਮੇਂ ਜੋ ਪੰਜਾਬ ਦੇ ਹਾਲਾਤ ਹਨ, ਸਭ ਨੂੰ ਪਤਾ ਹੈ, ਉਨ੍ਹਾਂ ਨੂੰ ਅਸੀਂ ਸਾਰੇ ਰਲ ਕੇ ਠੀਕ ਕਰ ਸਕਾਂਗੇ। ਜੇ ਖਿਚੋਤਾਣੀ ਹੋਵੇਗੀ ਤਾਂ ਹਾਲਾਤ ਠੀਕ ਨਹੀਂ ਕਰ ਸਕਾਂਗੇ। ਇਸ ਵਿਚ ਵੀ, ਸਪੀਕਰ ਸਾਹਿਬ, ਆਪ ਦਾ ਬੜਾ ਯੋਗਦਾਨ ਹੋਵੇਗਾ। ਆਪ ਇਸ ਹਾਊਸ ਨੂੰ ਪਹਿਲਾਂ ਵੀ ਗਾਈਡ ਕਰਦੇ ਰਹੇ ਹੋ ਅਤੇ ਹੁਣ ਵੀ ਸਾਨੂੰ ਆਸ ਹੈ ਕਿ ਉਹ ਗਾਈਡੈਂਸ ਮਿਲਦੀ ਰਹੇਗੀ। ਆਪ ਦੇ ਬਾਰੇ ਮੈਨੂੰ ਦਸਣ ਦੀ ਲੋੜ ਨਹੀਂ ਸਾਰੇ ਮੈਂਬਰ ਸਾਹਿਬਾਨ ਜਾਣਦੇ ਹਨ ਕਿ ਆਪ ਉਚ ਤਾਲੀਮ ਤੋਂ ਬਾਅਦ ਬਹੁਤ ਯੋਗ ਕੰਮ ਤੇ ਮੁਮਤਾਜ਼ ਰਹੇ। ਆਪ ਦਾ ਜੋ ਰੋਲ ਇਸ ਹਾਊਸ ਵਿਚ ਹੈ ਉਸ ਦੇ ਕਹਿਣ ਦੀ ਲੋੜ ਨਹੀਂ । ਮੈਨੂੰ ਆਸ ਹੈ ਕਿ ਆਪ ਆਉਂਦੇ ਸਮੇਂ ਵਿੱਚ ਸਾਨੂੰ ਗਾਈਡ ਕਰਦੇ ਰਹੋਗੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਫਿਰ ਆਪ ਨੂੰ ਵਧਾਈ ਦਿੰਦਾ ਹਾਂ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ (ਮੁਕਤਸਰ) : ਸਪੀਕਰ ਸਾਹਿਬ, ਆਪ ਦੀ ਇਸ ਯੂਨਾਨੀਮਸ ਇਲੈਕਸਨ ਤੇ ਮੈਂ ਆਪ ਨੂੰ ਵਧਾਈ ਦਿੰਦੀ ਹਾਂ। (ਥੰਪਿੰਗ) ਸਾਨੂੰ ਬੜੀ ਖੁਸ਼ੀ ਹੈ ਕਿ ਸਾਰੇ ਹਾਊਸ ਨੇ ਇਕ ਹੋ ਕੇ ਤੁਹਾਨੂੰ ਸਪੀਕਰ ਚੁਣਿਆ ਹੈ। ਇਸ ਦੀ ਵੀ ਕੋਈ ਵਜ੍ਹਾ ਹੋਣੀ ਹੈ। ਤੁਹਾਡੇ ਜੋ ਪਿਛਲੇ ਸਾਲਾਂ ਦਾ ਰੋਲ ਰਿਹਾ ਹੈ ਐਜ਼ ਏ ਸਪੀਕਰ ਉਹ ਬਹੁਤ ਵਧੀਆ ਰਿਹਾ, ਬਲਕਿ ਲੋਕਾਂ ਵਿਚ ਵੀ ਇਹ ਚਰਚਾ ਰਹੀ ਕਿ ਸਰਦਾਰ ਰਵੀ ਇੰਦਰ ਸਿੰਘ ਐਜ਼ ਏ ਸਪੀਕਰ ਬਗੈਰ ਕਿਸੇ ਪੱਖਪਾਤ ਦੇ ਹਾਊਸ ਨੂੰ ਬੜੀ ਅੱਛੀ ਤਰ੍ਹਾਂ ਚਲਾਉਂਦੇ ਰਹੇ। (ਥੰਪਿੰਗ) ਤੁਸੀਂ ਪਾਰਲੀਆਮੈਂਟਰੀ ਰਿਵਾਇਤਾਂ ਤੋਂ ਅੱਛੀ ਤਰ੍ਹਾਂ ਵਾਕਫ਼ ਹੋ ਅੌਰ ਮੈਨੂੰ ਉਮੀਦ ਹੈ ਕਿ ਤੁਸੀਂ ਦੋਨੋਂ ਪਾਸਿਆਂ ਦੇ ਜੋ ਮੈਂਬਰ ਆਪੋਜ਼ੀਸ਼ਨ ਵਿਚ ਬੈਠੇ ਹਨ ਕਾਂਗਰਸ ਪਾਰਟੀ ਦੇ, ਆਜ਼ਾਦ ਮੈਂਬਰ ਹਨ, ਬੀ.ਜੇ.ਪੀ. ਦੇ ਮੈਂਬਰ ਹਨ ਅਤੇ ਹੋਰ ਵੀ ਹਨ ਅੌਰ ਆਪਣੇ ਅਕਾਲੀ

Original with;
Punjab Vidhan Sabha
Digitized by;
Panjab Digital Library

ਵੀਰ ਜਿਹੜੇ ਰੂਲਿੰਗ ਪਾਰਟੀ ਵਾਲੇ ਬੈਠੇ ਹਨ ਉਨ੍ਹਾਂ ਸਭਨਾਂ ਨਾਲ ਆਪਣੀ ਅਕਲ ਅਤੇ ਸੂਝ ਨਾਲ ਬਹੁਤ ਅੱਛੀ ਤਰ੍ਹਾਂ ਵਿਵਹਾਰ ਕਰਕੇ ਹਾਊਸ ਨੂੰ ਚਲਾਉਗੇ। ਮੈਂ ਆਪਣੇ ਲੀਡਰ ਆਫ਼ ਦੀ ਹਾਊਸ ਨਾਲ ਸਹਿਮਤ ਹਾਂ ਕਿ ਇਥੇ ਜੋ ਅਸੀਂ ਆਪਣਾ ਰਵਈਆ ਅਖਤਿਆਰ ਕਰਾਂਗੇ ਉਸ ਦਾ ਅਸਰ ਸਾਰੇ ਪੰਜਾਬ ਵਿਚ ਹੋਵੇਗਾ। ਸਪੀਕਰ ਸਾਹਿਬ, ਮੈਨੂੰ ਬੜੀ ਉਮੀਦ ਵੀ ਹੈ ਅਤੇ ਭਰੋਸਾ ਵੀ ਹੈ ਕਿ ਜਿੰਨੇ ਵੀ ਮੈਂਬਰ ਸਾਹਿਬਾਨ ਹਾਊਸ ਵਿਚ ਬੈਠੇ ਹਨ ਉਹ ਹਾਊਸ ਦਾ ਜ਼ਿਆਦਾ ਤੋਂ ਜ਼ਿਆਦਾ ਇਮੇਜ ਪ੍ਰੋਜੈਕਟ ਕਰਦੇ ਹਨ। ਲੋਕਾਂ ਦੇ ਮਨਾਂ ਵਿਚ ਐਮ.ਐਲ.ਏ. ਸਾਹਿਬਾਨ ਵਾਸਤੇ ਹੋਰ ਵੀ ਜ਼ਿਆਦਾ ਇਜ਼ਤ ਪੈਦਾ ਹੋਵੇਗੀ ਜੇ ਅਸੀਂ ਆਪਣਾ ਠੀਕ ਇਮੇਜ ਲੋਕਾਂ ਦੇ ਸਾਹਮਣੇ ਰੱਖਾਂਗੇ। ਲੋਕਾਂ ਨੂੰ ਸਾਡੇ ਤੋਂ ਬਹੁਤ ਆਸ਼ਾਵਾਂ ਹੁੰਦੀਆਂ ਹਨ। ਸਪੀਕਰ ਸਾਹਿਬ, ਤੁਹਾਡੀ ਗਾਈਡੈਂਸ ਦੇ ਅੰਦਰ ਇਹ ਸਾਰਾ ਕੁਝ, ਮੈਨੂੰ ਉਮੀਦ ਹੈ, ਬਹੁਤ ਅੱਛੀ ਤਰ੍ਹਾਂ ਚਲੇਗਾ। ਹਾਊਸ ਨੂੰ ਬੜੇ ਡਿਗਨੀਫਾਈਡ ਤਰੀਕੇ ਨਾਲ, ਸਾਰੇ ਮੈਂਬਰ ਸਾਹਿਬਾਨ ਦੇ ਸਹਿਯੋਗ ਨਾਲ ਤੁਸੀਂ ਚਲਾਉਗੇ ਅਤੇ ਇਹ ਹਾਊਸ ਤੁਹਾਡੀ ਠੀਕ ਗਾਈਡੈਂਸ ਨਾਲ ਚਲੇਗਾ।

ਸੰਤ ਜੀ ਨੇ ਅਕਾਰਡ ਸਾਈਨ ਕੀਤਾ। ਉਨ੍ਹਾਂ ਨੂੰ ਪ੍ਰਾਈਮ ਮਨਿਸਟਰ ਜੀ ਨੇ ਸੱਦਾ ਦਿੱਤਾ। ਮੈਂ ਇਹ ਕਹਿਣ ਤੋਂ ਬਿਲਕੁਲ ਸੰਕੋਚ ਨਹੀਂ ਕਰਦੀ ਕਿ ਪ੍ਰਾਈਮ ਮਨਿਸਟਰ ਨੇ ਬੜੀ ਦਲੇਰੀ ਨਾਲ ਇਲੈਕਸ਼ਨਾਂ ਲਈ ਸੱਦਾ ਦਿੱਤਾ (ਥੰਪਿੰਗ) ਅਤੇ ਉਨ੍ਹਾਂ ਦਾ ਨਤੀਜਾ ਤੁਹਾਨੂੰ ਪਤਾ ਲਗ ਗਿਆ। ਲੋਕਾਂ ਨੂੰ ਖਿਆਲ ਸੀ ਕਿ ਇਹ ਡਿਸੀਜ਼ਨ ਤਾਂ ਲੈ ਲਿਆ ਪਰ ਇਲੈਕਸ਼ਨਜ਼ ਕਿਸ ਤਰ੍ਹਾਂ ਹੋਣਗੀਆਂ। ਲੋਕਾਂ ਦੇ ਮਨਾਂ ਵਿਚ ਕਈ ਕਿਸਮ ਦੇ ਭਰਮ ਸਨ। ਲੇਕਿਨ ਮੈਨੂੰ ਖੁਸ਼ੀ ਹੈ ਕਿ ਕੋਈ ਵੀ ਐਸਾ ਇਨਸੀਡੈਂਸ ਨਹੀਂ ਹੋਇਆ। ਪੰਜਾਬ ਦੇ ਲੋਕਾਂ ਨੇ ਵੀ ਬੜੀ ਦਲੇਰੀ ਨਾਲ ਆਪਣੀਆਂ ਵੋਟਾਂ ਪਾ ਕੇ ਸਾਨੂੰ ਸਾਰਿਆਂ ਨੂੰ ਕਾਮਯਾਬ ਕੀਤਾ। ਅਸੀਂ ਕਾਂਗਰਸ ਪਾਰਟੀ ਦੇ ਮੈਂਬਰ ਮਿਨਾਰਿਟੀ ਵਿਚ ਹਾਂ ਤੁਸੀਂ ਸਾਨੂੰ ਪੂਰਾ ਮੌਕਾ ਦਿਉਗੇ ਤਾਕਿ ਅਸੀਂ ਆਪਣੇ ਖਿਆਲਾਤ ਦਾ ਪੂਰੀ ਤਰ੍ਹਾਂ ਇਜ਼ਹਾਰ ਕਰ ਸਕੀਏ, ਖਾਹ ਕੋਈ ਰੂਲਿੰਗ ਪਾਰਟੀ ਵਿਚ ਹੋਵੇ ਜਾਂ ਆਪੋਜ਼ੀਸ਼ਨ ਵਿਚ।

ਸਭ ਦਾ ਮਕਸਦ ਇਹੋ ਹੁੰਦਾ ਹੈ ਕਿ ਆਪਣੇ ਹਲਕਿਆਂ ਦੀ ਬਾਬਤ, ਆਪਣੇ ਮੁਲਕ ਦੀ ਬਾਬਤ ਆਪਣੇ ਖਿਆਲ ਰੱਖ ਸਕਣ ਔਰ ਫਿਰ ਇਹ ਖਿਆਲ ਬਾਹਰ ਜਿਸ ਤਰ੍ਹਾਂ ਵੀ ਸਰਕਾਰ ਸਮਝੇ ਜਾ ਕੇ ਰਖ ਸਕਣ। ਮੈਂ, ਸਪੀਕਰ ਸਾਹਿਬ, ਬਹੁਤ ਵਧਾਈ ਦਿੰਦੀ ਹਾਂ। ਸਾਡੇ ਸਾਰਿਆਂ ਦੇ ਮਨਾਂ ਵਿਚ ਤੁਹਾਡੇ ਲਈ ਬਹੁਤ ਇੱਜ਼ਤ ਹੈ ਔਰ ਭਰੋਸਾ ਹੈ ਕਿ ਤੁਸੀਂ ਵੀ ਆਪਣਾ ਰੋਲ ਪੂਰੀ ਤਰ੍ਹਾਂ ਅਦਾ ਕਰੋਗੇ ਔਰ ਹਾਊਸ ਨੂੰ ਬਹੁਤ ਹੀ ਡਿਗਨੀਫਾਈਡ ਤਰੀਕੇ ਨਾਲ ਚਲਾਉਗੇ। (ਥੰਪਿੰਗ)

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣ) : ਸਪੀਕਰ ਸਾਹਿਬ, ਮੈਂ ਆਪ ਨੂੰ ਅਜ ਦੇ ਚੁਣਾਓ ਤੇ ਸਾਰੇ ਹਾਊਸ ਨੂੰ ਔਰ ਸਾਰੇ ਪੰਜਾਬ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਐਸੀ ਸ਼ਖ਼ਸੀਅਤ ਨੂੰ ਚੁਣਿਆ ਹੈ ਜਿਸ ਨੇ ਕਿ ਮੈਂਬਰਾਂ ਦੇ ਰਾਈਟਸ ਨੂੰ ਸੇਵ ਕਰਨ ਲਈ, ਹਾਊਸ ਦੀਆਂ ਰਵਾਇਤਾਂ ਨੂੰ ਬਰਕਰਾਰ ਰੱਖਣ ਲਈ ਪਹਿਲਾਂ ਵੀ ਪੂਰੀ ਵਾਹ ਲਾਈ ਹੈ। ਜੋ ਤੁਸੀਂ ਪਹਿਲਾਂ ਕਰਦੇ ਰਹੇ ਹੋ, ਉਸ ਤੋਂ ਸਾਰਾ ਹਾਊਸ ਜਾਣੂ ਹੈ। ਇਸ ਹਾਊਸ ਦੇ ਮੈਂਬਰਾਨ ਮੁਬਾਰਕਬਾਦ ਦੇ ਮੁਸਤਹਿਕ ਹਨ। ਸਪੀਕਰ ਸਾਹਿਬ, ਤੁਸੀਂ ਆਪਣੇ ਵਰਤੋਂ ਵਿਵਹਾਰ ਕਰਕੇ ਜੋ ਪ੍ਰਭਾਵ ਸਭ ਦੇ ਮਨਾਂ ਤੇ ਪਾਇਆ ਹੈ ਇਹ ਫੈਸਲਾ ਉਸੇ ਦਾ ਹੀ ਨਤੀਜਾ ਹੈ। ਸ਼ਰਾਬ-ਖਾਨੇ ਵਿੱਚ ਰੌਣਕ ਵੇਖਕੇ ਕਿਸੇ ਸ਼ਾਇਰ ਨੇ ਕਿਹਾ ਸੀ :—

"ਹਜੂਮ ਇਤਨਾ ਹੈ ਕਿਉਂ ਸ਼ਰਾਬ ਖਾਨੇ ਮੇਂ,
ਫ਼ਕਤ ਯਹ ਬਾਤ ਕਿ ਪੀਰੇ ਮੁਗਾਂ ਹੈ
ਮਰਦੇ ਖਲੀਕ ਮਿੱਠ।"

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਕਿਉਂਕਿ ਉਹ ਬੜੀ ਖੂਬਸੂਰਤ ਬਾਤ ਕਰਦਾ ਹੈ ਔਰ ਮਿੱਠ ਬੋਲੜਾ ਹੈ। ਸਪੀਕਰ ਸਾਹਿਬ, ਇਸ ਹਾਊਸ ਵਿਚ ਜੋ ਮਾਹੌਲ ਆਪਾਂ ਬਾਹਰ ਤੋਂ ਲੈ ਕੇ ਆਏ ਹਾਂ ਉਹ ਬਹੁਤ ਤਲਖੀਆਂ ਦਾ ਮਾਹੌਲ ਹੈ, ਹੰਝੂਆਂ ਭਰੇ ਜ਼ਖਮਾਂ ਦਾ ਮਾਹੌਲ ਹੈ। ਇਸ ਲਈ ਹੋ ਸਕਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਉਸ ਦਾ ਰੈਫਰੈਂਸ ਵਿਚ ਆਵੇ। ਸ਼੍ਰੀ ਰਾਜੀਵ ਗਾਂਧੀ ਦੀਆਂ ਮੇਹਰਬਾਨੀਆਂ ਦੀ ਭੈਣ ਗੁਰਬਿੰਦਰ ਕੌਰ ਨੈ ਗੱਲ ਕੀਤੀ ਹੈ। ਪ੍ਰਧਾਨ ਮੰਤਰੀ ਦੀਆਂ ਮੇਹਰਬਾਨੀਆਂ ਦਾ ਜ਼ਿਕਰ ਨਹੀਂ ਕਰਨਾ ਚਾਹੀਦਾ ਕਿਉਂ ਜੇਕਰ ਵੇਖਿਆ ਜਾਵੇ ਤਾਂ ਜ਼ੁਲਮਾਂ ਦੀ ਤਾਦਾਦ ਕਿਤੇ ਵੱਧ ਹੈ ਮੇਹਰਬਾਨੀਆਂ ਨਾਲੋਂ (ਰੂਲਿੰਗ ਪਾਰਟੀ ਵਲੋਂ ਥੰਪਿੰਗ) ਲੇਕਿਨ, ਸਪੀਕਰ ਸਾਹਿਬ, ਅਸੀਂ ਸਭ ਕੁਝ ਨੂੰ ਇਗਨੋਰ ਕਰਕੇ ਪੰਜਾਬ ਨੂੰ ਤਰੋਤਾਜ਼ਾ ਮਾਹੌਲ ਦੇਣ ਵਾਸਤੇ, ਇਕ ਦੂਜੇ ਦੀ ਇਜ਼ਤ ਕਰਨ ਵਾਸਤੇ ਇਥੇ ਆਏ ਹਾਂ। ਅਸੀਂ ਇਕ ਦੂਜੇ ਦਾ ਸਤਿਕਾਰ ਕਰਨਾ ਹੈ, ਸਨਮਾਨ ਕਰਨਾ ਹੈ, ਔਰ ਕੋਈ ਐਸੀ ਬਾਤ ਨਾ ਹੋਣ ਦਿੱਤੀ ਜਾਵੇ ਜਿਸ ਨਾਲ ਬਾਹਰ ਲੋਕ ਇਹ ਖਿਆਲ ਕਰਨ ਕਿ ਇਸ ਹਾਊਸ ਦੇ ਨੁਮਾਇੰਦਿਆਂ ਨੂੰ ਚੱਜ ਨਹੀਂ ਹੈ । ਇਸ ਲਈ ਅਸੀਂ ਸਾਰੇ ਆਪਣੀ ਇਕ ਡਿਊਟੀ, ਆਪਣਾ ਫ਼ਰਜ਼ ਨਿਭਾਉਣ ਵਾਸਤੈ ਆਏ ਹਾਂ। ਸਪੀਕਰ ਸਾਹਿਬ, ਜੋ ਤੁਹਾਡੀ ਸ਼ਖਸੀਅਤ ਵਿਚ ਗੁਣ ਮੌਜੂਦ ਹੈ ਉਨ੍ਹਾਂ ਵਿਚ ਸਤਿਗੁਰੂ ਹੋਰ ਵਾਧਾ ਕਰੇ। ਅਸੀਂ ਜੋ ਮੈਂਬਰ ਜਨਤਾ ਵਲੋਂ ਚੁਣ ਕੇ ਆਏ ਹਾਂ, ਭਾਵੇਂ ਸਾਡੇ ਸਾਹਮਣੇ ਤਲਖ ਹਕੀਕਤਾਂ ਹਨ, ਹੰਝੂ ਹਨ, ਜ਼ਖਮ ਹਨ, ਅਸੀਂ ਕੋਈ ਅੱਛਾ ਰਾਹ ਢੂੰਡੀਏ ਜਿਸ ਨਾਲ ਸਦ-ਭਾਵਨਾ ਦਾ ਮਾਹੌਲ ਪੈਦਾ ਕਰ ਸਕੀਏ, ਅਮਨ ਪੈਦਾ ਕਰ ਸਕੀਏ, ਪਿਆਰ ਦੇ ਸਕੀਏ।

ਮੈਂ ਇਨ੍ਹਾਂ ਲਫਜ਼ਾਂ ਨਾਲ ਤੁਹਾਨੂੰ, ਹਾਊਸ ਨੂੰ ਅਤੇ ਪੰਜਾਬ ਨੂੰ ਮੁਬਾਰਕਬਾਦ ਦਿੰਦਾ ਹਾਂ । (ਥੰਪਿੰਗ)

श्री राधा कृष्ण (फाज़िलका) :स्पीकर साहिब, आप को सारे हाऊस ने एक राए से इस वक्त पर चुना है, यह इस बात का सबूत है। पंजाब की चुनी हुई सभा के मैंबर इस पंजाब के अन्दर जो पिछले ज़खम हैं उन को भरना चाहते हैं ।

आप की शख़सीअत का जो पिछली से पिछली सभा के स्पीकर के तौर पर आप का काम रहा है वह काबल-ए-तारीफ है । मैं अपनी पार्टी की तरफ से यकीन दिलाना चाहता हूं कि हम लोग आप से पूरा पूरा तुआवन करेंगे और उमीद करेंगे कि आप हाऊस को अच्छे ढंग से चलाएंगे । इन शब्दों के साथ मैं आप को मुबारिकबाद देता हूं ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਤੁਹਾਡੇ ਸਰਬਸੰਮਤੀ ਨਾਲ ਬਤੌਰ ਸਪੀਕਰ ਚੁਣੇ ਜਾਣ ਤੇ ਮੈਂ ਆਪ ਨੂੰ ਮੁਬਾਰਕਬਾਦ ਦਿੰਦਾ ਹਾਂ ਔਰ ਮੁੱਖ ਮੰਤਰੀ ਬਰਨਾਲਾ ਜੀ ਦਾ, ਜਿਨ੍ਹਾਂ ਨੇ ਤੁਹਾਡਾ ਨਾਂ ਪਰਪੋਜ਼ ਕੀਤਾ ਹੈ, ਉਸ ਦੇ ਲਈ ਉਨ੍ਹਾਂ ਦਾ ਵੀ ਧੰਨਵਾਦ ਕਰਦਾ ਹਾਂ। ਹਾਊਸ ਨੂੰ ਪੂਰਾ ਭਰੋਸਾ ਹੈ, ਯਕੀਨ ਹੈ ਕਿ ਤੁਸੀਂ ਜਿਸ ਕੁਰਸੀ ਤੇ ਬੈਠੇ ਹੋ ਉਸ ਦੀਆਂ ਰਵਾਇਤਾਂ ਨੂੰ ਬਰਕਰਾਰ ਰੱਖੋਗੇ। ਤੁਸੀਂ ਬਤੌਰ ਸਪੀਕਰ ਦੇ ਪਹਿਲਾਂ ਰਹੇ ਹੋ ਔਰ ਬੜਾ ਅੱਛਾ ਇੰਪ੍ਰੈਸ਼ਨ ਸਭ ਨੂੰ ਦਿੱਤਾ ਹੈ। ਤੁਸੀਂ ਸਾਰੇ ਮੈਂਬਰ ਸਾਹਿਬਾਨ ਦਾ ਪੂਰਾ ਧਿਆਨ ਰੱਖਦੇ ਹੋ, ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਦੇ ਹੋ, ਇਸ ਗੱਲ ਲਈ ਮੈਂ ਬਹੁਤ ਬਹੁਤ ਵਧਾਈ ਦਿੰਦਾ ਹਾਂ। ਅਸੀਂ, ਸਪੀਕਰ ਸਾਹਿਬ, ਜਦੋਂ ਚੋਣ ਲੜ ਰਹੇ ਸੀ ਤਾਂ ਉਥੇ ਤਰ੍ਹਾਂ ਤਰ੍ਹਾਂ ਦੇ ਸਵਾਲ ਉਠਦੇ ਸਨ। ਜਿਸ ਤਰ੍ਹਾਂ ਕਿ ਪੰਜਾਬ ਦੀ ਤਰੱਕੀ ਦਾ

Original with;
Punjab Vidhan Sabha
Digitized by;
Panjab Digital Library

ਸਵਾਲ ਹੈ, ਇਸੇ ਤਰ੍ਹਾਂ ਹੀ ਉਥੇ ਇਹ ਵੀ ਸਵਾਲ ਉਠਦਾ ਸੀ ਕਿ ਕੀ ਤੁਸੀਂ ਅਮਨ ਕਾਇਮ ਕਰ ਸਕੋਗੇ, ਕੀ ਅਮਨ ਵਾਸਤੇ ਕੋਈ ਸੁਖਾਵਾਂ ਰਾਹ ਲੱਭ ਸਕੋਗੇ। ਇਹ ਸਵਾਲ ਪਹਿਲੇ ਨੰਬਰ ਤੇ ਉਠਦਾ ਸੀ ਤੇ ਪੰਜਾਬ ਦੀ ਤਰੱਕੀ ਦਾ ਸਵਾਲ ਦੂਜੇ ਨੰਬਰ ਤੇ ਸੀ। ਅਸੀਂ ਵਿਸ਼ਵਾਸ ਦਿਵਾਇਆ ਹੈ ਲੋਕਾਂ ਨੂੰ ਕਿ ਪੰਜਾਬ ਦੀਆਂ ਪਿਛਲੀਆਂ ਗੱਲਾਂ ਨੂੰ ਦੁਹਰਾਇਆ ਨਹੀਂ ਜਾਵੇਗਾ, ਸੋਹਣਾ ਤੇ ਅੱਛਾ ਮਾਹੌਲ ਰੱਖਾਂਗੇ। ਪੰਜਾਬ ਦਾ ਮਾਹੌਲ ਠੀਕ ਕਰਨ ਲਈ ਪੰਜਾਬ ਦੇ ਲੋਕ ਖੁਸ਼ ਸਨ ਔਰ ਸਾਨੂੰ ਮਿਲ ਕੇ ਐਸਾ ਮਾਹੌਲ ਦੇਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਮੁਬਾਰਕਬਾਦ ਦਿੰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ) : ਸਪੀਕਰ ਸਾਹਿਬ, ਮੈਂ ਆਪ ਜੀ ਦੇ ਇਸ ਹਾਊਸ ਦੇ ਉੱਚੇ ਆਹੁਦੇ ਲਈ ਯੂਨਾਨੀਮਸਲੀ ਚੁਣੇ ਜਾਣ ਤੇ ਹਾਰਦਿਕ ਵਧਾਈ ਦਿੰਦਾ ਹਾਂ। ਆਪ ਇਸ ਯੋਗ ਵੀ ਹੋ, ਲਾਇਕ ਵੀ ਹੋ ਔਰ ਇਸ ਚੀਜ਼ ਦਾ ਸਬੂਤ ਆਪ ਨੂੰ ਇਸ ਹਾਊਸ ਵਿਚ ਮੈਂਬਰਾਂ ਨੇ ਦਿੱਤਾ ਹੈ। ਜੋ ਵੀ ਵਿਅਕਤੀ ਇਸ ਹਾਊਸ ਦੀ ਉਚੀ ਚੇਅਰ ਵਾਸਤੇ ਚੁਣਿਆ ਜਾਂਦਾ ਹੈ ਸਭ ਹੀ ਲਾਇਕ ਔਰ ਯੋਗ ਹੁੰਦੇ ਹਨ ਲੇਕਿਨ ਜਿਨ੍ਹਾਂ ਨੇ ਵੀ ਬੜੌਰ ਸਪੀਕਰ ਸਾਹਿਬ ਦੇ ਇਹ ਉਚੀ ਚੇਅਰ ਆਕੁਪਾਈ ਕੀਤੀ ਹੈ, ਆਪ ਜੀ ਦੀ ਉਸ ਵਿਚ ਵੀ ਡਿਸਟਿੰਕਸ਼ਨ ਹੈ ਔਰ ਆਪ ਜੀ ਨੇ ਇਸ ਚੇਅਰ ਉਤੇ ਬੈਠ ਕੇ ਇਸ ਹਾਊਸ ਦਾ ਨਾਮ ਉੱਚਾ ਕੀਤਾ ਹੈ ਔਰ ਆਪਣੀ ਸ਼ੋਹਰਤ ਬੁਲੰਦ ਕੀਤੀ ਹੈ। ਆਪ ਜੀ ਦਾ ਨਾਮ ਪੇਸ਼ ਕਰਨ ਲਈ ਮੈਂ ਮੁੱਖ ਮੰਤਰੀ ਜੀ ਨੂੰ ਵੀ ਵਧਾਈ ਦਿੰਦਾ ਹਾਂ ਔਰ ਸਾਰੇ ਹਾਊਸ ਦੇ ਮੈਂਬਰਾਂ ਨੂੰ ਵਧਾਈ ਦਿੰਦਾ ਹਾਂ। (ਥੰਪਿੰਗ)

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ) : ਸਪੀਕਰ ਸਾਹਿਬ, ਮੈਂ ਆਪ ਜੀ ਦੇ ਸਰਬ-ਸੰਮਤੀ ਨਾਲ ਚੁਣੇ ਜਾਣ ਤੇ ਆਪ ਨੂੰ, ਸਮੁੱਚੇ ਹਾਊਸ ਨੂੰ ਔਰ ਪੰਜਾਬ ਦੀ ਸਮੁੱਚੀ ਜਨਤਾ ਨੂੰ ਬਹੁਤ ਬਹੁਤ ਮੁਬਾਰਕਬਾਦ ਪੇਸ਼ ਕਰਦਾ ਹਾਂ। ਆਪ ਮਿੱਠ-ਬੋਲੜੇ, ਖੁਸ਼ ਖਲਕ, ਖੁਸ਼ ਤਿਲਾਹ, ਖੂਬਸੂਰਤ ਤੇ ਖੂਬਸੀਰਤ ਵਿਅਕਤੀ ਹੋ (ਥੰਪਿੰਗ) (ਹਾਸਾ) ਆਪ ਪਹਿਲਾਂ ਵੀ ਇਸ ਪਦਵੀ ਤੇ ਬਰਾਜਮਾਨ ਰਹੇ ਹੋ। ਆਪ ਦੀ ਨਿਰਪੱਖਤਾ ਸਾਰੇ ਹਾਊਸ ਤੇ ਪ੍ਰਭਾਵਤ ਹੈ ਔਰ ਕਿਸੇ ਵੀ ਹਾਊਸ ਨੂੰ ਬਤੌਰ ਪਰਜ਼ਾ-ਇਡਿੰਗ ਅਫਸਰ ਕੰਡਕਟ ਕਰਨਾ ਕੋਈ ਆਸਾਨ ਬਾਤ ਨਹੀਂ ਹੈ। ਆਪ ਦੀ ਪਿਛਲੀ ਟਰਮ ਵਿਚ, ਕੋਈ ਵੀ ਹਾਊਸ ਦੀਆਂ ਪ੍ਰੋਸੀਡਿੰਗਾਂ ਵਿਚ ਕਦੇ ਕੋਈ ਕਰਾਈਸਿਜ਼ ਨਹੀਂ ਆਇਆ ਔਰ ਹਾਊਸ ਦੀਆਂ ਪ੍ਰੋਸੀਡਿੰਗਾਂ ਬਹੁਤ ਹੀ ਅੱਛੇ ਔਰ ਖੁਸ਼ਗਵਾਰ ਮਾਹੌਲ ਵਿਚ ਚਲਦੀਆਂ ਰਹੀਆਂ ਹਨ ਔਰ ਪੰਜਾਬ ਦੇ ਭਲੇ ਲਈ ਚਲਦੀਆਂ ਰਹੀਆਂ ਹਨ। ਮੈਂ ਆਸ ਕਰਦਾ ਹਾਂ ਕਿ ਜੋ ਮੇਰੇ ਸੀਨੀਅਰ ਕੁਲੀਗ ਸਰਦਾਰ ਕਿਰਪਾਲ ਸਿੰਘ ਨੇ ਬਿਆਨ ਕੀਤਾ ਹੈ ਕਿ ਪੰਜਾਬ ਦੇ ਅੱਲੇ ਜ਼ਖ਼ਮ ਹਨ ਇਸ ਹਾਊਸ ਦੀਆਂ ਪ੍ਰੋਸੀਡਿੰਗਜ਼ ਉਨ੍ਹਾਂ ਜ਼ਖ਼ਮਾਂ ਤੇ ਮਰਹਮ ਦਾ ਕੰਮ ਕਰਨਗੀਆਂ। ਜੋ ਸਾਡੀਆਂ ਜ਼ਿੰਮੇਵਾਰੀਆਂ ਹਨ ਉਨ੍ਹਾਂ ਨੂੰ ਅਸੀਂ ਠੀਕ ਤਰੀਕੇ ਨਾਲ ਨਿਭਾਵਾਂਗੇ ਔਰ ਜਿਸ ਨਾਲ ਦੇਸ਼ ਦੇ ਮਾਹੌਲ ਨੂੰ ਖੁਸ਼ਗਵਾਰ ਬਣਾਇਆ ਜਾ ਸਕੇਗਾ। ਮੈਂ ਫਿਰ ਇਕ ਵਾਰ ਆਪ ਨੂੰ ਮੁਬਾਰਕਬਾਦ ਦਿੰਦਾ ਹਾਂ।

ਸ਼੍ਰੀ ਸਪੀਕਰ : ਮੈਂ ਸਮੂਹ ਮੈਂਬਰ ਸਾਹਿਬਾਨ, ਜਿਨ੍ਹਾਂ ਨੇ ਮੈਨੂੰ ਇਕ ਬਹੁਤ ਵੱਡੀ ਜ਼ਿੰਮੇਵਾਰੀ ਸੌਂਪੀ ਹੈ, ਇਕੱਲੇ ਇਕੱਲੇ ਮੈਂਬਰ ਸਾਹਿਬ ਦਾ ਬਹੁਤ ਧੰਨਵਾਦੀ ਹਾਂ, ਖਾਸ ਕਰਕੇ ਸਰਦਾਰ ਸੁਰਜੀਤ ਸਿੰਘ ਬਰਨਾਲਾ, ਮਿਸਿਜ਼ ਬਰਾੜ, ਮੇਰੇ ਬਹੁਤ ਪਰਮ ਮਿੱਤਰ ਸਰਦਾਰ ਕਿਰਪਾਲ ਸਿੰਘ, ਚੌਧਰੀ ਰਾਧਾ ਕ੍ਰਿਸ਼ਨ, ਕਾਮਰੇਡ ਮਹਿਤਾਬ ਸਿੰਘ, ਸਰਦਾਰ ਕਰਨੈਲ ਸਿੰਘ ਅਤੇ ਕਟਾਰੀਆ ਸਾਹਿਬ ਦਾ, ਜਿਨ੍ਹਾਂ ਨੇ ਬੜੇ ਖੂਬਸੂਰਤ ਅਲਫਾਜ਼ ਵਿਚ ਮੇਰੀ ਤਾਰੀਫ ਦੇ ਪੁਲ ਬੰਨ੍ਹੇ ਹਨ ਹਾਲਾਂਕਿ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਮੈਂ ਇਸ ਦੇ ਕਾਬਲ ਨਹੀਂ ਸੀ, ਕਿਉਂਕਿ ਪੁਰਾਣਾ ਰਿਕਾਰਡ ਇੰਨਾਂ ਵਧੀਆਂ ਨਹੀਂ ਸੀ। ਮੈਂ ਖਾਸ ਕਰਕੇ ਨਵੇਂ ਮੈਂਬਰ ਸਾਹਿਬਾਨ ਨੂੰ ਇਹ ਜ਼ਰੂਰ ਕਹਿਣਾ ਚਾਹਾਂਗਾ ਕਿ ਸਪੀਕਰ ਦੀ ਕੁਰਸੀ ਤੇ ਬੈਠ ਕੇ ਹੀ ਹਾਊਸ ਕਾਬੂ ਵਿਚ ਨਹੀਂ ਹੋ ਜਾਂਦਾ, ਬਲਕਿ ਸਪੀਕਰ ਦਾ ਰੋਲ ਹਾਊਸ ਦੇ ਮੈਂਬਰ ਸਾਹਿਬਾਨ ਤੇ ਮੁਨੱਸਰ ਹੁੰਦਾ ਹੈ। ਸਮੂਹ ਮੈਂਬਰ ਸਾਹਿਬਾਨ ਅਗਰ ਚਾਹੁਣ ਤਾਂ ਇਸ ਜਮਹੂਰੀਅਤ ਦੇ ਢਾਂਚੇ ਨੂੰ, ਇਸ ਸਦਨ ਦੀ ਕਾਰਵਾਈ ਨੂੰ ਸੁਚੱਜੇ ਢੰਗ ਨਾਲ ਚਲਾਇਆ ਜਾ ਸਕਦਾ ਹੈ। ਜੇ ਹਰ ਆਰਗੂਮੈਂਟ, ਬਹਿਸ ਵਗੈਰਾ ਠੀਕ ਤਰੀਕੇ ਨਾਲ ਹੋਵੇ ਤਾਂ ਹਾਊਸ ਦੀ ਕਾਰਵਾਈ ਵੀ ਠੀਕ ਚਲੇਗੀ ਅਤੇ ਜਿਨ੍ਹਾਂ ਲੋਕਾਂ ਦੀਆਂ ਵੋਟਾਂ ਲੈ ਕੇ ਅਸੀਂ ਆਏ ਹਾਂ, ਉਨ੍ਹਾਂ ਤੇ ਵੀ ਚੰਗਾ ਅਸਰ ਪਵੇਗਾ ਅਤੇ ਸਭ ਲੋਕੀਂ ਇਹ ਮਹਿਸੂਸ ਕਰਨਗੇ ਕਿ ਉਨ੍ਹਾਂ ਦੇ ਚੁਣ ਕੇ ਭੇਜੇ ਹੋਏ ਨੁਮਾਇੰਦੇ ਚੰਗਾ ਕੰਮ ਕਰ ਰਹੇ ਹਨ। ਮੈਨੂੰ ਬੜੀ ਖੁਸ਼ੀ ਹੈ ਕਿ ਜਦੋਂ ਮੈਂ ਪਹਿਲਾਂ ਇਸ ਹਾਊਸ ਦਾ ਮੈਂਬਰ ਸੀ ਅਤੇ ਸਪੀਕਰ ਦੀ ਕੁਰਸੀ ਤੇ ਰਿਹਾ, ਉਸ ਵੇਲੇ ਵੀ ਇਸ ਹਾਊਸ ਦੀ ਕਾਰਵਾਈ ਬੜੇ ਚੰਗੇ ਮਾਹੌਲ ਵਿਚ ਹੁੰਦੀ ਰਹੀ। ਜਿਸ ਤਰ੍ਹਾਂ ਬਰਨਾਲਾ ਸਾਹਿਬ ਨੇ ਕਿਹਾ ਹੈ ਕਿ ਕਿਉਂਕਿ ਅਕਾਲੀ ਦਲ ਬਹੁਗਿਣਤੀ ਵਿਚ ਹੈ ਇਸ ਕਰਕੇ ਅਪੋਜ਼ੀਸ਼ਨ ਦੇ ਮੈਂਬਰਾਂ ਦਾ ਖਾਸ ਖਿਆਲ ਰੱਖਿਆ ਜਾਣਾ ਚਾਹੀਦਾ ਹੈ, ਇਹ ਬਿਲਕੁਲ ਠੀਕ ਹੈ, ਪਰ ਇਸ ਦੇ ਨਾਲ ਨਾਲ ਸਾਰੇ ਮੈਂਬਰ ਸਾਹਿਬਾਨ ਦਾ ਵੀ ਇਹ ਫਰਜ਼ ਬਣ ਜਾਂਦਾ ਹੈ ਕਿ ਜੋ ਮੈਂਬਰ ਸਾਹਿਬ ਦਾ ਫਰਜ਼ ਹੈ, ਜੋ ਜਮਹੂਰੀਅਤ ਦੇ ਅਸੂਲ ਹਨ, ਉਨ੍ਹਾਂ ਦੀ ਪਾਲਣਾ ਕੀਤੀ ਜਾਵੇ ਅਤੇ ਅਪੋਜ਼ੀਸ਼ਨ ਦੇ ਤੌਰ ਤੇ ਚੰਗਾ ਰੋਲ ਪਲੇ ਕੀਤਾ ਜਾਵੇ। ਇਸ ਦੇ ਨਾਲ ਹੀ ਜਿਥੇ ਬਰੂਟ ਮੈਜਾਰੇਟੀ ਹੁੰਦੀ ਹੈ, ਉਸ ਦੇ ਬਾਰੇ ਵੀ ਇਹ ਕਹਾਵਤ ਹੈ ਕਿ 'Power corrupts, absolute power corrupts absolutely.' ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਬਰਨਾਲਾ ਸਾਹਿਬ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ। ਮੈਂ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਭਾਵੇਂ ਅਪੋਜ਼ੀਸ਼ਨ ਇਸ ਹਾਊਸ ਵਿਚ ਥੋੜ੍ਹੀ ਗਿਣਤੀ ਵਿਚ ਹੈ, ਮੇਰੀ ਹੋਰ ਵੀ ਵਧੇਰੇ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਨ੍ਹਾਂ ਦਾ ਜ਼ਿਆਦਾ ਖਿਆਲ ਰਖਿਆ ਜਾਵੇ। ਅੱਜ ਮੈਂ ਬਹੁਤ ਸਮਾਂ ਨਹੀਂ ਲੈਣਾ ਚਾਹੁੰਦਾ ਕਿਉਂਕਿ ਹੋਰ ਵੀ ਕਈ ਕੰਮ ਮੈਂਬਰ ਸਾਹਿਬਾਨ ਨੇ ਕਰਨੇ ਹਨ।

ਮੈਂ ਆਪ ਸਭ ਦਾ ਬਹੁਤ ਬਹੁਤ ਸ਼ੁਕਰੀਆ ਅਦਾ ਕਰਦਾ ਹਾਂ।

ANNOUNCEMENT BY THE SPEAKER

ਸ਼੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਇਹ ਯਾਦ ਦਿਲਾਉਣਾ ਚਾਹੁੰਦਾ ਹਾਂ ਕਿ ਕੱਲ੍ਹ 16 ਤਾਰੀਖ ਨੂੰ ਗਵਰਨਰ ਸਾਹਿਬ ਦਾ ਐਡਰੈਸ ਇਸ ਹਾਊਸ ਵਿਚ 3.00 ਵਜ਼ੇ ਹੋਵੇਗਾ ਅਤੇ ਸ਼ਾਮ ਨੂੰ ਦੂਜੀ ਬੈਠਕ ਵਿਚ, ਜਿਹੜੀ 4.45 ਵਜੇ ਸ਼ੁਰੂ ਹੋਵੇਗੀ, ਆਬਿਚੁਅਰੀ ਰੈਫਰੈਂਸ ਹੋਣਗੇ।

Mr. Speaker: The House stands *adjourned till 3.00 P. M. on Wednesday, the 16th October, 1985.

*9.25 A.M. *(The Sabha then adjourned till 3.00 P.M. on Wednesday, the 16th October, 1985.)*

19389 PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

©-1985

Published under the authority of the Punjab Vidhan Sabha and Printed by the Controller, Govt. Press, U.T., Chandigarh.

Original with:
Punjab Vidhan Sabha
Digitized by:
Panjab Digital Library

3

Punjab Vidhan Sabha Debates

16th October, 1985

Vol. I—No. 3

OFFICIAL REPORT

CONTENTS

Wednesday, the 16th October, 1985

		Page
Obituary References	..	(3) 1
Walk Out	..	(3) 10
Obituary References (*Resumption*)	..	(3) 11
Observation by the Chief Minister	..	(3) 13
Obituary References (*Resumption*)	..	(3) 13

PUNJAB VIDHAN SABHA SECRETARIAT, CHANDIGARH.

Price : Rs.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha.
Digitized by;
Panjab Digital Library

PUNJAB VIDHAN SABHA

Wednesday, the 16th October, 1985

The Vidhan Sabha met in the Punjab Vidhan Sabha Hall, Vidhan Bhavan, Chandigarh, at 4.45 P. M. of the Clock. Mr. Speaker (Sardar Ravi Inder Singh) in the Chair.

OBITUARY REFERENCES

ਸ਼੍ਰੀ ਸਪੀਕਰ : ਓਬਿਊਚਰੀ ਰੈਫਰੈਂਸਿਜ਼ ਤੇ ਸੀ.ਐਮ. ਸਾਹਿਬ ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਇਹ ਸੈਸ਼ਨ ਬਹੁਤ ਅਰਸੇ ਤੋਂ ਬਾਅਦ ਹੋਣ ਲਗਾ ਹੈ। ਇਸ ਲਈ, ਓਬਿਊਚਰੀ ਰੈਫਰੈਂਸਿਜ਼ ਦੀ ਗਿਣਤੀ ਬਹੁਤ ਜ਼ਿਆਦਾ ਹੈ ਲੇਕਿਨ ਇਤਨੇ ਵੱਡੇ ਵਿਅੱਕਤੀਆਂ ਦਾ ਜ਼ਿਕਰ ਇਥੇ ਅਸੀਂ ਕਰਨਾ ਹੈ। ਇਸ ਲਈ, ਕੁਝ ਸਮਾਂ ਜ਼ਰੂਰ ਲਗੇਗਾ। ਸਾਰਿਆਂ ਤੋਂ ਪਹਿਲਾਂ ਮੈਂ ਸਤਿਕਾਰਯੋਗ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ ਜ਼ਿਕਰ ਕਰਨਾ ਹੈ।

ਮੈਂ ਗਹਿਰੇ ਦੁੱਖ ਨਾਲ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ, ਪਿਛਲੇ ਸਾਲ 31 ਅਕਤੂਬਰ ਨੂੰ ਜਿਨ੍ਹਾਂ ਦੇ ਬੇਦਰਦ ਕਤਲ ਨੇ ਸਾਰੇ ਰਾਸ਼ਟਰ ਨੂੰ ਦੁੱਖਾਂ ਦੇ ਡੂੰਘੇ ਸਮੁੰਦਰ ਵਿੱਚ ਧਕੇਲ ਦਿੱਤਾ। ਉਹ ਦੇਸ਼ ਦੇ ਮਹਾਨ ਨੇਤਾਵਾਂ ਵਿਚੋਂ ਇਕ ਸਨ। ਉਨ੍ਹਾਂ ਦੀ ਮੌਤ ਨਾਲ ਭਾਰਤ ਇਕ ਸ਼ਕਤੀਸ਼ਾਲੀ ਅਤੇ ਮਹਾਨ ਨੇਤਾ ਤੋਂ ਅਤੇ ਵਿਸ਼ਵ ਇਕ ਉਘੇ ਨੀਤੀਵਾਨ ਤੋਂ ਵਾਂਝਾ ਹੋ ਗਿਆ ਹੈ। ਗੁੱਟ-ਨਿਰਪੇਖ ਲਹਿਰ ਦੇ ਨੇਤਾ ਹੋਣ ਦੇ ਨਾਤੇ ਉਨ੍ਹਾਂ ਨੂੰ ਸ਼ਾਂਤੀ ਪੱਖ ਦੇ ਧਰਮਯੋਧਾ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ। ਉਨ੍ਹਾਂ ਨੇ ਤੀਜੇ ਵਿਸ਼ਵ ਦੇ ਗਰੀਬ ਅਤੇ ਦਲਿਤ ਲੋਕਾਂ ਦਾ ਪੱਖ ਪੂਰਿਆ ਅਤੇ ਉਨ੍ਹਾਂ ਲਈ ਆਸ ਦੀ ਕਿਰਨ ਬਣੇ। ਉਨ੍ਹਾਂ ਦੇ ਅਟੱਲ ਇਰਾਦੇ ਅਤੇ ਦ੍ਰਿੜ੍ਹ ਵਿਸ਼ਵਾਸ ਅਤੇ ਕੰਮ ਕਰਨ ਦੇ ਢੰਗ ਕਾਰਨ ਆਲੋਚਨਾ ਵੀ ਹੋਈ ਪਰ ਉਨ੍ਹਾਂ ਨੇ ਇਸ ਨੂੰ ਨਿਡਰਤਾ ਨਾਲ ਸਹਿਣ ਕੀਤਾ। 1971 ਵਿਚ ਪਾਕਿਸਤਾਨ ਨਾਲ ਲੜਾਈ ਦੌਰਾਨ ਅਤੇ ਬੰਗਲਾ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਉਨ੍ਹਾਂ ਨੇ ਅਦੁੱਤੀ ਨੇਤਾ ਵਾਲੇ ਅਤੇ ਨੀਤੀਵਾਨਤਾ ਦੇ ਗੁਣਾਂ ਦਾ ਪ੍ਰਗਟਾਵਾ ਕੀਤਾ ਅਤੇ ਸਾਡੇ ਦੇਸ਼ ਦੇ ਲੋਕਾਂ ਨੂੰ ਵਿਸ਼ਵਾਸ ਦੀ ਨਵੀਂ ਭਾਵਨਾ ਦਿੱਤੀ। ਉਨ੍ਹਾਂ ਦਾ ਘਾਟਾ ਨਾ ਕੇਵਲ ਭਾਰਤ ਨੂੰ ਹੀ ਹੈ ਸਗੋਂ ਸਮੁੱਚੀ ਮਾਨਵਤਾ ਲਈ ਘਾਟਾ ਹੈ ।

ਸਪੀਕਰ ਸਾਹਿਬ, ਬੜੇ ਗਹਿਰੇ ਦੁੱਖ ਅਤੇ ਅਫ਼ਸੋਸ ਨਾਲ ਮੈਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਆਪਣੀ ਨਿਮਰਤਾ ਭਰੀ ਸ਼ਰਧਾਂਜਲੀ ਪੇਸ਼ ਕਰਦਾ ਹਾਂ। ਮਹਾਨ ਦੇਸ਼ਾਂ ਦਾ ਇਤਿਹਾਸ ਉਥੇ ਜਨਮ ਲੈਣ ਵਾਲੇ ਕੁਝ ਮਹਾਨ ਪੁਰਖਾਂ ਦਾ ਇਤਿਹਾਸ ਹੁੰਦਾ ਹੈ। ਸੰਤ ਜੀ ਅਜਿਹੇ ਹੀ ਮਹਾਨ ਪੁਰਖਾਂ ਵਿਚੋਂ ਇਕ ਸਨ, ਜਿਨ੍ਹਾਂ ਨੇ ਰਾਜ ਦੀ ਉੱਘੀ ਤੇ ਸਿਦਕ ਭਰਪੂਰ ਸੇਵਾ ਕਰਕੇ ਇਸ ਦੀ ਕਿਸਮਤ ਸੰਵਾਰੀ। ਉਨ੍ਹਾਂ ਨੂੰ ਸ਼ਾਂਤੀ ਅਤੇ ਅਹਿੰਸਾ ਦਾ ਮਸੀਹਾ ਅਤੇ ਪ੍ਰਮਾਤਮਾ ਦਾ ਸੱਚਾ ਸ਼ਰਧਾਵਾਨ ਕਰਕੇ ਸਨਮਾਨਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਉਨ੍ਹਾਂ ਦਾ ਧਰਮ ਅਤੇ ਸਿਆਸਤ ਦੇ ਸੁਮੇਲ ਦਾ ਫਲਸਫਾ, ਸਿਆਸੀ ਸੂਝਬੂਝ, ਦੇਸ਼ ਭਗਤੀ, ਕੌਮੀ ਏਕਤਾ ਅਤੇ ਮਨੁੱਖਤਾ ਦੀ ਸੇਵਾ ਹਿਤ ਆਤਮ-ਤਿਆਗ ਦਾ ਇਕ ਪ੍ਰੇਰਣਾ ਭਰਿਆ ਸੁਮੇਲ ਸੀ। 1960 ਵਿਚ ਜਦੋਂ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਲਈ ਮੋਰਚਾ ਆਰੰਭ ਕੀਤਾ ਸੀ ਤਾਂ ਉਨ੍ਹਾਂ ਨੇ ਗ੍ਰਿਫਤਾਰੀ ਦਿੱਤੀ ਸੀ ਅਤੇ ਉਹ 6 ਮਹੀਨੇ ਨਜ਼ਰਬੰਦ ਰਹੇ। ਉਹ ਇਕ ਵਰਕਰ ਤੋਂ ਉਭਰ ਕੇ ਲੋਕਾਂ ਦੇ ਨੇਤਾ ਹੋ ਨਿਬੜੇ ਅਤੇ ਉਨ੍ਹਾਂ ਨੇ ਸੰਕਟਕਾਲ ਵਿਰੁੱਧ ਮੋਰਚੇ ਦੀ ਅਗਵਾਈ ਕੀਤੀ ਜੋ 1977 ਵਿਚ ਸਫਲਤਾ ਪੂਰਬਕ ਸਮਾਪਤ ਹੋਇਆ। ਉਨ੍ਹਾਂ ਨੇ ਉਸ ਸਮੇਂ ਐਲਾਨ ਕੀਤਾ "ਖਾਲਸੇ ਨੂੰ ਲੋਕ-ਰਾਜੀ ਸੰਸਥਾ, ਡੈਮੋਕਰੇਸੀ ਅਤੇ ਜੂਡੀਸ਼ਰੀ ਨੂੰ ਬਚਾਉਣ ਲਈ ਅਤੇ ਪ੍ਰੈਸ ਦੀ ਆਜ਼ਾਦੀ ਅਤੇ ਸ਼ਹਿਰੀ ਆਜ਼ਾਦੀ ਨੂੰ ਬਚਾਉਣ ਲਈ ਘੋਲ ਕਰਨਾ ਚਾਹੀਦਾ ਹੈ"। ਅਕਾਲੀ ਦਲ ਨੂੰ ਅਨੰਦਪੁਰ ਸਾਹਿਬ ਮਤੇ ਤਹਿਤ ਪੰਜਾਬੀਆਂ ਅਤੇ ਸਿੱਖਾਂ ਦੇ ਅਧਿਕਾਰ ਪ੍ਰਾਪਤ ਕਰਨ ਲਈ ਅਗਸਤ, 1982 ਵਿਚ ਸੰਤ ਲੌਂਗੋਵਾਲ ਜੀ ਦੀ ਅਗਵਾਈ ਅਧੀਨ ਦੁਬਾਰਾ ਇਕ ਸ਼ਾਂਤਮਈ ਅੰਦੋਲਨ ਸ਼ੁਰੂ ਕਰਨਾ ਪਿਆ। ਇਸ ਮੋਰਚੇ ਵਿਚ ਲਗਭਗ 2 ਲੱਖ 35 ਹਜ਼ਾਰ ਵਿਅੱਕਤੀਆਂ ਨੇ ਗ੍ਰਿਫਤਾਰੀ ਦਿੱਤੀ ਅਤੇ ਸੈਂਕੜੇ ਸ਼ਹੀਦ ਹੋ ਗਏ। ਸੰਤ ਜੀ ਨੂੰ ਖੂਨੀ "ਬਲਿਊ ਸਟਾਰ" ਫੌਜੀ ਕਾਰਵਾਈ ਦੌਰਾਨ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਨੌਂ ਮਹੀਨੇ ਤੋਂ ਵੱਧ ਸਮੇਂ ਲਈ ਇਕਾਂਤ ਕੈਦ ਵਿਚ ਰਖਿਆ ਗਿਆ ਅਤੇ ਮਾਰਚ, 1985 ਵਿਚ ਹੀ ਰਿਹਾ ਕੀਤਾ ਗਿਆ ਸੀ। ਉਹ ਇਕ ਬਹੁਤ ਹੀ ਧਾਰਮਿਕ ਵਿਅਕਤੀ ਸਨ ਅਤੇ ਹਰ ਰੋਜ਼ ਘੰਟਿਆਂ ਬੱਧੀ ਭਗਤੀ ਕਰਦੇ ਰਹਿੰਦੇ ਸੀ। ਉਨ੍ਹਾਂ ਨੇ ਸ਼ਾਂਤੀ, ਸਦਭਾਵਨਾਂ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਪੱਖ ਪੂਰਿਆ ਸੀ। ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਨਾਲ ਸਮਝੌਤੇ ਤੇ ਹਸਤਾਖਰ ਕਰਕੇ ਉਨ੍ਹਾਂ ਨੇ ਪੰਜਾਬ ਰਾਜ ਵਿੱਚ ਸ਼ਾਂਤੀ ਅਤੇ ਖੁਸ਼ਹਾਲੀ ਦਾ ਨਵਾਂ ਯੁਗ ਸ਼ੁਰੂ ਕੀਤਾ ਅਤੇ ਦੇਸ਼ ਭਰ ਵਿਚ ਲੋਕਾਂ ਨੇ ਮੁੜ ਸੁਖ ਦਾ ਸਾਹ ਲਿਆ। ਉਨ੍ਹਾਂ ਦੇ ਉਦਮ ਸਦਕਾ ਹੁਣ ਸਿੱਖਾਂ ਦਾ ਗੌਰਵ ਬਹਾਲ ਹੋ ਰਿਹਾ ਸੀ ਅਤੇ ਆਪਰੇਸ਼ਨ ਬਲਿਊ ਸਟਾਰ ਅਤੇ ਨਵੰਬਰ, 1984 ਦੇ ਕਤਲੇਆਮ ਦੌਰਾਨ ਹੋਏ ਡੂੰਘੇ ਜ਼ਖਮ ਭਰੇ ਜਾਂ ਰਹੇ ਸਨ। ਉਨ੍ਹਾਂ ਨੇ ਇਕ ਅਜਿਹੀ ਮਸ਼ਾਲ ਜਗਾਈ ਜਿਸ ਨੇ ਪੰਜਾਬ ਦੇ ਲੋਕਾਂ ਨੂੰ ਸ਼ਾਂਤੀ ਅਤੇ ਖੁਸ਼ਹਾਲੀ ਦਾ ਰਾਹ ਵਿਖਾਇਆ ਅਤੇ ਫਿਰ ਕੁਝ ਜ਼ਾਲਮ ਹੱਥਾਂ ਨੇ ਸਾਥੋਂ ਇਹ ਚਾਨਣ-ਮੁਨਾਰਾ ਖੋਹਣ ਦਾ ਯਤਨ ਕੀਤਾ। ਉਹ ਸੰਤ ਜੀ ਨੂੰ ਸਾਥੋਂ ਵਿਛੋੜਨ ਵਿਚ ਸਫਲ ਹੋ ਗਏ, ਪਰੰਤੂ ਕਾਤਲਾਂ ਦੀਆਂ ਗੋਲੀਆਂ ਉਸ ਮਸ਼ਾਲ ਨੂੰ ਨਾ ਬੁਝਾ ਸਕੀਆਂ ਜੋ ਉਨ੍ਹਾਂ ਨੇ ਸਾਡੇ ਲਈ ਰੌਸ਼ਨ ਕੀਤੀ ਸੀ। ਉਸ ਮਸ਼ਾਲ ਦੀ ਜੋਤ ਸਦਾ ਜਗਦੀ ਰਹੇਗੀ ਅਤੇ ਉਸ ਰਾਹ ਨੂੰ ਰੌਸ਼ਨ ਕਰੇਗੀ ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਸੰਤ ਜੀ ਦਾ ਮਿਸ਼ਨ ਪੂਰਾ ਕਰਨ ਲਈ ਅਪਣਾਇਆ ਹੈ। ਉਹ ਇਸ ਉਦੇਸ਼ ਦੀ ਪੂਰਤੀ ਲਈ ਸ਼ਹੀਦ ਹੋ ਗਏ ਹਨ। ਉਹ ਸਾਰੇ ਦੇਸ਼ ਵਾਸੀਆਂ ਦੇ ਦਿਲਾਂ ਵਿਚ ਹਮੇਸ਼ਾ ਅਮਰ ਰਹਿਣਗੇ। ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਦਾ ਸਭ ਤੋਂ ਵਧੀਆ ਢੰਗ ਉਨ੍ਹਾਂ ਦੇ ਸ਼ਾਂਤੀ ਅਤੇ ਸਦਭਾਵਨਾ ਦੇ ਸੰਕਲਪ ਉਤੇ ਅਧਾਰਤ ਸੁੰਦਰ ਪੰਜਾਬ ਦੇ ਸੁਪਨਿਆਂ ਨੂੰ ਪੂਰਾ ਕਰਨ ਵਿਚ ਹੈ।

ਸਪੀਕਰ ਸਾਹਿਬ, ਮੈਂ ਅਤਿਅੰਤ ਦੁਖ ਤੇ ਸ਼ੋਕ ਨਾਲ ਸ਼੍ਰੀ ਡੀ.ਡੀ. ਖੰਨਾ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ ਜੋ ਕਿ ਇਕ ਮਹਾਨ ਕ੍ਰਾਂਤੀਕਾਰੀ ਸਨ, ਜਿਨ੍ਹਾਂ ਨੇ ਮਾਤ-ਭੂਮੀ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਵਾਉਣ ਲਈ ਬਹਾਦਰੀ ਨਾਲ ਘੋਲ ਕੀਤਾ। ਉਹ ਹਮੇਸ਼ਾ ਹੀ ਮੁਕਤੀ-ਅੰਦੋਲਨ ਦੀ ਮੁਹਰਲੀ ਕਤਾਰ ਵਿਚ ਰਹੇ। ਉਨ੍ਹਾਂ ਦੀਆਂ ਕ੍ਰਾਂਤੀਕਾਰੀ, ਰਾਸ਼ਟਰਵਾਦੀ ਤੇ ਦੇਸ਼ ਭਗਤੀ ਦੀਆਂ ਸਰਗਰਮੀਆਂ ਕਰਕੇ ਉਨ੍ਹਾਂ ਨੂੰ ਜਿਸ ਕੇਸ ਵਿਚ ਮੌਤ ਦੀ ਸਜ਼ਾ ਹੋਈ ਉਸ ਨੂੰ 'ਗਵਰਨਰ-ਕਤਲ-ਸਾਜਿਸ਼ ਕੇਸ" ਕਰਕੇ ਜਾਣਿਆਂ ਜਾਂਦਾ ਹੈ। 1942—45 ਵਿਚ 'ਭਾਰਤ ਛੱਡੋ' ਅਦੋਲਨ ਦੇ ਦੌਰਾਨ ਉਹ ਪੰਜਾਬ ਦਾ ਇਕੋ ਇਕ ਕੈਦੀ ਸੀ ਜਿਸ ਤੇ ਅਤਿ ਦੀ ਨਿਗਰਾਨੀ ਰੱਖੀ ਜਾਂਦੀ ਸੀ ਅਤੇ ਉਨ੍ਹਾਂ ਨੇ 3 ਸਾਲ ਜੇਲ੍ਹ ਵਿਚ ਗੁਜ਼ਾਰੇ।

Original with;
Punjab Vidhan Sabha
Digitized by
Panjab Digital Library

ਸ਼੍ਰੀ ਖੰਨਾ ਪਹਿਲਾਂ 1960 ਵਿਚ ਪੰਜਾਬ ਵਿਧਾਨ ਪਰਿਸ਼ਦ ਲਈ ਚੁਣੇ ਗਏ ਅਤੇ 1965 ਵਿਚ ਵਿਧਾਨ ਪਰਿਸ਼ਦ ਦੇ ਚੇਅਰਮੈਨ ਦੇ ਤੌਰ ਤੇ ਚੁਣੇ ਗਏ ਅਤੇ 1970 ਵਿਚ ਵਿਧਾਨ ਪਰਿਸ਼ਦ ਖਤਮ ਕਰ ਦਿੱਤੇ ਜਾਣ ਤਕ ਇਸੇ ਅਹੁਦੇ ਤੇ ਰਹੇ। ਵਿਧਾਨ ਮੰਡਲ ਦੇ ਇਤਿਹਾਸ ਵਿਚ ਇਨ੍ਹਾਂ ਦਾ ਯੋਗਦਾਨ ਸ਼ਲਾਘਾਯੋਗ ਤੇ ਮਹੱਤਵਪੂਰਣ ਹੈ, ਉਹ ਪ੍ਰੈਸ ਦੀ ਸੈਂਸਰਸ਼ਿੱਪ ਦੇ ਕੱਟੜ ਵਿਰੋਧੀ ਸਨ। ਉਹ ਕਾਂਗਰਸ ਨੂੰ ਛੱਡ ਕੇ ਸੀ.ਐਫ.ਡੀ. ਵਿਚ ਸ਼ਾਮਲ ਹੋ ਗਏ ਜੋ ਬਾਅਦ ਵਿਚ ਜਨਤਾ ਪਾਰਟੀ ਵਿਚ ਸ਼ਾਮਿਲ ਕਰ ਦਿੱਤੀ ਗਈ। ਉਹ ਭਾਰਤ ਸੇਵਕ ਸਮਾਜ, ਪੰਜਾਬ ਤੇ ਚੰਡੀਗੜ੍ਹ ਦੇ ਅਤੇ ਲਾਜਪਤ ਰਾਇ ਭਵਨ ਦੀ ਮੈਨੇਜਿੰਗ ਕਮੇਟੀ ਦੇ ਵੀ ਚੇਅਰਮੈਨ ਸਨ।

ਉਨ੍ਹਾਂ ਦੀ ਮਿਰਤੂ ਕਾਰਨ ਰਾਜ ਨੇ ਇਕ ਮਹਾਨ ਦੇਸ਼ ਭਗਤ, ਸਾਹਸੀ ਸੁਤੰਤਰਤਾ ਸੰਗਰਾਮੀ, ਕ੍ਰਾਂਤੀਕਾਰੀ ਤੇ ਡੂੰਘੀ ਨੇਕ-ਨੀਤੀ ਵਾਲਾ ਸਿਆਸਤਦਾਨ ਗੁਆ ਲਿਆ ਹੈ, ਜੋ ਗਾਂਧੀਵਾਦੀ, ਸਮਾਜ-ਵਾਦੀ, ਰਾਸ਼ਟਰੀ ਏਕਤਾ, ਲੋਕਰਾਜ ਤੇ ਧਰਮ ਨਿਰਪੇਖਤਾ ਆਦਰਸ਼ਾਂ ਦਾ ਪੂਰਨ ਤੌਰ ਤੇ ਪੈਰੋਕਾਰ ਸੀ।

ਮਾਨਯੋਗ ਸਪੀਕਰ ਸਾਹਿਬ, ਮੈਂ ਬੜੇ ਦੁਖੀ ਹਿਰਦੇ ਨਾਲ, ਸਰਦਾਰ ਕਰਤਾਰ ਸਿੰਘ ਵੈਦ ਨੂੰ ਵੀ ਆਪਣੀ ਸ਼ਰਧਾਂਜਲੀ ਪੇਸ਼ ਕਰਦਾ ਹਾਂ। ਉਹ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਅਕਾਲੀ ਜੱਥਾ, ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਸਨ। ਉਹ ਭੂ-ਦਾਨ ਕਮੇਟੀ ਦੇ ਸਕੱਤਰ ਅਤੇ ਸਿੰਘ ਸਭਾ, ਹੁਸ਼ਿਆਰਪੁਰ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਸਨ।

ਉਨ੍ਹਾਂ ਨੂੰ ਭਿੰਨ ਭਿੰਨ ਅੰਦੋਲਨਾਂ ਦੇ ਦੌਰਾਨ 1942, 1948 ਅਤੇ 1955 ਵਿੱਚ ਅਤੇ ਪੰਜਾਬੀ ਸੂਬਾ ਅੰਦੋਲਨ ਦੇ ਸਬੰਧ ਵਿਚ 1962 ਵਿੱਚ ਕਾਫੀ ਸਮੇਂ ਲਈ ਗ੍ਰਿਫਤਾਰ ਕੀਤਾ ਗਿਆ ਸੀ। ਉਹ 1975 ਵਿੱਚ ਸੰਕਟਕਾਲ ਦੇ ਦੌਰਾਨ ਜੇਲ੍ਹ ਵਿੱਚ ਰਹੇ ਸਨ।

ਵੈਦ ਜੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਮੰਤਰੀ ਮੰਡਲ ਵਿੱਚ ਉਪ ਮੰਤਰੀ ਸਨ। ਉਹ 1980 ਵਿੱਚ ਪੰਜਾਬ ਵਿਧਾਨ ਸਭਾ ਦੇ ਤੀਜੀ ਵਾਰ ਮੈਂਬਰ ਚੁਣੇ ਗਏ। ਉਨ੍ਹਾਂ ਦੀ ਮੌਤ ਨਾਲ ਰਾਜ ਇਕ ਅਜਿਹਾ ਤਜਰਬੇਕਾਰ ਵਿਧਾਨਕਾਰ ਅਤੇ ਇਕ ਵਰਕਰ, ਜਿਸ ਨੇ ਪੰਜਾਬ ਦੀ ਰਾਜਨੀਤੀ ਵਿੱਚ ਭਰਪੂਰ ਯੋਗਦਾਨ ਪਾਇਆ ਅਤੇ ਜੋ ਸਮਾਜ ਦੇ ਗਰੀਬਾਂ ਤੇ ਦਲਿਤ ਲੋਕਾਂ ਦਾ ਆਗੂ ਸੀ, ਖੋਹ ਬੈਠਾ ਹੈ। ਉਨ੍ਹਾਂ ਨੇ ਫਿਰਕੂ ਏਕਤਾ ਲਈ ਸਾਹਸ ਪੂਰਬਕ ਕੰਮ ਕੀਤਾ। ਉਨ੍ਹਾਂ ਦੇ ਸਦੀਵੀ ਵਿਛੋੜੇ ਦਾ ਸਾਨੂੰ ਸਭ ਨੂੰ ਬਹੁਤ ਦੁੱਖ ਹੈ।

ਸਪੀਕਰ ਸਾਹਿਬ, ਮੈਂ ਚੌਧਰੀ ਕਾਂਸ਼ੀ ਰਾਮ, ਸਾਬਕਾ ਖੇਤੀ ਬਾੜੀ ਮੰਤਰੀ, ਪੰਜਾਬ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ, ਜੋ ਇਕ ਹੰਢੇ ਹੋਏ ਸਿਆਸੀ ਨੇਤਾ ਅਤੇ ਉੱਘੇ ਨੀਤੀਵਾਨ ਸਨ। ਉਨ੍ਹਾਂ ਨੇ ਬਹੁਤ ਉਦਮ ਨਾਲ ਪੰਜਾਬ ਦੀ ਸੇਵਾ ਕੀਤੀ ਅਤੇ ਪੰਜਾਬ ਦੀ ਸਿਆਸਤ ਵਿੱਚ ਇਕ ਨਿਰਣੈਜਨਕ ਰੋਲ ਅਦਾ ਕੀਤਾ। ਉਹ ਪੰਜਾਬ ਵਿਧਾਨ ਸਭਾ ਲਈ ਫਾਜ਼ਿਲਕਾ ਚੋਣ ਹਲਕੇ ਤੋਂ 1972, 1977 ਅਤੇ 1980 ਵਿੱਚ ਮੁਤਵਾਤਰ ਚੁਣੇ ਗਏ। ਵਿਧਾਨ ਮੰਡਲ ਦੇ ਇਤਿਹਾਸ ਵਿੱਚ ਉਨ੍ਹਾਂ ਦੇ ਯੋਗਦਾਨ ਸ਼ਲਾਘਾਯੋਗ ਅਤੇ ਮਹੱਤਵਪੂਰਨ ਹਨ। ਉਹ 1980 ਵਿੱਚ ਖੇਤੀ ਬਾੜੀ ਤੇ ਵਣ ਮੰਤਰੀ, ਪੰਜਾਬ ਬਣੇ। ਉਨ੍ਹਾਂ ਨੇ ਰਾਜ ਦੀ ਨਿਵੇਕਲੇ ਢੰਗ ਨਾਲ ਸੇਵਾ ਕੀਤੀ। ਉਨ੍ਹਾਂ ਦੀ ਮਿਰਤੂ ਕਾਰਨ ਪੰਜਾਬ ਇਕ ਯੋਗ ਸਿਆਸਤਦਾਨ ਅਤੇ ਤਜਰਬੇਕਾਰ ਪਾਰਲੀਮੈਂਟੇਰੀਅਨ ਤੋਂ ਵਾਂਝਾ ਹੋ ਗਿਆ ਹੈ ਜਿਸ ਨੇ ਆਪਣਾ ਜੀਵਨ ਰਾਜ ਦੀ ਭਲਾਈ ਲਈ ਅਰਪਿਤ ਕਰ ਦਿੱਤਾ। ਅਸੀਂ ਉਨ੍ਹਾਂ ਦੀਆਂ ਰਾਜ ਦੇ ਲੋਕਾਂ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਕ੍ਰਿਤੱਗਤਾ ਨਾਲ ਯਾਦ ਕਰਦੇ ਹਾਂ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮਾਨਯੋਗ ਸਪੀਕਰ ਸਾਹਿਬ, ਮੈਂ ਸ਼੍ਰੀ ਜਸ਼ਵੰਤ ਰਾਏ ਜੀ ਨੂੰ ਵੀ ਆਪਣੀ ਸ਼ਰਧਾਂਜਲੀ ਪੇਸ਼ ਕਰਨੀ ਹੈ, ਜੋ ਇਕ ਉਘੇ ਸਮਾਜ ਸੇਵਕ ਸਨ, ਜਿਨ੍ਹਾਂ ਨੇ ਗਰੀਬ ਦਲਿਤ ਬਾਲਮੀਕੀਆਂ ਅਤੇ ਸਮਾਜ ਦੇ ਪਿਛੜੇ ਵਰਗ ਦੇ ਲੋਕਾਂ ਦੇ ਸੁਧਾਰ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਉਹ ਉਨ੍ਹਾਂ ਦੇ ਹਿੱਤਾਂ ਲਈ ਲੜੇ। ਉਨ੍ਹਾਂ ਨੇ 1942 ਵਿੱਚ ਪੰਜਾਬ ਵਿਚ ਏਕਤਾ ਕਾਨਫਰੰਸਾਂ ਕਰਕੇ ਹਰੀਜਨਾਂ ਨੂੰ ਸੰਗਠਿਤ ਕਰਨ ਵਿਚ ਉੱਘਾ ਭਾਗ ਲਿਆ। ਉਹ ਜੁਲਾਈ, 1947 ਵਿੱਚ ਪੰਜਾਬ ਅਤੇ ਪੈਪਸੂ ਦੇ ਹਰੀਜਨ ਮੈਂਬਰਾਂ ਦੇ ਵਿੱਚੋਂ ਇਕ ਪ੍ਰਤੀਨਧ ਦੇ ਤੌਰ ਤੇ ਸੰਵਿਧਾਨ ਸਭਾ ਲਈ ਚੁਣੇ ਗਏ ਸਨ। 1950 ਵਿੱਚ ਸੰਵਿਧਾਨ ਸਭਾ ਦੇ ਟੁੱਟਣ ਤੇ ਉਹ ਸੰਸਦ ਲਈ ਚੁਣ ਲਏ ਗਏ। ਉਹ ਸਥਾਈ ਸਿਖਿਆ ਸਲਾਹਕਾਰ ਕਮੇਟੀ, ਸਰਬ ਭਾਰਤੀ ਤਕਨੀਕੀ ਸਿਖਿਆ ਪਰਿਸ਼ਦ ਅਤੇ ਸਰਬ ਭਾਰਤੀ ਵਿਗਿਆਨਿਕ ਤੇ ਉਦਯੋਗਿਕ ਖੋਜ ਪਰਿਸ਼ਦ ਦੇ ਮੈਂਬਰ ਸਨ। ਉਹ ਪੰਜਾਬ ਦੀ ਵਿਧਾਨ ਪਰਿਸ਼ਦ ਦੇ ਡਿਪਟੀ ਚੇਅਰਮੈਨ ਵੀ ਰਹੇ। ਉਨ੍ਹਾਂ ਨੇ 1956 ਵਿੱਚ ਅਤੇ ਉਸ ਉਪਰੰਤ ਸ਼੍ਰੀ ਕੈਰੋਂ ਦੇ ਮੰਤਰੀ ਮੰਡਲ ਵਿੱਚ ਉਪ-ਮੰਤਰੀ ਦੇ ਤੌਰ ਤੇ ਰਾਜ ਦੀ ਸੇਵਾ ਕੀਤੀ ਸੀ। ਉਨ੍ਹਾਂ ਦੀ ਮੌਤ ਨਾਲ ਅਸੀਂ ਇਕ ਮਹਾਨ ਪਾਰਲੀਮੈਂਟੇਰੀਅਨ, ਵਿਦਿਆ ਸ਼ਾਸਤਰੀ ਅਤੇ ਸਮਾਜ ਸੇਵਕ ਖੋਹ ਬੈਠੇ ਹਾਂ।

ਮਾਨਯੋਗ ਸਪੀਕਰ ਸਾਹਿਬ, ਮੈਂ ਸਰਦਾਰਨੀ ਜਸਦੇਵ ਕੌਰ ਸੰਧੂ ਨੂੰ ਵੀ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ ਜੋ ਮਈ, 1975 ਵਿਚ ਉਪ-ਚੋਣਾਂ ਦੌਰਾਨ ਡਕਾਲਾ ਚੋਣ ਹਲਕੇ ਤੋਂ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ। ਉਹ 1977 ਵਿੱਚ ਘਨੌਰ ਚੋਣ ਹਲਕੇ ਤੋਂ ਫਿਰ ਚੁਣੇ ਗਏ ਸਨ ਅਤੇ ਇਸ ਚੋਣ ਹਲਕੇ ਤੋਂ 1980 ਵਿੱਚ ਮੁੜ ਚੁਣੇ ਗਏ ਸਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਉਨ੍ਹਾਂ ਸ਼ਮਾਜਕ ਬੁਰਾਈਆਂ ਨੂੰ ਦੂਰ ਕਰਨ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਨੂੰ ਪਿਛੜੇ ਪੇਂਡੂ ਇਲਾਕੇ ਦੀ ਡਿਵੈਲਪਮੈਂਟ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦੀ ਮੌਤ ਨਾਲ ਰਾਜ ਇਕ ਪ੍ਰਸਿੱਧ ਸਮਾਜ ਸੇਵਕ, ਪਰਪੱਕ-ਪਾਰਲੀਮੈਂਟੇਰੀਅਨ ਅਤੇ ਇਸਤਰੀ ਭਲਾਈ ਦੇ ਪੱਕੇ ਹਾਮੀ ਤੋਂ ਸੱਖਣਾ ਹੋ ਗਿਆ ਹੈ।

ਸਪੀਕਰ ਸਾਹਿਬ, ਮੈਂ ਸਰਦਾਰਨੀ ਰਾਮ ਕੌਰ ਕੈਰੋਂ ਨੂੰ ਵੀ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ ਜੋ ਸਰਦਾਰ ਕੈਰੋਂ ਦੀ ਮੌਤ ਤੋਂ ਦੋ ਸਾਲ ਮਗਰੋਂ 1967 ਵਿਚ ਸਰਹਾਲੀ ਚੋਣ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ। ਉਹ ਪੰਜਾਬ ਸਮਾਜ ਭਲਾਈ ਬੋਰਡ ਦੇ ਪ੍ਰਧਾਨ ਸਨ। ਉਹ ਇਸਤ੍ਰੀਆਂ ਵਿਚ ਸਮਾਜਿਕ ਬੁਰਾਈਆਂ ਜਿਵੇਂ ਪਰਦਾ ਅਤੇ ਅਨਪੜ੍ਹਤਾ ਦੇ ਵਿਰੁੱਧ ਲੜੇ। ਉਹ ਰੈਡ ਕਰਾਸ ਲਹਿਰ ਦੇ ਸਰਗਰਮ ਮੈਂਬਰ ਸਨ ਅਤੇ 1962 ਦੀ ਭਾਰਤ-ਚੀਨ ਜੰਗ ਮਗਰੋਂ ਫੌਜੀਆਂ ਦੀਆਂ ਵਿਧਵਾਵਾਂ ਨੂੰ ਮੁੜ ਵਸਾਉਣ ਦੇ ਕੰਮ ਵਿਚ ਸਹਾਇਤਾ ਕੀਤੀ। ਉਨ੍ਹਾਂ ਦੀ ਮੌਤ ਨਾਲ ਰਾਜ ਇਕ ਮਹਾਨ ਸਮਾਜ-ਸੁਧਾਰਕ ਖੋਹ ਬੈਠਾ ਹੈ, ਜਿਨ੍ਹਾਂ ਨੇ ਇਸਤਰੀਆਂ ਦੀ ਭਲਾਈ ਅਤੇ ਉਨ੍ਹਾਂ ਨੂੰ ਜੀਵਨ ਦੇ ਹਰ ਪੱਖ ਵਿਚ ਪੁਰਸ਼ਾਂ ਦੇ ਬਰਾਬਰ ਲਿਆਉਣ ਦੇ ਕਾਰਜ ਦਾ ਦਲੇਰੀ ਨਾਲ ਸਮਰਥਨ ਕੀਤਾ।

ਸਪੀਕਰ ਸਾਹਿਬ, ਮੈਂ ਚੌਧਰੀ ਬਲਬੀਰ ਸਿੰਘ ਨੂੰ ਆਪਣੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ, ਜੋ ਪੰਜਾਬ ਵਿਧਾਨ ਸਭਾ ਦੇ ਇਕ ਸਰਗਰਮ ਮੈਂਬਰ ਸਨ। ਉਹ ਇਕ ਪਰਪੱਕ ਸਿਆਸਤਦਾਨ, ਪ੍ਰਸਿੱਧ ਨੀਤੀਵਾਨ ਅਤੇ ਮਹਾਨ ਨੇਤਾ ਸਨ। ਉਹ ਇਕ ਪੜ੍ਹੇ ਹੋਏ ਪਾਰਲੀਮੈਂਟੇਰੀਅਨ ਸਨ ਅਤੇ ਪੰਜਾਬ ਵਿਧਾਨ ਸਭਾ ਲਈ 1957, 1967 ਅਤੇ 1969 ਵਿਚ ਚੁਣੇ ਗਏ ਸਨ। ਉਹ ਸ਼੍ਰੀ ਦਰਬਾਰਾ ਸਿੰਘ ਨੂੰ ਹਰਾ ਕੇ 1977 ਵਿਚ ਲੋਕ ਸਭਾ ਲਈ ਚੁਣੇ ਗਏ ਸਨ। ਉਹ ਲੋਕ ਦਲ ਦੇ ਪੰਜਾਬ ਯੂਨਿਟ ਦੇ ਪ੍ਰਧਾਨ ਵੀ ਸਨ। ਉਨ੍ਹਾਂ ਦੀ ਮੌਤ ਨਾਲ ਰਾਜ ਇਕ ਸਿਆਸਤਦਾਨ ਅਤੇ ਵਿਸ਼ਵਵਿਆਪੀ ਸੂਝ ਵਾਲਾ ਮਹਾਨ ਨੀਤੀਵਾਨ ਅਤੇ ਸਮਾਜ ਦੇ ਦਲਿਤ ਵਰਗ ਦੇ ਮਿੱਤਰ ਤੋਂ ਵਾਂਝਿਆ ਹੋ ਗਿਆ ਹੈ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਆਪਣੇ ਕਰਤੱਵ ਪ੍ਰਤੀ ਪ੍ਰਮੁੱਖਤਾ ਦੀ ਭਾਵਨਾ ਨਾਲ ਰਾਜ ਦੀ ਉੱਘੀ ਸੇਵਾ ਵਿਚ ਲਾ ਦਿੱਤਾ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਬੜੇ ਅਫਸੋਸ ਨਾਲ ਜੱਥੇਦਾਰ ਹੀਰਾ ਸਿੰਘ ਭੱਠਲ ਦੇ ਦੁਖਿਤ ਚਲਾਣੇ ਦਾ ਜ਼ਿਕਰ ਕਰਦਾ ਹਾਂ, ਜੋ ਕਿ ਪੰਜਾਬ ਦੇ ਇੱਕ ਮਹਾਨ ਦੇਸ਼ ਭਗਤ ਸਪੂਤ ਸਨ। ਉਨ੍ਹਾਂ ਦਾ ਮਕਾਨ ਤੇ ਜ਼ਮੀਨ ਜ਼ਬਤ ਕਰ ਲਏ ਗਏ, ਪਰੰਤੂ ਇਹ ਸਭ ਕੁਝ ਉਨ੍ਹਾਂ ਦੇ ਇਰਾਦੇ ਅਤੇ ਕ੍ਰਾਂਤੀਕਾਰੀ ਜੋਸ਼ ਨੂੰ ਮੱਠਾ ਨਾ ਕਰ ਸਕੇ। ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਨੇ 21 ਸ਼ਾਲ ਨਾਭਾ, ਪਟਿਆਲਾ, ਲਾਹੌਰ, ਅੰਮ੍ਰਿਤਸਰ, ਦੇਹਰਾਦੂਨ ਅਤੇ ਮੁਲਤਾਨ ਦੀਆਂ ਜੇਲ੍ਹਾਂ ਵਿਚ ਕੈਦ ਕੱਟੀ। ਉਹ 1952 ਵਿੱਚ ਪੈਪਸੂ ਵਿਧਾਨ ਸਭਾ ਲਈ ਚੁਣੇ ਗਏ ਅਤੇ ਵਿਧਾਨ ਮੰਡਲ ਦੇ ਇਤਿਹਾਸ ਵਿਚ ਉਨ੍ਹਾਂ ਦਾ ਯੋਗਦਾਨ ਸ਼ਲਾਘਾ-ਯੋਗ ਹੈ। 92 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਮੌਤ ਨਾਲ ਪੰਜਾਬ ਇਕ ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਤੋਂ ਵਾਂਝਾ ਹੋ ਗਿਆ ਹੈ।

ਸਪੀਕਰ ਸਾਹਿਬ, ਮੈਂ ਸ਼੍ਰੀ ਰਮੇਸ਼ ਚੰਦਰ ਨੂੰ ਵੀ ਆਪਣੀ ਸ਼ਰਧਾਂਜਲੀ ਪੇਸ਼ ਕਰਦਾ ਹਾਂ, ਜੋ ਇਕ ਦੇਸ਼ ਭਗਤ, ਸੁਤੰਤਰਤਾ ਸੰਗ੍ਰਾਮੀ, ਸਿੱਦਕੀ ਪਾਰਲੀਮੈਂਟੇਰੀਅਨ, ਉਘੇ ਸਮਾਜ ਸੇਵਕ ਅਤੇ ਤਜਰਬੇ-ਕਾਰ ਪੱਤਰਕਾਰ ਸਨ। ਸਿਆਸੀ ਜੀਵਨ ਦੌਰਾਨ ਉਨ੍ਹਾਂ ਨੇ ਬਹੁਤ ਸਾਰੀਆਂ ਸਮੱਸਿਆਵਾਂ, ਜਿਨ੍ਹਾਂ ਨੇ ਦੇਸ਼ ਅਤੇ ਰਾਜ ਨੂੰ ਗ੍ਰਸਿਆ ਹੋਇਆ ਸੀ, ਦੇ ਸਮਾਧਾਨ ਲਈ ਸਜਰੇ ਤੇ ਤਜਰਬੇ ਭਰੇ ਸੁਝਾਓ ਦਿੱਤੇ। ਉਹ ਆਪਣੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਅਤੇ ਮਿਲਾਪੜੇ ਸੁਭਾਅ ਕਾਰਨ ਹਰਮਨ ਪਿਆਰੇ ਹੋ ਗਏ। ਉਨ੍ਹਾਂ ਨੇ 1942 ਵਿੱਚ "ਭਾਰਤ ਛੱਡੋ ਲਹਿਰ" ਵਿੱਚ ਮੁੱਖ ਹਿੱਸਾ ਲਿਆ ਅਤੇ ਜੇਲ੍ਹ ਗਏ। ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਨੇ ਦਲੇਰ ਅਤੇ ਅਹਿਮ ਰੋਲ ਅਦਾ ਕੀਤਾ। ਉਹ 1977 ਵਿਚ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਉਨ੍ਹਾਂ ਨੇ 1952 ਵਿਚ ਇਕ ਪੱਤਰਕਾਰ ਦਾ ਕੰਮ ਸੰਭਾਲਿਆ ਅਤੇ 1965 ਵਿਚ ਪੰਜਾਬ ਕੇਸਰੀ ਦੇ ਸੰਪਾਦਕ ਅਤੇ 1972 ਵਿਚ ਹਿੰਦ ਸਮਾਚਾਰ ਦੇ ਸੰਪਾਦਕ ਬਣੇ। ਉਨ੍ਹਾਂ ਨੇ ਫਿਰਕੂ ਅਤੇ ਜਾਤੀਵਾਦ ਦੀਆਂ ਤਾਕਤਾਂ ਦੇ ਵਿਰੁਧ ਪੂਰੇ ਜੋਸ਼ ਨਾਲ ਘੋਲ ਕੀਤਾ। ਸ਼੍ਰੀ ਰਮੇਸ਼ ਚੰਦਰ ਜੀ ਦੇ ਦਰਦਨਾਕ ਕਤਲ ਨੇ ਦੇਸ਼ ਅਤੇ ਰਾਜ ਦੇ ਸਾਰੇ ਸੁਤੰਤਰਤਾ ਪ੍ਰੇਮੀਆਂ ਨੂੰ ਸਦਮੇ ਅਤੇ ਅਫਸੋਸ ਵਿਚ ਡੁਬੋ ਦਿੱਤਾ। ਸਾਡਾ ਲੋਕ ਜੀਵਨ ਜਨਤਕ ਹਿੱਤਾਂ ਦੇ ਇਕ ਨਿਡਰ ਹਿਮਾਇਤੀ ਨੂੰ ਗੁਆ ਕੇ ਗਰੀਬ ਹੋ ਗਿਆ ਹੈ।

ਸਪੀਕਰ ਸਾਹਿਬ, ਮੈਂ ਬੜੇ ਦੁਖ ਅਤੇ ਅਫਸੋਸ ਨਾਲ ਸ਼੍ਰੀ ਅਮਰ ਨਾਥ ਵਿਦਿਆਲੰਕਾਰ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ। ਉਨ੍ਹਾਂ ਨੇ ਸੁਤੰਤਰਤਾ ਦੀ ਜਦੋ-ਜਹਿਦ ਵਿੱਚ ਸਰਗਰਮ ਭਾਗ ਲਿਆ, ਕੈਦ ਕੱਟੀ ਅਤੇ ਮਾਤਰੀ ਭੂਮੀ ਦੇ ਕਲਿਆਣ ਲਈ ਬਹਾਦਰੀ ਨਾਲ ਘੋਲ ਕੀਤਾ। ਉਨ੍ਹਾਂ ਨੇ ਲਤਾੜੇ ਹੋਏ ਵਿਅਕਤੀਆਂ ਦੀ ਹਾਲਤ ਸੁਧਾਰਨ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਉਹ ਟ੍ਰੇਡ ਯੂਨੀਅਨ ਨੇਤਾ ਸਨ ਅਤੇ ਉਨ੍ਹਾਂ ਨੇ ਰਾਜ ਵਿੱਚ ਮਜ਼ਦੂਰਾਂ ਦੇ ਅੰਦੋਲਨ ਵਿਚ ਤਬਦੀਲੀ ਲਿਆਉਣ ਲਈ ਅਣਥੱਕ ਕੰਮ ਕੀਤਾ। ਉਹ 1949--51 ਅਤੇ 1957--62 ਦੇ ਦੌਰਾਨ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ। ਉਹ ਇਕ ਹੰਢੇ ਹੋਏ ਪਾਰਲੀਮੈਂਟੇਰੀਅਨ ਸਨ ਅਤੇ ਉਨ੍ਹਾਂ ਨੇ ਵਿਧਾਨ ਮੰਡਲ ਦੇ ਇਤਿਹਾਸ ਵਿੱਚ ਇਕ ਅਮਿੱਟ ਛਾਪ ਲਾ ਦਿੱਤੀ। ਉਹ 1956—62 ਦੇ ਦੌਰਾਨ ਪੰਜਾਬ ਵਿੱਚ ਸਿਖਿਆ, ਕਿਰਤ ਅਤੇ ਭਾਸ਼ਾ ਮੰਤਰੀ ਰਹੇ ਅਤੇ ਉਨ੍ਹਾਂ ਨੇ ਭਿੰਨ ਭਿੰਨ ਰੂਪ ਵਿਚ ਰਾਜ ਦੀ ਭਲਾਈ ਵਾਸਤੇ ਆਪਣੀ ਤਾਕਤ ਲਾ ਦਿੱਤੀ। ਉਹ 1952—56, 1962--67 ਅਤੇ 1971--77 ਦੇ ਦੌਰਾਨ ਲੋਕ ਸਭਾ ਦੇ ਮੈਂਬਰ ਸਨ। ਉਨ੍ਹਾਂ ਦੀ ਮੌਤ ਨਾਲ ਅਸੀਂ ਇੱਕ ਹੰਢਿਆ ਹੋਇਆ ਪਾਰਲੀ-ਮੈਂਟੇਰੀਅਨ, ਸਮਾਜ ਸੇਵਕ ਅਤੇ ਉੱਘਾ ਟ੍ਰੇਡ ਯੂਨੀਅਨ ਨੇਤਾ ਗੁਆ ਬੈਠੇ ਹਾਂ।

ਸਪੀਕਰ ਸਾਹਿਬ, ਮੈਂ ਸ਼੍ਰੀ ਵਿਸ਼ਵਾ ਮਿੱਤਰ ਸੇਖਰੀ ਨੂੰ ਵੀ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ, ਜੋ ਕਿ 27 ਅਪ੍ਰੈਲ 1968 ਨੂੰ ਵਿਧਾਨ ਪਰਿਸ਼ਦ ਦੇ ਮੈਂਬਰ ਅਤੇ ਬਾਅਦ ਵਿਚ ਛੇਵੀਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਪੰਜਾਬ ਵਿਧਾਨ ਸਭਾ ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। ਉਹ ਇਕ ਹੰਢੇ ਹੋਏ ਪਾਰਲੀਮੈਂਟੇਰੀਅਨ ਸਨ। ਉਹ 1969—72 ਤੱਕ ਪੀ.ਪੀ.ਸੀ.ਸੀ. ਦੇ ਪ੍ਰਧਾਨ ਰਹੇ। ਉਹ ਇਕ ਉਘੇ ਉਦਯੋਗਪਤੀ ਵੀ ਸੀ। ਉਨ੍ਹਾਂ ਦੀ ਮੌਤ ਨਾਲ ਰਾਜ ਇਕ ਯੋਗ ਸਿਆਸਤਦਾਨ, ਇਕ ਪਾਰਲੀਮੈਂਟੇਰੀਅਨ ਅਤੇ ਉਦਯੋਗਪਤੀ ਤੋਂ ਵਾਂਝਾ ਹੋ ਗਿਆ ਹੈ ਜਿਨ੍ਹਾਂ ਨੇ ਆਪਣਾ ਜੀਵਨ ਰਾਜ ਦੇ ਲੋਕਾਂ ਦੀ ਭਲਾਈ ਲਈ ਅਰਪਿਤ ਕੀਤਾ ਹੋਇਆ ਸੀ।

ਸਪੀਕਰ ਸਾਹਿਬ, ਮੈਂ ਡਾ: ਵੀ.ਐਨ. ਤਿਵਾੜੀ ਨੂੰ ਨਿਮਰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਜੋ 1983 ਵਿਚ ਰਾਜ ਸਭਾ ਲਈ ਨਾਮਜ਼ਦ ਕੀਤੇ ਗਏ ਸਨ। ਮਿਰਤੂ ਸਮੇਂ ਉਹ ਪੰਜਾਬ ਯੂਨੀਵਰਸਿਟੀ ਵਿੱਚ ਆਧੁਨਿਕ ਸਾਹਿਤ ਵਿੱਚ ਭਾਈ ਵੀਰ ਸਿੰਘ ਅਧਿਐਨ ਵਿਭਾਗ ਦੇ ਚੇਅਰਮੈਨ ਦੇ ਤੌਰ ਤੇ ਕੰਮ ਕਰ ਰਹੇ ਸਨ। ਉਹ ਪੰਜਾਬੀਅਤ ਅਤੇ ਮਿਲੇ-ਜੁਲੇ ਪੰਜਾਬੀ ਸਭਿਆਚਾਰ ਦੇ ਪ੍ਰਚਾਰਕ ਸਨ। ਉਨ੍ਹਾਂ ਦੀ ਮਿਰਤੂ ਨਾਲ ਦੇਸ਼, ਖਾਸ ਕਰਕੇ ਪੰਜਾਬ ਲਈ ਤੇ ਪੰਜਾਬੀ ਲਈ ਇਕ ਲੰਮੀ ਸੇਵਾ ਦਾ ਅੰਤ ਹੋ ਜਾਂਦਾ ਹੈ।

ਸਪੀਕਰ ਸਾਹਿਬ, ਮੈਂ ਬੜੇ ਦੁਖ ਤੇ ਅਫਸੋਸ ਨਾਲ ਸ਼੍ਰੀ ਓਮ ਪ੍ਰਕਾਸ਼ ਬੱਗਾ ਨੂੰ ਆਪਣੀ ਨਿਮਰ ਸ਼ਰਧਾਂਜਲੀ ਭੇਂਟ ਕਰਦਾ ਹਾਂ ਜੋ ਕਿ ਆਪਣੀ ਵਿਦਵਤਾ ਅਤੇ ਸੂਝ ਸਿਆਣਪ ਕਰਕੇ ਬਹੁਤ ਹੀ ਸਤਿਕਾਰੇ ਜਾਂਦੇ ਸਨ। ਉਹ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੇ ਮੈਂਬਰ ਅਤੇ ਡੀ. ਏ. ਵੀ. ਕਾਲਜ ਆਫ ਐਜੂਕੇਸ਼ਨ, ਹੁਸ਼ਿਆਰਪੁਰ ਦੇ ਪ੍ਰਿੰਸੀਪਲ ਸਨ। ਉਹ ਇਕ ਹੰਢੇ ਹੋਏ ਪਾਰਲੀਮੈਂਟੇਰੀਅਨ ਅਤੇ ਜਨਤਾ ਪਾਰਟੀ ਦੇ ਸੱਤਵੀਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਨ। ਬ੍ਰਿਟਿਸ਼ ਰਾਜ ਦੇ ਦੌਰਾਨ ਵਿਦਿਆਰਥੀ ਅੰਦੋਲਨ ਦੌਰਾਨ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਕਾਂਗਰਸ ਰਾਜ ਦੇ ਦੌਰਾਨ ਉਹ ਕਈ ਰਾਜਨੀਤਿਕ ਕੇਸਾਂ ਵਿਚ ਉਲਝੇ ਰਹੇ ਤੇ ਸੰਕਟਕਾਲ ਦੇ ਦੌਰਾਨ ਲੁਧਿਆਣਾ, ਫਿਰੋਜ਼ਪੁਰ, ਹੁਸ਼ਿਆਰਪੁਰ ਦੀਆਂ ਜੇਲ੍ਹਾਂ ਵਿਚ ਰਹੇ। ਉਨ੍ਹਾਂ ਨੇ ਰਾਜ ਦੀ ਉੱਘੀ ਸੇਵਾ ਕੀਤੀ ਅਤੇ ਵਿਦਿਆ ਦੇ ਖੇਤਰ ਵਿਚ ਬੜੀਆਂ ਜ਼ਿੰਮੇਵਾਰੀਆਂ ਨਿਭਾਈਆਂ। ਉਨ੍ਹਾਂ ਦੀ ਮੌਤ ਨਾਲ ਰਾਜ ਨੇ ਇਕ ਉਘੇ ਵਿਦਿਆ ਸ਼ਾਸਤਰੀ, ਸਮਾਜ ਸੇਵਕ ਤੇ ਹੰਢੇ ਹੋਏ ਪਾਰਲੀਮੈਂਟੇਰੀਅਨ ਨੂੰ ਗੁਆ ਲਿਆ ਹੈ ਜੋ ਕਿ ਆਰੀਆ ਸਮਾਜ ਦੇ ਮਹਾਨ ਆਦਰਸ਼ਾਂ ਦੇ ਪੂਰਣ ਪੈਰੋਕਾਰ ਸਨ।

ਗਹਿਰੇ ਦੁਖ ਨਾਲ ਮੈਂ, ਸਪੀਕਰ ਸਾਹਿਬ, ਸਰਦਾਰ ਜੈ ਇੰਦਰ ਸਿੰਘ ਨੂੰ ਆਪਣੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ, ਜੋ ਇਕ ਉੱਘੇ ਵਰਕਰ, ਤੀਖਣ ਬੁੱਧੀ ਵਾਲੇ ਪਾਰਲੀਮੈਂਟੇਰੀਅਨ ਅਤੇ ਰਚਨਾਤਮਕ ਸਮਾਜ-ਸੇਵਕ ਸਨ। ਉਹ ਇਕ ਪਰਪੱਕ ਪਾਰਲੀਮੈਂਟੇਰੀਅਨ ਸਨ ਅਤੇ 1962 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। ਇਕ ਵਿਧਾਨਕਾਰ ਦੇ ਤੌਰ ਤੇ ਉਨ੍ਹਾਂ ਦੀ ਦੇਣ ਸ਼ਲਾਘਾਯੋਗ ਹੈ। ਉਨ੍ਹਾਂ ਨੇ ਰਾਜਨੀਤੀ ਵਿੱਚ ਲਗਭਗ ਤਿੰਨ ਦਹਾਕਿਆਂ ਤਕ ਸਰਗਰਮ ਭਾਗ ਲਿਆ ਅਤੇ ਉਨ੍ਹਾਂ ਨੇ ਆਪਣਾ ਰਾਜਸੀ ਜੀਵਨ ਕਾਂਗਰਸ ਪਾਰਟੀ ਦੇ ਸਿਟੀ ਵਿੰਗ ਦੇ ਜਨਰਲ ਸਕੱਤਰ ਦੇ ਤੌਰ ਤੇ ਪੰਜਵੇਂ ਦਹਾਕੇ ਦੇ ਮੁੱਢਲੇ ਸਾਲਾਂ ਵਿੱਚ ਆਰੰਭ ਕੀਤਾ। ਉਹ ਛੇ ਸਾਲ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਹੇ। ਅਗਸਤ, 1983 ਵਿੱਚ ਉਨ੍ਹਾਂ ਨੂੰ ਪੰਜਾਬ ਕਾਂਗਰਸ ਕਮੇਟੀ (ਆਈ) ਦੇ ਜਨਰਲ ਸਕੱਤਰ ਦੇ ਅਹੁਦੇ ਤੇ ਲਾ ਦਿੱਤਾ ਗਿਆ। ਉਨ੍ਹਾਂ ਦੀ ਮੌਤ ਨਾਲ ਰਾਜ ਤੋਂ ਇਕ ਯੋਗ ਨੀਤੀਵਾਨ, ਤਜਰਬੇਕਾਰ ਪਾਰਲੀਮੈਂਟੇਰੀਅਨ ਅਤੇ ਸਮਾਜ ਸੇਵਕ ਖੁੱਸ ਗਿਆ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਡੂੰਘੇ ਅਫਸੋਸ ਨਾਲ ਸ਼੍ਰੀ ਹਰਬੰਸ ਲਾਲ ਖੰਨਾ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਦਾ ਹਾਂ, ਜਿਨ੍ਹਾਂ ਦਾ ਕਤਲ ਸਾਨੂੰ ਸਾਰਿਆਂ ਨੂੰ ਇਸ ਗਲੋਂ ਚੇਤਨ ਕਰਦਾ ਹੈ ਕਿ ਹਿੰਸਾ ਅਤੇ ਲੋਕਰਾਜ ਨਾਲੋ ਨਾਲ ਨਹੀਂ ਚਲ ਸਕਦੇ। ਉਹ 1967 ਵਿੱਚ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ। ਸੰਕਟ–ਕਾਲ ਦੌਰਾਨ ਉਨ੍ਹਾਂ ਨੇ 19 ਮਹੀਨੇ ਕੈਦ ਵਿੱਚ ਕੱਟੇ ਅਤੇ ਲੋਕ ਸਭਾ ਚੋਣਾਂ ਦਾ ਐਲਾਨ ਹੋ ਜਾਣ ਮਗਰੋਂ ਉਨ੍ਹਾਂ ਨੂੰ ਰਿਹਾ ਕੀਤਾ ਗਿਆ ਸੀ। 1977 ਵਿੱਚ ਉਹ ਜਨਤਾ ਪਾਰਟੀ ਦੇ ਟਿਕਟ ਤੇ ਪੰਜਾਬ ਵਿਧਾਨ ਸਭਾ ਲਈ ਮੁੜ ਚੁਣੇ ਗਏ ਸਨ। ਉਨ੍ਹਾਂ ਦੀ ਮੌਤ ਨਾਲ ਰਾਜ ਇਕ ਦੇਸ਼–ਭਗਤ, ਨੀਤੀਵਾਨ ਅਤੇ ਪਾਰਲੀਮੈਂਟੇਰੀਅਨ ਤੋਂ ਵਾਂਝਾ ਹੋ ਗਿਆ ਹੈ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਲੋਕਾਂ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ।

ਸਪੀਕਰ ਸਾਹਿਬ, ਮੈਂ ਸਰਦਾਰ ਸਰੂਪ ਸਿੰਘ ਕਲਹਾ, ਜਿਹੜੇ ਕਿ ਇਕ ਉਘੇ ਪਾਰਲੀਮੈਂਟੇਰੀਅਨ ਸਨ, ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ। ਉਨ੍ਹਾਂ ਨੇ 1942 ਤੋਂ ਰਾਜਨੀਤੀ ਵਿੱਚ ਦਿਲਚਸਪੀ ਲੈਣੀ ਸ਼ਰੂ ਕੀਤੀ ਸੀ। ਉਹ 1952 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ ਅਤੇ 1960 ਤੱਕ ਇਸ ਅਹੁਦੇ ਤੇ ਰਹੇ। ਉਹ ਸ਼੍ਰੋਮਣੀ ਅਕਾਲੀ ਦਲ ਦੇ ਉਪ-ਪ੍ਰਧਾਨ ਵੀ ਬਣੇ। ਉਹ ਸਰਬ ਭਾਰਤੀ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਬਾਨੀ ਸਨ। ਉਹ ਪੰਜਾਬ ਸਿੱਖਿਆ ਚੋਣ ਕਮੇਟੀ ਦੇ 1973 ਤੋਂ 1975 ਤੱਕ ਚੇਅਰਮੈਨ ਵੀ ਰਹੇ। ਉਨ੍ਹਾਂ ਦੀ ਮੌਤ ਨਾਲ ਅਸੀਂ ਇਕ ਉਘਾ ਸਿਆਸਤਦਾਨ ਅਤੇ ਵਿਦਵਾਨ ਗੁਆ ਬੈਠੇ ਹਾਂ।

ਸਪੀਕਰ ਸਾਹਿਬ, ਮੈਂ ਡੂੰਘੇ ਅਫਸੋਸ ਨਾਲ ਸਰਦਾਰ ਪ੍ਰੀਤਮ ਸਿੰਘ ਸਾਹੋਕੇ ਨੂੰ ਆਪਣੀ ਨਿਮਰ ਸ਼ਰਧਾਂਜਲੀ ਪੇਸ਼ ਕਰਦਾ ਹਾਂ, ਜੋ 1952 ਤੋਂ 1967 ਦੌਰਾਨ ਪੰਜਾਬ ਵਿਧਾਨ ਸਭਾ ਦੇ ਮੈਂਬਰ ਸਨ। ਉਹ ਸਾਬਕਾ ਪੈਪਸੂ ਵਿੱਚ ਖਾਲਸਾ ਬਰਾਦਰੀ ਦੇ ਪ੍ਰਧਾਨ ਅਤੇ ਐਸ.ਜੀ.ਪੀ.ਸੀ. ਦੇ ਮੈਂਬਰ ਰਹੇ। ਉਨ੍ਹਾਂ ਦੇ ਅਕਾਲ ਚਲਾਣੇ ਕਾਰਨ ਰਾਜ ਨੇ ਇਕ ਤਜਰਬੇਕਾਰ ਪਾਰਲੀਮੈਂਟੇਰੀਅਨ, ਉੱਘਾ ਸਮਾਜ ਸੇਵਕ ਅਤੇ ਗਰੀਬਾਂ ਤੇ ਲਤਾੜੇ ਹੋਏ ਲੋਕਾਂ ਦਾ ਮਿੱਤਰ ਗੁਆ ਲਿਆ ਹੈ।

ਸਪੀਕਰ ਸਾਹਿਬ, ਮੈਂ ਸ਼੍ਰੀ ਗੁਰਦਿਆਲ ਸੈਣੀ, ਸਾਬਕਾ ਪ੍ਰਧਾਨ, ਜ਼ਿਲ੍ਹਾ ਕਾਂਗਰਸ (ਆਈ) ਕਮੇਟੀ (ਸ਼ਹਿਰੀ) ਜਲੰਧਰ ਨੂੰ ਵੀ ਸ਼ਰਧਾਂਜਲੀ ਪੇਸ਼ ਕਰਨੀ ਹੈ। ਉਹ ਵੀ ਆਤੰਕਵਾਦ ਦੇ ਸ਼ਿਕਾਰ ਸਨ। ਉਨ੍ਹਾਂ ਨੇ 1969 ਤੋਂ ਹੀ ਜਲੰਧਰ ਉਤਰੀ ਚੋਣ ਹਲਕੇ ਤੋਂ ਪੰਜਾਬ ਵਿਧਾਨ ਸਭਾ ਦੀ ਨੁਮਾਇੰਦਗੀ ਕੀਤੀ ਅਤੇ ਸਿਰਫ 1977 ਵਿੱਚ ਜਦੋਂ ਮਰਹੂਮ ਸ਼੍ਰੀ ਰਮੇਸ਼ ਚੰਦਰ ਤੋਂ ਹਾਰ ਗਏ ਤਾਂ ਤਿੰਨ ਸਾਲਾਂ ਦੀ ਵਿੱਥ ਪਾਈ। ਉਹ 1980 ਵਿੱਚ ਮੁੜ ਵਿਧਾਨ ਸਭਾ ਲਈ ਚੁਣੇ ਗਏ। ਉਹ 1978 ਵਿੱਚ ਜ਼ਿਲ੍ਹਾ ਕਾਂਗਰਸ (ਆਈ) ਕਮੇਟੀ (ਸ਼ਹਿਰੀ) ਦੇ ਪ੍ਰਧਾਨ ਬਣੇ। ਵਿਧਾਨ ਮੰਡਲ ਦੇ ਇਤਿਹਾਸ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਸ਼ਲਾਘਾਯੋਗ ਹਨ । ਆਪਣੀ ਵਿਸ਼ਲੇਸ਼ਣ ਸ਼ਕਤੀ, ਭਾਸ਼ਣ ਕਲਾ ਅਤੇ ਨੇਕ ਨੀਤੀ ਕਾਰਨ ਉਨ੍ਹਾਂ ਦਾ ਹਾਊਸ ਵਿੱਚ ਡੂੰਘਾ ਪ੍ਰਭਾਵ ਸੀ । ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਨਿਡਰਤਾ ਤੇ ਸਪੱਸ਼ਟਤਾ ਨਾਲ ਪ੍ਰਗਟ ਕਰਨ ਵਿੱਚ ਕਦੀ ਝਿਜਕ ਮਹਿਸੂਸ ਨਹੀਂ ਕੀਤੀ। ਉਨ੍ਹਾਂ ਦੀ ਮਿਰਤੂ ਕਾਰਨ ਰਾਜ ਇਕ ਯੋਗ ਸਿਆਸਤਦਾਨ, ਤਜਰਬੇਕਾਰ ਪਾਰਲੀਮੈਂਟੇਰੀਅਨ ਅਤੇ ਇਕ ਸਮਾਜ ਸੇਵਕ ਤੋਂ ਸੱਖਣਾ ਹੋ ਗਿਆ ਹੈ ਜਿਸ ਨੇ ਲਤਾੜੇ ਹੋਏ ਲੋਕਾਂ ਦੀ ਬਿਹਤਰੀ ਲਈ ਉਤਸ਼ਾਹ ਨਾਲ ਕੰਮ ਕੀਤਾ।

ਮਾਨਯੋਗ ਸਪੀਕਰ ਸਾਹਿਬ, ਮੈਂ ਗਹਿਰੇ ਦੁਖ ਨਾਲ ਸ਼੍ਰੀ ਰਾਮ ਪਿਆਰਾ, ਸਰਦਾਰ ਚੰਨਣ ਸਿੰਘ, ਰਾਓ ਨਿਹਾਲ ਸਿੰਘ, ਚੌਧਰੀ ਮਾਤੂ ਰਾਮ ਮਲਿਕ, ਸ਼੍ਰੀ ਹਰਭਗਵਾਨ ਮੋਦਗਿਲ, ਟਿੱਕਾ ਰਤਨ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਅਨਮੋਲ ਸਿੰਘ, ਡਾਕਟਰ ਪਰਮਾਨੰਦ, ਸਰਦਾਰ ਬਚਨ ਸਿੰਘ ਘੋਲੀਆ, ਸਰਦਾਰ ਸ਼ਿੰਗਾਰਾ ਸਿੰਘ ਅਤੇ ਸਰਦਾਰ ਪ੍ਰੀਤਮ ਸਿੰਘ ਮੋਫਰ ਨੂੰ ਵੀ ਆਪਣੀਆਂ ਸ਼ਰਧਾਂਜਲੀਆਂ ਭੇਂਟ ਕਰਦਾ ਹਾਂ। ਵਿਧਾਨ ਸਭਾ ਦੇ ਇਤਿਹਾਸ ਵਿੱਚ ਉਨ੍ਹਾਂ ਦੇ ਯੋਗਦਾਨ ਪ੍ਰਸ਼ੰਸਾਯੋਗ ਅਤੇ ਮਹੱਤਵਪੂਰਨ ਹਨ। ਉਹ ਉਘੇ ਪਾਰਲੀਮੈਂਟੇਰੀਅਨ ਸਨ ਅਤੇ ਉਨ੍ਹਾਂ ਨੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਨੂੰ ਬੜੀ ਵਿਲੱਖਣਤਾ ਨਾਲ ਨਿਭਾਇਆ। ਉਹ ਨੇਕ ਪੁਰਸ਼ ਸਨ ਅਤੇ ਅਗਾਂਹ ਵਧੂ ਵਿਚਾਰਾਂ ਦੇ ਮਾਲਕ ਸਨ। ਰਾਜ ਲਈ ਕੀਤੀਆਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਸਦਾ ਯਾਦ ਰਖਿਆ ਜਾਵੇਗਾ।

ਸਪੀਕਰ ਸਾਹਿਬ, ਮੈਂ ਉਨ੍ਹਾਂ ਹਜ਼ਾਰਾਂ ਸ਼ਹੀਦਾਂ ਨੂੰ, ਜਿਨ੍ਹਾਂ ਨੇ ਧਰਮ ਯੁੱਧ ਮੋਰਚੇ, ਆਪ੍ਰੇਸ਼ਨ ਬਲਿਊ ਸਟਾਰ ਅਤੇ ਨਵੰਬਰ 1984 ਦੇ ਦੰਗਿਆਂ ਦੌਰਾਨ ਆਪਣੀਆਂ ਜਾਨਾਂ ਵਾਰੀਆਂ ਅਤੇ ਇਸ ਅਭਾਗੇ ਸਮੇਂ ਦੌਰਾਨ ਜ਼ੁਲਮ ਦਾ ਸ਼ਿਕਾਰ ਹੋਏ ਸਾਰੇ ਨਿਰਦੋਸ਼ ਵਿਅਕਤੀਆਂ ਨੂੰ ਵੀ ਆਪਣੀਆਂ ਸਨਿਮਰ ਸ਼ਰਧਾਂਜਲੀਆਂ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਮੈਂ ਪ੍ਰਸਤਾਵ ਪੇਸ਼ ਕਰਦਾ ਹਾਂ ਕਿ ਸਾਥੋਂ ਵਿਛੜੀਆਂ ਸਾਰੀਆਂ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਸਦਨ ਦੇ ਸਾਰੇ ਮੈਂਬਰ ਖੜ੍ਹੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕਰਨ ਅਤੇ ਨਾਲ ਹੀ ਬੇਨਤੀ ਕਰਦਾ ਹਾਂ ਕਿ ਇਸ ਸਦਨ ਦੀ ਡੂੰਘੀ ਹਮਦਰਦੀ ਉਨ੍ਹਾਂ ਦੇ ਨਿਕਟਤਮ ਸੰਬੰਧੀਆਂ ਨੂੰ ਭਿਜਵਾ ਦਿੱਤੀ ਜਾਵੇ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ (ਮੁਕਤਸਰ): ਸਪੀਕਰ ਸਾਹਿਬ, ਮੈਂ ਆਪਣੇ ਅਤੇ ਆਪਣੀ ਪਾਰਟੀ ਵਲੋਂ ਸ਼੍ਰੀਮਤੀ ਇੰਦਰਾ ਗਾਂਧੀ ਦੀ ਦੁਖ-ਭਰੀ ਅਤੇ ਸ਼ੌਕਿੰਗ ਅਸੈਸੀਨੇਸ਼ਨ ਤੇ ਸ਼ਰਧਾਂਜਲੀ ਭੇਂਟ ਕਰਨ ਵਾਸਤੇ ਖੜੀ ਹੋਈ ਹਾਂ। ਸ਼੍ਰੀਮਤੀ ਇੰਦਰਾ ਗਾਂਧੀ ਨੇ ਆਪਣਾ ਸਾਰਾ ਜੀਵਨ ਆਜ਼ਾਦੀ ਹਾਸਲ ਕਰਨ ਲਈ ਅੌਰ ਉਸ ਆਜ਼ਾਦੀ ਨੂੰ ਕਾਇਮ ਰੱਖਣ ਲਈ ਲਗਾ ਦਿੱਤਾ। ਆਪਣੀ ਜਵਾਨੀ ਵਿੱਚ ਵੀ ਉਨ੍ਹਾਂ ਨੇ ਰਾਸ਼ਟਰ-ਪਿਤਾ ਮਹਾਤਮਾ ਗਾਂਧੀ ਅਤੇ ਉਨ੍ਹਾਂ ਦੇ ਆਪਣੇ ਪਿਤਾ ਪੰਡਿਤ ਜਵਾਹਰ ਲਾਲ ਨਹਿਰੂ, ਜੋ ਕਿ ਹਿੰਦੁਸਤਾਨ ਦੇ ਮਹਾਨ ਨੇਤਾ ਅੌਰ ਪਹਿਲੇ ਪ੍ਰਧਾਨ ਮੰਤਰੀ ਸਨ, ਦੇ ਨਾਲ ਕੰਧੇ ਨਾਲ ਕੰਧਾ ਮਿਲਾਕੇ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਪਾਇਆ। ਉਹ ਸਿਰਫ 13 ਸਾਲ ਦੀ ਉਮਰ ਦੇ ਹੀ ਸਨ ਜਦੋਂ ਕਿ ਉਨ੍ਹਾਂ ਨੇ ਵਾਨਰ ਸੈਨਾ ਜਿਹੜੀ ਕਿ ਟੀਨ-ਏਜਰਜ਼ ਦੀ ਸੀ, ਬਣਾ ਕੇ ਦੇਸ਼ ਦੀ ਆਜ਼ਾਦੀ ਹਾਸਲ ਕਰਨ ਵਿੱਚ ਹਿੱਸਾ ਪਾਇਆ। ਉਨ੍ਹਾਂ ਨੇ ਸਿਆਸਤ ਵਿੱਚ ਐਕਟਿਵ ਪਾਰਟ "ਕੁਇਟ ਇੰਡੀਆ ਮੂਵਮੈਂਟ" ਵਿੱਚ ਹਿੱਸਾ ਲੈ ਕੇ ਪਾਇਆ ਅਤੇ 1955 ਵਿੱਚ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਬਣੇ ਅਤੇ 1956 ਵਿੱਚ ਯੂਥ ਕਾਂਗਰਸ ਦੇ ਪ੍ਰਧਾਨ ਅਤੇ 1959 ਵਿੱਚ ਪ੍ਰੈਜ਼ੀਡੈਂਟ ਆਫ ਦੀ ਇੰਡੀਅਨ ਨੈਸ਼ਨਲ ਕਾਂਗਰਸ ਬਣੇ। ਮੈਨੂੰ ਇੰਦਰਾ ਜੀ ਦੇ ਉਹ ਲਫਜ਼ ਯਾਦ ਆਉਂਦੇ ਹਨ ਜਿਹੜੇ ਕਿ ਉਨ੍ਹਾਂ ਨੇ ਪ੍ਰੈਜ਼ੀਡੈਂਟ ਬਣ ਕੇ ਪਹਿਲੀ ਕਾਨਫਰੰਸ ਵਿੱਚ ਕਹੇ ਜਿਨ੍ਹਾਂ ਨੂੰ ਮੈਂ ਇਥੇ ਕੋਟ ਕਰਦੀ ਹਾਂ।

"The nation is in hurry and we cannot afford to lose time."

ਇਸ ਤੋਂ ਤੁਸੀਂ ਸਾਰਾ ਮਤਲਬ ਕੱਢ ਸਕਦੇ ਹੋ ਕਿ ਉਹ ਕਿੰਨੇ ਮਿਹਨਤੀ ਸਨ। ਉਨ੍ਹਾਂ ਦਾ ਇਕ ਇਕ ਮਿੰਟ ਕੰਮ ਕਰਨ ਵਿੱਚ ਹੀ ਗੁਜ਼ਰਦਾ ਸੀ ਅਤੇ ਉਹ ਇਕ ਮਿੰਟ ਵੀ ਜ਼ਾਇਆ ਕਰਕੇ ਖੁਸ਼ ਨਹੀਂ ਸਨ ਹੁੰਦੇ। ਉਨ੍ਹਾਂ ਨੇ ਹਿੰਦੁਸਤਾਨ ਦਾ ਸਿਰ ਦੁਨੀਆਂ ਭਰ ਵਿੱਚ ਉਚਾ ਕੀਤਾ ਅਤੇ ਦੁਨੀਆਂ ਭਰ ਦੇ ਬੇਸਹਾਰਾ, ਡਾਊਨ-ਟਰੋਡਨ ਅਤੇ ਅੰਡਰ ਪਰਿਵਿਲੇਜਡ ਲੋਕਾਂ ਦਾ ਸਹਾਰਾ ਬਣੇ ਅੌਰ ਉਨ੍ਹਾਂ ਦੀ ਖਾਤਰ ਸੰਘਰਸ਼ ਕੀਤਾ। ਉਨ੍ਹਾਂ ਨੇ ਹਿੰਮਤ ਨਾਲ ਆਪਣੇ ਮੁਲਕ ਦੀ ਗਰੀਬੀ ਦੂਰ ਕਰਨ ਦਾ ਬੀੜਾ ਉਠਾਇਆ ਅੌਰ 20—ਪੁਆਇੰਟ ਪ੍ਰੋਗਰਾਮ ਨਿਯੁਕਤ ਕੀਤਾ। ਉਹ ਇਕ ਸਚੇ ਦੇਸ਼ ਭਗਤ

Original with;
Punjab Vidhan Sabha
Digitized by;
Panjab Digital Library

ਸਨ ਔਰ ਕੰਪਲੀਟ ਸੈਕੁਲਰ ਆਊਟ–ਲੁਕ ਰਖਦੇ ਸਨ। ਉਹ ਦੁਨੀਆਂ ਦੇ ਉੱਘੇ ਨੇਤਾਵਾਂ ਵਿਚੋ ਸਨ ਅਤੇ ਜਿਹੜੇ ਉਨ੍ਹਾਂ ਦੇ ਕੰਟੈਂਪਰੇਰੀ ਸਨ ਜਿਸ ਤਰ੍ਹਾਂ ਕਿ ਯੂ.ਕੇ. ਦੀ ਸ਼੍ਰੀਮਤੀ ਮਾਰਗਰੇਟ ਥੈਚਰ, ਯੂ.ਐਸ.ਏ. ਦੇ ਸ਼੍ਰੀ ਰੀਗਨ, ਯੂ. ਐਸ.ਐਸ.ਆਰ. ਦੇ ਆਂਦਰੋਪੋਵ ਅਤੇ ਚਰਨੱਕੋ ਨਾਲ ਕੰਪੇਅਰ ਕੀਤਾ ਜਾਵੇ ਤਾਂ ਸਭ ਤੋਂ ਲੰਬਾ ਅਰਸਾ ਉਨ੍ਹਾਂ ਨੇ ਆਪਣੇ ਮੁਲਕ ਦੀ ਸੇਵਾ ਕੀਤੀ।

ਜਦੋਂ ਉਨ੍ਹਾਂ ਨੇ ਪ੍ਰਧਾਨ ਮੰਤਰੀ ਬਣ ਕੇ ਦੇਸ਼ ਦੀ ਬਾਗਡੋਰ ਸੰਭਾਲੀ ਤਾਂ ਉਨ੍ਹਾਂ ਦੁਆਰਾ ਕੀਤੇ ਗਏ ਕੰਮਾਂ ਦਾ ਵੇਰਵਾ ਦੇਣਾ ਬਹੁਤ ਜ਼ਰੂਰੀ ਬਣ ਜਾਂਦਾ ਹੈ। ਉਨ੍ਹਾਂ ਨੇ ਨੈਸ਼ਨੇਲਾਈਜ਼ੇਸ਼ਨ ਆਫ ਬੈਂਕਸ, ਨੈਸ਼ਨੇਲਾਈਜ਼ੇਸ਼ਨ ਆਫ ਲਾਈਫ ਇਨਸ਼ਿਓਰੈਂਸ, ਐਬੋਲੀਸ਼ਨ ਆਫ ਪਰਿਵੀ ਪਰਸਿਜ਼, ਮਰਜਰ ਆਫ ਸਿਕਿਮ ਇਨ ਇੰਡੀਆ, ਗਰੇਟ ਵਿਕਟਰੀ ਓਵਰ ਪਾਕਿਸਤਾਨ ਇਨ 1971, 20–ਪੁਆਇੰਟ ਪ੍ਰੋਗਰਾਮ ਲਾਗੂ ਕਰਕੇ ਗਰੀਬੀ ਦੂਰ ਕਰਨਾ, ਚੋਗਮ ਅਤੇ ਨਾਨ–ਅਲਾਈਨਡ ਮੀਟਸ, ਸਾਇੰਸ ਐਂਡ ਟੈਕਨਾਲੋਜੀ ਦੀ ਯੂਜ਼ ਕਰਦਿਆਂ ਹੋਇਆਂ ਟੀ.ਵੀ. ਦੀ ਐਕਸਪੈਨਸ਼ਨ ਅਤੇ ਅਟਾਮਿਕ ਐਨਰਜੀ ਦੀ ਰਿਸਰਚ ਅਤੇ ਸਪੇਸ ਵਿੱਚ ਇਨਸੈਟ–ਬੀ ਵਗੈਰਾ ਭੇਜੇ ਗਏ, ਜਿਹੇ ਕਿੰਨੇ ਹੀ ਕੰਮ ਕੀਤੇ ਹਨ ਜਿਨ੍ਹਾਂ ਦਾ ਜ਼ਿਕਰ ਕਰਦਿਆਂ ਹੋਇਆਂ ਬਹੁਤ ਹੀ ਟਾਈਮ ਲਗੇਗਾ।

ਮਿਸਿਜ਼ ਗਾਂਧੀ ਨੇ ਆਪਣੀ ਜਾਨ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੁਰਬਾਨ ਕੀਤੀ। ਆਪਣੇ ਜੀਵਨ ਦਾ ਬਲੀਦਾਨ ਕਰ ਦਿੱਤਾ। ਸ਼੍ਰੀਮਤੀ ਇੰਦਰਾ ਗਾਂਧੀ ਦੀ ਹਤਿਆ ਤੇ ਸਾਰੇ ਦੇਸ਼ ਨੇ ਹੀ ਨਹੀਂ ਬਲਕਿ ਸਾਰੀ ਦੁਨੀਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਮੈਂ ਸ਼੍ਰੀਮਤੀ ਇੰਦਰਾ ਗਾਂਧੀ ਦੇ ਬੜੀ ਨਜ਼ਦੀਕ ਸੀ। ਉਹ ਛੋਤੀ ਛੋਤੀ ਕਿਸੇ ਨੂੰ ਭੁਲਦੇ ਨਹੀਂ ਸਨ। ਭਾਵੇਂ ਕਿੱਡੀ ਵੱਡੀ ਮੀਟਿਗ ਹੋਵੇ, ਕਿੰਨਾ ਵੀ ਕੰਮ ਹੋਵੇ, ਉਹ ਹਰ ਕਿਸੇ ਦੀ ਮਦਦ ਕਰਨ ਵਾਸਤੇ ਤਿਆਰ ਰਹਿੰਦੇ ਸਨ। ਇਕ ਵਾਰ ਮੈਨੂੰ ਇਕ ਗਰੀਬ ਜਿਹੀ ਔਰਤ ਨਾਲ ਮਿਲਣ ਦਾ ਮੌਕਾ ਮਿਲਿਆ। ਉਸ ਔਰਤ ਨਾਲ ਬੀਬੀ ਜੀ ਨੇ ਗਲਬਾਤ ਕੀਤੀ, ਉਸ ਦਾ ਹਾਲ ਚਾਲ ਪੁਛਿਆ। ਉਸ ਔਰਤ ਨੇ ਮੈਨੂੰ ਦਸਿਆ ਕਿ ਕਿੰਨੇ ਸਾਲ ਪਹਿਲਾਂ ਬੀਬੀ ਜੀ ਨੇ ਮੇਰੀ ਮਦਦ ਕੀਤੀ ਸੀ। ਮੈਂ ਬੜੀ ਹੈਰਾਨ ਹੋਈ ਕਿ ਇੰਨੀ ਦੇਰ ਬਾਅਦ ਵੀ ਉਸ ਗਰੀਬ ਔਰਤ ਦੀ ਸ਼ਕਲ ਉਨ੍ਹਾਂ ਨੇ ਯਾਦ ਰਖੀ ਸੀ। ਹਿੰਦੁਸਤਾਨ ਦਾ ਕੋਈ ਕੋਨਾ ਨਹੀਂ ਸੀ, ਬਲਕਿ ਸਾਰੀ ਦੁਨੀਆਂ ਦਾ ਕੋਈ ਕੋਨਾ ਐਸਾ ਨਹੀਂ ਸੀ, ਜਿਥੇ ਸ਼੍ਰੀਮਤੀ ਇੰਦਰਾ ਗਾਂਧੀ ਜੀ ਨਾ ਗਏ ਹੋਣ ਅਤੇ ਉਥੋਂ ਦੇ ਗਰੀਬ ਲੋਕਾਂ ਨਾਲ ਹਮਦਰਦੀ ਨਾਲ ਗਲਬਾਤ ਨਾ ਕੀਤੀ ਹੋਵੇ। ਕਈ ਵਾਰ ਸਿਕਿਉਰਿਟੀ ਵਾਲੇ ਵੀ ਕੋਲ ਨਹੀਂ ਸਨ ਹੁੰਦੇ। ਸਗੋਂ ਕਈ ਵਾਰ ਸਿਕਿਉਰਿਟੀ ਵਾਲਿਆਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਉਹ ਐਸੀਆਂ ਥਾਵਾਂ ਤੇ ਵੀ ਚਲੇ ਜਾਂਦੇ ਸਨ ਅਤੇ ਲੋਕਾਂ ਦੇ ਵਿਚਾਰ ਸੁਣਦੇ ਸਨ। ਸਾਨੂੰ ਬੜਾ ਦੁੱਖ ਹੋਇਆ ਕਿ ਐਡੀ ਵੱਡੀ ਨੇਤਾ ਸਾਡੇ ਕੋਲੋਂ ਵਿਛੜ ਗਈ। ਸਾਨੂੰ ਬੜਾ ਵੱਡਾ ਘਾਟਾ ਪਿਆ। ਜਿਹੜੀਆਂ ਲੀਹਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਪਾਈਆਂ ਸਨ ਜਿਵੇਂ ਗਰੀਨ ਰੈਵੋਲਿਊਸ਼ਨ, ਇੰਡਸਟਰੀਅਲਾਈਜ਼ੇਸ਼ਨ ਅਤੇ ਹੈਵੀ ਇੰਡਸਟਰੀ ਵਗੈਰਾ–ਉਨ੍ਹਾਂ ਲੀਹਾਂ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਨੇ ਅੱਗੇ ਵਧਾਇਆ ਅਤੇ ਦੇਸ਼ ਦੀ ਤਰੱਕੀ ਕੀਤੀ। ਹੁਣ ਰਾਜੀਵ ਗਾਂਧੀ ਜੀ ਆਏ ਹਨ। ਉਨ੍ਹਾਂ ਨੇ ਜਿਹੜਾ ਅਕਾਰਡ ਸਾਨੂੰ ਦਿੱਤਾ ਹੈ, ਉਹ ਇਕ ਬਹੁਤ ਵੱਡਾ ਕਦਮ ਹੈ ਅਤੇ ਉਸ ਦੇ ਨਾਲ ਸਾਰੇ ਮੁਲਕ ਦਾ ਬਹੁਤ ਫਾਇਦਾ ਹੋਵੇਗਾ।

ਸਪੀਕਰ ਸਾਹਿਬ, ਹੁਣ ਮੈਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਾਬਤ ਜ਼ਿਕਰ ਕਰਨਾ ਚਾਹੁੰਦੀ ਹਾਂ। ਉਹ ਇਕ ਮਹਾਨ ਸੰਤ ਹੋਏ ਹਨ। ਸੰਤ ਲੌਂਗੋਵਾਲ ਦਾ ਜਨਮ 1932 ਵਿਚ ਸੰਗਰੂਰ ਜ਼ਿਲ੍ਹੇ ਦੇ ਇਕ ਪਿੰਡ ਗੱਭੀਰਾਣੀ ਵਿਖੇ ਹੋਇਆ। ਹਾਲਾਂ ਕਿ ਉਨ੍ਹਾਂ ਨੇ ਰਸਮੀ ਸਿਖਿਆ ਹਾਸਲ ਨਹੀਂ

Original with;
Punjab Vidhan Sabha
Digitized by;
Panjab Digital Library

[ਸਰਦਾਰਨੀ ਗੁਰਬਰਿੰਦਰ ਕੌਰ ਬਰਾੜ]

ਕੀਤੀ ਪਰ ਫੇਰ ਵੀ ਉਨ੍ਹਾਂ ਦੇ ਮਾਤਾ ਪਿਤਾ ਨੇ ਉਨ੍ਹਾਂ ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਮੌਜੇ ਵਿਚ ਸੰਤ ਜੋਧ ਸਿੰਘ ਦੇ ਹਵਾਲੇ ਕਰ ਦਿੱਤਾ। ਉਹ 1950 ਵਿਚ ਸਰਗਰਮ ਸਿਆਸਤ ਵਿਚ ਦਾਖਲ ਹੋਏ। 1960 ਵਿਚ ਸੰਗਰੂਰ ਜ਼ਿਲ੍ਹੇ ਦੇ ਅਕਾਲੀ ਜੱਥੇ ਦੇ ਪ੍ਰਧਾਨ ਬਣੇ । ਮੈਨੂੰ ਯਾਦ ਹੈ ਉਹ ਐਮ.ਐਲ.ਏ. ਵੀ ਰਹਿ ਚੁਕੇ ਹਨ। ਸੰਤ ਹਰਚੰਦ ਸਿਘ ਲੌਂਗੋਵਾਲ ਨੇ ਦੇਸ਼ ਦੀ ਅਖੰਡਤਾ ਹਿੰਦੂ-ਸਿੱਖ ਏਕਤਾ ਅਤੇ ਪੰਜਾਬ ਵਿਚ ਸ਼ਾਂਤੀ ਦਾ ਮਾਹੌਲ ਪੈਦਾ ਕਰਨ ਲਈ ਨਿਡਰ ਸਟੈਂਡ ਲੈ ਕੇ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ। 24 ਜੁਲਾਈ, 1985 ਨੂੰ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਨਾਲ ਬੈਠ ਕੇ ਸ਼੍ਰੋਮਣੀ ਅਕਾਲੀ ਦਲ ਦੇ ਅਧਿਅਕਸ਼ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਸਮਝੌਤੇ ਤੇ ਦਸਤਖਤ ਕੀਤੇ। 20 ਅਗਸਤ, 1985 ਨੂੰ ਉਹ ਆਪਣੀ ਜਾਨ ਦੀ ਕੁਰਬਾਨੀ ਦੇ ਗਏ। ਜਿਸ ਹੌਂਸਲੇ ਅਤੇ ਦੂਰ ਦ੍ਰਿਸ਼ਟੀ ਨਾਲ ਸੰਤ ਲੌਂਗੋਵਾਲ ਜੀ ਨੇ ਪ੍ਰਧਾਨ ਮੰਤਰੀ, ਸ਼੍ਰੀ ਰਾਜੀਵ ਗਾਂਧੀ ਜੀ ਨਾਲ ਮਿਲ ਕੇ ਪੰਜਾਬ ਸਮਝੌਤੇ ਨੂੰ ਸਿਰੇ ਚਾੜ੍ਹਿਆ, ਉਹ ਇਕ ਇਤਿਹਾਸਕ ਘਟਨਾ ਬਣ ਗਈ। ਆਪ ਦੇ ਅਕਾਲ ਚਲਾਣੇ ਤੇ ਪਾਰਲੀਮੈਂਟ ਦੇ ਦੋਨੋਂ ਹਾਊਸ ਸ਼ੋਕ ਵਜੋਂ ਉਠ ਗਏ ਅਤੇ ਸੰਤ ਜੀ ਨੂੰ ਕੌਮੀ ਪਧਰ ਦੀ ਮਾਨਤਾ ਮਿਲੀ। ਉਹ ਸਹੀ ਮਾਅਨਿਆਂ ਵਿਚ ਸੰਤ ਸਨ। ਆਪ 1967 ਵਿਚ ਪੰਜਾਬ ਸਿਆਸਤ ਵਿਚ ਐਮ.ਐਲ.ਏ. ਬਣ ਕੇ ਆਏ। ਉਹ ਭਾਈ ਮਨੀ ਸਿੰਘ ਦੇ ਗੁਰਦਵਾਰੇ ਪਿੰਡ ਲੌਂਗੋਵਾਲ ਵਿਚ ਕਥਾ ਕੀਰਤਨ ਤੇ ਸਿੱਖੀ ਪ੍ਰਚਾਰ ਵੀ ਕਰਦੇ ਰਹੇ। 1976 ਤੋਂ 1980 ਤੱਕ ਦੇ ਸਾਲ ਉਨ੍ਹਾਂ ਨੇ ਧਰਮ ਪ੍ਰਚਾਰ ਵਿਚ ਗੁਜ਼ਾਰ ਦਿੱਤੇ। 1980 ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਬਤੌਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਉਭਰ ਕੇ ਸਾਹਮਣੇ ਆਏ ਅੌਰ ਸ਼ੋਹਰਤ ਹਾਸਲ ਕੀਤੀ। ਜਿਸ ਹੌਂਸਲੇ ਅਤੇ ਦੂਰ ਦ੍ਰਿਸ਼ਟੀ ਨਾਲ ਸੰਤ ਲੌਂਗੋਵਾਲ ਜੀ ਨੇ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਜੀ ਨਾਲ ਮਿਲ ਕੇ ਪੰਜਾਬ ਸਮਝੌਤੇ ਨੂੰ ਸਿਰੇ ਚਾੜ੍ਹਿਆ, ਉਹ ਇਕ ਇਤਿਹਾਸਕ ਘਟਨਾ ਬਣ ਗਈ। ਇਸ ਨਾਲ ਪੰਜਾਬ ਵਿਚ ਸਥਾਈ ਸ਼ਾਂਤੀ ਅਤੇ ਲੋਕਾਂ ਵਿਚ ਆਪਸੀ ਭਾਈਚਾਰਾ ਹੋਰ ਮਜ਼ਬੂਤ ਹੋਵੇਗਾ।

ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ ਆਪਣੇ ਸ਼ੋਕ ਸੰਦੇਸ਼ ਵਿਚ ਸਵਰਗਵਾਸ ਹੋਏ ਐਮ. ਐਲ. ਏਜ਼. ਅਤੇ ਐਮ. ਪੀਜ਼ ਅਤੇ ਹੋਰ ਲੋਕਾਂ ਬਾਰੇ ਜਿਹੜੇ ਸ਼ਬਦ ਕਹੇ, ਮੈਂ ਅੌਰ ਮੇਰੀ ਪਾਰਟੀ ਉਸ ਨਾਲ ਸਹਿਮਤ ਹੈ। ਮੈਂ ਸਿਰਫ ਉਨ੍ਹਾਂ ਦੇ ਨਾਂ ਹੀ ਪੜ੍ਹਾਂਗੀ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਬਾਰੇ ਪਹਿਲਾਂ ਹੀ ਬੜੀ ਅੱਛੀ ਤਰ੍ਹਾਂ ਸਾਰਾ ਕੁਝ ਕਹਿ ਦਿਤਾ ਹੈ। ਡੀ. ਡੀ. ਖੰਨਾ ਜੀ, ਸਰਦਾਰ ਕਰਤਾਰ ਸਿੰਘ ਵੈਦ, ਚੌਧਰੀ ਕਾਂਸ਼ੀ ਰਾਮ, ਮਿਸਟਰ ਯਸ਼ਵੰਤ ਰਾਏ, ਜਸਦੇਵ ਕੌਰ ਸੰਧੂ ਜੀ, ਸਰਦਾਰਨੀ ਰਾਮ ਕੌਰ ਕੈਰੋਂ ਜੋ ਮੇਰੇ ਰਿਸ਼ਤੇਦਾਰ ਵੀ ਸਨ, ਚੌਧਰੀ ਬਲਬੀਰ ਸਿੰਘ, ਜਥੇਦਾਰ ਹੀਰਾ ਸਿੰਘ ਭੱਠਲ, ਸ਼੍ਰੀ ਰਮੇਸ਼ ਚੰਦਰ, ਸ਼੍ਰੀ ਅਮਰ ਨਾਥ ਵਿਦਿਆਲੰਕਾਰ, ਸ਼੍ਰੀ ਵਿਸ਼ਵਾ ਮਿੱਤਰ ਸੇਖੜੀ, ਡਾਕਟਰ ਵੀ. ਐਨ. ਤਿਵਾੜੀ, ਸ਼੍ਰੀ ਓਮ ਪ੍ਰਕਾਸ਼ ਬੱਗਾ, ਸ਼੍ਰੀ ਜੈ ਇੰਦਰ ਸਿੰਘ, ਸ਼੍ਰੀ ਹਰਬੰਸ ਲਾਲ ਖੰਨਾ, ਸਰਦਾਰ ਸਰੂਪ ਸਿੰਘ ਕਲਹਾ, ਸਰਦਾਰ ਪ੍ਰੀਤਮ ਸਿੰਘ ਸਾਹੋਕੇ, ਸ਼੍ਰੀ ਗੁਰਦਿਆਲ ਸੈਣੀ ਜਿਨ੍ਹਾਂ ਨੂੰ ਇਲੈਕਸ਼ਨ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਗੋਲੀ ਮਾਰੀ ਗਈ, ਸ਼੍ਰੀ ਰਾਮ ਪਿਆਰਾ, ਸਰਦਾਰ ਚੰਨਣ ਸਿੰਘ, ਰਾਓ ਨਿਹਾਲ ਸਿੰਘ, ਚੌਧਰੀ ਮਾਡੂ ਰਾਮ ਮਲਿਕ, ਸ਼੍ਰੀ ਹਰਭਗਵਾਨ ਮੈਂਦਗਿਲ ਜੋ ਬੜੇ ਪੁਰਾਣੇ ਕਾਂਗਰਸੀ ਵਰਕਰ ਸਨ, ਟਿੱਕਾ ਭਤਨ ਅਨਮੋਲ ਸਿੰਘ, ਡਾਕਟਰ ਪਰਮਾਨੰਦ, ਸਰਦਾਰ ਬਚਨ ਸਿੰਘ ਘੱਲੀਆ, ਸਰਦਾਰ ਸ਼ਿੰਗਾਰਾ ਸਿੰਘ ਅਤੇ ਸਰਦਾਰ ਪ੍ਰੀਤਮ ਸਿੰਘ ਮੋਫਰ ।

WALK OUT

ਸਰਦਾਰਨੀ ਗੁਰਬਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਇਹ ਜਿਹੜੀ 31 ਵੀਂ ਆਈਟਮ ਹੈ, ਇਸ ਬਾਰੇ ਮੈਨੂੰ ਬੜੇ ਦੁਖ ਅਤੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਕੰਡੋਲੈਂਸ ਰੈਜ਼ੋਲਿਊਸ਼ਨ ਵਿਚ ਜਿਸ

Original with;
Punjab Vidhan Sabha
Digitized by;
Panjab Digital Library

ਵਿਚ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਜ਼ਿਕਰ ਹੋਵੇ, ਉਸ ਵਿਚ ਇਹੋ ਜਿਹਾ ਝਗੜੇ ਵਾਲਾ ਮਸਲਾ ਜੋੜ ਦਿਤਾ ਗਿਆ। (ਸ਼ੋਰ)

ਆਵਾਜ਼ਾਂ : ਇਹ ਕੋਈ ਝਗੜੇ ਵਾਲੀ ਗੱਲ ਨਹੀਂ ਹੈ ।

ਸਰਦਾਰਨੀ ਗੁਰਬਰਿੰਦਰ ਕੌਰ ਬਰਾੜ : ਇਹ ਝਗੜੇ ਵਾਲੀ ਗੱਲ ਹੀ ਹੈ। ਕੀ ਤੁਸੀਂ ਸਾਡੇ ਕੋਲੋਂ ਇਹ ਆਸ ਰਖਦੇ ਹੋ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਸ਼ਰਧਾਂਜਲੀ ਪੇਸ਼ ਕਰੀਏ ਜਿਨ੍ਹਾਂ ਵਿਚ ਬਹੁਤ ਸਾਰੇ ਕਤਲ ਦੇ ਮੁਜਰਮ ਸਮਝੇ ਜਾਂਦੇ ਸਨ । ਬਹੁਤ ਸਾਰੇ ਬੇਗੁਨਾਹ ਆਦਮੀ ਮਾਰੇ ਗਏ ਜਿਨ੍ਹਾਂ ਵਿਚ ਗਿਆਨੀ ਪ੍ਰਤਾਪ ਸਿੰਘ ਅਤੇ ਡੀ. ਆਈ. ਜੀ. ਅਟਵਾਲ ਸ਼ਾਮਲ ਹਨ । ਬੱਸਾਂ ਵਿਚੋਂ ਕਢ ਕੇ ਮਾਸੂਮ ਲੋਕਾਂ ਨੂੰ ਮਾਰਿਆ ਗਿਆ । ਦੁਕਾਨਾਂ ਤੇ ਬੈਠੇ ਲੋਕਾਂ ਨੂੰ ਮਾਰਿਆ ਗਿਆ। ਉਨ੍ਹਾਂ ਦਾ ਇਥੇ ਕੋਈ ਜ਼ਿਕਰ ਨਹੀਂ। (ਸ਼ੋਰ) (ਵਿਘਨ) ਸਪੀਕਰ ਸਾਹਿਬ, ਅੱਜ ਦਾ ਤਾਜ਼ਾ ਵਾਕਿਆ ਹੈ ਪ੍ਰੈਜ਼ੀਡੈਂਟ ਮਿਉਨਿਸਪਲ ਕਮੇਟੀ, ਤਰਨ ਤਾਰਨ, ਸ਼੍ਰੀ ਰਾਮ ਲੁਭਾਇਆ ਨੂੰ ਕਤਲ ਕਰ ਦਿਤਾ ਗਿਆ ਹੈ। ਇਸ ਗੱਲ ਦਾ ਹੋਰ ਵੀ ਦੁਖ ਹੈ ਕਿ ਇਹ ਆਈਟਮ ਜੋ ਲਿਆਂਦੀ ਗਈ ਹੈ, ਇਸ ਨਾਲ ਪੁਰਾਣੀ ਪ੍ਰਥਾ ਅੰਰ ਮਰਿਆਦਾ ਤੋੜ ਕੇ ਆਪਸੀ ਭਾਈਚਾਰੇ ਨੂੰ ਸੱਟ ਮਾਰੀ ਗਈ ਹੈ ਅੰਰ ਇਸ ਨਾਲ ਅਕਾਰਡ ਦੀ ਸਪਿਰਟ ਨੂੰ ਸੱਟ ਮਾਰੀ ਗਈ ਹੈ । ਇਸ 31ਵੀਂ ਆਈਟਮ ਨਾਲ ਮੈਂ ਅੰਰ ਮੇਰੀ ਪਾਰਟੀ ਬਿਲਕੁਲ ਸਹਿਮਤ ਨਹੀਂ ਅੰਰ ਅਸੀਂ ਇਸ ਦੀ ਵਿਰੋਧਤਾ ਕਰਦੇ ਹੋਏ ਵਾਕ ਆਊਟ ਕਰਦੇ ਹਾਂ।

5.24 ਸ਼ਾਮ | (ਇਸ ਸਮੇਂ ਸਦਨ ਵਿਚ ਹਾਜ਼ਰ ਸਾਰੇ ਕਾਂਗਰਸ (ਆਈ) ਮੈਂਬਰ ਵਾਕ-ਆਊਟ ਕਰ ਗਏ)

(ਇਸ ਸਮੇਂ ਸਦਨ ਵਿਚ ਕੁਝ ਨਾਹਰੇ ਲਗਾਏ ਜਾ ਰਹੇ ਸਨ ਪਰ ਸਦਨ ਵਿਚ ਕਾਫੀ ਸ਼ੋਰ ਹੋਣ ਕਾਰਨ ਨਾਹਰੇ ਸਾਫ਼ ਸੁਣਾਈ ਨਹੀਂ ਸਨ ਦੇ ਰਹੇ) ।

OBITUARY REFERENCES (*Resumption*)

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣ) : ਸਪੀਕਰ ਸਾਹਿਬ, ਬਹੁਤ ਅਫਸੋਸ ਹੈ ਕਿ ਜਿਹੜੀ ਪਾਰਟੀ ਸਦਭਾਵਨਾ ਦੀ ਗਲ ਕਰਦੀ ਹੈ ਅਤੇ ਇਸ ਅਕਾਰਡ ਉਤੇ ਫਖਰ ਮਹਿਸੂਸ ਕਰਦੀ ਹੈ, ਉਸ ਵਿਚ ਬਰਦਾਸ਼ਤ ਦਾ ਐਨਾ ਵੀ ਮਾਦਾ ਮੌਜੂਦ ਨਹੀਂ ਕਿ ਉਹ ਸੱਚ ਨੂੰ ਸੁਣ ਸਕੇ। (ਥੰਪਿੰਗ) ਇਨ੍ਹਾਂ ਦੇ ਰਾਜ ਦੌਰਾਨ ਲੋਕਾਂ ਉਤੇ ਜਿਹੜੇ ਅੰਨੇਵਾਹ ਜ਼ੁਲਮ ਹੋਏ, ਉਹ ਇਨ੍ਹਾਂ ਗੁਨਾਹ-ਗਾਰਾਂ ਦੀ ਲਿਸਟ ਵਿਚ ਸ਼ਾਮਲ ਕਰਦੇ ਹਨ । (ਥੰਪਿੰਗ) ਇਹ ਲੋਕ ਭੁਲ ਗਏ ਹਨ ਕਿ ਕਿਸ ਤਰ੍ਹਾਂ ਲੋਕਾਂ ਦੇ ਗਲਾਂ ਵਿਚ ਟਾਇਰ ਪਾ ਕੇ ਅੱਗਾਂ ਲਗਾਈਆਂ ਗਈਆਂ, ਬੱਚਿਆਂ ਨੂੰ ਅੱਗ ਲਾ ਕੇ ਭੁੰਨਿਆ ਗਿਆ, ਔਰਤਾਂ ਦੀ ਬੇਪਤੀ ਕੀਤੀ ਗਈ । ਪਾਕਿਸਤਾਨ ਦੀ ਵੰਡ ਤੋਂ ਬਾਅਦ ਇਹ ਲੋਕ ਭਾਵੇਂ ਉਜੜ ਪੁਜੜ ਗਏ ਸੰਨ ਪਰ ਫਿਰ ਵੀ ਉਹ ਦੇਸ਼ ਦੇ ਹਰ ਖੇਤਰ ਵਿਚ ਹੀਰੋ ਬਣਕੇ ਰਹੇ ਹਨ ਭਾਵੇਂ ਉਹ ਖੇਤੀ ਦਾ ਖੇਤਰ ਹੋਵੇ ਅਤੇ ਭਾਵੇਂ ਜੰਗ ਦਾ ਮੈਦਾਨ । ਉਨ੍ਹਾਂ ਨੇ ਬੰਬਈ, ਕਲਕੱਤਾ ਅਤੇ ਹੋਰ ਦੂਰ ਦਰਾਡੇ ਸ਼ਹਿਰਾਂ ਵਿਚ ਜਾ ਕੇ ਮਿਹਨਤ ਕੀਤੀ । ਉਨ੍ਹਾਂ ਨੇ ਹਰ ਪਾਸੇ ਆਪਣੀਆਂ ਕੁਰਬਾ-

Original with;
Punjab Vidhan Sabha
Digitized by
Panjab Digital Library

[ਸਰਦਾਰ ਕਿਰਪਾਲ ਸਿੰਘ]

ਨੀਆਂ ਦਿਤੀਆਂ ਅਤੇ ਦੇਸ਼ ਦੀ ਤਰੱਕੀ ਵਿਚ ਹਿੱਸਾ ਪਾਇਆ । ਇਨ੍ਹਾਂ ਸਾਰਿਆਂ ਨੂੰ ਬੇਦਰਦੀ ਨਾਲ ਮਾਰਨ ਤੋਂ ਬਾਅਦ ਫਿਰ ਰਾਜੀਵ ਗਾਂਧੀ ਨੇ ਜਿਹੜਾ ਅਕਾਰਡ ਕੀਤਾ ਇਹ ਬਹੁਤ ਅੱਛੀ ਗਲ ਹੈ । ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਇਕ ਯੂਨੀਕ ਸ਼ਖਸ ਸਨ ਜਿਨ੍ਹਾਂ ਨੇ ਆਪਣੇ ਦੁਸ਼ਮਣਾਂ ਦੇ ਮੂੰਹ ਤੋਂ ਆਪਣੀ ਤਾਰੀਫ ਕਰਾਈ । (ਥੰਪਿੰਗ) ਜਿਹੜਾ ਚਲਾ ਜਾਏ ਉਸ ਲਈ ਅਫਸੋਸ ਹੁੰਦਾ ਹੈ ਪਰ ਸ਼੍ਰੀਮਤੀ ਇੰਦਰਾ ਗਾਂਧੀ ਜਿਸ ਨੀਤੀ ਤੇ ਚੁਲਦੀ ਸੀ ਉਹ ਚਾਣਕਯ ਨੀਤੀ ਸੀ । ਚਾਣਕਯ ਨੀਤੀ ਤੇ ਚਲਣ ਵਾਲੇ ਕੰਮ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਪੂਰੇ ਨਹੀਂ ਹੋ ਸਕੇ ਅਤੇ ਉਸ ਨੂੰ ਪੂਰਾ ਕਰਨ ਦਾ ਮਾਣ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਜਾਂਦਾ ਹੈ ਜਿਸ ਨੇ ਇਸ ਦੇਸ਼ ਦੀ ਹਕੂਮਤ ਉਸ ਨੀਤੀ ਅਨੁਸਾਰ ਚਲਾਈ ਜੋ ਨੀਤੀ ਸ਼ਾਮ ਦਾਮ, ਦੰਡ, ਭੇਦ ਵਾਲੀ ਹੈ। ਵੈਸੇ ਕਹਾਵਤ ਹੈ ਕਿ ਦੁਨੀਆਂ ਵਿਚ ਦੋ ਬੰਦੇ ਵਧੀਆ ਹੋਏ ਹਨ ਇਕ ਜੋ ਜੰਮਿਆ ਹੀ ਨਹੀਂ ਦੂਜਾ ਜੋ ਮਰ ਗਿਆ । ਜੋ ਮਰ ਚੁੱਕੀ ਸ਼੍ਰੀਮਤੀ ਇੰਦਰਾ ਗਾਂਧੀ ਤੇ ਢੁਕਦੀ ਹੈ । ਮੈਂ ਇਕੋ ਸਮੇਂ ਤੇ ਦੋ ਬੰਦਿਆਂ ਦੀ ਤਾਰੀਫ ਕਿਸ ਤਰ੍ਹਾਂ ਕਰ ਸਕਦਾ ਹਾਂ ? ਸ਼੍ਰੀਮਤੀ ਗਾਂਧੀ ਨੇ ਐਮਰਜੈਂਸੀ ਲਗਾ ਕੇ ਲੋਕਤੰਤਰ ਦਾ ਖੂਨ ਕੀਤਾ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਡੇਢ ਸਾਲ ਮੋਰਚਾ ਲਾਇਆ । ਇਕ ਜੰਮਿਆ ਨਹੀਂ ਔਰ ਦੂਜਾ ਜਿਹੜਾ ਮਰ ਗਿਆ ਹੈ । ਇਨ੍ਹਾਂ ਦੋਵਾਂ ਦੀ ਇਕਠੇ ਕਿਵੇਂ ਗਲ ਕਰ ਸਕਦੇ ਹਾਂ । ਸੀ. ਐਮ. ਸਾਹਿਬ ਨੇ ਸ਼੍ਰੀਮਤੀ ਗਾਂਧੀ ਦੀ ਬੇ ਵਜ੍ਹਾ ਤਾਰੀਫ ਕੀਤੀ ਹੈ ਜੋ ਚੰਗੀ ਗਲ ਨਹੀਂ ਹੈ । ਇਸ ਬੀਬੀ ਨੇ ਸਟੇਟਾਂ ਦੇ ਆਸਰੇ ਆਪਣੇ ਖਾਨਦਾਨੀ ਰਾਜ ਨੂੰ ਕਾਇਮ ਰਖਿਆ । ਕਿਤੇ ਗਰੀਬੀ ਹਟਾਓ, ਕਿਤੇ ਕੰਮ ਕਰਨ ਵਾਲੀ ਸਰਕਾਰ ਦੇ ਬੋਗਸ ਸਾਬਤ ਹੋ ਚੁਕੇ ਨਾਹਰੇ । ਹਾਂ, ਇਹ ਦੀ ਇਜ਼ਤ ਇਹਦੇ ਬਜ਼ੁਰਗਾਂ ਕਰਕੇ ਕਰਨ ਦੀ ਮਜ਼ਬੂਰੀ ਜ਼ਰੂਰ ਹੈ । ਸਵਰਗੀ ਪੰਡਿਤ ਮੋਤੀ ਲਾਲ ਨਹਿਰੂ ਦੀ ਪੋਤੀ ਸ਼੍ਰੀ ਜਵਾਹਰ ਲਾਲ ਨਹਿਰੂ ਦੀ ਪੁੱਤਰੀ ਹੋਣ ਕਰ ਕੇ ਇਹਨੂੰ ਕੁਝ ਕਹਿਣ ਦੀ ਝਿਜਕ ਜ਼ਰੂਰ ਹੈ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਔਰਤ ਨੇ ਦੇਸ਼ ਦਾ ਕੀ ਸੰਵਾਰਿਆ, ਪੰਡਿਤ ਜਵਾਹਰ ਲਾਲ ਨਹਿਰੂ ਦੀ ਪੁਤਰੀ ਹੋਣ ਕਰਕੇ ਸਾਡੇ ਮੰਨ ਵਿਚ ਇਨ੍ਹਾਂ ਦੀ ਸਤਿਕਾਰ ਭਾਵਨਾ ਰਹੀ ਹੈ । ਪਰ ਹੁਣ ਜਦੋਂ ਦਿਲੀ, ਕਾਨਪੁਰ, ਬੁਕਾਰੋ ਅਤੇ ਭਾਰਤ ਦੇ ਬਾਕੀ ਸੂਬਿਆਂ ਵਿਚ ਬਰ ਬਰੀਅਤ ਦਾ ਜੋ ਨੰਗਾ ਨਾਚ ਹੋਇਆ ਹੈ ਐਸੇ ਜ਼ੁਲਮ ਨੂੰ ਨਾ ਕਦੇ ਸੂਰਜ ਨੇ ਵੇਖਿਆ ਹੈ, ਨਾ ਚੰਦਰਮਾ ਨੇ, ਨਾ ਤਾਰਿਆਂ ਨੇ, ਨਾ ਹੀ ਇਤਿਹਾਸ ਦੇ ਪੰਨਿਆਂ ਤੇ ਇਹੋ ਜਿਹੇ ਜ਼ੁਲਮ ਦਾ ਜ਼ਿਕਰ ਹੈ । ਅੱਜ ਉਨ੍ਹਾਂ ਦਾ ਅਫਸੋਸ ਹੋ ਰਿਹਾ ਹੈ ਤਾਂ ਸਾਰੇ ਪੰਜਾਬੀਆਂ ਦੇ ਮਨਾਂ ਵਿਚ ਔਰ ਖਾਸ ਤੌਰ ਤੇ ਸਿੱਖਾਂ ਦੇ ਮਨਾਂ ਵਿਚ ਭਾਰੀਪਣ ਹੈ । ਇਹ ਗਲ ਮੈਂ ਬਿਲਕੁਲ ਨਹੀਂ ਸੀ ਕਰਨੀ ਕਿਉਂ ਕਿ ਸਾਨੂੰ ਇਥੋਂ ਦਾ ਮਾਹੌਲ ਠੀਕ ਕਰਨਾ ਚਾਹੀਦਾ ਹੈ । ਪਰ ਕਾਂਗਰਸ (ਆਈ) ਪਾਰਟੀ ਦੇ ਵਾਕ ਆਊਟ ਨੇ ਮੈਨੂੰ ਇਹ ਕਹਿਣ ਤੇ ਮਜਬੂਰ ਕਰ ਦਿਤਾ ਹੈ ਕਿ ਇਹ ਪਾਰਟੀ ਆਪਣੀਆਂ ਕਾਲੀਆਂ ਕਰਤੂਤਾਂ ਦੇ ਜ਼ਿਕਰ ਸੁਣ ਕੇ ਆਪਣਾ ਮੂੰਹ ਕਾਲਾ ਕਰਵਾਉਣ ਤੋਂ ਡਰਦੀ ਭੱਜ ਗਈ । ਮੈਂ ਇਹ ਜ਼ਰੂਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂ ਭੈਣ ਬੀਬੀ ਗੁਰਬਰਿੰਦਰ ਕੌਰ ਨਾਲ ਸਹਿਮਤ ਹਾਂ ਕਿ ਪੰਜਾਬ ਵਿਚ ਜੋ ਬੇਦੋਸ਼ੇ ਮਾਰੇ ਗਏ ਹਨ ਉਨ੍ਹਾਂ ਬਾਰੇ ਇਥੇ ਜ਼ਿਕਰ ਜ਼ਰੂਰ ਕਰਨਾ ਚਾਹੀਦਾ ਸੀ ਉਨ੍ਹਾਂ ਦਾ ਕੋਈ ਕਸੂਰ ਨਹੀਂ ਸੀ। ਉਹ ਬਿਲਕੁਲ ਬੇਦੋਸ਼ੇ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਮਾਰਿਆ ਕਸੂਰ ਉਨ੍ਹਾਂ ਦਾ ਹੈ । ਭਾਵੇਂ ਉਹ ਸਿੱਖ ਹੋਣ ਜਾਂ ਹਿੰਦੂ ਹੋਣ ਮਾਰਨ ਵਾਲਿਆਂ ਦਾ ਕਸੂਰ ਹੈ । ਭਾਵੇਂ ਉਹ ਕਿਸੇ ਪ੍ਰੋਗਰਾਮ ਨੂੰ ਜਾਂ ਕਿਸੇ ਪਾਲਿਸੀ ਨੂੰ ਫਾਲੋ ਕਰਦੇ ਹੋਣ ਪਰ ਕਿਸੇ ਆਪਣੇ ਮੁਖਾਲਫ ਨੂੰ ਜਾਨ ਤੋਂ ਮਾਰ ਦੇਣਾ ਇਹ ਠੀਕ ਨਹੀਂ ਹੈ। ਉਨ੍ਹਾਂ ਨੂੰ ਮਾਰ ਕੇ ਨੌਜਵਾਨ ਲੜਕੀਆਂ ਨੂੰ ਬੇਵਾ ਬਣਾ ਦਿਤਾ । ਇਸ ਲਈ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਦੇ ਸਾਰੇ ਲੋਕ ਜਿਹੜੇ ਇਸ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਮਾਰੇ ਗਏ, ਬਸਾਂ ਤੋਂ ਉਤਾਰ ਕੇ ਮਾਰੇ ਗਏ, ਉਨ੍ਹਾਂ ਬਾਰੇ ਇਕ ਲਾਈਨ ਇਸ ਵਿਚ ਸ਼ਾਮਲ ਕਰਨੀ ਚਾਹੀਦੀ ਹੈ । (ਥੰਪਿੰਗ) ।

OBSERVATION BY THE CHIEF MINISTER

ਮੁੱਖ ਮੰਤਰੀ : ਇਹ ਪਹਿਲਾਂ ਹੀ ਇਸ ਵਿਚ ਪਾਇਆ ਹੋਇਆ ਹੈ। ਮੈਂ ਫਿਰ ਪੜ੍ਹ ਦਿੰਦਾ ਹਾਂ ।

I also pay my humble tributes to all those martyrs who laid down their lives during Dharam Yudh Morcha, Blue Star Operation and riots of November, 1984 and to all other innocent persons who fell victim during this unfortunate period.

OBITUARY REFERENCES (*Resumption*)

ਸਰਦਾਰ ਕਿਰਪਾਲ ਸਿੰਘ : ਹੁਣ ਮੈਂ, ਸਪੀਕਰ ਸਾਹਿਬ, ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੇ ਮੁਤੱਲਕ ਕੁਝ ਕਹਿਣਾ ਚਾਹਾਂਗਾ। ਸਾਰਿਆਂ ਨੇ ਸੰਤ ਜੀ ਦੀ ਤਾਰੀਫ ਕੀਤੀ ਹੈ। ਮੇਰੇ ਨਾਲ ਸਾਡੀ ਪਾਰਟੀ ਦੇ ਆਲ ਇੰਡੀਆ ਲੀਡਰ, ਸ਼੍ਰੀ ਚੰਦਰ ਸ਼ੇਖਰ ਜੀ, ਸ਼੍ਰੀ ਮਧੂ ਦੰਡਵਤੇ ਜੀ, ਨਾਨਾ ਸਾਹ ਗੌਰੇ, ਜਾਰਜ ਫਰਨਾਂਡੈਸ, ਐਸ.ਐਮ.ਜੋਸ਼ੀ ਜੀ, ਵੈਦਯ ਭਾਈ ਅਤੇ ਸੁਰਿੰਦਰ ਮੋਹਨ ਆਦਿ ਸੰਤ ਜੀ ਨੂੰ ਮਿਲਦੇ ਰਹੇ ਹਨ ਅਤੇ ਸੰਤ ਜੀ ਦੀ ਤਾਰੀਫ ਕਰਦੇ ਉਨ੍ਹਾਂ ਸਾਰਿਆਂ ਦਾ ਸੰਘ ਸੁਕਦਾ ਸੀ । ਇਹ ਅਜਿਹੇ ਲੀਡਰ ਸਨ ਜਿਨ੍ਹਾਂ ਵਿਚ ਕੋਈ ਤਲਖੀ ਨਹੀਂ ਸੀ ਔਰ ਜਿਨ੍ਹਾਂ ਨੇ ਕੋਈ ਤਲਖੀ ਦਾ ਮਾਹੌਲ ਪੈਦਾ ਨਹੀਂ ਕੀਤਾ ਅਤੇ ਅੱਜ ਉਨ੍ਹਾਂ ਦੀ ਸ਼ਹੀਦੀ ਤੋਂ ਪਿਛੋਂ ਇਹ ਕਹਿ ਰਹੇ ਹਨ ਕਿ ਉਹ ਮਹਾਨ ਸਨ । ਪਹਿਲਾਂ ਉਨ੍ਹਾਂ ਨੂੰ ਦੇਸ਼ ਦੇ ਮੁਖਾਲਫ ਕਿਹਾ ਗਿਆ, ਦੇਸ਼ ਦੇ ਗਦਾਰ ਕਿਹਾ ਗਿਆ ਅਤੇ ਹੁਣ ਇਹ ਉਨ੍ਹਾਂ ਦੀ ਤਾਰੀਫ਼ ਕਰਦੇ ਹਨ । ਐਸੇ ਮਹਾਨ ਕਰੈਕਟਰ ਦੇ ਸਨ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ । ਕਿਸੇ ਵੱਡੇ ਸ਼ਾਇਰ ਦਾ ਇਹ ਸ਼ੇਅਰ ਸੰਤ ਜੀ ਤੇ ਕਿੰਨਾ ਢੁਕਵਾਂ ਹੈ ਕਿ "ਪਿਆਸੇਂ ਸੁਲਾ ਦੇਨਾ ਸ਼ਿਕਵਾਏ ਅਹਿਬਾਬ ਸੁਨ ਲੇਨਾ । ਤੇਰਾ ਸ਼ੇਵਾ ਰਹਾ ਕਾਟੋਂ ਸੇ ਬਚ ਕਰ ਫੂਲ ਚੁਨ ਲੇਨਾ ।" ਪਰ ਕਾਂਗਰਸ (ਆਈ) ਨੇ ਇਸ ਖਿਆਲ ਨੂੰ ਕਦੇ ਕਬੂਲ ਨਹੀਂ ਕੀਤਾ। ਦੂਜੇ ਆਦਮੀ ਸਨ ਜਿਨ੍ਹਾਂ ਨੂੰ ਉਨ੍ਹਾਂ ਦੇ ਹਮ ਮਜ਼ਹਬਾਂ ਨੇ ਉਨ੍ਹਾਂ ਦੀ ਸਦਭਾਵਨਾ ਦੀ ਸਪਿਰਟ ਦੇ ਖਿਲਾਫ ਉਨ੍ਹਾਂ ਨੂੰ ਮਾਰਿਆ। ਪਹਿਲੇ ਆਦਮੀ ਮਹਾਤਮਾ ਗਾਂਧੀ ਸਨ ਅਤੇ ਦੂਜੇ ਸੰਤ ਹਰਚੰਦ ਸਿੰਘ ਜੀ ਸਨ ਜਿਨ੍ਹਾਂ ਦੀ ਇਸ ਤਰ੍ਹਾਂ ਨਾਲ ਸ਼ਹੀਦੀ ਕੀਤੀ ਗਈ । ਇਸ ਚੀਜ਼ ਦਾ ਸੰਤ ਹਰਚੰਦ ਸਿੰਘ ਜੀ ਨੂੰ ਕਰੈਡਿਟ ਜਾਂਦਾ ਹੈ ਕਿ ਉਨ੍ਹਾਂ ਨੇ ਦੇਸ਼ ਦੀ ਏਕਤਾ ਨੂੰ ਕਾਇਮ ਰਖਣ ਲਈ ਅਤੇ ਇਸ ਦੀ ਅਖੰਡਤਾ ਨੂੰ ਕਾਇਮ ਰਖਣ ਲਈ ਆਪਣੀ ਕਰਬਾਨੀ ਦਿੱਤੀ । ਪਰ ਕਾਂਗਰਸੀਆਂ ਦੇ ਮੂੰਹ ਵਿਚੋਂ ਇਨ੍ਹਾਂ ਬਾਰੇ ਪਹਿਲਾਂ ਤਾਰੀਫ ਦੇ ਇਲਫਾਜ਼ ਨਹੀਂ ਨਿਕਲੇ ਪਰ ਉਹ ਮਹਾਨ ਸਨ ਜਿਨ੍ਹਾਂ ਨੇ ਇਨ੍ਹਾਂ ਦੇ ਮੂੰਹੋਂ ਵੀ ਆਪਣੀ ਤਾਰੀਫ ਦੇ ਇਲਫਾਜ਼ ਨਿਕਲਵਾਏ ।

ਹੋਰ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਮੈਂ ਉਨ੍ਹਾਂ ਬਾਰੇ ਵੀ ਅਰਜ਼ ਕਰਦਾ ਹਾਂ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਕੰਮ ਕੀਤਾ ਜਿਵੇਂ ਕਿ ਸ਼੍ਰੀ ਡੀ. ਡੀ. ਖੰਨਾ, ਚੌਧਰੀ ਬਲਬੀਰ ਸਿੰਘ ਔਰ ਭੱਠਲ ਸਾਹਿਬ, ਇਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਲੜਾਈਆਂ ਲੜੀਆਂ । ਸ਼੍ਰੀ ਅਮਰ ਨਾਥ ਵਿਦਿਆਲੰਕਾਰ, ਇਹ ਸੁਤੰਤਰਤਾ ਸੰਗਰਾਮੀ ਸਨ । ਸ਼੍ਰੀ ਓਮ ਪ੍ਰਕਾਸ਼ ਬੱਗਾ, ਸ਼੍ਰੀ ਹਰਬੰਸ ਲਾਲ ਖੰਨਾ, ਸਰਦਾ ਰ ਸਰੂਪ ਸਿੰਘ ਕਲਹਾ, ਸ਼੍ਰੀ ਰਮੇਸ਼ ਚੰਦਰ ਤੇ ਸਰਦਾਰ ਜੈ ਇੰਦਰ ਸਿੰਘ ਹਨ, ਇਨ੍ਹਾਂ ਸਾਰਿਆਂ ਲਈ ਮੈਂ ਸ਼ਰਧਾਂਜਲੀ ਪੇਸ਼ ਕਰਦਾ ਹਾਂ। ਵੈਦ ਕਰਤਾਰ ਸਿੰਘ ਜੀ ਇਹ ਸਾਡੇ ਨਾਲ ਸਭ ਤੋਂ ਪਹਿਲਾਂ ਸੋਸ਼ਲਿਸਟ ਪਾਰਟੀ ਵਿਚ ਵਰਕਰ ਸਨ ਔਰ ਬਹੁਤ ਅੱਛੇ ਵਰਕਰ ਸਨ। ਫਿਰ ਬਾਅਦ ਵਿਚ ਅਕਾਲੀ ਪਾਰਟੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਵਿਚ ਸ਼ਾਮਲ ਹੋ ਗਏ । ਇਹ ਸੱਚੀ ਗਲ ਕਹਿਣ ਵਿਚ ਫਖਰ ਸਮਝਦੇ ਸਨ ਪਰ ਹਮੇਸ਼ਾ ਹੀ ਸੱਚੀ ਗਲ ਕਰਦੇ ਸਨ । ਇਹ ਸਾਰੇ ਮਹਾਨ ਲੋਕ ਸਨ ਜਿਨ੍ਹਾਂ ਨੈ ਦੇਸ਼ ਦੀ ਆਜ਼ਾਦੀ ਵਾਸਤੇ ਔਰ ਦੇਸ਼ ਅੰਦਰ ਸਦਭਾਵਨਾ ਲਿਆਉਣ ਵਾਸਤੇ ਬੜਾ ਭਾਰੀ ਰੋਲ ਅਦਾ ਕੀਤਾ। ਇਨ੍ਹਾਂ ਸਾਰਿਆਂ ਨੂੰ ਅਸੀਂ ਸ਼ਰਧਾਂਜਲੀ ਪੇਸ਼ ਕਰਦੇ ਹਾਂ । ਜਿਹੜੇ ਪੰਜਾਬ ਅਤੇ ਭਾਰਤ ਦੇ ਦੂਜਿਆਂ ਸੂਬਿਆਂ ਵਿਚ ਬਗੈਰ ਕਿਸੇ ਜ਼ੁਰਮ ਦੇ ਸ਼ਹੀਦ ਹੋ ਗਏ। ਨਫਰਤ ਦੇ ਏਸ ਜਜ਼ਬੇ ਦਾ ਤੁਅੱਲਕ ਧਰਮ ਨਾਲ ਹਰਗਿਜ਼ ਨਹੀਂ । ਨਾ ਇਹ ਹਿੰਦੂ ਧਰਮ ਦੀ ਸਪਿਰਟ ਹੈ ਨਾ ਇਹ ਸਿੱਖੀ ਸਪਿਰਟ । ਸਿੱਖੀ ਸਪਿਰਟ

ਹੋਇ ਇਕਤਰ ਮਿਲੋ ਮੇਰੇ ਭਾਈ ।
ਦੁਬਿਧਾ ਦੂਰ ਕਰੋ ਲਿਵਲਾਇ ।

ਦੀ ਸਪਿਰਟ ਹੈ । ਮਰਨ ਵਾਲੇ ਸਭ ਬੇਦੋਸ਼ੇ ਹਨ । ਮਾਰਨ ਵਾਲੇ ਅਤਿਵਾਦੀਆਂ ਦੀ ਨਿਸ਼ਾਨ-ਦੇਹੀ ਹਾਲੀ ਤਕ ਨਹੀਂ ਹੋ ਸਕੀ । ਜੇ ਕਦੇ ਕੋਈ ਅਤਿਵਾਦੀ ਫੜਿਆ ਗਿਆ ਤਾਂ ਉਨ੍ਹਾਂ ਦਾ ਖੁਰਾ ਵੀ ਕਾਂਗਰਸੀ ਪ੍ਰਧਾਨਾਂ ਤੇ ਸੈਕਟਰੀਆਂ ਦੇ ਘਰੀਂ ਜਾ ਨਿਕਲਿਆ, । ਮਰਨ ਵਾਲੇ ਮਾਸੂਮ ਸਨ । ਚਾਹੇ ਉਹ ਹਿੰਦੂ ਸਨ ਜਾਂ ਸਿੱਖ ਸਨ, ਵਾਹਿਗੁਰੂ ਉਨ੍ਹਾਂ ਸਾਰਿਆਂ ਦੀਆਂ ਆਤਮਾਵਾਂ ਨੂੰ ਸ਼ਾਂਤੀ ਬਖਸ਼ੇ । ਇਨ੍ਹਾਂ ਸ਼ਬਦਾਂ ਨਾਲ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀਆਂ ਸ਼ਰਧਾਂਜਲੀਆਂ ਪੇਸ਼ ਕਰਦਾ ਹਾਂ ਅਤੇ ਆਪਣੀ ਸੀਟ ਲੈਂਦਾ ਹਾਂ ।

ਮਾਸਟਰ ਮੋਹਨ ਲਾਲ (ਪਠਾਨਕੋਟ) : ਮਾਨਯੋਗ ਸਪੀਕਰ ਸਾਹਿਬ, ਅੱਜ ਅਸੀਂ ਬੜੇ ਨਾਜ਼ੁਕ ਮੌਕੇ ਤੇ ਆਪਣੇ ਤੋਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਪੇਸ਼ ਕਰ ਰਹੇ ਹਾਂ। ਮੌਤ ਦੋ ਪ੍ਰਕਾਰ ਦੀ ਹੁੰਦੀ ਹੈ। ਇਕ ਮੌਤ ਉਹ ਹੁੰਦੀ ਹੈ ਜਿਹੜੀ ਆਪਣੇ ਆਪ ਆਉਂਦੀ ਹੈ। ਦੂਜੀ ਮੌਤ ਉਹ ਹੁੰਦੀ ਹੈ ਜਿਹੜੀ ਅਨਹੋਣੀ ਮੌਤ ਹੁੰਦੀ ਹੈ, ਨਿਹੱਥੀ ਮੌਤ ਹੁੰਦੀ ਹੈ ਜਿਹੜੀ ਕਿ ਜ਼ਾਲਮਾਨਾ ਤਰੀਕੇ ਨਾਲ ਆਉਂਦੀ ਹੈ। ਮੇਰੀ ਪਾਰਟੀ ਜਿਥੇ ਇਨ੍ਹਾਂ ਸਾਰੀਆਂ ਵਿਛੜੀਆਂ ਸ਼ਕਤੀਆਂ ਨੂੰ ਸ਼ਰਧਾਂਜਲੀ ਪੇਸ਼ ਕਰਦੀ ਹੈ ਉਥੇ ਮੈਂ ਸ਼੍ਰੀਮਤੀ ਇੰਦਰਾ ਗਾਂਧੀ ਦੇ ਮੁਤੱਲਕ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ। ਸ਼੍ਰੀਮਤੀ ਇੰਦਰਾ ਗਾਂਧੀ ਜੀ ਦੀ ਮੌਤ ਹੋਈ ਹੈ ਉਹ ਆਪਣੇ ਬੋਝ ਥੱਲੇ ਆ ਕੇ ਹੋਈ ਹੈ। ਕਾਂਗਰਸ ਨੇ ਇਹੋ ਜਿਹੇ ਕੰਮ ਕੀਤੇ ਹਨ ਜਿਨ੍ਹਾਂ ਨੂੰ ਹਿੰਦੁਸਤਾਨ ਦੀ ਹਿਸਟਰੀ ਵਿਚ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ। ਉਨ੍ਹਾਂ ਨੇ ਹਿੰਦੁਸਤਾਨ ਵਿਚ, ਇਥੋਂ ਦੇ ਲੋਕਾਂ ਵਿਚ ਦੀਵਾਰ ਖੜੀ ਕਰਨ ਦੀ ਕੋਸ਼ਿਸ਼ ਕੀਤੀ, ਭਾਈ ਭਾਈ ਨੂੰ ਲੜਾਉਣ ਦੀ ਸਾਜ਼ਿਸ਼ ਕੀਤੀ ਅਤੇ ਲੋਕਾਂ ਦੀਆਂ ਲਾਸ਼ਾਂ ਉਤੇ ਵੋਟਾਂ ਲੈਣ ਦੀ ਕੋਸ਼ਿਸ਼ ਕੀਤੀ। ਇਹ ਗੱਲ ਕਾਂਗਰਸ ਵਾਸਤੇ ਠੀਕ ਨਹੀਂ ਸੀ। ਇਸੇ ਤਰ੍ਹਾਂ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਨਿਹੱਥੇ ਲੋਕੀਂ ਮਾਰੇ ਜਾ ਰਹੇ ਸਨ, ਇਹ ਜਿਹੜੇ ਅੱਜ ਇਥੋਂ ਵੀਰ ਉਠ ਕੇ ਸਦਨ ਵਿਚੋਂ ਬਾਹਿਰ ਚਲੇ ਗਏ ਹਨ, ਇਹ ਉਸ ਵੇਲੇ ਘਰਾਂ ਦੇ ਅੰਦਰ ਬੈਠੇ ਹੋਏ ਸਨ। ਜਿਸ ਵੇਲੇ ਨਿਹੱਥੇ ਲੋਕਾਂ ਨੂੰ ਗੋਲੀਆਂ ਨਾਲ ਮਾਰਿਆ ਜਾ ਰਿਹਾ ਸੀ, ਬੱਸਾਂ ਵਿਚੋਂ ਕੱਢ ਕੇ ਲੋਕਾਂ ਨੂੰ ਮਾਰਿਆ ਜਾ ਰਿਹਾ ਸੀ, ਬੈਂਕਾਂ ਲੁੱਟੀਆਂ ਜਾ ਰਹੀਆਂ ਸਨ ਤਾਂ ਉਸ ਵੇਲੇ ਇਹ ਲੋਕ ਆਪਣੇ ਘਰਾਂ ਦੇ ਅੰਦਰ ਗਾਰਡਾਂ ਲਗਾ ਕੇ ਬੈਠੇ ਹੋਏ ਸਨ। ਉਸ ਵੇਲੇ ਇਨ੍ਹਾਂ ਲੋਕਾਂ ਦਾ ਇਕ ਅਥਰੂ ਵੀ ਮਾਸੂਮ ਲੋਕਾਂ ਦੀ ਮੌਤ ਤੇ ਨਹੀਂ ਸੀ ਵਗਿਆ।

ਹੁਣ ਮੈਂ, ਸਪੀਕਰ ਸਾਹਿਬ, 31ਵੇਂ ਨੰਬਰ ਤੇ ਜਿਹੜਾ ਧਰਮ ਯੁੱਧ ਮੋਰਚੇ ਵਿਚ ਸ਼ਹੀਦ ਹੋਇਆਂ ਬਾਰੇ ਅਤੇ ਬਲਿਊ ਸਟਾਰ ਆਪਰੇਸ਼ਨ ਆਦਿ ਬਾਰੇ ਜ਼ਿਕਰ ਕੀਤਾ ਗਿਆ ਹੈ ਉਥੇ ਮੈਂ ਸੀ.ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਵਿਅਕਤੀ ਅਤਿਵਾਦੀਆਂ, ਵੱਖਵਾਦੀਆਂ ਤੇ ਦੇਸ਼ ਧਰੋਹੀਆਂ ਦੀਆਂ ਗੋਲੀਆਂ ਨਾਲ ਮਾਰੇ ਗਏ ਹਨ, ਉਨ੍ਹਾਂ ਨੂੰ ਵੀ ਇਸ ਸ਼ਰਧਾਂਜਲੀ ਦੇ ਮਤੇ ਵਿਚ ਸ਼ਾਮਿਲ ਕਰ ਲਿਆ ਜਾਵੇ ।

Original with;
Punjab Vidhan Sabha
Digitized by;
Panjab Digital Library

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਮਾਨਯੋਗ ਸਪੀਕਰ ਸਾਹਿਬ, ਇਸ ਸਦਨ ਵਿਚ ਵਿਛੜੀਆਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਦਿੱਤੀ ਜਾ ਰਹੀ ਹੈ। ਇਨ੍ਹਾਂ ਵਿਚ ਸਮਾਜ ਸੇਵਕ, ਅਜ਼ਾਦੀ ਸੰਗਰਾਮੀਏ ਹਨ ਜਿਨ੍ਹਾਂ ਨੇ ਆਪਣਾ ਜੀਵਨ ਦੇਸ਼ ਬਦਲੇ ਲਾਇਆ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੀ ਆਵਾਜ਼ ਹੀ ਨਹੀਂ ਉਠਾਈ ਬਲਕਿ ਹਰ ਕੁਰਬਾਨੀ ਦਿੱਤੀ । ਸ਼੍ਰੀਮਤੀ ਇੰਦਰਾ ਗਾਂਧੀ, ਸਾਬਕ ਪ੍ਰਧਾਨ ਮੰਤਰੀ ਜਿਨ੍ਹਾਂ ਦਾ ਬੇਰਹਿਮੀ ਨਾਲ ਕਤਲ ਹੋਇਆ, ਇਸ ਪਿਛੇ ਕਿਸ ਦਾ ਹੱਥ ਸੀ। ਇਹ ਗਲ ਕਿਸੇ ਤੋਂ ਛਿਪੀ ਨਹੀਂ ਕਿ ਬਦੇਸ਼ੀ ਸਾਮਰਾਜੀ ਤਾਕਤਾਂ ਸਾਡੇ ਦੇਸ਼ ਦੀ ਅਖੰਡਤਾ ਨੂੰ ਢਾਹ ਲਾਉਣ ਲਈ ਗੋਂਦਾਂ ਗੁੰਦਦੀਆਂ ਰਹੀਆਂ ਹਨ ਅਤੇ ਹਾਲੇ ਤਕ ਵੀ ਇਸੇ ਆੜ ਵਿਚ ਹਨ। ਉਨ੍ਹਾਂ ਨੇ ਪੰਜਾਬ ਦੇ ਅਮਨ ਨੂੰ ਢਾਹ ਲਾਉਣ ਦੇ ਕੋਝੇ ਯਤਨ ਕੀਤੇ। ਬਦਕਿਸਮਤੀ ਦੀ ਗਲ ਕਿ ਕੇਂਦਰ ਨੇ ਪੰਜਾਬ ਦੇ ਮਸਲੇ ਨੂੰ ਕਾਫੀ ਦੇਰ ਲਮਕਾਈ ਰਖਿਆ। ਉਸ ਵਕਤ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਜਿਸ ਵਿਚ ਮੇਰੀ ਕਮਿਊਨਿਸਟ ਪਾਰਟੀ ਵੀ, ਇਸ ਗਲ ਤੇ ਜ਼ੋਰ ਦੇ ਰਹੀਆਂ ਸਨ ਕਿ ਇਸ ਮਸਲੇ ਨੂੰ ਲਮਕਾਇਆ ਨਾ ਜਾਵੇ ਪਰ ਇਸ ਆਵਾਜ਼ ਦੀ ਪ੍ਰਵਾਹ ਨਾ ਕੀਤੀ ਅਤੇ ਪੰਜਾਬ ਦੇ ਮਸਲੇ ਦਾ ਕੋਈ ਹੱਲ ਛੇਤੀ ਨਾ ਕੀਤਾ, ਇਹ ਭਾਣਾ ਵਰਤਿਆ। ਸ਼੍ਰੀਮਤੀ ਇੰਦਰਾ ਗਾਂਧੀ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਹੀ ਨਹੀਂ ਸਨ ਬਲਕਿ ਉਹ ਸੰਸਾਰ ਗੁੱਟ ਨਿਰਲੇਪ ਲਹਿਰ ਦੇ ਨੇਤਾ ਵੀ ਸਨ। ਅਮਨ ਲਹਿਰ ਦੇ ਹਾਮੀ ਸਨ। ਉਨ੍ਹਾਂ ਦਾ ਜਿਸ ਤਰੀਕੇ ਨਾਲ ਕਤਲ ਹੋਇਆ, ਇਸ ਪਿਛੇ ਸਾਮਰਾਜੀ ਤਾਕਤਾਂ ਬੈਠੀਆਂ ਹਨ। ਉਹ ਤਾਕਤਾਂ ਸਾਡੇ ਦੇਸ਼ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦੀਆਂ ਹਨ ਅਤੇ ਹਿੰਦੂ ਸਿੱਖ ਪਾੜ ਪਾ ਕੇ ਫਸਾਦ ਕਰਾਉਣਾ ਚਾਹੁੰਦੀਆਂ ਹਨ। ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਹਿੰਦੂ ਸਿੱਖਾਂ ਦਾ ਨੌਂਹ ਮਾਸ ਦਾ ਰਿਸ਼ਤਾ ਹੈ। ਹਜ਼ਾਰਾਂ ਸਾਲ ਪੁਰਾਣਾ ਰਿਸ਼ਤਾ ਟੁੱਟ ਨਹੀਂ ਸਕਦਾ, ਜਿਸ ਦਾ ਨਤੀਜਾ ਹਿੰਦੂ ਸਿੱਖ ਵਿਚ ਇਕ ਵੀ ਟਾਕਰਾ ਨਹੀਂ ਹੋਇਆ। ਇਸ ਲਈ ਪੰਜਾਬ ਦੇ ਹਿੰਦੂ ਸਿੱਖ ਵਧਾਈ ਦੇ ਪਾਤਰ ਹਨ।

ਸਪੀਕਰ ਸਾਹਿਬ, ਸੰਤ ਲੌਂਗੋਵਾਲ ਜੀ ਦਾ ਬੜੀ ਬੇਰਹਿਮੀ ਨਾਲ ਕਤਲ ਹੋਇਆ, ਉਨ੍ਹਾਂ ਨੇ ਅਤੇ ਪ੍ਰਧਾਨ ਮੰਤਰੀ ਨੇ ਪੰਜਾਬ ਮਸਲੇ ਦਾ ਹੱਲ ਕਰਕੇ ਸਮਝੌਤਾ ਕਰਵਾ ਦਿੱਤਾ । ਇਹ ਗਲ ਪਾਕਿਸਤਾਨ ਜੁੰਡੀ ਤੇ ਅਮਰੀਕਨ ਸਾਮਰਾਜ ਨੂੰ ਨਹੀਂ ਸੀ ਪੁਗਦੀ। ਉਹ ਚਾਹੁੰਦੀਆਂ ਸਨ ਕਿ ਪੰਜਾਬ ਦਾ ਮਸਲਾ ਉਲਝਿਆ ਰਹੇ। ਨਤੀਜੇ ਵਜੋਂ ਸੰਤ ਲੌਂਗੋਵਾਲ ਦਾ ਕਤਲ ਕੀਤਾ ਗਿਆ। ਅੱਜ ਵੀ ਉਹ ਤਾਕਤਾਂ ਕੋਈ ਹੋਰ ਵੀ ਕਾਰਾ ਕਰਵਾ ਸਕਦੀਆਂ ਹਨ। ਪੰਜਾਬ ਸਮਝੌਤੇ ਦਾ ਸਾਰੇ ਸਵਾਗਤ ਕਰਦੇ ਹਾਂ ਪਰ ਸਾਮਰਾਜੀ ਤੇ ਉਨ੍ਹਾਂ ਦੇ ਪਿਠੂਆਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਸਪੀਕਰ ਸਾਹਿਬ, ਕਲ੍ਹ ਹੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਕਾਰਾ ਹੋਇਆ ਹੈ। ਉਹ ਤਾਕਤਾਂ ਗੜਬੜ ਕਰਾਉਣ ਦੀਆਂ ਚਾਲਾਂ ਚਲ ਰਹੀਆਂ ਹਨ, ਉਨ੍ਹਾਂ ਦੀਆਂ ਘਿਨਾਉਣੀਆਂ ਹਰਕਤਾਂ ਨੂੰ ਪਛਾੜ ਕੇ ਪੰਜਾਬ ਸਮਝੌਤੇ ਤੇ ਕੋਈ ਆਂਚ ਨਾ ਆਉਣ ਦਿੱਤੀ ਜਾਵੇ। ਸਾਨੂੰ ਇਕਮੁੱਠ ਹੋ ਕੇ ਫੁਟ ਪਾਊ ਤਾਕਤਾਂ ਨੂੰ ਪਛਾੜ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਜੋ ਸਾਡੇ ਤੋਂ ਵਿਛੜ ਗਏ ਹਨ ਇਨ੍ਹਾਂ ਵਿਚ ਐਮ.ਐਲ.ਏਜ਼ ਇਸ ਅਸੈਂਬਲੀ ਵਿੱਚ ਰਹਿ ਚੁੱਕੇ ਹਨ। ਮਾਨਯੋਗ ਵਿਧਾਨ ਸਭਾ ਇਨ੍ਹਾਂ ਵਿਚ ਬਚਨ ਸਿੰਘ ਘੋੜੀ ਮਾ ਜਿਨ੍ਹਾਂ ਦਾ ਸ਼ਰਧਾਂਜਲੀ ਸਮਾਰੋਹ ਵਿਚ ਜ਼ਿਕਰ ਹੈ ਉਹ ਮੇਰੇ ਗੁਰੂ ਸਨ। ਉਨ੍ਹਾਂ ਤੋਂ ਮੈਂ ਬਹੁਤ ਕੁਝ ਸਿਖਿਆ ਪ੍ਰਾਪਤ ਕੀਤੀ, ਸਾਡੀ ਸਰਕਾਰ ਨੇ ਉਨ੍ਹਾਂ ਦੇ ਖਿਲਾਫ 1949-50 ਵਿਚ ਵਾਰੰਟ ਕੱਢ ਦਿੱਤੇ ਉਨ੍ਹਾਂ ਨੇ ਕਾਫੀ ਸਮਾਂ ਰੁਪੋਸ਼ ਰਹਿ ਕੇ ਵੀ ਕਿਸਾਨਾਂ ਅਤੇ ਗਰੀਬ ਲੋਕਾਂ ਦੀ ਰਹਿਨੁਮਾਈ ਕੀਤੀ ਤੇ ਜੱਥੇਬੰਦ ਕੀਤਾ। ਪਹਿਲਾਂ ਦੇਸ਼ ਅਜ਼ਾਦੀ ਲਈ ਜੂਝੇ, ਕਿਸੇ ਕੁਰਬਾਨੀ ਤੋਂ ਪਿਛਾਂਹ ਨਹੀਂ ਹਟੇ। ਜਦੋਂ ਆਪ ਅਮਰੀਕਾ ਵਿਚ ਮਜ਼ਦੂਰੀ ਕਰਨ ਗਏ ਤਾਂ ਇਕ ਅਮਰੀਕਨ ਅੰਗਰੇਜ਼ ਮਿਲਿਆ। ਉਸ ਨੇ ਪੁਛਿਆ ਤੁਸੀਂ ਕਿਸ ਮੁਲਕ ਤੋਂ ਆਏ ਹੋ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਮਹਿਤਾਬ ਸਿੰਘ]

ਉਨ੍ਹਾਂ ਨੇ ਉੱਤਰ ਦਿੱਤਾ ਕਿ ਹਿੰਦੁਸਤਾਨ ਤੋਂ ਆਏ ਹਾਂ। ਅੰਗਰੇਜ਼ ਨੇ ਤਾਅਨਾ ਦਿੱਤਾ ਕਿ ਉਸ ਦੇਸ਼ ਵਿਚੋਂ ਆਏ ਹੋ ਜਿਥੇ ਮੁੱਛਾਂ ਵਾਲੀਆਂ ਔਰਤਾਂ ਹਨ। ਉਹ ਹੈਰਾਨ ਹੋ ਗਏ ਕਿ ਉਥੇ ਕੋਈ ਮੁੱਛਾਂ ਵਾਲੀ ਇਸਤਰੀ ਨਹੀਂ ਤਾਂ ਅਮਰੀਕਨ ਅੰਗਰੇਜ਼ ਨੇ ਕਿਹਾ ਕਿ ਜੇ ਤੁਸੀਂ ਮਰਦ ਹੋ ਤਾਂ ਇਥੇ ਮਜ਼ਦੂਰੀ ਕਰਨ ਨਹੀਂ ਸੀ ਆਉਣਾ ਆਪਣੇ ਦੇਸ਼ ਨੂੰ ਆਜ਼ਾਦ ਕਰਾਉਂਦੇ। ਇਹ ਤਾਅਨਾ ਸੁਣ ਕੇ ਬਾਬਾ ਜੀ ਤੇ ਉਨ੍ਹਾਂ ਦੇ ਸਾਥੀਆਂ ਨੇ ਪ੍ਰਣ ਕਰ ਲਿਆ ਕਿ ਚਲੋ ਦੇਸ਼ ਦੀ ਆਜ਼ਾਦੀ ਲਈ ਕੰਮ ਕਰੀਏ । ਅਸੀਂ ਉਨ੍ਹਾਂ ਤੋਂ ਬਹੁਤ ਕੁਝ ਸਿਖਿਆ। ਉਹ ਕੁਰਬਾਨੀ ਦੇ ਪੁਤਲੇ ਸਨ। ਉਨ੍ਹਾਂ ਨੇ ਦੇਸ਼ ਦੇ ਪਛੜੇ ਲੋਕਾਂ ਤੇ ਮਿਹਨਤਕਸ਼ ਜਨਤਾ ਲਈ ਅਣਥਕ ਘੋਲ ਕੀਤਾ। ਮੈਂ ਇਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਅਰਪਣ ਕਰਦਾ ਹਾਂ। ਦੇਸ਼ ਦੀ ਏਕਤਾ ਨੂੰ ਕਾਇਮ ਰੱਖੀਏ ਅਤੇ ਜਿਹੜੀਆਂ ਸ਼ਕਤੀਆਂ ਸਾਡੇ ਵਿੱਚ ਫੁਟ ਪਾਉਣਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਅਜਿਹਾ ਨਾ ਕਰਨ ਦੇਈਏ ਅੰਰ ਸੰਤ ਹਰਚੰਦ ਸਿਘ ਜੀ ਲੌਂਗੋਵਾਲ ਸ਼ਹੀਦ ਹੋਏ ਉਨ੍ਹਾਂ ਤਾਕਤਾਂ ਨੂੰ ਇਸ ਤਰ੍ਹਾਂ ਨਾ ਉਠਣ ਦਿੱਤਾ ਜਾਵੇ। ਠੀਕ ਹੈ ਮੇਰੇ ਸਾਥੀ ਨੇ ਜ਼ਿਕਰ ਕੀਤਾ ਹੈ ਕਿ ਮਾਸੂਮ ਵਿਅਕਤੀ ਬੱਸਾਂ ਤੋਂ ਲਾਹ ਲਾਹ ਕੇ ਮਾਰੇ ਗਏ। ਹਿੰਦੂ ਜੋ ਇਸ ਤਰ੍ਹਾਂ ਮਾਰੇ ਗਏ ਅੰਰ ਜੋ ਸਿੱਖਾਂ ਨਾਲ ਵਰਤਾਓ ਹੋਇਆ ਉਨ੍ਹਾਂ ਤਾਕਤਾਂ ਦੀ ਇਹ ਕੋਸ਼ਿਸ਼ ਸੀ ਕਿ 1947 ਦੇ ਘਲੂਘਾਰੇ ਨੂੰ ਮੁੜ ਦੁਹਰਾਇਆ ਜਾਵੇ। ਉਨ੍ਹਾਂ ਦੀ ਕੋਸ਼ਿਸ਼ ਦੇ ਬਾਵਜੂਦ ਜੋ ਕੁਝ ਹੋਇਆ ਉਸ ਦੇ ਨਾਲ ਉਹ ਗਲ ਨਹੀਂ ਹੋ ਸਕੀ ਜੋ ਉਹ ਤਾਕਤਾਂ ਚਾਹੁੰਦੀਆਂ ਸਨ ਅਤੇ ਲੋਕਾਂ ਨੇ ਇਨ੍ਹਾਂ ਗੱਲਾਂ ਨੂੰ ਸਮਝਦਿਆਂ ਹੋਇਆਂ ਇਕ ਦੂਸਰੇ ਦੀ ਮੱਦਦ ਕੀਤੀ। ਸਪੀਕਰ ਸਾਹਿਬ, 8 ਅਕਤੂਬਰ, 9 ਅਕਤੂਬਰ ਦੀਆਂ ਅਖ਼ਬਾਰਾਂ ਵਿੱਚ ਛਪਿਆ ਹੈ ਕਿ ਕੇਰਲਾ ਵਿੱਚ ਜਦੋਂ ਸਾਡੇ ਪ੍ਰਧਾਨ ਮੰਤਰੀ, ਸ਼੍ਰੀ ਰਾਜੀਵ ਗਾਂਧੀ ਜੀ ਗਏ ਸਨ ਤਾਂ ਦਿੱਲੀ ਪੁਲਿਸ ਦੇ 2 ਸਿੱਖ ਵਿਅਕਤੀਆਂ ਦੀ ਸੀ.ਆਈ.ਡੀ. ਵੱਲੋਂ ਜੋ ਡਿਊਟੀ ਲੱਗੀ ਸੀ ਸ਼੍ਰੀ ਗੁਰਮੇਲ ਸਿੰਘ ਅਤੇ ਇਕ ਹੋਰ ਦੀ ਉਨ੍ਹਾਂ ਨੂੰ ਉਥੇ ਮਾਰਿਆ ਗਿਆ। ਕਹਿਣ ਦਾ ਭਾਵ ਹੈ ਕਿ ਸਿੱਖਾਂ ਨਾਲ ਉਥੇ ਵੀ ਇਸ ਤਰ੍ਹਾਂ ਦਾ ਵਤੀਰਾ ਕੀਤਾ ਗਿਆ ਤਾਕਿ ਇਸ ਦੇ ਨਾਲ ਕੇਰਲਾ ਵਿੱਚ ਜਾਂ ਦੂਸਰੀਆਂ ਸਟੇਟਾਂ ਵਿੱਚ ਗੱਲ ਭੜਕ ਉਠੇ ਅਤੇ ਉਸ ਗੱਲ ਦਾ ਅਸਰ ਦੂਸਰੀਆਂ ਸਟੇਟਾਂ ਤੇ ਮੁੜ ਕੇ ਪੈ ਕੇ ਮੁੜ ਪੰਜਾਬ ਵਿੱਚ ਜਾਂ ਹੋਰ ਜਗ੍ਹਾ ਪਹਿਲਾਂ ਜੋ ਗੱਲਾਂ ਹੋਈਆਂ ਹਨ ਉਨ੍ਹਾਂ ਨੂੰ ਫਿਰ ਦੁਹਰਾਇਆ ਜਾਵੇ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਸ ਗੱਲ ਵੱਲ ਆਪਣਾ ਧਿਆਨ ਦੇਣਾ ਚਾਹੀਦਾ ਹੈ ਅਤੇ ਸਾਨੂੰ ਜ਼ੋਰ ਦੇਣਾ ਚਾਹੀਦਾ ਹੈ ਕਿ ਕੋਈ ਤਾਕਤ ਮੁੜ ਕੇ ਇਹੋ ਜਿਹੀਆਂ ਗਲਾਂ ਨਾ ਦੁਹਰਾ ਸਕੇ। ਹਿੰਦੂ ਅਤੇ ਸਿੱਖ ਦਾ ਜੋ ਸਵਾਲ ਉਠਾਇਆ ਜਾਂਦਾ ਹੈ, ਪੰਜਾਬੀ ਅੰਰ ਗ਼ੈਰ ਪੰਜਾਬੀ ਦਾ ਜੋ ਮਸਲਾ ਉਠਾਇਆ ਜਾਂਦਾ ਹੈ ਸਾਨੂੰ ਉਨ੍ਹਾਂ ਨੂੰ ਰੋਕਣਾ ਚਾਹੀਦਾ ਹੈ ਅਤੇ ਸਾਨੂੰ ਇਸ ਗੱਲ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਮੁੜ ਕੇ ਇਨ੍ਹਾਂ ਗੱਲਾਂ ਨੂੰ ਨਾ ਦੁਹਰਾਇਆ ਜਾਵੇ। ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਜੋ ਆਤਮਾਵਾਂ ਸਾਡੇ ਕੋਲੋਂ ਵਿੱਛੜ ਗਈਆਂ ਹਨ ਮੈਂ ਉਨ੍ਹਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਅਤੇ ਇਕ ਗੱਲ ਫਿਰ ਮੁੜ ਕੇ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਹੋਣ ਤੋਂ ਸਾਨੂੰ ਉਨ੍ਹਾਂ ਤਾਕਤਾਂ ਨੂੰ ਰੋਕਣਾ ਚਾਹੀਦਾ ਹੈ ਜਿਨ੍ਹਾਂ ਨਾਲ ਮੁੜ ਕੇ ਕੋਈ ਐਸੀ ਗੱਲ ਪੈਦਾ ਹੋਵੇ।

ਸ਼੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ) : ਸਪੀਕਰ ਸਾਹਿਬ, ਮੈਂ ਇਸ ਮਤੇ ਰਾਹੀਂ ਪੇਸ਼ ਕੀਤੇ ਗਏ ਸਾਰੇ ਹੀ ਸਵਰਗਵਾਸੀ ਵਿਅਕਤੀਆਂ ਦੇ ਨਾਮ ਜੋ ਦਿੱਤੇ ਗਏ ਹਨ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹਾਂ। ਸਪੀਕਰ ਸਾਹਿਬ, ਅੱਜ ਇਕ ਆਪੋਜ਼ੀਸ਼ਨ ਦੇ ਲੀਡਰ ਦਾ ਆਪਣੀ ਪਾਰਟੀ ਦੇ ਮੈਂਬਰਜ਼ ਨੂੰ ਨਾਲ ਲੈ ਕੇ ਵਾਕ ਆਊਟ ਕਰਨਾ ਇਕ ਬੜੀ ਹੀ ਅਫਸੋਸਨਾਕ ਗੱਲ ਹੈ, ਸ਼ਰਮਨਾਕ ਗੱਲ ਹੈ। ਉਸ ਗਲ ਦਾ ਜ਼ਿਕਰ ਨਾ ਹੋਣ ਦੇਣਾ ਜਿਸ ਦਾ ਜ਼ਿਕਰ ਸਾਨੂੰ ਕਿਸੇ ਹਿਸਟਰੀ ਤੋਂ ਨਹੀਂ ਮਿਲਦਾ

Original with;
Punjab Vidhan Sabha
Digitized by;
Panjab Digital Library

ਔਰ ਉਨ੍ਹਾਂ ਪ੍ਰਤੀ ਉਨ੍ਹਾਂ ਵੱਲੋਂ ਅਫ਼ਸੋਸ ਦਾ ਇਜ਼ਹਾਰ ਨਾ ਹੋਣ ਦੇਣਾ ਇਹ ਇਕ ਕਿੰਨੀ ਦੁਖਦਾਇਕ ਗੱਲ ਹੈ। ਇਸ ਪਾਰਟੀ ਦੀ (ਕਾਂਗਰਸ ਪਾਰਟੀ ਦੇ ਬੈਂਚਾਂ ਵੱਲ ਇਸ਼ਾਰਾ) ਸ਼ੁਰੂ ਤੋਂ ਹੀ ਫੁੱਟ ਪਾਓ ਤੇ ਰਾਜ ਕਰੋ ਵਾਲੀ ਨੀਤੀ ਬਣੀ ਰਹੀ ਹੈ। ਅੱਜ ਇਤਨੇ ਹਾਦਸਿਆਂ ਦੇ ਹੋਣ ਤੋਂ ਬਾਅਦ ਕਿਉਂ ਨਾ ਉਨ੍ਹਾਂ ਦਾ ਜ਼ਿਕਰ ਕੀਤਾ ਜਾਵੇ, ਕਿਉਂ ਨਾ ਉਨ੍ਹਾਂ ਵੀਰਾਂ ਦੇ ਬਾਰੇ ਜ਼ਿਕਰ ਆਵੇ ਜਿਨ੍ਹਾਂ ਨੇ ਮੁਲਕ ਤੇ ਜਦੋਂ ਜਦੋਂ ਵੀ ਕੋਈ ਮੁਸੀਬਤ ਆਈ, ਜਦੋਂ ਵੀ ਕੋਈ ਮੁਸੀਬਤ ਆਈ ਇਸ ਦੇਸ਼ ਤੇ ਤਾਂ ਇਸ ਪੰਜਾਬ ਦੇ ਸੂਬੇ ਦੇ ਲੋਕਾਂ ਨੇ, ਸਾਡੇ ਸੂਬੇ ਦੇ ਲੋਕਾਂ ਨੇ ਦੇਸ਼ ਨਾਲ ਮੋਢੇ ਨਾਲ ਮੋਢਾ ਲਾ ਕੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ, ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਔਰ ਆਪਣੀਆਂ ਜਾਇਦਾਦਾਂ ਦੀ ਪ੍ਰਵਾਹ ਨਹੀਂ ਕੀਤੀ। ਇਸ ਪ੍ਰਦੇਸ਼ ਦੇ ਕਿਰਤੀ ਕਿਸਾਨਾਂ ਨੇ, ਕਿਰਤੀ ਕਾਮਿਆਂ ਨੇ ਮਿਹਨਤ ਕਰਕੇ, ਇਸ ਸੂਬੇ ਦੇ ਉਨ੍ਹਾਂ ਲੋਕਾਂ ਨੇ ਜੋ ਦੇਸ਼ ਦੀ ਜਨ–ਸੰਖਿਆ ਦਾ ਕੇਵਲ ਢਾਈ ਪਰਸੈਂਟ ਹਨ ਉਨ੍ਹਾਂ ਨੇ ਦੇਸ਼ ਨੂੰ 65 ਪ੍ਰਤੀਸ਼ਤ ਅੰਨ ਦੇ ਕੇ ਸਾਰੇ ਦੇਸ਼ ਦੇ ਦੂਸਰੇ ਪ੍ਰਦੇਸ਼ਾਂ ਦੇ ਲੋਕਾਂ ਨੂੰ ਆਪਣੇ ਛੋਟੇ ਵੱਡੇ ਭਰਾ ਸਮਝ ਕੇ ਉਨ੍ਹਾਂ ਦੀ ਭੁੱਖ ਦੂਰ ਕੀਤੀ। ਆਪ ਭੁੱਖੇ ਰਹਿ ਕੇ, ਮਿਹਨਤ ਕਰਕੇ ਬਾਕੀ ਪ੍ਰਦੇਸ਼ਾਂ ਦੇ ਲੋਕਾਂ ਦੀ, ਮੁਲਕ ਦੇ ਬਾਕੀ ਸੂਬਿਆਂ ਦੇ ਲੋਕਾਂ ਨੂੰ ਰੋਟੀ ਖਵਾਈ, ਅੰਨ ਦਿੱਤਾ । ਅੱਜ ਉਨ੍ਹਾਂ ਪ੍ਰਤੀ ਜੇ ਕੋਈ ਇਸ ਤਰ੍ਹਾਂ ਦੀ ਗੱਲ ਕਰੇ ਜਾਂ ਇਸ ਤਰ੍ਹਾਂ ਦੇ ਵਿਚਾਰ ਰਖੇ ਤਾਂ ਇਸ ਤੋਂ ਵੱਡੀ ਦੁਖਦਾਇਕ ਗੱਲ ਹੋਰ ਕੀ ਹੋ ਸਕਦੀ ਹੈ। ਬਾਕੀ ਪ੍ਰਦੇਸ਼ਾਂ ਵਿੱਚ ਪੰਜਾਬੀ ਨਾਂ ਤੇ, ਪੰਜਾਬੀ ਬੋਲਣ ਵਾਲਿਆਂ ਤੇ ਜੋ ਅਤਿਆਚਾਰ ਹੋਏ ਉਨ੍ਹਾਂ ਪ੍ਰਤੀ ਅਫ਼ਸੋਸ ਦਾ ਇਜ਼ਹਾਰ ਵੀ ਨਾ ਕਰ ਸਕੀਏ ਅਤੇ ਇਹ ਪਾਰਟੀ ਇਸ ਦੇ ਲਈ ਕੀਤੀ ਗੱਲ ਸੁਣ ਵੀ ਨਾ ਸਕੇ ਤਾਂ ਇਸ ਤੋਂ ਵੱਡੀ ਹੋਰ ਦੁਖਦਾਇਕ ਗਲ ਕੀ ਹੋ ਸਕਦੀ ਹੈ। ਮੈਂ ਸਮਝਦਾ ਹਾਂ ਕਿ ਇਹ ਜੋ ਵੀ ਵਾਰਦਾਤਾਂ ਹੋਈਆਂ, ਚਾਹੇ ਉਹ ਬੱਸਾਂ ਦੀਆਂ ਹਨ ਜਾਂ ਦੁਕਾਨਾਂ ਦੀਆਂ ਹਨ ਜਾਂ ਜੋ ਵੀ ਵਾਰਦਾਤਾਂ ਹੋਈਆਂ ਉਨ੍ਹਾਂ ਦੇ ਬਾਰੇ ਹੁਣ ਪਰਦਾ ਫਾਸ਼ ਹੋ ਚੁੱਕਾ ਹੈ। ਗੁਰਿੰਦਰ ਸਿੰਘ ਔਰ ਪ੍ਰਵੀਨ ਕੁਮਾਰ ਨੇ ਕੋਈ ਗੱਲ ਛੁਪੀ ਨਹੀਂ ਰਹਿਣ ਦਿੱਤੀ, ਸਾਰੀ ਗੱਲ ਦਾ ਜ਼ਿਕਰ ਸਾਡੇ ਸਾਹਮਣੇ ਆ ਚੁੱਕਾ ਹੈ ਕਿ ਕਿਨ੍ਹਾਂ ਕਿਨ੍ਹਾਂ ਲੋਕਾਂ ਕਰਕੇ ਇਹ ਸਾਰੀਆਂ ਕਰਤੂਤਾਂ ਹੋਈਆਂ। ਇਹ ਗੱਲਾਂ ਹੁਣ ਕਿਸੇ ਤੋਂ ਛੁਪੀਆਂ ਨਹੀਂ ਰਹੀਆਂ ਕਿ ਕੌਣ ਇਹ ਸਾਰੀਆਂ ਗੱਲਾਂ ਕਰਵਾਉਂਦਾ ਸੀ। ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਚਾਹੇ 15 ਸਾਲ ਇਸ ਮੁਲਕ ਦੀ ਵਾਗਡੋਰ ਸੰਭਾਲੀ ਔਰ ਇਸ ਵਿੱਚ ਸ਼ੱਕ ਨਹੀਂ ਕਿ ਬਾਕੀ ਦੇਸ਼ ਵਿੱਚ ਔਰ ਪੰਜਾਬ ਵਿੱਚ ਉਨ੍ਹਾਂ ਨੇ ਭਲਾਈ ਦੇ ਕੰਮ ਕੀਤੇ ਪਰ ਆਖ਼ਰੀ ਸਮੇਂ ਵਿੱਚ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਜੋ ਭਰਮ ਅਤੇ ਭੁਲੇਖੇ ਪਾਏ ਉਹ ਹੁਣ ਦੇ ਪ੍ਰਧਾਨ ਮੰਤਰੀ ਜੀ ਨੇ ਆਪਣੀ ਸੂਝ ਨਾਲ ਸ਼ੱਕ ਮਿਟਾ ਕੇ ਸਾਰਾ ਕੁਝ ਕੀਤਾ ਅਤੇ ਤਾਂ ਹੀ ਉਨ੍ਹਾਂ ਨੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਸੱਦਾ ਦੇ ਕੇ ਇਹ ਅਕਾਰਡ ਸਾਈਨ ਕੀਤਾ। ਮੈਂ ਸੰਤ ਬਾਬਾ ਹਰਚੰਦ ਸਿੰਘ ਜੀ ਨੂੰ ਜੋ ਇਸ ਯੁਗ ਦੇ ਮਹਾਨ ਮਹਾਂਪੁਰਸ਼ ਹੋਏ ਹਨ ਔਰ ਜਿਨ੍ਹਾਂ ਦੇ ਸਦਕੇ ਹੀ ਅਤੇ ਜਿਨ੍ਹਾਂ ਦੀਆਂ ਕੋਸ਼ਿਸ਼ਾਂ ਦੇ ਸਦਕੇ ਹੀ ਅੱਜ ਅਸੀਂ ਇਸ ਸਦਨ ਵਿੱਚ ਬੈਠੇ ਹਾਂ ਔਰ ਪੰਜਾਬ ਦੇ ਵਿੱਚ ਅਮਨ ਤੇ ਸ਼ਾਂਤੀ ਦਾ ਮਾਹੌਲ ਪੈਦਾ ਹੋਇਆ ਹੈ, ਹਿੰਦੂ ਸਿੱਖ ਦੀ ਏਕਤਾ ਦਾ ਮਾਹੌਲ ਪੈਦਾ ਹੋਇਆ ਹੈ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ। ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਜੀ ਦਾ ਇਹ ਨਾਹਰਾ ਸੀ ਕਿ––

ਹਿੰਦੂ, ਸਿੱਖ, ਮੁਸਲਿਮ, ਈਸਾਈ,
ਮਿਲ ਬੈਠੋ ਸਭ ਭਾਈ ਭਾਈ।

ਇਤਨੀ ਵੱਡੀ ਸ਼ਹਾਦਤ ਦੇ ਕੇ ਜਿਸ ਸ਼ਖ਼ਸੀਅਤ ਨੇ, ਜਿਸ ਮਹਾਨ ਮਹਾਂਪੁਰਸ਼ ਨੇ ਇਸ ਤਰ੍ਹਾਂ ਦਾ ਮਾਹੌਲ ਪੈਦਾ ਕੀਤਾ ਹੈ ਔਰ ਫਿਰ ਇਨ੍ਹਾਂ ਲੋਕਾਂ ਦੇ ਮਨਾਂ ਵਿੱਚ, ਇਸ ਪਾਰਟੀ ਵਾਲਿਆਂ ਦੇ ਮਨਾਂ ਵਿੱਚ ਕੋਈ ਭੁਲੇਖਾ ਹੈ ਤਾਂ ਮਹਾਰਾਜ ਜੀ ਹੀ ਭੁਲੇਖਾ ਦੂਰ ਕਰ ਸਕਦੇ ਹਨ । ਇਸ ਮਹਾਨ ਮਹਾਂ–ਪੁਰਸ਼ ਨੂੰ, ਇਸ ਮਹਾਨ ਸ਼ਖ਼ਸੀਅਤ ਨੂੰ ਮੈਂ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਕਿਸ਼ਨ ਕਟਾਰੀਆ]

ਬਾਕੀ ਜਿੰਨੇ ਵੀ ਨਾਂ ਆਏ ਹਨ ਉਨ੍ਹਾਂ ਦਾ ਜ਼ਿਕਰ ਸਾਡੇ ਲੀਡਰ ਆਫ਼ ਦੀ ਹਾਊਸ ਨੇ ਆਪਣੇ ਮਤੇ ਵਿੱਚ ਕੀਤਾ ਹੈ। ਸਰਦਾਰ ਕਰਤਾਰ ਸਿੰਘ ਜੀ ਵੈਦ ਮੇਰੇ ਨਾਲ ਰਹਿ ਚੁੱਕੇ ਹਨ। ਮੈਂ ਸਮਝਦਾ ਹਾਂ ਕਿ ਉਹ ਇਕ ਬਹੁਤ ਹੀ ਭਲੇ ਲੋਕ ਸਨ ਅਤੇ ਉਹ ਹਮੇਸ਼ਾ ਹੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਲਈ, ਉਨ੍ਹਾਂ ਦੀਆਂ ਤਕਲੀਫਾਂ ਦੂਰ ਕਰਨ ਦੇ ਲਈ ਹਰ ਵੇਲੇ ਤਤਪਰ ਰਹਿੰਦੇ ਸਨ। ਇਨ੍ਹਾਂ ਤੋਂ ਇਲਾਵਾ ਚੌਧਰੀ ਕਾਂਸ਼ੀ ਰਾਮ ਜੀ, ਚੌਧਰੀ ਬਲਬੀਰ ਸਿੰਘ ਜੀ, ਸ਼੍ਰੀ ਰਮੇਸ਼ ਚੰਦਰ ਜੀ ਜੋ ਹਿੰਦ ਸਮਾਚਾਰ ਦੇ ਐਡੀਟਰ ਰਹੇ, ਸਰਦਾਰਨੀ ਜਸਦੇਵ ਕੌਰ ਜੀ ਸੰਧੂ, ਸ਼੍ਰੀ ਹਰਬੰਸ ਲਾਲ ਜੀ ਖੰਨਾ ਸਾਰੇ ਇਥੇ ਸਾਡੇ ਨਾਲ ਰਹੇ ਹਨ ਅਤੇ ਜੋ ਵੀ ਭਲਾਈ ਦੇ ਕੰਮ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਲਈ ਕੀਤੇ ਅੱਜ ਉਹ ਸਾਡੀਆਂ ਅੱਖਾਂ ਦੇ ਸਾਹਮਣੇ ਆਉਂਦੇ ਹਨ, ਮੈਂ ਉਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹਾਂ। ਬਾਕੀ, ਇਸ ਮਤੇ ਵਿੱਚ ਜਿਨ੍ਹਾਂ ਵੀ ਵਿਅਕਤੀਆਂ ਦਾ ਜ਼ਿਕਰ ਆਇਆ ਉਨ੍ਹਾਂ ਸਭ ਨੂੰ ਮੈਂ ਆਪਣੀ ਸ਼ਰਧਾਂਜਲੀ ਅਰਪਿਤ ਕਰਦਾ ਹਾਂ ਅਤੇ ਉਸ ਦੁਖਦਾਈ ਗੱਲ ਦਾ ਫਿਰ ਜ਼ਿਕਰ ਕਰਨਾ ਚਾਹੁੰਦਾ ਹਾਂ ਜੋ ਅੱਜ ਆਪੋਜ਼ੀਸ਼ਨ ਵੱਲੋਂ, ਆਪੋਜ਼ੀਸ਼ਨ ਦੇ ਲੀਡਰ ਵੱਲੋਂ ਆਪਣੀ ਪਾਰਟੀ ਦੇ ਮੈਂਬਰ ਸਾਹਿਬਾਨ ਸਮੇਤ ਜੋ ਵਾਕ ਆਊਟ ਹੋਇਆ ਹੈ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇਕ ਗਲਤ ਮਿਸਾਲ ਕਾਇਮ ਕੀਤੀ ਹੈ। ਇਤਨਾ ਕਹਿੰਦਾ ਹੋਇਆ ਮੈਂ ਫਿਰ ਉਨ੍ਹਾਂ ਵਿਅਕਤੀਆਂ ਨੂੰ, ਉਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹਾਂ।

ਸ਼੍ਰੀ ਸਪੀਕਰ : ਸਾਰੇ ਹਾਊਸ ਵੱਲੋਂ ਅਤੇ ਸਾਰੇ ਮੈਂਬਰ ਸਾਹਿਬਾਨ ਵੱਲੋਂ ਜਿਹੜੇ ਸ਼ਰਧਾ ਦੇ ਫੁਲ ਭੇਂਟ ਕੀਤੇ ਗਏ ਹਨ, ਮੈਂ ਹਾਊਸ ਨਾਲ ਅੰਰ ਉਘੇ ਮੈਂਬਰ ਸਾਹਿਬਾਨ ਦੇ ਵਿਚਾਰਾਂ ਨਾਲ ਸ਼ਰੀਕ ਹੁੰਦਾ ਹੋਇਆ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਅਸੀਂ ਸਾਰੇ ਆਪਣੇ ਆਪਣੇ ਸਥਾਨ ਤੇ ਖੜੇ ਹੋ ਕੇ ਦੋ ਮਿੰਟਾਂ ਲਈ ਮੌਨ ਧਾਰਨ ਕਰੀਏ।

(At this stage the Members of the House stood in silence for two minutes to pay their homage to the departed souls.)

Mr. Speaker : The House stands adjourned till 2.00 P.M. on Thursday, the 17th October, 1985.

* 5.58 P. M. | (The Sabha then *adjourned till 2.00 P. M. on Thursday, the 17th October, 1985.)

19387 P.V.S.—Govt. Press. U. T., Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1985

Published under the authority of the Punjab Vidhan Sabha and printed by the Controller, Govt. Press, U.T., Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

17th October, 1985
Vol. I—No. 4
OFFICIAL REPORT

CONTENTS

Thursday, the 17th October, 1985

		Page
Announcement by the Speaker Re. Panel of Chairmen	..	(4)1
Announcement by the Secretary	..	(4)1
First Report of the Business Advisory Committee	..	(4)2
Resolution Re. Failure on the part of F. C. I. to provide effective support price of paddy	..	(4)5
Announcement by the Speaker *Re.* Governor's Address	..	(4)53

Punjab Vidhan Sabha Secretariat, Chandigarh.

Price : Rs. 4 1.7 5

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

ERRATA

Punjab Vidhan Sabha Debates Vol. I, No. 4,
Dated the 17th October, 1985.

Read	For	Page	Line
Please add the words 'ਮੈਂ ਪੇਸ਼ ਕਰਦਾ ਹਾਂ ਕਿ:-' after ਸਰਦਾਰ ਸੁਖਦੇਵ ਸਿੰਘ ਢੀਂਡਸਾ(ਸੁਨਾਮ): and then start new para with the words 'ਜਦੋਂ ਕਿ ਪੰਜਾਬ ਦੀਆਂ ਸਾਰੀਆਂ ਮੰਡੀਆਂ.....'		(4)5	3
ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ	ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ	(4)17	6th from below
ਚੇਅਰਮੈਨ ਸਾਹਿਬ	ਚੇਅਰਮਨ ਸਾਹਿਬ	(4)31	7
ਮਿੱਲ	ਨਿੱਲ	(4)34	3
ਤੋਂ	ਤ	(4)39	14
ਕਹਿੰਦੇ	ਕਹਿਦੇ	(4)39	16
ਨਿਆਉਣ	f ਆਉਣ	(4)39	6th from below
ਪ੍ਰੋਰਿਤ	ਪ੍ਰਾਰਿਤ	(4)55	2nd from below

Original with:
Punjab Vidhan Sabha
Digitized by:
Panjab Digital Library

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Thursday, the 17th October, 1985

The Vidhan Sabha met in the Punjab Vidhan Sabha Hall, Vidhan Bhavan Chandigarh, at 2.00 P. M. of the Clock. Mr. Speaker (Sardar Ravi Inder Singh) in the Chair.

ANNOUNCEMENT BY THE SPEAKER RE. PANEL OF CHAIRMEN

Mr. Speaker : Under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following Members to serve on the Panel of Chairmen :—

1. Sardar Jasdev Singh Sandhu
2. Giani Arjan Singh Litt
3. Shri Ram Kishan Kataria
4. Pandit Mohan Lal

Mr. Speaker : Secretary to make an announcement.

Comrade Mehtab Singh : On a Point of Order.

ਸ਼੍ਰੀ ਸਪੀਕਰ : ਕਾਮਰੇਡ ਸਾਹਿਬ, ਇਸ ਸਮੇਂ ਪੁਆਇੰਟ ਆਫ ਆਰਡਰ ਨਹੀਂ ਹੋ ਸਕਦਾ ।

ANNOUNCEMENT BY THE SECRETARY

ਸਕੱਤਰ : ਮੈਂ ਅੱਠਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਸੱਤਵੇਂ ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿਲਾਂ ਜਿਨ੍ਹਾਂ ਤੇ ਰਾਸ਼ਟਰਪਤੀ/ਰਾਜਪਾਲ ਦੁਆਰਾ ਸਹਿਮਤੀ ਦੇ ਦਿੱਤੀ ਗਈ ਹੈ ਦੀ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖਦਾ ਹਾਂ।

1. ਪੰਜਾਬ ਮਿਉਂਨਿਸਪਲ (ਸੋਧਨਾ) ਬਿਲ, 1983।
2. ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 1983 ।
3. ਪੂਰਬੀ ਪੰਜਾਬ ਜੰਗੀ ਜਗੀਰਾਂ (ਸੋਧਨਾਂ) ਬਿਲ, 1983 ।
4. ਪੰਜਾਬ ਪਛੜੀਆਂ ਸ਼ੂਨੀਆਂ ਜ਼ਮੀਨ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਸੋਧਨਾ) ਬਿਲ, 1983।
5. ਪੰਜਾਬ ਸਰਕਾਰੀ ਧੰਨ (ਬਕਾਇਆਂ ਦੀ ਵਸੂਲੀ) ਬਿਲ, 1983 ।
6. ਪੰਜਾਬ ਮੋਟਰ ਗੱਡੀਆਂ ਤੇ ਕਰ (ਸੋਧਨਾ) ਬਿਲ, 1983 ।

Original with;
Punjab Vidhan Sabha
Digitized by;
Panja[illegible]

[ਸਕੱਤਰ]

7. ਪੰਜਾਬ ਆਬਕਾਰੀ (ਸੋਧਨਾ) ਬਿਲ, 1983 ।

8. ਪੰਜਾਬ ਵਿਧਾਨ ਸਭਾ (ਮੈਂਬਰਾਂ ਦੇ ਭੱਤੇ) ਸੋਧਨਾ ਬਿਲ, 1983 ।

9. ਜ਼ਾਬਤਾ ਫ਼ੌਜਦਾਰੀ (ਪੰਜਾਬ ਸੋਧਨਾ) ਬਿਲ, 1983 ।

10. ਪੰਜਾਬ ਨਮਿੱਤਣ (ਨੰ: 3) ਬਿਲ, 1983 ।

11. ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾਂ) ਬਿਲ, 1983 ।

12. ਪੰਜਾਬ ਨਮਿੱਤਣ (ਨੰ: 4) ਬਿਲ, 1983 ।

FIRST REPORT OF THE BUSINESS ADVISORY COMMITTEE

Mr. Speaker : I have to present to the House the First Report of the Business Advisory Committee which reads as under :—

ਕੁਝ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਸਿਫਾਰਸ਼ ਕੀਤੀ ਗਈ ਕਿ 17 ਅਕਤੂਬਰ, 1985 ਤੋਂ ਅੱਗੇ ਵਿਧਾਨ ਸਭਾ ਦੀ ਬੈਠਕ ਦਾ ਸਮਾਂ ਹੇਠ ਲਿਖੇ ਅਨੁਸਾਰ ਹੋਵੇਗਾ :—

ਸੋਮਵਾਰ ਤੋਂ ਵੀਰਵਾਰ ਤੱਕ ... 2.00 ਵਜੇ ਬਾਅਦ ਦੁਪਹਿਰ ਤੋਂ 6.30 ਵਜੇ ਸ਼ਾਮ ਤੱਕ ।

ਸ਼ੁੱਕਰਵਾਰ (ਜਾਂ ਜੋ ਵੀ ਹਫ਼ਤੇ ਦੀ ਅਖੀਰਲੀ ਬੈਠਕ ਹੋਵੇ) ... 10.00 ਵਜੇ ਸਵੇਰ ਤੋਂ 2.30 ਵਜੇ ਬਾਅਦ ਦੁਪਹਿਰ ਤਕ।

ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਕਿ 19 ਅਕਤੂਬਰ ਤੋਂ 28 ਅਕਤੂਬਰ, 1985 ਤੱਕ ਦੇ ਸਮੇਂ ਦੇ ਦੌਰਾਨ ਕੋਈ ਬੈਠਕ ਨਾ ਕੀਤੀ ਜਾਵੇ।

ਕਮੇਟੀ ਨੇ ਇਹ ਸਿਫਾਰਸ਼ ਵੀ ਕੀਤੀ ਕਿ ਹੇਠ ਲਿਖੀਆਂ ਤਰੀਕਾਂ ਨੂੰ ਹੇਠ ਦਿੱਤਾ ਕੰਮ-ਕਾਰ ਕੀਤਾ ਜਾਵੇ :—

ਵੀਰਵਾਰ, 17 ਅਕਤੂਬਰ (2.00 ਵਜੇ ਬਾਅਦ ਦੁਪਹਿਰ)	...	ਗੈਰ-ਸਰਕਾਰੀ ਕੰਮ-ਕਾਰ ।
ਸ਼ੁਕਰਵਾਰ, 18 ਅਕਤੂਬਰ (10.00 ਵਜੇ ਸਵੇਰੇ)	...	(i) ਅਨੁਪੂਰਕ ਅਨੁਮਾਨ (ਪਹਿਲੀ ਕਿਸ਼ਤ) 1985-86 ਦਾ ਪੇਸ਼ ਕਰਨਾ ।
		(ii) ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗ਼ਜ਼-ਪੱਤਰ ।
		(iii) ਰਾਜਪਾਲ ਦੇ ਭਾਸ਼ਣ ਤੇ ਬਹਿਸ ।
ਮੰਗਲਵਾਰ, 29 ਅਕਤੂਬਰ (2.00 ਵਜੇ ਬਾਅਦ ਦੁਪਹਿਰ)	...	ਰਾਜ ਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ ।

Original with;
Punjab Vidhan Sabha
Digitized by;
Panjab Digital Library

ਬੁੱਧਵਾਰ, 30 ਅਕਤੂਬਰ ... ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ।
(2.00 ਵਜੇ ਬਾਅਦ ਦੁਪਹਿਰ)

ਵੀਰਵਾਰ, 31 ਅਕਤੂਬਰ ... ਗੈਰ-ਸਰਕਾਰੀ ਕੰਮ-ਕਾਰ।
(10.00 ਵਜੇ ਸਵੇਰੇ)

ਸ਼ੁੱਕਰਵਾਰ, 1 ਨਵੰਬਰ ... ਛੁੱਟੀ

ਸਨਿਚਰਵਾਰ, 2 ਨਵੰਬਰ ... ਖਾਲੀ ਦਿਨ

ਐਤਵਾਰ, 3 ਨਵੰਬਰ ... ਛੁੱਟੀ

ਸੋਮਵਾਰ, 4 ਨਵੰਬਰ ... ਰਾਜ ਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ ਅਤੇ
(2.00 ਵਜੇ ਬਾਅਦ ਦੁਪਹਿਰ) ਧੰਨਵਾਦ ਪ੍ਰਸਤਾਵ ਤੇ ਵੋਟਿੰਗ।

ਮੰਗਲਵਾਰ, 5 ਨਵੰਬਰ ... ਅਨੁਪੂਰਕ ਅਨੁਮਾਨ (ਪਹਿਲੀ ਕਿਸ਼ਤ) 1985-86 ਸੁਬੰਧੀ
(2.00 ਵਜੇ ਬਾਅਦ ਦੁਪਹਿਰ) ਗ੍ਰਾਂਟਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ।

ਬੁੱਧਵਾਰ, 6 ਨਵੰਬਰ ... (i) ਅਨੁਪੂਰਕ ਅਨੁਮਾਨ (ਪਹਿਲੀ ਕਿਸ਼ਤ) 1985-86
(2.00 ਵਜੇ ਬਾਅਦ ਦੁਪਹਿਰ) ਸਬੰਧੀ ਨਮਿੱਤਣ ਬਿਲ।

(ii) ਰਾਜ ਬਿਜਲੀ ਬੋਰਡ ਦੇ ਕਰਜ਼ਾ ਲੈਣ ਦੀ ਸੀਮਾਂ 350 ਕਰੋੜ ਤੋਂ ਵਧਾਕੇ 500 ਕਰੋੜ ਕਰਨ ਸਬੰਧੀ ਮਤਾ। (45 ਮਿੰਟ)।

(iii) **ਵਿਧਾਨਕ ਕੰਮ-ਕਾਰ** :

1. ਪੰਜਾਬ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦ (ਆਰਜ਼ੀ ਅਧਿਲੰਘਣ) ਸੋਧਨਾ ਬਿਲ, 1985 (1985 ਦੇ ਆਰਡੀਨੈਂਸ ਨੰ: 1 ਦੀ ਥਾਂ ਲੈਣ ਲਈ)।

2. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 1985।

ਸਾਲਾਂ 1976-77, 1977-78 ਅਤੇ 1978-79 ਲਈ ਵੋਟ ਕੀਤੀਆਂ ਗ੍ਰਾਂਟਾਂ ਭਾਰਤ ਨਮਿੱਤਣਾਂ ਤੋਂ ਵੱਧ ਖਰਚਿਆਂ ਨੂੰ ਨਿਯਮਿਤ ਕਰਨਾ ਅਤੇ ਉਨ੍ਹਾਂ ਸਬੰਧੀ ਨਮਿੱਤਣ ਬਿਲ (ਇਕ ਘੰਟਾ)।

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫ਼ਾਰਸ਼ਾਂ ਦੇ ਨਾਲ ਮੇਲ ਨਾ ਖਾਂਦਾ ਹੋਵੇ/ਖਾਂਦੇ ਹੋਣ ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

Original with;
Punjab Vidhan Sabha
Digitized by;
Panjab Digital Library

Finance Minister (Sardar Balwant Singh) : Sir, I beg to move—

That this House agrees with the recommendations contained in the First Report of the Business Advisory Committee..

Mr. Speaker : Motion moved—

That this House agrees with the recommendations contained in the First Report of the Business Advisory Committee.

Mr. Speaker : Question is—

That this House agrees with the recommendations contained in the First Report of the Business Advisory Committee.

The motion was carried.

Mr. Speaker : Now the House will take up the Resolution. Sardar Sukhdev Singh Dhindsa.

Doctor Kewal Krishan : On a Point of Order, Sir. I want to talk about the adjournment motion.

Mr. Speaker : I have disallowed the adjournment motion. How can there be Point of Order on that ?

ਡਾਕਟਰ ਕੇਵਲ ਕ੍ਰਿਸ਼ਨ : ** ** **

(ਇਸ ਸਮੇਂ ਕਾਂਗਰਸ ਪਾਰਟੀ ਵੱਲੋਂ ਕੁੱਝ ਮਾਨਯੋਗ ਮੈਂਬਰ ਬੋਲਣ ਲਈ ਖੜ੍ਹੇ ਹੋਏ।)

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਤਾਂ ਇਸ ਕੁਰਸੀ ਤੇ ਬੈਠੇ ਰਹੇ ਹੋ । ਜੇਕਰ ਰੂਲ ਦੀ ਕੋਈ ਉਲੰਘਣਾਂ ਹੋਈ ਹੋਵੇ ਤਾਂ ਤੇ ਕੋਈ ਗੱਲ ਹੋ ਸਕਦੀ ਹੈ, ਪੁਆਇੰਟ ਆਫ ਆਰਡਰ ਉਠਾਇਆ ਜਾ ਸਕਦਾ ਹੈ ਪਰ ਇਹ ਤੁਸੀਂ ਕਿਸ ਰੂਲ ਥੱਲੇ ਪੁਆਇੰਟ ਆਫ ਆਰਡਰ ਰੇਜ਼ ਕਰ ਰਹੇ ਹੋ ?

ਡਾਕਟਰ ਕੇਵਲ ਕ੍ਰਿਸ਼ਨ : ** ** **

Mr. Speaker: This is no point of order, you know it.

ਸਰਦਾਰਨੀ ਗੁਰਬਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਜੇਕਰ ਤੁਸੀਂ ਐਡਜਰਨਮੈਂਟ ਮੋਸ਼ਨ ਐਡਮਿਟ ਨਹੀਂ ਕਰ ਸਕਦੇ ਤਾਂ ਮੇਰੀ ਰਿਕੁਐਸਟ ਹੈ ਕਿ ਤੁਸੀਂ ਇਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰ ਦਿਓ।

ਸ਼੍ਰੀ ਸਪੀਕਰ: ਮੈਂ ਰਿਕੁਐਸਟ ਕਰਾਂਗਾ ਕਿ ਮੈਂ ਡਿਸਕਸ਼ਨ ਚਾਲੂ ਕਰ ਲਵਾਂ । ਉਸ ਤੋਂ ਬਾਅਦ ਮੈਂ ਆਪਣੇ ਚੈਂਬਰ ਵਿਚ ਜਾਵਾਂਗਾ। ਤੁਸੀਂ ਕਿਰਪਾ ਕਰਕੇ ਉਥੇ ਆ ਜਾਵੋ । ਫਿਰ ਅਸੀਂ ਕੋਈ ਨਾ ਕੋਈ ਰਾਹ ਲੱਭ ਲਵਾਂਗੇ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

RESOLUTION RE. FAILURE ON THE PART OF FCI TO PROVIDE EFFECTIVE SUPPORT PRICE OF PADDY

ਸਰਦਾਰ ਸੁਖਦੇਵ ਸਿੰਘ ਢੀਂਡਸਾ (ਸੁਨਾਮ) : ਜਦੋਂ ਕਿ ਪੰਜਾਬ ਦੀਆਂ ਸਾਰੀਆਂ ਮੰਡੀਆਂ ਵਿਚ ਧਾਨ ਬਹੁਤ ਮਾਤਰਾ ਵਿਚ ਆ ਰਿਹਾਂ ਹੈ, ਭਾਰਤੀ ਖੁਰਾਕ ਕਾਰਪੋਰੇਸ਼ਨ ਜੋ ਕਿ ਮੰਡੀਆਂ ਵਿਚ ਆਏ ਸਾਰੇ ਧਾਨ ਦਾ ਲਗਭਗ 75 ਫੀ ਸਦੀ ਖਰੀਦਣ ਲਈ ਮੁਢਲੇ ਤੌਰ ਤੇ ਜ਼ਿੰਮੇਵਾਰ ਹੈ, ਧਾਨ ਦੀ ਖਰੀਦ ਲਈ ਅਸਰਦਾਰ ਸਮਰਥਨ ਕੀਮਤ ਦੇਣ ਲਈ ਆਪਣੇ ਕਰਤੱਵ ਵਿਚ ਅਸਫਲ ਰਹੀ ਹੈ, ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਕਿਸਾਨਾਂ ਨੂੰ ਕਾਫੀ ਮੁਸ਼ਕਲ ਅਤੇ ਵਿੱਤੀ ਘਾਟਾ ਸਹਿਣਾ ਪੈ ਰਿਹਾ ਹੈ ਜਿਸ ਵਾਸਤੇ ਸਾਰੀ ਜ਼ਿੰਮੇਵਾਰੀ ਭਾਰਤ ਸਰਕਾਰ ਤੇ ਆਉਂਦੀ ਹੈ।

ਹੁਣ, ਇਸ ਲਈ ਕਿਉਂਕਿ ਭਾਰਤੀ ਖੁਰਾਕ ਕਾਰਪੋਰੇਸ਼ਨ ਧਾਨ ਦੀ ਖਰੀਦ ਵੱਲ ਆਪਣਾ ਬਣਦਾ ਫਰਜ਼ ਨਿਭਾਉਣ ਵਿਚ ਅਸਫਲ ਰਹੀ ਹੈ, ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਨ੍ਹਾਂ ਕੇਂਦਰੀ ਏਜੰਸੀਆਂ, ਜੋ ਆਪਣੇ ਕਰਤੱਵ ਨਿਭਾਉਣ ਵਿਚ ਅਸਫਲ ਰਹੀਆਂ ਹਨ ਅਤੇ ਜਿਸ ਦੇ ਸਿੱਟੇ ਵਜੋਂ ਪੰਜਾਬ ਦੇ ਉਨ੍ਹਾਂ ਕਿਸਾਨਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ ਜਿਨ੍ਹਾਂ ਨੇ ਥੁੜ੍ਹ ਦੇ ਸਮੇਂ ਦੇਸ਼ ਦੀ ਸ਼ਲਾਘਾਯੋਗ ਸੇਵਾ ਕੀਤੀ ਹੈ, ਵਿਰੁਧ ਹਰ ਪ੍ਰਕਾਰ ਦੀ ਕਾਰਵਾਈ ਕੀਤੀ ਜਾਵੇ ।

ਸਪੀਕਰ ਸਾਹਿਬ, ਬਹੁਤ ਦੁਖ ਨਾਲ ਅੱਜ ਇਹ ਪ੍ਰਸਤਾਵ ਰੱਖਿਆ ਜਾ ਰਿਹਾ ਹੈ । ਪੰਜਾਬ ਦਾ ਕਿਸਾਨ ਜਿਸ ਨੇ ਹਿੰਦੁਸਤਾਨ ਨੂੰ ਉਪਜ ਵੱਲੋਂ ਇਕ ਐਸੀ ਥਾਂ ਤੇ ਲਿਆ ਕੇ ਖੜ੍ਹਾ ਕਰ ਦਿਤਾ ਹੈ ਕਿ ਸਿਰਫ 10/15 ਸਾਲਾਂ ਵਿਚ ਕਿ ਉਹ ਵਿਦੇਸ਼ਾਂ ਵਿਚੋਂ ਅਨਾਜ ਨਾ ਮੰਗਦਾ ਰਹੇ । ਪਹਿਲਾਂ ਸਾਡਾ ਦੇਸ਼ ਮੰਗਤਿਆਂ ਦੇ ਤੌਰ ਤੇ ਕਹਿ ਲਈਏ ਤਾਂ ਵੀ ਠੀਕ ਹੈ, ਝੋਲੀ ਅੱਡ ਕੇ ਦੁਨੀਆਂ ਦੇ ਕੌਨੇ ਕੌਨੇ ਵਿਚ ਜਾਂਦਾ ਸੀ ਕਿ ਸਾਨੂੰ ਅਨਾਜ ਚਾਹੀਦਾ ਹੈ ਲੇਕਿਨ ਪੰਜਾਬ ਦੇ ਕਿਸਾਨ ਨੇ ਉਸ ਨੂੰ ਇਸ ਤਰ੍ਹਾਂ ਕਰਨ ਤੋਂ ਬਚਾਉਣ ਲਈ ਆਪਣੀ ਸਾਰੀ ਵਾਹ ਲਾ ਦਿਤੀ ਅੱਜ ਅੰਨ ਦੇ ਭੰਡਾਰ ਵਿਚ ਇਤਨਾ ਅੰਨ ਹੈ ਕਿ ਉਸ ਦੀ ਦੁਰਦਸ਼ਾ ਹੋ ਰਹੀ ਹੈ । ਅੱਜ ਪੰਜਾਬ ਦੇ ਕਿਸਾਨ ਦਾ ਝੋਨਾ ਮੰਡੀਆਂ ਵਿਚ ਰੁਲਦਾ ਵੇਖ ਕੇ ਇਨਸਾਨ ਦੇ ਰੌਂਗਟੇ ਖੜੇ ਹੋ ਜਾਂਦੇ ਹਨ । ਇਸ ਕਰ ਕੇ ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਦਾ ਜੋ ਫੂਡ ਕਾਰਪੋਰੇਸ਼ਨ ਆਫ ਇੰਡੀਆ ਦਾ ਰਵੱਈਆ ਐਂਟੀ ਕਿਸਾਨ ਹੈ, ਉਸ ਦੇ ਲਈ ਸੈਂਟਰ ਦੀ ਸਰਕਾਰ ਨਾਲ ਸੰਪਰਕ ਕਰ ਕੇ ਸਰਕਾਰ ਉਸ ਦਾ ਪ੍ਰਬੰਧ ਕਰੇ ।

ਇਸ ਦੇ ਨਾਲ ਮੈਂ ਦੋ ਚਾਰ ਗੱਲਾਂ, ਸਪੀਕਰ ਸਾਹਿਬ, ਹੋਰ ਕਹਿਣੀਆਂ ਚਾਹੁੰਦਾ ਹਾਂ ਕਿ ਕਿਸਾਨ ਚਾਹੁੰਦਾ ਹੈ ਕਿ ਉਸ ਦੇ ਫਸਲ ਬੀਜਣ ਤੋਂ ਪਹਿਲਾਂ ਹੀ ਉਸ ਫਸਲ ਦਾ ਭਾਅ ਬੰਨ੍ਹਿਆ ਜਾਵੇ । ਇਹੋ ਹੀ ਨਹੀਂ, ਸਗੋਂ ਉਹ ਚਾਹੁੰਦਾ ਹੈ ਕਿ ਉਸ ਦੀ ਜਿਨਸ ਦੀ ਕੀਮਤ ਪ੍ਰਾਈਸ ਇੰਡੈਕਸ ਨਾਲ ਜੋੜੀ ਜਾਵੇ । ਲੇਕਿਨ ਕਿਸਾਨ ਮੰਗਦਾ ਕੁਝ ਰਿਹਾ ਹੈ ਪਰ ਹੁੰਦਾ ਉਸ ਦੇ ਉਲਟ ਰਿਹਾ। 120/125 ਰੁਪਏ ਕੁਇੰਟਲ ਦੇ ਭਾਅ ਤੇ ਧਾਨ ਜੋ ਸ਼ੈਲਰਾਂ ਵਾਲੇ ਖਰੀਦ ਰਹੇ ਹਨ, ਇਹ ਸੈਂਟਰ ਦੀ ਸਰਕਾਰ ਦੀ ਜਿੰਮੇਵਾਰੀ ਹੈ ਕਿ ਕਿਸਾਨ ਨੂੰ ਮੁੱਲ ਠੀਕ ਦਵਾਵੇ । ਪਰ ਇਸ ਤਰ੍ਹਾਂ ਹੁੰਦਾ ਕਿਉਂ ਹੈ ? ਕਿਉਂ ਕਿਸਾਨ ਦੀ ਕੋਈ ਗੱਲ ਨਹੀਂ ਸੁਣੀ ਜਾਂਦੀ ? ਸਪੀਕਰ ਸਾਹਿਬ, ਇਸ ਦੇ ਪਿਛੇ ਕੋਈ ਸਾਜ਼ਸ਼ ਹੈ ਅੰਰ ਉਹ ਸਾਜ਼ਸ਼ ਇਹ ਹੈ ਕਿ 25% ਝੋਨਾ ਮੰਡੀਆਂ ਵਿਚ ਆ ਗਿਆ ਸੀ ਲੇਕਿਨ ਭਾਅ ਨਿਸਚਿਤ ਨਹੀ ਸੀ ਕੀਤਾ ਗਿਆ । ਇਹ ਹੀ ਨਹੀਂ, ਕਿਸਾਨਾਂ ਦੀ ਫਸਲ ਬਾਰੇ ਹਦਾਇਤ ਕੀਤੀ ਗਈ ਕਿ ਇਕ ਅਕਤੂਬਰ ਤਕ ਝੋਨਾ ਮੰਡੀਆਂ ਵਿਚ ਕਿਸਾਨ ਨਾ ਲਿਆਉਣ । ਮੈਂ ਉਨ੍ਹਾਂ ਲੋਕਾਂ ਤੋਂ ਜਿਹੜੇ ਕਿ ਦਫਤਰਾਂ ਵਿਚ ਬੈਠ ਕੇ ਇਸ ਤਰ੍ਹਾਂ ਦੀਆਂ ਹਦਾਇਤਾਂ ਕਰਦੇ ਹਨ, ਪੁੱਛਣਾ ਚਾਹੁੰਦਾ ਹਾਂ ਕਿ ਕਿਸਾਨ ਪਾਸ ਕਿਹੜਾ ਢੰਗ ਹੈ ਜਿਸ ਨਾਲ ਕਿ ਉਹ ਇਕ ਅਕਤੂਬਰ ਤਕ ਆਪਣਾ ਝੋਨਾ ਮੰਡੀਆਂ ਵਿਚ ਨਾ

Original with;
Punjab Vidhan Sabha
Digitized by
Panjab Digital Library

[ਸਰਦਾਰ ਸੁਖਦੇਵ ਸਿਘ ਢੀਂਡਸਾ]

ਲਿਆਵੇ ਜਦੋਂ ਕਿ 15 ਸਤੰਬਰ ਤੋਂ ਝਾੜਨਾ ਸ਼ੁਰੂ ਹੋ ਗਿਆ ਸੀ । ਉਹ ਕਿਸ ਤਰ੍ਹਾਂ ਇਤਨਾ ਚਿਰ ਆਪਣੇ ਪਾਸ ਉਸ ਨੂੰ ਸੰਭਾਲ ਰੱਖਦਾ । ਸਪੀਕਰ ਸਾਹਿਬ, ਅੱਜ 17 ਅਕਤੂਬਰ ਹੋ ਗਈ ਹੈ ਲੇਕਿਨ ਐਫ. ਸੀ. ਆਈ. ਅਜੇ ਤਕ ਮੰਡੀਆਂ ਵਿਚ ਇਕ ਵੀ ਢੇਰੀ ਲੈਣ ਨੂੰ ਤਿਆਰ ਨਹੀਂ । ਅੱਜ ਵੀ ਕਿਸਾਨ ਦਾ ਝੋਨਾ ਕੋਈ ਖਰੀਦਣ ਨੂੰ ਤਿਆਰ ਨਹੀਂ । ਮੈਂ ਸਮਝਦਾ ਹਾਂ ਕਿ ਕਿਸਾਨ ਨਾਲ ਇਹ ਬਹੁਤ ਵਡੀ ਬੇਇਨਸਾਫ਼ੀ ਹੋ ਰਹੀ ਹੈ । ਉਨ੍ਹਾਂ ਕਿਸਾਨਾਂ ਨੇ ਆਪਣੇ ਝੋਨੇ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ ਹੈ ਪਰ ਉਹ ਝੋਨਾ ਰੁਲ ਰਿਹਾ ਹੈ। ਫਿਰ, ਸਪੀਕਰ ਸਾਹਿਬ, ਸੈਂਟਰ ਦੀ ਸਰਕਾਰ ਨੇ ਝੋਨੇ ਦਾ ਭਾਅ ਵਧਾਇਆ ਪਰ ਬਹੁਤ ਦੇਰ ਬਾਅਦ, ਪਰ ਜਿਹੜਾ ਵਧਾਇਆ ਹੈ ਉਹ ਸਿਰਫ਼ 5 ਰੁਪਏ ਵਧਾਇਆ ਹੈ। ਜੇ ਅਸਲ ਵਿਚ ਵੇਖੀਏ ਤਾਂ ਉਸ ਭਾਅ ਤੇ ਕੋਈ ਏਜੰਸੀ ਉਨ੍ਹਾਂ ਤੋਂ ਝੋਨਾ ਨਹੀਂ ਖਰੀਦ ਰਹੀ । ਇਸ ਤੋਂ ਇਲਾਵਾ ਚਾਵਲਾਂ ਦਾ ਭਾਅ ਹਾਲੇ ਤਕ ਫਿਕਸ ਨਹੀਂ ਕੀਤਾ ਗਿਆ । ਕਿਸੇ ਨੂੰ ਪਤਾ ਨਹੀਂ ਕਿ ਝੋਨੇ ਨੂੰ ਖਰੀਦਣ ਤੋਂ ਬਾਅਦ ਚਾਵਲਾਂ ਦਾ ਭਾਅ ਕਿਤਨਾ ਫਿਕਸ ਹੋਣਾ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਕਿਸਾਨਾਂ ਦਾ ਹਾਲ ਇਸ ਕਰ ਕੇ ਕੀਤਾ ਜਾ ਰਿਹਾ ਹੈ ਕਿਉਂ ਕਿ ਪੰਜਾਬ ਦੇ ਕਿਸਾਨਾਂ ਨੇ ਅਕਾਲੀ ਦਲ ਨੂੰ ਵੋਟਾਂ ਪਾ ਕੇ ਜਿਤਾਇਆ ਹੈ । ਇਸ ਕਰ ਕੇ ਕਿਸਾਨ ਨੂੰ ਬਰਬਾਦ ਕੀਤਾ ਜਾ ਰਿਹਾ ਹੈ ।

ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਪਹਿਲਾਂ ਹੀ ਸੈਂਟਰ ਦੀਆਂ ਗਲਤ ਨੀਤੀਆਂ ਕਾਰਣ ਜਿਹੜਾ ਪੰਜਾਬ ਦਾ ਨੌਜਵਾਨ ਸੀ, ਜਿਹੜੇ ਪੜ੍ਹੇ ਲਿਖੇ ਬੇਰੁਜ਼ਗਾਰ ਸਨ ਜਿਨ੍ਹਾਂ ਵਾਸਤੇ ਸਾਰੇ ਰਸਤੇ ਬੰਦ ਹੋ ਗਏ ਸਨ, ਫੌਜ ਵਿਚ ਉਨ੍ਹਾਂ ਦੀ ਭਰਤੀ ਘਟਾ ਦਿਤੀ ਗਈ ਸੀ, ਹੋਰ ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਦੀ ਭਰਤੀ ਬੰਦ ਕਰ ਦਿਤੀ ਗਈ ਸੀ, ਇਸ ਕਰ ਕੇ ਉਨ੍ਹਾਂ ਦੀ ਭਾਵਨਾ ਭੜਕ ਪਈ ਸੀ ਔਰ ਪੰਜਾਬ ਵਿਚ ਹਾਲਾਤ ਵਿਗੜੇ ਸਨ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਦਾ ਸਕੋਪ ਬਹੁਤ ਲਿਮਟਿਡ ਹੈ। ਪਰ ਇਹ ਉਸ ਰੈਜ਼ੋਲਿਊਸ਼ਨ ਤੋਂ ਬਾਹਰ ਜਾ ਰਹੇ ਹਨ।

ਸ਼੍ਰੀ ਸਪੀਕਰ : ਠੀਕ ਹੈ, ਮੈਂ ਸਮਝਦਾ ਹਾਂ ਕਿ ਤੁਹਾਨੂੰ ਰੈਜ਼ੋਲਿਊਸ਼ਨ ਤਕ ਹੀ ਕਨਫਾਈਨ ਰਹਿਣਾ ਚਾਹੀਦਾ ਹੈ । ਵੈਸੇ, ਪੰਡਿਤ ਜੀ, ਇਨ੍ਹਾਂ ਦਾ ਮਤਲਬ ਇਹ ਸੀ ਕਿ ਜੇਕਰ ਕਿਸੇ ਕਾਰਣ ਇਸ ਪਰਾਬਲਮ ਦਾ ਸੋਲੂਸ਼ਨ ਨਾ ਹੋਇਆ ਤਾਂ ਲਾਅ ਐਂਡ ਆਰਡਰ ਦੀ ਪਰਾਬਲਮ ਬਣ ਜਾਵੇਗੀ ।

ਪੰਡਿਤ ਮੋਹਨ ਲਾਲ : ਵੈਸੇ ਰੈਜ਼ੋਲਿਊਸ਼ਨ ਦਾ ਸਕੋਪ ਬਹੁਤ ਲਿਮਟਿਡ ਹੈ ਉਸ ਤੋਂ ਬਾਹਰ ਨਹੀਂ ਜਾ ਸਕਦੇ ਪਰ ਜੇਕਰ ਤੁਸੀਂ ਅਲਾਓ ਕਰ ਦਿਓ ਤਾਂ ਮਾਲਕ ਹੋ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਤਾਂ ਇਹ ਕਹਿ ਰਿਹਾ ਸੀ ਪਹਿਲਾਂ ਹੀ ਪੰਜਾਬ ਦੇ ਨੌਜਵਾਨਾਂ ਦਾ ਖੂਨ ਬਹੁਤ ਵਹਾਇਆ ਗਿਆ ਹੈ, ਗੋਲੀਆਂ ਨਾਲ ਖੂਨ ਵਹਾਇਆ ਗਿਆ ਹੈ ਔਰ ਮੈਂ ਸੈਂਟਰ ਦੀ ਸਰਕਾਰ ਨੂੰ ਵਾਰਨਿੰਗ ਦੇਣਾ ਚਾਹੁੰਦਾ ਹਾਂ ਕਿ ਜੇਕਰ ਜੋਕ ਦੀ ਤਰ੍ਹਾਂ ਇਹ ਪੰਜਾਬ ਦੇ ਕਿਸਾਨਾਂ ਦੀ ਖੂਨ ਦੀ ਪਿਆਸੀ ਰਹੀ ਤਾਂ ਪੰਜਾਬ ਦੇ ਕਿਸਾਨ ਵੀ ਪੰਜਾਬ ਦੇ ਨੌਜਵਾਨਾਂ ਦੀ ਤਰ੍ਹਾਂ ਬਗਾਵਤ ਦਾ ਰਾਹ ਅਖਤਿਆਰ ਕਰ ਲੈਣਗੇ। ਹੋਰ ਉਨ੍ਹਾਂ ਦੇ ਪਾਸ ਕੋਈ ਰਸਤਾ ਨਹੀਂ ਰਹੇਗਾ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ** ** **

Mr. Speaker ; No point of order. Disallowed.

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਉਸ ਪਾਸੇ ਹੀ ਆ ਰਿਹਾ ਸੀ। ਪੰਜਾਬ ਦਾ ਕਿਸਾਨ ਸੈਂਟਰਲ ਪੂਲ ਵਿਚ 65–70% ਤਕ ਆਪਣਾ ਅਨਾਜ ਦਿੰਦਾ ਹੈ ਪਰ ਅਜ ਉਸ ਕਿਸਾਨ ਨਾਲ ਬਹੁਤ ਜ਼ਿਆਦਾ ਬੇਇਨਸਾਫ਼ੀ ਹੋ ਰਹੀ ਹੈ। ਸਰਕਾਰ ਉਹ ਚੰਗੀ ਹੁੰਦੀ ਹੈ ਜਿਹੜੀ ਕਿ ਚੰਗੇ ਕੰਮ ਕਰਨ ਵਾਲੇ ਅਫਸਰ ਨੂੰ ਤਰੱਕੀ ਦੇਵੇ, ਇਨਕਰੀਮੈਂਟ ਦੇਵੇ। ਪਰ ਜਿਹੜੀ ਸਰਕਾਰ ਕੰਮ ਕਰਨ ਵਾਲੇ ਕਿਸਾਨਾਂ ਨੂੰ, ਜਿਨ੍ਹਾਂ ਨੇ ਹਿੰਦੁਸਤਾਨ ਦੀ ਭੁਖ ਦੂਰ ਕੀਤੀ ਹੈ, ਉਨ੍ਹਾਂ ਦੇ ਹੱਕਾਂ ਤੋਂ ਵਾਂਝਿਆ ਕਰ ਕੇ ਉਨ੍ਹਾਂ ਨਾਲ ਅੱਤਿਆਚਾਰ ਕਰੇ, ਉਹ ਸਰਕਾਰ ਚੰਗੀ ਨਹੀਂ ਕਹੀ ਜਾ ਸਕਦੀ।

ਪੰਡਿਤ ਸਰਵਣ ਰਾਮ : ** ** **

Mr. Speaker : **No point of order.**

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਅਸਲ ਗੱਲ ਤੇ ਹੀ ਆ ਜਾਂਦਾ ਹਾਂ ਕਿ ਇਹ ਸਾਰੀਆਂ ਗੱਲਾਂ ਕੌਣ ਕਰ ਰਿਹਾ ਹੈ। ਮੈਂ ਇਹ ਇਥੇ ਕਹਿਣਾ ਨਹੀਂ ਸੀ ਚਾਹੁੰਦਾ ਪਰ ਇਹ ਆਪ ਹੀ ਮਜ਼ਬੂਰ ਕਰ ਰਹੇ ਹਨ। ਇਹ ਪੰਜਾਬ ਦੇ ਕਿਸਾਨ ਨਾਲ ਬੇਇਨਸਾਫ਼ੀ ਇਸ ਕਰਕੇ ਹੋ ਰਹੀ ਹੈ ਕਿ ਪੰਜਾਬ ਦਾ ਕਿਸਾਨ 95% ਸਿੱਖ ਹੈ ਅੌਰ ਐਗਰੀਕਲਚਰ ਮਨਿਸਟਰ ਜਿਹੜਾ ਕਿ ਸੈਂਟਰ ਵਿਚ ਹੈ ਉਹ ਪੰਥ ਵਿਚੋਂ ਛੇਕਿਆ ਹੋਇਆ ਹੈ।

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ : ਸਪੀਕਰ ਸਾਹਿਬ, ਸੈਂਟਰਲ ਮਨਿਸਟਰ ਨੂੰ ਹਾਊਸ ਵਿਚ ਰੈਫਰ ਨਹੀਂ ਕੀਤਾ ਜਾ ਸਕਦਾ ਅੌਰ ਜਿਹੜਾ ਆਦਮੀ ਆਪਣੇ ਆਪ ਨੂੰ ਇਥੇ ਡਿਫੈਂਡ ਨਹੀਂ ਕਰ ਸਕਦਾ ਉਸ ਦੇ ਮੁਤੱਲਕ ਕੁਝ ਨਹੀਂ ਕਿਹਾ ਜਾ ਸਕਦਾ।

ਸ਼੍ਰੀ ਸਪੀਕਰ : ਉਨ੍ਹਾਂ ਨੇ ਕਿਸੇ ਦਾ ਨਾਂ ਲੈ ਕੇ ਕੋਈ ਗੱਲ ਨਹੀਂ ਕੀਤੀ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਨਾਂ ਨਹੀਂ ਲਿਆ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਕਿਸਾਨ ਇਨ੍ਹਾਂ ਦੀਆਂ ਨੀਤੀਆਂ ਕਰ ਕੇ ਭੁਖਾ ਤਾਂ ਮਰ ਜਾਵੇਗਾ ਪਰ ਉਸ ਇਨਸਾਨ ਨਾਲ ਜਿਹੜਾ ਕਿ ਪੰਥ ਵਿਚੋਂ ਛੇਕਿਆ ਹੋਇਆ ਹੈ ..... (ਸ਼ੋਰ) (ਵਿਘਨ) ਸਪੀਕਰ ਸਾਹਿਬ, ਇਹ ਸਿੱਖ ਧਰਮ ਦਾ ਪਹਿਲਾ ਅਸੂਲ ਹੈ।

ਸ਼੍ਰੀ ਰਘੂ ਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਜਿਸ ਨਾਲ ਇਨ੍ਹਾਂ ਦਾ ਅਕਾਰਡ ਹੋਇਆ ਹੈ, ਸਮਝੌਤਾ ਹੋਇਆ ਹੈ, ਉਸ ਦੇ ਬਾਰੇ ਹੁਣ ਇਹ ਗੱਲਾਂ ਕਰਨੀਆਂ ਠੀਕ ਨਹੀਂ।

ਸ਼੍ਰੀ ਸਪੀਕਰ : ਉਨ੍ਹਾਂ ਦਾ ਕੋਈ ਰੈਫ਼ਰੈਂਸ ਨਹੀਂ। ਇਹ ਤਾਂ ਸਪੀਚ ਨੂੰ ਡਿਸਟਰਬ ਕਰਨ ਵਾਲੀ ਗੱਲ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਸ ਤੋਂ ਵੱਡੀ ਦੁਖ ਦੀ ਗੱਲ ਇਹ ਹੈ ਕਿ ਸੰਤ ਲੌਂਗੋਵਾਲ ਅੌਰ ਪ੍ਰਾਈਮ ਮਨਿਸਟਰ ਨਾਲ ਜਿਹੜਾ ਸਮਝੌਤਾ ਹੋਇਆ ਹੈ ਉਸ ਸਪਿਰਿਟ ਦੀ ਉਲੰਘਣਾ ਹੁਣ ਇਹ ਆਪ ਹੀ ਕਰ ਰਹੇ ਹਨ। ਜੋ ਕਿਸਾਨਾਂ ਦਾ ਹਾਲ ਕੀਤਾ ਜਾ ਰਿਹਾ ਹੈ ਇਹ ਉਸ ਸਮਝੌਤੇ ਨੂੰ ਤੋੜਿਆ ਜਾ ਰਿਹਾ ਹੈ। ਪੰਜਾਬ ਦੇ ਕਿਸਾਨਾਂ ਨੂੰ ਭੁਖਾ ਮਾਰਨ ਵਾਲੀ ਗੱਲ ਸੈਂਟਰ ਦੀ ਸਰਕਾਰ ਕਰ ਰਹੀ ਹੈ, ਅਕਾਲੀ ਸਰਕਾਰ ਨਹੀਂ ਕਰ ਰਹੀ। ਉਸ ਸਮਝੌਤੇ ਨੂੰ ਇਮਾਨਦਾਰੀ ਨਾ ਲ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਲਾਗੂ ਕਰਨਾ ਤਾਂ ਇਕ ਪਾਸੇ ਰਿਹਾ ਸਗੋਂ ਇਹ ਆਪ ਪੰਜਾਬ ਦੇ ਕਿਸਾਨਾਂ ਨਾਲ ਬੇਇਨਸਾਫੀ ਕਰ ਕੇ ਉਸ ਸਮਝੌਤੇ ਦੀ ਉਲੰਘਣਾ ਕਰ ਰਹੇ ਹਨ । ਬਾਕੀ ਲੋਕਾਂ ਦੇ ਨਾਲ ਇਨਸਾਫ ਕਰਨ ਦੀ ਲੋੜ ਹੈ । ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਇਸ ਸਮਝੌਤੇ ਦੀ ਉਲੰਘਣਾ ਹੋ ਰਹੀ ਹੈ ਜੋ ਸੈਂਟਰ ਦੀ ਸਰਕਾਰ ਕਰ ਰਹੀ ਹੈ । ਜੋ ਲੋਕ ਆਨੰਦਪੁਰ ਸਾਹਿਬ ਦੇ ਮਤੇ ਦੀ ਵਿਰੋਧਤਾ ਕਰਦੇ ਹਨ ਉਹ ਕਰਦੇ ਰਹਿਣਗੇ ਅਤੇ ਕਰ ਰਹੇ ਹਨ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਹ ਅੱਜ ਦੇ ਮਤੇ ਨਾਲ ਇਸ ਦੀ ਕੋਈ ਰੈਲੇ-ਵੈਂਸੀ ਨਹੀਂ ਹੈ ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਬੋਲਣ ਲਈ ਖੜ੍ਹੇ ਹੋ ਗਏ।)

ਸ਼੍ਰੀ ਸਪੀਕਰ : ਬਹੁਤ ਸਾਰੇ ਮੈਂਬਰ ਸਾਹਿਬਾਨ ਨਵੇਂ ਆਏ ਹਨ ਜਿਨ੍ਹਾਂ ਨੂੰ ਪਤਾ ਨਹੀਂ ਹੈ ਕਿ ਜਦੋਂ ਸਪੀਕਰ ਆਪਣੀ ਸੀਟ ਤੋਂ ਖੜ੍ਹਾ ਹੋ ਜਾਵੇ ਤਾਂ ਮੈਂਬਰ ਸਾਹਿਬਾਨ ਸ਼ਾਂਤ ਹੋ ਜਾਇਆ ਕਰਨ । ਬਾਕੀ ਡਾਕਟਰ ਸਾਹਿਬ, ਕੇਵਲ ਆਨੰਦਪੁਰ ਸਾਹਿਬ ਦੇ ਮਤੇ ਦੇ ਨਾਂ ਤੋਂ ਚਿੜਣ ਦੀ ਲੋੜ ਨਹੀਂ ਹੈ। ਉਹ ਗੱਲ ਕਰ ਰਹੇ ਹਨ । ਅਗਰ ਉਹ ਮਤੇ ਦੇ ਬਾਹਰ ਜਾਣਗੇ ਤਾਂ ਰੋਕ ਦੇਵਾਂਗੇ। ਉਨ੍ਹਾਂ ਨੂੰ ਆਪਣੀ ਗੱਲ ਕਹਿ ਲੈਣ ਦਿਓ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਦਾ ਮਤਾ ਇਸ ਕਰ ਕੇ ਹੀ ਵਾਧੂ ਅਧਿਕਾਰ ਮੰਗਦਾ ਹੈ ਅਤੇ ਹਰ ਸਫੀਅਰ ਵਿਚ ਸੈਂਟਰ ਦੀ ਸਰਕਾਰ ਦਾ ਅਧਿਕਾਰ ਹੈ ਅਤੇ ਦਖਲ ਹੈ। ਅਗਰ ਇਹ ਅਧਿਕਾਰ ਅੱਜ ਪੰਜਾਬ ਦੀ ਸਰਕਾਰ ਕੋਲ ਹੁੰਦੇ ਤਾਂ ਅੱਜ ਪੰਜਾਬ ਦੇ ਕਿਸਾਨ ਦੀ ਹਾਲਤ ਦੁਰਦਸ਼ਾ ਵਾਲੀ ਨਾ ਹੁੰਦੀ । ਜਿਹੜੇ ਲੋਕ ਕਹਿੰਦੇ ਹਨ ਕਿ ਸੈਂਟਰ ਮਜ਼ਬੂਤ ਹੋਵੇ, ਤਕੜਾ ਹੋਵੇ ਮੈਂ ਇਸ ਗੱਲ ਨੂੰ ਮੰਨ ਸਕਦਾ ਹਾਂ ਕਿ ਸੈਂਟਰ ਵਿਚ ਡੀਫੈਂਸ ਮਜ਼ਬੂਤ ਹੋਣਾ ਚਾਹੀਦਾ ਹੈ ਪਰ ਇਸ ਕਰ ਕੇ ਸੈਂਟਰ ਮਜ਼ਬੂਤ ਨਾ ਹੋਵੇ ਕਿ ਉਹ ਹਰ ਖੇਤਰ ਵਿਚ ਆਪਣਾ ਅਧਿਕਾਰ ਕਰ ਲਵੇ। ਇਸ ਤਰ੍ਹਾਂ ਦੇ ਅਧਿਕਾਰ ਸੈਂਟਰ ਕੋਲ ਨਹੀਂ ਹੋਣੇ ਚਾਹੀਦੇ ਕਿ ਉਹ ਕਿਸਾਨਾਂ ਦੀ ਫਸਲ ਦਾ ਭਾਅ ਮਿਥੇ, ਫਸਲ ਵੇਚਣ ਦਾ ਅਧਿਕਾਰ ਅਤੇ ਐਕਸਪੋਰਟ ਦੇ ਅਧਿਕਾਰ ਸੈਂਟਰ ਕੋਲ ਨਹੀਂ ਹੋਣੇ ਚਾਹੀਦੇ । ਇਨ੍ਹਾਂ ਕਾਰਣਾਂ ਕਰਕੇ ਹੀ ਅੱਜ ਪੰਜਾਬ ਦੇ ਕਿਸਾਨ ਦੀ ਹਾਲਤ ਬਹੁਤ ਦੁਰਦਸ਼ਾ ਵਾਲੀ ਹੋ ਰਹੀ ਹੈ । ਕਿਸਾਨਾਂ ਦਾ ਮਾਲ ਖਰੀਦਣ ਵਾਸਤੇ ਮੰਡੀਆਂ ਵਿਚ ਕੋਈ ਨਹੀਂ ਆ ਰਿਹਾ ਅਤੇ ਉਸ ਦਾ ਮਾਲ ਰੁਲ ਰਿਹਾ ਹੈ। ਜਿਹੜਾ ਸਮਝੌਤਾ ਸੈਂਟਰ ਦੀ ਸਰਕਾਰ ਅਤੇ ਸੰਤ ਜੀ ਵਿਚਕਾਰ ਹੋਇਆ ਸੀ ਉਸ ਨੂੰ ਉਸੇ ਸਪਿਰਿਟ ਵਿਚ ਲਾਗੂ ਕਰਨਾ ਚਾਹੀਦਾ ਹੈ । ਹੁਣ ਇਹ ਗੱਲ ਨਹੀਂ ਵੇਖਣੀ ਚਾਹਦੀ ਕਿ ਲੋਕਾਂ ਨੇ ਕਿਸ ਵਰਗ ਨੂੰ ਵੋਟਾਂ ਪਾਈਆਂ ਹਨ ਅਤੇ ਕਿਸ ਵਰਗ ਦੀ ਸਰਕਾਰ ਪੰਜਾਬ ਵਿਚ ਹੈ। ਹਿੰਦੁਸਤਾਨ ਤਦ ਹੀ ਮਜ਼ਬੂਤ ਹੋ ਸਕਦਾ ਹੈ ਅਗਰ ਸਟੇਟਸ ਖੁਸ਼ਹਾਲ ਹੋਣ, ਪੰਜਾਬ ਦਾ ਕਿਸਾਨ ਤਕੜਾ ਹੋਵੇ, ਪੰਜਾਬ ਵੀ ਤਾਂ ਹੀ ਤਕੜਾ ਹੋ ਸਕਦਾ ਹੈ ਜੇਕਰ ਪੰਜਾਬ ਦਾ ਕਿਸਾਨ ਤਕੜਾ ਹੋਵੇਗਾ ਅੌਰ ਅਗਰ ਪੰਜਾਬ ਤਕੜਾ ਹੋਵੇਗਾ ਤਦ ਹੀ ਸੈਂਟਰ ਤਕੜਾ ਹੋਵੇਗਾ । ਪੰਜਾਬ ਦੇ ਕਿਸਾਨ ਦਾ ਤਕੜਾ ਹੋਣਾ ਬੜਾ ਲਾਜ਼ਮੀ ਹੈ। ਸਪੀਕਰ ਸਾਹਿਬ, ਅੱਜ ਜੋ ਪੰਜਾਬ ਦੇ ਕਿਸਾਨ ਨਾਲ ਵਾਪਰ ਰਹੀ ਹੈ ਉਸ ਦੇ ਨਾਲ ਸਾਰਿਆਂ ਦਾ ਮਨ ਦੁਖੀ ਹੈ। ਇਸ ਲਈ ਮੈਂ ਸਰਕਾਰ ਨੂੰ ਅਤੇ ਸੀ.ਐਮ. ਸਾਹਿਬ ਤੇ ਖੇਤੀ ਬਾੜੀ ਮੰਤਰੀ ਜੀ ਇਥੇ ਬੈਠੇ ਹਨ ਇਨ੍ਹਾਂ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਭਾਵੇਂ ਤੁਸੀਂ ਕੋਸ਼ਿਸ਼ ਕੀਤੀ ਹੈ ਅਤੇ ਆਪਣੀਆਂ ਏਜੰਸੀਆਂ ਮੰਡੀਆਂ ਵਿਚ ਪਰਚੇਜ਼ ਕਰਨ ਲਈ ਅੱਗੇ ਆਈਆਂ ਹਨ ਅੌਰ ਜਿਥੋਂ ਤੱਕ ਪੰਜਾਬ ਦੀ ਮਾਰਕਫੈਡ ਏਜੰਸੀ ਦਾ ਸਬੰਧ ਹੈ ਇਨ੍ਹਾਂ ਨੂੰ ਜਿਹੜੇ ਸੈਂਟਰ ਅਲਾਟ ਹੋਏ ਸਨ

Original with;
Punjab Vidhan Sabha
Digitized by;
Panjab Digital Library

ਪਰਚੇਜ਼ ਕਰਨ ਲਈ, ਇਹ ਹਾਲੇ ਤੱਕ ਉਥੇ ਨਹੀਂ ਪਹੁੰਚੀ ਹੈ। ਤੁਸੀਂ ਇਸ ਮਤੇ ਦੇ ਪਾਸ ਹੋ ਜਾਣ ਤੋਂ ਬਾਅਦ ਸੈਂਟਰ ਦੀ ਸਰਕਾਰ ਨਾਲ ਇਹ ਮਾਮਲਾ ਟੇਕ ਅਪ ਕਰਨਾ ਹੈ ਅੌਰ ਸੈਂਟਰ ਨੂੰ ਕਿਹਾ ਜਾਵੇ ਕਿ ਉਹ ਆਪਣੀਆ ਏਜੰਸੀਆਂ ਨੂੰ ਸਖਤ ਹਦਾਇਤਾਂ ਜਾਰੀ ਕਰਨ। ਐਫ.ਸੀ.ਆਈ. ਦੀ ਏਜੰਸੀ ਦੇ ਰਾਹੀਂ ਖਰੀਦ ਕੀਤੀ ਜਾਵੇ ਤਾਕਿ ਕਿਸਾਨਾਂ ਦਾ ਜਿਹੜਾ ਮਾਲ ਰੁਲ ਰਿਹਾ ਹੈ ਉਹ ਚੁੱਕਿਆ ਜਾ ਸਕੇ ਅਤੇ ਤੁਸੀਂ ਆਪਣੀਆਂ ਏਜੰਸੀਆਂ ਨੂੰ ਸਖਤ ਹਦਾਇਤਾਂ ਜਾਰੀ ਕਰੋ ਅਤੇ ਕਿਸਾਨਾਂ ਨੂੰ ਸਾਡੀ ਸਰਕਾਰ ਵੱਲੋਂ ਬੋਨਸ ਦਿਤਾ ਜਾਣਾ ਚਾਹੀਦਾ ਹੈ। ਪੰਜਾਬ ਦੇ ਕਿਸਾਨ ਨੂੰ ਬੋਨਸ ਦੇ ਰੂਪ ਵਿਚ ਰਿਆਇਤ ਮਿਲਣੀ ਚਾਹੀਦੀ ਹੈ (ਥੰਪਿੰਗ) ਅਤੇ ਇਹ ਬੋਨਸ ਸੈਂਟਰ ਤੋਂ ਵੀ ਮਿਲਣਾ ਚਾਹੀਦਾ ਹੈ ਕਿਉਂਕਿ ਜਿਹੜੀ ਐਫ.ਸੀ. ਆਈ. ਵੱਲੋਂ ਕਿਸਾਨਾਂ ਦਾ ਮਾਲ ਨਾ ਖਰੀਦਣ ਕਰਕੇ ਮਾਲ ਰੁਲਿਆ ਹੈ ਅਤੇ ਉਨ੍ਹਾਂ ਤੇ ਜਖਮ ਹੋਏ ਹਨ ਉਨ੍ਹਾਂ ਤੇ ਮਲ੍ਹਮ ਪੱਟੀ ਕਰਨ ਲਈ ਬੋਨਸ ਸਰਕਾਰ ਵੱਲੋਂ ਦਿੱਤਾ ਜਾਵੇ। ਇਸ ਮਤੇ ਨੂੰ ਇਸ ਹਾਊਸ ਵੱਲੋਂ ਯੂਨਾਨੀਮਸਲੀ ਪਾਸ ਕੀਤਾ ਜਾਵੇ ਤਾਕਿ ਪੰਜਾਬ ਦੇ ਸਾਰੇ ਕਿਸਾਨਾਂ ਦੀ ਮਦੱਦ ਹੋ ਸਕੇ ।

Mr. Speaker : Motion moved—

"Whereas paddy is arriving in large quantities in all the Mandis of Punjab, the Food Corporation of India which is primarily responsible for procuring approximately 75 per cent of all the arrivals has failed in its duty to provide effective price support for paddy purchases. Consequently the farmers of Punjab are being put to great hardship and financial loss for which responsibility squarely lies on the Government of India.

Now, therefore, as the Food Corporation of India has failed to perform the due function towards the procurement of paddy, this House recommends to the State Government that all expeditious efforts be taken against those central agencies which have failed in their duties and as a consequence, have increased the sufferings of Punjab farmers who have rendered yeoman's service to the country in times of scarcity."

ਗਿਆਨੀ ਅਰਜਨ ਸਿੰਘ ਲਿੱਟ (ਕਿਲਾ ਰਾਇਪੁਰ) : ਸਪੀਕਰ ਸਾਹਿਬ, ਮੈਂ ਇਸ ਮਤੇ ਦੀ ਪ੍ਰੋੜਤਾ ਕਰਨ ਲਈ ਖੜ੍ਹਾ ਹੋਇਆ ਹਾਂ। ਸਭ ਤੋਂ ਪਹਿਲਾਂ, ਮੈਂ ਇਥੇ ਇਸ ਹਾਊਸ ਵਿਚ ਆਏ ਸਾਰੇ ਸੱਜਣਾਂ ਨੂੰ ਵਧਾਈ ਦਿੰਦਾ ਹਾਂ। ਮੇਰੇ ਸਾਥੀ ਢੀਂਡਸਾ ਸਾਹਿਬ ਨੇ ਕਿਸਾਨਾਂ ਦੀ ਹਾਲਤ ਦਾ ਜ਼ਿਕਰ ਕੀਤਾ ਹੈ ਜਿਹੜੀ ਕਿ ਬਹੁਤ ਹੀ ਮਾੜੀ ਹੈ ਅਤੇ ਦਰਦਨਾਕ ਹੈ ਕਿਉਂਕਿ ਕਿਸਾਨ ਦਾ ਮਾਲ ਅਜੇ ਤੱਕ ਮੰਡੀਆਂ ਵਿਚ ਰੁਲ ਰਿਹਾ ਹੈ ਅੌਰ ਐਫ.ਸੀ.ਆਈ. ਜਿਹੜੀ ਸੈਂਟਰਲ ਗੌਰਮਿੰਟ ਦੀ ਏਜੰਸੀ ਹੈ ਉਹ ਜਾਣ ਬੁਝ ਕੇ ਮੰਡੀਆਂ ਵਿਚ ਖਰੀਦ ਨਹੀਂ ਕਰ ਰਹੀ । ਗਰੀਬ ਕਿਸਾਨ ਦੀ ਧਾਨ ਨੂੰ 15-15 ਦਿਨਾਂ ਤੋਂ ਮੰਡੀਆਂ ਵਿਚ ਪਈਆਂ ਨੂੰ ਹੋ ਗਿਆ ਪਰ ਕੋਈ ਖਰੀਦਣ ਵਾਲਾ ਨਹੀਂ ਹੈ । ਸੈਂਟਰ ਦੀ ਸਰਕਾਰ ਨੇ ਧਾਨ ਤੇ 5 ਰੁਪਏ ਕੁਵਿੰਟਲ ਦੇ ਹਿਸਾਬ ਨਾਲ ਭਾਅ ਵਿਚ ਵਾਧਾ ਕੀਤਾ ਹੈ ਜਦ ਕਿ ਕਿਸਾਨ ਨੂੰ ਪਰ ਮਣ ਦੇ ਹਿਸਾਬ ਨਾਲ 10 ਰੁਪਏ ਖਰਚਾ ਪੈ ਰਿਹਾ ਹੈ ਅੌਰ ਹਰ ਚੀਜ਼ ਵਿਚ ਮਹਿੰਗਾਈ ਹੋ ਗਈ ਹੈ ਪਰ ਕਿਸਾਨਾਂ ਦੀ ਫਸਲ ਦੇ ਭਾਅ ਉਹ ਹੀ ਹਨ । ਸੈਂਟਰ ਵਿਚ ਐਗਰੀਕਲਚਰ ਦਾ ਮਹਿਕਮਾ ਕਿਸੇ ਹੋਰ ਨੂੰ ਦਿਤਾ ਜਾਵੇ । ਮਾਰਕਫੈਡ ਦਾ ਇਕ ਮੈਨੇਜਰ ਆਪਣੇ ਇੰਪਲਾਈਜ਼ ਦੀ ਰਾਹੀਂ ਪੈਸੇ ਇਕੱਠੇ ਕਰਕੇ ਇਲੈਕਸ਼ਨਾਂ ਵਿਚ ਮੇਰੇ ਹਲਕੇ ਵਿਚ ਕੰਮ ਕਰਦਾ ਰਿਹਾ ਹੈ ਅਤੇ ਉਹ ਧਾਨ ਦੀ ਖਰੀਦ ਨਹੀਂ ਕਰਦਾ ।

Original with;
Punjab Vidhan Sabha
Digitized by;
Panjab Digital Library

[ਗਿਆਨੀ ਅਰਜਨ ਸਿੰਘ ਲਿੱਟ]

ਮੇਰੇ ਹਲਕੇ ਵਿਚ ਪਿਛਲੇ 13 ਦਿਨਾਂ ਤੋਂ ਧਾਨ ਮੰਡੀਆਂ ਵਿਚ ਪਈ ਹੈ ਪਰ ਕੋਈ ਏਜੰਸੀ ਖਰੀਦ ਨਹੀਂ ਕਰ ਰਹੀ ਹੈ। ਮੈਂ ਬਰਨਾਲਾ ਸਾਹਿਬ ਨੂੰ ਕਹੂੰਗਾ ਕਿ ਇਸ ਮਾਰਕਫੈਡ ਦੇ ਮੈਨੇਜਰ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਸਪੀਕਰ ਸਾਹਿਬ, ਤੁਸੀਂ ਸਾਡੇ ਕਸਟੋਡੀਅਨ ਹੋ ਅਤੇ ਕਿਸਾਨਾਂ ਦੀ ਹਾਲਤ ਨੂੰ ਤੁਸੀਂ ਵੀ ਅੱਛੀ ਤਰ੍ਹਾਂ ਜਾਣਦੇ ਹੋ ਅਤੇ ਸਾਡੇ ਪੰਜਾਬ ਦੀ ਇਕੋਨਮੀ ਕਿਸਾਨਾਂ ਉਤੇ ਨਿਰਭਰ ਕਰਦੀ ਹੈ। ਅਗਰ ਕਿਸਾਨ ਦੀ ਹਾਲਤ ਅੱਛੀ ਨਹੀਂ ਹੈ ਤਾਂ ਇਸ ਦੇ ਨਾਲ ਨਾ ਪੰਜਾਬ ਦਾ ਦੁਕਾਨਦਾਰ ਬਚ ਸਕਦਾ ਹੈ ਨਾ ਪੰਜਾਬ ਦਾ ਵਕੀਲ ਬਚ ਸਕਦਾ ਹੈ ਅਤੇ ਨਾ ਹੀ ਪੰਜਾਬ ਦਾ ਸ਼ਾਹੂਕਾਰ ਬਚ ਸਕਦਾ ਹੈ। ਇਸ ਲਈ, ਸਰਕਾਰ ਨੂੰ ਇਸ ਤਰਫ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। *

*2.29 ਬਾਅਦ ਦੁਪਹਿਰ | (ਇਸ ਸਮੇਂ ਸਰਦਾਰ ਜਸਦੇਵ ਸਿੰਘ ਸੰਧੂ, ਪੈਨਲ ਆਫ ਚੇਅਰਮੈਨ ਦੇ ਇਕ ਮੈਂਬਰ, ਨੇ ਸਭਾ ਦੀ ਕੁਰਸੀ ਸੰਭਾਲੀ।)

ਸੈਂਟਰ ਦੀ ਸਰਕਾਰ ਨਾਲ ਸੰਤ ਜੀ ਦਾ ਸਮਝੌਤਾ ਹੋ ਜਾਣ ਤੋਂ ਬਾਅਦ ਵੀ ਇਥੇ ਜਿਹੜੇ ਮੁਲਾਜ਼ਮ ਹਨ ਉਹ ਸੋਚਦੇ ਹਨ ਕਿ ਇਹ ਸਮਝੌਤਾ ਕਿਉਂ ਸਿਰੇ ਚੜ੍ਹ ਗਿਆ ਹੈ। ਇਸ ਲਈ, ਪੰਜਾਬ ਸਰਕਾਰ ਲਈ ਅੜਚਣਾ ਖੜ੍ਹੀਆਂ ਕੀਤੀਆਂ ਜਾਂਦੀਆਂ ਹਨ। ਐਫ.ਸੀ.ਆਈ. ਤੋਂ ਇਲਾਵਾ, ਸਟੇਟ ਦੀਆਂ ਏਜੰਸੀਆਂ ਨੂੰ ਕਿਸਾਨਾਂ ਦੀ ਫਸਲ ਨੂੰ ਖਰੀਦਣਾ ਚਾਹੀਦਾ ਹੈ ਅਤੇ ਆਪਣੇ ਸਟੋਰਾਂ ਵਿਚ ਮਾਲ ਰੱਖਣਾ ਚਾਹੀਦਾ ਹੈ ਅਤੇ ਕਮਿਸ਼ਨ ਆਪ ਲਵੇ। ਕਿਸਾਨਾਂ ਦਾ ਮਾਲ ਟਾਈਮ ਸਿਰ ਨਾ ਖਰੀਦਨ ਕਰਕੇ, ਉਸ ਦਾ ਭਾਰੀ ਨੁਕਸਾਨ ਹੁੰਦਾ ਹੈ। ਪੰਜਾਬ ਸਰਕਾਰ ਦੀਆਂ ਏਜੰਸੀਆਂ ਸਿਵਲ ਸਪਲਾਈਜ਼, ਪਨਸਪ ਅਤੇ ਮਾਰਕਫੈਡ ਮੰਡੀਆਂ ਵਿਚੋਂ ਪਰਚੇਜ਼ ਕਰਨ ਅਤੇ ਇਸ ਪਰਚੇਜ਼ ਉਤੇ ਨਜ਼ਰ ਰੱਖਣ ਲਈ 5 ਮੈਂਬਰੀ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਤਾਕਿ ਏਜੰਸੀ ਦਾ ਇੰਸਪੈਕਟਰ ਆਪਣੀ ਮਨ ਮਾਨੀ ਨਾ ਕਰ ਸਕੇ।

ਚੇਅਰਮੈਨ ਸਾਹਿਬ, ਮੇਰੇ ਕੋਲ ਸਬੂਤ ਹਨ ਕਿ ਕਿਸਾਨਾਂ ਨੂੰ 1 ਰੁਪਿਆ ਫੀ ਬੋਰੀ ਦੇਣਾ ਪੈਂਦਾ ਹੈ। ਉਨ੍ਹਾਂ ਕਿਸਾਨਾਂ ਨੂੰ ਹੋਰ ਗਰੀਬ ਕਰਨ ਦੀ ਕੋਸ਼ਿਸ਼ ਕਰਦੇ ਹਨ। ਮੈਂ ਸੀ. ਐਮ. ਸਾਹਿਬ ਅਤੇ ਐਗਰੀ-ਕਲਚਰ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਖੁਦ ਮੰਡੀਆਂ ਵਿਚ ਜਾਣ ਅਤੇ ਚੈਕ ਕਰਨ। ਤੁਸੀਂ ਅੱਜ ਹੀ ਕੋਈ ਫੈਸਲਾ ਕਰ ਲਉ ਅਗਰ ਪੰਜਾਬ ਸਰਕਾਰ ਨੇ ਇਸ ਗੱਲ ਵੱਲ ਧਿਆਨ ਨਾ ਦਿੱਤਾ ਤਾਂ ਅਸੀਂ ਪਿੰਡਾਂ ਵਿਚ ਜਾ ਨਹੀਂ ਸਕਾਂਗੇ। ਕਿਸਾਨਾਂ ਨੂੰ ਘੱਟੋ-ਘੱਟ 10 ਰੁਪਏ ਬੋਨਸ ਦੇ ਹਿਸਾਬ ਨਾਲ ਦਿਓ। ਹਾਊਸ ਵਿਚ, ਚੇਅਰਮੈਨ ਸਾਹਿਬ, ਸੀ. ਐਮ. ਸਾਹਿਬ ਅਤੇ ਐਫ. ਐਮ. ਸਾਹਿਬ ਬੈਠੇ ਹਨ, ਉਹ ਖੁਦ ਆਪ ਜਾ ਕੇ ਮੰਡੀਆਂ ਵਿਚ ਚੈਕ ਕਰਨ ਤਦ ਹੀ ਕੰਮ ਠੀਕ ਹੋ ਸਕਦਾ ਹੈ। ਤੁਹਾਨੂੰ ਸਭ ਕੁਝ ਪਤਾ ਹੈ। ਚੇਅਰਮੈਨ ਸਾਹਿਬ, ਇੰਡਸਟਰੀਅਲਿਸਟ ਬਿਜਲੀ ਪੂਰੀ ਲੈਂਦੇ ਹਨ ਅਤੇ ਪੈਸੇ ਖਰਚ ਕਰਕੇ ਲੱਖਾਂ ਰੁਪਏ ਕਮਾ ਜਾਂਦੇ ਹਨ। ਸਰਕਾਰ ਨੂੰ ਇਲੈਕਸ਼ਨਾਂ ਵਿਚ ਫੰਡ ਦੇ ਕੇ ਕਰੋੜਾਂ ਰੁਪਏ ਕਮਾਉਂਦੇ ਹਨ। ਚੇਅਰਮੈਨ ਸਾਹਿਬ, ਮੈਂ ਮੰਡੀਆਂ ਵਿਚ ਜਾਕੇ ਵੇਖਿਆ ਹੈ ਕਿ ਇੰਸਪੈਕਟਰ 1 ਰੁਪਿਆ ਫੀ ਬੋਰੀ ਲੈਂਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਹੁਣ ਸਮਾਂ ਘੱਟ ਹੈ। ਮੈਂ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਕਿਸਾਨਾਂ ਦੀ ਮੱਦਦ ਕੀਤੀ ਜਾਵੇ, ਨਹੀਂ ਤਾਂ ਅਸੀਂ ਪਿੰਡਾਂ ਵਿਚ ਨਹੀਂ ਜਾ ਸਕਾਂਗੇ। ਆਪੋਜੀਸ਼ਨ ਵਾਲੇ ਤਾਂ ਚਾਹੁੰਦੇ ਹਨ ਕਿ ਕਿਵੇਂ ਨਾ ਕਿਵੇਂ ਸਰਕਾਰ ਦੀ ਬਦਨਾਮੀ ਹੋਵੇ। ਇਸ ਲਈ ਚੇਅਰਮੈਨ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੀ ਤਾਈਦ ਕਰਦਾ ਹਾਂ। ਸੈਂਟਰਲ ਸਰਕਾਰ, ਚੇਅਰਮੈਨ ਸਾਹਿਬ, ਕਿਸਾਨਾਂ ਦਾ ਲਹੂ ਚੂਸ ਰਹੀ ਹੈ। ਇਨ੍ਹਾਂ ਗਰੀਬ ਕਿਸਾਨਾਂ ਦਾ ਲਹੂ ਚੂਸਣ ਤੋਂ ਬਚਾਇਆ ਜਾਵੇ।

Original with;
Punjab Vidhan Sabha
Digitized by;
Panjab Digital Library

ਰਾਜਾ ਨਰਿੰਦਰ ਸਿੰਘ (ਨਾਭਾ) : ਚੇਅਰਮੈਨ ਸਾਹਿਬ, ਮੈਂ ਸਰਦਾਰ ਸੁਖਦੇਵ ਸਿੰਘ ਢੀਂਡਸਾ ਅਤੇ ਗਿਆਨੀ ਅਰਜਨ ਸਿੰਘ ਲਿੱਟ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਦੇ ਕਾਰਨ ਅੱਜ ਮੰਡੀਆਂ ਵਿਚ ਐਜੀਟੇਸ਼ਨ ਨਹੀਂ ਹੋਈ। ਅਗਰ ਆਪੋਜੀਸ਼ਨ ਵਾਲੇ ਅੱਜ ਇਧਰ ਟਰੈਜ਼ਰੀ ਬੈਂਚਿਜ਼ ਤੇ ਬੈਠੇ ਹੁੰਦੇ ਤਾਂ ਲਾਜ਼ਮੀ ਤੌਰ ਤੇ ਐਜੀਟੇਸ਼ਨਾਂ ਹੋਣੀਆਂ ਸਨ। 15 ਦਿਨਾਂ ਤੋਂ ਕਿਸਾਨਾਂ ਦੀ ਪੈਡੀ ਮੰਡੀਆਂ ਵਿਚ ਰੁਲ ਰਹੀ ਹੈ। ਚੇਅਰਮੈਨ ਸਾਹਿਬ, ਇਨ੍ਹਾਂ ਆਪੋਜ਼ੀਸ਼ਨ ਦੇ ਭਰਾਵਾਂ ਨੇ ਆਹ ਦਾ ਨਾਅਰਾ ਤਕ ਨਹੀਂ ਮਾਰਿਆ। ਮੈਨੂੰ ਹੈਰਾਨੀ ਇਸ ਗੱਲ ਦੀ ਵੀ ਹੈ ਕਿ ਆਪੋਜ਼ੀਸ਼ਨ ਬੈਂਚਜ਼ ਦੇ ਦੋਸਤ ਬੀਜਣ ਨਹੀਂ ਜਾਣਦੇ ਬਲਕਿ ਖਾਣਾ ਜਾਣਦੇ ਹਨ। (ਵਿਘਨ)

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਰਾਜਾ ਨਰਿੰਦਰ ਸਿੰਘ : ਚੇਅਰਮੈਨ ਸਾਹਿਬ, ਇਹ ਸ਼ਹਿਰਾਂ ਵਿਚ ਰਹਿੰਦੇ ਹਨ। ਮੇਰੀ ਬੇਨਤੀ ਹੈ ਇਨ੍ਹਾਂ ਦੋਸਤਾਂ ਨੂੰ ਕਿ ਕਈ ਵਾਰ ਐਸੀਆਂ ਗੱਲਾਂ ਹੋ ਜਾਂਦੀਆਂ ਹਨ ਜਿਸ ਦਾ ਸਿੱਟਾ ਬੜਾ ਸੀਰੀਅਸ ਨਿਕਲਦਾ ਹੈ। ਇਸ ਗੱਲ ਨੂੰ ਇਸ ਨਜ਼ਰ ਨਾਲ ਵੇਖੋ ਅੰਰ ਇਹ ਨਹੀਂ ਹੋਣਾ ਚਾਹੀਦਾ ਕਿ ਆਪੋਜ਼ੀਸ਼ਨ ਵਿਚ ਬੈਠੇ ਹਾਂ ਅਤੇ ਆਪੋਜ਼ੀਸ਼ਨ ਹੀ ਕਰਨੀ ਹੈ। ਗਲਤ ਗੱਲਾਂ ਦੇ ਮਾੜੇ ਸਿੱਟੇ ਹੀ ਨਿਕਲਦੇ ਹਨ। ਚੇਅਰਮੈਨ ਸਾਹਿਬ, ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿਸੇ ਨੂੰ ਜਿਤਨਾ ਦਬਾਉਗੇ ਉਹ ਉਤਨੇ ਜ਼ੋਰ ਨਾਲ ਸਪਰਿੰਗ ਦੀ ਤਰ੍ਹਾਂ ਨਿਕਲੇਗਾ। ਹੁਣ ਤਾਂ ਲੇਬਰ ਯੂਨੀਅਨਾਂ ਹੋ ਗਈਆਂ ਅਤੇ ਹੁਣ ਕਿਸਾਨ ਵੀ ਇੱਕ ਲੜੀ ਵਿਚ ਪਰੋਇਆ ਜਾ ਰਿਹਾ ਹੈ। ਕਿਸਾਨ ਵੀ ਹੁਣ ਇਕ ਇਸ਼ਾਰੇ ਤੇ ਹੀ ਇਕੱਠੇ ਹੋ ਜਾਣਗੇ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਨੂੰ ਤਿਆਰ ਹੋ ਜਾਣਗੇ। ਪ੍ਰੈਸ ਵਿਚ ਵੀ ਇਸ ਗੱਲ ਦਾ ਕਿਤਨਾ ਜ਼ਿਕਰ ਹੋਇਆ ਹੈ। ਇਹ ਸਾਰਾ ਕੁਝ ਟਰੇਜ਼ਰੀ ਬੈਂਚਿਜ਼ ਵਾਲਿਆਂ ਨੇ ਉਠਾਇਆ ਹੈ ਅਤੇ ਸਾਹਮਣੇ ਬੈਠੇ ਸਾਥੀਆਂ ਨੂੰ ਸਾਡਾ ਸਾਥ ਦੇਣਾ ਚਾਹੀਦਾ ਹੈ। ਇਹ ਸਾਰੇ ਪੰਜਾਬ ਦਾ ਮਸਲਾ ਹੈ ਅੰਰ ਇਕੱਲੇ ਅਕਾਲੀ ਪਾਰਟੀ ਦਾ ਮਸਲਾ ਨਹੀਂ ਹੈ ਅਤੇ ਨਾ ਹੀ ਸਿੱਖਾਂ ਦਾ ਮਸਲਾ ਹੈ। ਸਾਹਮਣੇ ਬੈਠੇ ਆਪੋਜ਼ੀਸ਼ਨ ਭਰਾਵਾਂ ਨੇ ਤਾਂ ਆਹ ਤਕ ਨਹੀਂ ਮਾਰੀ। ਮਾਲੇਰਕੋਟਲਾ ਵਾਲਿਆਂ ਨੇ ਆਹ ਦਾ ਨਾਅਰਾ ਮਾਰਿਆ ਸੀ ਅਤੇ ਹੁਣ ਤਕ ਮਾਲੇਰਕੋਟਲਾ ਵਾਲਿਆਂ ਨੂੰ ਸਤਿਕਾਰ ਨਾਲ ਦੇਖਿਆ ਜਾਂਦਾ ਹੈ। ਇਨ੍ਹਾਂ ਆਪੋਜ਼ੀਸ਼ਨ ਭਰਾਵਾਂ ਨੇ ਤਾਂ ਆਹ ਦਾ ਨਾਅਰਾ ਵੀ ਨਹੀਂ ਮਾਰਿਆ। (ਸ਼ੇਮ, ਸ਼ੇਮ) (ਘੰਟੀ)।

ਚੇਅਰਮੈਨ ਸਾਹਿਬ, ਮੈਂ ਹੈਰਾਨ ਹਾਂ ਕਿ ਸਾਹਮਣੇ ਬੈਠੇ ਭਰਾਵਾਂ ਵਿਚ ਕਿਤਨੇ ਪੁਰਾਣੇ ਅਤੇ ਪੜ੍ਹੇ ਲਿਖੇ ਮੈਂਬਰ ਬੈਠੇ ਹਨ ਪਰ ਕੱਲ੍ਹ ਐਬੀਚੂਅਰੀ ਰੈਫਰੈਂਸਿਜ਼ ਦੇ ਸਮੇਂ ਵੀ ਵਾਕ ਆਉਟ ਹੋ ਗਏ। (ਹਾਸਾ) ਚੇਅਰਮੈਨ ਸਾਹਿਬ, ਇਹ ਬੜਾ ਸੇਕਰਡ ਹਾਊਸ ਹੈ ਅੰਰ ਇਥੇ ਬੜਾ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਚੇਅਰਮੈਨ ਸਾਹਿਬ, ਸਰਦਾਰ ਲਛਮਣ ਸਿੰਘ ਗਿੱਲ ਦੀ ਸਰਕਾਰ ਵੇਲੇ ਇਹ ਸਾਡੇ ਸਪੋਰਟਰ ਸਨ ਅੱਰ ਅਸੀਂ ਸਰਕਾਰ ਚਲਾ ਰਹੇ ਸੀ । ਇਹ ਕੋਈ ਗੱਲ ਬਾਹਰ ਨਹੀਂ ਦੱਸਦੇ ਅਤੇ ਸਿਕਰੇਟ ਰਖਦੇ ਹਨ। ਇਹ ਰਾਊਂਡ ਦੀ ਟੇਬਲ ਕੰਮ ਕਰਦੇ ਹਨ ਅਤੇ ਕਣਕ ਦਾ ਭਾਅ 50/- ਰੁਪਏ ਕੁਇੰਟਲ ਰੱਖਦੇ ਹਨ। ਕਿਸਾਨ ਵਿਚਾਰਾ ਬੀਜ ਬੀਜਦਾ ਹੈ, ਪਾਣੀ ਦਿੰਦਾ ਹੈ ਸਾਰੀਆਂ ਸਰਦੀਆਂ, ਗਰਮੀਆਂ ਵਿਚ ਕੰਮ ਕਰਦਾ ਹੈ। ਜਦੋਂ ਸਾਰਾ ਸਾਲ ਕੰਮ ਕਰਕੇ ਕਿਸਾਨ ਮੰਡੀਆਂ ਵਿਚ ਆਪਣੀ ਫਸਲ ਲਿਆਉਂਦਾ ਹੈ ਤਾਂ ਕੀਮਤ ਇਹ ਰੱਖਦੇ ਹਨ। ਸੈਂਟਰ ਸਰਕਾਰ ਦਾ ਇਹ ਬਿਲਕੁਲ ਗਲਤ ਤਰੀਕਾ ਹੈ। ਜਦੋਂ ਕਿਸੇ ਫੈਕਟਰੀ ਵਿਚ ਕੋਈ ਨਿੱਕਾ ਮੋਟਾ ਨਟ ਬੋਲਟ ਵੀ ਤਿਆਰ ਕੀਤਾ ਜਾਂਦਾ ਹੈ ਤਾਂ ਉਸ ਨਟ-ਬੋਲਟ ਦੀ ਕੀਮਤ ਫੈਕਟਰੀ ਵਾਲਾ ਆਪ ਰੱਖਦਾ ਹੈ। ਸੈਂਟਰ ਸਰਕਾਰ ਉਸ ਨਟ ਬੋਲਟ ਦੀ ਕੀਮਤ ਖੁਦ ਨਹੀਂ ਰਖ ਸਕਦੀ। ਚੇਅਰਮੈਨ ਸਾਹਿਬ, ਫਿਰ ਅਸੀਂ ਪਰਾਈਸ ਕਮਿਸ਼ਨ ਬਣਾਇਆ ਅਤੇ ਉਜਲ ਸਿੰਘ ਕਮੇਟੀ ਬਣਾਈ ਅਤੇ ਹੋਰ ਪਰਾਈਸ ਕਮਿਸ਼ਨ ਬਣਾਏ। ਅਸੀਂ ਦਿੱਲੀ ਦੀ ਸਰਕਾਰ ਨੂੰ ਕਿਹਾ ਕਿ ਝੋਨੇ ਦਾ ਭਾਅ ਇਹ ਹੋਣਾ ਚਾਹੀਦਾ ਹੈ ਪਰ ਉਨ੍ਹਾਂ ਦੇ ਜੂੰ ਤਕ ਨਹੀਂ ਸਰਕੀ। ਚੇਅਰਮੈਨ ਸਾਹਿਬ, ਮੈਂ ਕਈ ਸਾਲ ਹੋਏ ਇਕ ਵਾਰ ਰਾਜਸਥਾਨ ਗਿਆ । ਗੰਨੇ ਦੀ ਮਿਲ ਵਾਲੇ ਗੰਨਾ ਨਹੀਂ ਚੁੱਕਦੇ ਸਨ ਅਤੇ ਮਿਲ ਬੰਦ ਕਰਨ ਲਈ ਕਹਿ ਰਹੇ ਸਨ। ਮੈਂ ਵੀ ਉਥੇ ਖੜ੍ਹਾ ਸੀ। ਰਾਜਸਥਾਨ ਦੇ ਵਜ਼ੀਰ ਨੂੰ ਸੈਂਟਰ ਦਾ ਵਜ਼ੀਰ ਕਹਿਣ ਲੱਗਾ ਕਿ ਗੰਨੇ ਨੂੰ ਕੋਲਡ ਸਟੋਰਜ਼ ਵਿਚ ਰੱਖ ਦਿਓ। ਸੈਂਟਰ ਦੇ ਵਜ਼ੀਰਾਂ ਨੂੰ ਚੇਅਰਮੈਨ ਸਾਹਿਬ, ਇਹ ਨਹੀਂ ਪਤਾ ਕਿ ਝੋਨਾ ਕੀ ਹੁੰਦਾ ਹੈ, ਕਿਵੇਂ ਹੁੰਦਾ ਹੈ, ਅਤੇ ਕੀ ਗੰਨਾ ਕੋਲਡ ਸਟੋਰਜ਼ ਵਿਚ ਰਖਿਆ ਜਾਂਦਾ ਹੈ। ਸੈਂਟਰ ਵਾਲੇ, ਚੇਅਰਮੈਨ ਸਾਹਿਬ, ਅੰਦਾਜ਼ਾ ਨਹੀਂ ਲਗਾ ਸਕਦੇ ਕਿ ਕਿਤਨਾ ਖਰਚ ਕਿਸਾਨ ਦਾ ਹੁੰਦਾ ਹੈ ਅਤੇ ਕਿਤਨਾ ਨੁਕਸਾਨ ਜ਼ਿਮੀਂਦਾਰ ਦਾ ਹੋ ਜਾਂਦਾ ਹੈ । ਚੇਅਰਮੈਨ ਸਾਹਿਬ, ਸੈਂਟਰ ਦੀ ਸਰਕਾਰ ਵੱਲੋਂ ਕਿਸਾਨ ਦੀਆਂ ਡਿਫਿਕਲਟੀਜ਼ ਬਾਰੇ ਬਿਲਕੁਲ ਵੀ ਸੋਚਿਆ ਨਹੀਂ ਜਾਂਦਾ । ਇਹ ਕੋਲੈਬੋਰੇਸ਼ਨ ਜਿਹੜੀ ਬਣੀ ਹੋਈ ਹੈ, ਇਹ ਬਿਲਕੁਲ ਅਨਹੈਲਦੀ ਹੈ ।

There is a collaboration of unhealthy minds at the Centre.

ਸ਼੍ਰੀ ਸਭਾਪਤੀ : ਤੁਸੀਂ ਕੋਈ ਸੁਜੈਸ਼ਨ ਵੀ ਦਿਓ ਕਿ ਕੀ ਕਰਨਾ ਚਾਹੀਦਾ ਹੈ।

ਰਾਜਾ ਨਰਿੰਦਰ ਸਿੰਘ : ਚੇਅਰਮੈਨ ਸਾਹਿਬ, ਸੁਜੈਸ਼ਨ ਮੈਂ ਇਹੀ ਦੇਣੀ ਹੈ ਕਿ ਕਿਸਾਨਾਂ ਦੀ ਫਸਲ ਸਹੀ ਰੇਟ ਤੇ ਖਰੀਦ ਕੇ ਉਨ੍ਹਾਂ ਦੀ ਮਿਹਨਤ ਦਾ ਫਲ ਦਿੱਤਾ ਜਾਵੇ। ਅਤੇ ਜਿਹੜਾ ਉਨ੍ਹਾਂ ਦੀ ਫਸਲ ਦਾ ਨੁਕਸਾਨ ਹੁੰਦਾ ਹੈ, ਉਸ ਦਾ ਸਹੀ ਸਹੀ ਕੰਪੈਨਸੇਸ਼ਨ ਦਿੱਤਾ ਜਾਵੇ। ਹੁਣ ਐਫ.ਸੀ.ਆਈ ਨੇ ਕਿਹਾ ਹੈ ਕਿ ਜੇਕਰ 18% ਤੋਂ ਵੱਧ ਮੁਆਇਸਚਰ ਹੋਇਆ ਤਾਂ ਕੋਈ ਕੰਪੈਨਸੇਸ਼ਨ ਨਹੀਂ ਦਿਤਾ ਜਾਵੇਗਾ ਜਦ ਕਿ ਦਰਬਾਰਾ ਸਿੰਘ ਦੀ ਸਰਕਾਰ ਵੇਲੇ 30% ਦੇ ਦਿਤਾ ਗਿਆ ਸੀ । ਅੱਜ ਇਹ 18% ਤੇ ਵੀ ਰੌਲਾ ਪਾਉਂਦੇ ਹਨ । (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਹਾਸਾ)

ਚੇਅਰਮੈਨ ਸਾਹਿਬ, ਇਹ ਜਿਹੜੇ ਆਪੋਜ਼ੀਸ਼ਨ ਬੈਂਚਿਜ਼ ਵਾਲੇ ਹਸਦੇ ਹਨ, ਉਨ੍ਹਾਂ ਮੁਤੱਲਕ ਮੈਂ ਇਕ ਸ਼ੇਅਰ ਅਰਜ਼ ਕਰਨਾ ਚਾਹੁੰਦਾ ਹਾਂ ਕਿ :-

"ਹਸਦੇ ਨੇ ਖਿੜ ਖਿੜ ਜਿਹੜੇ ਰੋਂਦੇ ਨੇ ਯਾਰ ਤੈਨੂੰ
ਜ਼ਮਾਨੇ ਨੇ ਲੇਖਾ ਲੈਣਾ ਫੜ ਕੇ ਤਲਵਾਰ ਤੈਨੂੰ।"

Original with;
Punjab Vidhan Sabha
Digitized by;
Panjab Digital Library

ਮੈਂ ਇਹੀ ਗੱਲ ਫੇਰ ਕਹਿਣਾ ਚਾਹੁੰਦਾ ਹਾਂ ਕਿ ਐਫ.ਸੀ.ਆਈ. ਨੇ ਇਹ ਜਿਹੜੀ ਰਿਜਿਡ ਪਾਲਿਸੀ ਬਣਾਈ ਹੈ , ਇਹ ਜਾਣ ਬੁਝ ਕੇ ਬਣਾਈ ਹੈ। ਮੈਂ ਇਸ ਦਾ ਉਦਾਹਰਣ ਵੀ ਦੇ ਸਕਦਾ ਹਾਂ ਕਿ ਮੈਂ ਨਾਭੇ ਮੰਡੀ ਵਿੱਚ ਗਿਆ ਸੀ ਤਾਂ ਉਥੇ ਕਿਸਾਨਾਂ ਨੂੰ 15–15 ਦਿਨ ਬਾਹਰ ਬੈਠਿਆਂ ਨੂੰ ਹੋ ਗਏ ਹਨ ਅਤੇ ਉਹ ਰੌਲਾ ਪਾ ਰਹੇ ਹਨ ਪਰ ਉਨ੍ਹਾਂ ਦੀ ਕੋਈ ਫਸਲ ਨਹੀਂ ਚੁਕਦਾ ਅਤੇ ਨਾ ਹੀ ਕੰਪਨਸੇਸ਼ਨ ਦਿਤਾ ਜਾ ਰਿਹਾ ਹੈ। ਮੈਂ ਡਿਪਟੀ ਕਮਿਸ਼ਨਰ ਦੇ ਨਾਲ ਜਾ ਕੇ ਉਨ੍ਹਾਂ ਨੂੰ ਸ਼ਾਂਤ ਕਰਕੇ ਆਇਆ । ਤਾਂ ਉਥੇ ਇਕ ਕਾਂਗਰਸੀ ਦੋਸਤ ਜਿਸਨੇ ਖੱਦਰ ਦੇ ਕਪੜੇ ਪਾਏ ਹੋਏ ਸਨ, ਕਿਸਾਨਾਂ ਨੂੰ ਕਹਿ ਰਿਹਾ ਸੀ ਕਿ ਹੋਰ ਪਾ ਲਓ ਅਕਾਲੀਆਂ ਨੂੰ ਵੋਟਾਂ , ਦੇਖ ਲਿਆ ਸਵਾਦ ਅਕਾਲੀਆਂ ਨੂੰ ਵੋਟਾਂ ਪਾਉਣ ਦਾ। ਇਹ ਇਕ ਗਿਣੀ ਮਿਥੀ ਸਾਜਿਸ਼ ਹੈ ਜਿਸ ਨੂੰ ਸਭ ਨੂੰ ਮਿਲ ਕੇ ਇਥੇ ਹਾਊਸ ਵਿੱਚ ਨੰਗਾ ਕਰਨਾ ਚਾਹੀਦਾ ਹੈ। ਇਸ ਗੱਲ ਵਿੱਚ ਕਿਸੇ ਦਾ ਵੀ ਭਲਾ ਨਹੀਂ ਹੈ। ਹੁਣ ਐਫ.ਸੀ. ਆਈ. ਨੂੰ ਦੋ ਸੌ ਕਰੋੜ ਦਾ ਘਾਟਾ ਪੈ ਗਿਆ ਹੈ। ਇਹ ਘਾਟਾ ਕਿਉਂ ਨਹੀਂ ਪਵੇਗਾ ਜਦ ਕਿ ਐਫ. ਸੀ. ਆਈ. ਦਾ ਇਕ ਇਕ ਇਨਸਪੈਕਟਰ ਸੌ ਸੌ ਅਤੇ ਦੋ ਦੋ ਸੌ ਰੁਪਿਆ ਲੈ ਕੇ ਗੱਡੀ ਲਾਉਂਦਾ ਹੈ। ਕਿਸਾਨ ਜਿਹੜਾ ਫਸਲ ਬੀਜਣ ਤੋਂ ਲੈ ਕੇ ਮੰਡੀ ਵਿੱਚ ਪਹੁੰਚਾਉਣ ਤੱਕ ਲੱਕ ਤੋੜਵੀਂ ਮਿਹਨਤ ਕਰਦਾ ਹੈ, ਉਸਦਾ ਏਨਾ ਬੁਰਾ ਹਾਲ ਕੀਤਾ ਜਾਂਦਾ ਹੈ। ਇਹ ਮਸਲਾ ਪੰਜਾਬ ਦਾ ਹੀ ਨਹੀਂ ਕਿਸਾਨੀ ਦਾ ਮਸਲਾ ਹੈ। ਇਹ ਇਕੱਲੇ ਸਿੱਖ ਕਿਸਾਨ ਦਾ ਹੀ ਮਸਲਾ ਨਹੀਂ ਹੈ । ਬਹੁਤ ਸਾਰੇ ਪ੍ਰਾਗਰੈਸਿਵ ਕਿਸਾਨ ਤਾਂ ਹਿੰਦੂ ਹੀ ਹਨ , ਇਹ ਉਨ੍ਹਾਂ ਦਾ ਵੀ ਮਸਲਾ ਹੈ।

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ: ਸਾਡੀ ਨਜ਼ਰ ਵਿੱਚ ਕੋਈ ਹਿੰਦੂ, ਸਿੱਖ ਮਸਲਾ ਨਹੀਂ ।

ਰਾਜਾ ਨਰਿੰਦਰ ਸਿੰਘ : ਮੈਂ ਬੇਨਤੀ ਕਰਦਾ ਹਾਂ ਕਿ ਮੈਂ ਕਿਸੇ ਹਮਾਇਤ ਦਾ ਮੁਹਤਾਜ਼ ਨਹੀਂ। ਮੈਂ ਚੇਅਰਮੈਨ ਸਾਹਿਬ ਨੂੰ ਐਡਰੈਸ ਕਰ ਰਿਹਾ ਹਾਂ ਅਤੇ ਜਿਹੜੀ ਗੱਲ ਉਨ੍ਹਾਂ ਨੂੰ ਚੰਗੀ ਲਗਦੀ ਹੈ ਉਸ ਨੂੰ ਉਹ ਸੁਣ ਲੈਣ ਅਤੇ ਬਾਕੀ ਦੀ ਦੂਜੇ ਪਾਸਿਉਂ ਕੱਢ ਦੇਣ। ਇਹ ਮਸਲਾ ਬਹੁਤ ਗੰਭੀਰ ਹੈ। ਸਾਨੂੰ ਇਸ ਦੀ ਗਹਿਰਾਈ ਤੱਕ ਜਾਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਬਾਹਰਲੇ ਪ੍ਰਾਗਰੈਸਿਵ ਮੁਲਕਾਂ ਬਾਰੇ ਤਾਂ ਤੁਸੀਂ ਵੀ ਜਾਣਦੇ ਹੀ ਹੋ। ਅਮਰੀਕਾ ਵਿੱਚ ਫੂਡ ਗਰੇਨਜ਼ ਦੀ ਪ੍ਰਾਈਸ ਤਿੰਨ ਸਾਲ ਪਹਿਲਾਂ ਹੀ ਫਿਕਸ ਕਰ ਦਿਤੀ ਜਾਂਦੀ ਹੈ ਜਦਕਿ ਇਥੇ ਹਾੜੀ, ਸਾਉਣੀ, ਪਲਸਿਜ਼ ਅਤੇ ਕੈਸ਼ ਕਰੌਪਸ ਬਾਰੇ ਇਸ ਤਰ੍ਹਾਂ ਦੀ ਕਿਸੇ ਦੀ ਕੋਈ ਜ਼ਿੰਮੇਵਾਰੀ ਹੀ ਨਹੀਂ। ਜੇ ਝੋਨੇ ਦੀ ਵੀ ਪ੍ਰਾਈਸ ਪਹਿਲਾਂ ਹੀ ਫਿਕਸ ਕਰ ਦਿਤੀ ਜਾਂਦੀ ਤਾਂ ਝੋਨਾਂ ਹੁਣ ਇਸ ਤਰ੍ਹਾਂ ਰੁਲਣਾ ਨਹੀਂ ਸੀ। ਇਹ ਸਾਰਾ ਝੋਨਾ ਬਾਹਰਲੀਆਂ ਸਟੇਟਸ ਨੂੰ ਜਾਂਦਾ ਹੈ ਅਤੇ ਸਾਨੂੰ ਤਾਂ ਸਿਰਫ 5% ਹੀ ਦਿਤਾ ਜਾਂਦਾ ਹੈ। ਜਦ ਅਸੀਂ ਇਹ ਬਾਹਰਲੀਆਂ ਸਟੇਟਸ ਵਾਸਤੇ ਹੀ ਉਗਾ ਰਹੇ ਹਾਂ ਤਾਂ ਵੀ ਸਾਡੇ ਨਾਲ ਕੋਈ ਹਮਦਰਦੀ ਨਹੀਂ ਕੀਤੀ ਜਾਂਦੀ। ਮੈਂ ਸਮਝਦਾ ਹਾਂ ਕਿ ਇਹ ਗੱਲ ਬਿਲਕੁਲ ਹੀ ਇਕ ਗਿਣੀ ਮਿਥੀ ਸਾਜ਼ਿਸ਼ ਹੈ । ਕਿਸਾਨ ਇਹ ਮੰਗ ਕਰਦਾ ਹੈ ਕਿ ਪੰਜਾਬ ਸਰਕਾਰ ਜਿਸ ਨੂੰ ਅਸੀਂ ਆਰਗੇਨਾਈਜ਼ ਕੀਤਾ ਹੈ, ਉਹ ਉਸ ਦੀ ਮੱਦਦ ਕਰੇ। ਮੈਂ ਕਹਿੰਦਾ ਹਾਂ ਕਿ ਸਾਰਾ ਕੰਟਰੋਲ ਸਟੇਟ ਦੀਆਂ ਏਜੰਸੀਆਂ ਹੀ ਕਰਨ ਚਾਹੇ ਉਹ ਪਨਸਪ ਹੋਵੇ, ਫੂਡ ਸਪਲਾਈਜ਼ ਡਿਪਾਰਟਮੈਂਟ ਹੋਵੇ ਅਤੇ ਭਾਵੇਂ ਮਾਰਕਫੈਡ ਹੋਵੇ । ਇਸ ਤਰ੍ਹਾਂ ਨਾਲ ਸਾਨੂੰ ਸੈਂਟਰ ਦਾ ਮੁਹਤਾਜ ਨਹੀਂ ਹੋਣਾ ਪਵੇਗਾ । ਅਸੀਂ ਸੈਂਟਰ ਦੇ ਕਿਸੇ ਮਹਿਕਮੇਂ ਨੂੰ ਕੰਟਰੋਲ ਨਹੀਂ ਕਰ ਸਕਦੇ । ਇਥੇ ਸੈਂਟਰਲ ਏਜੰਸੀਆਂ ਦੇ ਬੰਦੇ ਆਏ ਹੋਏ ਸਨ, ਸਾਡੇ ਚੀਫ਼ ਮਨਿਸਟਰ ਸਾਹਿਬ ਦੀ ਅਤੇ ਮਨਿਸਟਰ ਸਾਹਿਬ ਦੀ ਉਨ੍ਹਾਂ ਨਾਲ ਜੋ ਗੱਲਬਾਤ ਹੋਈ ਹੋਵੇਗੀ, ਉਹ ਤਾਂ ਉਹੀ ਦੱਸਣਗੇ। ਪਰ ਮੈਂ ਕਹਿੰਦਾ ਹਾਂ ਕਿ ਜਿਸ ਦਿਨ ਵੀ ਇਹ ਬੇੜਾ ਡੁੱਬਣ ਲੱਗਿਆ ਤਾਂ ਕਿਸ਼ਤੀ ਵਿੱਚ ਸਾਰਿਆਂ ਨੇ ਹੀ ਡੁੱਬ ਜਾਣਾ ਹੈ ।

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਅਸੀਂ ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਵੀ ਇਹੀ ਆਸ ਕਰਦੇ ਹਾਂ ਕਿ ਇਹੋ ਜਿਹੇ ਚੰਗੇ ਰੈਜ਼ੋਲਿਊਸ਼ਨ ਦੀ ਉਹ ਵੀ ਸਪੋਰਟ ਕਰ ਦਿਆ ਕਰਨਗੇ। ਉਹ ਆਪਣੀਆਂ ਸੁਜੈਸ਼ਨ ਵੀ ਦੇਣਗੇ ਅਤੇ ਉਨ੍ਹਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਜੇ ਕਰ ਅੱਜ ਅਸੀਂ ਟਰੇਜ਼ਰੀ ਬੈਂਚਿਜ਼ ਵੱਲ ਬੈਠੇ ਹਾਂ ਤਾਂ ਕੱਲ ਨੂੰ ਉਹ ਵੀ ਆ ਸਕਦੇ ਹਨ (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) (ਵਿਘਨ) (ਸ਼ੋਰ) ਅਸੀਂ ਤਾਂ ਕਿਸਾਨਾਂ ਦੀ ਸਹਾਇਤਾ ਕਰਨੀ ਚਾਹੁੰਦੇ ਹਾਂ ਅਤੇ ਉਨ੍ਹਾਂ ਵੱਲੋਂ ਵੀ ਇਸ ਦੀ ਹੀ ਆਸ ਰੱਖਦੇ ਹਾਂ। ਮੈਨੂੰ ਇਕਬਾਲ ਦਾ ਸ਼ੇਅਰ ਯਾਦ ਆਉਂਦਾ ਹੈ ਕਿ :-

ਦੀ ਆਗ ਸਈਆਦ ਨੇ ਜਬ ਗੁਲਸ਼ਨ ਮੇਂ,
ਜਿਸ ਟਹਿਨੀ ਪੇ ਆਸ਼ੀਆਂ ਥਾ ਮੇਰਾ
ਵਹੀ ਪੱਤੇ ਹਵਾ ਦੇਨੇ ਲਗੇ'।

✓ **ਡਾਕਟਰ ਕੇਵਲ ਕ੍ਰਿਸ਼ਨ** (ਮੁਕੇਰੀਆਂ) : ਮਾਨਯੋਗ ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਢੀਂਡਸਾ ਸਾਹਿਬ ਨੇ ਪੇਸ਼ ਕੀਤਾ ਹੈ ਜਿਸਦਾ ਆਸ਼ਾ ਹੈ ਕਿ ਐਫ.ਸੀ.ਆਈ. ਮੰਡੀਆਂ ਵਿੱਚ ਜਾਵੇ ਅਤੇ ਪਿੰਡਾਂ ਵਿਚ ਜਾਕੇ ਫਸਲ ਨੂੰ ਖਰੀਦੇ, ਉਸਦਾ ਮੈਂ ਅਤੇ ਮੇਰੀ ਪਾਰਟੀ ਸਮੱਰਥਨ ਕਰਦੇ ਹਾਂ। ਕਿਸਾਨਾਂ ਦੀ ਇਸ ਤਕਲੀਫ਼ ਨੂੰ ਜ਼ਰੂਰ ਦੂਰ ਕਰਨਾ ਚਾਹੀਦਾ ਹੈ। ਇਹ ਗੱਲ ਚੇਅਰਮੈਨ ਸਾਹਿਬ ਮੈਂ ਕਹਿਣੀ ਚਾਹਵਾਂਗਾ ਕਿ ਜਿਹੜੀ ਗੱਲ ਢੀਂਡਸਾ ਸਾਹਿਬ ਨੇ ਆਪਣੇ ਰੈਜ਼ੋਲਿਊਸ਼ਨ ਵਿੱਚ ਕਹੀ ਹੈ ਕਿ ਜਿਹੜੀ 75% ਅਰਾਈਵਲ ਹੈ, ਉਸ ਦੀ ਖਰੀਦਣ ਦੀ ਜ਼ਿੰਮੇਵਾਰੀ ਐਫ.ਸੀ.ਆਈ. ਦੀ ਹੈ, ਇਹ ਠੀਕ ਨਹੀਂ ਹੈ। ਐਫ.ਸੀ.ਆਈ. ਦੀ ਜ਼ਿੰਮੇਵਾਰੀ ਕਿੰਨੀ ਹੈ, ਇਹ ਗੱਲ ਜ਼ਿਆਦਾ ਤਾਂ ਇਹੀ ਜਾਣਦੇ ਹੋਣਗੇ। ਪਰ 1981–82 ਵਿੱਚ 56 ਲੱਖ ਟਨ ਪੈਡੀ ਮਾਰਕਿਟ ਵਿੱਚ ਆਈ ਸੀ ਜਿਸਦੇ ਵਿਚੋਂ ਜਿਹੜੇ ਮਿਲ ਓਨਰਜ਼ ਹਨ, ਉਨ੍ਹਾਂ ਨੇ 31 ਲੱਖ ਟਨ ਖਰੀਦੀ ਸੀ, ਐਫ.ਸੀ.ਆਈ. ਨੇ 17 ਲੱਖ ਟਨ ਖਰੀਦੀ ਸੀ, ਮਾਰਕਫੈਡ ਨੇ 1 ਲੱਖ ਟਨ ਖਰੀਦੀ ਸੀ ਅਤੇ ਪਨਸਪ ਨੇ 2 ਲੱਖ ਟਨ ਖਰੀਦੀ ਸੀ। ਏਸੇ ਤਰ੍ਹਾਂ 1983–84 ਵਿੱਚ 58 ਲੱਖ ਟਨ ਪੈਡੀ ਆਈ ਸੀ ਜਿਸ ਵਿਚੋਂ 43 ਲੱਖ ਟਨ ਮਿਲਰਜ਼ ਨੇ ਖਰੀਦੀ ਸੀ। ਅਤੇ 1984–85 ਵਿੱਚ ਹੁਣ ਤੱਕ ਜਿਹੜੀ ਪੈਡੀ ਹੋਈ ਹੈ, ਉਸ ਵਿਚੋਂ 10 ਲੱਖ ਟਨ ਆ ਚੁਕੀ ਹੈ ਜਿਸ ਵਿਚੋਂ 8 ਲੱਖ ਟਨ ਪੈਡੀ ਮਿਲਰਜ਼ ਨੇ ਖਰੀਦੀ ਹੈ। ਜਿਸ ਦਾ ਭਾਵ ਹੈ ਕਿ ਇਸ ਖਰੀਦ ਵਿੱਚ ਬਹੁਤ ਸਾਰਾ ਸ਼ੇਅਰ ਮਿਲਰਜ਼ ਦਾ ਹੁੰਦਾ ਹੈ।

ਜਿਹੜੀਆਂ ਗੌਰਮਿੰਟ ਏਜੰਸੀਜ਼ ਝੋਨਾ ਖਰੀਦਦੀਆਂ ਹਨ, ਉਨ੍ਹਾਂ ਵਿਚ ਐਫ.ਸੀ.ਆਈ., ਪਨਸਪ, ਮਾਰਕਫ਼ੈਡ ਅਤੇ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਹਨ। ਇਹ ਚਾਰੇ ਏਜੰਸੀਆਂ 70% ਤੋਂ ਜ਼ਿਆਦਾ ਝੋਨਾ ਖਰੀਦਦੀਆਂ ਹਨ।ਇਸ ਸਾਰੀ ਖਰੀਦ ਵਿਚੋਂ ਜਿਹੜੀਆਂ Government agencies ਖਰੀਦਦੀਆਂ ਹਨ ਉਹਦਾ 70% ਖਰੀਦਣਾ ਐਫ.ਸੀ.ਆਈ. ਦੀ ਜ਼ਿੰਮੇਵਾਰੀ ਹੈ। ਇਹ ਸਚਾਈ ਹੈ ਔਰ resolution ਵਿਚ 70% ਐਫ.ਸੀ.ਆਈ. ਦਾ ਖਰੀਦਣਾ ਗਲਤ ਲਿਖਿਆ ਗਿਆ ਹੈ। ਲੇਕਿਨ ਇਨ੍ਹਾਂ ਨੇ ਆਪਣੇ ਰੈਜ਼ੋਲਿਊਸ਼ਨ ਵਿਚ ਦੱਸਿਆ ਹੈ ਕਿ ਐਫ.ਸੀ.ਆਈ. ਇਕੱਲੀ ਹੀ ਇੰਨਾ ਝੋਨਾ ਖਰੀਦਦੀ ਹੈ। ਇਹ ਗਲਤ ਚੀਜ਼ ਹੈ। ਇਸ ਤੋਂ ਇਲਾਵਾ ਇਨ੍ਹਾਂ ਨੇ ਰੈਜ਼ੋਲਿਊਸ਼ਨ ਵਿਚ "ਸੈਂਟਰਲ ਏਜੰਸੀਜ਼" ਲਿਖਿਆ ਹੈ ਜਦ ਕਿ ਸੈਂਟਰ ਦੀ ਕੇਵਲ ਇਕ ਹੀ ਏਜੰਸੀ ਹੈ। ਮੈਂ ਸਮਝਦਾ ਹਾਂ ਕਿ ਰੈਜ਼ੋਲਿਊਸ਼ਨ ਦੀ ਡਰਾਫਟਿੰਗ ਵਿਚ ਗਲਤੀ ਹੋਈ ਹੈ, ਇਸ ਨੂੰ ਦਰੁਸਤ ਕਰ ਲੈਣਾ ਚਾਹੀਦਾ ਹੈ। ਇੰਜ ਲਗਦਾ ਹੈ ਜਿਵੇਂ ਸੈਂਟਰ ਨੂੰ ਜਾਣ–ਬੁਝ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੋਵੇ। ਸੈਂਟਰ ਦੇ ਬਾਰੇ ਇਹੋ ਜਿਹੇ ਭੁਲੇਖੇ ਕੱਢ ਦੇਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਦੇਵ ਸਿੰਘ ਢੀਂਡਸਾ : ਚਲੋ ਆਪਾਂ "ਏਜੰਸੀਜ਼" ਦੀ ਜਗ੍ਹਾ "ਏਜੰਸੀ" ਕਰ ਲੈਂਦੇ ਹਾਂ।

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਸ਼ੁਰੂ ਵਿਚ ਢੀਂਡਸਾ ਸਾਹਿਬ ਨੇ ਕਿਹਾ ਹੈ ਕਿ ਪਹਿਲਾਂ ਹਿੰਦੁਸਤਾਨ ਭੀਖ ਮੰਗਾ ਹੁੰਦਾ ਸੀ, ਦੂਸਰਿਆਂ ਤੋਂ ਅਨਾਜ ਮੰਗਵਾਉਂਦਾ ਹੁੰਦਾ ਸੀ ਅੌਰ ਪੰਜਾਬ ਨੇ ਹਿੰਦੁਸਤਾਨ ਨੂੰ ਇਸ ਕਾਬਲ ਬਣਾਇਆ ਹੈ ਕਿ ਉਹ ਆਪਣੇ ਆਪ ਰੋਟੀ ਖਾ ਸਕੇ। ਜਿਥੋਂ ਤੱਕ ਪੰਜਾਬ ਦੇ ਕਿਸਾਨ ਦੀ ਮਿਹਨਤ ਦਾ ਸਵਾਲ ਹੈ, ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਪੰਜਾਬ ਦੇ ਕਿਸਾਨ ਨੇ ਬਹੁਤ ਜ਼ਿਆਦਾ ਮਿਹਨਤ ਕੀਤੀ ਅਤੇ ਇਸ ਗੱਲ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਘੱਟ ਹੈ। ਮੈਂ ਇਥੇ ਹਿੰਦੂ–ਸਿੱਖ ਦਾ ਸਵਾਲ ਬਿਲਕੁਲ ਪੈਦਾ ਨਹੀਂ ਕਰਨਾ ਚਾਹੁੰਦਾ। ਪੰਜਾਬ ਦੇ ਕਿਸਾਨ ਵਿਚ ਹਿੰਦੂ–ਸਿੱਖ ਦੋਨੋਂ ਹੀ ਆਉਂਦੇ ਹਨ ਅਤੇ ਦੋਨਾਂ ਨੇ ਹੀ ਸ਼ਾਨਦਾਰ ਮਿਹਨਤ ਕੀਤੀ ਹੈ ਅਤੇ ਹਿੰਦੁਸਤਾਨ ਨੂੰ ਇਸ ਕਾਬਲ ਬਣਾਇਆ ਹੈ ਕਿ ਉਸ ਨੂੰ ਦੂਸਰਿਆਂ ਤੋਂ ਅਨਾਜ ਨਾ ਮੰਗਵਾਉਣਾ ਪਵੇ। ਪਰ ਕਿਸਾਨ ਦੀ ਇਸ ਸਫਲਤਾ ਦੇ ਪਿੱਛੇ ਉਸ ਦੀ ਮਿਹਨਤ ਤੋਂ ਇਲਾਵਾ ਕੁਝ ਦੂਸਰੇ ਤੱਥ ਵੀ ਹਨ ਜਿਨ੍ਹਾਂ ਵਿਚੋਂ ਮੁੱਖ ਤੱਥ ਹੈ ਇਰੀਗੇਸ਼ਨ ਦਾ। ਇਰੀਗੇਸ਼ਨ ਵਾਸਤੇ ਡੀਜ਼ਲ ਅਤੇ ਬਿਜਲੀ ਬਹੁਤ ਜ਼ਰੂਰੀ ਹਨ। ਚੇਅਰਮੈਨ ਸਾਹਿਬ, ਡੀਜ਼ਲ ਬਾਹਰੋਂ ਆਉਂਦਾ ਹੈ। ਇਹ ਪੰਜਾਬ ਵਿਚ ਨਹੀਂ ਪੈਦਾ ਹੁੰਦਾ ਹੈ। ਪੰਜਾਬ ਵਿਚ ਡੀਜ਼ਲ ਅਤੇ ਤੇਲ ਦਾ ਕੋਈ ਕੂੰਆਂ ਨਹੀਂ ਹੈ। ਇਹ ਡੀਜ਼ਲ ਸੈਂਟਰ ਸਰਕਾਰ ਹੀ ਮੁਹਈਆ ਕਰਦੀ ਹੈ। ਬਿਜਲੀ ਪੈਦਾ ਕਰਨ ਵਾਸਤੇ ਜਿਹੜੇ ਡੈਮ ਬਣਾਏ ਗਏ ਹਨ ਜਿਵੇਂ ਭਾਖੜਾ ਡੈਮ, ਪੌਂਗ ਡੈਮ ਵਗੈਰਾ, ਇਹ ਇਕੱਲੇ ਪੰਜਾਬ ਦੇ ਹੀ ਨਹੀਂ ਹਨ। ਇਹ ਡੈਮ ਇਕੱਲਾ ਪੰਜਾਬ ਨਹੀਂ ਬਣਾ ਸਕਦਾ। ਇਨ੍ਹਾਂ ਵਾਸਤੇ ਪੈਸਾ ਵੀ ਸੈਂਟਰ ਦੀ ਸਰਕਾਰ ਨੇ ਦਿੱਤਾ ਹੈ ਅਤੇ ਹੋਰ ਰਾਜਾਂ ਦਾ ਵੀ ਹਿੱਸਾ ਹੈ। ਇਸ ਤੋਂ ਇਲਾਵਾ ਨਹਿਰਾਂ ਦਾ ਜਿਹੜਾ ਜਾਲ ਪੰਜਾਬ ਵਿਚ ਵਿਛਿਆ ਹੋਇਆ ਹੈ, ਜਿਨ੍ਹਾਂ ਦੀ ਵਜ੍ਹਾ ਕਰਕੇ ਪੰਜਾਬ ਦੇ ਕਿਸਾਨ ਨੇ ਇਹ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ, ਇਹ ਵੀ ਸੈਂਟਰ ਸਰਕਾਰ ਦੀ ਇਮਦਾਦ ਦੇ ਨਾਲ ਹੀ ਹੋਇਆ ਹੈ। (ਸ਼ੋਰ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਿੰਜਾਈ ਮੁਹੱਈਆ ਕਰਨ ਵਾਸਤੇ ਸੈਂਟਰ ਦੀ ਸਰਕਾਰ ਨੇ ਸਾਰੇ ਸੂਬਿਆਂ ਦੀ ਮੱਦਦ ਕੀਤੀ ਹੈ। ਡਾਕਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨ ਕਿ ਜੋ ਸਫਲਤਾ ਪੰਜਾਬ ਨੇ ਹਾਸਲ ਕੀਤੀ ਹੈ, ਉਹ ਬਾਕੀ ਸੂਬਿਆਂ ਨੇ ਕਿਉਂ ਨਹੀਂ ਕੀਤੀ ?

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਮੈਂ ਦੱਸ ਰਿਹਾ ਸੀ ਕਿ ਪਾਣੀ ਮੁਹਈਆ ਕਰਨ ਵਾਸਤੇ ਬਿਜਲੀ ਬਹੁਤ ਜ਼ਰੂਰੀ ਹੈ ਕਿਉਂਕਿ ਜਿਹੜੇ ਟਿਊਬਵੈਲ ਪਾਣੀ ਕੱਢਣ ਵਾਸਤੇ ਚਲਦੇ ਹਨ ਉਹ ਬਿਜਲੀ ਨਾਲ ਚਲਦੇ ਹਨ। ਪਾਵਰ ਜੈਨਰੇਸ਼ਨ ਵਿਚ ਕੋਲਾ ਵਰਤਿਆ ਜਾ ਰਿਹਾ ਹੈ। ਬਠਿੰਡੇ ਅਤੇ ਰੋਪੜ ਥਰਮਲ ਪਲਾਂਟ ਹਨ, ਉਨ੍ਹਾਂ ਵਿਚੋਂ ਜਿਹੜੀ ਬਿਜਲੀ ਪੈਦਾ ਕੀਤੀ ਜਾ ਰਹੀ ਹੈ, ਉਹ ਕੋਇਲੇ ਨਾਲ ਹੀ ਕੀਤੀ ਜਾ ਰਹੀ ਹੈ। ਇਹ ਵੀ ਸੈਂਟਰ ਦੀ ਸਰਕਾਰ ਹੀ ਮੁਹੱਈਆ ਕਰਦੀ ਹੈ। ਇਸ ਤੋਂ ਇਲਾਵਾ ਅਸੀਂ ਪੰਜਾਬ ਵਾਸਤੇ ਪ੍ਰਮਾਣੂ ਬਿਜਲੀ ਘਰ ਦੀ ਮੰਗ ਕਰ ਰਹੇ ਹਾਂ। ਇਹ ਵੀ ਉਤਨੀ ਦੇਰ ਤੱਕ ਬਣ ਨਹੀਂ ਸਕਦਾ ਜਿਤਨੀ ਦੇਰ ਤੱਕ ਸੈਂਟਰ ਦੀ ਸਰਕਾਰ ਸਾਡੀ ਮੱਦਦ ਨਹੀਂ ਕਰਦੀ।

ਸਰਦਾਰ ਹਰਦਿਆਲ ਸਿੰਘ ਰਾਜਲਾ : ਚੇਅਰਮੈਨ ਸਾਹਿਬ, ਜਿਹੜੀ ਬਿਜਲੀ ਪਾਣੀ ਤੋਂ ਪੈਦਾ ਹੁੰਦੀ ਹੈ, ਉਹ ਤਾਂ ਸੈਂਟਰ ਦੀ ਸਰਕਾਰ ਆਪ ਲੈ ਜਾਂਦੀ ਹੈ। ਠੰਡੀ ਬਿਜਲੀ ਦਿੱਲੀ ਨੂੰ ਚਲੀ ਜਾਂਦੀ ਹੈ ਅਤੇ ਗਰਮ ਬਿਜਲੀ ਜਿਹੜੀ ਥਰਮਲ ਪਲਾਂਟ ਤੋਂ ਪੈਦਾ ਹੁੰਦੀ ਹੈ, ਉਹ ਪੰਜਾਬ ਦੇ ਹਿੱਸੇ ਰਹਿ ਜਾਂਦੀ ਹੈ। ਇਹ ਮਹਿੰਗੀ ਪੈਂਦੀ ਹੈ। (ਇਸ ਵਕਤ ਹਾਊਸ ਵਿਚ ਸ਼ੋਰ ਹੋ ਰਿਹਾ ਸੀ) ਪੰਜਾਬ ਦੀ ਜ਼ਮੀਨ ਖਰਾਬ ਕਰਕੇ ਰਾਜਸਥਾਨ ਨੂੰ ਪਾਣੀ ਦਿੱਤਾ ਜਾ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਮਾਨਯੋਗ ਮੈਂਬਰ ਸਾਹਿਬ ਹਾਊਸ ਨੂੰ ਗੁਮਰਾਹ ਕਰ ਰਹੇ ਹਨ ਕਿ ਕੋਲੇ ਵਾਲੀ ਬਿਜਲੀ ਗਰਮ ਹੁੰਦੀ ਹੈ ਅਤੇ ਪਾਣੀ ਵਾਲੀ ਠੰਡੀ (ਹਾਸਾ)

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਖੇਤੀ ਵਾਸਤੇ ਪਾਣੀ ਤੋਂ ਬਾਅਦ ਖਾਦ ਦੀ ਲੋੜ ਹੁੰਦੀ ਹੈ। ਪੰਜਾਬ ਵਿਚ ਖਾਦ ਦੇ ਦੋ ਕਾਰਖਾਨੇ ਹਨ, ਇਕ ਨੰਗਲ ਅਤੇ ਦੂਸਰਾ ਬਠਿੰਡਾ। ਨੰਗਲ ਦੀ ਫੈਕਟਰੀ ਵਿਚ ਨੈਪਥਾ ਇਸਤੇਮਾਲ ਹੁੰਦਾ ਹੈ। ਅਗਰ ਇਹ ਸੈਂਟਰ ਸਰਕਾਰ ਮੁਹੱਈਆ ਨਾ ਕਰੇ ਤਾਂ ਖਾਦ ਦੀ ਪੈਦਾਵਾਰ ਨਹੀਂ ਹੋ ਸਕਦੀ। ਇਸੇ ਤਰ੍ਹਾਂ ਬਠਿੰਡੇ ਦੇ ਕਾਰਖਾਨੇ ਵਿਚ ਜਿਹੜਾ ਕੋਇਲਾ ਇਸਤੇਮਾਲ ਹੁੰਦਾ ਹੈ, ਉਹ ਪੰਜਾਬ ਵਿਚ ਪੈਦਾ ਨਹੀਂ ਹੁੰਦਾ। ਉਹ ਬੰਗਾਲ ਅਤੇ ਬਿਹਾਰ ਵਿਚੋਂ ਆਉਂਦਾ ਹੈ ਅਤੇ ਸੈਂਟਰ ਦੀ ਸਰਕਾਰ ਇਸ ਦਾ ਇੰਤਜ਼ਾਮ ਕਰਦੀ ਹੈ। ਇਨ੍ਹਾਂ ਕਾਰਖਾਨਿਆਂ ਤੇ ਸੈਂਟਰ ਦੀ ਸਰਕਾਰ ਨੇ 600 ਕਰੋੜ ਰੁਪਏ ਦਾ ਖਰਚਾ ਕੀਤਾ ਹੋਇਆ ਹੈ। ਇਸ ਵਿਚੋਂ ਜਿੰਨੀ ਖਾਦ ਦੀ ਪ੍ਰੋਡਕਸ਼ਨ ਹੁੰਦੀ ਹੈ, ਉਸ ਦਾ 80% ਤੋਂ ਵੀ ਜ਼ਿਆਦਾ ਹਿੱਸਾ ਪੰਜਾਬ ਦਾ ਕਿਸਾਨ ਆਪਣੀ ਖੇਤੀ ਲਈ ਖਰਚ ਕਰਦਾ ਹੈ। ਇਸ ਤਰ੍ਹਾਂ ਚੇਅਰਮੈਨ ਸਾਹਿਬ, ਪੰਜਾਬ ਦੇ ਕਿਸਾਨ ਦੀ ਸਫਲਤਾ ਦਾ ਰਾਜ਼ ਉਸ ਦੀ ਮਿਹਨਤ ਤੋਂ ਇਲਾਵਾ ਇਹ ਇਮਦਾਦ ਵੀ ਹੈ ਜਿਹੜੀ ਕਿ ਕੇਂਦਰ ਸਰਕਾਰ ਮੁਹਈਆ ਕਰਦੀ ਹੈ। ਪੰਜਾਬੀ ਕਿਸਾਨ ਦੀ ਮਿਹਨਤ ਅਤੇ ਸੈਂਟਰ ਦੀ ਸਰਕਾਰ ਦੀ ਇਮਦਾਦ ਇਹ ਦੋਨੋਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਇਸੇ ਕਰਕੇ ਹੀ ਪੰਜਾਬ ਐਨਾ ਅਨਾਜ ਪੈਦਾ ਕਰਨ ਵਿਚ ਸਫਲ ਹੋਇਆ ਹੈ। ਸਾਨੂੰ ਮਹਿਸੂਸ ਕਰਨਾ ਚਾਹੀਦਾ ਹੈ ਕਿ ਹਿੰਦੁਸਤਾਨ ਇਕ ਹੈ ਅਤੇ ਹਿੰਦੁਸਤਾਨ ਇਕ ਹੋਣ ਦੀ ਵਜ੍ਹਾ ਕਰਕੇ ਹੀ ਇਤਨਾ ਅਨਾਜ ਪੈਦਾ ਕਰਨ ਦਾ ਕਰੈਡਿਟ ਅੱਜ ਪੰਜਾਬ ਦੇ ਕਿਸਾਨ ਨੂੰ ਜਾਂਦਾ ਹੈ। ਇਸ ਵਿਚ ਉਸ ਦੀ ਆਪਣੀ ਸਖਤ ਮਿਹਨਤ ਅਤੇ ਸੈਂਟਰ ਸਰਕਾਰ ਦੀ ਸਹਾਇਤਾ, ਇਹ ਦੋਨੋਂ ਹੀ ਸ਼ਾਮਲ ਹਨ। ਚੇਅਰਮੈਨ ਸਾਹਿਬ, ਇਥੇ ਕਿਹਾ ਗਿਆ ਹੈ ਕਿ ਅਕਾਲੀ ਸਰਕਾਰ ਦੀ ਬਦੌਲਤ ਹੀ ਅੱਜ ਇਹ ਰੈਜ਼ੋਲਿਊਸ਼ਨ ਇਥੇ ਪੇਸ਼ ਹੋਇਆ ਹੈ। ਮੈਂ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਸਪੀਕਰ ਸਾਹਿਬ ਦੇ ਕਮਰੇ ਵਿਚ ਜਾ ਕੇ ਇਹ ਵੇਖ ਲੈਣ, ਸਾਡੀ ਪਾਰਟੀ ਵਲੋਂ ਕਾਲ ਅਟੈਨਸ਼ਨ ਮੋਸ਼ਨ ਇਸੇ ਸਬੰਧ ਵਿਚ ਲਿਆਂਦਾ ਗਿਆ ਸੀ। ਜੇ ਉਹ ਐਡਮਿਟ ਨਹੀਂ ਹੋਇਆ ਤਾਂ ਇਹ ਸਾਡੀ ਗਲਤੀ ਨਹੀਂ ਹੈ। ਇਹ ਇਨ੍ਹਾਂ ਦੀ ਆਪਣੀ ਮਰਜ਼ੀ ਹੈ ਕਿ ਐਡਮਿਟ ਕਰਨ ਜਾਂ ਨਾ ਕਰਨ। ਸਾਡੀ ਪਾਰਟੀ ਕਿਸਾਨ ਦੀ ਬਿਹਤਰੀ ਵਾਸਤੇ ਕ੍ਰਿਤ-ਸੰਕਲਪ ਹੈ। ਅਸੀਂ ਹਮੇਸ਼ਾ ਉਸ ਦੀ ਮਦੱਦ ਕੀਤੀ ਹੈ। ਚੇਅਰਮੈਨ ਸਾਹਿਬ, ਇਨ੍ਹਾਂ ਦੀ ਸਰਕਾਰ ਬਣੀ ਨੂੰ ਤਾਂ ਹਾਲੇ ਮਸਾਂ ਕੁਝ ਦਿਨ ਹੀ ਹੋਏ ਹਨ। ਇਸ ਤੋਂ ਪਹਿਲਾਂ ਕਿਸਾਨ ਵਾਸਤੇ ਆਹ ਦਾ ਨਾਹਰਾ ਕੌਣ ਮਾਰਦਾ ਸੀ ?

1982-83 ਵਿਚ ਪੈਡੀ ਦੀ ਰੈਮੂਨਰੇਟਿਵ ਪ੍ਰਾਈਸ 122/- ਰੁਪਏ ਮਿਥੀ ਗਈ ਸੀ। 1983-84 ਵਿਚ ਇਹ 137/- ਰੁਪਏ ਸੀ ਅਤੇ ਹੁਣ 1985 ਵਿਚ ਇਸ ਵਿਚ 5/- ਰੁਪਏ ਦਾ ਵਾਧਾ ਕੀਤਾ ਗਿਆ ਹੈ। ਕਿਸਾਨਾਂ ਨੂੰ ਬੋਨਸ ਦੇਣ ਵਾਸਤੇ ਅੱਜ ਇਥੇ ਗੱਲ ਕੀਤੀ ਗਈ ਹੈ। ਪਰ ਜਿਸ ਦਿਨ ਦੀ ਸਰਕਾਰ ਬਣੀ ਹੈ, ਅੱਜ ਇਸ ਸਰਕਾਰ ਨੂੰ ਕੁਝ ਦਿਨ ਹੋਏ ਹਨ, ਕਿਸੇ ਨੇ ਬੋਨਸ ਦੇਣ ਬਾਰੇ ਗੱਲ ਨਹੀਂ ਕੀਤੀ ਹੈ ਹਾਲਾਂਕਿ ਪਿੱਛੇ ਜਿਹੇ ਰਾਸ਼ਟਰਪਤੀ ਜੀ ਦਾ ਰਾਜ ਰਿਹਾ ਜਿਹਨੂੰ Centre ਦੀ ਕਾਂਗਰਸ ਸਰਕਾਰ ਦਾ ਹੀ ਰਾਜ ਸਮਝਣਾ ਚਾਹੀਦਾ ਹੈ, ਉਸ ਸਮੇਂ ਪੈਡੀ ਲਈ 3/- ਰੁਪਏ ਬੋਨਸ ਵਜੋਂ ਦਿੱਤੇ ਗਏ ਅੌਰ ਕਣਕ ਲਈ 5/- ਰੁਪਏ ਬੋਨਸ ਵਜੋਂ ਦਿੱਤੇ ਗਏ। ਹੁਣ ਇਹ ਪੰਜਾਬ ਸਰਕਾਰ ਦੇ ਮੂੰਹ ਵਿਚ ਘੁੰਘਣੀਆਂ ਪਈਆਂ ਹੋਈਆਂ ਹਨ ਅਤੇ ਇਹ ਬੋਨਸ ਬਾਰੇ ਕੁਝ ਨਹੀਂ ਕਹਿ ਰਹੇ। ਇਨ੍ਹਾਂ ਨੂੰ ਬੋਨਸ ਬਾਰੇ ਅੱਜ ਇਲਾਨ ਕਰਨਾ ਚਾਹੀਦਾ ਹੈ। ਮੈਂ ਇਲਜ਼ਾਮ ਲਗਾਉਂਦਾ ਹਾਂ ਕਿ ਇਸ ਅਕਾਲੀ

Original with;
Punjab Vidhan Sabha
Digitized by;
Panjab Digital Library

ਸਰਕਾਰ ਦੇ ਦਿਲ ਵਿਚ ਕਿਸਾਨਾਂ ਲਈ ਕੋਈ ਹਮਦਰਦੀ ਨਹੀਂ ਹੈ ਇਹ ਸਿਰਫ ਜ਼ਬਾਨੀ ਗੱਲਾਂ ਹੀ ਕਰਨਾ ਜਾਣਦੇ ਹਨ। ਅੱਜ ਇਥੇ ਬੋਨਸ ਲਈ ਸੀ.ਐਮ. ਸਾਹਿਬ ਵਲੋਂ ਇਲਾਨ ਹੋਣਾ ਚਾਹੀਦਾ ਹੈ। (ਵਿਘਨ)

ਹੁਣ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਅਕਾਰਡ ਦੀ ਸਪਿਰਟ ਸਾਡੇ ਲਈ ਬਹੁਤ ਪਵਿੱਤਰ ਹੈ। ਅਸੀਂ ਸਮਝਦੇ ਹਾਂ ਕਿ ਜੋ ਸਮਝੌਤਾ ਹੋ ਚੁੱਕਾ ਹੈ ਉਸ ਨੂੰ ਕਾਇਮ ਰੱਖਣਾ ਸਾਡਾ ਧਰਮ ਹੈ ਔਰ ਸਾਡਾ ਫਰਜ਼ ਬਣਦਾ ਹੈ (ਥੰਪਿੰਗ) ਅਜਿਹੀ ਕੋਈ ਗੱਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਕਿ ਇਸ ਸਪਿਰਟ ਨੂੰ ਠੇਸ ਪਹੁੰਚੇ। ਇਹ ਇਲਜ਼ਾਮ ਲਗਾਇਆ ਗਿਆ ਹੈ ਕਿ ਅਸੀਂ ਕਾਂਗਰਸ ਵਾਲੇ ਸ਼ਾਇਦ ਉਸ ਅਕਾਰਡ ਨੂੰ ਠੇਸ ਪਹੁੰਚਾ ਰਹੇ ਹਾਂ ਪਰ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸਾਡੀ ਕਾਂਗਰਸ ਪਾਰਟੀ ਰਾਜੀਵ ਜੀ ਦੀ ਅਗਵਾਈ ਥਲੇ ਇਸ ਲਈ ਕਮਿਟਿੱਡ ਹੈ ਅਤੇ ਜੋ ਸੰਤ ਜੀ ਨਾਲ ਉਨ੍ਹਾਂ ਦਾ ਸਮਝੌਤਾ ਹੋ ਚੁੱਕਾ ਹੈ ਉਸ ਲਈ ਸਾਡੀ ਪਾਰਟੀ ਦਾ ਕਾਇਮ ਰਹਿਣਾ ਸਾਡਾ ਧਰਮ ਬਣਦਾ ਹੈ ਅਤੇ ਸਾਡਾ ਫਰਜ਼ ਬਣਦਾ ਹੈ ਕਿ ਉਸ ਅਕਾਰਡ ਦੇ ਮੁਤਾਬਿਕ ਹੀ ਅਸੀਂ ਪੰਜਾਬ ਦਾ ਮਾਹੌਲ ਬਣਾਈਏ ਔਰ ਆਪਸੀ ਸਹਿਯੋਗ ਰਖੀਏ (ਵਿਘਨ)

ਜਿਥੋਂ ਤਕ ਝੋਨੇ ਦੇ ਰੁਲਣ ਦਾ ਸਵਾਲ ਹੈ (ਵਿਘਨ) ਢੀਂਡਸਾ ਸਾਹਿਬ ਬੈਠੇ ਬੈਠੇ ਬੋਲੀ ਜਾਂਦੇ ਹਨ। ਇਨ੍ਹਾਂ ਨੂੰ ਸ਼ਾਇਦ ਐਫ.ਸੀ.ਆਈ. ਦੀ ਖਰੀਦ ਦਾ ਪਤਾ ਨਹੀਂ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਮਿਤੀ 16 ਅਕਤੂਬਰ, 1985 ਤਕ 10 ਲੱਖ ਟਨ ਝੋਨਾ ਮੰਡੀਆਂ ਵਿਚ ਆ ਚੁੱਕਾ ਸੀ ਅਤੇ ਹੁਣ ਤਕ ਸ਼ਾਇਦ ਇਹ 12–13 ਲੱਖ ਟਨ ਆ ਚੁੱਕਾ ਹੋਵੇ। ਸਟੇਟ ਨੇ ਇਸ ਵਿਚੋਂ 66,000 ਟਨ ਝੋਨਾ ਖਰੀਦਿਆ। ਅਸੀਂ ਸਮਝਦੇ ਹਾਂ ਕਿ ਸਟੇਟ ਨੂੰ ਹੋਰ ਤੇਜ਼ੀ ਨਾਲ ਇਸ ਦੀ ਖਰੀਦ ਕਰਨੀ ਚਾਹੀਦੀ ਹੈ। ਅਗਰ ਐਫ.ਸੀ.ਆਈ. ਖਰੀਦ ਕਰਨ ਲਈ ਦੇਰ ਨਾਲ ਆਉਂਦੀ ਹੈ ਤਾਂ ਫਿਰ ਸਟੇਟ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਇਸ ਦੀ ਖਰੀਦ ਕਰਨੀ ਚਾਹੀਦੀ ਹੈ। 16 ਅਕਤੂਬਰ, 1985 ਤਕ ਐਫ.ਸੀ.ਆਈ. ਨੇ 83,000 ਟਨ ਝੋਨਾ ਖਰੀਦਿਆ ਹੈ। ਇਹ ਇਥੇ ਕਹੀ ਜਾਂਦੇ ਹਨ ਕਿ ਐਫ.ਸੀ. ਆਈ. ਨੇ ਕੁਝ ਨਹੀਂ ਖਰੀਦਿਆ ਜਦ ਕਿ ਹੁਣ ਤਕ ਐਫ.ਸੀ.ਆਈ. ਨੇ ਸਟੇਟ ਦੀ ਏਜੰਸੀਆਂ ਨਾਲੋਂ ਵਧ ਝੋਨਾ ਖਰੀਦਿਆ ਹੈ। ਮਾਰਕਫੈਡ ਨੇ 10,000 ਟਨ ਔਰ ਪਨਸਪ ਨੇ 45,000 ਟਨ ਦੀ ਖਰੀਦ ਕੀਤੀ ਹੈ ਜਦੋਂ ਕਿ ਪਿਛਲੇ ਸਾਲ ਵਿਚ ਇਹ ਫਿਗਰਾਂ ਜ਼ਿਆਦਾ ਸਨ। (ਵਿਘਨ)

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ : ਆਨ ਏ ਪੁਆਇੰਟ ਆਫ ਆਰਡਰ, ਸਰ। ** ** ** (ਵਿਘਨ)

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਡਾਕਟਰ ਕੇਵਲ ਕ੍ਰਿਸ਼ਨ : ਕੁਝ ਬਾਰਸ਼ਾਂ ਹੋਣ ਨਾਲ ਕਿਸਾਨ ਪਰੇਸ਼ਾਨ ਹੋਏ ਹਨ। ਕਿਸਾਨ ਦੀ ਪਰੇਸ਼ਾਨੀ ਦੂਰ ਕਰਨ ਲਈ ਸਰਕਾਰ ਨੂੰ ਕਦਮ ਉਠਾਉਣੇ ਚਾਹੀਦੇ ਹਨ। ਪਿਛਲੇ ਸਾਲ ਝੋਨਾ ਇਸੇ ਪੀਰੀਅਡ ਵਿਚ 16 ਲੱਖ ਟਨ ਆ ਚੁੱਕਾ ਸੀ ਜਦ ਕਿ ਇਸ ਸਾਲ ਇਹ 10 ਲੱਖ ਟਨ ਆਇਆ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਇਸ ਸਾਲ ਖਰੀਦਣ ਦੀ ਰਫਤਾਰ ਕਮਜ਼ੋਰ ਜ਼ਰੂਰ ਹੈ। ਅਸੀਂ ਚਾਹਵਾਂਗੇ ਕਿ ਪੰਜਾਬ ਸਰਕਾਰ ਦੀਆਂ ਏਜੰਸੀਆਂ ਇਸ ਦੀ ਪਰਚੇਜ਼ ਤੇਜ਼ ਕਰਨ ਲੇਕਿਨ ਮੁਸ਼ਕਿਲ ਗੱਲ ਜਿਹੜੀ ਕਿ ਇਸ ਰੈਜ਼ੋਲਿਊਸ਼ਨ ਵਿਚ ਨਹੀਂ ਲਿਆਂਦੀ ਗਈ। ਮੁਆਇਸਚਰ 18% ਤਕ ਐਫ. ਸੀ. ਆਈ. ਖਰੀਦਣ ਵਾਸਤੇ ਤਿਆਰ ਹੈ। ਐਫ. ਸੀ. ਆਈ. ਨੂੰ 20% ਜਾਂ 21% ਤਕ ਕਿਸਾਨਾਂ ਕੋਲੋਂ ਝੋਨਾ ਖਰੀਦਣਾ ਚਾਹੀਦਾ ਹੈ ਅੌਰ ਇਸ ਲਈ ਸਾਨੂੰ ਪੁਰਜ਼ੋਰ ਲਫਜ਼ਾਂ ਨਾਲ ਕਹਿਣਾ ਚਾਹੀਦਾ ਹੈ। ਅਗਰ 20% ਮੁਆਇਸਚਰ ਤਕ ਝੋਨਾ ਐਫ.ਸੀ.ਆਈ. ਖਰੀਦੇ ਤਾਂ ਕੋਈ ਅੜਚਣ ਨਹੀਂ ਰਹੇਗੀ। ਮੈਂ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸਾਰੀ ਖਰੀਦ ਚਾਹੇ ਉਹ ਮਿਲ ਓਨਰ ਕਰਦਾ ਹੈ ਅਤੇ ਚਾਹੇ ਸਟੇਟ ਏਜੰਸੀਆਂ ਕਰਦੀਆਂ ਹਨ ਇਹ ਸਾਫ ਗੱਲ ਹੈ ਕਿ ਉਸ ਲਈ ਸਾਰੇ ਦਾ ਸਾਰਾ ਪੈਸਾ ਦੋਨੋਂ ਫਸਲਾਂ ਲਈ ਕਣਕ ਲਈ, ਅੌਰ ਝੋਨੇ ਲਈ 1600 ਕਰੋੜ ਰੁਪਏ ਸੈਂਟਰ ਦੀ ਸਰਕਾਰ ਖਰਚ ਕਰਦੀ ਹੈ। ਜਿੰਨਾ ਝੋਨਾ ਮਿਲ ਓਨਰ ਨੇ ਲਿਆ ਹੈ ਉਹ ਸਾਰਾ ਐਫ. ਸੀ. ਆਈ. ਕੋਲ ਚੌਲਾਂ ਦੀ ਸ਼ਕਲ ਵਿਚ ਜਾਣਾ ਹੈ। ਇਸ ਲਈ ਐਫ. ਸੀ. ਆਈ. ਨੂੰ ਬਦਨਾਮ ਕਰਨਾ ਜਾਂ ਸੈਂਟਰ ਦੀ ਸਰਕਾਰ ਨੂੰ ਕੋਸਣਾਂ ਇਹ ਠੀਕ ਨਹੀਂ ਹੈ। ਪੰਜਾਬ ਸਰਕਾਰ ਹੀ ਕਿਸਾਨਾਂ ਨੂੰ ਦੁਖੀ ਕਰਦੀ ਹੈ ਅਤੇ ਐਫ. ਸੀ. ਆਈ. ਤਾਂ ਕਿਸਾਨਾਂ ਦੀ ਦੋਸਤ ਹੈ (ਥੰਪਿੰਗ) ਇਸ ਤਰ੍ਹਾਂ ਦੀਆਂ ਕੌੜੀਆਂ ਗੱਲਾਂ ਸੈਂਟਰਲ ਸਰਕਾਰ ਦੇ ਬਾਰੇ ਵਿਚ ਕਰਨੀਆਂ ਠੀਕ ਨਹੀਂ ਹਨ, ਮੁਨਾਸਿਬ ਨਹੀਂ ਹਨ। ਜੇ ਕਰ ਲੜ ਕੇ ਫਿਰ ਹੱਸ ਕੇ ਮਿਲਣਾ ਹੈ ਤਾਂ ਫਿਰ ਇਹ ਹੁਣ ਕੌੜੀਆਂ ਗੱਲਾਂ ਕਰਨੀਆਂ ਉਨ੍ਹਾਂ ਪ੍ਰਤੀ ਠੀਕ ਨਹੀਂ ਹਨ। ਮੈਂ ਪੁਰਜ਼ੋਰ ਲਫਜ਼ਾਂ ਨਾਲ ਕਹਿਣਾ ਚਾਹਵਾਂਗਾ ਕਿ ਝੋਨੇ ਦੀ ਪਰਚੇਜ਼ ਕਰਨ ਵਾਸਤੇ ਅੱਗੇ ਆਉਣਾ ਚਾਹੀਦਾ ਹੈ ਅਤੇ ਮੁਆਇਸਚਰ 18% ਤੋਂ ਵਧਾ ਕੇ 20% ਕਰਨੀ ਚਾਹੀਦੀ ਹੈ। ਸਟੇਟ ਏਜੰਸੀਆਂ ਨੂੰ ਝੋਨਾ ਵੱਧ ਖਰੀਦਣਾ ਚਾਹੀਦਾ ਹੈ ਤਾਂਕਿ ਪੰਜਾਬ ਦੇ ਕਿਸਾਨ ਨੂੰ ਰਾਹਤ ਮਿਲ ਸਕੇ। ਸਾਡੀ ਕਾਂਗਰਸ ਪਾਰਟੀ ਇਸ ਲਈ ਕਮਿੱਟਿਡ ਹੈ ਅਤੇ ਪਿਛਲੇ ਪੰਜ ਸਾਲਾਂ ਵਿਚ ਆਪਣੇ ਕਿਸਾਨਾਂ ਲਈ ਇਸ ਨੇ ਬਹੁਤ ਕੁਝ ਕੀਤਾ ਹੈ। ਅਕਾਲੀ ਸਰਕਾਰ ਕੋਲ ਸਵਾਏ ਪਿਛਲੀ ਰਾਜ ਕਰਦੀ ਪਾਰਟੀ ਨੂੰ ਐਬਿਊਜ਼ ਕਰਨ ਦੇ ਹੋਰ ਇਨ੍ਹਾਂ ਕੋਲ ਕੁਝ ਨਹੀਂ ਹੈ। ਜੋ ਕੁਝ ਪਿਛਲੀ ਸਰਕਾਰ ਦੀਆਂ ਪਾਲਿਸੀਆਂ ਹਨ ਉਸ ਨੂੰ ਹੀ ਇਹ ਹੁਣ ਦੀ ਸਰਕਾਰ ਚਲਾਈ ਜਾ ਰਹੀ ਹੈ। ਜਦੋਂ ਬਜਟ ਸੈਸ਼ਨ ਆਏਗਾ ਫਿਰ ਪਤਾ ਲਗੇਗਾ ਕਿ ਇਹ ਅਕਾਲੀ ਸਰਕਾਰ ਕਿਸਾਨਾਂ ਲਈ ਕੀ ਕਰਨਾ ਚਾਹੁੰਦੀ ਹੈ। ਮੈਂ ਇਨ੍ਹਾਂ ਤੇ ਇਲਜ਼ਾਮ ਲਗਾਉਂਦਾ ਹਾਂ ਕਿ ਪੰਜਾਬ ਦੇ ਕਿਸਾਨਾਂ ਨੂੰ ਬੋਨਸ ਦੇਣ ਬਾਰੇ ਇਹ ਅੱਜ ਤਕ ਚੁੱਪ ਰਹੇ ਹਨ, ਇਸ ਤਰ੍ਹਾਂ ਕਰਕੇ ਇਨ੍ਹਾਂ ਨੇ ਕਿਸਾਨਾਂ ਨਾਲ ਬਹੁਤ ਜ਼ਿਆਦਤੀ ਕੀਤੀ ਹੈ। ਇਨ੍ਹਾਂ ਵਲੋਂ ਅਜੇ ਤਕ ਕਿਸਾਨਾਂ ਲਈ ਬੋਨਸ ਦਾ ਇਲਾਨ ਨਹੀਂ ਕੀਤਾ ਗਿਆ (ਥੰਪਿੰਗ)।

ਇਨ੍ਹਾਂ ਸ਼ਬਦਾਂ ਨਾਲ ਮੈਂ ਸੋਧ ਕਰਕੇ ਇਸ ਰੈਜ਼ੋਲਿਊਸ਼ਨ ਦਾ ਸਮਰਥਨ ਕਰਦਾ ਹਾਂ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਆਨ ਏ ਪੁਆਇੰਟ ਆਫ ਆਰਡਰ, ਸਰ। ਡਾਕਟਰ ਸਾਹਿਬ ਨੇ ਕਿਹਾ ਹੈ ਕਿ ਐਫ. ਸੀ. ਆਈ. ਸਾਰੇ ਪੈਸੇ ਦਿੰਦੀ ਹੈ। ਇਸ ਕਰਕੇ ਇਹ ਉਸ ਦੀ ਤਾਰੀਫ ਕਰ ਰਹੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸੈਂਟ੍ਰਲ ਗੌਰਮਿੰਟ ਨੇ 142/- ਰੁਪਏ ਪ੍ਰਤੀ ਕੁਇੰਟਲ ਝੋਨੇ ਦੀ ਖਰੀਦ ਫਿਕਸ ਕੀਤੀ ਹੈ ਜਦ ਕਿ ਇਹ ਇਸ ਦੀ ਖਰੀਦ 120/- ਰੁਪਏ ਦੇ ਹਿਸਾਬ ਨਾਲ ਕਰ ਰਹੇ ਹਨ। ਕੀ ਇਸ ਤੇ ਅਸੀਂ ਇਸ ਨੂੰ ਸ਼ਾਬਾਸ਼ ਦੇਈਏ ?

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ.): ਇਹ ਜਿਹੜਾ ਢੀਂਡਸਾ ਜੀ ਨੇ ਮਤਾ ਲਿਆਂਦਾ ਹੈ ਇਹ ਬੜਾ ਸੀਰੀਅਸ ਮਸਲਾ ਹੈ। ਮੈਂ ਸਦਨ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਨੂੰ ਹਾਸੇ ਵਿਚ ਨਾ ਲੈਣ ਬਲਕਿ ਇਸ ਨੂੰ ਸੀਰੀਅਸਲੀ ਸੋਚਣਾ ਚਾਹੀਦਾ ਹੈ। ਇਸ

Original with;
Punjab Vidhan Sabha
Digitized by;
Panjab Digital Library

ਬਾਰੇ ਤਾਂ ਸਰਵਸੰਮਤੀ ਨਾਲ ਮਤਾ ਆਉਣਾ ਚਾਹੀਦਾ ਹੈ। ਅੱਜ ਪੰਜਾਬ ਨਾਲ ਕਿਹੋ ਜਿਹਾ ਸਲੂਕ ਹੋ ਰਿਹਾ ਹੈ। ਜੋ ਸੈਂਟਰ ਦੀ ਸਰਕਾਰ ਨਾਲ ਕੋਈ ਖੇਤੀਬਾੜੀ ਬਾਰੇ, ਕਿਸਾਨ ਬਾਰੇ ਗਲ ਕੀਤੀ ਜਾਂਦੀ ਹੈ ਤਾਂ ਗਲ ਨਹੀਂ ਸੁਣੀ ਜਾਂਦੀ। ਪੰਜਾਬ ਸੂਬਾ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਥੋਂ ਦਾ ਕਿਸਾਨ ਸੈਂਟਰਲ ਪੂਲ ਵਿਚ ਸਭ ਤੋਂ ਜ਼ਿਆਦਾ ਅਨਾਜ ਦਾ ਹਿਸਾ ਪਾਉਂਦਾ ਹੈ ਪਰ ਉਸ ਕਿਸਾਨ ਦੀਆਂ ਮੁਸ਼ਕਲਾਂ ਨੂੰ ਕੇਂਦਰ ਦੀ ਸਰਕਾਰ ਸੁਣਨਾ ਨਹੀਂ ਚਾਹੁੰਦੀ। ਸਾਡੇ ਨਾਲ ਕੇਂਦਰ ਵਲੋਂ ਵਿਤਕਰਾ ਕੀਤਾ ਜਾਂਦਾ ਹੈ। 1978 ਵਿਚ ਜਦੋਂ ਪੰਜਾਬ ਵਿਚ ਜਨਤਾ ਅਤੇ ਅਕਾਲੀ ਪਾਰਟੀ ਦੀ ਸਰਕਾਰ ਸੀ ਤਾਂ ਉਦੋਂ ਸਾਡੀ ਸਰਕਾਰ ਨੇ ਬਹੁਤ ਸਾਰੇ ਕੰਮ ਕੀਤੇ, ਪੰਜਾਬ ਦੇ ਲੋਕਾਂ ਦੀ ਭਲਾਈ ਲਈ ਬਹੁਤ ਕੁਝ ਕੀਤਾ ਅਤੇ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ, ਚੇਅਰਮੈਨ ਸਾਹਿਬ, ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਨੂੰ ਬਿਜਲੀ ਪੂਰੀ ਨਹੀਂ ਮਿਲ਼ਦੀ, ਪਾਣੀ ਪੂਰਾ ਨਹੀਂ ਮਿਲਦਾ । ਪੰਜਾਬ ਦਾ ਕਿਸਾਨ ਐਨੀ ਮਿਹਨਤ ਕਰਦਾ ਹੈ ਪਰ ਉਸ ਦੀ ਮਿਹਨਤ ਦਾ ਉਸ ਨੂੰ ਪੂਰਾ ਮੁੱਲ ਨਹੀਂ ਮਿਲਦਾ। ਪੰਜਾਬ ਦੇ ਕਿਸਾਨ ਨਾਲ ਸੈਂਟਰ ਦੀ ਸਰਕਾਰ ਵਲੋਂ ਵਿਤਕਰਾ ਕੀਤਾ ਜਾ ਰਿਹਾ ਹੈ। ਤੁਸੀਂ ਦੇਖਿਆ ਹੈ ਕਿ ਅਜ ਪੰਜਾਬ ਦੇ ਕਿਸਾਨ ਦਾ ਝੋਨਾ ਮੰਡੀਆਂ ਵਿਚ ਕਿਵੇਂ ਰੁਲ ਰਿਹਾ ਹੈ ਅਤੇ ਉਹ ਖਰੀਦਿਆ ਨਹੀਂ ਜਾ ਰਿਹਾ। ਜਿਹੜੇ ਜ਼ਿੰਮੇਵਾਰ ਅਫਸਰ ਹਨ ਉਨ੍ਹਾਂ ਨੂੰ ਹਦਾਇਤਾਂ ਜਾਰੀ ਕਰਨੀਆਂ ਚਾਹੀਦੀਆਂ ਹਨ ਕਿ ਉਹ ਖੁੱਲ੍ਹੀ ਜਿਣਸ ਖਰੀਦਣ। ਕੇਂਦਰ ਦੀ ਸਰਕਾਰ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਰਹੀ। ਪਿਛਲੇ ਸਾਲ ਦੀ ਮੈਂ ਗਲ ਦਸਦਾ ਹਾਂ ਕਿ ਇਹ ਗੌਇਨਕਾ ਇੰਟਰਪਰਾਈਜ਼ ਨੂੰ ਮਾਲ ਦਿੰਦੇ ਰਹੇ ਅਤੇ ਉਹ ਬਾਹਰ ਭੇਜਦੇ ਰਹੇ। ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਰਮਲ ਨੂੰ ਬਾਸਮਤੀ ਬਣਾ ਕੇ ਵੇਚਿਆ । ਪਿਛਲੇ ਸਾਲ ਜ਼ੀਰੀ ਸਸਤੀ ਖਰੀਦੀ ਗਈ ਪਰ ਅਗੇ ਜਾ ਕੇ ਇਹ ਮਹਿੰਗੇ ਭਾਅ ਤੇ ਦਿੰਦੇ ਰਹੇ। ਇਹ ਪਰਮਲ ਨੂੰ ਇੰਡੀਅਨ ਮੇਡ ਬਾਸਮਤੀ ਕਹਿ ਕੇ ਵੇਚਦੇ ਰਹੇ ਹਨ ਜਿਸ ਨਾਲ ਪੰਜਾਬ ਦਾ ਨਾਮ ਬਦਨਾਮ ਕੀਤਾ ਹੈ। ਇਹ ਪੰਜਾਬ ਦੇ ਕਿਸਾਨ ਨਾਲ ਪਿਛਲੇ ਸਮੇਂ ਵਿਚ ਇਸ ਤਰ੍ਹਾਂ ਦਾ ਸਲੂਕ ਕਰਦੇ ਰਹੇ ਹਨ। ਪਿਛੇ ਗਵਰਨਰੀ ਰਾਜ ਰਿਹਾ ਹੈ ਅਤੇ ਤੁਸੀਂ ਜਾਣਦੇ ਹੋ ਕਿ ਪੰਜਾਬ ਤੋਂ ਬਾਹਰ ਜਿਣਸ ਭੇਜਣ ਦੀ ਸ਼ਰਤ ਉਡਾ ਦਿਤੀ ਸੀ ਅਤੇ ਇਸ ਤਰ੍ਹਾਂ ਇਹ ਆਪਣੀਆਂ ਮਨਮਾਨੀਆਂ ਕਰਦੇ ਰਹੇ ਹਨ। ਇਹ ਪ੍ਰਾਈਵੇਟ ਓਪਰੇਟਰਾਂ ਨਾਲ ਮਿਲਕੇ ਸਭ ਕੁਝ ਕਰਦੇ ਰਹੇ ਹਨ ਅਤੇ ਉਨ੍ਹਾਂ ਨਾਲ ਇਨ੍ਹਾਂ ਦੀਆਂ ਹਿੱਸਾ ਪੱਤੀਆਂ ਰਹੀਆਂ ਹਨ ਅਤੇ ਇਨ੍ਹਾਂ ਨੇ ਬੜਾ ਇਸ ਤੋਂ ਲਾਭ ਉਠਾਇਆ ਹੈ। ਭਾਅ ਸਮੇਂ ਸਿਰ ਮੁਕੱਰਰ ਨਾ ਕਰਨ ਨਾਲ ਪ੍ਰਾਈਵੇਟ ਮਿੱਲਾਂ ਵਾਲੇ ਅਤੇ ਸ਼ੈਲਰਾਂ ਵਾਲੇ ਆਪਣੀ ਮਰਜ਼ੀ ਨਾਲ ਖਰੀਦ ਕੇ ਪੁਰਾਣਾ ਰੇਟ ਦਿੰਦੇ ਰਹੇ ਪਰ ਉਸ ਦੀ ਪੂਰੀ ਅਦਾਇਗੀ ਅਜੇ ਤੱਕ ਨਹੀਂ ਹੋਈ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਬੜਾ ਸੀਰੀਅਸ ਮਸਲਾ ਹੈ ਅਤੇ ਇਸ ਉਤੇ ਸੰਜ਼ੀਦਗੀ ਨਾਲ ਵਿਚਾਰ ਕਰਨੀ ਚਾਹੀਦੀ ਹੈ। ਪੰਜਾਬ ਦੀ ਸਰਕਾਰ ਕਿਸਾਨ ਲਈ ਬਹੁਤ ਕੁਝ ਕਰਨਾ ਚਾਹੁੰਦੀ ਹੈ ਅਤੇ ਕਰ ਰਹੀ ਹੈ ਪਰ ਇਸ ਵੇਲੇ ਮੁਸ਼ਕਲ ਇਹ ਹੈ ਕਿ ਸਰਕਾਰ ਕੋਲ ਪੈਸਾ ਨਹੀਂ ਹੈ। ਸਾਡੇ ਸੀ. ਐਮ. ਸਾਹਿਬ ਨੇ ਸੈਂਟਰ ਦੀ ਸਰਕਾਰ ਤੋਂ ਪੈਸਾ ਮੰਗਿਆ ਹੈ ਪਰ ਉਹ ਦਿੰਦੇ ਨਹੀਂ ਹਨ। ਜੇ ਅਸੀਂ ਉਨ੍ਹਾਂ ਲੋਕਾਂ ਦਾ ਕੋਈ ਫਾਇਦਾ ਨਹੀਂ ਕਰ ਸਕਦੇ ਅਤੇ ਉਨ੍ਹਾਂ ਦੀ ਮੁਸੀਬਤ ਹੱਲ ਨਹੀਂ ਕਰ ਸਕਦੇ ਤਾਂ ਫਿਰ ਠੀਕ ਨਹੀਂ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਕਿਸੇ ਪੁਰਾਣੇ ਜ਼ਿੰਮੇਵਾਰ ਮੰਤਰੀ ਦੀ, ਐਮ. ਐਲ. ਏ. ਦੀ ਇਨਕੁਆਇਰੀ ਕਰਵਾ ਲਓ ਅਤੇ ਉਨ੍ਹਾਂ ਨੂੰ ਅੰਦਰ ਦੇ ਦਿਓ ਜਿਸ ਤਰ੍ਹਾਂ ਸਾਨੂੰ ਅੰਦਰ ਦਿੱਤਾ ਸੀ (ਥੰਪਿੰਗ) ਫਿਰ ਸਭ ਕੁਝ ਪਤਾ ਚੱਲ ਜਾਵੇਗਾ। ਉਸ ਵੇਲੇ ਜਦ ਪੰਜਾਬ ਸੜ ਰਿਹਾ ਸੀ ਤਾਂ ਇਹ ਉਸ ਵੇਲੇ ਮੌਜਾਂ ਕਰਦੇ ਸਨ। ਇਹ ਉਦੋਂ ਬੰਸਰੀ ਵਜਾ ਰਹੇ ਸਨ। ਸਾਨੂੰ ਇਸ ਮਸਲੇ ਨੂੰ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਪਿਛਲੇ ਸਾਲ ਦੀ ਖਰੀਦੀ ਹੋਈ ਕਣਕ ਅਤੇ ਜ਼ੀਰੀ ਗੁਦਾਮਾਂ ਵਿਚ ਸੜ ਰਹੀ ਹੈ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਫਸਲ ਕੋਈ ਬੀਜਦਾ ਹੈ ਪਰ ਉਸ ਦਾ ਰੇਟ ਕੋਈ ਹੋਰ ਫਿਕਸ ਕਰਦਾ ਹੈ। ਤੁਸੀਂ ਕਾਰਖਾਨੇਦਾਰਾਂ ਵੱਲ ਵੇਖ ਲਵੋ। ਉਹ ਆਪਣੀ ਮਰਜ਼ੀ ਨਾਲ ਰੇਟ ਵਧਾ ਦਿੰਦੇ ਹਨ ਅਤੇ ਮਰਜ਼ੀ ਨਾਲ ਰੇਟ ਮੁਕਰੱਰ ਕਰਦੇ ਹਨ ਪਰ ਕਿਸਾਨ ਨਾਲ ਇਸ ਤਰ੍ਹਾਂ ਹੁੰਦਾ ਹੈ ਕਿ ਉਹ ਆਪ ਪਰੋਡਿਊਸ ਕਰਦਾ ਹੈ ਪਰ ਉਸ ਦੀ ਉਪਜ ਦਾ ਰੇਟ ਕੋਈ ਹੋਰ ਬੰਨ੍ਹਦਾ ਹੈ। ਉਸ ਜਿਨਸ ਦੀ ਕੀਮਤ ਮੰਡੀਆਂ ਵਿਚ ਜਾ ਕੇ ਪੈਂਦੀ ਹੈ। ਉਹ ਆਪਣੀ ਜਿਨਸ ਦਾ ਭਾਅ ਆਪ ਮੁਕਰੱਰ ਨਹੀਂ ਕਰ ਸਕਦਾ। ਇਹ ਕੰਮ ਕਿੰਨੀ ਦੇਰ ਇਸ ਤਰ੍ਹਾਂ ਚੱਲੇਗਾ। ਕਿਸਾਨ ਨੂੰ ਵੀ ਇਸ ਬਾਰੇ ਸੋਚਣਾ ਪਵੇਗਾ। ਜਦ ਉਸ ਦੀ ਜਿਨਸ ਖਰੀਦੀ ਹੀ ਨਹੀਂ ਜਾਣੀ ਅਤੇ ਉਸ ਨੂੰ ਠੀਕ ਭਾਅ ਹੀ ਨਹੀਂ ਮਿਲਣਾ ਤਾਂ ਫਿਰ ਉਸ ਨੂੰ ਸੋਚਣਾ ਪਵੇਗਾ ਕਿ ਮੰਡੀਆਂ ਵਿਚ ਰੁਲ ਕੇ ਕੀ ਲੈਣਾ ਹੈ। ਪੰਜਾਬ ਦਾ ਕਿਸਾਨ ਸੈਂਟਰਲ ਪੂਲ ਵਿਚ ਸਭ ਤੋਂ ਵੱਧ ਅਨਾਜ ਦਿੰਦਾ ਹੈ, ਪੰਜਾਬ ਦਾ ਕਿਸਾਨ ਗਰੀਬ ਲੋਕਾਂ ਨੂੰ ਅੰਨ ਦਿੰਦਾ ਹੈ ਪਰ ਉਸ ਕਿਸਾਨ ਦਾ ਕੇਂਦਰ ਦੀ ਸਰਕਾਰ ਕੋਈ ਖਿਆਲ ਨਹੀਂ ਕਰਦੀ। ਇਸ ਦੇ ਉਲਟ ਹੁੰਦਾ ਇਹ ਹੈ ਕਿ ਉਸ ਕੋਲੋਂ ਚੰਗੀ ਜਿਨਸ ਲਈ ਜਾਂਦੀ ਹੈ ਅਤੇ ਸਸਤੇ ਭਾਅ ਤੇ ਲਈ ਜਾਂਦੀ ਹੈ ਪਰ ਜਦੋਂ ਬਾਹਰ ਭੇਜੀ ਜਾਂਦੀ ਹੈ ਤਾਂ ਮਾੜੀ ਜਿਨਸ ਭੇਜ ਦਿੰਦੇ ਹਨ ਜਿਸ ਨਾਲ ਪੰਜਾਬ ਦਾ ਕਿਸਾਨ ਬਦਨਾਮ ਹੁੰਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਪੁਰਾਣੇ ਕਿਸੇ ਜ਼ਿੰਮੇਵਾਰ ਮਨਿਸਟਰ ਨੂੰ, ਐਮ. ਐਲ. ਏ. ਨੂੰ ਫੜ ਲਓ ਅਤੇ ਉਸ ਨੂੰ ਕਚਹਿਰੀ ਵਿਚ ਖੜ੍ਹਾ ਕਰਨਾ ਚਾਹੀਦਾ ਹੈ। ਅਸੀਂ ਇਸ ਸਦਨ ਵਿਚ ਮਹਾਤਮਾ ਗਾਂਧੀ ਦੇ ਦਰਸ਼ਨ ਕਰ ਰਹੇ ਹਾਂ। ਇਹ ਜਿਹੜੇ ਸਾਡੇ ਵੀਰ ਕਾਂਗਰਸ ਵਾਲੇ ਕਹਿੰਦੇ ਹਨ ਕਿ ਅਸੀਂ ਉਨ੍ਹਾਂ ਦੇ ਸਿਧਾਂਤ ਤੇ ਚੱਲਦੇ ਹਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਇਥੇ ਐਨੇ ਸਾਲ ਰਾਜ ਰਿਹਾ ਹੈ ਪਰ ਇਨ੍ਹਾਂ ਨੇ ਇਥੇ ਪੰਜਾਬ ਵਿਚ ਕੋਈ ਵੱਡਾ ਕਾਰਖਾਨਾ ਨਹੀਂ ਲਿਆਂਦਾ। ਇਥੇ ਖੇਤੀਬਾੜੀ ਨਾਲ ਸਬੰਧਤ ਕੋਈ ਕਾਰਖਾਨਾ ਨਹੀਂ ਹੈ। ਐਗਰੀਕਲਚਰ ਦੀ ਤਰੱਕੀ ਵਾਸਤੇ ਕੋਈ ਗੱਲ ਨਹੀਂ ਕੀਤੀ ਜਾ ਰਹੀ। ਮੈਂ ਕਹਿ ਸਕਦਾ ਹਾਂ ਕਿ ਇਸ ਬਾਰੇ ਦਿੱਲੀ ਦੀ ਸਰਕਾਰ ਜ਼ਿੰਮੇਵਾਰ ਹੈ। ਪਿਛਲੇ ਸਮੇਂ ਵਿਚ ਜਦ ਸਾਡੀ ਪਾਰਟੀ ਦੀ ਸਰਕਾਰ ਰਹੀ ਤਾਂ ਅਸੀਂ ਕਿਸਾਨ ਦੀ ਜਿਨਸ ਠੀਕ ਭਾਅ ਤੇ ਖਰੀਦੀ ਭਾਵੇਂ ਸਰਕਾਰ ਨੂੰ ਘਾਟਾ ਹੀ ਪਿਆ ਲੇਕਿਨ ਅਸੀਂ ਕਿਸਾਨ ਨੂੰ ਘਾਟਾ ਨਹੀਂ ਸੀ ਪੈਣ ਦਿਤਾ। ਮੈਂ ਚੇਅਰਮੈਨ ਸਾਹਿਬ, ਮੋਸ਼ਨ ਦਾ ਇਕ ਨੋਟਿਸ ਵੀ ਦਿੱਤਾ ਸੀ ਉਹ ਸਪੀਕਰ ਸਾਹਿਬ ਨੇ ਰਿਜੈਕਟ ਕਰ ਦਿੱਤਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਦਾ ਕਿਸਾਨ ਤੜਫ ਰਿਹਾ ਹੈ ਪਰ ਦਿੱਲੀ ਦੀ ਸਰਕਾਰ ਬੰਸਰੀ ਵਜਾ ਰਹੀ ਹੈ। ਦਿੱਲੀ ਦੀ ਸਰਕਾਰ ਐਨੀ ਨਿਰਦਈ ਹੈ ਕਿ ਉਹ ਕਿਸਾਨ ਦੀ ਕੋਈ ਪੁਕਾਰ ਨਹੀਂ ਸੁਣਨਾ ਚਾਹੁੰਦੀ ।

ਪਾਕਿਸਤਾਨ ਨੂੰ 1970 ਤੋਂ ਬਾਅਦ ਕਿੰਨੇ ਕਰੋੜ ਦਾ ਪਾਣੀ ਵਹਿ ਗਿਆ ਹੈ ਅਤੇ ਹੁਣ ਵੀ ਜਾਂਦਾ ਹੈ। ਸਰਕਾਰ ਇਸ ਪਾਸੇ ਕੋਈ ਖਿਆਲ ਨਹੀਂ ਕਰਦੀ। ਸਾਡੀ ਕੋਈ ਗੱਲ ਨਹੀਂ ਸੁਣੀ ਜਾਂਦੀ। ਜੇ ਅਸੀਂ ਡਰਾਈ ਪੋਰਟ ਦੀ ਮੰਗ ਕੀਤੀ ਸੀ ਤਾਂ ਦਿੱਲੀ ਦੀ ਸਰਕਾਰ ਇਸ ਪਾਸੇ ਧਿਆਨ ਨਹੀਂ ਕਰਦੀ। ਸਾਨੂੰ ਸਾਰੀ ਗੱਲ ਦਿੱਲੀ ਦੇ ਰਾਹੀਂ ਕਰਨੀ ਪੈਂਦੀ ਹੈ। ਜਿਹੜੀਆਂ ਮੰਗਾਂ ਅਸੀਂ ਮੰਗ ਰਹੇ ਹਾਂ ਜੇ ਇਹ ਸਾਡੀਆਂ ਮੰਗਾਂ ਮੰਨੀਆਂ ਜਾਣ ਤਾਂ ਫਿਰ ਸਾਨੂੰ ਸੈਂਟਰ ਦੀਆਂ ਮਿਨਤਾਂ ਨਹੀਂ ਕਰਨੀਆਂ ਪੈਣਗੀਆਂ। ਜੇ ਅਸੀਂ ਕਈ ਮੰਗਾਂ ਮੰਗਦੇ ਹਾਂ ਤਾਂ ਸੈਂਟਰ ਨੂੰ ਤਕਲੀਫ ਹੋ ਰਹੀ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ 1970 ਤੋਂ ਬਾਅਦ ਕਿੰਨੇ ਕਰੋੜ ਦਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ, ਇਸ ਚੀਜ਼ ਨੂੰ ਕੌਣ ਦੇਖੇਗਾ। ਕੀ ਇਹ ਸਾਡੇ ਨਾਲ ਜ਼ਿਆਦਤੀ ਨਹੀ ਹੈ? ਪਾਣੀ ਸਾਨੂੰ ਪੂਰਾ ਨਹੀਂ ਮਿਲ ਰਿਹਾ ਬਿਜਲੀ

Original with;
Punjab Vidhan Sabha
Digitized by;
Panjab Digital Library

ਸਾਨੂੰ ਨਹੀਂ ਮਿਲ ਰਹੀ। ਸਾਡੇ ਨਾਲ ਵਿਤਕਰਾ ਹੋ ਰਿਹਾ ਹੈ। ਜੇ ਅਸੀਂ ਕੋਲਾ ਖਰੀਦਣ ਜਾਈਏ ਤਾਂ ਸਾਨੂੰ ਕੋਲਾ ਨਹੀਂ ਮਿਲਦਾ। ਸਾਨੂੰ ਹੋਰ ਚੀਜ਼ਾਂ ਨਹੀਂ ਮਿਲਦੀਆਂ।

ਸੈਂਟਰ ਦੀ ਸਰਕਾਰ ਕਿਸ ਤਰ੍ਹਾਂ ਦਾ ਰਵੱਈਆ ਪੰਜਾਬ ਨਾਲ ਅਖਤਿਆਰ ਕਰ ਰਹੀ ਹੈ। ਚੌਲਾਂ ਦੀ ਗੱਲ ਲੈ ਲਓ। ਇਹ ਬੜਾ ਸੀਰੀਅਸ ਮਸਲਾ ਹੈ। ਸਾਡੇ ਮਨਿਸਟਰ ਸਾਹਿਬ ਦੱਸਣਗੇ ਕਿ ਉਹ ਇਸ ਬਾਰੇ ਕੀ ਕੋਸ਼ਿਸ਼ ਕਰ ਰਹੇ ਹਨ। ਪਰ ਅਫਸੋਸ ਦੀ ਗੱਲ ਇਹ ਹੈ ਕਿ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਸਭ ਕੁਝ ਵੋਟਾਂ ਲੈਣ ਲਈ ਕਰਦੇ ਹਨ। ਕੰਮ ਇਹ ਆਪ ਇਸ ਕਿਸਮ ਦੇ ਕਰਦੇ ਹਨ ਪਰ ਫਿਰ ਆਪੋਜ਼ੀਸ਼ਨ ਨੂੰ ਬਦਨਾਮ ਕਰਦੇ ਹਨ। ਐਨੇ ਸਾਲ ਸਾਨੂੰ ਆਜ਼ਾਦ ਹੋਇਆਂ ਨੂੰ ਹੋ ਗਏ ਹਨ ਅਤੇ ਐਨੇ ਸਾਲ ਇਨ੍ਹਾਂ ਦਾ ਰਾਜ ਰਿਹਾ ਹੈ, ਤੁਸੀਂ ਕਿਸੇ ਵੀ ਮਰਹੱਲੇ ਵਿਚ ਲੈ ਲਵੋ, ਕੀਮਤਾਂ ਅੱਜ ਕਿਥੇ ਪਹੁੰਚ ਗਈਆਂ ਹਨ। ਇਹ ਐਫ. ਸੀ. ਆਈ. ਸਾਡੇ ਆਪਣੇ ਡੀਪਾਰਟਮੈਂਟ ਦੇ ਮਾਤਹਿਤ ਨਹੀਂ ਹੈ। ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਹਾਰੇ ਹੋਏ ਕਾਂਗਰਸੀ ਨੂੰ ਪ੍ਰਧਾਨ ਬਣਾ ਦਿੰਦੇ ਹਨ। ਜਿਨ੍ਹਾਂ ਨੂੰ ਲੋਕ ਰਿਜੈਕਟ ਕਰ ਦਿੰਦੇ ਹਨ ਇਹ ਉਨ੍ਹਾਂ ਨੂੰ ਕੁਝ ਬਣਾ ਦੇਣ ਦੀ ਕੋਸ਼ਿਸ਼ ਕਰਦੇ ਹਨ। ਚਲੀਏ ਕਿਥੇ ? ਕਹੀਏ ਕਿਸ ਨੂੰ ? ਕੋਈ ਸੁਣਦਾ ਹੀ ਨਹੀਂ। ਮੈਂ ਤੁਹਾਨੂੰ ਅਮਲੋਹ ਦੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਉਥੇ ਜਿਨਸ ਦੀ ਸੜਿਆਂਦ ਹੋ ਰਹੀ ਹੈ ਕੋਈ ਚੁੱਕਦਾ ਨਹੀਂ। ਚੇਅਰਮੈਨ ਸਾਹਿਬ, ਤੁਹਾਡਾ ਵੀ ਪਟਿਆਲਾ ਹਲਕਾ ਹੈ ਤੁਹਾਨੂੰ ਵੀ ਪਤਾ ਹੈ ਕਿ ਇਸ ਸੜਿਆਂਦ ਦੇ ਲਈ ਅਸੀਂ ਗਰੀਵੈਂਸਿਜ਼ ਕਮੇਟੀ ਵਿੱਚ ਕਿੰਨੀ ਵਾਰੀ ਮਸਲਾ ਉਠਾਇਆ ਹੈ ਪਰ ਕੋਈ ਸੁਣਦਾ ਹੀ ਨਹੀਂ। ਉਸ ਜਿਨਸ ਨੂੰ ਕਿਧਰੇ ਫੂਕ ਹੀ ਦਿਓ, ਕਿਸੇ ਸਮੁੰਦਰ ਵਿੱਚ ਹੀ ਪਾ ਦਿਓ। ਉਸ ਨੂੰ ਉਥੋਂ ਕੋਈ ਚੁੱਕਦਾ ਹੀ ਨਹੀਂ। ਐਸੀ ਦਿੱਲੀ ਦੀ ਸਰਕਾਰ ਨਿਕੰਮੀ ਹੈ। ਇਹ ਸਾਰੀ ਦਿੱਲੀ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ ਜਿਸ ਨੇ ਕਿਸੇ ਮਸਲੇ ਨੂੰ ਨਹੀਂ ਸਮਝਿਆ। ਅਸੀਂ ਪੰਜਾਬ ਦੇ ਮਸਲੇ ਲੈ ਕੇ ਚਲੇ, ਕਿਸੇ ਨੇ ਕੋਈ ਸੁਣਵਾਈ ਨਹੀਂ ਕੀਤੀ, ਕਿਸੇ ਨੇ ਕੋਈ ਗਲ ਨਹੀਂ ਸੁਣੀ। ਹੁਣ ਡਾਂਗ ਨਾਲ, ਜ਼ੋਰ ਨਾਲ ਅਸੀਂ ਮੰਗਾਂ ਕੁਝ ਮਨਵਾਈਆਂ ਹਨ। ਜੋ ਇਨ੍ਹਾਂ ਦੀ ਪਾਰਟੀ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਦੀ ਜ਼ਿੰਮੇਵਾਰੀ ਹੈ ਉਹ ਆਪਣੀ ਜ਼ਿੰਮੇਵਾਰੀ ਨੂੰ ਨਹੀਂ ਸਮਝਦੇ। ਇਨ੍ਹਾਂ ਦੇ ਵੇਲੇ ਕਿੰਨਾ ਕਤਲੇਆਮ ਹੋਇਆ, ਕਿੰਨੇ ਲੋਕ ਕਤਲ ਕੀਤੇ ਗਏ, ਕੀ ਕੁਝ ਨਹੀਂ ਹੋਇਆ। ਹੁਣ ਕਿਉਂ ਨਹੀਂ ਕਤਲ ਹੁੰਦੇ ?

ਕੁਝ ਆਵਾਜ਼ਾਂ : ਅੱਜ ਹੀ ਹੋਇਆ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਜੋ ਕੁਝ ਵੀ ਹੋਇਆ ਉਸ ਦੇ ਲਈ ਇਹ ਜ਼ਿੰਮੇਵਾਰ ਹਨ। ਹਜ਼ਾਰਾਂ ਭੈਣਾਂ ਮਰਵਾ ਦਿੱਤੀਆਂ, ਉਨ੍ਹਾਂ ਨਾਲ ਬੁਰਾ ਸਲੂਕ ਕੀਤਾ ਗਿਆ। ਜੋ ਕੁਝ ਵੀ ਹੋਇਆ ਉਸ ਦੇ ਲਈ ਇਹ (ਕਾਂਗਰਸ ਪਾਰਟੀ ਵਲ ਇਸ਼ਾਰਾ) ਜ਼ਿੰਮੇਵਾਰ ਹਨ। ਜੋ ਪੰਜਾਬ ਦੇ ਵਿੱਚ ਜਾ ਹੋਰ ਥਾਵਾਂ ਤੇ ਇਨ੍ਹਾਂ ਨੇ ਕਤਲੇਆਮ ਕਰਵਾਇਆ ਮੈਂ ਤਾਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਤਾਂ ਇਕ ਵੀ ਵੋਟ ਨਹੀਂ ਸੀ ਪੈਣੀ ਚਾਹੀਦੀ। ਇਤਨੀ ਇਨ੍ਹਾਂ ਦੀ ਦੁਰਦਸ਼ਾ ਹੋਣੀ ਚਾਹੀਦੀ ਸੀ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਦੀ ਦੁਰਦਸ਼ਾ ਇਸ ਤਰ੍ਹਾਂ ਦੀ ਹੋਵੇਗੀ। (ਵਿਘਨ) ਮੈਂ ਕੰਸਟ੍ਰਕਟਿਵ ਨੁਕਤਾਚੀਨੀ ਕਰਦਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਧਾਨ ਦੇ ਮਸਲੇ ਨੂੰ, ਜੀਰੀ ਦੇ ਮਸਲੇ ਨੂੰ ਸੰਜੀਦਗੀ ਨਾਲ ਲਓ ਤਾਂ ਹੀ ਇਹ ਕਿਸਾਨਾਂ ਦਾ ਮਸਲਾ ਹੱਲ ਹੋ ਸਕੇਗਾ, ਖੇਤੀਬਾੜੀ ਪ੍ਰਫੁਲਤ ਹੋ ਸਕੇਗੀ। ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਵਡੇ ਵਡੇ ਕਾਰਖਾਨੇ ਦਿਲੀ ਦੀ ਸਰਕਾਰ ਤੋਂ ਲੈ ਕੇ ਆਵੇ ਪਰ ਇਹ ਕਾਰਖਾਨੇ ਦੇਣੇ ਕਿਸ ਨੇ ਹਨ ? ਦਿੱਲੀ ਦੀ ਸਰਕਾਰ ਨੇ ਮਨਜ਼ੂਰੀ ਹੀ ਨਹੀਂ ਦੇਣੀ। ਤੁਸੀਂ ਕਿਸੇ ਪਿੰਡ ਦਾ ਨਾਮ ਆਪਣੀ ਮਰਜ਼ੀ ਨਾਲ ਨਹੀਂ ਬਦਲ ਸਕਦੇ, ਉਸ ਦੇ ਲਈ ਵੀ ਮਨਜ਼ੂਰੀ ਲੈਣੀ ਪੈਂਦੀ ਹੈ। ਇਹ ਸਰਕਾਰ ਕਾਹਦੀ ਹੈ ਇਹ ਤਾਂ ਇਕ ਮਿਉਨਿਸਪਲ ਕਮੇਟੀ ਹੈ। ਇਸ ਨੂੰ ਮਿਉਨਿਸਪਲ ਕਮੇਟੀ ਦੀਆਂ ਪਾਵਰਾਂ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਗੱਲ ਦੇ ਲਈ ਇਸ ਸਰਕਾਰ ਨੂੰ ਦਿੱਲੀ ਦੀ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਕਿਸਾਨ ਨੂੰ ਖੁਦ ਸੋਚਣਾ ਪਵੇਗਾ ਕਿ ਮੈਨੂੰ ਆਮਦਨੀ ਕਿਥੋਂ ਹੋਣੀ ਹੈ, ਮੈਨੂੰ ਕਿਹੜੀ ਫਸਲ ਪੈਦਾ ਕਰਨੀ ਚਾਹੀਦੀ ਹੈ। ਅੱਜ ਤੁਸੀਂ ਦੇਖੋ ਕਿ ਕਿਸਾਨਾਂ ਦੀ ਹਾਲਤ ਕਿੰਨੀ ਮਾੜੀ ਹੁੰਦੀ ਜਾ ਰਹੀ ਹੈ। ਟਰੈਕਟਰਾਂ ਦੇ ਰੇਟ ਵੱਧ ਗਏ ਹਨ, ਖਾਦ ਦੇ ਰੇਟ ਵੱਧ ਗਏ ਹਨ, ਇਨਪੁੱਟਸ ਦੇ ਰੇਟ ਵੱਧ ਗਏ ਹਨ ਪਰ ਕਿਸਾਨਾਂ ਨੂੰ ਆਪਣੀ ਜਿਣਸ ਦੇ ਉਸ ਹਿਸਾਬ ਨਾਲ ਰੇਟ ਨਹੀਂ ਮਿਲਦੇ। ਮੈਂ ਤਾਂ ਕਹਿੰਦਾ ਹਾਂ ਕਿ ਧਾਨ ਦਾ ਰੇਟ ਕਿਸਾਨਾਂ ਨੂੰ 500 ਰੁਪਏ ਮਿਲਣਾ ਚਾਹੀਦਾ ਹੈ। ਪਰ ਕੌਣ ਇਸ ਪਾਸੇ ਸੋਚਦਾ ਹੈ, ਕੌਣ ਇਸ ਪਾਸੇ ਧਿਆਨ ਦਿੰਦਾ ਹੈ ਸਾਡੀ ਸਰਕਾਰ ਨੂੰ ਇਸ ਪਾਸੇ ਵੱਲ ਸੀਰੀਅਸਲੀ ਧਿਆਨ ਦੇ ਕੇ ਮਾਮਲਾ ਟੇਕ ਅੱਪ ਕਰਨਾ ਚਾਹੀਦਾ ਹੈ।

ਪੰਡਿਤ ਸ਼ਰਵਣ ਰਾਮ : ਆਨ ਏ ਪੁਆਇੰਟ ਆਫ ਆਰਡਰ, ਸਰ। ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਬਲਦੇਵ ਸਿੰਘ ਮਾਨ : ਆਨ ਏ ਪੁਆਇੰਟ ਆਫ ਆਰਡਰ, ਸਰ। ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਕਿਸਾਨਾਂ ਨੂੰ ਸੋਚਣਾ ਪਵੇਗਾ ਕਿ ਕਿਹੜੀ ਫਸਲ ਪੈਦਾ ਕੀਤੀ ਜਾਵੇ। ਕਦੇ ਤੁਸੀਂ ਦੇਖੋ ਪੰਜਾਬ ਵਿਚ ਮਿਰਚਾਂ ਬੜੀਆਂ ਹੁੰਦੀਆਂ ਸਨ, ਕਪਾਹ ਬੜੀ ਹੁੰਦੀ ਸੀ ਅਤੇ ਹੋਰ ਇਸ ਤਰ੍ਹਾਂ ਦੀਆਂ ਫਸਲਾਂ ਹੁੰਦੀਆਂ ਸਨ। ਅੱਜ ਨਾ ਨਰਮਾ ਹੁੰਦਾ ਹੈ ਅਤੇ ਨਾ ਹੋਰ ਇਸ ਤਰ੍ਹਾਂ ਦੀਆਂ ਫਸਲਾਂ ਹੁੰਦੀਆਂ ਹਨ। ਜੋ ਨਰਮੇ ਦਾ ਭੈੜਾ ਹਾਲ ਹੋਇਆ ਹੈ, ਉਹ ਤੁਸੀਂ ਦੇਖ ਹੀ ਲਿਆ ਹੈ। ਪੰਜਾਬ ਦੇ ਕਿਸਾਨ ਨੂੰ ਹੁਣ ਸੋਚਣਾ ਪਵੇਗਾ ਕਿ ਕਿਸ ਤਰ੍ਹਾਂ ਦੀ ਫਸਲ ਬੀਜੀ ਜਾਵੇ, ਕਿਸ ਤਰ੍ਹਾਂ ਦੀ ਫਸਲ ਪ੍ਰੋਡਿਊਸ ਕੀਤੀ ਜਾਵੇ ਜਿਹੜੀ ਉਸ ਨੂੰ ਪੰਜਾਬ ਦੀ ਸ਼ਾਨ ਅਤੇ ਅਮੀਰ ਬਣਾਵੇ। ਜਿਹੜੇ ਟਾਟੇ ਬਿਰਲੇ ਹਨ ਉਨ੍ਹਾਂ ਦੇ ਮੁਕਾਬਲੇ ਵਿੱਚ ਕਿਸ ਤਰ੍ਹਾਂ ਕਿਸਾਨ ਅਮੀਰ ਬਣ ਸਕੇਗਾ। ਦਿੱਲੀ ਦੀ ਸਰਕਾਰ ਕਿਸਾਨਾਂ ਨੂੰ ਉਸ ਦੀ ਜਿਣਸ ਦਾ ਪੂਰਾ ਭਾਅ ਨਹੀਂ ਦਿੰਦੀ। ਇਕੱਲੀ ਇਹੀ ਗੱਲ ਨਹੀਂ ਕੋਈ ਵੱਡੇ ਵੱਡੇ ਕਾਰਖਾਨੇ ਲਾਉਣ ਲਈ ਪ੍ਰਵਾਨਗੀ ਵੀ ਨਹੀਂ ਦਿੰਦੀ। ਹਰ ਗੱਲ ਲਈ ਦਿੱਲੀ ਦੀ ਸਰਕਾਰ ਤੋਂ ਪ੍ਰਵਾਨਗੀ ਲੈਣੀ ਪੈਂਦੀ ਹੈ। ਮੈਂ ਤਾਂ ਕਹਿੰਦਾ ਹਾਂ ਕਿ ਇਹ ਪ੍ਰਵਾਨਗੀ ਸਿਸਟਮ ਖਤਮ ਹੋਣਾ ਚਾਹੀਦਾ ਹੈ ਔਰ ਸਟੇਟਾਂ ਨੂੰ, ਸੂਬੇ ਦੀ ਸਰਕਾਰ ਨੂੰ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਆਪਣੀ ਮਰਜ਼ੀ ਨਾਲ ਰੇਟ ਮੁਕੱਰਰ ਕਰੇ, ਸੂਬੇ ਦੇ ਲੋਕਾਂ ਨੂੰ ਸੂਬੇ ਦੀ ਸਰਕਾਰ ਉਨ੍ਹਾਂ ਦੀ ਮਨਮਰਜ਼ੀ ਦੀਆਂ ਸਹੂਲਤਾਂ ਦੇ ਸਕੇ। ਇਹ ਹਰ ਵੇਲੇ ਪ੍ਰਵਾਨਗੀ ਦਾ ਚੱਕਰ ਖਤਮ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਸ਼ਾਹ ਮੁਹੰਮਦ ਲਿਖਦਾ ਹੈ ਕਿ ਜਦੋਂ ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਜਿਹੜੀ ਹਰ ਵੇਲੇ ਹਿੰਦ ਲੜਾਈ ਰਹੇ, ਹਰ ਵੇਲੇ ਹਿੰਦ ਦੀ ਹੀ ਗੱਲ ਰਹੇ ਇਸ ਚੱਕਰ ਨੂੰ ਖਤਮ ਹੋਣਾ ਚਾਹੀਦਾ ਹੈ ਤਾਂ ਹੀ ਲੋਕੀ ਸੁਖ ਦਾ ਸਾਹ ਲੈ ਸਕਣਗੇ।

ਚੇਅਰਮੈਨ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਝੋਨੇ ਨੂੰ ਕਈ ਸਾਲਾਂ ਤੋਂ ਬਿਮਾਰੀ ਚੱਲ ਰਹੀ ਹੈ। ਪਿਛਲੇ ਸਮੇਂ ਤੋਂ ਯੂਨੀਵਰਸਟੀ ਦੇ ਮਾਹਿਰ ਸੁੱਤੇ ਪਏ ਹਨ ਅਤੇ ਇਸ ਦੇ ਲਈ ਕੋਈ ਇਲਾਜ ਨਹੀਂ ਲਭ ਸਕੇ। ਹਰ ਸਾਲ ਇਸ ਨੂੰ ਬਿਮਾਰੀ ਰਹਿੰਦੀ ਹੈ ਪਰ ਇਸ ਦਾ ਇਲਾਜ ਕੋਈ ਨਹੀਂ ਲਭਿਆ ਗਿਆ। ਮੈਂ ਆਪ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਪੰਜੋਲਾ ਥਾਣਾ ਮੂਲੇਪੁਰ ਵਿੱਚ ਹੈ ਜਿਥੇ ਲੈਂਡ ਲਾਰਡ ਕਰਤਾਰ ਸਿੰਘ ਹੈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਉਸ ਜ਼ਮੀਨ ਨੂੰ 4 ਸਾਲਾਂ ਤੋਂ ਲਗਾਤਾਰ ਬਿਮਾਰੀ ਲੱਗੀ ਹੋਈ ਹੈ ਅਤੇ ਉਸ ਦਾ ਕੋਈ ਇਲਾਜ ਇਹ ਮਾਹਿਰ ਨਹੀਂ ਲੱਭ ਸਕੇ। ਮੈਂ ਤਾਂ ਕਹਿੰਦਾ ਹਾਂ ਕਿ ਜਿਸ ਬਿਮਾਰੀ ਦਾ ਕੋਈ ਇਲਾਜ ਨਹੀਂ ਲੱਭ ਸਕਦਾ ਉਸ ਡਾਕਟਰ ਦੀ ਕੀ ਲੋੜ ਹੈ। ਇਹ ਸਾਰੇ ਬਾਈ ਪ੍ਰੋਮੋਸ਼ਨ ਆ ਜਾਂਦੇ ਹਨ। ਜੇ ਇਹ ਕੋਈ ਇਲਾਜ ਨਹੀਂ ਲੱਭ ਸਕਦੇ ਤਾਂ ਇਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਚਾਹੀਦਾ ਹੈ। ਇਹ ਯੂਨੀਵਰਸਿਟੀ ਕਿਸ ਵਾਸਤੇ ਬਣਾਈ ਹੋਈ ਹੈ ਜੋ ਇਕ ਬਿਮਾਰੀ ਲਗਾਤਾਰ ਚਲੀ ਆ ਰਹੀ ਹੈ ਉਸ ਦਾ ਇਲਾਜ ਨਹੀਂ ਲੱਭ ਸਕਦੀ ? ਇਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਖੇਤਾਂ ਵਿੱਚ ਜਾਣ, ਪਿੰਡਾਂ ਵਿੱਚ ਜਾਣ ਅਤੇ ਉਥੇ ਜਾ ਕੇ ਜ਼ਮੀਨ ਨੂੰ ਟੈਸਟ ਕਰਨ ਅਤੇ ਉਸ ਦੇ ਲਈ ਕੰਮ ਕਰਨ। ਸਾਡੀ ਸਰਕਾਰ ਨੂੰ ਇਨ੍ਹਾਂ ਤੋਂ ਕੰਮ ਲੈਣਾ ਚਾਹੀਦਾ ਹੈ। ਪਹਿਲਾਂ ਕਾਂਗਰਸੀਆਂ ਨੂੰ ਆਦਤ ਸੀ ਅਤੇ ਇਹ ਉਨ੍ਹਾਂ ਤੋਂ ਕਮਿਸ਼ਨਾਂ ਲੈਂਦੇ ਸਨ ਅਤੇ ਕਹਿੰਦੇ ਸਨ ਕਿ ਸਬ–ਸਟੈਂਡਰਡ ਚੀਜ਼ਾਂ ਵਿਕਵਾ ਦਿਓ। ਸਾਡੀ ਸਰਕਾਰ ਨੂੰ ਇਨ੍ਹਾਂ ਨੂੰ ਠੀਕ ਕਰਨਾ ਪਵੇਗਾ। ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਅਫਸਰਾਂ ਨਾਲ ਕਮਿਸ਼ਨਾਂ ਰੱਖੀਆਂ ਹੋਈਆਂ ਸਨ ਕਿ ਇਹ ਇਹ ਚੀਜ਼ ਪ੍ਰਾਈਵੇਟ ਦੁਕਾਨਾਂ ਤੋਂ ਵਿਕਵਾਓ। ਜਿਹੜਾ ਫਰਟੇਲਾਈਜ਼ਰ ਵਿਕ ਨਹੀਂ ਸੀ ਸਕਦਾ, ਥਰਡ ਸਟੈਂਡਰਡ ਹੈ, ਸਬ–ਸਟੈਂਡਰਡ ਹੈ ਉਹ ਇਹ ਕਮਿਸ਼ਨ ਲੈ ਲੈ ਕੇ ਵਿਕਵਾਉਂਦੇ ਰਹੇ। ਮੈਂ ਦੱਸ ਸਕਦਾ ਹਾਂ ਕਿ ਖੰਨੇ ਦੀ ਪਾਰਟੀ ਹੈ ਜਿਸ ਦੀ ਦਿੱਲੀ ਵਿੱਚ ਅਪਰੋਚ ਹੈ ਅਤੇ ਜੋ ਮੇਨ ਸਪਲਾਇਰ ਹੈ ਔਰ ਉਥੋਂ ਫਿਰ ਸਪਲਾਈ ਹੁੰਦੀਆਂ ਹਨ। ਦਿੱਲੀ ਤੋਂ ਸਿੱਧਾ ਹੁਕਮ ਹੁੰਦਾ ਹੈ ਕਿ ਇਸ ਦੀ ਖਾਦ ਵਿਕਵਾ ਦਿਓ, ਇਸ ਨੂੰ ਇਹ ਏਜੰਸੀ ਦਿਵਾ ਦਿਓ, ਇਸ ਨੂੰ ਇਹ ਕਰ ਦਿਓ, ਇਸ ਨੂੰ ਇਹ ਕਰ ਦਿਓ। ਇਹ ਸਾਰਾ ਕੁਝ ਐਗਰੀਕਲਚਰ ਡੀਪਾਰਟਮੈਂਟ ਨੂੰ ਪਤਾ ਹੈ। ਜੇ ਕੋਈ ਭੁਲੇਖਾ ਹੋਵੇ ਤਾਂ ਮੈਨੂੰ ਪੁੱਛ ਲਓ ਮੈਂ ਦੱਸ ਦੇਵਾਂਗਾ ਕਿ ਕਿਸ ਦੀ ਮਾਰਫਤ ਵਿਕਦਾ ਹੈ ਅਤੇ ਕਿਸ ਤਰ੍ਹਾਂ ਪੰਜਾਬ ਦੇ ਲੋਕਾਂ ਨੂੰ ਸਬ–ਸਟੈਂਡਰਡ ਫਰਟੇਲਾਈਜ਼ਰ ਠੋਸਿਆ ਜਾ ਰਿਹਾ ਹੈ। ਚੇਅਰਮੈਨ ਸਾਹਿਬ, ਚਨਾਰਥਲ ਵਿੱਚ ਫੋਕਲ ਪੁਆਇੰਟ ਹੈ ਉਥੇ ਤੁਸੀਂ ਦੇਖੋ ਕਿ ਫਰਟੇਲਾਈਜ਼ਰ ਵਿੱਚ 78% ਲੂਣ ਵਿਕਿਆ ਹੈ। ਇਨ੍ਹਾਂ ਦੀ ਸਰਕਾਰ ਵੇਲੇ ਇੰਨਾ ਕੁਝ ਹੋਇਆ ਹੈ ਕਿ 78% ਲੂਣ ਫਰਟੇਲਾਈਜ਼ਰ ਵਿੱਚ ਵਿਕਿਆ ਹੈ। ਇਕੱਲਾ ਇਹੀ ਨਹੀਂ ਕਿਸੇ ਪਾਸੇ ਵੀ ਦੇਖ ਲਓ ਬੁਰਾ ਹੀ ਹਾਲ ਹੈ। ਸਾਡੇ ਐਮ. ਐਲ. ਏ. ਸਾਹਿਬ ਕਿਧਰੇ ਜਾਂਦੇ ਹਨ ਅਤੇ ਜੇ ਕੋਈ ਗੱਲ ਕਰਦੇ ਹਨ ਤਾਂ ਮੁਲਾਜ਼ਮ ਖਾਣ ਨੂੰ ਪੈਂਦੇ ਹਨ। ਤੁਸੀਂ ਦੇਖੋ ਕਿ ਸਿਪਾਹੀ ਦੀ ਭਰਤੀ ਲਈ 30 ਹਜ਼ਾਰ ਰੁਪਿਆ, ਥਾਣੇਦਾਰ ਦੀ ਭਰਤੀ ਲਈ 30 ਹਜ਼ਾਰ ਰੁਪਿਆ ਚਲਦਾ ਰਿਹਾ ਹੈ। ਇਹੀ ਨਹੀਂ ਜੇ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਦਾ ਚੇਅਰਮੈਨ ਲਾਉਣਾ ਹੈ ਉਸ ਦੇ ਲਈ 30–40 ਹਜ਼ਾਰ ਰੁਪਿਆ। ਇਸ ਤਰ੍ਹਾਂ ਇਹ ਕੰਮ ਨਹੀਂ ਚੱਲਣਾ। ਹੁਣ ਤੁਸੀਂ ਜੇ ਕੋਈ ਛਾਂਟਾ ਛਾਂਟੀ ਕਰੋਗੇ ਤਾਂ ਕੰਮ ਚਲੇਗਾ। ਸਾਨੂੰ ਇਸ ਦੇ ਬਾਰੇ ਵਿਚ ਪੂਰੀ ਤਰ੍ਹਾਂ ਸੋਚਣਾ ਪਏਗਾ। ਇਨ੍ਹਾਂ ਦਾ ਕੀ ਹੈ ਇਹ ਤਾਂ (ਕਾਂਗਰਸੀ ਪਾਰਟੀ ਬੈਂਚਾਂ ਵੱਲ ਇਸ਼ਾਰਾ) ਦਿੱਲੀ ਤੁਰਦੇ ਫਿਰਦੇ ਰਹੇ ਸਨ (ਵਿਘਨ)

ਸ਼੍ਰੀ ਸਭਾਪਤੀ : ਵਾਈਂਡ ਅੱਪ ਕਰੋ ਜੀ।

ਸਰਦਾਰ ਦਲੀਪ ਸਿੰਘ ਪਾਂਧੀ : ਬੱਸ ਜੀ, ਮੈਂ ਖਤਮ ਕਰਨ ਲੱਗਾ ਹਾਂ। ਮੈ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਲਾਮਬੰਦ ਹੋ ਕੇ ਸਰਬਸੰਮਤੀ ਨਾਲ ਇਕ ਹੰਬਲਾ ਮਾਰੀਏ ਤਾ ਕਿ ਜੀਰੀ ਮੰਡੀਆਂ ਵਿਚੋਂ ਚੁਕੀ ਜਾਏ। ਨਾਲ ਹੀ ਇਸ ਦੀ ਵੀ ਪੜਤਾਲ ਕਰੋ ਕਿ ਕਿਸ ਦਾ ਹੱਥ ਹੈ, ਕੌਣ ਸ਼ਕਤੀ ਹੈ ਜਿਹੜੀ ਸਾਡਾ ਝੋਨਾ ਚੁੱਕਣ ਨਹੀਂ ਦਿੰਦੀ। ਇਸ ਮਾਮਲੇ ਵਿਚ ਦਿੱਲੀ ਦੀ ਸਰਕਾਰ ਦਾ ਬਾਈਕਾਟ ਕਰੋ ਉਹ ਤਾਂ ਪੰਜਾਬੀਆਂ ਨੂੰ ਮਾਰਨਾ ਚਾਹੁੰਦੀ ਹੈ। ਮੈਂ ਬੇਨਤੀ ਕਰਾਂਗਾ ਪੁਰਜ਼ੋਰ ਸ਼ਬਦਾਂ ਨਾਲ ਕਿ ਇਸ ਰੈਜ਼ੋਲਿਊਸ਼ਨ ਨੂੰ ਸਰਬਸੰਮਤੀ ਨਾਲ ਪਾਸ ਕਰੋ ਅਤੇ ਪੈਸਿਆਂ ਦਾ ਪ੍ਰਬੰਧ ਕਰੋ ਤਾ ਕਿ ਸਾਡੇ ਝੋਨੇ ਦੀ ਖਰੀਦ–ਓ–ਫਰੋਖਤ ਹੋਵੇ।

ਮਾਸਟਰ ਮੋਹਨ ਲਾਲ (ਪਠਾਨਕੋਟ) : ਚੇਅਰਮੈਨ ਸਾਹਿਬ, ਬਿਨਾ ਹਿੰਦੂ ਸਿੱਖ ਦੇ ਸੁਆਲ ਦੇ ਪੰਜਾਬ ਦੇ ਸਾਰੇ ਕਿਸਾਨਾਂ ਨੇ ਉਪਜ ਵਧਾਉਣ ਲਈ ਕੜੀ ਮੇਹਨਤ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਉਹ ਵੇਲਾ ਯਾਦ ਕਰੋ

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਜਦੋਂ ਬਾਹਰੋਂ ਅਨਾਜ ਮੰਗਾਉਂਦੇ ਸੀ। ਜਿਹੜੇ ਲੋਕ ਪਾਕਿਸਤਾਨ ਤੋਂ ਆਏ ਉਨ੍ਹਾਂ ਨੇ ਬੜੀ ਦੱਬ ਕੇ ਮੇਹਨਤ ਕੀਤੀ ਅਤੇ ਦੇਸ਼ ਨੂੰ ਅਨਾਜ ਦੇ ਸੰਕਟ ਤੋਂ ਬਾਹਰ ਕੱਢਿਆ। ਪਰ ਕਿਸਾਨਾਂ ਦੀ ਹਾਲਤ ਬੜੀ ਮਾੜੀ ਹੈ। ਉਹ ਕੁਦਰਤ ਦੀ ਮਾਰ ਵੀ ਝਲਦਾ ਹੈ ਅਤੇ ਅਫਸਰਾਂ ਦੀ ਮਾਰ ਵੀ। ਕਈ ਵਾਰੀ ਪੱਕੀ ਫਸਲ ਕੁਦਰਤ ਬਰਬਾਦ ਕਰ ਦਿੰਦੀ ਹੈ ਅਤੇ ਕੱਦੇ ਅਫਸਰਾਂ ਦੀਆਂ ਪਾਲੀਸੀਆਂ ਉਸ ਦੀ ਫਸਲ ਤਬਾਹ ਕਰ ਦਿੰਦੀਆਂ ਹਨ। ਪੰਜ ਸਾਲਾਂ ਦੇ ਸਾਰੇ ਅਰਸੇ ਵਿਚੋਂ ਕਿਸਾਨ ਨੂੰ ਬੜੀ ਮੁਸ਼ਕਲ ਨਾਲ ਇਕ ਸਾਲ ਦੀ ਮਿਹਨਤ ਮਿਲਦੀ ਹੈ। ਉਹ ਜਿਸ ਵੇਲੇ ਆਪਣੀ ਉਪਜ ਮੰਡੀਆਂ ਵਿਚ ਲੈ ਕੇ ਆਉਂਦਾ ਹੈ ਤਾਂ ਤਰ੍ਹਾਂ ਤਰ੍ਹਾਂ ਦੇ ਵਿਚੋਲੇ ਅਤੇ ਦਲਾਲ ਖੜ੍ਹੇ ਹੋ ਜਾਂਦੇ ਹਨ ਅਤੇ ਕਿਸਾਨ ਲੁਟਿਆ ਜਾਂਦਾ ਹੈ। ਚਾਹੀਦਾ ਇਹ ਸੀ ਕਿ ਝੋਨਾ ਮੰਡੀਆਂ ਵਿਚ ਆਉਣ ਤੋਂ ਪਹਿਲਾਂ ਭਾਅ ਮੁਕੱਰਰ ਹੋ ਜਾਂਦੇ, ਪਰ ਨਹੀਂ। ਹੁਣ ਇਹ ਹਾਲਤ ਹੈ ਕਿ ਕਿਸਾਨ ਦੇ ਟਰੈਕਟਰ, ਟਰਾਲੀਆਂ ਚਾਰ ਚਾਰ ਦਿਨ ਮੰਡੀਆਂ ਵਿਚ ਬਾਹਰ ਖੜੇ ਰਹਿੰਦੇ ਹਨ, ਕਿਉਂਕਿ ਫੂਡ ਕਾਰਪੋਰੇਸ਼ਨ ਆਫ ਇੰਡੀਆਂ ਨੇ ਝੋਨੇ ਦੀ ਖਰੀਦ ਵਲ ਕੋਈ ਧਿਆਨ ਨਹੀ ਦਿੱਤਾ, ਸਾਨੂੰ ਇਹ ਮਤਾ ਪਾਸ ਕਰਕੇ ਉਨ੍ਹਾਂ ਦਾ ਧਿਆਨ ਇਸ ਵੱਲ ਲਿਆਉਣਾ ਚਾਹੀਦਾ ਹੈ ਤਾਂ ਕਿ ਕਿਸਾਨ ਦੇ ਖੂਨ ਪਸੀਨੇ ਦੀ ਕਮਾਈ ਤਬਾਹ ਨਾ ਹੋ ਜਾਵੇ। ਜਿਹੜੇ ਕਿਸਾਨ ਝੋਨਾ ਮੰਡੀਆਂ ਵਿਚ ਲੈ ਕੇ ਆਏ ਸੀ ਉਨ੍ਹਾਂ ਦਾ ਝੋਨਾਂ ਸ਼ਹਿਰਾਂ ਵਾਲਿਆਂ ਨੇ ਬੜੇ ਸਸਤੇ ਰੇਟਾਂ ਤੇ ਖਰੀਦ ਲਿਆ। ਇਹੀ ਨਹੀਂ ਬਲਕਿ ਕਈ ਕਿਸਾਨਾਂ ਨੇ ਤਾਂ ਉਥੇ ਫੇਰੀ ਵਾਲਿਆਂ ਨੂੰ ਹੀ ਝੋਨਾਂ ਵੇਚ ਦਿੱਤਾ, ਉਹ ਇਸ ਕਰਕੇ ਕਿ ਮੰਡੀਆਂ ਵਿਚ ਚਾਰ ਪੰਜ ਦਿਨ ਲੱਗ ਜਾਣਗੇ ਅੰਰ ਬੇਅਰਾਮੀ ਅੱਡ ਹੋਵੇਗੀ। ਕਿਸਾਨ ਨੂੰ ਖਜਲ ਖੁਆਰ ਹੋਣ ਤੋਂ ਬਚਾਓ ਅਤੇ ਉਸਦੀ ਉਪਜ ਦੀ ਪੂਰੀ ਕੀਮਤ ਦੁਆਈ ਜਾਏ। ਅਗਰ ਫੂਡ ਕਾਰਪੋਰੇਸ਼ਨ ਆਫ ਇੰਡੀਆ ਝੋਨਾਂ ਨਹੀਂ ਖਰੀਦ ਸਕਦਾ ਤਾਂ ਸਾਰੇ ਦਾ ਸਾਰਾ ਝੋਨਾ ਪੰਜਾਬ ਸਰਕਾਰ ਨੂੰ ਆਪ ਖਰੀਦ ਲੈਣਾ ਚਾਹੀਦਾ ਹੈ। ਫੂਡ ਕਾਰਪੋਰੇਸ਼ਨ ਆਫ ਇੰਡੀਆ ਕੋਲ ਆਪਣੇ ਕੋਈ ਗੋਦਾਮ ਨਹੀਂ। ਲੱਖਾਂ ਟਨ ਅਨਾਜ ਤਬਾਹ ਹੋ ਗਿਆ ਹੈ। ਜਿਸ ਨਾਲ ਪੰਜਾਬ ਦੇ ਕਿਸਾਨ ਨੂੰ ਸੱਟ ਵੱਜੀ ਹੈ। ਮੈਂ ਕਹਿੰਦਾ ਹਾਂ ਕਿ ਸਾਰਾ ਝੋਨਾ ਪੰਜਾਬ ਸਰਕਾਰ ਆਪ ਖਰੀਦ ਲਵੇ ਅਤੇ ਸੈਂਟਰ ਦਾ ਹਿੱਸਾ ਉਸ ਨੂੰ ਵੇਚ ਦਿੱਤਾ ਜਾਏ।

ਮੇਰੀ ਦੂਜੀ ਸੁਜੈਸ਼ਨ ਇਹ ਹੈ ਕਿ ਜਦੋਂ ਮੰਡੀਆਂ ਵਿਚ ਕਿਸਾਨ ਉਪਜ ਲੈ ਕੇ ਆਉਂਦਾ ਹੈ ਤਾਂ ਉਥੇ ਉਸ ਦੇ ਠਹਿਰਣ ਲਈ ਪ੍ਰਬੰਧ ਹੋਣਾ ਚਾਹੀਦਾ ਹੈ, ਉਸ ਦੇ ਪਸ਼ੂਆਂ ਦੇ ਖੜ੍ਹਨ ਦੀ ਵਿਵਸਥਾ ਹੋਵੇ ਅਤੇ ਟਰੈਕਟਰ ਟਰਾਲੀ ਲਈ ਵੀ ਇੰਤਜ਼ਾਮ ਹੋਵੇ।

ਮੇਰੇ ਇਕ ਆਨਰੇਬਲ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ ਕਿ ਕਿਸਾਨ ਨੂੰ ਉਨ੍ਹਾਂ ਦੀ ਉਪਜ ਦਾ ਬੋਨਸ ਮਿਲਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਅੱਜ ਦੀ ਮਹਿੰਗਾਈ ਦੇ ਜ਼ਮਾਨੇ ਵਿਚ ਉਸ ਨੂੰ ਆਪਣੀ ਉਪਜ ਦਾ ਮੁੱਲ ਠੀਕ ਨਹੀਂ ਮਿਲ ਰਿਹਾ। ਕਿਸਾਨ ਦੀ ਖਾਦ ਮਹਿੰਗੀ, ਡੀਜ਼ਲ ਮਹਿੰਗਾ, ਬਿਜਲੀ ਪਾਣੀ ਦੀ ਤੰਗੀ ਲਈ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਕਿਸਾਨ ਮੇਹਨਤ ਮੁਸ਼ੱਕਤ ਕਰਨ ਦੇ ਬਾਵਜੂਦ ਵੀ ਆਪਣੀ ਉਪਜ ਦਾ ਠੀਕ ਮੁੱਲ ਨਹੀਂ ਲੈ ਸਕਦਾ। ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਧਿਆਨ ਰਖੇ ਕਿ ਕਿਸਾਨ ਨੂੰ ਉਸ ਦੀ ਉਪਜ ਦਾ ਠੀਕ ਮੁਲ ਮਿਲੇ ਅਤੇ ਨਾਲ ਹੀ ਬੋਨਸ ਮਿਲੇ ਪੰਜ ਰੁਪਏ ਹੋਰ ਵਧਾਏ ਜਾਣੇ ਚਾਹੀਦੇ ਹਨ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ): ਚੇਅਰਮੈਨ ਸਾਹਿਬ, ਅੱਜ ਇਕ ਬੜੇ ਜ਼ਰੂਰੀ ਮਸਲੇ ਤੇ ਆਏ ਢੀਂਡਸਾ ਸਾਹਿਬ ਦੇ ਰੈਜ਼ੋਲਿਊਸ਼ਨ ਤੇ ਬਹਿਸ ਹੋ ਰਹੀ ਹੈ। ਅਗਰ ਕਿਸਾਨ ਦੇ ਝੋਨੇ ਵੱਲ ਫੌਰੀ ਧਿਆਨ ਨਾ ਦਿੱਤਾ ਗਿਆ ਤਾਂ ਇਸ ਗਲ ਦਾ ਵੀ ਤੌਖਲਾ ਹੈ ਕਿ ਕਿਸਾਨ ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ। ਚੇਅਰਮੈਨ ਸਾਹਿਬ, ਪੰਜਾਬ ਦਾ ਕਿਸਾਨ ਆਪਣੀ ਜਿਨਸ ਨੂੰ ਬੜੀ ਮੇਹਨਤ ਨਾਲ ਪੈਦਾ

Original with;
Punjab Vidhan Sabha
Digitized by;
Panjab Digital Library

ਕਰਦਾ ਹੈ ਪਰ ਜਦੋਂ ਉਹ ਵੇਚਣ ਲਈ ਮੰਡੀਆਂ ਵਿਚ ਲੈ ਕੇ ਜਾਂਦਾ ਹੈ ਤਾਂ ਉਸ ਨੂੰ ਆਪਣੇ ਸਾਰੇ ਘਰ ਦੇ ਕੰਮ-ਕਾਜ ਛੱਡ ਕੇ ਹਫਤਾ ਹਫਤਾ ਦੋ ਦੋ ਹਫਤੇ ਮੰਡੀਆਂ ਵਿਚ ਰਹਿਣਾ ਪੈਂਦਾ ਹੈ। ਕਿਸਾਨ ਦੀਆਂ ਕਾਫੀ ਮੁਸ਼ਕਲਾਂ ਹਨ। ਕੁਝ ਹੱਦ ਤਕ ਇਸਦੀਆਂ ਮੁਸ਼ਕਲਾਂ ਲਈ ਸੈਂਟਰ ਦੀ ਸਰਕਾਰ ਵੀ ਜ਼ਿੰਮੇਵਾਰ ਹੈ ਕਿਉਂਕਿ ਉਹ ਫ਼ਸਲਾਂ ਦੇ ਭਾਅ ਬੀਜਣ ਤੋਂ ਪਹਿਲਾਂ ਮੁਕਰੱਰ ਕਰਨ ਦੀ ਬਜਾਏ ਜਦੋਂ ਫ਼ਸਲ ਮੰਡੀਆਂ ਵਿਚ ਆ ਜਾਂਦੀ ਹੈ ਉਦੋਂ ਭਾਅ ਮੁਕਰੱਰ ਕਰਦੀ ਹੈ। ਅਗਰ ਫ਼ਸਲਾਂ ਦੇ ਭਾਅ ਬੀਜਣ ਤੋਂ ਪਹਿਲਾਂ ਮੁਕਰੱਰ ਕਰ ਦਿੱਤੇ ਜਾਣ ਤਾਂ ਕਿਸਾਨ ਸੋਚ ਸਮਝ ਕੇ ਆਪਣੀ ਫ਼ਸਲ ਬੀਜੇ ਅੌਰ ਇਹ ਵੀ ਦੇਖ ਕੇ ਬੀਜੇਗਾ ਕਿ ਉਸ ਨੂੰ ਕਿਹੜੀ ਫ਼ਸਲ ਵਿਚੋਂ ਲਾਭ ਹੋਵੇਗਾ । ਅੱਜ ਕਿਸਾਨ ਨੂੰ ਉਸ ਦੀ ਉਪਜ ਦਾ ਪੂਰਾ ਮੁੱਲ ਨਹੀਂ ਮਿਲਦਾ, ਕਿਉਂਕਿ ਖਾਦਾਂ ਦੀਆਂ ਕੀਮਤਾਂ, ਡੀਜ਼ਲ ਦੀਆਂ ਕੀਮਤਾਂ ਅਤੇ ਹੋਰ ਖਰਚੇ ਜਿਸ ਤਰ੍ਹਾਂ ਉਹ ਗੱਡੀਆਂ ਦੇ ਟਾਇਰ ਘਸਾਉਂਦਾ ਹੈ, ਸਮਾਂ ਬਰਬਾਦ ਕਰਦਾ ਹੈ ਆਪਣੀ ਪੂਰੀ ਸ਼ਕਤੀ ਲਾ ਦਿੰਦਾ ਹੈ, ਪਰ ਜਦੋਂ ਉਸ ਨੂੰ ਠੀਕ ਮੁੱਲ ਨਹੀਂ ਮਿਲਦਾ ਤਾਂ ਉਸ ਦਾ ਦਿਲ ਟੁੱਟ ਜਾਂਦਾ ਹੈ। ਅੱਜ ਝੋਨੇ ਦਾ ਭਾਅ 5 ਰੁਪਏ ਵਧਾ ਦਿੱਤਾ ਹੈ, ਇਹ ਕਿਸਾਨ ਨਾਲ ਇਕ ਮਜ਼ਾਕ ਹੈ। ਸਾਨੂੰ ਦਸ ਰੁਪਏ ਬੋਨਸ ਦੇਣਾ ਚਾਹੀਦਾ ਹੈ। ਕਿਸਾਨ ਦੀ ਉਪਜ ਤੇ ਸਾਰੇ ਕਾਰਖਾਨੇ ਅਤੇ ਮਿਲਾਂ ਚਲਦੀਆਂ ਹਨ। ਕਿਸਾਨ ਕਪਾਹ ਪੈਦਾ ਕਰਦਾ ਹੈ। ਘੀ ਲਈ ਮੂੰਗਫਲੀ ਪੈਦਾ ਕਰਦਾ ਹੈ, ਪਰ ਉਸ ਨੂੰ ਆਪਣੀ ਜਿਨਸ ਦੀ ਸਹੀ ਕੀਮਤ ਲੈਣ ਲਈ ਬਹੁਤ ਕੁਝ ਕਰਨਾ ਪੈਂਦਾ ਹੈ, ਪਰ ਕਾਰਖਾਨੇਦਾਰ ਆਪਣੀ ਉਪਜ ਦੇ ਆਪਣੇ ਆਪ ਹੀ ਭਾਅ ਵਧਾ ਦਿੰਦਾ ਹੈ। ਚੀਨੀ ਤਿੰਨ ਸਾਢੇ ਤਿੰਨ ਰੁਪਏ ਕਿੱਲੋ ਮਹਿੰਗੀ ਹੋ ਗਈ ਹੈ। ਕਿਸੇ ਕਾਰਖਾਨੇਦਾਰ ਨੂੰ ਕੋਈ ਐਜੀਟੇਸ਼ਨ ਨਹੀਂ ਕਰਨੀ ਪਈ ਅੌਰ ਉਸ ਤੇ ਕੋਈ ਕਾਨੂੰਨ ਨਹੀਂ ਲਾਗੂ ਹੁੰਦਾ। ਪਰ ਕਿਸਾਨ ਲਈ ਐਸੀ ਕੋਈ ਗੱਲ ਨਹੀਂ। ਅੱਜ ਹਾਊਸ ਨੂੰ ਯਕੀਨ ਦਿਲਾਉਣਾ ਚਾਹੀਦਾ ਹੈ ਕਿ ਪੰਜਾਬ ਸਰਕਾਰ ਇਹ ਜ਼ਿੰਮੇਵਾਰੀ ਆਪ ਲਵੇ ਕਿ ਹਰ ਫ਼ਸਲ ਦੇ ਆਉਣ ਤੋਂ ਪਹਿਲਾਂ ਉਸ ਦਾ ਭਾਅ ਮੁਕਰੱਰ ਹੋਣਾ ਚਾਹੀਦਾ ਹੈ। ਝੋਨਾ, ਤੋਰੀਆ, ਗੰਨਾ, ਕਣਕ, ਕਪਾਹ ਦੀਆਂ ਫ਼ਸਲਾਂ ਤੋਂ ਪਹਿਲਾਂ ਕਿਸਾਨ ਨੂੰ ਆਪਣੀ ਉਪਜ ਦੇ ਭਾਅ ਦਾ ਪਤਾ ਲੱਗ ਜਾਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਜਦੋਂ ਪਿਛੇ ਆਮੀਂ ਸਪੀਕਰ ਸਾਹਿਬ ਦੀ ਚੋਣ ਕੀਤੀ ਤਾਂ ਕਿਹਾ ਗਿਆ ਸੀ ਕਿ ਆਪੋਜ਼ੀਸ਼ਨ ਦਾ ਪੂਰਾ ਧਿਆਨ ਰੱਖਿਆ ਜਾਵੇਗਾ ਅਤੇ ਕੋਈ ਵਿਤਕਰਾ ਨਹੀਂ ਹੋਵੇਗਾ। ਜਿਹੜੇ ਰੈਜ਼ੋਲਿਊਸ਼ਨ ਤੇ ਬਹਿਸ ਚੱਲ ਰਹੀ ਹੈ ਇਸ ਦੇ ਬਾਰੇ ਵਿਚ ਮੇਰੀ ਪਾਰਟੀ ਵੱਲੋਂ ਇਕ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਗਈ ਸੀ ਜਿਹੜੀ ਕਿ ਡਿਸਅਲਾਊ ਕਰ ਦਿੱਤੀ ਹੈ। ਮੈਂ ਕਹਿੰਦਾ ਹਾਂ ਕਿ ਸਾਨੂੰ ਵੀ ਸਮਾਂ ਦਿਓ, ਆਪੋਜ਼ੀਸ਼ਨ ਨੂੰ ਸੁਣਨਾ ਚਾਹੀਦਾ ਹੈ, ਕਈ ਪੰਜਾਬ ਦੇ ਮਸਲੇ ਰੱਖਣੇ ਹੁੰਦੇ ਹਨ ਸਾਡੇ ਨਾਲ ਇਹ ਵਿਤਕਰਾ ਨਹੀਂ ਹੋਣਾ ਚਾਹੀਦਾ।

ਚੇਅਰਮੈਨ ਸਾਹਿਬ, ਪਿਛੇ ਜਿਹੜੀਆਂ ਬਾਰਸ਼ਾਂ ਹੋਈਆਂ, ਅਨੇਕਾਂ ਕਿਸਾਨਾਂ ਦਾ ਝੋਨਾ ਮੰਡੀਆਂ ਵਿਚ ਰੁੜ੍ਹ ਗਿਆ, ਕਿਸਾਨਾਂ ਦੇ ਘਰ ਢਹਿ ਗਏ, ਕਿਸਾਨ ਉਠ ਨਹੀਂ ਸਕਿਆ, ਪਰ ਸਰਕਾਰ ਵੱਲੋਂ ਕੋਈ ਪ੍ਰਬੰਧ ਪਹਿਲਾਂ ਤਾਂ ਕੀਤਾ ਨਹੀਂ ਗਿਆ ਤੇ ਜੇ ਧਿਆਨ ਕੀਤਾ ਹੈ ਤਾਂ ਅਨਡਿਜ਼ਰਵਿੰਗ ਨੂੰ ਜ਼ਿਆਦਾ ਮੁਆਵਜ਼ਾ ਦੇ ਦਿੱਤਾ ਗਿਆ ਅਤੇ ਵੀਕਰ ਸੈਕਸ਼ਨ, ਜਿਹੜਾ ਕੰਮ ਕਰਨ ਵਾਲਾ ਹੈ, ਉਨ੍ਹਾਂ ਨੂੰ ਕੁਝ ਵੀ ਨਹੀਂ ਮਿਲਿਆ। ਸਰਦੀ ਦੇ ਦਿਨ ਆਏ ਹਨ ਅੌਰ ਹਾਲੇ ਪੈਸੇ ਨਹੀਂ ਮਿਲੇ। ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਫਸਲ ਦੇ ਭਾਅ ਪਹਿਲਾਂ ਨਿਸ਼ਚਿਤ ਹੋ ਜਾਣ। ਕਪਾਹ ਖੇਤਾਂ ਵਿਚ ਖੜੀ ਹੈ, ਉਸ ਦਾ ਵੀ ਭਾਅ ਨਹੀਂ ਆਇਆ। ਇਸ ਲਈ ਇਹ ਸਾਰੀ ਜ਼ਿੰਮੇਵਾਰੀ ਸਰਕਾਰ ਲਵੇ। ਕਪਾਹ ਦਾ ਭਾਅ ਪਤਾ ਨਹੀਂ ਬਾਅਦ ਵਿਚ ਪੰਜ ਸੌ ਜਾਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਮਹਿਤਾਬ ਸਿੰਘ]

ਸਾਢੇ ਪੰਜ ਸੌ ਕਰਦੇ ਹਨ ਜਾਂ ਪਤਾ ਨਹੀਂ ਕੀ ਕਰਦੇ ਹਨ, ਪਰ ਜੋ ਵੀ ਭਾਅ ਫਿਕਸ ਕਰਨਾ ਹੋਵੇ ਉਹ ਪਹਿਲਾਂ ਫਿਕਸ ਹੋਣਾ ਚਾਹੀਦਾ ਹੈ। ਇਸ ਲਈ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਸਰਕਾਰ ਨੂੰ ਇਸ ਤਰ੍ਹਾਂ ਦੇ ਪ੍ਰਬੰਧ ਕਰਨੇ ਚਾਹੀਦੇ ਹਨ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ): ਮਾਨਯੋਗ ਚੇਅਰਮੈਨ ਸਾਹਿਬ, ਸਰਦਾਰ ਸੁਖਦੇਵ ਸਿੰਘ ਢੀਂਡਸਾ ਨੇ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ। ਇਹ ਬਹੁਤ ਗੰਭੀਰ ਮਸਲਾ ਹੈ। ਇਹ ਮਸਲਾ ਪੰਜਾਬ ਦੀ ਕਿਸਾਨੀ ਨਾਲ ਸਬੰਧਤ ਹੈ। ਇਹ ਸੰਤੋਸ਼ਜਨਕ ਗੱਲ ਹੈ ਕਿ ਕਾਂਗਰਸ ਪਾਰਟੀ ਨੇ ਇਸ ਰੈਜ਼ੋਲਿਊਸ਼ਨ ਦਾ ਸਮਰਥਨ ਕੀਤਾ ਹੈ। ਮੇਰਾ ਭਾਵ ਹੈ ਕਿ ਰਸਮੀ ਤੌਰ ਤੇ ਸਪੋਰਟ ਕੀਤੀ ਗਈ ਹੈ। ਪੁਜ਼ੀਸ਼ਨ ਇਸ ਤਰ੍ਹਾਂ ਦੀ ਸੀ ਕਿ ਕਾਂਗਰਸ ਪਾਰਟੀ ਵਿਚ ਅਪੋਜ਼ ਕਰਨ ਦੀ ਜੁਅਰਤ ਨਹੀਂ ਸੀ। ਨਹੀਂ ਤਾਂ ਡਾਕਟਰ ਕੇਵਲ ਕ੍ਰਿਸ਼ਨ ਅੌਰ ਉਨ੍ਹਾਂ ਦੇ ਸਾਥੀ ਜਿਹੜੇ ਸਮਰਥਨ ਕਰਦੇ ਹਨ ਉਹ ਅੱਜ ਦਿੱਲੀ ਦੇ ਸੁੱਤੇ ਹੋਏ ਲੀਡਰਾਂ ਨੂੰ ਜਗਾਉਂਦੇ ਅੌਰ ਇਸ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ,ਇਹ ਐਫ. ਸੀ. ਆਈ. ਨੂੰ ਹਦਾਇਤ ਕਰਾਉਂਦੇ। ਜਿਸ ਤਰ੍ਹਾਂ ਜ਼ਿਕਰ ਕੀਤਾ ਗਿਆ ਹੈ ਕਿ ਐਫ. ਸੀ. ਆਈ. ਦੇ ਡਿਸਟ੍ਰਿਕਟ ਅਫ਼ਸਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਸ਼ੈਲਰਾਂ ਤੋਂ ਚੌਲ ਨਾ ਚੁੱਕਿਆ ਜਾਵੇ ਨਵੰਬਰ ਦੇ ਪਹਿਲੇ ਹਫਤੇ ਤਕ। ਇਸ ਕਰਕੇ ਇਹੋ ਜਿਹੀ ਐਂਟੀ ਕਿਸਾਨ ਨੀਤੀ ਹੈ, ਕਿਸਾਨ ਮਾਰੂ ਨੀਤੀ ਹੈ। ਡਾਕਟਰ ਸਾਹਿਬ ਕਹਿੰਦੇ ਹਨ ਕਿ ਐਫ. ਸੀ. ਆਈ. ਕਿਸਾਨ ਦੋਸਤ ਹੈ। ਮੈਂ ਹੈਰਾਨ ਹਾਂ ਕਿ ਜਾਂ ਤਾਂ ਇਨ੍ਹਾਂ ਦਾ ਤਜਰਬਾ ਨਹੀਂ ਹੈ, ਤੇ ਜਾਂ ਇਨ੍ਹਾਂ ਦੇ ਨਾਲਿਜ ਵਿਚ ਨਹੀਂ ਹੈ, ਕਿ ਐਫ. ਸੀ. ਆਈ. ਤਾਂ ਲੁਟਘਸੁੱਟ ਦਾ ਦੂਜਾ ਨਾਮ ਹੈ। ਉਹ ਤਾਂ ਇੰਸਟੀਚਿਊਸ਼ਨ ਆਫ ਫੇਲੂਅਰ ਐਂਡ ਕੁਰੱਪਸ਼ਨ ਹੈ। ਇਸ ਦਾ ਕੀ ਕਿਰਦਾਰ ਹੈ? ਪੰਜਾਬ ਦੀਆਂ ਮੰਡੀਆਂ ਵਿਚ ਕੀ ਹੁੰਦਾ ਹੈ? ਚੇਅਰਮੈਨ ਸਾਹਿਬ, ਇਕ ਰੁਪਿਆ ਬੋਰੀ ਦੀ ਗੱਲ ਕਹੀ ਗਈ ਹੈ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਚਾਹੇ ਐਫ. ਸੀ. ਆਈ. ਦਾ ਇੰਸਪੈਕਟਰ ਹੈ ਜਾਂ ਦੂਸਰਾ ਹੈ ਉਹ ਇਕ ਰੁਪਿਆ ਪਹਿਲਾਂ ਹੀ ਬੋਰੀ ਦਾ ਆੜ੍ਹਤੀਆਂ ਨਾਲ ਪੱਕਾ ਕਰ ਲੈਂਦਾ ਹੈ। ਚਾਹੇ ਪੰਜਾਬ ਸਰਕਾਰ ਦੀਆਂ ਏਜੰਸੀਆਂ ਹਨ ਜਾਂ ਸੈਂਟਰ ਦੀ ਸਰਕਾਰ ਦੀ ਫੂਡ ਕਾਰਪੋਰੇਸ਼ਨ ਹੈ, ਉਹ ਸਭ ਇਸ ਤਰ੍ਹਾਂ ਕਰਦੇ ਹਨ। ਇਹ ਕੋਈ ਅੱਜ ਦੇ ਝੋਨਾ ਚੁਕਣ ਦਾ ਹੀ ਮਸਲਾ ਨਹੀਂ ਹੈ, ਅਸਲ ਵਿਚ ਤਾਂ ਮਾਰਕੀਟਿੰਗ ਆਫ ਐਗਰੀਕਲਚਰਲ ਪਰੋਡਿਊਸ ਦਾ ਮਸਲਾ ਹੈ। ਇਸ ਦੇ ਬਾਰੇ ਨਾਂ ਤਾਂ ਪੰਜਾਬ ਦੀ ਸਰਕਾਰ ਨੇ ਸੋਚਿਆ ਹੈ ਅੌਰ ਨਾ ਹੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੇ ਹੀ ਇਸ ਪਾਸੇ ਰਿਸਰਚ ਕੀਤੀ ਹੈ। ਦਿੱਲੀ ਦੀ ਸਰਕਾਰ ਨੇ ਵੀ ਮਾਰਕੀਟਿੰਗ ਆਫ ਐਗਰੀਕਲਚਰਲ ਪ੍ਰੋਡਿਊਸ ਵਲ ਧਿਆਨ ਨਹੀਂ ਦਿੱਤਾ। ਸਰ ਛੋਟੂ ਰਾਮ ਗੱਲ ਕਰਦੇ ਹੁੰਦੇ ਸੀ ਕਿ ਕਿਸਾਨ ਦੀ ਫਸਲ ਦੀ ਖਰੀਦ ਵਿਚ ਕਾਫ਼ੀ ਡੰਡੀ ਦੀ ਗੱਲ ਕਹਿੰਦੇ ਹੁੰਦੇ ਸੀ। ਮੇਰਾ ਆਪਣਾ ਬਤੌਰ ਚੇਅਰਮੈਨ, ਐਗਰੀਕਲਚਰ ਮਾਰਕੀਟਿੰਗ ਬੋਰਡ ਦੇ ਤਜਰਬਾ ਹੈ ਕਿ ਅੱਜ ਵੀ ਕਿਸਾਨ ਦੀ ਜਿਣਸ ਨੂੰ ਉਸ ਤਰ੍ਹਾਂ ਹੀ ਕਾਣੀ ਡੰਡੀ ਵੱਜਦੀ ਹੈ। ਅੱਜ ਵੀ ਕਿਸਾਨ ਦੇ ਖਿਲਾਫ਼ ਹੀ ਨੀਤੀ ਬਣਾਈ ਜਾਂਦੀ ਹੈ। ਐਸੀ ਐਂਟੀ ਕਿਸਾਨ ਨੀਤੀ ਟਰੇਡਰ ਹੀ ਨਹੀਂ ਵਰਤਦਾ ਬਲਕਿ ਜੋ ਸਰਕਾਰ ਦੀਆਂ ਏਜੰਸੀਆਂ ਹਨ, ਫੂਡ ਕਾਰਪੋਰੇਸ਼ਨ ਆਫ ਇੰਡੀਆ ਹੈ ਉਹ ਵੀ ਕਿਸਾਨ ਦੇ ਹਿੱਤਾਂ ਦੇ ਉਲਟ ਕੰਮ ਕਰਦੀਆਂ ਹਨ।

ਡਾਕਟਰ ਸਾਹਿਬ ਕੋਈ ਵਜਾਹ ਨਹੀਂ ਦਸ ਸਕੇ। ਮੈਂ ਹੁਣ ਵੀ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਕਾਂਗਰਸ ਪਾਰਟੀ ਵਾਲੇ ਵੀਰਾਂ ਨੂੰ ਕਿ ਉਹ ਦਿਕਤਾਂ ਦਸੀਆਂ ਜਾਣ ਜਿਨ੍ਹਾਂ ਕਰਕੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਤੇਜ਼ੀ ਨਾਲ ਮੰਡੀਆਂ ਵਿਚ ਨਹੀਂ ਆ ਸਕੀ। ਪਰ ਜੋ ਕੁਝ ਉਨ੍ਹਾਂ ਨੇ ਕਿਹਾ ਹੈ ਉਹ ਕੋਈ ਡਿਫੈਂਸ

Original with;
Punjab Vidhan Sabha
Digitized by;
Panjab Digital Library

ਨਹੀਂ, ਕੋਈ ਜਸਟੀਫਿਕੇਸ਼ਨ ਨਹੀਂ। ਡਾਕਟਰ ਸਾਹਿਬ ਬੜੇ ਯੋਗ ਸੱਜਣ ਹਨ, ਬੜੇ ਕਮਜ਼ੋਰ ਕੇਸ ਨੂੰ ਬੜੇ ਲਾਇਕ ਵਕੀਲ ਵਾਂਗ ਪੇਸ਼ ਕੀਤਾ ਹੈ। ਇਹਨਾਂ ਨੇ ਆਪਣੀ ਗਲ ਕਹੀ ਹੈ ਅੱਰ ਡਿਫੈਂਸ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਇਹ ਡਿਫੈਂਸ ਦੇ ਨਹੀਂ ਸਕੇ। ਇਨ੍ਹਾਂ ਨੂੰ ਚਾਹੀਦਾ ਤਾਂ ਇਹ ਸੀ ਕਿ ਜੇਕਰ ਇਨ੍ਹਾਂ ਦਾ ਸੈਂਟਰ ਦੀ ਗੌਰਮਿੰਟ ਨਾਲ ਬਤੌਰ ਪਾਰਟੀ ਦੇ ਸਬੰਧ ਸੀ ਤਾਂ ਗੌਰਮਿੰਟ ਆਫ ਇੰਡੀਆ ਨੂੰ ਇਹ ਖੁਦ ਕਿਸਾਨਾਂ ਦੀ ਪ੍ਰਾਬਲਮ ਦਸਦੇ ਅੱਰ ਐਫ. ਸੀ. ਆਈ. ਨੂੰ ਤੇਜ਼ੀ ਨਾਲ ਮਾਰਕਿਟ ਵਿਚ ਐਂਟਰ ਹੋਣ ਲਈ ਹਦਾਇਤਾਂ ਕਰਾਉਂਦੇ ਜਾਂ ਇਹ ਵੇਖਦੇ ਕਿ ਕੀ ਕਾਰਨ ਹਨ ਕਿ ਐਫ. ਸੀ. ਆਈ. ਤੇਜ਼ੀ ਨਾਲ ਕਿਉਂ ਨਹੀਂ ਮਾਰਕਿਟ ਵਿਚ ਐਨਟਰ ਕਰਦੀ। ਇਹ ਗਲ ਮੇਰੇ ਤੋਂ ਤੁਹਾਡੇ ਤੋਂ, ਜਾਂ ਕਿਸੇ ਤੋਂ ਵੀ ਭੁੱਲੀ ਹੋਈ ਨਹੀਂ ਕਿ ਐਤਕੀਂ ਪਤਾ ਨਹੀਂ ਕਿ ਅਕਾਲੀ ਸਰਕਾਰ ਨੂੰ ਡਿਸ–ਕ੍ਰੈਡਿਟ ਦੇਣ ਲਈ, ਕਿਸਾਨ ਨੂੰ ਸਜ਼ਾ ਦੇਣ ਲਈ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ। ਐਗਰੀਕਲਚਰ ਮਨਿਸਟਰ ਸਾਹਿਬ ਨੇ ਸੈਂਟਰ ਨਾਲ ਗਲ ਕੀਤੀ ਸੀ ਪਰ ਉਨ੍ਹਾਂ ਨੇ ਇਸ ਪਾਸੇ ਧਿਆਨ ਨਹੀਂ ਦਿਤਾ । ਮੈਂ ਐਗਰੀਕਲਚਰ ਮਨਿਸਟਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਐਗਰੀਕਲਚਰ ਪ੍ਰੋਡਿਊਸ ਦੀ ਮਾਰਕਿਟਿੰਗ ਦੇ ਬਾਰੇ ਤੁਹਾਨੂੰ ਨੀਤੀ ਬਣਾਉਣੀ ਚਾਹਦੀ ਹੈ। ਐਗਰੀਕਲਚਰ ਯੂਨੀਵਰਸਿਟੀ ਦੇ ਮਾਹਰਾਂ ਨੂੰ ਕਿਹਾ ਜਾਵੇ ਕਿ ਉਹ ਇਸ ਵਾਸਤੇ ਰਿਸਰਚ ਕਰਕੇ ਇਸ ਮਸਲੇ ਦੇ ਹਲ ਕਰਨ ਵਿਚ ਸਹਾਇਤਾ ਕਰਨ। ਬਾਦਲ ਸਾਹਿਬ ਜਦੋਂ ਮੁੱਖ ਮੰਤਰੀ ਸਨ ਤਾਂ ਉਨ੍ਹਾਂ ਨੇ ਫੋਕਲ ਪੁਆਇੰਟਸ ਬਣਾਉਣ ਦੀ ਨੀਤੀ ਬਣਾਈ ਸੀ। ਫੋਕਲ ਪੁਆਇੰਟਸ ਕੁਝ ਇਸ ਮਸਲੇ ਵਿਚ ਸਹਾਈ ਹੋ ਸਕਦੇ ਹਨ। ਉਸ ਨਾਲ ਐਗਰੀਕਲਚਰ ਪ੍ਰੋਡਿਊਸ ਦੀ ਮਾਰਕਿਟਿੰਗ ਠੀਕ ਹੋ ਸਕੇਗੀ। ਜਦੋਂ ਫੋਕਲ ਪੁਆਇੰਟਸ ਦੀ ਫੈਸਿਲਿਟੀ ਹਰ ਪਿੰਡ ਵਿਚ ਹੋਵੇਗੀ ਤਾਂ ਹਰ ਕਿਸਾਨ ਨੂੰ ਸਹੂਲਤ ਹੋ ਜਾਵੇਗੀ । ਪਿੰਡ ਵਿਚ ਇਕ ਕਮਿਊਨਿਟੀ ਗੋਡਾਊਨ ਹੋਵੇ, ਇਕ ਬੈਂਕ ਹੋਵੇ, ਉਸ ਕਮਿਊਨਿਟੀ ਗੋਡਾਊਨ ਵਿਚ ਕਿਸਾਨ ਦੀ ਜਿਣਸ ਚਲੀ ਜਾਵੇ, ਉਸ ਦੇ ਪੈਸੇ ਉਸ ਦੇ ਖਾਤੇ ਵਿਚ ਕ੍ਰੈਡਿਟ ਹੋ ਜਾਣ ਅੱਰ ਜਦੋਂ ਉਹ ਚਾਹੇ ਪੈਸੇ ਡਰਾਅ ਕਰ ਸਕੇ। ਜਦੋਂ ਤਕ ਐਗਰੀਕਲਚਰ ਪ੍ਰੋਡਿਊਸ ਦੀ ਮਾਰਕਿਟਿੰਗ ਇਸ ਤਰ੍ਹਾਂ ਦੀ ਨਹੀਂ ਬਣ ਸਕਦੀ, ਕਿਸਾਨ ਨੂੰ ਮੁਸ਼ਕਲ ਪੇਸ਼ ਆਉਂਦੀ ਹੀ ਰਹੇਗੀ। ਚਾਹੇ ਮਾਰਕਿਟ ਸੋਸਾਇਟੀ ਹੋਵੇ, ਜਾਂ ਕੋਆਪ੍ਰੇਟਵਿ ਸੋਸਾਇਟੀ ਹੋਵੇ ਜਾਂ ਹੋਰ ਕੋਈ ਵੀ. ਏਜੰਸੀ ਹੋਵੇ, ਉਹ ਪਿੰਡ ਵਿਚੋਂ ਕਿਸਾਨ ਦੀ ਜਿਣਸ ਉਠਾ ਲਵੇ ਪਰ ਕਿਸਾਨ ਨੂੰ ਆਪਣੀ ਜਿਣਸ ਦੀ ਮਾਰਕਿਟਿੰਗ ਦੀ ਚਿੰਤਾ ਨਾ ਹੋਵੇ ਤਾਂ ਹੀ ਮਾਰਕਿਟਿੰਗ ਸੰਤੋਸ਼ਜਨਕ ਹੋ ਸਕਦੀ ਹੈ। ਇਸ ਕਰਕੇ ਮੈਂ ਮਨਿਸਟਰ ਸਾਹਿਬ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਇਹ ਕੇਵਲ ਝੋਨੇ ਦੇ ਚੁੱਕੇ ਜਾਣ ਦਾ ਹੀ ਮਸਲਾ ਨਹੀਂ ਹੈ, ਸਗੋਂ ਕਿਸਾਨ ਦੀ ਜਿਣਸ ਦੇ ਮੰਡੀ–ਕਰਣ ਦਾ ਗੰਭੀਰ ਮਸਲਾ ਹੈ। ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ ਕਿ ਸੈਂਟਰ ਦੀ ਸਰਕਾਰ, ਪੰਜਾਬ ਦੀ ਸਰਕਾਰ, ਐਗਰੀਕਲਚਰ ਯੂਨੀਵਰਸਿਟੀ ਇਸ ਮਸਲੇ ਤੇ ਸੋਚੇ ਅੱਰ ਇਸ ਦਾ ਠੀਕ ਹਲ ਲੱਭੇ। ਜਦੋਂ ਮੈਂ ਚੇਅਰਮੈਨ, ਐਗਰੀਕਲਚਰ ਮਾਰਕੀਟਿੰਗ ਬੋਰਡ ਦਾ ਸੀ ਤਾਂ ਮੈਂ ਉਸ ਵੇਲੇ ਵੀ ਇਹ ਗੱਲ ਕਹੀ ਸੀ, ਰੇਡੀਓ ਤੇ ਵੀ ਇਹ ਗੱਲ ਕਹੀ ਸੀ ਕਿ ਸੈਂਟਰ ਦੀ ਸਰਕਾਰ ਨੂੰ, ਪੰਜਾਬ ਦੀ ਸਰਕਾਰ ਨੂੰ ਇਸ ਵਲ ਧਿਆਨ ਦੇਣਾ ਚਾਹੀਦਾ ਹੈ, ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਜਿਸ ਤਰ੍ਹਾਂ ਕਿ ਡਾਕਟਰ ਸਾਹਿਬ ਐਫ. ਸੀ. ਆਈ. ਨੂੰ ਕਿਸਾਨ ਦੋਸਤ ਦੱਸਦੇ ਹਨ, ਇਸ ਤਰ੍ਹਾਂ ਨਾਲ ਮਸਲਾ ਹੱਲ ਨਹੀਂ ਹੋ ਸਕਣਾ। ਇਸ ਲਈ ਕਿਸਾਨ ਦੀ ਜਿਣਸ ਦੀ ਖਰੀਦ ਸਰਕਾਰ ਨੂੰ ਖੁਦ ਕਰਨੀ ਚਾਹੀਦੀ ਹੈ ਅੱਰ ਜਿਹੜੀ ਹੁਣ ਲੁੱਟ ਖਸੁੱਟ ਹੋ ਰਹੀ ਹੈ ਉਸਨੂੰ ਬੰਦ ਕਰਨਾ ਚਾਹੀਦਾ ਹੈ। ਪਾਂਧੀ ਸਾਹਿਬ ਨੇ ਦੱਸਿਆ ਸੀ ਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ ਦਾ ਜੋ ਪਿਛਲਾ ਇਤਿਹਾਸ ਹੈ ਪੰਜਾਬ ਦੀਆਂ ਮੰਡੀਆਂ ਬਾਰੇ ਉਹ ਸੰਤੋਸ਼ਜਨਕ ਨਹੀਂ ਹੈ। ਮੈਂ ਅਰਜ਼ ਕਰਾਂਗਾ ਕਿ ਸਰਕਾਰ ਨੂੰ ਦਿੱਲੀ ਦੀ ਸਰਕਾਰ ਤੇ ਜ਼ੋਰ ਪਾ ਕੇ ਪ੍ਰੋਕਿਉਰਮੈਂਟ ਦਾ ਜੋ ਸਿਸਟਮ ਹੈ ਉਸ ਨੂੰ ਠੀਕ ਢੰਗ ਨਾਲ ਕਰਨ। ਪਰ ਪਤਾ ਨਹੀਂ ਹੈ ਕਿ ਸੈਂਟਰ ਦੀ ਸਰਕਾਰ ਐਸਾ ਕਿਉਂ ਕਰਦੀ ਹੈ, ਪਤਾ ਨਹੀਂ ਕਿ ਸਾਹਮਣੇ ਬੈਠੇ ਵੀਰ ਵੀ ਸੈਂਟਰ ਦੀ ਸਰਕਾਰ ਤੇ ਇਸ ਬਾਰੇ ਕਿਉਂ ਜ਼ੋਰ ਨਹੀਂ ਪਾ ਸਕਦੇ। ਐਗਰੀਕਲਚਰ ਮਨਿਸਟਰ ਨੇ ਆਪਣੀ ਫੇਰੀ ਦਿੱਲੀ ਪਾਈ ਹੈ,

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਡੋਡ]

ਮੁੱਖ ਮੰਤਰੀ ਸਾਹਿਬ ਵੀ ਗਏ ਹਨ, ਉਹ ਸ਼ਾਇਦ ਇਸ ਬਾਰੇ ਕੋਈ ਡਿਫੀਕਲਟੀ ਦੱਸ ਸਕਣ । ਇਸ ਵੇਲੇ ਮੈਂਬਰ ਸਾਹਿਬਾਨ ਚਿੰਤਾ ਵਿਚ ਹਨ ਇਸ ਗੱਲ ਤੇ ਕਿ ਇਸ ਤਰ੍ਹਾਂ ਕਿਸਾਨ ਲੁਟਿਆ ਜਾ ਰਿਹਾ ਹੈ ਅੌਰ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ । ਇਸ ਕਰਕੇ ਮੈਂ ਇਹ ਬੇਨਤੀ ਕਰਦਾ ਹਾਂ ਕਿ ਫੂਡ ਕਾਰਪੋਰੇਸ਼ਨ ਆਫ ਇੰਡੀਆ ਦਾ ਸੁਧਾਰ ਹੋਣਾ ਚਾਹੀਦਾ ਹੈ, ਕਿਸਾਨਾਂ ਦੀਆਂ ਡਿਫੀਕਲਟੀਜ਼ ਵੱਲ ਧਿਆਨ ਦੇਣਾ ਚਾਹੀਦਾ ਹੈ, ਪੰਜਾਬ ਸਰਕਾਰ ਨੂੰ ਮੰਡੀਕਰਣ ਲਈ ਉਚੇਚਾ ਵਿਚਾਰ ਕਰਨਾ ਚਾਹੀਦਾ ਹੈ।

ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦਾ ਸਮਰਥਨ ਕਰਦਾ ਹਾਂ।

ਸ਼੍ਰੀ ਪ੍ਰੇਮ ਗੁਪਤਾ (ਰਾਜਪੁਰਾ) : ਚੇਅਰਮੈਨ ਸਾਹਿਬ, ਝੋਨੇ ਦੇ ਬਾਰੇ ਜੋ ਰੈਜ਼ੋਲਿਊਸ਼ਨ ਢੀਂਡਸਾ ਸਾਹਿਬ ਨੇ ਹਾਊਸ ਵਿਚ ਲੈ ਆਂਦਾ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਮੈਨੂੰ ਉਮੀਦ ਇਹ ਸੀ ਕਿ ਰੈਜ਼ੋਲਿਊਸ਼ਨ ਦੇ ਭਾਵ ਨੂੰ ਸਮਝਿਆ ਜਾਵੇਗਾ ਅੌਰ ਇਸ ਵਿਚ ਗਰਾਮਰ ਦੀਆਂ ਗਲਤੀਆਂ ਨਹੀਂ ਕੱਢੀਆਂ ਜਾਣ ਗੀਆਂ ਪਰ ਮੈਂਬਰ ਸਾਹਿਬਾਨ ਨੇ ਇਸ ਦੇ ਭਾਵ ਨੂੰ ਸਮਝਣ ਦੇ ਬਜਾਏ ਗਰਾਮਰ ਵੱਲ ਨੂੰ ਪੈ ਗਏ ਹਨ ਜਿਵੇਂ ਕਿ ਕਿਸੇ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਲੈਣੀ ਹੋਵੇ। ਅੌਰ ਉਹ ਇਸ ਕੰਪੀਟੀਸ਼ਨ ਵਿਚ ਪੈ ਗਏ ਹਨ। ਮੈਂ ਸਮਝਦਾ ਹਾਂ ਕਿ ਐਫ. ਸੀ. ਆਈ. ਦਾ ਜਿਹੜਾ ਪ੍ਰਕਿਉਰਮੈਂਟ ਸਟ੍ਰਕਚਰ ਹੈ ਉਸ ਨੂੰ ਜੇ ਸਮਝ ਲਿਆ ਜਾਵੇ ਤਾਂ ਇਹ ਸਾਰੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਆਉਂਦੀ ਹੈ। ਚਾਹੇ ਪ੍ਰਕਿਉਰਮੈਂਟ ਕੋਈ ਵੀ ਏਜੰਸੀ ਕਰੇ ਪਰ ਅਸਲ ਵਿਚ ਮਾਲਕ ਤਾਂ ਐਫ. ਸੀ. ਆਈ. ਹੀ ਹੁੰਦੀ ਹੈ। ਜੇ ਕੋਈ ਪੰਜਾਬ ਦੀ ਏਜੰਸੀ ਖਰੀਦ ਵੀ ਕਰਦੀ ਹੈ ਤਾਂ ਲੈਵੀ ਸਿਸਟਮ ਦੇ ਵਿਚ ਉਸ ਏਜੰਸੀ ਨੂੰ ਕੇਂਦਰੀ ਭੰਡਾਰ ਵਿਚ ਚਾਵਲ ਜਮ੍ਹਾਂ ਕਰਵਾਉਣੇ ਪੈਂਦੇ ਹਨ। ਇਸ ਕਰਕੇ ਇਹ ਸਾਰੀ ਜ਼ਿੰਮੇਵਾਰੀ ਕੇਂਦਰੀ ਸਰਕਾਰ ਦੀ ਆਉਂਦੀ ਹੈ।

ਅੱਜ ਹਾਲਤ ਇਹ ਹੈ ਕਿ ਮੈਂ ਆਪ ਮੰਡੀ ਵਿਚ ਵੇਖਿਆ ਹੈ ਕਿ ਕੋਈ ਝੋਨਾ ਖਰੀਦਣ ਨੂੰ ਤਿਆਰ ਨਹੀਂ। ਡਾਕਟਰ ਸਾਹਿਬ ਨੇ ਬੜਾ ਜ਼ੋਰ ਲਾਇਆ ਅੌਰ ਪਿਛਲੇ 5 ਸਾਲਾਂ ਵਿਚ ਜੋ ਪੰਜਾਬ ਦੀ ਸੇਵਾ ਕੀਤੀ ਇਹ ਉਸ ਦਾ ਨਤੀਜਾ ਹੈ ਕਿ ਅੱਜ ਡਾਕਟਰ ਸਾਹਿਬ ਨੂੰ ਇਧਰੋਂ ਉਠ ਕੇ ਉਧਰ ਜਾਕੇ ਬੈਠਣਾ ਪਿਆ ਹੈ। ਇਨ੍ਹਾਂ ਦੇ ਬਾਕੀ ਸਾਥੀ ਤਾਂ ਇਥੇ ਲੱਭਦੇ ਵੀ ਨਹੀਂ ਹਨ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਨ੍ਹਾਂ ਨੇ ਕਿਸਾਨ ਦੀ ਕਿਤਨੀ ਸੇਵਾ ਕੀਤੀ ਹੋਵੇਗੀ। ਪਿਛਲੇ ਸਾਲਾਂ ਦੀਆਂ ਗੱਲਾਂ ਤਾਂ ਮੈਂ ਜਦੋਂ ਗਵਰਨਰ ਐਡਰੈਸ ਤੇ ਬੋਲਾਗਾ ਤਾਂ ਦੱਸਾਂਗਾ। ਚੇਅਰਮੈਨ ਸਾਹਿਬ, ਇਨ੍ਹਾਂ ਨੇ ਜਿਹੜਾ ਅਮਰੀਕਾ ਨਾਲ ਅਨਾਜ ਖਰੀਦਣ ਬਾਰੇ ਸਮਝੌਤਾ ਕੀਤਾ ਸੀ ਉਸ ਤੋਂ ਪੰਜਾਬ ਦੇ ਕਿਸਾਨ ਨੇ ਮੇਹਨਤ ਕਰਕੇ ਇਨ੍ਹਾਂ ਨੂੰ ਛੁਡਾਇਆ ਹੈ ਅੌਰ ਅੱਜ ਪੰਜਾਬ ਦੇ ਕਿਸਾਨ ਦਾ ਕੇਂਦਰੀ ਭੰਡਾਰ ਵਿਚ ਬਹੁਤ ਜ਼ਿਆਦਾ ਹਿਸਾ ਪਾਇਆ ਹੈ।

ਮੈਨੂੰ ਖੁਸ਼ੀ ਹੋਈ ਸੀ ਕਿ ਪਿਛੇ ਕੇਂਦਰ ਦੇ ਮੰਤਰੀਆਂ ਨੇ ਇਹ ਗੱਲ ਕਹੀ ਸੀ ਕਿ ਖੇਤੀਬਾੜੀ ਨੂੰ ਇੰਡਸਟਰੀ ਮੰਨਿਆ ਜਾਵੇ । ਇਹ ਬੜੀ ਚੰਗੀ ਗੱਲ ਹੈ। ਜੇ ਖੇਤੀਬਾੜੀ ਨੂੰ ਇੰਡਸਟਰੀ ਮੰਨ ਲਿਆ ਜਾਵੇ ਤਾਂ ਕਿਸਾਨਾਂ ਨੂੰ ਜਿਣਸ ਦੇ ਭਾਅ ਪੂਰੇ ਮਿਲ ਸਕਦੇ ਹਨ। ਇਥੇ ਮੈਂ ਸੁਝਾਵ ਦਿਆਂਗਾ ਕਿ ਸਾਡੇ ਐਗਰੀਕਲਚਰ ਮਨਿਸਟਰ ਨੂੰ ਕੇਂਦਰ ਸਰਕਾਰ ਨਾਲ ਗੱਲ ਕਰਕੇ ਜਿਵੇਂ ਵਪਾਰੀਆਂ ਨੂੰ ਸਾਰੀ ਇਨਵੈਸਟਮੈਂਟ ਤੇ ਬੈਂਕ ਰੇਟ ਦਾ ਇੰਟਰੈਸਟ ਗਿਣਕੇ ਫਿਰ ਉਸ ਦੀ ਚੀਜ਼ ਦਾ ਭਾਅ ਫਿਕਸ ਕੀਤਾ ਜਾਂਦਾ ਹੈ ਇਸੇ ਤਰ੍ਹਾਂ ਹੀ ਕਿਸਾਨ ਦੀ ਜ਼ਮੀਨ ਦੀ ਕੀਮਤ ਲਾ ਲਈ ਜਾਵੇ, ਚਾਹੇ ਕਿਸੇ ਦੀ 10 ਏਕੜ ਹੈ, ਜਾਂ 15 ਏਕੜ ਹੈ, ਉਸੇ ਮੁਤਾਬਿਕ ਉਸ ਦੀ ਕੀਮਤ ਲਾਕੇ ਉਸ ਤੇ ਬੈਂਕ ਰੇਟ ਦੇ ਮੁਤਾਬਿਕ ਇੰਟਰੈਸਟ ਗਿਣਕੇ ਬਾਕੀ ਸਾਰੇ ਖਰਚੇ ਗਿਣਕੇ ਉਨ੍ਹਾਂ ਦੀ ਜਿਣਸ ਦੇ ਭਾਅ ਫਿਕਸ ਕੀਤੇ ਜਾਣੇ ਚਾਹੀਦੇ ਹਨ। ਜੇ ਇਸੇ ਤਰ੍ਹਾਂ ਨਾਲ ਕਿਸਾਨ ਨੂੰ ਭਾਅ ਮਿਲੇਗਾ

Original with;
Punjab Vidhan Sabha
Digitized by;
Panjab Digital Library

ਤਾਂ ਉਹ ਹੋਰ ਮਿਹਨਤ ਨਾਲ ਕੰਮ ਕਰਕੇ ਵਿਖਾ ਸਕੇਗਾ ਨਹੀਂ ਤਾਂ ਉਹ ਮਾਰਿਆ ਜਾਵੇਗਾ। ਸੈਂਟਰ ਸਰਕਾਰ ਨੂੰ ਚਾਹੀਦਾ ਸੀ ਕਿ ਜੀਰੀ ਦਾ ਭਾਅ ਸਤੰਬਰ ਦੇ ਆਖਰੀ ਹਫਤੇ ਵਿਚ ਫਿਕਸ ਕਰ ਦੇਣਾ ਚਾਹੀਦਾ ਸੀ ਲੇਕਿਨ ਉਹ ਉਸ ਵੇਲੇ ਨਹੀਂ ਕੀਤਾ ਗਿਆ। ਹੁਣ ਜਦੋਂ ਉਸ ਦਾ ਭਾਅ ਫਿਕਸ ਕੀਤਾ ਵੀ ਹੈ ਤਾਂ ਕੋਈ ਝੋਨਾ ਖਰੀਦਣ ਨੂੰ ਤਿਆਰ ਨਹੀਂ। ਉਸ ਰੇਟ ਤੇ ਨਾ ਤਾਂ ਪ੍ਰਾਈਵੇਟ ਮਿਲਰਜ਼ ਖਰੀਦਣ ਨੂੰ ਤਿਆਰ ਹਨ ਅਤੇ ਨਾ ਹੀ ਕੋਈ ਹੋਰ ਏਜੰਸੀ। ਇਹ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜਿਹੜਾ ਭਾਅ ਫਿਕਸ ਕੀਤਾ ਹੈ ਉਸ ਤੇ ਖਰੀਦ ਕਰਾਵੇ। ਚਾਹੇ ਉਹ ਭਾਅ ਥੋੜ੍ਹਾ ਹੈ ਜਾਂ ਜ਼ਿਆਦਾ ਪਰ ਜੋ ਵੀ ਫਿਕਸ ਕੀਤਾ ਹੈ ਉਸ ਤੇ ਖਰੀਦਣਾ ਐਫ. ਸੀ. ਆਈ. ਦੀ ਜ਼ਿੰਮੇਵਾਰੀ ਹੈ। ਪਰ ਅੱਜ ਪੰਜਾਬ ਦੇ ਕਿਸਾਨਾਂ ਦੀ ਜੀਰੀ ਮੰਡੀਆਂ ਵਿਚ ਪੈਰਾਂ ਦੇ ਥਲੇ ਰੁਲ ਰਹੀ ਹੈ ਕੋਈ ਨਹੀਂ ਚੁੱਕਦਾ। ਆਖਿਰ ਤੇ ਉਸ ਨੂੰ ਆਪਣੀ ਜੀਰੀ 125 ਰੁਪਏ ਦੇ ਭਾਅ ਵੇਚਣੀ ਪੈ ਰਹੀ ਹੈ। ਹੋਰ ਏਜੰਸੀਆਂ ਜਾਂ ਪ੍ਰਾਈਵੇਟ ਮਿਲਰਜ਼ ਵਾਲੇ ਇਸ ਕਰਕੇ ਉਹ ਖਰੀਦ ਨਹੀਂ ਕਰਦੇ ਕਿਉਂਕਿ ਚਾਵਲਾਂ ਦੀ ਕੀਮਤ ਹਾਲੇ ਫਿਕਸ ਨਹੀਂ ਕੀਤੀ ਗਈ। ਕਿਸਾਨ ਵਿਚਾਰਾ ਜਿਹੜਾ ਕਿ ਹਰ ਪਾਸੇ ਤੰਗ ਹੈ ਉਸ ਨੇ ਕਈਆਂ ਦੇ ਪੈਸੇ ਵੀ ਦੇਣੇ ਹਨ, ਖਾਦ ਦੇ ਪੈਸੇ ਦੇਣੇ ਹਨ ਜਾਂ ਘਰ ਵਾਸਤੇ ਪੈਸੇ ਦੀ ਲੋੜ ਹੈ ਤਾਂ ਉਹ ਤੰਗ ਹੋਕੇ ਮੰਡੀ ਵਿਚ 125 ਰੁਪਏ ਦੇ ਭਾਅ ਆਪਣੀ ਜਿਣਸ ਵੇਚ ਰਿਹਾ ਹੈ। ਇਸ ਲਈ ਮੈਂ ਐਗਰੀਕਲਚਰ ਮਨਿਸਟਰ ਨੂੰ ਦਰਖਾਸਤ ਕਰਾਂਗਾ ਕਿ ਉਹ ਇਸ ਮਸਲੇ ਨੂੰ ਸਭ ਤੋਂ ਪਹਿਲੇ ਹੱਲ ਕਰਨ ਤਾਕਿ ਕਿਸਾਨਾਂ ਨੂੰ ਕੋਈ ਤਕਲੀਫ ਨਾ ਹੋਵੇ ਔਰ ਕੋਈ ਨੁਕਸਾਨ ਨਾ ਚੁੱਕਣਾ ਪਵੇ ਔਰ ਜਿਹੜੀ ਜੀਰੀ ਮੰਡੀਆਂ ਵਿਚ ਰੁਲ ਰਹੀ ਹੈ ਉਹ ਨਾ ਰੁਲੇ। ਕਿਸਾਨ ਨੂੰ ਮਜ਼ਬੂਰ ਹੋਕੇ ਆਪਣੀ ਜਿਣਸ ਸਸਤੇ ਭਾਅ ਤੇ ਦੇਣੀ ਪੈ ਰਹੀ ਹੈ। ਮੈਂ ਸਮਝਦਾ ਹਾਂ ਕਿ ਇਹ ਸੈਂਟਰ ਸਰਕਾਰ ਦੀ ਜ਼ਿੰਮੇਵਾਰੀ ਹੈ ਔਰ ਸਾਡੇ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਕੇਂਦਰ ਸਰਕਾਰ ਨਾਲ ਗੱਲ ਕਰਕੇ, ਉਨ੍ਹਾਂ ਦੀ ਜਿਹੜੀ ਤਕਲੀਫ ਹੈ ਉਸ ਦਾ ਹੱਲ ਕਰਨਾ ਚਾਹੀਦਾ ਹੈ।

ਇਸ ਤੋਂ ਇਲਾਵਾ ਕੁਦਰਤ ਨੇ ਵੀ ਇਸ ਵਾਰ ਸਾਡੇ ਕਿਸਾਨਾਂ ਦਾ ਸਾਥ ਨਹੀਂ ਦਿੱਤਾ। ਕਦੇ ਸੋਕਾ ਪੈ ਗਿਆ ਅਤੇ ਕਿਥੇ ਬਿਮਾਰੀ ਪੈ ਗਈ। ਪਰ ਇਸ ਦੇ ਬਾਵਜੂਦ ਵੀ ਮੈਨੂੰ ਖੁਸ਼ੀ ਹੈ ਕਿ ਸਾਡੇ ਕਿਸਾਨ ਨੇ ਮਿਹਨਤ ਕਰਕੇ ਕਾਫੀ ਝੋਨਾ ਪੈਦਾ ਕੀਤਾ ਹੈ। ਮੈਂ ਸਮਝਦਾ ਹਾਂ ਕਿ ਕਿਸੇ ਵੀ ਤਰ੍ਹਾਂ ਬੋਨਸ ਦੇ ਰੂਪ ਵਿਚ ਜਾਂ ਕਿਸੇ ਹੋਰ ਤਰ੍ਹਾਂ ਉਨ੍ਹਾਂ ਨੂੰ 10–15 ਰੁਪਏ ਕੀਮਤ ਵਧਾ ਕੇ ਦੇਣੀ ਚਾਹੀਦੀ ਹੈ ਤਾਕਿ ਜਿਹੜਾ ਸਾਡਾ ਕਿਸਾਨ ਹੈ ਉਸ ਦੀ ਹੌਸਲਾ ਅਫਜਾਈ ਹੋਵੇ ਔਰ ਐਗਰੀਕਲਚਰ ਨੂੰ ਇੰਡਸਟਰੀ ਮੰਨਣ ਵਾਲੀ ਗੱਲ ਤੇ ਜ਼ੋਰ ਲਾਇਆ ਜਾਵੇ।

ਚੇਅਰਮੈਨ ਸਾਹਿਬ, ਪਿਛਲੀ ਸਰਕਾਰ ਨੇ ਕੀ ਕੀਤਾ, ਇਹ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ। ਪੰਜਾਬ ਦੇ ਲੋਕਾਂ ਨੇ ਵੋਟਾਂ ਪਾ ਕੇ ਆਪਣਾ ਫੈਸਲਾ ਦੇ ਦਿੱਤਾ ਹੈ ਅਤੇ ਇਲੈਕਸ਼ਨਾਂ ਤੋਂ ਪਹਿਲਾਂ ਜਿਹੜਾ ਫੈਸਲਾ ਸੰਤ ਜੀ ਨੇ ਸੈਂਟਰ ਦੇ ਨਾਲ ਕੀਤਾ ਸੀ ਉਸ ਨੂੰ ਕੋਈ ਉਲਟਾ ਨਹੀਂ ਸਕਦਾ। ਇਸ ਸਮਝੌਤੇ ਉਤੇ ਪੰਜਾਬ ਦੇ ਲੋਕਾਂ ਨੇ ਆਪਣਾ ਫਤਵਾ ਦੇ ਦਿੱਤਾ ਹੈ। ਇਥੇ ਜ਼ਿਕਰ ਕੀਤਾ ਗਿਆ ਕਿ ਬਹੁਤ ਵਾਇਲੈਂਸ ਹੋਈ ਸੀ ਇਸ ਦੇ ਲਈ ਕੌਣ ਜ਼ਿੰਮੇਵਾਰ ਸੀ ਅਤੇ ਗੁਰਇੰਦਰ ਸਿੰਘ ਦੀ ਮੌਤ ਤੋਂ ਬਾਅਦ ਵਾਇਲੈਂਸ ਹੋਈ ਅਤੇ ਇਸ ਦੇ ਪਿਛੇ ਕੌਣ ਸੀ। ਇਹ ਜਿਹੜੀ ਜ਼ਿੰਮੇਵਾਰੀ ਪੰਜਾਬ ਦੇ ਚਿੱਟੇ ਕਪੜਿਆਂ ਤੇ ਵਾਇਲੈਂਸ ਦਾ ਦਾਗ ਲੱਗਾ ਹੈ ਇਹ ਇਸ ਨੂੰ ਗੰਗਾ ਅਤੇ ਜਮਨਾ ਦੇ ਪਵਿਤੱਰ ਪਾਣੀ ਨਾਲ ਨਹੀਂ ਧੋ ਸਕਦੇ। ਚੇਅਰਮੈਨ ਸਾਹਿਬ, ਮੌਕਾ ਆਇਆ ਤਾਂ ਇਥੇ ਇਨ੍ਹਾਂ ਭਰਾਵਾਂ ਨਾਲ ਗੱਲਾਂ ਕਰਾਂਗਾ। ਇਨ੍ਹਾਂ ਦੀ ਸਰਕਾਰ ਹੋਵੇ ਪਰ ਐਸੰਬਲੀ 21 ਮਹੀਨੇ ਸਸਪੈਂਡ ਰਹੇ ਅਤੇ ਇਨ੍ਹਾਂ ਨੇ ਕੋਠੀਆਂ ਖਾਲੀ ਨਹੀਂ ਕੀਤੀਆਂ ਅਤੇ ਇਸੇ ਇੰਤਜ਼ਾਰ ਵਿਚ ਰਹੇ ਕਿ ਸੈਂਟਰ ਦੀ ਸਰਕਾਰ ਸ਼ਾਇਦ ਹੁਣ ਵੀ ਮਨਿਸਟਰੀ ਬਣਾਉਣ ਦੇ ਆਹਡਰ ਦੇ ਦੇਵੇ। ਪਰ ਇਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਨੇ ਇਨ੍ਹਾਂ ਨੂੰ ਮੁੜ ਸਰਕਾਰ ਬਣਾਉਣ ਦਾ ਮੌਕਾ ਨਹੀਂ ਦਿੱਤਾ। ਜਿਹੜਾ ਪੰਜਾਬ ਦੇ ਲੋਕਾਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਨੇ ਫੈਸਲਾ ਦਿੱਤਾ ਹੈ ਉਸ ਨੂੰ ਅਸੀਂ ਖਿੜੇ ਮੱਥੇ ਸਵੀਕਾਰ ਕੀਤਾ ਹੈ ਤਾਕਿ ਅਸੀਂ ਪੰਜਾਬ ਦੇ ਲੋਕਾਂ ਦੀ ਭਲਾਈ ਕਰ ਸਕੀਏ ਅਤੇ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲ ਬਣਾ ਸਕੀਏ, ਜਿਸ ਵਿਚ ਜ਼ਿਆਦਾਤਰ ਗਿਣਤੀ ਕਿਸਾਨਾਂ ਦੀ ਹੈ। (ਘੰਟੀ) ਪਿਛਲੇ 5 ਸਾਲਾਂ ਵਿਚ ਜੋ ਕੁਝ ਪੰਜਾਬ ਵਿਚ ਹੋਇਆ ਉਸ ਨੂੰ ਪੰਜਾਬ ਦੇ ਇਤਿਹਾਸ ਵਿਚ ਡਾਰਕ ਪੀਰੀਅਡ ਆਫ ਹਿਸਟਰੀ ਦਾ ਨਾਂ ਦਿੱਤਾ ਜਾ ਸਕਦਾ ਹੈ ਅੱਰ ਇਸ ਨੂੰ ਆਉਣ ਵਾਲੇ ਸਮੇਂ ਵਿਚ ਇਸ ਨਾਂ ਤੋਂ ਯਾਦ ਕੀਤਾ ਜਾਵੇਗਾ ਅੱਰ ਇਸ ਗੱਲ ਤੋਂ ਕੋਈ ਬੰਦਾ ਇਨਕਾਰ ਨਹੀਂ ਕਰ ਸਕਦਾ । ਜਿਹੜੇ ਇਸ ਦੇ ਲਈ ਜ਼ਿੰਮੇਵਾਰ ਸਨ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨੇ ਵੋਟਾਂ ਦੇ ਨਾਲ ਆਪ ਸਜ਼ਾ ਦੇ ਦਿੱਤੀ ਹੈ ਅਤੇ ਜਿਹੜੇ ਜ਼ਿੰਮੇਵਾਰ ਸਨ ਉਨ੍ਹਾਂ ਨੂੰ ਸਾਡੀ ਸਰਕਾਰ ਵਲੋਂ ਸਜ਼ਾ ਮਿਲਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.): ਚੇਅਰਮੈਨ ਸਾਹਿਬ, ਮੈਂ ਪੰਜਾਬ ਦੇ ਕਿਸਾਨਾਂ ਨੂੰ ਵਧਾਈ ਦਿੰਦਾ ਹਾਂ ਕਿ ਉਸ ਨੇ ਪੰਜਾਬ ਵਿਚ ਫਸਲ ਦੀ ਪੈਦਾਵਾਰ ਇਤਨੀ ਕੀਤੀ ਹੈ ਅੱਰ ਸਾਰੀ ਇਸ ਕਰਕੇ ਹੋ ਸਕੀ ਕਿ ਉਸ ਨੇ ਖੁਦ ਮਿਹਨਤ ਅਤੇ ਹਿੰਮਤ ਕੀਤੀ ਸੀ ਇਸ ਦੇ ਵਿਚ ਸਾਰੇ ਪੰਜਾਬੀਆਂ ਨੇ ਮਿਲ ਕੇ ਪੈਦਾਵਾਰ ਨੂੰ ਵਧਾਇਆ ਹੈ ਅਤੇ ਇਸ ਦੇ ਵਿਚ ਕਾਫੀ ਗਿਣਤੀ ਪੰਜਾਬ ਦੇ ਹਰੀਜਨ ਲੋਕਾਂ ਦੀ ਵੀ ਹੈ। ਇਸ ਲਈ ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ। ਅੱਜ ਜਿਸ ਤਰ੍ਹਾਂ ਪੰਜਾਬ ਦੇ ਕਿਸਾਨ ਦੀ ਜਿਣਸ ਮੰਡੀਆਂ ਵਿਚ ਰੁਲ ਰਹੀ ਹੈ ਅਤੇ ਫਸਲ ਦੀ ਦੁਰਦਸ਼ਾ ਹੋ ਰਹੀ ਹੈ, ਇਸ ਦਾ ਨਕਸ਼ਾ ਤੁਹਾਡੇ ਸਾਰਿਆਂ ਦੇ ਸਾਹਮਣੇ ਹੈ। ਮੈਂ ਪਿਛੇ ਕਰਤਾਰਪੁਰ ਮੰਡੀ ਵਿਚ ਗਿਆ ਸੀ ਜਿਥੇ ਪਿਛਲੇ 3 ਦਿਨਾਂ ਤੋਂ ਧਾਨ ਦੀ ਕੋਈ ਬੋਲੀ ਨਹੀਂ ਹੋਈ ਸੀ ਅਤੇ ਇਸ ਬਾਰੇ ਮੈਂ ਡੀ. ਸੀ. ਸਾਹਿਬ ਨਾਲ ਗੱਲ ਕੀਤੀ ਅਤੇ ਐਸ. ਡੀ. ਐਮ. ਨੂੰ ਉਥੇ ਭੇਜਿਆ ਗਿਆ। ਉਥੇ ਖਰੀਦ ਪਨਸਪ ਦੀ ਸੀ ਪਰ ਮੈਂ ਮੰਡੀਆਂ ਵਿਚ ਪਨਸਪ ਦਾ ਕੋਈ ਆਦਮੀ ਨਹੀਂ ਸੀ। ਪਨਸਪ ਦਾ ਡੀ ਐਮ. ਆਪਣੇ ਦਫਤਰ ਵਿਚ ਤਾਲਾ ਲਗਾ ਕੇ ਭੱਜ ਗਿਆ। ਇਸ ਦੇ ਨਾਲ ਕਿਸਾਨਾਂ ਨੂੰ ਕਿੰਨੀਆ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦੀ ਜਿਨਸ ਮੰਡੀਆਂ ਵਿਚ ਰੁੱਲ ਰਹੀ ਹੈ ਜਿਥੋਂ ਤੱਕ ਐਫ. ਸੀ. ਆਈ. ਦਾ ਸਬੰਧ ਹੈ। ਇਹ ਜਿਹੜਾ ਮਤਾ ਲਿਆਂਦਾ ਗਿਆ ਹੈ ਇਸ ਦੀ ਮੈਂ ਪ੍ਰੋੜ੍ਹਤਾ ਕਰਦਾ ਹਾਂ ਅਤੇ ਜਿਹੜੀ ਐਫ. ਸੀ. ਆਈ. ਵਲੋਂ ਢਿਲ ਵਿਖਾਈ ਜਾ ਰਹੀ ਹੈ ਅੱਰ ਜਿਹੜੀ ਉਨ੍ਹਾਂ ਦੀ ਕਮਜ਼ੋਰੀ ਹੈ ਇਸ ਨੂੰ ਦੂਰ ਕਰਨ ਲਈ ਤੇਜ਼ੀ ਨਾਲ ਸਟੈਪਸ ਉਠਾਣ ਦੀ ਲੋੜ ਹੈ। ਮਤੇ ਵਿਚ 75% ਖਰੀਦ ਐਫ. ਸੀ. ਆਈ. ਵਲੋਂ ਕੀਤੀ ਜਾਣੀ ਸੀ ਪਰ ਜੋ ਮੈਨੂੰ ਪਤਾ ਲੱਗਾ ਹੈ ਕਿ ਇਸ ਦੇ ਮੁਤਾਬਿਕ ਸਭ ਤੋਂ ਜ਼ਿਆਦਾ ਸ਼ੈਲਰ ਵਾਲੇ ਪਰਚੇਜ਼ ਕਰਦੇ ਹਨ ਅੱਰ ਜਿਤਨੀ ਧਾਨ ਬੱਚ ਜਾਵੇ ਉਸ ਦੀ 65% ਐਫ. ਸੀ. ਆਈ. ਵਾਲੇ ਖਰੀਦ ਕਰਦੇ ਹਨ ਅਤੇ 35% ਪੰਜਾਬ ਦੀਆਂ ਏਜੰਸੀਆਂ ਖਰੀਦ ਕਰਦੀਆਂ ਹਨ ਅੱਰ ਇਸ 35% ਵਿਚ ਪੰਜਾਬ ਦੀਆਂ ਏਜੰਸੀਆਂ ਸਿਵਲ ਸਪਲਾਈਜ਼, ਦਾ ਹਿੱਸਾ 40% ਅਤੇ 30% ਸ਼ੇਅਰ ਮਾਰਕਫੈਡ ਖਰੀਦ ਕਰੇਗੀ ਅਤੇ 30% ਸ਼ੇਅਰ ਪਨਸਪ ਖਰੀਦ ਕਰੇਗੀ। ਜਿਥੇ ਪੰਜਾਬ ਸਰਕਾਰ ਦੀਆਂ ਏਜੰਸੀਆਂ ਦੀ ਢਿੱਲ੍ਹ ਹੈ ਉਸ ਨੂੰ ਦੂਰ ਕਰਨ ਦੀ ਲੋੜ ਹੈ ਤਾਕਿ ਪੰਜਾਬ ਦੇ ਕਿਸਾਨਾਂ ਦੀ ਜਿਨਸ ਨੂੰ ਜਲਦੀ ਤੋਂ ਜਲਦੀ ਮੰਡੀਆਂ ਵਿਚੋਂ ਚੁਕਿਆ ਜਾ ਸਕੇ। ਮੇਰੇ ਹਲਕੇ ਵਿਚ ਸਿਵਲ ਸਪਲਾਈਜ਼ ਵਾਲਿਆਂ ਨੇ ਮੰਡੀਆਂ ਵਿਚ ਪਰਚੇਜ਼ ਕਾਫੀ ਕੀਤੀ ਹੈ ਅਤੇ ਪਨਸਪ ਅਤੇ ਮਾਰਕਫੈਡ ਵਾਲਿਆਂ ਦੀ ਕਾਫੀ ਢਿੱਲ੍ਹ ਹੈ। ਸਰਕਾਰ ਨੂੰ ਆਪਣੀਆਂ ਏਜੰਸੀਆਂ ਨੂੰ ਖਿਚਣ ਦੀ ਲੋੜ ਹੈ। ਕਿਸ ਤਰ੍ਹਾਂ ਇਥੇ ਹਰ ਗੱਲ ਲਈ ਜ਼ਿੰਮੇਵਾਰੀ ਸੈਂਟਰ ਦੀ ਸਰਕਾਰ ਤੇ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੈਂਟਰ ਨੇ ਪੰਜਾਬ ਦੇ ਕਿਸਾਨਾਂ ਵਾਸਤੇ ਬਹੁਤ ਕੁਝ ਕੀਤਾ ਹੈ। ਮੈਂ ਤੁਹਾਨੂੰ ਯਾਦ ਦਿਲਵਾਉਣਾ ਚਾਹੁੰਦਾ ਹਾਂ ਕਿ ਇਥੇ ਅਕਾਲੀ ਸਰਕਾਰ ਜਦੋਂ 1977 ਵਿਚ ਸੀ ਅਤੇ ਸੈਂਟਰ ਵਿਚ ਵੀ ਇਨ੍ਹਾਂ ਦੀ ਸਰਕਾਰ ਸੀ ਉਸ ਵਕਤ ਪੰਜਾਬ ਦੇ ਕਿਸਾਨ ਦੇ ਆਲੂਆਂ ਦੀ ਕਿੰਨੀ ਦੁਰਦਸ਼ਾ ਹੋਈ ਸ਼ੀ, ਆਲੂ ਖੇਤਾਂ ਵਿਚ ਪਿਆ ਸੜ ਗਿਆ, ਕਾਟਨ ਦਾ ਜੋ ਹਾਲ ਹੋਇਆ ਸੀ ਇਹ ਵੀ ਤੁਹਾਨੂੰ ਸਾਰਿਆਂ

Original with;
Punjab Vidhan Sabha
Digitized by;
Panjab Digital Library

ਨੂੰ ਪਤਾ ਹੈ ਗੰਨੇ ਨੂੰ ਖੇਤਾਂ ਵਿਚ ਸਾੜਿਆ ਗਿਆ ਕਿਉਂਕਿ ਉਸ ਨੂੰ ਚੁੱਕਣ ਵਾਲਾ ਕੋਈ ਨਹੀਂ ਸੀ। ਚੇਅਰਮੈਨ ਸਾਹਿਬ, ਜਿਹੜੀਆਂ ਪਿਛਲੀਆਂ ਗੱਲਾਂ ਸਨ ਉਸ ਨੂੰ ਯਾਦ ਨਾ ਕੀਤਾ ਜਾਵੇ ਅੱਗੇ ਦੀ ਗੱਲ ਕੀਤੀ ਜਾਵੇ। ਸੈਂਟਰ ਦੀ ਸਰਕਾਰ ਨੇ ਇਲੈਕਸ਼ਨਾਂ ਤੋਂ ਪਹਿਲਾਂ ਹੀ ਪੰਜਾਬ ਦੇ ਕਿਸਾਨਾਂ ਨੂੰ ਬੋਨਸ 52 ਕਰੋੜ ਰੁਪਏ ਦਾ ਦਿੱਤਾ ਸੀ।

ਸਰਦਾਰ ਬਲਦੇਵ ਸਿੰਘ ਖਿਆਲਾ : ** ** **

ਸ਼੍ਰੀ ਸਭਾਪਤੀ: ਇਹ ਤੁਹਾਡਾ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਜਗਜੀਤ ਸਿੰਘ : ਚੇਅਰਮਨ ਸਾਹਿਬ, ਉਸ ਵਕਤ ਪੰਜਾਬ ਵਿਚ ਇਨ੍ਹਾਂ ਦੀ ਸਰਕਾਰ ਸੀ ਅਤੇ ਸੈਂਟਰ ਵਿਚ ਬਰਨਾਲਾ ਸਾਹਿਬ, ਐਗਰੀਕਲਚਰਲ ਮਨਿਸਟਰ ਸਨ। ਪਰ ਮੈਂ ਇਸ ਪਾਸੇ ਨਹੀਂ ਜਾਣਾ ਚਾਹੁੰਦਾ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਦੀ ਇੱਛਾ ਹੈ ਕਿ ਪੰਜਾਬ ਦੇ ਲੋਕ ਖੁਸ਼ਹਾਲ ਹੋਣ ਅਤੇ ਪੰਜਾਬ ਤਰੱਕੀ ਕਰੇ। ਜਿਸ ਕਰਕੇ ਉਨ੍ਹਾਂ ਨੇ ਸੰਤ ਜੀ ਨਾਲ ਸਮਝੌਤਾ ਕੀਤਾ ਸੀ ਤਾਕਿ ਪੰਜਾਬ ਦੇ ਲੋਕ ਤਰੱਕੀ ਕਰ ਸਕਣ। ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨੇ ਲੋਕ ਸਭਾ ਇਲੈਕਸ਼ਨਾਂ ਤੋਂ ਬਾਅਦ ਪੰਜਾਬ ਦੇ ਕਿਸਾਨਾਂ ਲਈ 52 ਕਰੋੜ ਰੁਪਏ ਦਾ ਬੋਨਸ ਕਿਸਾਨਾਂ ਨੂੰ ਦਿੱਤਾ ਅੱਰ ਥੀਨ ਡੈਮ ਦੀ ਕਲੀਅਰੈਂਸ ਦਿੱਤੀ ਤਾਕਿ ਪੰਜਾਬ ਵਿਚ ਲੋਕਾਂ ਨੂੰ ਪੈਦਾਵਾਰ ਕਰਨ ਲਈ ਜ਼ਿਆਦਾ ਤੋਂ ਜ਼ਿਆਦਾ ਬਿਜਲੀ ਮਿਲ ਸਕੇ ਅੱਰ ਪ੍ਰੋਡਕਸ਼ਨ ਵੱਧ ਸਕੇ। ਇਸ ਦੇ ਨਾਲ ਨਾਲ, ਉਨ੍ਹਾਂ ਨੇ ਪੰਜਾਬ ਵਾਸਤੇ ਕੋਚ ਫੈਕਟਰੀ ਦੇਣ ਦਾ ਫੈਸਲਾ ਕੀਤਾ ਜਿਹੜੀ ਉਨ੍ਹਾਂ ਦੇ ਆਪਣੇ ਹਲਕੇ ਅਮੇਥੀ ਵਿਚ ਲਗਣੀ ਸੀ ਅਤੇ ਇਸ ਫੈਕਟਰੀ ਦੇ ਚੱਲਣ ਨਾਲ 12 ਹਜ਼ਾਰ ਲੋਕਾਂ ਨੂੰ ਨੌਕਰੀ ਮਿਲੇਗੀ ਅਤੇ ਪੰਜਾਬ ਦੇ ਵਿਹਲੇ ਨੌਜਵਾਨਾਂ ਨੂੰ ਕੰਮ ਕਰਨ ਦਾ ਮੌਕਾ ਮਿਲੇਗਾ ਤਾਕਿ ਪੰਜਾਬ ਦੇ ਲੋਕ ਹਰ ਪੱਖੋਂ ਤਰੱਕੀ ਕਰ ਸਕਣ।

ਚੇਅਰਮੈਨ ਸਾਹਿਬ, ਮੇਰੇ ਕੋਲ ਇਸ ਗੱਲ ਦਾ ਸਬੂਤ ਹੈ ਕਿ ਸੈਂਟਰ ਦੀ ਸਰਕਾਰ ਅਤੇ ਪ੍ਰਾਈਮ ਮਨਿਸਟਰ, ਸ਼੍ਰੀ ਰਾਜੀਵ ਗਾਂਧੀ ਜੀ ਨੇ ਕਿਸਾਨਾ ਬਾਰੇ ਕੀ ਕੁਝ ਕੀਤਾ ਹੈ? ਸਾਨੂੰ ਕਿਸਾਨਾਂ ਨਾਲ ਪਿਆਰ ਹੈ ਅੱਰ ਇਨ੍ਹਾਂ ਨਾਲੋਂ ਜ਼ਿਆਦਾ ਪਿਆਰ ਹੈ। ਸਰਦਾਰ ਸੁਖਦੇਵ ਸਿੰਘ ਢੀਂਡਸਾਂ ਨੇ ਇਥੇ, ਚੇਅਰਮੈਨ ਸਾਹਿਬ ਕਿਹਾ ਸੀ ਕਿ ਅਸੀਂ ਕਿਸਾਨਾਂ ਦੀਆਂ ਵੋਟਾਂ ਲੈ ਕੇ ਆਏ ਹਾਂ ਪਰ ਅਸੀਂ ਵੀ ਇਥੇ ਕਿਸਾਨਾਂ ਦੀਆਂ ਵੋਟਾਂ ਲੈ ਕੇ ਜਿੱਤ ਕੇ ਆਏ ਹਾਂ। ਕਿਸਾਨਾਂ ਨੇ ਸਿਰਫ ਅਕਾਲੀ ਪਾਰਟੀ ਨੂੰ ਹੀ ਵੋਟਾਂ ਨਹੀਂ ਦਿੱਤੀਆਂ ਬਲਕਿ ਕਾਂਗਰਸ ਨੂੰ ਵੀ ਵੋਟਾਂ ਦਿੱਤੀਆਂ ਹਨ। ਇਹ ਕਿਸਾਨਾਂ ਦੇ ਆਪਣੇ ਆਪ ਨੂੰ ਨੰਬਰਦਾਰ ਸਮਝਦੇ ਹਨ ਪਰ ਅਸੀਂ ਵੀ ਕਿਸਾਨਾਂ ਦੇ ਹਿਤੈਸ਼ੀ ਹਾਂ। ਸਾਡੀ ਕਾਂਗਰਸ ਸਰਕਾਰ ਦਾ ਅਤੇ ਪ੍ਰਾਈਮ ਮਨਿਸਟਰ ਸਾਹਿਬ ਦਾ ਜਿਤਨਾ ਕਿਸਾਨਾਂ ਨਾਲ ਹਿੱਤ ਹੈ, ਉਤਨਾ ਹਿੱਤ ਇਨ੍ਹਾਂ ਅਕਾਲੀ ਭਰਾਵਾਂ ਦਾ ਨਹੀਂ ਹੈ। ਜਦੋਂ ਪਿਛੇ ਇਨ੍ਹਾਂ ਦੀ ਤਿੰਨ ਸਾਲ ਸਰਕਾਰ ਰਹੀ ਤਾਂ ਇਨ੍ਹਾਂ ਨੇ ਸਿਰਫ ਤਿੰਨ ਰੁਪਏ ਵਧਾਏ ਸਨ ਪਰ ਜਦੋਂ ਸਾਡੀ ਕਾਂਗਰਸ ਦੀ ਪਿਛੇ ਸਰਕਾਰ ਰਹੀ ਤਾਂ ਅਸੀਂ ਕਿਤਨੇ ਕਿਤਨੇ ਰੁਪਏ ਵਧਾਉਂਦੇ ਰਹੇ ਹਾਂ ਅਤੇ ਕਿਸਾਨਾਂ ਨੂੰ ਫ਼ਾਇਦਾ ਪਹੁੰਚਾਇਆ ਪਰ ਹੁਣ ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਤਕੜੇ ਹੋ ਕੇ ਕਿਸਾਨਾਂ ਦੀ ਮੱਦਦ ਕਰੋ ਅਤੇ ਕਿਸਾਨਾਂ ਦੇ ਦਿਲੋਂ ਹਿਤੈਸ਼ੀ ਬਣੋ। ਅੱਜ ਇਹ ਰੈਜ਼ੋਲਿਊਸ਼ਨ ਸਰਬ ਸੰਮਤੀ ਨਾਲ ਪਾਸ ਕਰੋ ਅਤੇ ਘਟੋ-ਘੱਟ ਕਿਸਾਨਾਂ ਨੂੰ 101 ਰੁਪਏ ਬੋਨਸ ਦੇ ਹਿਸਾਬ ਨਾਲ ਅਨਾਊਂਸ ਕਰੋ। (ਥੰਪਿੰਗ) ਫਿਰ ਅਸੀਂ ਸਮਝਾਂਗੇ ਕਿ ਤੁਸੀਂ ਸਹੀ ਮਾਅਨਿਆਂ ਵਿਚ ਕਿਸਾਨਾਂ ਦੇ ਹਿਤੈਸ਼ੀ ਹੋ ਜੇਕਰ ਤੁਸੀਂ 101 ਰੁਪਏ ਬੋਨਸ ਅਨਾਊਂਸ ਨਾ ਕੀਤਾ ਤਾਂ ਅਸੀਂ ਸਮਝਾਂਗੇ ਕਿ ਤੁਸੀਂ ਅਸੈਂਬਲੀ ਵਿਚ ਕਿਸਾਨਾਂ ਦੀ ਮੱਦਦ ਨਹੀਂ ਕਰ ਰਹੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜਗਜੀਤ ਸਿੰਘ]

ਬਲਕਿ ਵਿਖਾਵੇ ਦੇ ਤੌਰ ਤੇ ਗੱਲਾਂ ਹੀ ਕਰ ਰਹੇ ਹੋ। ਮੈਂ, ਚੇਅਰਮੈਨ ਸਾਹਿਬ, ਸਮਝਦਾ ਹਾਂ ਕਿ ਐਫ. ਸੀ. ਆਈ. ਦੀ ਪਰਚੇਜ਼ ਘੱਟ ਹੈ। ਪੰਜਾਬ ਸਰਕਾਰ ਨੂੰ ਸੈਂਟਰ ਦੀ ਸਰਕਾਰ ਨਾਲ ਮਿਲਕੇ ਯਤਨ ਕਰਨੇ ਚਾਹੀਦੇ ਹਨ ਕਿ ਐਫ. ਸੀ. ਆਈ. ਅਤੇ ਹੋਰ ਏਜੰਸੀਆਂ ਦੀ ਖਰੀਦ ਤੇਜ਼ ਹੋ ਸਕੇ। ਜਦੋਂ ਚੇਅਰਮੈਨ ਸਾਹਿਬ, ਸਾਡਾ ਕਾਂਗਰਸ ਦਾ ਇਥੇ ਪੰਜਾਬ ਵਿਚ ਰਾਜ ਹੁੰਦਾ ਸੀ ਤਾਂ ਸਾਡੇ ਸਾਰੇ ਵਜ਼ੀਰ ਇਕੱਲੇ ਇਕੱਲੇ ਸੈਂਟਰਾਂ ਵਿਚ ਅਤੇ ਮੰਡੀਆਂ ਵਿਚ ਜਾ ਕੇ ਖੁਦ ਚੈਕ ਕਰਦੇ ਸਨ ਕਿ ਕਿਸਾਨਾਂ ਨੂੰ ਆਪਣੀ ਜਿਨਸ ਦਾ ਭਾਅ ਠੀਕ ਮਿਲ ਰਿਹਾ ਹੈ ਅਤੇ ਐਫ. ਸੀ. ਆਈ. ਅਤੇ ਹੋਰ ਏਜੰਸੀਆਂ ਠੀਕ ਖਰੀਦ ਕਰ ਰਹੀਆਂ ਹਨ। ਚੇਅਰਮੈਨ ਸਾਹਿਬ, ਮਾਰਕਿਟ ਕਮੇਟੀ, ਮਾਰਕੀਟਿੰਗ ਬੋਰਡ ਅਤੇ ਹੋਰ ਜਿਹੜਾ ਵੀ ਸਿਸਟਮ ਹੈ, ਉਹ ਸਾਰਾ ਸਹੀ ਮਾਅਨਿਆਂ ਵਿਚ ਕੰਮ ਕਰ ਰਿਹਾ ਹੈ ਜਾਂ ਨਹੀਂ ? ਇਸ ਬਾਰੇ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਸੈਂਟਰਾਂ ਅਤੇ ਮੰਡੀਆਂ ਵਿਚ ਆਪਣੇ ਵਜ਼ੀਰਾਂ ਨੂੰ ਭੇਜਣ ਜੋ ਜਾ ਕੇ ਚੈਕ ਕਰਨ ਕਿ ਕਿਸਾਨਾਂ ਨਾਲ ਠੀਕ ਵਰਤਾਓ ਹੋ ਰਿਹਾ ਹੈ। ਚੇਅਰਮੈਨ ਸਾਹਿਬ, ਅੱਜ ਕੀ ਹਾਲਤ ਹੈ ਕਿ ਕਿਸਾਨਾਂ ਦਾ ਝੋਨਾ ਮੰਡੀਆਂ ਵਿਚ ਰੁਲ ਰਿਹਾ ਹੈ ਅਤੇ ਸਰਕਾਰੀ ਕਰਮਚਾਰੀ ਐਫ. ਸੀ. ਆਈ. ਅਤੇ ਹੋਰ ਏਜੰਸੀਆਂ ਨਾਲ ਮਿਲਕੇ ਹੇਰਾ ਫੇਰੀ ਕਰਦੇ ਹਨ। ਬੋਲੀ ਕਰਨ ਵੇਲੇ ਇੰਸਪੈਕਟਰ ਦੋ ਨੰਬਰ ਵਿਚ ਕੰਮ ਕਰਦੇ ਹਨ। ਚੇਅਰਮੈਨ ਸਾਹਿਬ, ਜਲੰਧਰ ਮੰਡੀ ਵਿਚ ਰਾਮ ਕ੍ਰਿਸ਼ਨ ਐਂਡ ਬਰੱਦਰਜ਼ ਆੜ੍ਹਤੀ ਹੈ ਜੋ ਕਿ ਪ੍ਰੈਜ਼ੀਡੈਂਟ ਵੀ ਹੈ। ਉਥੇ ਮੈਨੂੰ ਜਾਣ ਦਾ ਮੌਕਾ ਮਿਲਿਆ। ਉਸ ਮੰਡੀ ਵਿਚ ਜਿਹੜਾ ਵੀ ਕਿਸਾਨ ਆਪਣੀ ਜਿਨਸ ਵੇਚਣ ਵਾਸਤੇ ਲਿਆਉਂਦਾ ਸੀ ਤਾਂ ਜ਼ਿਮੀਂਦਾਰ ਨੂੰ ਕਿਹਾ ਜਾਂਦਾ ਹੈ ਕਿ ਇਸ ਵਿਚ ਇਤਨੀ ਗਿੱਲ ਹੈ, 18% ਗਿੱਲ ਹੈ। ਪੰਜਾਬ ਸਰਕਾਰ ਦਿੱਲੀ ਦੀ ਸਰਕਾਰ ਨੂੰ ਮਿਲੇ ਅਤੇ ਦਿੱਲੀ ਦੇ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਮਿਲੇ, ਪ੍ਰਾਈਮ ਮਨਿਸਟਰ ਸ਼੍ਰੀ ਰਾਜੀਵ ਗਾਂਧੀ ਜੀ ਨੂੰ ਮਿਲਣ ਅਤੇ ਕਹਿਣ ਕਿ 18% ਦੀ ਬਜਾਏ 20–22% ਕਰ ਦੇਣ। ਕਿਸਾਨਾਂ ਨੂੰ ਦੁਕਾਨਦਾਰਾਂ ਦੀ ਅਤੇ ਆੜ੍ਹਤੀਆਂ ਦੀ ਲੁਟ ਤੋਂ ਬਚਾਇਆ ਜਾਵੇ। ਕਿਸਾਨਾਂ ਨੂੰ ਪੂਰੀ ਕੀਮਤ ਜਿਨਸ ਦੀ ਮਿਲਣੀ ਚਾਹੀਦੀ ਹੈ। ਉਥੇ ਮੰਡੀਆਂ ਵਿਚ ਮਾਰਕੀਟ ਫੀਸ ਅਤੇ ਸੇਲਜ਼ ਟੈਕਸ ਦੀ ਚੋਰੀ ਹੁੰਦੀ ਹੈ ਜਿਸ ਨਾਲ ਕਿਸਾਨਾਂ ਨੂੰ ਘੱਟ ਰੇਟ ਮਿਲਦਾ ਹੈ। ਇਸ ਚੋਰੀ ਨਾਲ ਪੰਜਾਬ ਸਰਕਾਰ ਨੂੰ ਵੀ ਘਾਟਾ ਪੈਂਦਾ ਹੈ। ਇਹ ਤਕੜੇ ਹੋ ਕੇ ਚੋਰੀ ਨੂੰ ਰੋਕਣ ਦਾ ਯਤਨ ਕਰਨ ਤਾਕਿ ਪੰਜਾਬ ਦਾ ਕਿਸਾਨ ਮੰਡੀਆਂ ਵਿਚ ਲੁੱਟਿਆ ਨਾ ਜਾਏ। ਚੇਅਰਮੈਨ ਸਾਹਿਬ, ਕਿਸਾਨ ਅਨਾਜ ਪੈਦਾ ਕਰਨ ਵਿਚ ਬਹੁਤ ਤਕੜਾ ਹੈ। ਸਾਡੇ ਸੂਬੇ ਵਿਚ ਅਨਾਜ ਦੀ ਪਰੋਡਕਸ਼ਨ ਸਾਰਿਆਂ ਨਾਲੋਂ ਵੱਧ ਹੁੰਦੀ ਹੈ ਪ੍ਰੰਤੂ ਮਾਰਕਿਟ ਵਿਚ ਆ ਕੇ ਹਮੇਸ਼ਾ ਕਿਸਾਨ ਮਾਰ ਖਾਂਦਾ ਹੈ। ਇਸ ਮਾਰ ਨੂੰ ਦੂਰ ਕਰਨ ਵਾਸਤੇ ਪੰਜਾਬ ਸਰਕਾਰ ਨੂੰ ਹਰ ਤਰ੍ਹਾਂ ਦੇ ਯਤਨ ਕਰਨੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਐਫ. ਸੀ. ਆਈ. ਪੂਰੇ ਯਤਨ ਨਾਲ ਸਿਰਫ ਪੰਜਾਬ ਦੇ ਕਿਸਾਨਾਂ ਦਾ ਫਾਇਦਾ ਨਹੀਂ ਕਰ ਸਕਦਾ, ਝੋਨਾ ਸਹੀ ਢੰਗ ਨਾਲ ਖਰੀਦ ਨਹੀਂ ਕਰ ਸਕਦਾ। ਇਸ ਲਈ ਤਕੜੇ ਹੋ ਕੇ ਪੰਜਾਬ ਸਰਕਾਰ ਨੂੰ ਆਪਣੀ ਪਰਚੇਜ਼ 35% ਤੋਂ ਵਧਾਉਣੀ ਚਾਹੀਦੀ ਹੈ। ਇਹ ਜਿਹੜਾ ਰੈਜ਼ੋਲਿਓਸ਼ਨ ਹੈ ਔਰ ਇਸ ਦਾ ਜੋ ਸਹੀ ਮਕਸਦ ਹੈ, ਉਸ ਨੂੰ ਪੂਰਾ ਕਰਨਾ ਚਾਹੀਦਾ ਹੈ। ਜੇਕਰ ਇਸ ਦੇ ਸਹੀ ਮਕਸਦ ਨੂੰ ਪੂਰਾ ਕਰਾਂਗੇ ਤਾਂ ਕਿਸਾਨਾਂ ਦੀ ਵੱਧ ਤੋਂ ਵੱਧ ਮੱਦਦ ਕਰ ਸਕਾਂਗੇ। ਪੰਜਾਬ ਵਿਚ ਬਹੁਤ ਸਾਰੀਆਂ ਥਾਵਾਂ ਤੇ ਝੋਨੇ ਨੂੰ ਬਿਮਾਰੀ ਲੱਗ ਪਈ ਹੈ। ਉਸ ਦਾ ਰੰਗ ਕਾਲਾ ਹੋ ਗਿਆ ਹੈ। ਮੀਂਹ ਜ਼ਿਆਦਾ ਪੈਣ ਕਾਰਨ ਝੋਨੇ ਦੇ ਝਾੜ ਵਿਚ ਕਮੀ ਆਈ ਹੈ। ਉਸ ਝੋਨੇ ਨੂੰ ਵੇਚਣ ਲਈ ਪੰਜਾਬ ਸਰਕਾਰ ਨੂੰ ਪੂਰੇ ਯਤਨ ਕਰਨੇ ਚਾਹੀਦੇ ਹਨ। ਜੇਕਰ ਐਫ. ਸੀ. ਆਈ. ਕਿਸੇ ਕਾਰਨ ਕਰਕੇ ਝੋਨਾ ਨਹੀਂ ਚੁੱਕਦੀ ਤਾਂ ਕਿਸਾਨਾਂ ਦਾ ਉਸ ਵਿਚ ਕੀ ਕਸੂਰ ਹੈ ? ਉਸ ਝੋਨੇ ਵਿਚ ਕਿਸਾਨਾਂ ਨੇ ਪੂਰੀ ਮਿਹਨਤ ਕੀਤੀ ਹੈ। ਬੀਜ ਬੀਜਿਆ ਹੈ, ਪੂਰੀ ਖਾਦ ਪਾਈ ਹੈ ਅਤੇ ਪਾਣੀ ਦਿੱਤਾ ਹੈ। ਹੜ੍ਹਾਂ ਕਾਰਨ, ਬਿਮਾਰੀ ਕਰਕੇ ਫਸਲਾਂ ਤਬਾਹ ਹੋ ਗਈਆਂ ਹਨ। ਇਸ ਲਈ ਮੈਂ ਚੇਅਰਮੈਨ ਸਾਹਿਬ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਸਰਕਾਰੀ ਏਜੰਸੀਆਂ ਰਾਹੀਂ ਉਸ ਝੋਨੇ ਦੀ ਖਰੀਦ ਕਰਨ ਤਾਕਿ ਪੰਜਾਬ ਦੇ ਜਿਮੀਂਦਾਰਾਂ ਨੂੰ ਫਾਇਦਾ ਪਹੁੰਚ ਸਕੇ। ਇਨ੍ਹਾਂ ਸਬਦਾਂ ਨਾਲ ਚੇਅਰਮੈਨ ਸਾਹਿਬ, ਮੈਂ ਇਸ ਰੈਜ਼ੋਲਿਉਸ਼ਨ ਦੀ ਪੁੱਜ਼ਰਤਾ ਕਰਦਾ ਹਾਂ ਅਤੇ ਬੈਠਦਾ ਹਾਂ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਦੇਵ ਸਿੰਘ ਖਿਆਲਾ (ਜੋਗਾ) : ਚੇਅਰਮੈਨ ਸਾਹਿਬ, ਜੋ ਸਰਦਾਰ ਸੁਖਦੇਵ ਸਿੰਘ ਢੀਂਡਸਾ ਨੇ ਰੈਜ਼ੋਲਿਊਸ਼ਨ ਚੌਲਾਂ ਦੀ ਕੀਮਤ ਬਾਰੇ ਲਿਆਂਦਾ ਹੈ ਅਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਵਿਚਾਰ ਰੱਖੇ ਹਨ। ਚੇਅਰਮੈਨ ਸਾਹਿਬ, ਸਾਰਿਆਂ ਨੂੰ ਬੜਾ ਦੁੱਖ ਹੈ ਕਿ ਕਿਸਾਨਾਂ ਨੂੰ ਠੀਕ ਭਾਅ ਨਹੀਂ ਮਿਲ ਰਹੇ ਹਨ। ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਾਹਮਣੇ ਬੈਠੇ ਵੀਰਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ 37 ਸਾਲ ਹੋ ਗਏ ਹਨ ਦੇਸ਼ ਨੂੰ ਅਜ਼ਾਦ ਹੋਇਆਂ ਨੂੰ ਪਰ ਇਨ੍ਹਾਂ ਨੇ ਕੀ ਕੀਤਾ ਹੈ ? ਉਸ ਵੇਲੇ ਇਹ ਲੋਕਾਂ ਨਾਲ ਵਾਅਦੇ ਕਰਦੇ ਹੁੰਦੇ ਸੀ ਕਿ ਜਦੋਂ ਅੰਗਰੇਜ਼ ਇਥੋਂ ਭਾਰਤ ਵਿਚੋਂ ਚਲੇ ਜਾਣਗੇ ਤਾਂ ਅਸੀਂ ਕਿਸਾਨਾਂ ਨੂੰ ਤਕੜੇ ਕਰਾਂਗੇ, ਪਿੰਡਾਂ ਨੂੰ ਉਚਾ ਚੁੱਕਾਂਗੇ। ਚੇਅਰਮੈਨ ਸਾਹਿਬ, ਸਾਡੇ ਹਿੰਦੁਸਤਾਨ ਵਿਚ 100 ਵਿਚੋਂ 80% ਖੇਤੀ ਦਾ ਕੰਮ ਕਰਦੇ ਹਨ ਅਤੇ ਬਾਕੀ 20% ਹੋਰ ਧੰਦੇ ਕਰਦੇ ਹਨ। 70 ਕਰੋੜ ਦੀ ਆਬਾਦੀ ਵਿਚੋਂ ਡੇਢ ਕਰੋੜ ਖੇਤੀਬਾੜੀ ਦਾ ਕੰਮ ਕਰਦੇ ਹਨ। ਪੰਜਾਬ ਸਾਰੇ ਦੇਸ਼ ਲਈ ਅਨਾਜ ਪੈਦਾ ਕਰਦਾ ਹੈ।

ਚੇਅਰਮੈਨ ਸਾਹਿਬ, ਮੇਰਾ ਖਿਆਲ ਹੈ ਕਿ ਜਦੋਂ ਤੋਂ ਦੇਸ਼ ਆਜ਼ਾਦ ਹੋਇਆ ਹੈ, ਕੋਈ ਵੀ ਐਸਾ ਇਜਲਾਸ ਨਹੀਂ ਹੋਣਾ, ਜਿਸਦੇ ਵਿੱਚ ਖੇਤੀਬਾੜੀ ਦੀਆਂ ਜਿਨਸਾਂ ਬਾਰੇ ਰੈਜ਼ੋਲਿਊਸ਼ਨ ਨਾ ਆਏ ਹੋਣ। ਪਰ ਇਸ ਸਾਰੀ ਬਿਮਾਰੀ ਦਾ ਇਲਾਜ ਕਰਨ ਵਾਸਤੇ ਕਿਹੜੀ ਪਾਰਟੀ ਤੇ ਜ਼ਿੰਮੇਂਵਾਰੀ ਪਾਈਏ, ਕਿਹੜੇ ਲੋਕਾਂ ਤੇ ਜ਼ਿੰਮੇਂਵਾਰੀ ਪਾਈਏ ਕਿਉਂਕਿ ਜਿਹੜੇ ਆਪੋਜ਼ੀਸ਼ਨ ਵੱਲ ਵੀਰ ਬੈਠੇ ਹਨ, ਉਨ੍ਹਾਂ ਨੇ 37 ਸਾਲਾਂ ਵਿਚੋਂ ਕੋਈ 33 ਸਾਲ ਰਾਜ ਕੀਤਾ ਹੈ ਅਤੇ ਆਪੋਜ਼ੀਸ਼ਨ ਨੇ ਤਾਂ ਸਿਰਫ 33 ਮਹੀਨੇ ਹੀ ਕੀਤਾ ਹੈ। ਕਿਸਾਨਾਂ ਦੀ ਹਾਲਤ ਬਾਰੇ ਕਿਹਾ ਜਾਂਦਾ ਹੈ ਕਿ ਇਹ ਤਾਂ ਪੰਜਾਬ ਸਰਕਾਰ ਦੀ ਜ਼ਿੰਮੇਂਵਾਰੀ ਹੈ ਪਰ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਰਾਜ ਸਰਕਾਰਾਂ ਕੋਲ ਅੱਜ ਇਖਤਿਆਰ ਹੀ ਕਿੰਨੇ ਹਨ। ਉਨ੍ਹਾਂ ਕੋਲ ਕੋਈ ਇਖਤਿਆਰ ਨਹੀਂ ਕਿ ਗੰਨਾਂ ਮਿੱਲਾਂ ਲੈ ਸਕਣ, ਕੋਈ ਇਖਤਿਆਰ ਨਹੀਂ ਕਿ ਉਹ ਬਿਜਲੀ ਪੈਦਾ ਕਰ ਸਕਣ ਜਾਂ ਜਿਨਸਾਂ ਦੇ ਰੇਟ ਨਿਰਧਾਰਤ ਕਰ ਸਕਣ । ਇਹ ਸਾਰੀਆਂ ਤਾਕਤਾਂ ਦਿੱਲੀ ਦੀ ਕਾਂਗਰਸ ਸਰਕਾਰ ਨੇ ਆਪਣੇ ਕਬਜ਼ੇ ਵਿੱਚ ਕੀਤੀਆਂ ਹੋਈਆਂ ਹਨ । ਇਸ ਸਭ ਨੂੰ ਦੂਰ ਕਰਨ ਵਾਸਤੇ ਹੀ ਸਾਡੇ ਮਹਿਰੂਮ ਮਹਾਨ ਲੀਡਰ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਮੋਰਚਾ ਲਾਇਆ ਸੀ ਜਿਸ ਦੇ ਵਿੱਚ ਅਨੰਦਪੁਰ ਸਾਹਿਬ ਦਾ ਜ਼ਿਕਰ ਆਉਂਦਾ ਹੈ। ਉਸ ਦੇ ਵਿੱਚ ਵੱਡੀ ਮੰਗ ਹੀ ਇਹੀ ਸੀ ਕਿ ਜਿੰਨਾ ਚਿਰ ਦੇਸ਼ ਦੇ ਸੂਬਿਆਂ ਨੂੰ ਕਿਸਾਨਾਂ ਦੀਆਂ ਜਿਨਸਾਂ ਦੇ ਮੁੱਲ ਪਾਉਣ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਇਸ ਬਿਮਾਰੀ ਨੂੰ ਦੂਰ ਨਹੀਂ ਕੀਤਾ ਜਾ ਸਕਦਾ। ਇਸ ਪਿੱਛੇ ਬੜੀ ਵੱਡੀ ਐਜੀਟੇਸ਼ਨ ਵੀ ਹੋਈ । ਪੰਜਾਬ ਦਾ ਕਿਸਾਨ ਹਰ 6 ਮਹੀਨੇ ਬਾਅਦ ਦਿੱਲੀ ਵੱਲ ਝਾਕਦਾ ਹੈ । ਜਦੋਂ ਤੱਕ ਰੇਟ ਨਿਰਧਾਰਤ ਕੀਤਾ ਜਾਂਦਾ ਹੈ ਉਦੋਂ ਤੱਕ ਬੱਦਲ ਅਤੇ ਮੀਹਾਂ ਕਰਕੇ ਕਿਸਾਨ ਦੀਆਂ ਫਸਲਾਂ ਰੁਲ ਜਾਂਦੀਆਂ ਹਨ। ਜਦੋਂ ਤੱਕ ਸਾਰੇ ਹਿੰਦੁਸਤਾਨ ਦੇ ਸੂਬਿਆਂ ਕੋਲ ਮੁੱਲ ਨਿਰਧਾਰਤ ਕਰਨ ਦੇ ਇਖਤਿਆਰ ਹੀ ਨਹੀਂ ਹੋਣਗੇ, ਉਦੋਂ ਤੱਕ ਕਿਸਾਨਾਂ ਦੀ ਇਹੋ ਜਿਹੀ ਦਸ਼ਾ ਹੀ ਰਹੇਗੀ। ਰਾਜ ਸਰਕਾਰਾਂ ਆਪ ਪੈਦਾਵਾਰ ਵਧਾਉਣ, ਉਨ੍ਹਾਂ ਦਾ ਮੁੱਲ ਨਿਰਧਾਰਤ ਕਰਨ, ਉਨ੍ਹਾਂ ਨੂੰ ਕਿਸਾਨਾਂ ਤੋਂ ਖਰੀਦਣ ਅਤੇ ਦੂਜੇ ਸੂਬਿਆਂ ਨੂੰ ਜਾਂ ਬਾਹਰਲੇ ਮੁਲਕਾਂ ਨੂੰ ਵੇਚਣ, ਤਾਂ ਹੀ ਕਿਸਾਨਾਂ ਦੀ ਹਾਲਤ ਸੁਧਾਰ ਸਕਦੀ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਮੋਰਚੇ ਵਿੱਚ ਇਹੀ ਇਲਾਜ ਉਲੀਕਿਆ ਸੀ। ਇਸ ਮੋਰਚੇ ਵਿੱਚ, ਚੇਅਰਮੈਨ ਸਾਹਿਬ, 2 ਲੱਖ ਬੰਦੇ ਪੁਰਅਮਨ ਕੈਦ ਹੋਏ ਅਤੇ 200 ਬੰਦੇ ਸ਼ਹੀਦ ਹੋਏ । ਅੱਜ ਇਹ ਜਿਹੜੇ ਆਹ ਦੇ ਨਾਹਰੇ ਮਾਰਦੇ ਹਨ, ਇਹੀ ਦਿੱਲੀ ਦੇ ਹੱਥ ਮਜ਼ਬੂਤ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਦਿੱਲੀ ਕੋਲ ਹੀ ਇਹ ਪਾਵਰਾਂ ਰਹਿਣੀਆਂ ਚਾਹੀਦੀਆਂ ਹਨ। ਇਹ ਤੁਹਾਡੀ ਵੀ ਜ਼ਿੰਮੇਂਵਾਰੀ ਬਣਦੀ ਹੈ, ਤੁਸੀਂ ਵੀ ਦਿੱਲੀ ਵਿੱਚ ਜਾਓ ਅਤੇ ਕਹੋ ਕਿ ਪੰਜਾਬ ਦਾ ਕਿਸਾਨ ਦੁਖੀ ਹੈ ਅਤੇ ਲੁਟਿਆ ਜਾ ਰਿਹਾ ਹੈ, ਉਸ ਨੂੰ ਉਸ ਦੀ ਮਿਹਨਤ ਦਾ ਮੁੱਲ ਦਿਓ। ਗੰਨਾਂ ਏਥੇ ਸੜਿਆ, ਤੁਹਾਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਸਾਰਾ ਪਤਾ ਹੈ ਕਿ ਸਾਡੀ ਜਨਤਾ ਸਰਕਾਰ ਨੇ 9 ਗੰਨਾ ਮਿਲਾਂ ਵਾਸਤੇ ਸੈਂਟਰ ਕੋਲ ਮੰਗ ਕੀਤੀ ਪਰ ਇਕ ਗੰਨਾਂ ਨਿੱਲ ਦੀ ਮਨਜ਼ੂਰੀ ਆਈ। ਦਿੱਲੀ ਦੀ ਸਰਕਾਰ ਦਾ ਤਾਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਰਹਿੰਦਾ ਹੈ। ਇਹ ਸਾਡੇ ਵੀਰ ਉਸ ਮੋਰਚੇ ਦਾ ਅਤੇ ਅਨੰਦਪੁਰ ਸਾਹਿਬ ਦਾ ਨਾਂ ਲੈਣ ਨੂੰ ਤਿਆਰ ਨਹੀਂ ਅਤੇ ਜਦੋਂ ਇਨ੍ਹਾਂ ਆਨੰਦਪੁਰ ਦਾ ਨਾਂ ਹੀ ਸੁਣਿਆ ਤਾਂ ਸੀਟਾਂ ਤੋਂ ਉਠ ਕੇ ਖੜ੍ਹੇ ਹੋ ਗਏ। ਪਰ ਇਨ੍ਹਾਂ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਉਸੇ ਹੀ ਆਨੰਦਪੁਰ ਸਾਹਿਬ ਮਤੇ ਦੀ ਕਾਪੀ ਸਾਡੇ ਮੌਜੂਦਾ ਪ੍ਰਾਈਮ ਮਨਿਸਟਰ ਨੇ ਆਪਣੇ ਹੱਥਾਂ ਨਾਲ ਸਰਕਾਰੀਆ ਕਮਿਸ਼ਨ ਨੂੰ ਸੌਂਪੀ ਹੈ ਅਤੇ ਉਹ ਹੀ ਉਸਦਾ ਫੈਸਲਾ ਕਰੇਗਾ। ਹਰ 6 ਮਹੀਨੇ ਮਗਰੋਂ ਦਿੱਲੀ ਵੱਲ ਕਿਸਾਨ ਨੂੰ ਰੇਟ ਵਾਸਤੇ ਦੇਖਣਾ ਪੈਂਦਾ ਹੈ। ਨਰਮਾ ਵਿਕ ਰਿਹਾ ਹੈ ਪਰ ਭਾਅ ਮੁਕੱਰਰ ਨਹੀਂ, ਗੰਨਾਂ ਮਿੱਲਾਂ ਚਾਲੂ ਹੋਣ ਵਾਲੀਆਂ ਹਨ ਪਰ ਉਸਦਾ ਭਾਅ ਮੁਕੱਰਰ ਨਹੀਂ। ਪੌਣੇ ਚਾਰ ਰੁਪਏ ਕੁਇੰਟਲ ਭਾਅ ਤੋਂ 7/- ਰੁਪਏ ਕੁਇੰਟਲ ਤੇ ਖੁਲ੍ਹੀ ਮਾਰਕੀਟ ਵਿੱਚ ਅਤੇ ਫਿਰ 13/- ਰੁਪਏ ਭਾਅ ਤੋਂ 19/- ਰੁਪਏ ਕੁਇੰਟਲ ਦੇ ਭਾਅ ਨਾਲ ਖੁਲ੍ਹੀ ਮਾਰਕੀਟ ਵਿੱਚ ਗੰਨਾ ਵਿਕਿਆ। ਇਹ ਜਿਸ ਨੂੰ ਤੁਸੀਂ ਮੋਰਚਾ ਕਹਿੰਦੇ ਹੋ, ਇਹ ਅਸਲ ਵਿੱਚ ਕਿਸਾਨਾਂ ਦੇ ਹਿੱਤਾਂ ਦਾ ਮੋਰਚਾ ਸੀ, ਪੰਜਾਬ ਦੀ ਬੇਹਤਰੀ ਦਾ ਮੋਰਚਾ ਸੀ ਅਤੇ ਪੰਜਾਬ ਦੀਆਂ ਹੱਕੀ ਮੰਗਾਂ ਦਾ ਮੋਰਚਾ ਸੀ ਜਿਸਨੂੰ ਕਿ ਤਾਰਪੀਡੋ ਕਰਕੇ, ਗਲਤ ਰੰਗ ਦੇ ਕੇ, ਹਿੰਦੂ-ਸਿੱਖਾਂ ਦੀ ਲੜਾਈ ਬਣਾ ਕੇ ਸਾਡੇ ਸੂਬੇ ਤੇ ਪੁਲਿਸ, ਬੀ. ਐਸ. ਐਫ. ਅਤੇ ਮਿਲਟਰੀ ਦੀ ਚੜ੍ਹਾਈ ਕੀਤੀ ਗਈ ਅਤੇ ਸਾਡਾ ਸੂਬਾ ਲੁਟਿਆ ਗਿਆ। ਖਜ਼ਾਨਾ ਮੰਤਰੀ ਨੇ ਖਜ਼ਾਨੇ ਵਿੱਚ 380 ਕਰੋੜ ਰੁਪਏ ਦਾ ਘਾਟਾ ਦੱਸਿਆ ਹੈ। ਇਹ ਸਾਰੀ ਜ਼ਿੰਮੇਵਾਰੀ ਦਿੱਲੀ ਦੀ ਸਰਕਾਰ ਦੀ ਹੈ ਜਿਸ ਨੇ ਆਪਣੀ ਗੱਦੀ ਕਾਇਮ ਰੱਖਣ ਵਾਸਤੇ ਲੋਕਾਂ ਨੂੰ ਲੜਾਇਆ ਅਤੇ ਕਿਸਾਨਾਂ ਨੂੰ ਲੁੱਟਿਆ। ਹੁਣ ਇਹ ਕਹਿੰਦੇ ਹਨ ਕਿ ਬੋਨਸ ਦਿਓ। ਇਹ ਪੈਸੇ ਕਿਥੋਂ ਆਉਣਗੇ ਜਦੋਂ ਕਿ ਸੂਬੇ ਨੂੰ ਤਾਂ ਲੁਟਿਆ ਜਾ ਚੁੱਕਾ ਹੈ, ਬੈਕਾਂ ਨੂੰ ਤਾਂ ਲੁਟ ਦਿੱਤਾ ਗਿਆ ਹੈ। ਅਸਲ ਵਿੱਚ ਡਾਕੇ ਮਾਰਨ ਵਾਲੇ ਤਾਂ ਇਹ ਆਪ ਹਨ। ਸੰਤ ਲੌਂਗੋਵਾਲ ਜੀ ਕਹਿੰਦੇ ਵੀ ਰਹੇ ਕਿ ਸੁਪਰੀਮ ਕੋਰਟ ਦੇ ਜੱਜ ਰਾਹੀਂ ਪੜਤਾਲ ਕਰਾਓ ਤਾਂ ਮੈਂ ਸਾਬਤ ਕਰ ਦਿਆਂਗਾ ਕਿ ਹਿੰਦੂਆਂ ਦੇ ਕਤਲ ਕੌਣ ਕਰਦੇ ਹਨ। ਜੇ ਦਿੱਲੀ ਦੀ ਸਰਕਾਰ ਸਿਨਸੀਅਰ ਹੁੰਦੀ ਤਾਂ ਤੁਰਤ ਕਮਿਸ਼ਨ ਕਾਇਮ ਕਰਦੀ। ਅੱਜ ਇਹ ਮੰਗ ਕਰਦੇ ਹਨ ਕਿ ਕਿਸਾਨਾਂ ਨੂੰ ਬੋਨਸ ਦੇਣਾ ਚਾਹੀਦਾ ਹੈ ਜਦੋਂ ਕਿ ਇਨ੍ਹਾਂ ਨੂੰ ਵੀ ਪਤਾ ਹੈ ਕਿ ਪੰਜਾਬ ਦਾ ਖਜ਼ਾਨਾ ਲੁਟਿਆ ਜਾ ਚੁੱਕਾ ਹੈ । ਇਹ ਚਾਹੁੰਦੇ ਹਨ ਕਿ ਹੁਣ ਅਸੀਂ ਅਕਾਲੀ ਸਰਕਾਰ ਨੂੰ ਬਦਨਾਮ ਕਰੀਏ ਕਿ ਅਕਾਲੀ ਸਰਕਾਰ ਨੂੰ ਅਸੀਂ ਤਾਂ ਕਹਿੰਦੇ ਸੀ ਕਿ ਬੋਨਸ ਦਿਓ ਪਰ ਉਸ ਨੇ ਹੀ ਨਹੀਂ ਦਿੱਤਾ। ਇਹ ਤਾਂ ਉਹੀ ਗੱਲ ਹੋਈ ਕਿ ਇਕ ਬੱਚਾ ਦੁਕਾਨਦਾਰ ਕੋਲੋਂ ਸੌਦਾ ਲੈਣ ਆਉਂਦਾ ਹੈ ਤਾਂ ਉਹ ਡੰਡੀ ਮਾਰ ਕੇ ਸੌਦਾ ਤਾਂ ਘੱਟ ਦੇ ਦਿੰਦਾ ਹੈ ਪਰ ਜਾਣ ਲੱਗੇ ਨੂੰ ਦੋ ਮੂੰਗਫਲੀ ਦੇ ਦਾਣੇ ਫੜਾ ਦੇਂਦਾ ਹੈ । ਜੇਕਰ ਕਿਸਾਨਾਂ ਦਾ ਸਹੀ ਮਾਇਨੇ ਵਿੱਚ ਭਲਾ ਕਰਨਾ ਹੈ ਤਾਂ ਫਸਲਾਂ ਦਾ ਮੁੱਲ ਹੀ ਸਹੀ ਮੁਕੱਰਰ ਕੀਤਾ ਜਾਵੇ । ਉਸ ਨੂੰ ਪ੍ਰਾਈਸ ਇਨਡੈਕਸ ਨਾਲ ਜੋੜ ਦੇਣਾ ਚਾਹੀਦਾ ਹੈ ਤਾਂਕਿ ਜੇਕਰ ਰੇਟ ਮਾਰਕੀਟ ਵਿੱਚ ਵਧੇ ਤਾਂ ਉਨ੍ਹਾਂ ਦੀਆਂ ਫਸਲਾਂ ਦਾ ਵੀ ਵਧ ਜਾਵੇ ਅਤੇ ਜੇਕਰ ਘਟੇ ਤਾਂ ਉਨ੍ਹਾਂ ਦੀਆਂ ਫਸਲਾਂ ਦਾ ਵੀ ਘਟ ਜਾਵੇ। ਹੁਣ 104/- ਰੁਪਏ ਵਾਲੀ ਰੇਹ ਦੀ ਬੋਰੀ 152/- ਰਪਏ ਦੀ ਹੈ ਅਤੇ 152/- ਰੁਪਏ ਵਾਲੀ 200/- ਰੁਪਏ ਦੀ ਹੈ। ਖੇਤੀ ਬਾੜੀ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਹਨ। ਇਸਦਾ ਇਹੀ ਇਲਾਜ ਹੈ ਕਿ ਇਕ ਕਮਿਸ਼ਨ ਬਣਾ ਦਿੱਤਾ ਜਾਵੇ ਜਿਹੜਾ ਰੇਟ ਫਿਕਸ ਕਰੇ। ਇਹ ਕਹਿੰਦੇ ਹਨ ਕਿ ਸਾਡੇ ਵਜ਼ੀਰ ਮੰਡੀਆਂ ਦਾ ਦੌਰਾ ਕਰਦੇ ਸਨ। ਮੈਂ ਪੁੱਛਦਾ ਹਾਂ ਕਿ ਉਹ ਕੀ ਕਰਨ ਜਾਂਦੇ ਸਨ ? ਕੀ ਉਹ ਇਹ ਦੇਖਣ ਜਾਂਦੇ ਸਨ ਕਿ ਫਸਲ ਕਿਸ ਤਰ੍ਹਾਂ ਖਰੀਦੀ ਅਤੇ ਤੋਲੀ ਜਾਂਦੀ ਹੈ ? ਇਹ ਆਪਣੇ ਹਿੱਸੇ ਲੈਣ ਜਾਂਦੇ ਸਨ। ਅੱਜ ਐਫ. ਸੀ. ਆਈ. ਕਹਿੰਦੀ ਹੈ ਕਿ 200 ਕਰੋੜ ਰੁਪਏ ਦਾ ਘਾਟਾ ਪਿਆ ਹੈ। ਇਹ ਘਾਟਾ ਤਾਂ ਪੈਣਾ ਹੀ ਹੈ ਜਦ ਹਰ ਬੋਰੀ ਪਿਛੇ 10/- ਰੁਪਏ ਇਨਸਪੈਕਟਰ ਲੈ ਲੈਂਦਾ ਹੈ ਅਤੇ ਉਸ ਵਿੱਚ ਮਿੱਟੀ ਘੱਟਾ ਮਿਲਾ ਦਿੱਤਾ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਸੋ, ਮੈਂ ਕਹਾਂਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਸਰਬ-ਸੰਮਤੀ ਨਾਲ ਪਾਸ ਕਰਨ ਵਾਸਤੇ ਇਨ੍ਹਾਂ ਭਰਾਵਾਂ ਨੂੰ ਵੀ ਨਾਲ ਮਿਲ ਕੇ ਚੱਲਣਾ ਚਾਹੀਦਾ ਹੈ। ਇਨ੍ਹਾਂ ਨੂੰ ਹਰ ਵਕਤ ਦਿੱਲੀ ਦੀ ਹੀ ਹਮਾਇਤ ਨਹੀਂ ਕਰਨੀ ਚਾਹੀਦੀ ਜਿਸ ਨੇ ਕਿ 37 ਸਾਲ ਲਗਾਤਾਰ ਪੰਜਾਬ ਦੇ ਕਿਸਾਨ ਨੂੰ ਲੁੱਟ ਕੇ ਅਪਣੀ ਗੱਦੀ ਕਾਇਮ ਕੀਤੀ ਹੈ। ਅਸੀਂ ਹੁਣ ਹਿੰਦੂ-ਸਿੱਖ ਇਕੱਠੇ ਹੋ ਕੇ ਮੰਗ ਕਰੀਏ ਕਿ ਜੋ ਲੁਟ ਲਿਆ, ਉਹ ਲੁਟ ਲਿਆ। ਹੁਣ ਅਸੀਂ ਪੰਜਾਬੀਆਂ ਨੇ ਮਿਲ ਕੇ ਜਿਨਸਾਂ ਦੇ ਮੁੱਲ ਲੈਣੇ ਹਨ। ਜੇ ਇਹ ਇਖਤਿਆਰ ਨਾ ਦਿੱਤੇ ਗਏ ਤਾਂ ਹੋਰ ਕੋਈ ਰੁਖ ਇਖਤਿਆਰ ਕਰਨਾ ਪਵੇਗਾ। ਸੋ, ਅੰਤ ਵਿੱਚ ਮੈਂ ਚੇਅਰਮੈਨ ਸਾਹਿਬ, ਇਹੀ ਮੰਗ ਕਰਾਂਗਾ ਕਿ ਬੋਨਸ ਦੀ ਪਿਰਤ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਕਿਸਾਨਾਂ ਦੀਆਂ ਜਿਨਸਾਂ ਦੇ ਭਾਅ ਪ੍ਰਾਈਸ ਇਨਡੈਕਸ ਨਾਲ ਜੋੜ ਦੇਣੇ ਚਾਹੀਦੇ ਹਨ।

ਸਰਦਾਰ ਕੁਲਦੀਪ ਸਿੰਘ ਵਡਾਲਾ (ਨਕੋਦਰ): ਚੇਅਰਮੈਨ ਸਾਹਿਬ, ਇਹ ਮਸਲਾ ਜਿਹੜਾ ਕਿ ਕਿਸਾਨਾਂ ਦੀਆਂ ਜਿਨਸਾਂ ਬਾਰੇ ਹਾਊਸ ਵਿੱਚ ਲਿਆਂਦਾ ਗਿਆ ਹੈ, ਬਹੁਤ ਗੰਭੀਰ ਮਸਲਾ ਹੈ। ਅੱਜ ਜਿਹੜਾ ਝੋਨੇ ਦਾ ਰੇਟ ਫਿਕਸ ਕੀਤਾ ਗਿਆ ਹੈ, ਉਹ ਬਹੁਤ ਅਨਸੈਟਿਸਫੈਕਟਰੀ ਹੈ। ਇਹ ਸਿਰਫ 5/- ਰੁਪਏ ਵਧਾਇਆ ਗਿਆ ਹੈ ਜੋ ਕਿ ਸਿਰਫ 3% ਵਾਧਾ ਪਰ ਕੁਇੰਟਲ ਹੋਇਆ ਹੈ। ਅਗਰ ਇਸ ਨੂੰ ਪ੍ਰਾਈਸ ਇਨਡੈਕਸ ਨਾਲ ਅਤੇ ਅੱਜ ਵੀ ਵੱਧਦੀ ਮਹਿੰਗਾਈ ਦੇ ਨਾਲ ਜੋੜਿਆ ਜਾਵੇ ਤਾਂ ਕਿਸੇ ਤਰ੍ਹਾਂ ਵੀ ਜਸਟੀਫਾਈ ਨਹੀਂ ਕੀਤਾ ਜਾ ਸਕਦਾ। ਇਸ ਤੋਂ ਮੈਂ ਸਮਝਦਾ ਹਾਂ ਕਿ ਪਿਛਲੀ ਮਨਿਸਟਰੀ ਇਨ-ਕੰਪੀਟੈਂਟ ਹੱਥਾਂ ਵਿੱਚ ਰਹੀ ਹੈ ਅਤੇ ਦੂਜੇ ਪਾਸੇ ਸੈਂਟਰ ਦਾ ਰਵੱਈਆ ਹਮੇਸ਼ਾ ਕਿਸਾਨ ਮਾਰੂ ਅਤੇ ਸਿੱਖ ਮਾਰੂ ਰਿਹਾ ਹੈ। ਜੇਕਰ ਸੈਂਟਰ ਨੇ ਆਪਣਾ ਇਹ ਰੱਵਈਆ ਨਾ ਬਦਲਿਆ ਤਾਂ ਇਸ ਦੇ ਨਤੀਜੇ ਭਿਆਨਕ ਹੋ ਸਕਦੇ ਹਨ। ਜੇਕਰ ਪੰਜਾਬ ਦੇ ਨੌਜਵਾਨ ਨੂੰ ਵੀ ਕੋਈ ਸੈਟਿਸਫੈਕਟਰੀ ਜਵਾਬ ਨਾ ਦਿੱਤਾ ਗਿਆ ਤਾਂ ਹਾਲਾਤ ਵਿਗੜ ਸਕਦੇ ਹਨ। ਇਸ ਗੱਲ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਇਨ੍ਹਾਂ ਸਾਰੇ ਮਸਲਿਆਂ ਦਾ ਹੱਲ ਕੀ ਹੈ? ਇਸ ਦਾ ਅਸਲ ਹੱਲ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਹੈ ਜਿਸ ਵਿਚ 'ਮੋਰ ਪਾਵਰਜ਼ ਟੂ ਸਟੇਟਸ' ਦੀ ਮੰਗ ਕੀਤੀ ਗਈ ਹੈ। ਆਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਨੂੰ ਇਨ-ਟੋਟੋ ਲਾਗੂ ਕੀਤਾ ਜਾਵੇ। ਪਰਕਿਊਰਮੈਂਟ ਦੇ ਵਿਚ ਸਾਡੀ ਸਾਂਝ ਹੋਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਬਣੀਏ ਦੀ ਸਰਕਾਰ ਹੈ। ਹਿੰਦੁਸਤਾਨ ਦੀ ਸਰਕਾਰ ਨੇ ਕਿਸਾਨ ਦੀ, ਜੋ ਕਿ 80% ਪਿੰਡਾਂ ਵਿਚ ਵਸਦਾ ਹੈ, ਕਦੀ ਰਾਖੀ ਨਹੀਂ ਕੀਤੀ। ਸਭ ਤੋਂ ਵੱਡੀ ਪ੍ਰੋਕਿਓਰਮੈਂਟ ਏਜੰਸੀ ਐਫ. ਸੀ. ਆਈ. ਹੈ ਅਤੇ ਇਸ ਵਿਚ ਕਰੋੜਾ ਰੁਪਏ ਦਾ ਘਾਟਾ ਚਲ ਰਿਹਾ ਹੈ। ਉਸ ਦਾ ਪ੍ਰਬੰਧ ਬੜਾ ਫਾਲਟੀ ਹੈ। ਇਸ ਵਿਚ ਕਰੋੜਾਂ ਰੁਪਏ ਦਾ ਗਬਨ ਹੈ। ਮੈਂ ਕਹਿੰਦਾ ਹਾਂ ਕਿ ਜੇ ਕਿਤੇ ਇਸ ਬਾਰੇ ਕੋਈ ਕਮਿਸ਼ਨ ਬਿਠਾਇਆ ਜਾਵੇ ਤਾਂ ਪਤਾ ਲੱਗੇਗਾ ਕਿ ਲੱਖਾਂ ਕਰੋੜਾਂ ਰੁਪਏ ਦਾ ਅਨਾਜ ਬਾਹਰ ਪਿਆ ਸੜ ਰਿਹਾ ਹੈ। ਉਸ ਦੀ ਕੋਈ ਪੁੱਛ-ਪੜਤਾਲ ਨਹੀਂ। ਮੇਰੀ ਰਾਏ ਇਥੇ ਇਹ ਹੈ ਕਿ ਅਸੀਂ ਹਿੰਦੁਸਤਾਨ ਦੇ ਅਨਾਜ ਭੰਡਾਰ ਵਿਚ 50% ਤੋਂ 70% ਤੱਕ ਹਿੱਸਾ ਪਾਉਂਦੇ ਹਾਂ, ਇਸ ਕਰਕੇ ਐਫ. ਸੀ. ਆਈ. ਦੇ ਪ੍ਰਬੰਧ ਵਿਚ ਸਾਡਾ ਵੱਡਾ ਹਿੱਸਾ ਹੋਣਾ ਚਾਹੀਦਾ ਹੈ। ਇਸ ਦਾ ਪ੍ਰਧਾਨ ਜਾਂ ਐਮ. ਡੀ. ਪੰਜਾਬੀ ਕਿਸਾਨ ਹੋਣਾ ਚਾਹੀਦਾ ਹੈ, ਕੋਈ ਖੱਦਰ-ਪੋਸ਼ ਨਹੀਂ ਹੋਣਾ ਚਾਹੀਦਾ।

ਸ਼੍ਰੀ ਸਭਾਪਤੀ: ਐਫ. ਸੀ. ਆਈ. ਦਾ ਐਮ. ਡੀ. ਤਾਂ ਵਡਾਲਾ ਸਾਹਿਬ ਪਹਿਲਾਂ ਹੀ ਪੰਜਾਬੀ ਹੈ

ਸਰਦਾਰ ਕੁਲਦੀਪ ਸਿੰਘ ਵਡਾਲਾ: ਆਈ ਐਮ ਸੋਰੀ। ਮੇਰੀ ਰਾਏ ਇਹ ਹੈ ਕਿ ਇਸ ਬਾਰੇ ਕੋਈ ਕਮਿਸ਼ਨ ਬਿਠਾਇਆ ਜਾਵੇ ਤਾਂ ਜੋ ਪਤਾ ਲੱਗ ਸਕੇ ਕਿ ਐਡਾ ਵੱਡਾ ਘਾਟਾ ਕਿਉਂ ਹੈ। ਮੈਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਕੁਲਦੀਪ ਸਿੰਘ ਵਡਾਲਾ]

ਸਮਝਦਾ ਹਾਂ ਕਿ ਇਸ ਵਿਚ ਜ਼ਰੂਰ ਕੋਈ ਘਾਲਾ-ਮਾਲਾ ਹੈ। ਇਕ ਪਾਸੇ ਤਾਂ ਸਾਡਾ ਗੰਨਾ ਨਹੀਂ ਚੁੱਕਿਆ ਜਾ ਰਿਹਾ, ਉਹ ਸੜ ਰਿਹਾ ਹੈ ਅਤੇ ਦੂਸਰੇ ਪਾਸੇ ਖੰਡ ਇਮਪੋਰਟ ਕੀਤੀ ਜਾ ਰਹੀ ਹੈ। ਇਕ ਪਾਸੇ ਕਿਸਾਨ ਤੋਂ ਐਨੀ ਸਸਤੀ ਕਣਕ ਖਰੀਦੀ ਜਾਂਦੀ ਹੈ ਅਤੇ ਦੂਸਰੇ ਪਾਸੇ ਮਹਿੰਗੀ ਕਣਕ ਇੰਪੋਰਟ ਕੀਤੀ ਜਾਂਦੀ ਹੈ। ਇਸ ਸਾਰੇ ਧੰਦੇ ਵਿਚ ਬਲੈਕ ਮਾਰਕੀਟਿੰਗ ਕੀਤੀ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਹਿੰਦੁਸਤਾਨ ਦਾ ਸੁਧਾਰ ਨਹੀਂ ਹੋ ਸਕੇਗਾ। ਹਿੰਦੁਸਤਾਨ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਪਾਲਿਸੀਆਂ ਬਦਲੇ। ਐਫ. ਸੀ. ਆਈ. ਦੇ ਢਾਂਚੇ ਨੂੰ ਬਦਲਿਆ ਜਾਵੇ। ਇਸ ਦਾ ਕੋਈ ਜ਼ੋਨਲ ਸਿਸਟਮ ਬਣਾਇਆ ਜਾਵੇ ਤਾਂ ਜੋ ਸਾਡੇ ਨਾਰਦਰਨ ਜ਼ੋਨ ਵਿਚ ਸਾਡੀਆਂ ਸਟੇਟਾਂ ਦਾ ਹਿੱਸਾ ਹੋਵੇ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਦੀ ਇਕ ਭੈੜੀ ਆਦਤ ਬਣ ਗਈ ਹੈ ਕਿ ਪਹਿਲਾਂ ਘੱਟ ਕੀਮਤ ਦਾ ਐਲਾਨ ਕਰ ਦੇਣਾ ਅਤੇ ਫਿਰ ਬੋਨਸ ਦਾ ਐਲਾਨ ਕਰ ਦੇਣਾ। ਇਹ ਬੋਨਸ ਵੀ ਆਪਣੇ ਆਪ ਨਹੀਂ ਮਿਲਦਾ। ਜਦੋਂ ਐਜੀਟੇਸ਼ਨ ਹੁੰਦੀ ਹੈ, ਫਿਰ ਮਿਲਦਾ ਹੈ। ਚਾਹੀਦਾ ਇਹ ਹੈ ਕਿ ਜੇ ਬੋਨਸ ਦਾ ਹੱਕ ਬਣਦਾ ਹੋਵੇ ਤਾਂ ਆਪਣੇ ਆਪ ਦੇ ਦਿੱਤਾ ਜਾਵੇ। ਐਗਰੀਕਲਚਰ ਹਿੰਦੁਸਤਾਨ ਦੀ ਸਭ ਤੋਂ ਵੱਡੀ ਇੰਡਸਟਰੀ ਹੈ। ਜੇ ਇਸ ਨਾਲ ਇਸੇ ਤਰ੍ਹਾਂ ਦਾ ਵਰਤਾਅ ਕੀਤਾ ਜਾਂਦਾ ਰਿਹਾ ਤਾਂ ਕਿਸਾਨ ਦੀ ਜਮਾਤ ਜਾਂ ਮਜ਼ਦੂਰ ਦੀ ਜਮਾਤ ਨਾਲ ਹੋ ਰਿਹਾ ਧੱਕਾ ਬੰਦ ਨਹੀਂ ਹੋ ਸਕੇਗਾ। ਮੈਂ ਚਾਹੁੰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਯੂਨਾਨੀਮਸਲੀ ਅਡਾਪਟ ਕੀਤਾ ਜਾਵੇ। ਇਥੇ ਮੈਂ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਮੁੱਖ ਮੰਤਰੀ ਬਣਦਿਆਂ ਸਾਰ ਹੀ ਇਸ ਸਿਲਸਿਲੇ ਵਿਚ ਭੱਜ ਦੌੜ ਸ਼ੁਰੂ ਕਰ ਦਿੱਤੀ ਸੀ ਪਰ ਸੈਂਟਰ ਸਰਕਾਰ ਦੇ ਕੰਨਾਂ ਤੇ ਜੂੰ ਤੱਕ ਨਹੀਂ ਰੀਂਗ ਰਹੀ। ਮੈਂ ਤੁਹਾਨੂੰ ਦੱਸਦਾ ਹਾਂ ਕਿ ਐਂਤਕੀਂ ਝੋਨਾ ਪੈਦਾ ਕਰਨ ਵੇਲੇ ਸਾਨੂੰ ਬਿਜਲੀ ਨਹੀਂ ਮਿਲੀ। ਜੇ ਮਿਲੀ ਵੀ ਤਾਂ ਮਹਿੰਗੀ ਮਿਲੀ। ਬਿਜਲੀ ਦਾ ਰੇਟ 13/- ਰੁਪਏ ਹਾਰਸਪਾਵਰ ਤੋਂ ਵਧਾ ਕੇ 20/- ਰੁਪਏ ਹਾਰਸ ਪਾਵਰ ਕਰ ਦਿੱਤਾ ਗਿਆ। ਇਸ ਬਾਰੇ ਉਪਰਾਲਾ ਕਰਨ ਦੀ ਲੋੜ ਹੈ। ਕਿਸਾਨ ਕਰਜ਼ਾਈ ਹੋਇਆ ਪਿਆ ਹੈ। ਉਸ ਦੇ ਸਿਰ ਤੇ ਐਨਾ ਬੋਝ ਹੈ ਕਿ ਉਹ ਚੁਕ ਨਹੀਂ ਸਕਦਾ। ਉਸ ਦੀ ਸਾਰੀ ਦੀ ਸਾਰੀ ਕਮਾਈ ਗਹਿਣੇ ਪੈ ਗਈ ਹੋਈ ਹੈ। ਇਕ ਪਾਸੇ ਤਾਂ ਉਸ ਦਾ ਝੋਨਾ ਨਹੀਂ ਚੁੱਕਿਆ ਜਾ ਰਿਹਾ ਅਤੇ ਦੂਜੇ ਪਾਸੇ ਉਸ ਤੋਂ ਕਰਜ਼ੇ ਦੀ ਵਸੂਲੀ ਨਾ ਹੋਣ ਕਾਰਣ ਉਸ ਦੀਆਂ ਗ੍ਰਿਫਤਾਰੀਆਂ ਹੋ ਰਹੀਆਂ ਹਨ। ਇਸ ਤਰ੍ਹਾਂ ਉਸ ਨੂੰ ਦੂਹਰਾ ਪਰੇਸ਼ਾਨ ਕੀਤਾ ਜਾ ਰਿਹਾ ਹੈ। ਕਰਜ਼ਿਆਂ ਦੀ ਵਸੂਲੀ ਦੇ ਮੁਤੱਅਲਕ ਲੀਨੀਐਂਸੀ ਵਰਤੀ ਜਾਣੀ ਚਾਹੀਦੀ ਹੈ। ਹਿੰਦੁਸਤਾਨ ਦਾ ਬੈਂਕ ਕਹਿੰਦਾ ਹੈ ਕਿ 12% ਤੋਂ ਘੱਟ ਅਸੀਂ ਕਰਜ਼ਾ ਨਹੀਂ ਦੇ ਸਕਦੇ। ਇਹ ਠੀਕ ਨਹੀਂ ਹੈ। ਕਿਸਾਨ ਨੂੰ ਹਰ ਪੱਖੋਂ ਰਿਆਇਤ ਦੇਣੀ ਚਾਹੀਦੀ ਹੈ। ਮਾਰਕੀਟ ਕਮੇਟੀਆਂ, ਜਿਨ੍ਹਾਂ ਦੀ ਚਰਚਾ ਇਥੇ ਚੌਧਰੀ ਜਗਜੀਤ ਸਿੰਘ ਨੇ ਕੀਤੀ ਹੈ, ਠੀਕ ਤਰ੍ਹਾਂ ਕੰਮ ਨਹੀਂ ਕਰ ਰਹੀਆਂ। ਮਾਰਕੀਟ ਕਮੇਟੀਆਂ ਇਨ੍ਹਾਂ ਵੀਰਾਂ ਦੇ ਆਪਣੇ ਕੋਲ ਹਨ, ਇਨ੍ਹਾਂ ਨੂੰ ਛੇਤੀ ਤੋੜਿਆ ਜਾਵੇ। ਇਨ੍ਹਾਂ ਵਿਚ ਨਵੇਂ ਬੰਦੇ ਨਿਯੁਕਤ ਕੀਤੇ ਜਾਣ। ਇਹ ਕਹਿ ਕੇ ਮੈਂ ਬੇਨਤੀ ਕਰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਨੂੰ ਯੂਨਾਨੀਮਸਲੀ ਅਡਾਪਟ ਕੀਤਾ ਜਾਵੇ। ਇਸੇ ਵਿਚ ਹੀ ਹਿੰਦੁਸਤਾਨ ਦਾ ਭਲਾ ਹੈ।

ਡਾਕਟਰ ਦਲਬੀਰ ਸਿੰਘ (ਵੇਰਕਾ, ਐਸ. ਸੀ.): ਮਾਨਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਦੀ ਜਾਣਕਾਰੀ ਲਈ ਕਹਿਣਾ ਚਾਹੁੰਦਾ ਹਾਂ ਕਿ ਮੈਂ ਆਪਣੇ ਹਲਕੇ ਵੇਰਕਾ ਅਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਬਹੁਤ ਸਾਰੇ ਪਰਚੇਜ਼ ਸੈਂਟਰਾਂ ਵਿਚ ਆਪ ਗਿਆ ਹਾਂ। ਮੈਂ ਵੇਖਿਆ ਹੈ ਕਿ ਕਿਸਾਨ ਦੀ ਖੂਨ-ਪਸੀਨੇ ਦੀ ਜੋ ਕਮਾਈ-ਪੂੰਜੀ ਹੈ, ਉਹ ਬੁਰੀ ਤਰ੍ਹਾਂ ਪੈਰਾਂ ਵਿਚ ਰੁਲ ਰਹੀ ਹੈ। ਉਸ ਦਾ ਕੋਈ ਖਰੀਦਦਾਰ ਨਹੀਂ। ਕਿਸਾਨ ਪੰਜਾਬ ਸਰਕਾਰ ਨੂੰ ਰੋ ਰਹੇ ਹਨ। ਹੁਣ ਤੱਕ ਅੱਧੇ ਤੋਂ ਜ਼ਿਆਦਾ ਝੋਨਾ

Original with;
Punjab Vidhan Sabha
Digitized by;
Panjab Digital Library

ਮੰਡੀਆਂ ਵਿਚ ਪੁੱਜ ਗਿਆ ਹੈ ਪਰ ਪੰਜਾਬ ਸਰਕਾਰ ਦੇ ਕਿਸੇ ਵੀ ਅਧਿਕਾਰੀ ਨੇ ਮੰਡੀਆਂ ਵਿਚ ਜਾ ਕੇ ਇਹ ਨਹੀਂ ਵੇਖਿਆ ਕਿ ਕਿਸਾਨ ਦੀ ਪੂੰਜੀ ਕਿਸ ਤਰ੍ਹਾਂ ਰੁਲ ਰਹੀ ਹੈ। ਮੇਰੇ ਅਕਾਲੀ ਵੀਰਾਂ ਨੇ ਇਥੇ ਬਹੁਤ ਕੁਝ ਕਿਹਾ ਹੈ। ਇਨ੍ਹਾਂ ਨੇ ਐਫ. ਸੀ. ਆਈ. ਨੂੰ ਇਸ ਦਾ ਸਾਰਾ ਜ਼ਿੰਮੇਂਦਾਰ ਠਹਿਰਾਇਆ ਹੈ ਕਿ ਇਸ ਨੇ ਅੱਜ ਤੱਕ ਝੋਨੇ ਦੀ ਖਰੀਦ ਨਹੀਂ ਕੀਤੀ। ਝੋਨੇ ਦੀ ਖਰੀਦ ਦੇ ਮੁਤੱਲਿਕ ਮੈਂ ਇਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਝੋਨੇ ਦੀ ਫ਼ਸਲ ਤੇ ਇਸ ਵਾਰ ਬੇ-ਮੌਕੇ ਜਿਹੜਾ ਮੀਂਹ ਪਿਆ ਹੈ, ਉਸ ਨਾਲ ਕੁਦਰਤੀ ਤੌਰ ਤੇ ਝੋਨੇ ਵਿਚ ਨਮੀ ਜ਼ਿਆਦਾ ਹੋ ਗਈ ਹੈ। ਇਹ ਲੋਕ ਐਫ. ਸੀ. ਆਈ. ਨੂੰ ਕੋਸੀ ਜਾਂਦੇ ਹਨ ਪਰ ਮੈਂ ਪੁੱਛਦਾ ਹਾਂ ਕਿ ਪੰਜਾਬ ਸਰਕਾਰ ਨੇ ਝੋਨੇ ਦੀ ਖਰੀਦ ਵਾਸਤੇ ਕੀ ਇੰਤਜ਼ਾਮ ਕੀਤੇ ਹਨ? ਪੰਜਾਬ ਸਰਕਾਰ ਕੋਲ ਆਪਣੀਆਂ 3 ਏਜੰਸੀਆਂ ਹਨ। ਐਫ. ਸੀ. ਆਈ. ਨੇ 18% ਤਕ ਨਮੀ ਵਾਲਾ ਝੋਨਾ ਖਰੀਦਣਾ ਹੈ। ਜੇ ਉਸ ਨੇ ਨਹੀਂ ਖਰੀਦਿਆ ਤਾਂ ਇਹ ਸਰਕਾਰ ਆਪਣੀਆਂ ਏਜੰਸੀਆਂ ਰਾਹੀਂ ਝੋਨੇ ਦੀ ਨਮੀ ਵਿਚ ਰਿਆਇਤ ਕਰਕੇ 22% ਨਮੀ ਤੱਕ ਵਾਲਾ ਝੋਨਾ ਵੀ ਖਰੀਦ ਲਵੇ ਤਾਂਕਿ ਜੋ ਕਿਸਾਨ ਦਾ ਨੁਕਸਾਨ ਹੋਇਆ ਹੈ, ਉਹ ਪੂਰਾ ਹੋ ਸਕੇ। ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸਾਨ ਦਾ ਜੋ ਐਤਕੀਂ ਨੁਕਸਾਨ ਹੋਇਆ ਹੈ, ਉਹ ਇੱਕ ਤਾਂ ਬਾਰਸ਼ਾਂ ਨਾਲ ਹੋਇਆ ਹੈ ਅਤੇ ਦੂਸਰਾ ਇਸ ਕਰਕੇ ਇਨ੍ਹਾਂ ਦਾ ਨੁਕਸਾਨ ਹੋਇਆ ਹੈ ਕਿ ਝੋਨੇ ਦੀ ਪਰਕਿਉਰਮੈਂਟ ਲੇਟ ਸ਼ੁਰੂ ਹੋਈ ਹੈ। ਸਾਹਮਣੇ ਬੈਠੇ (ਅਕਾਲੀ) ਭਰਾ ਇਹ ਕਹੀ ਜਾਂਦੇ ਹਨ ਕਿ ਐਫ. ਸੀ. ਆਈ. ਦਾ 75% ਕੋਟਾ ਬਣਦਾ ਸੀ ਜੋ ਕਿ ਉਸ ਨੇ ਨਹੀਂ ਖਰੀਦਿਆ। ਪਰ ਮੈਂ ਇਹ ਪੁੱਛਦਾ ਹਾਂ ਕਿ ਜਿਹੜਾ 25% ਕੋਟਾ ਇਨ੍ਹਾਂ ਦਾ ਆਪਣੀ ਸਰਕਾਰ ਦਾ ਬਣਦਾ ਸੀ, ਉਹ ਕਿਉਂ ਨਹੀਂ ਖਰੀਦਿਆ ਗਿਆ। ਇਹ 25% ਝੋਨੇ ਦੀ ਖਰੀਦ ਕਰਕੇ ਕਮ-ਅਜ਼-ਕਮ ਕਿਸਾਨਾਂ ਨੂੰ ਇਹ ਆਪਣੀ ਹਮਦਰਦੀ ਤਾਂ ਜਿਤਾਉਂਦੇ। ਇਥੇ ਇੱਕ ਹੋਰ ਅਕਾਲੀ ਪਾਰਟੀ ਦੇ ਸੱਜਣ ਨੇ ਕਿਹਾ ਹੈ ਕਿ ਅਸੀਂ ਮਾਰਕਫੈਡ ਨੂੰ ਝੋਨਾ ਖਰੀਦਣ ਵਾਸਤੇ ਕਿਹਾ ਪਰ ਉਨ੍ਹਾਂ ਨੇ ਫਿਰ ਵੀ ਨਹੀਂ ਖਰੀਦਿਆ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਐਗਰੀਕਲਚਰ ਮਨਿਸਟਰ ਸਾਹਿਬ ਨੇ ਹੁਕਮ ਦਿੱਤਾ ਪਰ ਫਿਰ ਮਾਰਕਫੈਡ ਅਤੇ ਫੂਡ ਐਂਡ ਸਪਲਾਈਜ਼ ਨੇ ਝੋਨੇ ਦੀ ਖਰੀਦ ਕਿਉਂ ਨਹੀਂ ਕੀਤੀ। ਜੇ ਉਹ ਇਨ੍ਹਾਂ ਦਾ ਹੁਕਮ ਨਹੀਂ ਮੰਨਦੇ ਤਾਂ ਫਿਰ ਸਾਡੀ ਇਹ ਪੰਜਾਬ ਸਰਕਾਰ ਕਾਹਦੇ ਵਾਸਤੇ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ ਤੇ ਇਸ ਰੈਜ਼ੋਲਿਊਸ਼ਨ ਦੀ ਪ੍ਰੋੜਤਾ ਕਰਦਾ ਹਾਂ। ਪਰ ਇਥੇ ਸਰਦਾਰ ਦਲੀਪ ਸਿੰਘ ਪਾਂਧੀ ਸਾਹਿਬ ਨੇ ਗੱਲ ਕੀਤੀ ਹੈ, ਮੈਂ ਉਸ ਗੱਲ ਨੂੰ ਦੁਹਰਾਨ ਤੋਂ ਪਹਿਲਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਕਿਸਾਨਾਂ ਦਾ ਵਿਰੋਧੀ ਨਹੀਂ ਹਾਂ ਬਲਕਿ ਮੈਂ ਇਨ੍ਹਾਂ ਦਾ ਹਿਮਾਇਤੀ ਹਾਂ। ਪਰ ਉਨ੍ਹਾਂ ਨੇ ਕਿਹਾ ਹੈ ਕਿ ਪੈਡੀ ਦੀ ਕੀਮਤ ਘੱਟ ਤੋਂ ਘੱਟ 500/- ਰੁਪਏ ਪ੍ਰਤੀ ਕੁਇੰਟਲ ਹੋਣੀ ਚਾਹੀਦੀ ਹੈ। ਇਹ ਕਹਿਣ ਲਗਿਆਂ ਉਨ੍ਹਾਂ ਨੇ ਸ਼ਾਇਦ ਇਹ ਨਹੀਂ ਸੋਚਿਆ ਕਿ ਉਹ ਵੀ ਰਿਜ਼ਰਵ ਕੈਟੇਗਰੀ ਵਿਚੋਂ ਹਨ। ਅਗਰ 500/- ਰੁਪਏ ਪ੍ਰਤੀ ਕੁਇੰਟਲ ਕੀਮਤ ਹੋਏਗੀ ਤਾਂ ਫਿਰ ਦੱਲਾਂ ਦੀ ਕੀਮਤ ਕਿੰਨੀ ਹੋਏਗੀ? ਅਗਰ ਇੱਕ ਹਰੀਜਨ ਦੀ ਆਮਦਨੀ 400/- ਜਾਂ 500/- ਰੁਪਏ ਮਹੀਨਾ ਲੈ ਲਈਏ ਤਾਂ ਫਿਰ ਉਸ ਦੀ ਫੈਮਿਲੀ ਵੀ ਵੱਡੀ ਹੁੰਦੀ ਹੈ, ਉਹ ਵਿਚਾਰਾ ਕਿਵੇਂ ਨਾਲ ਗੁਜ਼ਾਰਾ ਕਰੇਗਾ। ਜੇ ਇਨ੍ਹਾਂ ਨੇ 500/- ਰੁਪਏ ਕੁਇੰਟਲ ਝੋਨੇ ਦੇ ਭਾਅ ਦੀ ਗੱਲ ਕਹੀ ਹੈ, ਇਸ ਤੋਂ ਪਤਾ ਲਗਦਾ ਹੈ ਕਿ ਜਾਂ ਤਾਂ ਇਹ ਕਿਸੇ ਬਹੁਤ ਵੱਡੀ ਏਜੰਸੀ ਦੇ ਏਜੰਟ ਹੋ ਸਕਦੇ ਹਨ ਜਾਂ ਫਿਰ ਇਹ ਹਰੀਜਨ ਮਾਰੂ ਹੋਣਗੇ। ਜਿਨ੍ਹਾਂ ਨੇ ਅਜਿਹੀ ਗੱਲ ਕਹੀ ਹੈ। ਇਥੇ ਇਹ ਵੀ ਕਿਹਾ ਗਿਆ ਹੈ ਕਿ ਕਿਉਂਕਿ ਵਧੇਰੇ ਅਨਾਜ ਪੰਜਾਬ ਵਿਚ ਪੈਦਾ ਹੁੰਦਾ ਹੈ ਇਸ ਲਈ ਇਸ ਦਾ ਖਰੀਦਣ ਦਾ ਭਾਅ ਵੀ ਪੰਜਾਬ ਸਰਕਾਰ ਨੂੰ ਹੀ ਮਿਥਣਾ ਚਾਹੀਦਾ ਹੈ। ਕੋਈ ਚੀਜ਼ ਕਿਸੇ ਸਟੇਟ ਵਿਚ ਪੈਦਾ ਹੁੰਦੀ ਹੈ ਅਤੇ ਕੋਈ ਚੀਜ਼ ਕਿਸੇ ਹੋਰ ਸਟੇਟ ਵਿਚ ਪੈਦਾ ਹੁੰਦੀ ਹੈ ਜਿਸ ਤਰ੍ਹਾਂ ਕਿ ਸਟੀਲ ਕਿਸੇ ਸਟੇਟ ਵਿਚ ਅਵੇਲੇਬਲ

Original with;
Punjab Vidhan Sabha
Digitized by;
Panjab Digital Library

[ਡਾਕਟਰ ਦਲਬੀਰ ਸਿੰਘ]

ਹੈ ਅਤੇ ਕੋਲਾ ਕਿਸੇ ਹੋਰ ਸਟੇਟ ਵਿਚ ਨਿਕਲਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਜਿਥੇ ਕੋਈ ਚੀਜ਼ ਪੈਦਾ ਹੁੰਦੀ ਹੈ, ਉਥੇ ਦੀ ਸਟੇਟ ਹੀ ਉਸ ਜਿਨਸ ਦਾ ਮੁੱਲ ਬੰਨ੍ਹੇ। ਇਹ ਠੀਕ ਨਹੀਂ ਹੈ। ਨੈਸ਼ਨੇਲਿਸਟ ਹੋ ਕੇ ਸਮੁੱਚੇ ਭਾਰਤ ਦੀ ਇੰਟੈਗਰਿਟੀ ਵਾਸਤੇ, ਇਸ ਦੀ ਡਿਵੈਲਪਮੈਂਟ ਵਾਸਤੇ ਸੋਚਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਜੋ ਸਾਡੇ ਰਿਸਪੈਕਟੇਬਲ ਪਰਧਾਨ ਮੰਤਰੀ ਜੀ ਅੰਰ ਸੰਤ ਲੌਂਗਵਾਲ ਜੀ ਦਰਮਿਆਨ ਅਕਾਰਡ ਹੋਇਆ ਹੈ, ਉਸ ਨੂੰ ਠੇਸ ਵੱਜਦੀ ਹੈ। ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਹਨ ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਪੰਜਾਬ ਸਰਕਾਰ ਕਿਸਾਨਾਂ ਵਾਸਤੇ ਕਰ ਸਕਦੀ ਸੀ, ਉਹ ਨਹੀਂ ਕੀਤਾ । ਕਦੇ ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਮਾਰਕ-ਫੈਡ ਨੂੰ ਆਦੇਸ਼ ਖਰੀਦਣ ਵਾਸਤੇ ਦਿੱਤੇ ਪਰ ਉਸ ਨੇ ਫਿਰ ਵੀ ਨਹੀਂ ਖਰੀਦੀ। ਇਹ ਕਹਿੰਦੇ ਹਨ ਕਿ ਐਫ. ਸੀ. ਆਈ. ਵਾਲੇ ਖਰੀਦ ਨਹੀਂ ਕਰਦੇ ਪਰ ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਨੇ ਕੀ ਕੀਤਾ ਹੈ ? ਆਪ ਇਨ੍ਹਾਂ ਨੇ ਕੁਝ ਕੀਤਾ ਨਹੀਂ ਅਤੇ ਐਫ. ਸੀ. ਆਈ. ਬਾਰੇ ਕਹਿ ਰਹੇ ਹਨ। ਇਹ ਤਾਂ ਉਹ ਗੱਲ ਹੋਈ "ਨਾਚ ਨਾ ਜਾਣੇ ਆਂਗਣ ਟੇਢਾ "। ਆਪ ਕੁਝ ਕਰਨਾ ਨਹੀਂ ਅਤੇ ਦੂਜੇ ਨੂੰ ਕਹੀ ਜਾਣਾ ਇਹ ਠੀਕ ਨਹੀਂ ਹੈ।

ਚੇਅਰਮੈਨ ਸਾਹਿਬ, ਮੈਂ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਵਿਚ ਦੋ ਗੱਲਾਂ ਐਡ ਕੀਤੀਆਂ ਜਾਣ। ਪੰਜਾਬ ਸਰਕਾਰ ਨੂੰ ਜਿਹੜੀਆਂ ਪੰਜਾਬ ਦੀਆਂ ਏਜੰਸੀਆਂ ਹਨ ਉਨ੍ਹਾਂ ਨੂੰ ਆਦੇਸ਼ ਦੇਣਾ ਚਾਹੀਦਾ ਹੈ ਕਿ ਪਰੋਕਿਉਰਮੈਂਟ ਲਈ 18% ਤੋਂ ਨਮੀ (ਮੁਆਇਸਚਰ) ਵਧਾਕੇ 22% ਕਰਨੀ ਚਾਹੀਦੀ ਹੈ, ਦੂਸਰੇ ਬੋਨਸ ਦੇਣਾ ਬਹੁਤ ਜ਼ਰੂਰੀ ਹੈ। ਘੱਟ ਤੋਂ ਘੱਟ 10/- ਰੁਪਏ ਪ੍ਰਤੀ ਕੁਇੰਟਲ ਬੋਨਸ ਕਿਸਾਨਾਂ ਨੂੰ ਦੇਣਾ ਚਾਹੀਦਾ ਹੈ । ਅੱਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਭਾਅ ਬੰਨ੍ਹੇ ਗਏ ਹਨ, ਉਸ ਵਿਚ ਇਹੀ ਕਿਹਾ ਗਿਆ ਹੈ ਕਿ ਸਿਰਫ ਗੌਰਮਿੰਟ ਏਜੰਸੀਜ਼ ਦੀ ਖਰੀਦ ਤੇ ਹੀ ਇਹ ਭਾਅ ਇਕ ਅਕਤੂਬਰ ਤੋਂ ਲਾਗੂ ਹੋਣਗੇ। ਪਰ ਬਹੁਤ ਸਾਰਾ ਝੋਨਾ ਸ਼ੈਲਰਾਂ ਵਾਲਿਆਂ ਨੇ ਖਰੀਦਿਆ ਹੈ, ਕੱਚੇ ਆੜ੍ਹਤੀਆਂ ਰਾਹੀਂ ਖਰੀਦਿਆ ਹੈ। ਮੈਂ ਸੁਜੈਸਟ ਕਰਾਂਗਾ ਕਿ ਇਸ ਵਿਚ ਅਮੈਂਡਮੈਂਟ ਕੀਤੀ ਜਾਏ ਕੱਚੇ ਆੜ੍ਹਤੀਆਂ ਦੀਆਂ ਛੋਟੀਆਂ ਮੋਟੀਆਂ ਪਰਚੀਆਂ ਜਿਹੜੇ ਕਿਸਾਨਾਂ ਕੋਲ ਹਨ, ਉਸ ਆਧਾਰ ਤੇ ਜਿਹੜਾ ਝੋਨਾ ਖਰੀਦਿਆ ਗਿਆ ਹੈ, ਉਨ੍ਹਾਂ ਤੇ ਵੀ ਇਹ ਇੱਕ ਅਕਤੂਬਰ ਵਾਲਾ ਭਾਅ ਲਾਗੂ ਹੋਵੇ। ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਪੈਲੀਆਂ ਵਿਚ ਜੋ ਝੋਨਾ ਮਾਰਿਆ ਗਿਆ ਹੈ, ਗਿਰਦਾਵਰੀਆਂ ਕਰਕੇ ਉਸ ਲਈ ਵੀ ਕਿਸਾਨਾਂ ਨੂੰ ਮੁਆਵਜ਼ਾ ਦੇਈਏ। ਜਿਹੜਾ ਝੋਨਾ ਕਿਸਾਨਾਂ ਦਾ ਵਕਤ ਸਿਰ ਭਾਅ ਨਾ ਮੁਕੱਰਰ ਹੋਣ ਕਰਕੇ ਮੰਡੀਆਂ ਵਿਚ ਪਿਆ ਰਿਹਾ ਅੰਰ ਉਨ੍ਹਾਂ ਦਾ ਨੁਕਸਾਨ ਹੋਇਆ, ਉਸ ਲਈ ਵੀ ਅੰਦਾਜ਼ਾ ਲਗਾ ਕੇ ਗਿਰਦਾਵਰੀਆਂ ਕਰਕੇ ਕਿਸਾਨਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ, ਭਾਵੇਂ ਸਪੈਸ਼ਲ ਇਕਨਾਮਿਕ ਏਡ ਦੀ ਸ਼ਕਲ ਵਿਚ ਦਿੱਤਾ ਜਾਏ।

ਇਨ੍ਹਾਂ ਸ਼ਬਦਾਂ ਨਾਲ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਨਿਰੀ ਸਪੀਚ ਕਰਕੇ ਸਪੀਚ ਨਹੀਂ ਕਰਨੀ ਚਾਹੀਦੀ ਕਿਉਂਕਿ ਸਾਰੇ ਪੰਜਾਬ ਦੇ ਰਿਪ੍ਰੈਜੈਂਟੇਟਿਵਜ਼ ਇਥੇ ਬੈਠੇ ਹੋਏ ਹਨ ਜਿਸ ਮਕਸਦ ਲਈ ਰੈਜ਼ੋਲਿਊਸ਼ਨ ਆਇਆ ਹੈ ਉਸ ਤੇ ਹੀ ਬੋਲਣਾ ਚਾਹੀਦਾ ਹੈ ਅੰਰ ਹੋਰ ਇਧਰ ਉਧਰ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ ਹਨ। ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜ੍ਹਤਾ ਕਰਦਾ ਹੋਇਆ ਬੈਠਦਾ ਹਾਂ ।

Original with;
Punjab Vidhan Sabha
Digitized by;
Punjab Digital Library

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ (ਆਦਮਪੁਰ): ਚੇਅਰਮੈਨ ਸਾਹਿਬ, ਇਹ ਜੋ ਮਤਾ ਰਖਿਆ ਗਿਆ ਹੈ, ਝੋਨੇ ਦੀ ਪਰਕਿਉਰਮੈਂਟ ਦਾ ਮਸਲਾ ਇਸ ਵੇਲੇ ਪੰਜਾਬ ਵਿਚ ਬਹੁਤ ਹੀ ਗੰਭੀਰ ਮਸਲਾ ਹੈ। ਇਸ ਵੇਲੇ ਪੰਜਾਬ ਦਾ ਕਿਸਾਨ ਬਹੁਤ ਹੀ ਪਰੇਸ਼ਾਨ ਹੈ ਅੱਰ ਇਸ ਦੇ ਦੋ ਮੁੱਖ ਕਾਰਨ ਹਨ; ਇੱਕ ਤਾਂ ਇਹ ਕਿ ਕੇਂਦਰ ਸਰਕਾਰ ਵੱਲੋਂ ਵੇਲੇ ਸਿਰ ਭਾਅ ਅਨਾਊਂਸ ਨਾ ਕਰਨਾ। ਮੇਰੇ ਹਲਕੇ ਆਦਮਪੁਰ ਵਿਚ ਤਿੰਨ ਮੁੱਖ ਮੰਡੀਆਂ ਆਦਮਪੁਰ, ਭੋਗਪੁਰ ਅਤੇ ਅਲਾਵਲਪੁਰ ਵਿਖੇ ਇੱਕ ਅਕਤੂਬਰ ਤਕ ਬਹੁਤ ਝੋਨਾ ਆਇਆ ਪਰ ਇਸ ਦੇ ਭਾਅ 9 ਅਕਤੂਬਰ, 1985 ਨੂੰ ਮਿਥੇ ਜਾਣ ਕਰਕੇ ਉਥੇ ਮੰਡੀਆਂ ਵਿਚ ਇਹ ਝੋਨਾ ਰੁਲਦਾ ਸੜਦਾ ਰਿਹਾ ਅੱਰ ਇਸ ਦੀ ਸੰਭਾਲ ਨਹੀਂ ਹੋ ਸਕੀ। ਉਪਰ ਦੀ ਬਾਰਸ਼ਾਂ ਪੈ ਗਈਆਂ। ਉਪਰੋਕਤ ਦੱਸੀਆਂ ਤਿੰਨ ਮੰਡੀਆਂ ਦੇ ਇਲਾਵਾ ਉਥੇ ਫੋਕਲ ਪੁਆਇੰਟ ਤੇ 3 ਮੰਡੀਆਂ ਹੋਰ ਹਨ। ਅਲਾਵਲਪੁਰ ਮੰਡੀ ਤੋਂ ਆਦਮਪੁਰ ਦੀ ਮਾਰਕੀਟ ਕਮੇਟੀ ਨੂੰ 4 ਲੱਖ ਰੁਪਿਆ ਸਾਲ ਦਾ ਜਾਂਦਾ ਹੈ ਪਰ ਉਸ ਮਾਰਕੀਟ ਕਮੇਟੀ ਨੇ ਉਥੇ ਕਿਸਾਨਾਂ ਦੀ ਸਹੂਲਤ ਲਈ ਕੋਈ ਪੈਸਾ ਖਰਚ ਨਹੀਂ ਕੀਤਾ ਹੈ। ਧੁੱਪ ਜਾਂ ਬਾਰਸ਼ਾਂ ਲਈ ਉਥੇ ਕੋਈ ਸ਼ੈਡ ਨਹੀਂ ਬਣਾਏ ਗਏ। ਉਨ੍ਹਾਂ ਨੂੰ ਹੋਰ ਕਈ ਸਹੂਲਤਾਂ ਦੇਣ ਲਈ ਕੋਈ ਕੰਮ ਨਹੀਂ ਕੀਤਾ ਗਿਆ ਹੈ ਜਿਸ ਨਾਲ ਕਿਸਾਨ ਪਰੇਸ਼ਾਨ ਹੋਇਆ। ਇੱਕ ਤਾਂ ਝੋਨੇ ਦੀ ਖਰੀਦ ਦੇ ਭਾਅ ਵੇਲੇ ਸਿਰ ਅਨਾਊਂਸ ਨਹੀਂ ਕੀਤੇ ਗਏ। ਕੇਂਦਰ ਸਰਕਾਰ ਦੇ ਬਹੁਤ ਵੱਡੇ ਸਾਧਨ ਹਨ ਉਨ੍ਹਾਂ ਨੂੰ ਖਰੀਦ ਸ਼ੁਰੂ ਹੋਣ ਤੋਂ ਮਹੀਨਾਂ ਡੇਢ ਮਹੀਨਾਂ ਪਹਿਲਾਂ ਭਾਅ ਫਿਕਸ ਕਰ ਦੇਣਾ ਚਾਹੀਦਾ ਹੈ। ਅਗਰ ਇਸ ਤਰ੍ਹਾਂ ਕਰ ਦਿੱਤਾ ਜਾਂਦਾ ਤਾਂ ਕਿਸਾਨਾਂ ਦੀ ਅਜਿਹੀ ਅਵਸਥਾ ਨਾਂ ਹੁੰਦੀ। ਭਾਅ ਇਤਨਾ ਘੱਟ ਅਨਾਊਂਸ ਕੀਤਾ ਹੈ। ਅੱਜ ਸਾਡੇ ਆਪੋਜ਼ੀਸ਼ਨ ਦੇ ਵੀਰ ਕਹਿਦੇ ਹਨ ਕਿ ਬੋਨਸ ਦਿੱਤਾ ਜਾਵੇ। ਮੈਂ ਸਮਝਦਾ ਹਾਂ ਕਿ ਜੇ ਸਰਕਾਰ ਬੋਨਸ ਦਿਵਾ ਸਕਦੀ ਹੈ ਤਾਂ ਠੀਕ ਹੈ ਬੋਨਸ ਦੇਣਾ ਕੋਈ ਰਿਆਇਤ ਦੇਣ ਵਾਲੀ ਗੱਲ ਹੈ, ਕਿਉਂਨਾ ਭਾਅ ਠੀਕ ਅਨਾਊਂਸ ਕੀਤਾ ਜਾਵੇ। ਸਾਡੇ ਖੇਤੀਬਾੜੀ ਮੰਤਰੀ ਜੀ ਨੇ ਪਿਛੇ ਕਿਹਾ ਸੀ ਕਿ 162/- ਰੁਪਏ ਕੁਇੰਟਲ ਝੋਨੇ ਦਾ ਭਾਅ ਕੇਂਦਰ ਦੀ ਸਰਕਾਰ ਨੂੰ ਦੇਣਾ ਚਾਹੀਦਾ ਹੈ। ਜੇ ਇਹ ਵਾਜਬ ਭਾਅ ਸੀ ਤਾਂ ਫਿਰ ਕੇਂਦਰ ਦੀ ਸਰਕਾਰ ਨੇ ਠੀਕ ਭਾਅ ਅਨਾਊਂਸ ਕਿਉਂ ਨਹੀਂ ਕੀਤਾ। ਇਹ ਕੇਂਦਰ ਸਰਕਾਰ ਦੀ ਅਣਗਹਿਲੀ ਹੈ ਅਤੇ ਕੇਂਦਰ ਦੀ ਸਰਕਾਰ ਦਾ ਕਿਸਾਨਾਂ ਨਾਲ ਵਿਤਕਰਾ ਹੈ। ਵੇਲੇ ਸਿਰ ਭਾਅ ਨਿਸ਼ਚਿਤ ਕਿਉਂ ਨਹੀਂ ਕੀਤਾ। ਮੈਂ ਕਹਿੰਦਾ ਹਾਂ ਕਿ ਆਸੀਂ ਕੇਂਦਰ ਤੇ ਜ਼ੋਰ ਪਾਈਏ ਅਤੇ ਇਸ ਮਤੇ ਵਿਚ ਇਹ ਗੱਲ Add ਕੀਤੀ ਜਾਵੇ ਕਿ ਕੇਂਦਰ ਦੀ ਸਰਕਾਰ ਝੋਨੇ ਦਾ ਭਾਅ 162/- ਰੁਪਏ ਕੁਇੰਟਲ ਮੁਕੱਰਰ ਕਰੇ। (ਥੰਪਿੰਗ)।

ਇਨ੍ਹਾਂ ਨੇ ਝੋਨੇ ਦੀ ਸਿੱਲ੍ਹ 18% ਰੱਖੀ ਹੈ। ਜਿਹੜੇ ਝੋਨੇ ਬਾਰੇ ਗਿਆਨ ਰਖਦੇ ਹਨ, ਜਿਨ੍ਹਾਂ ਨੂੰ ਇਸ ਬਾਰੇ ਵਾਕਫ਼ੀਅਤ ਹੈ ਉਨ੍ਹਾਂ ਨੂੰ ਪਤਾ ਹੈ ਕਿ ਜੇ ਝੋਨੇ ਵਿਚ 12–13% ਸਿੱਲ੍ਹ ਨਾ ਹੋਵੇ ਤਾਂ ਝੋਨਾ ਪਾਊਡਰ ਬਣ ਜਾਵੇਗਾ। ਝੋਨੇ ਵਿਚ ਸਿੱਲ੍ਹ 26–27% ਤੱਕ ਹੈ। ਪਿੱਛੇ ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਉਦੋਂ ਸੈਂਟਰ ਦੀ ਸਰਕਾਰ ਦੇ ਹੁਕਮ ਨਾਲ 21–22% ਸਿੱਲ੍ਹ ਵਾਲਾ ਝੋਨਾ ਖਰੀਦਿਆ ਗਿਆ ਸੀ ਤਾਂ ਫਿਰ ਹੁਣ ਇਹ 18% ਸਿੱਲ੍ਹ ਦੀ ਬੰਦਸ਼ ਕਿਉਂ ਹੈ, ਇਹ ਬੰਦਸ਼ ਨਹੀਂ ਹੋਣੀ ਚਾਹੀਦੀ। ਮੈਂ ਕਹਾਂਗਾ ਕਿ ਸੈਂਟਰ ਨੂੰ ਇਸ ਕਿਸਮ ਦੀ ਆਪਣੀ ਨੀਤੀ ਵਿਚ ਤਬਦੀਲੀ ਲਿਆਉਂਣੀ ਚਾਹੀਦੀ ਹੈ।

ਐਫ. ਸੀ. ਆਈ. ਨੂੰ ਡਾਇਰੈਕਟ ਮਾਰਕਿਟ ਵਿਚ ਆਉਣ ਦੇ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਆਪਣੀਆਂ ਏਜੰਸੀਆਂ ਰਾਹੀਂ ਆਪ ਕਿਉਂ ਨਹੀਂ ਪਰਚੇਜ਼ ਕਰਦੀ? ਮੈਂ ਬੇਨਤੀ ਕਰਾਂਗਾ ਕਿ ਅਗਲੇ ਸਾਲ ਤੋਂ ਸਾਰੀ ਪਰਚੇਜ਼ ਪੰਜਾਬ ਸਰਕਾਰ ਦੀਆਂ ਏਜੰਸੀਆਂ ਆਪ ਕਰਨ। ਐਫ.ਸੀ.ਆਈ ਦਾ ਕਿਸਾਨਾਂ ਪ੍ਰਤੀ ਰਵੱਈਆ ਠੀਕ ਨਹੀਂ ਹੈ। ਇਸ ਲਈ ਬਿਹਤਰ ਇਹ ਹੋਵੇਗਾ ਕਿ ਮੰਡੀਆਂ ਵਿਚੋਂ ਪੰਜਾਬ ਸਰਕਾਰ ਦੀਆਂ ਏਜੰਸੀਆਂ ਜਿਣਸ ਖਰੀਦਣ ਅਤੇ ਫਿਰ ਕੇਂਦਰ ਨੂੰ ਦੇਣ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ]

ਇਸ ਦੇ ਨਾਲ ਹੀ ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਜਿਸ ਦਾ ਕਿ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਵੀ ਜ਼ਿਕਰ ਕੀਤਾ ਹੈ। ਉਹ ਇਹ ਹੈ ਕਿ 1967 ਵਿਚ ਸਾਡੇ ਦੇਸ਼ ਵਿਚ ਰੋਜ਼ 2–3 ਜਹਾਜ਼ ਕਣਕ ਦੇ ਅਮਰੀਕਾ ਤੋਂ ਆਉਂਦੇ ਸਨ ਅਤੇ ਅਸੀਂ ਅਨਾਜ ਲਈ ਦੂਜੇ ਮੁਲਕਾਂ ਅੱਗੇ ਠੂਠਾ ਲੈ ਕੇ ਮੰਗਦੇ ਫਿਰਦੇ ਸੀ ਪਰ ਪੰਜਾਬ ਦੇ ਕਿਸਾਨ ਨੇ ਆਪਣੀ ਮਿਹਨਤ ਨਾਲ ਐਨੀ ਉਪਜ ਪੈਦਾ ਕਰਕੇ ਇਹ ਜਿਹੜਾ ਅਸੀਂ ਠੂਠਾ ਲੈਕੇ ਬਾਹਰ ਦੇ ਮੁਲਕਾਂ ਤੋਂ ਅਨਾਜ ਮੰਗਦੇ ਹੁੰਦੇ ਸੀ ਉਸ ਲਾਹਨਤ ਨੂੰ ਖਤਮ ਕੀਤਾ ਹੈ ਅਤੇ ਸਾਡੇ ਦੇਸ਼ ਵਿਚ ਖੇਤੀਬਾੜੀ ਦਾ ਇਨਕਲਾਬ ਲਿਆਂਦਾ ਹੈ। ਹੁਣ ਸਾਨੂੰ ਬਾਹਰ ਦੇ ਮੁਲਕਾਂ ਤੋਂ ਠੂਠਾ ਲੈ ਕੇ ਮੰਗਣ ਦੀ ਲੋੜ ਨਹੀਂ ਹੈ। ਚਾਹੀਦਾ ਤਾਂ ਇਹ ਸੀ ਕਿ ਪੰਜਾਬ ਦੇ ਕਿਸਾਨ ਦੀ ਹੌਸਲਾ ਅਫਜ਼ਾਈ ਹੁੰਦੀ ਪਰ ਇਸ ਦੇ ਉਲਟ ਕਿਸਾਨ ਨੂੰ ਮਾਰਿਆ ਜਾ ਰਿਹਾ ਹੈ। ਇਸ ਕਿਸਮ ਦੀ ਕੇਂਦਰ ਦੀ ਨੀਤੀ ਠੀਕ ਨਹੀਂ ਹੈ। ਇਸ ਕਿਸਮ ਦਾ ਧੱਕਾ ਦੇਸ਼ ਲਈ ਨੁਕਸਾਨਦੇਹ ਹੋਵੇਗਾ।

ਮੈਂ ਖੇਤੀਬਾੜੀ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਭੋਗਪੁਰ ਦੀ ਗੰਨਾ ਮਿੱਲ 25 ਤਾਰੀਖ ਤੋਂ ਚਾਲੂ ਹੋਣ ਵਾਲੀ ਹੈ। 25 ਤਾਰੀਖ ਨੂੰ ਮਿੱਲ ਵਿਚ ਗੰਨਾ ਆ ਜਾਣਾ ਹੈ। ਜਿਸ ਤਰ੍ਹਾਂ ਅੱਜ ਝੋਨੇ ਦੀ ਅਵੱਸਥਾ ਹੈ, ਜੇ ਗੰਨੇ ਦੀ ਵੀ ਇਹੀ ਹਾਲਤ ਰਹੀ ਤਾਂ ਫਿਰ ਠੀਕ ਨਹੀਂ ਹੋਵੇਗਾ। ਜਿਸ ਵੇਲੇ ਖੰਡ 3/- ਰੁਪਏ ਕਿਲੋ ਵਿਕਦੀ ਸੀ ਤਾਂ ਉਸ ਵੇਲੇ ਗੰਨੇ ਦਾ ਭਾਅ 22/- ਰੁਪਏ ਪਰ ਕਵਿੰਟਲ ਹੁੰਦਾ ਸੀ ਪੂਰ ਹੁਣ ਜਦ ਕਿ ਖੰਡ 8/- ਰੁਪਏ ਕਿਲੋ ਵਿਕਦੀ ਹੈ ਤਾਂ ਹੁਣ ਇਹ ਕਹਿੰਦੇ ਹਨ ਕਿ 17–18/- ਰੁਪਏ ਗੰਨੇ ਦਾ ਭਾਅ ਦੇਣਾ ਹੈ। ਇਹ ਤਾਂ ਕੇਂਦਰ ਦੀ ਸਰਕਾਰ ਦਾ ਪੰਜਾਬ ਦੇ ਕਿਸਾਨ ਨਾਲ ਧੱਕਾ ਹੈ। ਇਹ ਗੱਲ ਨਾ ਕਿਸਾਨ ਦੇ ਹਿੱਤ ਵਿਚ ਹੈ, ਨਾ ਪੰਜਾਬ ਦੇ ਹਿੱਤ ਵਿਚ ਹੈ ਅਤੇ ਨਾ ਹੀ ਦੇਸ਼ ਦੇ ਹਿੱਤ ਵਿਚ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਗੰਨੇ ਦਾ ਭਾਅ ਛੇਤੀ ਤੋਂ ਛੇਤੀ ਅਨਾਊਂਸ ਕਰਨਾ ਚਾਹੀਦਾ ਹੈ। ਇਹ ਨਾ ਹੋਵੇ ਕਿ ਕਿਸਾਨ ਦਾ ਗੰਨਾ ਮਿੱਲ ਵਿਚ ਚਲਾ ਜਾਵੇ ਅਤੇ ਭਾਅ ਉਸ ਦਾ ਅਨਾਊਂਸ ਹੀ ਨਾ ਕੀਤਾ ਜਾਵੇ। ਕੇਂਦਰ ਦੀ ਸਰਕਾਰ ਨੇ ਇਹ ਸਮਝ ਲਿਆ ਹੈ ਕਿ ਪੰਜਾਬ ਦਾ ਕਿਸਾਨ ਅਕਾਲੀ ਦਲ ਦੀ ਬੈਕ ਬੋਨ ਹੈ ਅਤੇ ਕਿਸਾਨ ਨੇ ਅਕਾਲੀ ਦੱਲ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਈਆਂ ਹਨ। ਇਸ ਲਈ ਕੇਂਦਰ ਦੀ ਸਰਕਾਰ ਨੇ ਅਕਾਲੀ ਦੱਲ ਦੀ ਸਰਕਾਰ ਨੂੰ ਆਰਾਮ ਨਾਲ ਚੱਲਣ ਨਹੀਂ ਦੇਣਾ ਇਹ ਗੱਲ ਕੇਂਦਰ ਦੇ ਵੀ ਹਿੱਤ ਵਿਚ ਨਹੀਂ ਹੈ। ਇਸ ਲਈ ਮੈਂ ਕਹਾਂਗਾ ਕਿ ਕੇਂਦਰ ਦੀ ਸਰਕਾਰ ਨੂੰ ਅਤੇ ਐਫ.ਸੀ.ਆਈ. ਜੋ ਕਿ ਕੇਂਦਰ ਦੀ ਏਜੰਸੀ ਹੈ, ਉਨ੍ਹਾਂ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਪੰਜਾਬ ਦੇ ਕਿਸਾਨ ਨੂੰ ਕਮਜ਼ੋਰ ਨਾ ਕੀਤਾ ਜਾਵੇ।

ਇਹ ਜੋ ਮੈਂ ਦੋ ਤਿੰਨ ਸੁਜੈਸ਼ਨਜ਼ ਦਿੱਤੀਆਂ ਹਨ, ਉਨ੍ਹਾਂ ਬਾਰੇ ਮੈਂ ਫਿਰ ਕਹਿੰਦਾ ਹਾਂ ਕਿ ਗੰਨੇ ਦਾ ਭਾਅ ਛੇਤੀ ਤੋਂ ਛੇਤੀ ਅਨਾਊਂਸ ਕੀਤਾ ਜਾਵੇ। ਦੂਸਰਾ, ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਇਸ ਮਤੇ ਵਿਚ ਵਾਧਾ ਕੀਤਾ ਜਾਵੇ, ਜਿਵੇਂ ਕਿ ਝੋਨੇ ਬਾਰੇ ਬੋਨਸ ਦੀ ਗੱਲ ਕੀਤੀ ਗਈ ਹੈ, ਅਗਰ ਪੰਜਾਬ ਸਰਕਾਰ ਬੋਨਸ ਦਿਵਾ ਸਕੇ ਤਾਂ ਠੀਕ, ਨਹੀਂ ਤਾਂ ਮੈਂ ਕਹਾਂਗਾ ਕਿ ਝੋਨੇ ਦਾ ਭਾਅ ਘੱਟ ਤੋਂ ਘੱਟ 162/–ਰੁਪਏ ਮੁਕੱਰਰ ਕਰਵਾਇਆ ਜਾਵੇ। ਫਿਰ ਝੋਨੇ ਦੀ ਸਿੱਲ੍ਹ ਦੀ ਪਰਸੈਂਟੇਜ ਦੀ ਗੱਲ ਹੈ, ਝੋਨਾ 22% ਤੋਂ ਵੱਧ ਸਿੱਲ੍ਹ ਨਾਲ ਖਰੀਦਿਆ ਜਾਵੇ। (ਧੰਨਵਾਦ)।

*4.56 ਸ਼ਾਮ

(ਇਸ ਸਮੇਂ* ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

Original with;
Punjab Vidhan Sabha
Digitized by;
Panjab Digital Library

ਸਰਦਾਰ ਤਾਲਿਬ ਸਿੰਘ ਸੰਧੂ (ਰਾਏਕੋਟ) : ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਮਤੇ ਤੇ ਬੋਲਣ ਤੋਂ ਪਹਿਲਾਂ ਫਤਹਿ ਬੁਲਾਉਣੀ ਚਾਹੁੰਦਾ ਹਾਂ :

ਵਾਹਿਗਰੂ ਜੀ ਕਾ ਖਾਲਸਾ,
ਵਾਹਿਗਰੂ ਜੀ ਕੀ ਫਤਹਿ ।

ਅੱਜ ਇਹ ਇਕ ਬੜਾ ਭਖਵਾਂ ਮਸਲਾ ਹੈ ਕਿ ਕਿਸਾਨ ਅਤੇ ਮਜ਼ਦੂਰ ਦੀ 6 ਮਹੀਨਿਆਂ ਦੀ ਕਮਾਈ ਮੰਡੀਆਂ ਵਿਚ ਰੁਲ ਰਹੀ ਹੈ ਅਤੇ ਸੈਂਟਰ ਸਾਡੇ ਨਾਲ, ਪੰਜਾਬ ਨਾਲ ਖਾਸ ਤੌਰ ਤੇ ਮਤਰੇਈ ਮਾਂ ਵਾਲਾ ਸਲੂਕ ਕਰ ਰਿਹਾ ਹੈ। ਪਿਛਲੇ ਸਾਲ ਇਨ੍ਹਾਂ ਦਿਨਾਂ ਵਿਚ, ਸਪੀਕਰ ਸਾਹਿਬ, ਐਫ.ਸੀ.ਆਈ. ਨੇ 22–23% ਮੁਐਸਚਰ ਵਾਲਾ ਝੋਨਾ ਖਰੀਦਿਆ ਸੀ। ਉਹ ਖਰੀਦਿਆ ਹੀ ਨਹੀਂ ਸਗੋਂ ਇੰਸਪੈਕਟਰਾਂ ਨੇ ਹੀ ਝੋਨੇ ਵਿਚ ਪਾਣੀ ਪਾਇਆ, ਉਸ ਵਿਚ ਮਿੱਟੀ ਰਲਾਈ ਅਤੇ ਹੋਰ ਬਹੁਤ ਕੁਝ ਕੀਤਾ। ਇਥੋਂ ਤੱਕ ਕਿ ਸਾਰੇ ਦਾ ਸਾਰਾ ਝੋਨਾ ਉਗਣਾ ਸ਼ੁਰੂ ਹੋ ਗਿਆ। ਉਸ ਝੋਨੇ ਵਿਚੋਂ ਚੌਲ ਕੱਢ ਕੇ ਜਦ ਪੰਜਾਬ ਤੋਂ ਬਾਹਰ ਹਿੰਦੁਸਤਾਨ ਦੀਆਂ ਮੰਡੀਆਂ ਵਿਚ ਗਿਆ ਤਾਂ ਉਨ੍ਹਾਂ ਲੋਕਾਂ ਨੇ ਪੰਜਾਬ ਦੇ ਚੌਲ ਨੂੰ ਖਰੀਦਣਾ ਬੰਦ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਸੀਂ ਇਸ ਚੌਲ ਨੂੰ ਖਰੀਦਣ ਲਈ ਤਿਆਰ ਨਹੀਂ ਜਿਸ ਕਾਰਨ ਪੰਜਾਬ ਦੀ ਬਦਨਾਮੀ ਹੋਈ। ਇਸ ਸਾਰੇ ਦੀ ਜ਼ਿੰਮੇਵਾਰੀ ਸੈਂਟਰ ਦੀ ਸਰਕਾਰ ਤੇ ਆਉਂਦੀ ਹੈ। ਇਨ੍ਹਾਂ ਦੇ ਇੰਸਪੈਕਟਰਾਂ ਨੇ ਲੱਖਾਂ ਨਹੀਂ ਬਲਕਿ ਕਰੋੜਾਂ ਰੁਪਏ ਆਪਣੇ ਘਰ ਲਿਜਾਂ ਕੇ ਆਪਣੇ ਘਰ ਭਰ ਲਏ ਅਤੇ ਉਸ ਝੋਨੇ ਵਿਚ ਪਾਣੀ ਅਤੇ ਮਿੱਟੀ ਰਲਾ ਕੇ ਸਾਨੂੰ ਬਦਨਾਮ ਕੀਤਾ। ਇਸੇ ਕਾਰਨ ਅੱਜ ਇਹ ਬੈਨ ਲੱਗਿਆ ਹੈ। ਜਦ ਸਾਡਾ ਚੌਲ ਬਾਹਰ ਖਰੀਦਿਆ ਹੀ ਨਹੀਂ ਜਾਣਾ ਤਾਂ ਮੈਂ, ਸਪੀਕਰ ਸਾਹਿਬ, ਖੇਤੀ–ਬਾੜੀ ਮੰਤਰੀ ਨੂੰ ਬੇਨਤੀ ਕਰਾਂਗਾ ਕਿ ਮੰਡੀਆਂ ਵਿਚ ਉਹ ਆਪਣੀਆਂ ਏਜੰਸੀਆਂ ਤੋਂ ਝੋਨੇ ਦੀ ਖਰੀਦ ਸ਼ੁਰੂ ਕਰਾਉਣ । ਜੇ ਸਾਡੀ ਸਰਕਾਰ ਨੇ ਅੱਜ ਇਹ ਖਰੀਦ ਸ਼ੁਰੂ ਨਾ ਕੀਤੀ ਅਤੇ ਐਫ. ਸੀ. ਆਈ. ਦਾ ਵੀ ਇਹੀ ਵਤੀਰਾ ਰਿਹਾ ਤਾਂ ਦੁਨੀਆਂ ਵਿਚ ਪੰਜਾਬ ਦਾ ਨਾਮ ਬਦਨਾਮ ਹੋ ਜਾਵੇਗਾ ਅਤੇ ਇਸ ਗੱਲ ਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਕਾਂਗਰਸ ਤੇ ਆਉਂਦੀ ਹੈ। ਰਾਜੀਵ ਗਾਂਧੀ ਬਦੇਸ਼ਾਂ ਨੂੰ ਝੁਰ ਗਿਆ ਅਤੇ ਪਿੱਛੇ ਇਸ ਕਿਸਮ ਦੀਆਂ ਹਦਾਇਤਾਂ ਦੇ ਗਿਆ ਹੈ। ਪੰਜਾਬ ਦੀ ਮੌਜੂਦਾ ਅਕਾਲੀ ਸਰਕਾਰ ਜਦ ਦੀ ਬਣੀ ਹੈ ਉਸ ਦੇ ਗਲ ਇਸ ਤਰ੍ਹਾਂ ਦੀਆਂ ਮੁਸੀਬਤਾਂ ਪਾਈਆਂ ਜਾ ਰਹੀਆਂ ਹਨ ਤਾਕਿ ਉਹ ਛੇਤੀ ਤੋਂ ਛੇਤੀ ਬਦਨਾਮ ਹੋ ਸਕੇ। ਇਹ ਵੀਰ ਜਿਹੜੇ ਸਾਡੇ ਸਾਹਮਣੇ ਬੈਠੇ ਹਨ ਇਹ ਕਦੇ ਬੋਨਸ ਦੀ ਗੱਲ ਕਰਦੇ ਹਨ ਅਤੇ ਕੋਈ ਹੋਰ ਗੱਲਾਂ ਕਰਦੇ ਹਨ। ਇਹ ਜੱਟ ਦੇ ਦਿਮਾਗ ਵਿਚ ਇਹ ਗੱਲ ਪਾ ਰਹੇ ਹਨ ਕਿ ਤੁਸੀਂ ਅਕਾਲੀਆਂ ਨੂੰ ਵੋਟਾਂ ਪਾਈਆਂ ਹਨ ਪਰ ਇਹ ਸਰਕਾਰ ਤੁਹਾਡਾ ਝੋਨਾ ਨਹੀਂ ਖਰੀਦ ਰਹੀ। ਜੱਟ ਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਇਹ ਸਾਰੀ ਜ਼ਿੰਮੇਵਾਰੀ ਕੇਂਦਰ ਦੀ ਸਰਕਾਰ ਦੀ ਹੈ। ਇਹ ਜਿਹੜੇ ਸਾਡੇ ਵੀਰ ਆਪੋਜ਼ੀਸ਼ਨ ਵਿਚ ਬੈਠੇ ਹਨ ਇਨ੍ਹਾਂ ਨੇ ਬੜੇ ਸਾਲ ਇਥੇ ਰਾਜ ਕੀਤਾ ਹੈ, ਇਹ ਜਿਹੜਾ ਕਹਿੰਦੇ ਹਨ ਕਿ ਅਸੀਂ ਕਿਸਾਨ ਦੇ ਬੜੇ ਹਮਦਰਦ ਹਾਂ ਇਹ ਸਾਡੇ ਨਾਲ ਮੋਢੇ ਨਾਲ ਮੋਢਾ ਜੋੜਨ । ਸਾਰੇ ਦਾ ਸਾਰਾ ਅਨੰਦਪੁਰ ਦਾ ਮਤਾ ਜਿੰਨੀ ਦੇਰ ਲਾਗੂ ਨਹੀਂ ਹੁੰਦਾ, ਉਤਨੀ ਦੇਰ ਗੱਲ ਨਹੀਂ ਬਣਨੀ। ਇਹ ਹਿੰਦੁਸਤਾਨ ਦੀ ਬਿਮਾਰੀਆਂ ਦਾ ਇਲਾਜ ਹੈ।

ਸਪੀਕਰ ਸਾਹਿਬ, ਸ਼੍ਰੀ ਰਾਜੀਵ ਗਾਂਧੀ ਮੰਨ ਗਏ ਹਨ ਅਨੰਦਪੁਰ ਸਾਹਿਬ ਦੇ ਰੈਜੋਲਿਊਸ਼ਨ ਨੂੰ ਕਿ ਇਹ ਮਤਾ ਸਹੀ ਹੈ। ਮੈਂ ਇਨ੍ਹਾਂ ਸਾਹਮਣੇ ਬੈਠੇ ਵੀਰਾਂ ਨੂੰ ਕਹਾਂਗਾ, ਕਾਂਗਰਸ ਪਾਰਟੀ ਨੂੰ ਕਹਾਂਗਾ ਕਿ ਇਹ ਸਾਰੇ ਦਾ ਸਾਰਾ ਮਤਾ ਮੰਨਣਾ ਚਾਹੀਦਾ ਹੈ ਅਤੇ ਇਹ ਸਾਰੇ ਦਾ ਸਾਰਾ ਮਤਾ ਲਾਗੂ ਹੋਣਾ ਚਾਹੀਦਾ ਹੈ। ਜਿੰਨੀ ਦੇਰ ਤਕ ਇਹ ਅਨੰਦਪੁਰ ਸਾਹਿਬ ਦਾ ਮਤਾ ਲਾਗੂ ਨਹੀਂ ਹੁੰਦਾ , ਸਟੇਟਾਂ ਨੂੰ ਵੱਧ ਅਧਿਕਾਰ ਨਹੀਂ ਮਿਲਦੇ ਉਤਨੀ ਦੇਰ ਤਕ ਨਾ ਹਿੰਦੁਸਤਾਨ ਦੇ ਕਿਸਾਨ ਅਤੇ ਨਾ ਹੀ ਹਿੰਦੁਸਤਾਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਤਾਲਿਬ ਸਿੰਘ ਸੰਧੂ]

ਦੇ ਮਜ਼ਦੂਰ ਖੁਸ਼ ਹੋ ਸਕਦੇ ਹਨ। ਹਿੰਦੁਸਤਾਨ ਦੀ ਆਬਾਦੀ ਤਕਰੀਬਨ 80 ਫੀ ਸਦੀ ਐਸੀ ਹੈ ਜਿਹੜੀ ਕਿਸਾਨਾਂ ਔਰ ਮਜ਼ਦੂਰਾਂ ਦੇ ਆਲੇ ਦੁਆਲੇ ਘੁੰਮਦੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖੇਤੀਬਾੜੀ ਮੰਤਰੀ ਜੀ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸ਼ੈਲਰਾਂ ਵਾਲੇ ਅੱਜ ਕਿਸਾਨਾਂ ਨੂੰ ਲੁੱਟ ਰਹੇ ਹਨ। ਜਿਥੇ ਝੋਨਾ ਐਫ.ਸੀ.ਆਈ. ਨਹੀਂ ਚੁੱਕ ਰਹੀ ਉਥੇ ਸ਼ੈਲਰਾਂ ਵਾਲਿਆਂ ਨੂੰ ਖੁਲ੍ਹੀ ਛੁੱਟੀ ਮਿਲੀ ਹੋਈ ਹੈ ਅਤੇ ਉਹ 100/- ਰੁਪਏ ਜਾਂ 105/- ਰੁਪਏ ਦੇ ਭਾਅ ਨਾਲ ਝੋਨਾ ਚੁਕ ਰਹੇ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੇ ਜਿਥੇ ਇਸ ਤਰ੍ਹਾਂ ਸ਼ੈਲਰਾਂ ਵਾਲਿਆਂ ਵਲੋਂ ਘੱਟ ਭਾਅ ਤੇ ਝੋਨਾ ਚੁੱਕਿਆ ਜਾ ਰਿਹਾ ਹੈ ਉਨ੍ਹਾਂ ਸ਼ੈਲਰਾਂ ਵਾਲਿਆਂ ਦੇ ਲਾਈਸੈਂਸ ਜ਼ਬਤ ਹੋਣੇ ਚਾਹੀਦੇ ਹਨ। (ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲੋਂ ਵਿਘਨ) ਸਪੀਕਰ ਸਾਹਿਬ, ਅੱਜ ਸ਼ੈਲਰਾਂ ਵਾਲਿਆਂ ਨੂੰ ਤਕਲੀਫ ਹੋ ਰਹੀ ਹੈ ਹੁਣ ਇਹ ਗੱਲ ਸੁਣ ਕੇ। ਮੇਰੇ ਸਾਹਮਣੇ ਇਸ ਤਰ੍ਹਾਂ ਲਗਦਾ ਹੈ ਕਿ ਸਾਰੇ ਸ਼ੈਲਰਾਂ ਵਾਲੇ ਹੀ ਬੈਠੇ ਹਨ। ਮੈਨੂੰ ਲਗਦਾ ਹੈ ਕਿ ਸਾਰਿਆਂ ਦਾ ਸ਼ੈਲਰਾਂ ਵਾਲਿਆਂ ਨਾਲ ਹਿੱਸਾ ਹੋਵੇਗਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖੇਤੀਬਾੜੀ ਮੰਤਰੀ ਜੀ ਨੂੰ ਕਹਾਂਗਾ ਕਿ ਜੇ ਐਫ.ਸੀ.ਆਈ. ਕਿਸਾਨਾਂ ਨਾਲ ਇਸ ਤਰ੍ਹਾਂ ਵਤੀਰਾ ਕਰਦੀ ਰਹੀ ਤਾਂ ਪੰਜਾਬ ਦਾ ਜੱਟ ਤਬਾਹ ਹੋ ਜਾਵੇਗਾ ਅਤੇ ਪੰਜਾਬ ਦੇ ਜੱਟ ਨਾਲ ਮਜ਼ਦੂਰ ਵੀ ਤਬਾਹ ਹੋ ਜਾਵੇਗਾ। ਇਸ ਲਈ ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡੀਆਂ ਸਾਰੀਆਂ ਏਜੰਸੀਆਂ ਨੂੰ ਇਹ ਹਦਾਇਤਾਂ ਕਰਨ ਕਿ ਸਾਰੀਆਂ ਦੀਆਂ ਸਾਰੀਆਂ ਪੰਜਾਬ ਦੀਆਂ ਏਜੰਸੀਆਂ ਇਹ ਖਰੀਦਣ। ਪੰਜਾਬ ਦੀਆਂ ਏਜੰਸੀਆਂ ਨੂੰ ਝੋਨਾ ਖਰੀਦ ਕੇ ਰੱਖਣ ਲਈ ਗੁਦਾਮਾਂ ਦੀ ਵੀ ਬੜੀ ਲੋੜ ਹੈ। ਇਸ ਦੇ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਛੇਤੀ ਤੋਂ ਛੇਤੀ ਗੁਦਾਮਾਂ ਦਾ ਵੀ ਪ੍ਰਬੰਧ ਕੀਤਾ ਜਾਵੇ। ਜੇ ਇਸ ਤਰੀਕੇ ਨਾਲ ਆਪਣੀ ਏਜੰਸੀਆਂ ਰਾਹੀਂ ਝੋਨਾ ਨਾ ਖਰੀਦਿਆ ਗਿਆ ਤਾਂ ਸੈਂਟਰ ਦੀ ਸਰਕਾਰ ਆਪਣੇ ਮਿਸ਼ਨ ਵਿੱਚ ਕਾਮਯਾਬ ਹੋ ਜਾਵੇਗੀ। ਇਸ ਲਈ ਮੈਂ ਇਹ ਆਸ ਕਰਦਾ ਹਾਂ ਕਿ ਸਰਕਾਰ ਵਲੋਂ ਝੋਨਾ ਚੁੱਕਣ ਵਾਸਤੇ ਛੇਤੀ ਤੋਂ ਛੇਤੀ ਪ੍ਰਬੰਧ ਕੀਤਾ ਜਾਵੇਗਾ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਪੰਜਾਬ ਨੂੰ ਅੱਗ ਲਗਣ ਤੋਂ ਬਚਾਉਣਾ ਹੈ ਤਾਂ ਦਿੱਲੀ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਛੇਤੀ ਤੋਂ ਛੇਤੀ ਝੋਨੇ ਦੀ ਖਰੀਦ ਕਰੇ ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਰਾ ਪੰਜਾਬ ਅੱਗ ਦੀ ਲਪੇਟ ਵਿਚ ਆ ਜਾਵੇਗਾ।

ਕਾਂਗਰਸ ਪਾਰਟੀ ਵਲੋਂ ਆਵਾਜ਼ਾਂ : ਮਸਾਂ ਹੀ ਤਾਂ ਅੱਗ ਦੀ ਲਪੇਟ ਵਿਚੋਂ ਕੱਢਿਆ ਹੈ।

ਸ਼੍ਰੀ ਸਪੀਕਰ : ਸਰਦਾਰ ਤਾਲਿਬ ਸਿੰਘ ਜੀ, ਤਸ਼ਰੀਫ ਰਖੋ। ਸਰਦਾਰ ਹਰਭਜਨ ਸਿੰਘ।

ਸਰਦਾਰ ਹਰਭਜਨ ਸਿੰਘ ਸੰਧੂ (ਨੌਸ਼ਹਿਰਾ ਪੰਨੂਆਂ) : ਮਾਨਯੋਗ ਸਪੀਕਰ ਸਾਹਿਬ, ਅੱਜ ਪੰਜਾਬ ਦੀਆਂ ਮੰਡੀਆਂ ਵਿੱਚ ਇਤਨਾ ਬੁਰਾ ਹਾਲ ਹੈ ਕਿ ਜਿਸ ਦਾ ਕੋਈ ਹਿਸਾਬ ਨਹੀਂ। ਜਿਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਪੰਜਾਬ ਰਾਹੀਂ ਲੁਟਣ ਆਉਂਦਾ ਸੀ ਇਸ ਤਰ੍ਹਾਂ ਜਾਪਦਾ ਹੈ ਕਿ ਸੈਂਟਰ ਦੀ ਸਰਕਾਰ ਐਫ.ਸੀ.ਆਈ. ਰਾਹੀਂ ਅੱਜ ਲੁੱਟ ਰਹੀ ਹੈ। ਸੈਂਟਰ ਦੀ ਸਰਕਾਰ ਨੇ ਜਿਹੜੀ ਐਫ.ਸੀ. ਆਈ ਦੀ ਏਜੰਸੀ ਪੰਜਾਬ ਵਿੱਚ ਛੱਡੀ ਹੋਈ ਹੈ ਇਹ ਉਨ੍ਹਾਂ ਜ਼ਾਲਮਾਂ ਨਾਲ ਮੇਲ ਖਾਂਦੀ ਹੈ। ਜੇ ਇਨ੍ਹਾਂ ਦੇ ਇਨਸਪੈਕਟਰਾਂ ਦੀ ਜਾਂ ਇਨ੍ਹਾਂ ਦੇ ਅਫ਼ਸਰਾਂ ਦੀ ਇਨਕੁਆਇਰੀ ਕੀਤੀ ਜਾਵੇ ਤਾਂ ਉਨ੍ਹਾਂ ਦੀਆਂ ਸ਼ਾਨਦਾਰ ਕੋਠੀਆਂ ਔਰ ਠਾਠ ਬਾਠ ਜੋ ਹੈ ਜੇ ਉਨ੍ਹਾਂ ਦਾ ਪੋਸਟ ਮਾਰਟਮ ਕਰਕੇ ਦੇਖੀਏ ਤਾਂ ਉਨ੍ਹਾਂ ਵਿਚੋਂ ਇਹ ਸਾਰੇ ਵੀਰ ਦਿਸਣਗੇ ਜਿਹੜੇ ਸਾਡੇ ਸਾਹਮਣੇ ਬੈਠੇ ਹਨ (ਥੰਪਿੰਗ) ਕਿਉਂਕਿ ਇਨ੍ਹਾਂ ਨੇ ਹਿੱਸੇ ਲਏ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਹਿੰਦੁਸਤਾਨ ਦੇ ਖੁਰਾਕ ਮੰਤਰੀ ਜੀ ਹਨ ਉਹ ਸਿਖ

Original with;
Punjab Vidhan Sabha
Digitized by;
Panjab Digital Library

ਦੇ ਰੂਪ ਵਿੱਚ ਬੈਠਾ ਹੈ ਪਰ ਉਹ ਸਿੱਖ ਨਹੀਂ, ਅਕਾਲ ਤਖਤ ਸਾਹਿਬ ਵਲੋਂ ਸਿੱਖ ਪੰਥ ਵਿਚੋਂ ਛੇਕੇ ਗਏ ਹਨ ਕਿਉਂਕਿ ਪੰਜਾਬ ਵਿੱਚ ਐਤਕੀ ਜਿਹੜੀਆਂ ਵੋਟਾਂ ਮਿਲੀਆਂ ਹਨ ਉਹ ਅਕਾਲੀ ਦੱਲ ਨੂੰ ਮਿਲੀਆਂ ਹਨ, ਉਸ ਨੂੰ ਸਿੱਖਾਂ ਨਾਲ ਕੀ ਪਿਆਰ ਹੋ ਸਕਦਾ ਹੈ, ਪੰਜਾਬ ਨਾਲ ਕੀ ਪਿਆਰ ਹੋ ਸਕਦਾ ਹੈ। ਜਿਹੜਾ ਪੰਜਾਬ ਦੇ ਵਿੱਚ ਇਸ ਦਾ ਐਮ.ਡੀ. ਹੈ ਜਿਹੜਾ ਆਪਣੇ ਆਪ ਨੂੰ ਪੰਜਾਬੀ ਕਹਿੰਦਾ ਹੈ ਉਹ ਇਕ ਰੂਪ ਵਿਚ ਭੇੜੀਆ ਬਣਿਆ ਹੋਇਆ ਹੈ ਉਸ ਨੂੰ ਵੀ ਖਿਚਣਾ ਚਾਹੀਦਾ ਹੈ ਤਾਕਿ ਪੰਜਾਬ ਵਿੱਚ ਜੋ ਐਫ.ਸੀ.ਆਈ. ਦੀ ਧਾਂਦਲੀ ਮਚੀ ਹੋਈ ਹੈ ਉਹ ਖਤਮ ਹੋ ਸਕੇ । ਤੁਸੀਂ ਪੰਜਾਬ ਦੇ ਵਿੱਚ ਪਿੰਡਾਂ ਦੇ ਵਿੱਚ ਜਾ ਕੇ ਦੇਖੋ ਤਾਂ ਤੁਹਾਨੂੰ ਪਤਾ ਲਗੇਗਾ ਕਿ ਪਿੰਡਾਂ ਵਿੱਚ ਕਿਸਾਨਾਂ ਦਾ ਕਿੰਨਾਂ ਬੁਰਾ ਹਾਲ ਹੈ। ਮੈਂ ਇਨ੍ਹਾਂ ਭੱਦਰ ਪੁਰਸ਼ਾਂ ਨੂੰ ਕਹਿਣਾ ਚਾਹੁੰਦਾ ਹਾਂ ਜੋ ਸਾਡੇ ਸਾਹਮਣੇ ਬੈਠੇ ਹਨ ਇਨ੍ਹਾਂ ਸਾਰਿਆਂ ਦੀਆਂ ਕੋਠੀਆਂ ਸ਼ਹਿਰਾਂ ਦੇ ਵਿੱਚ ਬਣੀਆਂ ਹੋਈਆਂ ਹਨ ਔਰ ਇਹ ਕਦੇ ਪਿੰਡਾਂ ਵਿੱਚ ਨਹੀਂ ਗਏ। ਜੇ ਇਹ ਕਦੇ ਪਿੰਡਾਂ ਵਿੱਚ ਗਏ ਹੁੰਦੇ ਤਾਂ ਇਨ੍ਹਾਂ ਨੂੰ ਪਤਾ ਹੁੰਦਾ ਕਿ ਪਿੰਡਾਂ ਵਿੱਚ ਕਿਸਾਨਾਂ ਦੀ ਕੀ ਹਾਲਤ ਹੈ ਅਤੇ ਉਨ੍ਹਾਂ ਦੇ ਨਾਲ ਕਿਸ ਤਰ੍ਹਾਂ ਬੀਤ ਰਹੀ ਹੈ । ਸਪੀਕਰ ਸਾਹਿਬ, ਝੋਨੇ ਦਾ ਭਾਅ ਮੁਕੱਰਰ ਕਰਨ ਦਾ ਅਧਿਕਾਰ ਪੰਜਾਬ ਦੀ ਸਰਕਾਰ ਨੂੰ ਮਿਲਣਾ ਚਾਹੀਦਾ ਹੈ । ਮੇਰੇ ਸਾਹਮਣੇ ਬੈਠੇ ਵੀਰ ਅਨੰਦਪੁਰ ਸਾਹਿਬ ਦੇ ਮਤੇ ਨੂੰ ਮੰਨਦੇ ਵੀ ਹਨ ਜਿਸ ਦੇ ਰਾਹੀਂ ਸੂਬੇ ਦੀ ਸਰਕਾਰ ਲਈ ਵੱਧ ਅਧਿਕਾਰਾਂ ਦੀ ਮੰਗ ਕੀਤੀ ਗਈ ਹੈ ਪਰ ਇਨ੍ਹਾਂ ਨੂੰ ਇਸ ਮਤੇ ਨਾਲ ਚਿੜ ਹੈ । ਇਸ ਮਤੇ ਨੂੰ ਮੰਨ ਕੇ ਇਹ ਮਤਾ ਸਰਕਾਰੀਆ ਕਮਿਸ਼ਨ ਨੂੰ ਸੌਂਪਿਆ ਗਿਆ ਹੈ ਲੇਕਿਨ ਹਾਲੀਂ ਵੀ ਉਸ ਤੋਂ ਚਿੜ ਖਾਂਦੇ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਥੋਂ ਅਨੰਦਪੁਰ ਸਾਹਿਬ ਥੋੜ੍ਹੀ ਜਿਹੀ ਦੂਰ ਹੈ ਉਥੇ ਜਾ ਕੇ ਦਰਸ਼ਨ ਕਰਨ ਤਾਕਿ ਇਨ੍ਹਾਂ ਦੀ ਚਿੜ ਉਸ ਤੋਂ ਖਤਮ ਹੋ ਜਾਵੇ। ਇਨ੍ਹਾਂ ਨੂੰ ਜੋ ਇਹ ਮਤਾ ਚੁੰਡੀਆਂ ਵੱਢਦਾ ਹੈ ਉਹ ਇਨ੍ਹਾਂ ਨੂੰ ਵੱਢਣਾ ਮਾਰਨਾ ਖ਼ਤਮ ਕਰ ਦੇਵੇਗਾ । ਸਪੀਕਰ ਸਾਹਿਬ, ਪੰਜਾਬ ਵਿੱਚ ਜਿਹੜੇ ਮਿਲਰਜ਼ ਹਨ ਉਨ੍ਹਾਂ ਨੇ ਸਭ ਤੋਂ ਜ਼ਿਆਦਾ ਝੋਨਾ ਖਰੀਦਿਆ ਹੈ ਔਰ ਹੁਣ ਵੀ ਖਰੀਦ ਰਹੇ ਹਨ। ਇਨ੍ਹਾਂ ਨੇ ਕਿਸਾਨਾਂ ਤੋਂ ਬਹੁਤ ਘੱਟ ਭਾਅ ਤੇ ਝੋਨਾ ਖਰੀਦਿਆ ਹੈ। ਜਿਹੜੀ 1 ਅਕਤੂਬਰ ਦੀ ਤਾਰੀਖ਼ ਹੈ ਇਸ ਨੂੰ ਵੀ ਥੋੜ੍ਹਾ ਜਿਹਾ ਪਿਛਾਂਹ ਕਰਨਾ ਚਾਹੀਦਾ ਹੈ। ਮੈਂ ਪੰਜਾਬ ਸਰਕਾਰ ਨੂੰ, ਐਗਰੀਕਲਚਰ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਆਰਡਰ ਕਰਨ ਕਿ ਜਿੰਨਾ ਵੀ ਝੋਨਾ ਵਿਕਿਆ ਹੈ ਚਾਹੇ ਉਹ ਕਿਸੇ ਨੇ ਵੀ ਖਰੀਦਿਆ ਹੈ ਉਸ ਦਾ ਭਾਅ ਉਸ ਦਿਨ ਤੋਂ ਦੇਣਾ ਚਾਹੀਦਾ ਹੈ ਜਿਹੜਾ ਹੁਣ ਦਿੱਤਾ ਜਾਂਦਾ ਹੈ। ਪੰਜਾਬ ਦੇ ਕਿਸਾਨ ਦਾ ਝੋਨਾ ਪੰਜਾਬ ਦੇ ਕਈ ਆੜ੍ਹਤੀਆਂ ਨੇ ਖਰੀਦਿਆ ਹੈ ਉਨ੍ਹਾਂ ਨੂੰ ਉਹ ਰੇਟ ਦੇਣਾ ਚਾਹੀਦਾ ਹੈ ਤਾਂ ਕਿ ਜਿੰਨਾ ਵੀ ਝੋਨਾ ਵਿਕਿਆ ਹੈ ਜਿਨ੍ਹਾਂ ਜਿਨ੍ਹਾਂ ਨੇ ਵੀ ਵੇਚਿਆ ਹੈ ਉਨ੍ਹਾਂ ਸਭ ਨੂੰ ਫਾਇਦਾ ਹੋ ਸਕੇ। ਸਪੀਕਰ ਸਾਹਿਬ, ਸਾਡੇ ਸਾਹਮਣੇ ਬੈਠੇ ਵੀਰ ਅੱਜ 10/- ਰੁਪਏ ਬੋਨਸ ਦੀ ਗੱਲ ਕਰਦੇ ਹਨ, ਇਹ 10/- ਰੁਪਏ ਬੋਨਸ ਦੀ ਗੱਲ ਕਿਉਂ ਕਹਿੰਦੇ ਹਨ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਪੰਜਾਬ ਦਾ ਖਜ਼ਾਨਾ ਖਾਲੀ ਹੈ ਜਿਹੜਾ ਕਿ ਇਹ ਆਪ ਹੜੱਪ ਕੇ ਗਏ ਹਨ। ਇਹ ਵੀਰ ਹੁਣ ਮਗਰਮੱਛ ਵਾਲੇ ਆਂਸੂ ਵਹਾਉਂਦੇ ਹਨ। ਇਨ੍ਹਾਂ ਨੇ 38 ਸਾਲ ਪੰਜਾਬ ਦੇ ਲੋਕਾਂ ਦਾ, ਪੰਜਾਬ ਦੇ ਕਿਸਾਨਾਂ ਦਾ ਮਾਸ ਖਾਧਾ ਹੈ ਅਤੇ ਹੁਣ ਇਨ੍ਹਾਂ ਨੂੰ ਪਤਾ ਹੈ ਕਿ ਹੁਣ ਲੋਕਾਂ ਦੀਆਂ ਹੱਡੀਆਂ ਹੀ ਹੱਡੀਆਂ ਰਹਿ ਗਈਆਂ ਹਨ ਮਾਸ ਖ਼ਤਮ ਹੋ ਗਿਆ ਹੈ।

ਇਹ ਪੰਜਾਬ ਦੇ ਕਿਸਾਨ ਤੇ ਮਰਹਮ ਲਾਉਣ ਦੀ ਕੋਸ਼ਿਸ਼ ਕਰਦੇ ਹਨ, ਇਸ ਕਰਕੇ ਇਨ੍ਹਾਂ ਦੇ ਮਗਰਮੱਛ ਦੇ ਹੰਝੂ ਹਨ। ਵੈਸੇ ਇਨ੍ਹਾਂ ਨੇ ਮਤੇ ਦੀ ਪੇੜ੍ਹਤ ਕੀਤੀ ਹੈ ਮੈਂ ਇਨ੍ਹਾਂ ਦਾ ਧੰਨਵਾਦੀ ਹਾਂ । ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਅਗੇ ਨੂੰ ਕਿਸਾਨ ਮਾਰੂ ਨੀਤੀ ਛੱਡੋ। ਅਕਾਲੀ ਦਲ ਜਿਹੜਾ ਕਿਸਾਨਾਂ ਦਾ ਵਫ਼ਾਦਾਰ ਹੈ ਅਤੇ ਆਪਣਾ ਫ਼ਰਜ਼ ਨਿਭਾਉਂਦਾ ਰਿਹਾ ਹੈ, ਇਨ੍ਹਾਂ ਦੀਆਂ ਨੀਤੀਆਂ ਨਾਲ ਚੱਲ ਕੇ ਕਿਸਾਨ ਦਾ ਹਿੱਤ ਕਰੋ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਭਜਨ ਸਿੰਘ ਸੰਧੂ]

ਮੈਂ ਇਹ ਆਸ ਕਰਦਾ ਹਾਂ ਕਿ ਜਿਹੜਾ ਮਤਾ ਇਥੇ ਚੀਂਡਸਾ ਸਾਹਿਬ ਨੇ ਲਿਆਂਦਾ ਹੈ ਇਹ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ਤਾਂ ਕਿ ਕਿਸਾਨ ਨੂੰ ਆਪਣੇ ਝੋਨੇ ਦਾ ਪੂਰਾ ਪੂਰਾ ਮੁੱਲ ਮਿਲ ਜਾਵੇ ਅੰਰ ਨਾਲ ਹੀ ਕੁਤਾਹੀ ਲਈ ਐਫ.ਸੀ.ਆਈ. ਨੂੰ ਵੀ ਖਿਚਣਾ ਚਾਹੀਦਾ ਹੈ।

ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ) : ਸਪੀਕਰ ਸਾਹਿਬ, ਅੱਜ ਦਾ ਮਤਾ ਜਿਹੜਾ ਸਾਡੇ ਸਾਹਮਣੇ ਹੈ ਪੰਜਾਬ ਦੇ ਉਸ ਬਹਾਦਰ ਕਿਸਾਨ ਨਾਲ ਤੁਅੱਲਕ ਰੱਖਦਾ ਹੈ ਜਿਸ ਨੇ ਇਸ ਦੇਸ਼ ਨੂੰ ਭੁੱਖਮਰੀ ਤੋਂ ਹੀਂ ਨਹੀਂ ਬਚਾਇਆ ਸਗੋਂ ਇਹ ਦੇਸ਼ ਜਿਹੜਾ ਮੰਗਤਾ ਬਣਿਆ ਫਿਰਦਾ ਸੀ ਲੋਕਾਂ ਦੇ ਦਰਵਾਜ਼ਿਆਂ ਤੇ ਜਾਂਦਾ ਸੀ, ਇਹ ਪੰਜਾਬ ਦੇ ਕਿਸਾਨ ਨੇ ਪੋਹ-ਮਾਘ ਦੇ ਪਾਲਿਆਂ ਵਿਚ ਸੱਪਾਂ ਦੀਆਂ ਸਿਰੀਆਂ ਮਸਲ ਕੇ ਇਸ ਦੇਸ਼ ਨੂੰ ਜਿਥੇ ਭੁੱਖ ਮਰੀ ਵਿਚੋਂ ਕਢਿਆ ਉਥੇ ਸਰਪਲੱਸ ਵੱਲ ਲਿਆਂਦਾ । ਉਸ ਦੇ ਇਵਜ਼ਾਨੇ ਵਿਚ ਉਸ ਕਿਸਾਨ ਨੂੰ ਕੀ ਮਿਲ ਰਿਹਾ ਹੈ, ਉਸ ਦਾ ਇਵਜ਼ਾਨਾ ਇਹ ਮਿਲ ਰਿਹਾ ਹੈ ਕਿ ਪਹਿਲਾਂ ਕਿਸੇ ਜ਼ਮਾਨੇ ਵਿਚ ਪੈਡੀ ਦੇ ਮੁਆਇਸਚਰ ਦੀ ਕੱਟ 24% ਸੀ । ਇਥੇ ਦੇਸ਼ ਭੁੱਖਾ ਮਰਦਾ ਸੀ, ਇਨ੍ਹਾਂ ਨੂੰ ਚਾਵਲ ਬਿਲਕੁਲ ਮਿਲਦਾ ਹੀ ਨਹੀਂ ਸੀ। ਪੰਜਾਬ ਦੇ ਕਿਸਾਨ ਨੇ ਚਾਵਲ ਪੈਦਾ ਕੀਤਾ ਹੈ ਅਤੇ ਇਹ ਲੈ ਕੇ ਜਾਂਦੇ ਹਨ। 1977 ਵਿਚ ਇਹ ਕੱਟ 22% ਕਰ ਦਿੱਤੀ ਅਤੇ 1980 ਵਿਚ 20% ਅਤੇ ਹੁਣ ਕਿਸਾਨ ਨੂੰ 18% ਲੈ ਕੇ ਦਿੱਤੀ ਹੈ। ਉਸ ਕਿਸਾਨ ਵਾਸਤੇ ਇਹ ਜਿਹੜੇ ਵਿਰੋਧੀ ਬੈਂਚਾਂ ਤੇ ਬੈਠੇ ਹਨ ਮਗਰਮੱਛ ਦੇ ਹੰਝੂ ਵਗਾਉਂਦੇ ਹਨ । ਇਨ੍ਹਾਂ ਦੀ ਸੈਂਟਰ ਵਿਚ ਬੈਠੀ ਸਰਕਾਰ ਨੇ ਕਿਸਾਨਾਂ ਦਾ ਮੁਆਇਸਚਰ 6% ਕੱਟ ਕਰ ਦਿੱਤਾ।

ਸਪੀਕਰ ਸਾਹਿਬ, ਪਿਛਲੇ ਸਮਿਆਂ ਵਿਚ ਜਦੋਂ ਕਾਲੀਆਂ ਬੋਲੀਆਂ ਰਾਤਾਂ ਹੁੰਦੀਆਂ ਸਨ, ਪੰਜਾਬ ਦੀਆਂ ਸੜਕਾਂ ਫੌਜੀ ਛਾਉਣੀਆਂ ਬਣੀਆਂ ਹੋਈਆਂ ਸਨ ਕਿਸਾਨ ਨੇ ਉਸ ਵੇਲੇ ਵੀ ਹੌਂਸਲਾ ਨਹੀਂ ਛੱਡਿਆ, ਉਸ ਨੇ ਸੂਬੇ ਦਾ ਨਾ ਉੱਚਾ ਕੀਤਾ । ਉਹ ਸਰਕਾਰ ਦੇ ਕੰਮਾਂ ਤੋਂ ਡੀਮਾਰੇਲਾਈਜ਼ ਨਹੀਂ ਹੋਇਆ ਉਸ ਨੇ ਆਪਣੇ ਕੰਮ ਨੂੰ ਪਹਿਲ ਦਿੰਦੇ ਹੋਏ ਚਾਵਲਾਂ ਦੀ ਉਪਜ ਨੂੰ ਵਧਾ ਦਿਤਾ ਹੈ । ਪਰ ਸੈਂਟਰ ਦੀ ਸਰਕਾਰ ਨੇ ਕੀ ਦਿੱਤਾ ਮੁਆਇਸਚਰ ਦੀ ਕੱਟ ਲਗਾ ਦਿੱਤੀ ਅੰਰ ਕਿਸਾਨ ਨੂੰ ਹੋਰ ਡੀ-ਮਾਰੇਲਾਈਜ਼ ਕਰਨ ਵੱਲ ਪੈ ਗਏ।

ਸਪੀਕਰ ਸਾਹਿਬ, ਇਥੇ ਗੱਲਾਂ ਹੋਈਆਂ ਹਨ ਸੈਂਟਰ-ਸਟੇਟ ਸੁਖਾਵੇਂ ਰਿਲੇਸ਼ਨਜ਼ ਬਾਰੇ । ਇਹ ਚੀਜ਼ ਅਨੰਦਪੁਰ ਸਾਹਿਬ ਦੇ ਮਤੇ ਵਿਚ ਹੈ। ਜਦੋਂ ਉਸ ਦਾ ਜ਼ਿਕਰ ਕਰਦੇ ਹਾਂ ਤਾਂ ਡਾਕਟਰ ਸਾਹਿਬ ਨੂੰ ਮਰੋੜ ਲੱਗ ਜਾਂਦੇ ਹਨ। ਡਾਕਟਰ ਸਾਹਿਬ, ਸਾਰੇ ਦਾ ਸਾਰਾ ਮਤਾ ਇਸ ਦੇ ਵਿਚ ਹੈ ਅੰਰ ਸਾਡੇ ਮੁੱਖ ਮੰਤਰੀ ਸਾਹਿਬ ਨੇ ਸਾਰਾ ਮਤਾ ਪੜ੍ਹ ਕੇ ਸੁਣਾਇਆ ਸੀ (ਵਿਘਨ) ਮੈਂ ਅੱਜ ਵੀ ਕਹਿੰਦਾ ਹਾਂ ਕਿ ਜੇ ਇਨ੍ਹਾਂ ਦੀ ਗਲ ਇਨ੍ਹਾਂ ਦੇ ਪ੍ਰਾਈਮ ਮਨਿਸਟਰ ਨੇ ਸੁਣ ਲਈ ਤਾਂ ਉਹ ਇਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦੇਣਗੇ। ਸਪੀਕਰ ਸਾਹਿਬ, ਇਹ ਬੜੀ ਕੋਸ਼ਿਸ਼ ਕਰਦੇ ਹਨ ਛੇੜਨ ਦੀ।

ਡਾਕਟਰ ਕੇਵਲ ਕ੍ਰਿਸ਼ਨ : ** ** **
(ਵਿਘਨ)

Mr. Speaker : It is against the spirit, but it is not a Point of Order. I disallow it.

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਦੇਵ ਸਿੰਘ ਮਾਨ: ਸਪੀਕਰ ਸਾਹਿਬ, ਇਨ੍ਹਾਂ ਨੇ ਬੜੀ ਕੋਸ਼ਿਸ਼ ਕੀਤੀ ਗਰਦਾ ਝਾੜਨ ਦੀ। ਕੁਝ ਸਾਫ ਇਨ੍ਹਾਂ ਨੇ ਕੀਤਾ ਕੁਝ ਲੋਕਾਂ ਨੇ ਕੀਤਾ, ਪਰ ਕਈ ਵਾਰੀ ਗਰਦਾ ਤਰੇੜਾਂ ਵਿਚ ਫਸ ਜਾਂਦਾ ਹੈ ਅੱਰ ਇਹ ਬਚ ਕੇ ਆ ਗਏ। ਇਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਇਨ੍ਹਾਂ ਦੇ ਕੁਕਰਮਾਂ ਦੀ ਸਜ਼ਾ ਇਨ੍ਹਾਂ ਨੂੰ ਮਿਲ ਰਹੀ ਹੈ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕੇਂਦਰ ਦੇ ਵਿਚ ਜਨਤਾ ਪਾਰਟੀ ਦੀ ਸਰਕਾਰ ਆਈ ਸੀ ਤਾਂ ਉਸ ਦੇ ਵਿਚ ਸਰਦਾਰ ਸੁਰਜੀਤ ਸਿੰਘ ਬਰਨਾਲਾ ਖੇਤੀ ਬਾੜੀ ਮੰਤਰੀ ਸਨ। ਉਨ੍ਹਾਂ ਨੇ ਫੈਸਲਾ ਕੀਤਾ ਸੀ ਕਿ ਬੀਜਣ ਤੋਂ ਪਹਿਲਾਂ ਫਸਲ ਦੇ ਭਾਅ ਮੁਕਰਰ ਕੀਤੇ ਜਾਣ ਤਾਂਕਿ ਬੀਜਣ ਵਾਲਾ ਆਪਣੀ ਫਸਲ ਬੀਜਣ ਤੋਂ ਪਹਿਲਾਂ ਆਪਣਾ ਨਫਾ ਨੁਕਸਾਨ ਸੋਚ ਸਕੇ। ਪਰ ਜਦੋਂ ਇਨ੍ਹਾਂ ਦੀ ਸਰਕਾਰ ਆਈ ਤਾਂ ਉਸ ਨੇ ਉਸ ਪਾਲੀਸੀ ਦੀਆਂ ਧੱਜੀਆਂ ਉੜਾ ਦਿੱਤੀਆਂ। ਦਸ ਅਕਤੂਬਰ ਨੂੰ 40 % ਝੋਨਾ ਮੰਡੀਆਂ ਵਿਚ ਪਹੁੰਚ ਗਿਆ ਸੀ ਤੇ ਇਹ ਭਾਅ ਬਾਅਦ ਵਿਚ ਮੁਕਰਰ ਕੀਤਾ, ਦੇਖੋ ਇਹ ਪੰਜਾਬ ਦੇ ਲੋਕਾਂ ਨਾਲ ਕਿੰਨਾ ਇਨਸਾਫ ਕਰਦੇ ਹਨ। ਇਹ ਗੱਲ ਸਭ ਦੇ ਸਾਹਮਣੇ ਹੈ ਕਿਸੇ ਤੋਂ ਲੁਕੀ ਛੁਪੀ ਨਹੀਂ। ਸਪੀਕਰ ਸਾਹਿਬ, ਸਾਡਾ ਅੰਦਾਜ਼ਾ ਹੈ ਕਿ ਪੰਜਾਬ ਵਿਚ 55 ਤੋਂ 60 ਲੱਖ ਟਨ ਦੇ ਕਰੀਬ ਝੋਨਾ ਹੋਵੇਗਾ। ਡਾਕਟਰ ਸਾਹਿਬ ਸੁਲਝੇ ਹੋਏ ਹਨ, ਵਿੱਤ ਮੰਤਰੀ ਰਹੇ ਹਨ ਇਹ ਆਪਣੇ ਸਮੇਂ ਵਿਚ ਮਿਸਲੀਡ ਕਰਦੇ ਰਹੇ ਆਪਣੀ ਸਰਕਾਰ ਨੂੰ ਅਤੇ ਅੱਜ ਇਹ ਹਾਊਸ ਨੂੰ ਮਿਸਲੀਡ ਕਰਦੇ ਹਨ। ਇਹ ਕਹਿੰਦੇ ਹਨ ਕਿ ਐਫ. ਸੀ. ਆਈ. ਨੇ ਬੜੀ ਪਰਚੇਜ਼ ਕੀਤੀ ਹੈ ਤੇ ਮੈਂ ਦਸਦਾ ਹਾਂ ਕਿ ਐਫ. ਸੀ. ਆਈ. ਨੇ 83 ਹਜ਼ਾਰ ਟਨ, ਪੰਜਾਬ ਸਰਕਾਰ ਨੇ 66 ਹਜ਼ਾਰ ਟਨ, ਪਨਸਪ ਨੇ 45 ਹਜ਼ਾਰ ਟਨ ਅਤੇ ਮਾਰਕਫੈਡ ਨੇ 10 ਹਜ਼ਾਰ ਟਨ ਖਰੀਦੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਨਹੀਂ ਕਿ ਮਾਰਕਫੈਡ ਅਤੇ ਪਨਸਪ ਇਕ ਹੀ ਚੀਜ਼ ਹੈ। ਕੁਲ 21 ਲੱਖ ਟਨ ਵਿਚੋਂ 85 ਹਜ਼ਾਰ ਟਨ ਖਰੀਦਿਆ ਇਹ ਸਿਰਫ 27 ਪਰਸੈਂਟ ਬਣਦਾ ਹੈ। ਇਹ ਸਾਡੇ ਨਾਲ ਇਸ ਤਰ੍ਹਾਂ ਵਿਤਕਰਾ ਕਰਦੇ ਹਨ। ਹੁਣ ਦੂਜੇ ਪਾਸੇ ਐਫ. ਸੀ. ਆਈ. ਪੰਜਾਬ ਦਾ ਚਾਵਲ ਐਕਸੈਪਟ ਕਰਨ ਨੂੰ ਤਿਆਰ ਨਹੀਂ। ਜੇਕਰ ਇਹ ਚਾਵਲ ਐਕਸੈਪਟ ਕਰਨ ਨੂੰ ਤਿਆਰ ਨਹੀਂ ਤਾਂ ਮਿਲਰਜ਼ ਝੋਨਾ ਨਹੀਂ ਖਰੀਦਣਗੇ। ਜਿਹੜੀ ਪੰਜਾਬ ਸਰਕਾਰ ਪੰਜਾਬ ਦਾ ਸੁਖਾਵਾਂ ਮਾਹੌਲ ਬਣਾਉਣ ਵਿਚ ਲਗੀ ਹੋਈ ਹੈ ਇਹ ਬਰਦਾਸ਼ਤ ਨਹੀਂ ਕਰ ਸਕਦੇ। ਇਹ ਚਾਹੁੰਦੇ ਹਨ ਕਿ ਲੋਕ ਤੰਗ ਆ ਕੇ ਕਿਸੇ ਐਜੀਟੇਸ਼ਨ ਦੀ ਰਾਹ ਤੇ ਚੱਲਣ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਅਗਰ ਐਫ. ਸੀ. ਆਈ. ਨਹੀਂ ਚੁੱਕਦੀ ਤਾਂ ਪੰਜਾਬ ਸਰਕਾਰ ਨੂੰ ਪ੍ਰਬੰਧ ਕਰਕੇ ਇਹ ਸਾਰਾ ਝੋਨਾ ਖਰੀਦ ਲੈਣਾ ਚਾਹੀਦਾ ਹੈ ਅਤੇ ਨੋ-ਪ੍ਰਾਫਿਟ ਨੋ-ਲਾਸ ਤੇ ਸੈਂਟਰ ਨੂੰ ਭੇਜ ਦੇਣਾ ਚਾਹੀਦਾ ਹੈ। ਨਹੀਂ ਤਾਂ ਪੰਜਾਬੀਆ ਨਾਲ ਬਹੁਤ ਵੱਡਾ ਧੱਕਾ ਹੋਵੇਗਾ।

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਤੇ ਬੋਲਦੇ ਹੋਏ ਡਾਕਟਰ ਸਾਹਿਬ ਨੇ ਜ਼ਿਕਰ ਕੀਤਾ ਹੈ ਕਿ ਪੰਜਾਬ ਦੇ ਵਿਚ ਕੇਂਦਰ ਦੀ ਸਰਕਾਰ ਨੇ ਬੜੇ ਬੜੇ ਡੈਮ ਆਪਣੇ ਪੈਸੇ ਨਾਲ ਬਣਾਏ ਹਨ। ਇਹ ਸੈਂਟਰ ਦੀ ਸਰਕਾਰ ਦੀ ਵਕਾਲਤ ਕਰਦੇ ਹਨ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਤੁੰਗਭਦਰਾ ਵਰਗੇ ਵੱਡੇ ਵੱਡੇ ਡੈਮ ਉਨ੍ਹਾਂ ਸੂਬਿਆਂ ਵਿਚ ਕੇਂਦਰ ਦੀ ਸਰਕਾਰ ਨੇ ਬਣਾਏ ਅਤੇ ਹੋਰ ਵੀ ਕਈ ਕੰਮ ਕੀਤੇ। ਪੰਜਾਬ ਵਿਚ ਡੈਮ ਬਣਾ ਕੇ ਕੇਂਦਰੀ ਸਰਕਾਰ ਨੇ ਕੋਈ ਰਿਆਇਤ ਨਹੀਂ ਕੀਤੀ। ਪੰਜਾਬ ਨੇ ਤਾਂ ਦੇਸ਼ ਨੂੰ ਖੂਨ ਪਸੀਨਾ ਬਹਾ ਕੇ ਭੁੱਖਮਰੀ ਤੋਂ ਬਚਾਇਆ, ਜਿਨ੍ਹਾਂ ਕਰਕੇ ਇਸ ਦੇਸ਼ ਦਾ ਮਾਣ ਤੇ ਸਤਿਕਾਰ ਹੋਇਆ ਹੈ, ਕੇਂਦਰ ਦੀ ਸਰਕਾਰ ਨੂੰ ਚਾਹੀਦਾ ਸੀ ਕਿ ਇਹ ਉਨ੍ਹਾਂ ਨੂੰ ਵਿਸ਼ੇਸ਼ ਰਿਆਇਤਾਂ ਦਿੰਦੇ। ਕੇਂਦਰ ਦੀ ਸਰਕਾਰ ਨੂੰ ਚਾਹੀਦਾ ਸੀ ਕਿ ਇਸ ਬਾਰੇ ਕੁਝ ਸੋਚਦੇ। ਸਪੀਕਰ ਸਾਹਿਬ, ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਕੇਂਦਰ ਦੀ ਸਰਕਾਰ ਨਾਲ ਗਲ ਕਰਕੇ ਕੋਈ ਜਿਣਸ ਤੇ ਐਸਾ ਟੈਕਸ ਲਗਾ ਦੇਣ ਜਿਹੜਾ ਕਿ ਕਿਸਾਨਾਂ ਦੀ ਭਲਾਈ ਲਈ ਹੀ ਵਰਤਿਆ ਜਾਵੇ। ਜੇਕਰ ਅਸੀਂ ਕਿਸੇ ਸਟੇਟ ਤੋਂ ਜਿਥੇ ਕਿ ਲੋਹਾ ਨਿਕਲਦਾ ਹੈ, ਜੇਕਰ ਲੋਹਾ ਲੈਂਦੇ ਹਾਂ ਤਾਂ ਉਹ ਸਟੇਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਕਹਿੰਦੀ ਹੈ ਕਿ ਇਹ ਸਾਨੂੰ ਕੁਦਰਤੀ ਰਿਸੋਰਸਿਜ਼ ਮਿਲੇ ਹੋਏ ਹਨ, ਇਸ ਲਈ ਉਸ ਉਤੇ ਉਹ ਟੈਕਸ ਲਗਾਉਂਦੇ ਹਨ। ਇਸ ਲਈ ਕੇਂਦਰ ਦੀ ਸਰਕਾਰ ਪੰਜਾਬ ਦੀ ਸਰਕਾਰ ਨੂੰ ਅਲਾਓ ਕਰੇ ਕਿ ਉਹ ਅਨਾਜ ਉਤੇ ਕੋਈ ਅਜਿਹਾ ਟੈਕਸ ਲਗਾ ਸਕੇ ਅੱਰਪੰਜਾਬ ਦੀ ਸਰਕਾਰ ਉਹ ਟੈਕਸ ਦੀ ਰਕਮ ਕਿਸਾਨ ਦੀ ਭਲਾਈ ਲਈ ਵਰਤ ਸਕੇ। ਮੈਂ ਮੁੱਖ [illegible]ਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਸ ਮਸਲੇ ਤੇ ਜ਼ੋਰ ਦੇ ਕੇ ਗੱਲ ਕਰਨੀ ਚਾਹੀਦੀ ਹੈ ਤਾਕਿ ਆਪਾਂ ਇਹ ਰਕਮ ਕੇਂਦਰ ਦੀ ਸਰਕਾਰ ਤੋਂ ਟੈਕਸ ਰਾਹੀਂ ਵਸੂਲ ਕਰ ਸਕੀਏ। ਇਸ ਤਰ੍ਹਾਂ ਦਾ ਕੋਈ ਨਾ ਕੋਈ ਟੈਕਸ ਲਗਾ ਦੇਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅੱਰ ਉਮੀਦ ਕਰਦਾ ਹਾਂ ਕਿ ਇਹ ਮਤਾ ਸਰਵਸੰਮਤੀ ਨਾਲ ਹਾਊਸ ਪਾਸ ਕਰੇਗਾ।

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਸਪੀਕਰ ਸਾਹਿਬ, ਮੈਂ ਕੋਈ ਬੜੀ ਲੰਬੀ-ਚੌੜੀ ਗੱਲ ਨਹੀਂ ਕਰਨੀ। ਇਕ ਗਲਤ-ਫਹਿਮੀ ਦੂਰ ਕਰਨੀ ਹੈ। ਸਾਰੇ ਹੀ ਮੈਂਬਰ ਜੋ ਬੋਲੇ ਹਨ ਉਹ ਐਫ. ਸੀ. ਆਈ., ਐਫ. ਸੀ. ਆਈ. ਹੀ ਕਰਦੇ ਰਹੇ ਹਨ ਲੇਕਿਨ, ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਜਿਹੜੇ ਪੰਜਾਬ ਵਿਚ ਪਰਚੇਜ਼ ਸੈਂਟਰ ਹਨ, ਮੰਡੀਆਂ ਹਨ ਉਹ ਪੰਜਾਬ ਗੌਰਮਿੰਟ ਨੇ ਵੰਡੀਆਂ ਹੋਈਆਂ ਹਨ ਕਿ ਫਲਾਣੀ ਮੰਡੀ ਵਿਚੋਂ ਐਫ. ਸੀ. ਆਈ. ਜਿਣਸ ਪਰਚੇਜ਼ ਕਰੇਗੀ ਅੱਰ ਫਲਾਣੀ ਵਿਚੋਂ ਪਨਸਪ ਜਾਂ ਮਾਰਕਫੈਡ ਕਰੇਗੀ। ਮੈਨੂੰ ਇਹ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਇਕ ਵੀ ਮੰਡੀ ਐਸੀ ਦੱਸ ਦੇਣ ਜਿਥੇ ਕਿ ਕਿਸਾਨ ਨੂੰ ਤਕਲੀਫ ਨਾ ਆਈ ਹੋਵੇ। ਅਸੀਂ ਸਾਰੀ ਗੱਲ ਐਫ. ਸੀ. ਆਈ. ਜਾਂ ਸੈਂਟਰ ਦੀ ਸਰਕਾਰ ਤੇ ਪਾਈ ਜਾ ਰਹੇ ਹਾਂ। ਮੇਰੇ ਹਲਕੇ ਵਿਚ 10 ਸੈਂਟਰ ਹਨ ਅੱਰ ਉਨ੍ਹਾਂ ਵਿਚੋਂ ਦੋ ਐਫ. ਸੀ. ਆਈ. ਪਾਸ ਹਨ 8 ਪੰਜਾਬ ਸਰਕਾਰ ਪਾਸ ਹਨ। ਇਸ ਲਈ ਸਾਰੀ ਗੱਲ ਐਫ. ਸੀ. ਆਈ. ਬਾਰੇ ਹੀ ਕਰੀ ਜਾਣੀ ਠੀਕ ਨਹੀਂ। ਜੇਕਰ ਮੈਂਬਰ ਸਾਹਿਬਾਨ ਨੂੰ ਪਤਾ ਨਹੀਂ ਹੈ ਤਾਂ ਇਹ ਸਰਕਾਰ ਪਾਸੋਂ ਪੁੱਛ ਲੈਣ। ਪਰ ਇਨ੍ਹਾਂ ਨੇ ਰਟ ਲਗਾਈ ਹੋਈ ਹੈ ਐਫ. ਸੀ. ਆਈ., ਐਫ. ਸੀ. ਆਈ.'।

ਸਪੀਕਰ ਸਾਹਿਬ, ਮਨਿਸਟਰ ਸਾਹਿਬ ਦਾ ਬੋਲਣ ਦਾ, ਟਾਈਮ ਹੋਇਆ ਹੋਇਆ ਹੈ, ਮੈਂ ਦੋ ਮਿੰਟ ਹੋਰ ਲੈਣੇ ਹਨ। ਦੂਸਰੀ ਗੱਲ ਇਹ ਹੈ ਕਿ ਇਹ (ਸਰਕਾਰੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਕਹਿੰਦੇ ਹਨ ਕਿ.....

ਸ਼੍ਰੀ ਸਪੀਕਰ : ਸਰਦਾਰ ਦਿਲਬਾਗ ਸਿੰਘ ਜੀ, ਚੇਅਰ ਨੂੰ ਐਡਰੈਸ ਕਰੋ।

ਸਰਦਾਰ ਦਿਲਬਾਗ ਸਿੰਘ : ਹਾਂ ਜੀ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰੀ ਬੈਂਚਾਂ ਤੇ ਬੈਠੇ ਮੈਂਬਰ ਸਾਹਿਬਾਨ ਕਹਿੰਦੇ ਹਨ ਕਿ ਕਾਂਗਰਸ ਪਾਰਟੀ ਵਾਲੇ ਕੁਝ ਨਹੀਂ ਕਰਦੇ। ਸਪੀਕਰ ਸਾਹਿਬ, 9 ਤਾਰੀਖ ਦੀ ਅਖਬਾਰ ਵੇਖੋ ਅਸੀਂ ਇਸ ਦੇ ਬਾਰੇ ਵਿਚ ਸੈਂਟਰ ਦੀ ਸਰਕਾਰ ਨੂੰ ਕਿਹਾ ਹੈ (ਵਿਰੋਧੀ ਧਿਰ ਵਲੋਂ ਥੰਪਿੰਗ) ਬੱਸ, ਸਪੀਕਰ ਸਾਹਿਬ, ਮੈਂ ਇਕ ਮਿੰਟ ਹੋਰ ਲੈਣਾ ਹੈ। ਮੈਂ ਕਲਕੱਤੇ ਗਿਆ। ਉਥੇ ਦੇ ਟਰਾਂਸ-ਪੋਰਟ ਮਹਿਕਮੇ ਵਾਲੇ ਟਰੱਕਾਂ ਵਾਲੇ ਲੋਕਾਂ ਪਾਸੋਂ ਪੈਸੇ ਲੈ ਲੈਂਦੇ ਹਨ ਕਿਸੇ ਨਾ ਕਿਸੇ ਬਹਾਨੇ, ਕੋਈ ਨਾ ਕੋਈ ਨੁਕਸ ਕੱਢ ਕੇ। ਸੋ, ਅਸੀਂ ਉਥੇ ਦੇ ਮਨਿਸਟਰ ਸਾਹਿਬ ਨੂੰ ਮਿਲੇ ਅੱਰ ਉਨ੍ਹਾਂ ਨੂੰ ਦੱਸਿਆ ਕਿ ਸਾਡੇ ਪਾਸੋਂ ਇਸ਼ਾਰਿਆਂ ਨਾਲ ਹੀ ਪੈਸੇ ਲੈ ਲਏ ਜਾਂਦੇ ਹਨ, ਇਸ ਤਰ੍ਹਾਂ ਦੀਆਂ ਕਈ ਸ਼ਿਕਾਇਤਾਂ ਸਨ। ਆਖਿਰ ਉਹ ਮਨਿਸਟਰ ਸਾਹਿਬ ਕਹਿਣ ਲੱਗੇ ਕਿ ਮੈਂ ਕਿਆ ਕਰੂੰ ਯਹ ਤੋਂ ਸੈਂਟਰਲ ਗੌਰਮਿੰਟ ਕਾ ਸਾਰਾ ਮਾਮਲਾ ਹੈ।' ਬਿਲਕੁਲ ਉਹ ਹੀ ਗੱਲ ਹੋ ਰਹੀ ਹੈ। ਚਾਰ ਘੰਟਿਆਂ ਤੋਂ ਲੈ ਕੇ ਜੋ ਵੀ ਗੱਲ ਹੋ ਰਹੀ ਹੈ ਸਾਰੀ ਐਫ. ਸੀ. ਆਈ. ਬਾਰੇ ਹੀ ਹੋ ਰਹੀ ਹੈ।

ਫਿਰ ਇਹ ਗੱਲ ਕਰਦੇ ਰਹਿੰਦੇ ਹਨ ਕਿ ਪਿੰਡਾਂ ਵਿਚ ਕੁਝ ਨਹੀਂ ਹੋਇਆ। ਜੇਕਰ ਪਿੰਡਾਂ ਵਿਚ ਕੁਝ ਨਹੀਂ ਹੋਇਆ ਤਾਂ ਇਹ ਮੇਰੇ ਨਾਲ ਚੱਲਣ ਮੈਂ ਇਨ੍ਹਾਂ ਨੂੰ ਵਿਖਾ ਦਿੰਦਾਂ ਹਾਂ ਕਿ ਹਰ ਪਿੰਡ ਵਿਚ ਬਿਜਲੀ ਚਲੀ

Original with;
Punjab Vidhan Sabha
Digitized by;
Panjab Digital Library

ਗਈ ਹੈ, ਸਕੂਲ ਖੁਲ੍ਹ ਗਿਆ ਹੈ, ਪੱਕੀਆਂ ਸੜਕਾਂ ਨਾਲ ਪਿੰਡ ਜੁੜ ਗਏ ਹਨ, ਹਸਪਤਾਲ ਖੁਲ੍ਹ ਗਏ ਹਨ। ਜੇਕਰ ਅਜੇ ਵੀ ਕੁਝ ਨਹੀਂ ਹੋਇਆ ਤਾਂ ਜਿਹੜਾ ਤੁਸੀਂ ਕਰਵਾ ਲਵੋਗੇ ਉਹ ਵੀ ਵੇਖ ਲਵਾਂਗੇ। ਜ਼ਿੱਥੇ ਕਿਤੇ ਕੁਝ ਨਹੀਂ ਹੋਇਆ ਉਥੇ, ਸਪੀਕਰ ਸਾਹਿਬ, ਕਸੂਰ ਵੀ ਇਨ੍ਹਾਂ ਦਾ ਹੀ ਹੈ ਕਿ ਚਾਰ ਸਾਲਾਂ ਵਿਚ ਜੋ ਪੈਸਾ ਡਿਵੈਲਪਮੈਂਟ ਤੇ ਲੱਗਣਾ ਸੀ ਇਨ੍ਹਾਂ ਨੇ ਐਜੀਟੇਸ਼ਨਾਂ ਤੇ ਲਗਾਇਆ ਹੈ। (ਵਿਰੋਧੀ ਧਿਰ ਵਲੋਂ ਥੰਪਿੰਗ) ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਕਿਸਾਨ ਨੂੰ ਪੈਸਾ ਵੀ ਹੋਰ ਮਿਲੇ ਅੰਰ ਉਸਦਾ ਮਾਲ ਵੀ ਚੁੱਕਿਆ ਜਾਵੇ।

ਸਰਦਾਰ ਕੁਲਵੰਤ ਸਿੰਘ ਐਡਵੋਕੇਟ (ਕਾਦੀਆਂ) : ਸਪੀਕਰ ਸਾਹਿਬ, ਜੋ ਮਤਾ ਪੇਸ਼ ਕੀਤਾ ਹੈ ਇਸ ਤੇ ਕਾਫੀ ਬਹਿਸ ਹੋ ਚੁੱਕੀ ਹੈ। ਜੋ ਕਿਸਾਨ ਨਾਲ ਬੇਇਨਸਾਫੀ ਹੋ ਰਹੀ ਹੈ, ਅੰਰ ਜ਼ੋ ਇਹ ਨਵੀਂ ਮੁਸੀਬਤ ਕਿਸਾਨ ਤੇ ਆਈ ਹੈ, ਇਸ ਨੂੰ ਦੂਰ ਕਰਨ ਵਾਸਤੇ ਜੋ ਖਰੀਦ ਕਰਨ ਵਾਲੀਆਂ ਏਜੰਸੀਆਂ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਜਿਸ ਸ਼ਕਲ ਵਿਚ ਵੀ ਝੋਨਾ ਹੈ, ਉਹ ਖਰੀਦਣਾ ਚਾਹੀਦਾ ਹੈ। ਜਿਹੜਾ ਝੋਨਾ ਬਾਹਰ ਹੈ ਉਹ ਨਮੀ ਵਿਚ ਹੈ, ਅੰਰ ਕੁਝ ਅਜੇ ਪਾਣੀ ਵਿਚ ਡੁਬਿਆ ਪਿਆ ਹੈ। ਬਾਕੀ ਜੋ ਕਿਹਾ ਗਿਆ ਹੈ ਜਿਣਸ ਦੇ ਭਾਅ ਮੁਕੱਰਰ ਕਰਨ ਬਾਰੇ, ਭਾਅ ਫਸਲ ਦੇ ਬੀਜਣ ਤੋਂ ਪਹਿਲਾਂ ਹੀ ਮੁਕੱਰਰ ਕਰ ਦੇਣਾ ਚਾਹੀਦਾ ਹੈ। ਪਰ ਕਿਉਂਕਿ ਮੁਕੱਰਰ ਸੈਂਟਰ ਨੇ ਕਰਨਾ ਹੁੰਦਾ ਹੈ ਤਾਂ ਉਹ ਉਸ ਵੇਲੇ ਕਰਦੇ ਹਨ ਜਦੋਂ ਫਸਲ ਮੰਡੀ ਵਿਚ ਚਲੀ ਜਾਂਦੀ ਹੈ। ਇਸ ਨਾਲ ਕਿਸਾਨ ਨੂੰ ਬੜੀ ਹੀ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਜਿਸ ਸਟੇਟ ਵਿਚ ਅਨਾਜ ਜ਼ਿਆਦਾ ਪੈਦਾ ਹੁੰਦਾ ਹੈ ਉਸ ਸਟੇਟ ਨਾਲ ਤੁਅੱਲਕਾਤ ਠੀਕ ਰੱਖਣ ਵਾਸਤੇ ਸੈਂਟਰ ਦੀ ਸਰਕਾਰ ਨੂੰ ਉਪਰਾਲੇ ਕਰਨੇ ਚਾਹੀਦੇ ਹਨ। ਮੇਰੀ ਇਹ ਰਾਏ ਹੈ ਕਿ ਜਿਸ ਤਰ੍ਹਾਂ ਇੰਡਸਟਰੀ ਨੂੰ ਰਿਆਇਤੀ ਦਰਾਂ ਤੇ ਕਰਜ਼ਾ ਮਿਲਦਾ ਹੈ ਉਸ ਤਰ੍ਹਾਂ ਹੀ ਖੇਤੀ–ਬਾੜੀ ਵਾਲਿਆ ਨੂੰ ਮਿਲਣਾ ਚਾਹੀਦਾ ਹੈ। ਇਹ ਬੇਇਨਸਾਫੀ ਹੁੰਦੀ ਆਈ ਹੈ, ਇਹ ਹੁਣ ਦੂਰ ਹੋਣੀ ਚਾਹੀਦੀ ਹੈ। ਫਸਲ ਦੇ ਭਾਅ ਪਹਿਲਾਂ ਮੁਕੱਰਰ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਨਾ ਕਰਨ ਨਾਲ ਝੋਨਾ ਖਰੀਦਣ ਵਾਲੇ ਸ਼ੈਲਰਾਂ ਵਾਲਿਆਂ ਨੂੰ ਵੀ ਡਿਫੀਕਲਟੀ ਆਉਂਦੀ ਹੈ ਅੰਰ ਏਜੰਸੀਆਂ ਖਰੀਦ ਨਹੀਂ ਕਰਦੀਆਂ। ਸੋ, ਰੇਟ ਪਹਿਲਾਂ ਮੁਕੱਰਰ ਹੋਣੇ ਚਾਹੀਦੇ ਹਨ ਅੰਰ ਝੋਨਾ ਛੇਤੀ ਚੁੱਕਣਾ ਚਾਹੀਦਾ ਹੈ। ਧੰਨਵਾਦ।

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ (ਕੁੰਮਕਲਾਂ, ਐਸ. ਸੀ) : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਨੇ ਬਹੁਤ ਹੀ ਗੰਭੀਰ ਮਸਲੇ ਤੇ ਆਪਣੇ ਆਪਣੇ ਤਜਰਬੇ ਤੋਂ ਆਪਣੇ ਆਪਣੇ ਵਿਚਾਰ ਦੱਸੇ ਹਨ। ਮੈਂ ਭੀ ਆਪਣੇ ਤਜਰਬੇ ਦੀ ਬਿਨਾਂ ਤੇ ਕੁਝ ਸ਼ਬਦ ਕਹਿਣਾ ਚਾਹੁੰਦਾ ਹਾਂ। ਮੈਂ ਆਪਣੇ ਹਲਕੇ ਵਿਚ ਗਿਆ ਸੀ। ਮਾਛੀਵਾੜੇ ਗਿਆ, ਉਚੇ ਪਿੰਡ ਦਾ ਦੌਰਾ ਕੀਤਾ। 12 ਤਾਰੀਖ ਨੂੰ ਮਾਛੀਵਾੜੇ ਤੋਂ ਕੁੰਮ ਗਿਆ। ਉਥੇ ਜਾਕੇ ਮੈਂ ਪ੍ਰੈਕਟੀਕਲੀ ਦੇਖਿਆ ਕਿ ਝੋਨੇ ਦੀ ਮੋਆਇਸਚਰ ਦਾ ਰੌਲਾ ਪੈਂਦਾ ਹੈ। ਮੈਂ ਮੋਆਇਸਚਰ ਨੂੰ ਮਾਪਣ ਦੀ ਕੋਸ਼ਿਸ਼ ਕੀਤੀ। ਮਾਰਕਫੈਡ ਪਾਸ ਆਪਣਾ ਯੰਤਰ ਹੈ ਅਤੇ ਐਫ. ਸੀ. ਆਈ. ਪਾਸ ਆਪਣਾ ਯੰਤਰ ਹੈ। ਦੋਨੋਂ ਯੰਤਰ ਵੱਖ ਵੱਖ ਨਤੀਜੇ ਦੱਸਦੇ ਹਨ। ਆਖਿਰ ਐਫ. ਸੀ. ਆਈ ਦੇ ਯੰਤਰ ਨੂੰ ਹੀ ਠੀਕ ਮੰਨ ਕੇ ਮੋਆਇਸਚਰ ਮਾਪਿਆ। ਉਥੇ ਇਕ ਲੱਖ ਕੁਇੰਟਲ ਝੋਨਾ ਪਿਆ ਸੀ। ਉਸ ਵਿਚੋਂ 50% ਝੋਨਾ ਐਸਾ ਸੀ ਜਿਸ ਦਾ ਮੋਆਇਸਚਰ 18% ਤੋਂ ਘੱਟ ਸੀ। ਮੈਂ ਜਦੋਂ ਕੁੰਮ ਮੰਡੀ ਗਿਆ ਤਾਂ ਉਥੇ 60% ਝੋਨਾ ਐਸਾ ਸੀ ਜਿਸ ਦਾ ਮੋਆਇਸਚਰ 18% ਤੋਂ ਘੱਟ ਸੀ।

ਸ਼੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਦੇ ਗਿਆਤ ਵਾਸਤੇ ਦੱਸਣਾ ਚਾਹੁੰਦਾ ਹਾਂ, ਕਿਉਂਕਿ ਕਈ ਮੈਂਬਰ ਸਾਹਿਬਾਨ ਨਵੇਂ ਹਨ, ਕਿ ਹਾਊਸ ਦੇ ਡੈਕੋਰਮ ਨੂੰ ਮੇਨਟੇਨ ਕਰਨ ਵਾਸਤੇ ਸੱਜੇ ਤੋਂ ਖੱਬੇ ਪਾਸੇ ਫਲੋਰ ਕਰਾਸ ਕਰਨਾ ਹਦਾਇਤਾਂ ਦੇ ਖਿਲਾਫ ਹੈ ਅੰਰ ਇਹ ਵੀ ਰਿਵਾਇਤ ਹੈ ਕਿ ਜਦੋਂ ਕੋਈ ਮੈਬਰ ਬੋਲਦਾ ਹੋਵੇ ਉਸ ਦੇ ਅਤੇ ਚੇਅਰ ਦੇ ਦਰਮਿਆਨ ਦੀ ਕਰਾਸ ਕਰਨਾ ਠੀਕ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ: ਸਪੀਕਰ ਸਾਹਿਬ, ਕੱਲ੍ਹ ਮੈਂ ਉਚਾ ਪਿੰਡ ਮੰਡੀ ਦਾ ਦੌਰਾ ਕੀਤਾ। ਮੇਰੇ ਨਾਲ ਸਰਦਾਰ ਅਮਰਜੀਤ ਸਿੰਘ, ਐਮ. ਐਲ. ਏ., ਵੀ ਸਨ। ਸਪੀਕਰ ਸਾਹਿਬ, ਲੋਕਾਂ ਨੇ ਝੋਨੇ ਨੂੰ ਸੁਕਾਉਣ ਵਾਸਤੇ ਫਰਸ਼ ਉਤੇ ਖਿਲਾਰਿਆ ਹੋਇਆ ਸੀ ਜੋ ਉਸ ਵੇਲੇ ਝੋਨੇ ਦੀ ਪੁਜ਼ੀਸ਼ਨ ਸੀ ਉਸ ਦੇ ਮੈਂ ਸੈਂਪਲ ਲਿਆਂਦੇ ਸਨ ਅੱਤੇ ਸੀ. ਐਮ. ਸਾਹਿਬ ਨੂੰ ਦਿਖਾਏ ਸਨ।

ਉਥੇ ਖਰੀਦ ਕਰਨ ਦੀ ਜ਼ਿੰਮੇਵਾਰੀ ਐਫ. ਸੀ. ਆਈ. ਦੀ ਹੈ। ਉਥੇ ਇਕ ਇਨਸਪੈਕਟਰ ਹੈ। ਇਸ ਤੋਂ ਇਲਾਵਾ ਉਥੇ ਇਕ ਟੈਕਨੀਕਲ ਸਬ-ਇਨਸਪੈਕਟਰ ਵੀ ਹੈ। ਅਸੀਂ ਉਨ੍ਹਾਂ ਨੂੰ ਆਖਿਆ ਕਿ ਵੱਖ ਵੱਖ ਸਪੈਸੀਮੈਨਾਂ ਵਿਚ ਜਿੰਨੀ ਮੋਆਇਸਚਰ ਹੈ ਉਹ ਸਾਨੂੰ ਦੱਸੀ ਜਾਵੇ। ਪਰ ਉਸ ਵੇਲੇ ਉਨ੍ਹਾਂ ਨੇ ਇਹ ਦੱਸਣ ਤੋਂ ਨਾਂਹ ਕਰ ਦਿੱਤੀ ਪਰ ਬਾਅਦ ਵਿਚ ਉਨ੍ਹਾਂ ਨੇ ਦੱਸਿਆ ਕਿ ਮੋਆਇਸਚਰ 16–17% ਤੋਂ ਵੱਧ ਨਹੀਂ ਹੈ। ਅਸੀਂ ਉਨ੍ਹਾਂ ਤੋਂ ਇਹ ਗੱਲ ਲਿਖਤੀ ਤੌਰ ਤੇ ਵੀ ਲੈ ਲਈ ਅਤੇ ਉਹ ਲਿਖਤ ਐਗਰੀਕਲਚਰ ਮਨਿਸਟਰ ਸਾਹਿਬ ਨੂੰ ਦੇ ਦਿੱਤੀ ਹੈ। ਅਸੀਂ ਕੱਲ੍ਹ ਇਹ ਸਪੈਸੀਮੈਨ ਇਥੇ ਪੇਸ਼ ਵੀ ਕਰਨਾ ਚਾਹੁੰਦੇ ਸੀ ਪਰ ਨਹੀਂ ਕਰ ਸਕੇ। ਅਸੀਂ ਇਹ ਵੇਖਿਆ ਕਿ ਉਥੇ ਕੋਈ ਖਰੀਦ ਨਹੀਂ ਹੋ ਰਹੀ। ਪਿਛਲੇ 10 ਦਿਨਾਂ ਤੋਂ ਕਿਸਾਨ ਉਥੇ ਬੈਠੇ ਹਨ। ਅਸੀਂ ਜਦੋਂ ਪੁੱਛਿਆ ਕਿ ਇਹ ਖਰੀਦ ਕਿਉਂ ਨਹੀਂ ਹੋ ਰਹੀ ਉਨ੍ਹਾਂ ਨੇ ਆਖਿਆ ਕਿ ਜਦੋਂ ਤਕ ਉਪਰੋਂ ਹੁਕਮ ਨਹੀਂ ਆਉਂਦਾ ਅਸੀਂ ਖਰੀਦ ਨਹੀਂ ਕਰਨੀ। ਸੋ, ਸਪੀਕਰ ਸਾਹਿਬ, ਅਸਲ ਵਿਚ ਸੈਂਟਰ ਵੱਲੋਂ ਐਫ. ਸੀ. ਆਈ. ਨੂੰ ਹਦਾਇਤ ਹੈ ਕਿ ਉਹ ਕਿਸੇ ਵੀ ਭਾਅ ਤੇ ਖਰੀਦ ਨਾ ਕਰੇ ਤਾਂ ਜੋ ਕਿਸਾਨਾਂ ਵਿਚ ਅਨਰੈਸਟ ਪੈਦਾ ਹੋਵੇ ਅਤੇ ਉਹ ਅਕਾਲੀ ਸਰਕਾਰ ਦੇ ਖਿਲਾਫ ਹੋਣ। ਮੈਂ ਇਹ ਗੱਲ ਉਚਾ ਪਿੰਡ ਮੰਡੀ ਦੀ ਦੱਸ ਰਿਹਾ ਹਾਂ। ਮੈਂ ਦੂਸਰੇ ਪਾਸੇ ਬੈਠੇ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਜਿਸ ਪਾਰਟੀ ਨਾਲ ਉਹ ਸਬੰਧ ਰੱਖਦੇ ਹਨ ਉਸ ਪਾਰਟੀ ਦੀ ਸੈਂਟਰ ਵਿਚ ਸਰਕਾਰ ਹੈ, ਉਹ ਸੈਂਟਰ ਸਰਕਾਰ ਨੂੰ ਬੇਨਤੀ ਕਰਨ ਕਿ ਜੋ ਭੀ ਭਾਅ ਫਿਕਸ ਹੋਇਆ ਹੈ ਘੱਟ ਤੋਂ ਘੱਟ ਉਸ ਭਾਅ ਤੇ ਕਿਸਾਨਾਂ ਦੀ ਜਿਣਸ ਦੀ ਖਰੀਦ ਕਰਨੀ ਚਾਹੀਦੀ ਹੈ। ਦੂਸਰੇ ਪਾਸੇ ਬੈਠੇ ਮੇਰੇ ਕੁਝ ਸਾਥੀਆਂ ਨੇ ਬੋਨਸ ਦੀ ਗੱਲ ਕੀਤੀ ਹੈ। ਇਹ ਚੰਗੀ ਗੱਲ ਹੈ ਪਰ ਮੇਰੇ ਸਾਹਮਣੇ ਬੈਠੇ ਸਾਥੀਆਂ ਨੂੰ ਪਤਾ ਹੈ ਕਿ ਉਹ ਖਜ਼ਾਨਾ ਖਾਲੀ ਛੱਡ ਕੇ ਗਏ ਹਨ ਜੋ ਕਿ ਪਹਿਲੀ ਸਰਕਾਰ ਦੀਆਂ ਗਲਤ ਨੀਤੀਆਂ ਦਾ ਸਿੱਟਾ ਹੈ। ਅੱਜ ਇਹ ਬੋਨਸ ਦੀ ਗੱਲ ਕਰਕੇ ਸਿਰਫ ਸ਼ਲਾਘਾ ਲੈਣੀ ਚਾਹੁੰਦੇ ਹਨ ਪਰ ਮੈਂ ਸਮਝਦਾ ਹਾਂ ਕਿ ਚਾਹੇ ਖਜ਼ਾਨਾ ਖਾਲੀ ਹੋ ਗਿਆ ਹੈ ਫਿਰ ਭੀ ਕਿਸਾਨ ਨੂੰ ਬੋਨਸ ਦੇਣਾ ਚਾਹੀਦਾ ਹੈ। ਜੋ ਸਰਕਾਰ ਦੀ ਪਾਲਿਸੀ ਹੈ ਉਸ ਦੇ ਮੁਤਾਬਿਕ ਖਰੀਦ ਜਲਦੀ ਕਰਨੀ ਚਾਹੀਦੀ ਹੈ ਤਾਂ ਜੋ ਕਿਸਾਨ ਦਾ ਨੁਕਸਾਨ ਨਾ ਹੋਵੇ। ਕਿਸੇ ਰਾਈਟਰ ਨੇ ਲਿਖਿਆ ਹੈ ਕਿ ਜਿਸ ਦੇਸ਼ ਦਾ ਕਿਸਾਨ ਮਰ ਜਾਵੇ ਉਹ ਮੁਲਕ ਹੀ ਮਰ ਜਾਇਆ ਕਰਦਾ ਹੈ। ਮੈਂ ਫਿਰ ਬੇਨਤੀ ਕਰਦਾ ਹਾਂ ਕਿ ਬੋਨਸ ਜ਼ਰੂਰ ਦੇਣਾ ਚਾਹੀਦਾ ਹੈ।

ਖੇਤੀਬਾੜੀ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਸਪੀਕਰ ਸਾਹਿਬ, ਅੱਜ ਇਸ ਹਾਊਸ ਵਿਚ ਜਿਹੜੇ ਮੈਂਬਰ ਸਾਹਿਬਾਨ ਨੇ ਸ਼ੰਕਾਂ ਪ੍ਰਗਟ ਕੀਤੀ ਹੈ ਪ੍ਰੋਕਿਓਰਮੈਂਟ ਦੇ ਬਾਰੇ ਵਿਚ ਮੈਨੂੰ ਉਨ੍ਹਾਂ ਦੇ ਨਾਲ ਪੂਰੀ ਹਮਦਰਦੀ ਹੈ। ਅੱਜ ਪ੍ਰੋਕਿਓਰਮੈਂਟ ਦੀ ਜੋ ਹਾਲਤ ਬਣੀ ਹੋਈ ਹੈ ਇਸ ਦੇ ਬਾਰੇ ਮੈਂਬਰ ਸਾਹਿਬਾਨ ਨੇ ਬਹੁਤ ਗੱਲਾਂ ਕੀਤੀਆਂ ਹਨ। ਇਸ ਤੋਂ ਪਹਿਲਾਂ, ਜਿਹੜੀਆਂ ਮੈਂਬਰਾਂ ਨੇ ਗੱਲਾਂ ਕਹੀਆਂ ਹਨ, ਮੈਂ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ। ਉਹ ਇਕ ਹੈ ਪ੍ਰੋਕਿਓਰਮੈਂਟ ਪ੍ਰਾਈਸ ਦੇ ਬਾਰੇ ਵਿਚ ਅੱਤੇ ਦੂਜੀ ਹੈ ਲੇਟ ਅਨਾਊਂਸਮੈਂਟ ਜਿਹੜੀ ਪ੍ਰਾਈਸ ਦੀ ਹੋਈ ਹੈ ਉਸ ਦੇ ਬਾਰੇ ਵਿਚ। ਪ੍ਰੋਕਿਓਰਮੈਂਟ ਪ੍ਰਾਈਸ ਦੇ ਬਾਰੇ ਵਿਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਸ ਦੀ ਪ੍ਰਾਈਸ 162/- ਰੁਪਏ ਮੰਗੀ ਸੀ ਲੇਕਿਨ ਸਾਡੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਇਹ ਅਨਾਊਂਸਮੈਂਟ 142/- ਰੁਪਏ ਦੀ ਹੋਈ। ਮੈਂ ਸਮਝਦਾ ਹਾਂ ਕਿ ਕਿਸੇ ਵੀ ਦੁਨੀਆਂ ਦੇ ਦੇਸ਼ ਵਿਚ ਵੇਖ ਲਓ ਜਿਥੇ ਐਗਰੀਕਲਚਰ ਬਹੁਤ ਐਡਵਾਂਸ ਹੈ ਉਥੇ ਭਾਅ ਇਨਪੁਟਸ ਅੱਤੇ ਹੋਰ ਖਰਚੇ ਵੇਖ ਕੇ ਫਿਕਸ ਕੀਤੇ ਜਾਂਦੇ ਹਨ। ਪਰ ਇਥੇ ਪ੍ਰਾਈਸ ਫਿਕਸ ਕਰਨ ਵੇਲੇ ਇਕ ਜਾਂ ਦੋ ਰੁਪਏ ਭਾਅ

Original with;
Punjab Vidhan Sabha
Digitized by;
Panjab Digital Library

ਵਧਾਇਆ ਜਾਂਦਾ ਹੈ ਪਰ ਪ੍ਰਾਈਸ ਵਿਚ ਇਨਫਲੇਸ਼ਨ 8–9% ਚਲ ਰਹੀ ਹੁੰਦੀ ਹੈ। ਇਹ ਜੋ ਪ੍ਰਾਈਸ ਵਿਚ ਕੇਂਦਰੀ ਸਰਕਾਰ ਨੇ 5/- ਰੁਪਏ ਦਾ ਵਾਧਾ ਕੀਤਾ ਹੈ ਇਹ ਬਹੁਤ ਥੋੜ੍ਹਾ ਹੈ ਜਦੋਂ ਕਿ ਬਾਕੀ ਚੀਜ਼ਾਂ ਦੀ ਪ੍ਰਾਈਸ ਵਿਚ ਇਨਫਲੇਸ਼ਨ ਕਈ ਗੁਣਾ ਜ਼ਿਆਦਾ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲ ਨੁਕਸਾਨ ਤਾਂ ਸਾਡੇ ਮੁਲਕ ਦੇ ਕਿਸਾਨਾਂ ਦਾ ਹੋ ਰਿਹਾ ਹੈ ਅੌਰ ਖਾਸ ਕਰਕੇ ਜਿਹੜਾ ਸੂਬਾ ਜ਼ਿਆਦਾ ਅਨਾਜ ਪੈਦਾ ਕਰਦਾ ਹੈ ਉਸ ਦਾ ਹੋ ਰਿਹਾ ਹੈ। ਪਤਾ ਨਹੀਂ ਕਿਹੜੀਆਂ ਗੱਲਾਂ ਨੂੰ ਵੇਖ ਕੇ ਪ੍ਰਾਈਸ ਫਿਕਸ ਕੀਤੀ ਜਾਂਦੀ ਹੈ। ਫੈਸਲਾ ਕਰਨ ਵੇਲੇ ਅੱਜ ਕੱਲ੍ਹ ਦੇ ਹਾਲਾਤ ਅੌਰ ਪ੍ਰਾਈਸ ਨੂੰ ਮੁੱਖ ਨਹੀਂ ਰੱਖਿਆ ਜਾਂਦਾ। ਮੈਂ ਸਮਝਦਾ ਹਾਂ ਕਿ ਕਿਸੇ ਚੀਜ਼ ਦੀ ਵੀ ਪ੍ਰੋਕਿਓਰਮੈਂਟ ਪ੍ਰਾਈਸ ਬੜੀ ਸੋਚ ਸਮਝ ਕੇ ਸੈਂਟਰਲ ਸਰਕਾਰ ਨੂੰ ਫਿਕਸ ਕਰਨੀ ਚਾਹੀਦੀ ਹੈ।

ਦੂਜੀ ਗੱਲ ਮੈਂ ਪ੍ਰਾਈਸ ਦੀ ਅਨਾਊਂਸਮੈਂਟ ਦੇ ਬਾਰੇ ਵਿਚ ਦੱਸਣਾ ਚਾਹੁੰਦਾ ਹਾਂ। ਸਾਡੇ ਸੂਬੇ ਵਿਚ 21 ਸਤੰਬਰ ਨੂੰ ਮੰਡੀਆਂ ਵਿਚ ਝੋਨਾ ਆਉਣਾ ਸ਼ੁਰੂ ਹੋ ਗਿਆ ਸੀ ਜਦ ਕਿ ਇਸ ਦੀ ਪ੍ਰਾਈਸ ਦੀ ਅਨਾਊਂਸਮੈਂਟ ਪਿਛਲੇ ਹਫਤੇ ਹੋਈ ਹੈ। ਜਦੋਂ ਤਕ ਪ੍ਰਾਈਸ ਦੀ ਅਨਾਊਂਸਮੈਂਟ ਨਹੀਂ ਹੋਈ ਐਫ. ਸੀ. ਆਈ. ਕੋਈ ਖਰੀਦ ਨਹੀਂ ਕਰ ਸਕਦੀ। ਪਰ ਅਸੀਂ ਆਪਣੀਆਂ ਏਜੰਸੀਆਂ ਤੋਂ ਇਹ ਖਰੀਦ ਸ਼ੁਰੂ ਕਰਵਾਈ ਅੌਰ ਇਹ ਕਿਹਾ ਗਿਆ ਕਿ ਜੋ ਵੀ ਪ੍ਰਾਈਸ ਦੀ ਅਨਾਊਂਸਮੈਂਟ ਹੋਵੇਗੀ ਉਹ ਬਾਅਦ ਵਿਚ ਅਸੀਂ ਪੂਰੀ ਕਰ ਦਿਆਂਗੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੂਰੇ ਪੰਜਾਬ ਵਿਚ ਇਸ ਵੇਲੇ ਅਸੀਂ 75 ਲੱਖ ਟਨ ਪੈਦਾਵਾਰ ਦੀ ਉਮੀਦ ਕਰਦੇ ਹਾਂ ਜਦ ਕਿ ਪਿਛਲੇ ਸਾਲ ਇਹ 70 ਲੱਖ ਟਨ ਪੈਦਾਵਾਰ ਹੋਈ ਸੀ। ਇਸ ਵਿਚੋਂ ਤਕਰੀਬਨ 7 ਲੱਖ ਟਨ ਸਾਡੀਆਂ ਏਜੰਸੀਆਂ ਨੇ ਖਰੀਦ ਕਰਨੀ ਹੈ ਅੌਰ 26–27 ਲੱਖ ਟਨ ਐਫ. ਸੀ. ਆਈ. ਨੇ ਖਰੀਦ ਕਰਨੀ ਹੈ। ਲੇਕਿਨ ਹਾਲਤ ਇਹ ਹੈ ਕਿ ਅੱਜ ਤਕ 10 ਲੱਖ 72 ਹਜ਼ਾਰ ਟਨ ਜ਼ੀਰੀ ਮੰਡੀਆਂ ਵਿਚ ਆਈ ਹੈ ਅੌਰ ਇਸ ਵਿਚੋਂ ਇਕ ਲੱਖ 22 ਹਜ਼ਾਰ ਟਨ ਸਾਡੀਆਂ ਏਜੰਸੀਆਂ ਨੇ ਖਰੀਦ ਕੀਤੀ ਹੈ ਅੌਰ 83 ਹਜ਼ਾਰ ਟਨ ਐਫ. ਸੀ. ਆਈ. ਨੇ ਖਰੀਦ ਕੀਤੀ ਹੈ ਜਦੋਂ ਕਿ ਪਿਛਲੇ ਸਾਲ ਇਸ ਮਹੀਨੇ ਦੀ 16 ਤਾਰੀਖ ਤਕ ਐਫ.ਸੀ.ਆਈ. ਨੇ 4 ਲੱਖ 11 ਹਜ਼ਾਰ ਟਨ ਦੀ ਖ਼ਰੀਦ ਕੀਤੀ ਸੀ ਪਰ ਐਤਕੀਂ ਸਿਰਫ 83 ਹਜ਼ਾਰ ਟਨ ਦੀ ਖਰੀਦੀ ਕੀਤੀ ਹੈ ਜਿਹੜੀ ਕਿ ਪਹਿਲੇ ਨਾਲੋਂ ਸਿਰਫ 20% ਬਣਦੀ ਹੈ। ਇਥੇ ਮਾਰਕਫੈਡ ਦੇ ਬਾਰੇ ਕਾਫੀ ਗੱਲ ਕੀਤੀ ਗਈ ਹੈ। ਇਸ ਦੇ ਬਾਰੇ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ 16 ਹਜ਼ਾਰ ਟਨ ਦੀ ਖਰੀਦ ਮਾਰਕਫੈਡ ਵੱਲੋਂ ਕੀਤੀ ਗਈ ਸੀ ਇਸ ਵਾਰ ਇਹ ਹੁਣ ਤਕ 11 ਹਜ਼ਾਰ 2 ਸੌ ਟਨ ਦੀ ਖਰੀਦ ਹੋ ਗਈ ਹੈ ਜਦੋਂ ਕਿ ਹਾਲੇ ਕਾਫੀ ਜਿਣਸ ਮਾਰਕਿਟ ਵਿਚ ਆਉਣੀ ਹੈ ਅੌਰ ਹੋਰ ਖਰੀਦ ਕਰਨੀ ਹੈ। ਸਪੀਕਰ ਸਾਹਿਬ, ਸਾਡੇ ਕੋਲ ਤਿੰਨ ਏਜੰਸੀਆਂ ਹਨ ਖਰੀਦ ਕਰਨ ਲਈ। ਇਕ ਸਿਵਲ ਸਪਲਾਈ, ਇਕ ਮਾਰਕਫੈਡ ਅਤੇ ਇਕ ਪਨਸਪ। ਮੈਂ ਦੱਸਦਾ ਹਾਂ ਕਿ ਕੁਲ ਉਪਜ ਦਾ 65 ਫੀ ਸਦੀ ਖਰੀਦ ਐਫ. ਸੀ. ਆਈ. ਨੇ ਕਰਨੀ ਹੁੰਦੀ ਹੈ ਅੌਰ 35% ਸਟੇਟ ਨੇ ਕਰਨੀ ਹੁੰਦੀ ਹੈ। ਪਰ ਇਸ ਵਾਰ ਹੁਣ ਤਕ ਇਹ ਹਾਲ ਹੈ ਕਿ ਫੂਡ ਕਾਰਪੋਰੇਸ਼ਨ ਨੇ ਤਾਂ ਸਿਰਫ 40% ਹੀ ਖਰੀਦ ਕੀਤੀ ਹੈ ਅੌਰ ਅਸੀਂ 60% ਖਰੀਦ ਕਰ ਲਈ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਸੈਂਟਰ ਸਰਕਾਰ ਨੇ ਜਿਹੜੀ ਖਰੀਦ ਕਰਨੀ ਹੈ ਉਹ ਪੂਰੀ ਨਹੀਂ ਕਰ ਰਹੀ ਹੈ। ਭਾਵੇਂ ਇਸ ਵਿਚ ਉਨ੍ਹਾਂ ਨੂੰ ਲੇਬਰ ਦੀ ਤਕਲੀਫ ਹੈ ਜਾਂ ਹੋਰ ਤਕਲੀਫ ਹੈ ਪਰ ਇਹ ਖਰੀਦ ਪੂਰੀ ਨਹੀਂ ਕਰ ਸਕੇ। ਇਸ ਸੰਬੰਧ ਵਿਚ ਅਸੀਂ ਉਨ੍ਹਾਂ ਨਾਲ ਗਲ ਵੀ ਕੀਤੀ ਹੈ ਅੌਰ ਉਨ੍ਹਾਂ ਨੇ ਸਾਨੂੰ ਭਰੋਸਾ ਦਿਵਾਇਆ ਹੈ ਕਿ ਉਹ ਪੂਰੀ ਖਰੀਦ ਕਰਨਗੇ ਪਰ ਮੈਨੂੰ ਸ਼ੱਕ ਹੈ। ਅਸੀਂ ਉਨ੍ਹਾਂ ਦੇ ਭਰੋਸੇ ਤੇ ਨਹੀਂ ਰਹਾਂਗੇ। ਅੌਰ ਅਸੀਂ ਇਸ ਦਾ ਆਪਣਾ ਪ੍ਰਬੰਧ ਕੀਤਾ ਹੈ। ਜਿਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਟੇਟ ਦੇ ਵਿਚ 735 ਮੰਡੀਆਂ ਹਨ ਇਨ੍ਹਾਂ ਵਿਚੋਂ 377 ਮੰਡੀਆਂ ਐਫ. ਸੀ. ਆਈ. ਦੇ ਕੋਲ ਹਨ ਅਤੇ 329 ਮੰਡੀਆਂ ਸਾਡੀ ਸਟੇਟ ਕੋਲ ਹਨ। ਇਸ ਤੋਂ ਇਲਾਵਾ, 28 ਮੰਡੀਆਂ ਐਸੀਆਂ ਹਨ ਜਿਥੇ ਅਸੀਂ ਜੁਆਇੰਟ ਸ਼ੇਅਰ ਕਰਦੇ ਹਾਂ। ਅਸੀਂ ਅੱਜ ਤਕਰੀਬਨ 100 ਮੰਡੀਆਂ, ਜਿਹੜੀਆਂ ਐਫ. ਸੀ. ਆਈ. ਦੇ ਕੋਲ ਸਨ, ਨੂੰ ਟੇਕ ਓਵਰ ਕੀਤਾ ਹੈ ਤਾਂਕਿ ਅਸੀਂ ਇਨ੍ਹਾਂ ਮੰਡੀਆਂ ਵਿਚ ਪਰੋਕਿਓਰਮੈਂਟ ਕਰ ਸਕੀਏ। (ਥੰਪਿੰਗ)

Original with;
Punjab Vidhan Sabha
Digitized by:
Panjab Digital Library

[ਖੇਤੀਬਾੜੀ ਮੰਤਰੀ]

ਅੱਜ ਹੀ 50 ਮੰਡੀਆਂ ਵਿਚ ਖਰੀਦ ਸ਼ੁਰੂ ਹੋ ਗਈ ਹੈ। ਇਹ ਇਨ੍ਹਾਂ ਜ਼ਿਲ੍ਹਿਆਂ ਦੇ ਵਿਚ ਆਉਂਦੀਆਂ ਹਨ ਜਿਵੇਂ, ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਸੰਗਰੂਰ, ਪਟਿਆਲਾ, ਗੁਰਦਾਸਪੁਰ, ਫਰੀਦਕੋਟ ਅੌਰ ਹੋਰ 50 ਮੰਡੀਆਂ ਜਿਹੜੀਆਂ ਰਹਿ ਗਈਆਂ ਹਨ ਉਥੇ ਖਰੀਦ ਵੀ ਸ਼ੁਰੂ ਕਰ ਰਹੇ ਹਾਂ। ਮਾਰਕਫੈਡ ਨੇ, ਜਿਸ ਦਾ ਇਨ੍ਹਾਂ ਨੇ ਖਾਸ ਤੌਰ ਤੇ ਜ਼ਿਕਰ ਕੀਤਾ ਹੈ, ਇਸ ਵਕਤ 11 ਹਜ਼ਾਰ ਟਨ ਦੀ ਖਰੀਦ ਕੀਤੀ ਹੈ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਗਲੇ ਸੋਮਵਾਰ ਤੱਕ ਸਾਡੀਆਂ ਏਜੰਸੀਆਂ ਇਕ ਲੱਖ ਟਨ ਤੱਕ ਪਹੁੰਚ ਜਾਣਗੀਆਂ। ਕੁਝ ਸਵਾਲ ਪਰੋਕਿਓਰਮੈਂਟ ਬਾਰੇ ਇਥੇ ਉਠਾਏ ਗਏ ਸਨ। ਇਸ ਬਾਰੇ ਮੈਂ ਦਸਦਾ ਹਾਂ ਕਿ ਤੁਸੀਂ 18% ਕਿਹਾ ਕਿ ਉਹ ਸਪੈਸੀਫੀਕੇਸ਼ਨ ਚਾਹੁੰਦੀ ਹੈ। ਅਗਰ ਐਫ. ਸੀ. ਆਈ. ਵਾਲਿਆਂ ਦੀ 18% ਸਪੈਸੀਫੀਕੇਸ਼ਨ ਹੈ ਤਾਂ ਸਾਡੀ ਵੀ ਆਪਣੀ ਸਪੈਸੀਫੀਕੇਸ਼ਨ ਹੁੰਦੀ ਹੈ। ਸਾਡੀਆਂ ਏਜੰਸੀਆਂ 18% ਤੇ ਖਰੀਦ ਕਰ ਰਹੀਆਂ ਹਨ। ਇਥੇ ਮੈਂਬਰ ਸਾਹਿਬ ਕਲ੍ਹ ਹੀ ਉੱਚਾ ਪਿੰਡ ਗਏ ਸਨ ਅਤੇ ਉਹ ਸੈਂਪਲ ਲੈ ਕੇ ਆਏ ਸਨ। ਉਨ੍ਹਾਂ ਨੇ ਮੈਨੂੰ ਅਤੇ ਸੀ. ਐਮ. ਸਾਹਿਬ ਨੂੰ ਵਿਖਾਇਆ ਹੈ ਪਰ ਐਫ. ਸੀ. ਆਈ. ਵਾਲੇ ਜ਼ੀਰੀ ਨੂੰ 16–17% ਤੇ ਨਹੀਂ ਚੁੱਕਦੇ। ਦੂਜੀ ਗੱਲ ਮੈਂ ਬੋਨਸ ਬਾਰੇ ਕਰਨੀ ਚਾਹੁੰਦਾ ਹਾਂ ਕਿ ਬੋਨਸ ਦਾ ਐਲਾਨ ਸੈਂਟਰ ਦੀ ਸਰਕਾਰ ਨੇ ਕਰਨਾ ਹੈ। ਪਿਛਲੀ ਵਾਰ ਇਸ ਦਾ ਐਲਾਨ ਸੈਂਟਰ ਵਲੋਂ 2 ਵਾਰ ਕੀਤਾ ਗਿਆ ਸੀ। ਪਹਿਲੇ ਪ੍ਰਾਈਮ ਮਨਿਸਟਰ ਸਾਹਿਬ ਨੇ ਕਣਕ ਤੇ ਬੋਨਸ ਦੀ ਅਨਾਊਂਸਮੈਂਟ ਹੁਸੈਨੀਵਾਲਾ ਵਿਚ ਕੀਤੀ ਸੀ ਅਤੇ ਇਥੇ 5ਰੁ ਪਏ ਬੋਨਸ ਦਾ ਐਲਾਨ ਕੀਤਾ ਗਿਆ ਸੀ। ਇਸ ਤੋਂ ਬਾਅਦ 3/- ਰੁਪਏ ਬੋਨਸ ਜ਼ੀਰੀ ਤੇ ਐਲਾਨ ਕੀਤਾ ਗਿਆ ਸੀ ਜਦੋਂ ਇਥੇ ਗਵਰਨਰੀ ਰਾਜ ਸੀ ਜਿਸ ਦੀ ਰੀਐਮਬਰਸਮੈਂਟ ਦਿੱਲੀ ਦੀ ਸਰਕਾਰ ਕਰੇਗੀ। ਇਹ ਬੋਨਸ ਸੈਂਟਰ ਦੇ ਨਾਲ ਸਬੰਧ ਰੱਖਦਾ ਹੈ। ਆਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਨੇ ਕਿਹਾ ਹੈ ਕਿ ਅੱਜ ਹੀ ਇਸ ਦਾ ਐਲਾਨ ਕਰ ਦਿੱਤਾ ਜਾਵੇ। ਇਹ ਦਿੱਲੀ ਦੀ ਸਰਕਾਰ ਨਾਲ ਗੱਲ ਕਰ ਲੈਣ, ਇਨ੍ਹਾਂ ਦੀ ਪਾਰਟੀ ਦੀ ਸਰਕਾਰ ਹੈ ਅਤੇ ਦਿੱਲੀ ਦੀ ਸਰਕਾਰ ਸਾਨੂੰ ਰੀਐਮਬਰਸਮੈਂਟ ਕਰ ਦੇਵੇ ਤੇ ਅਸੀਂ ਐਲਾਨ ਉਸੇ ਹਿਸਾਬ ਨਾਲ ਕਰ ਦੇਵਾਂਗੇ। ਤੁਸੀਂ ਸਟੇਟ ਏਜੰਸੀ ਦੀ ਖਰੀਦ ਬਾਰੇ ਗੱਲ ਕੀਤੀ ਹੈ। ਮੈਂ ਦੱਸਦਾ ਹਾਂ ਕਿ ਬਿਲਕੁਲ ਪਿਛਲੇ ਸਾਲਾਂ ਨਾਲੋਂ ਉਲਟ ਚੱਲ ਰਹੀ ਹੈ। ਪਿਛਲੇ ਸਾਲ 65% ਜ਼ੀਰੀ ਦੀ ਖਰੀਦ ਹੁਣ ਤੱਕ ਹੋ ਚੁੱਕੀ ਸੀ ਪਰ ਇਸ ਸਾਲ ਬੜੀ ਘੱਟ ਖਰੀਦ ਐਫ. ਸੀ. ਆਈ. ਵਲੋਂ ਕੀਤੀ ਗਈ ਹੈ। ਅਗਰ ਕੋਈ ਵੀ ਮੈਂਬਰ ਸਾਨੂੰ ਸੁਜੈਸ਼ਨ ਦੇਵੇਗਾ ਅਸੀਂ ਉਸ ਨੂੰ ਸੁਣਨ ਲਈ ਤਿਆਰ ਹਾਂ ਅਤੇ ਵਿਚਾਰ ਕਰਾਂਗੇ। ਇਸ ਵਕਤ ਜਿਹੜੇ ਹਾਲਾਤ ਹਨ ਉਹ ਬਹੁਤ ਗੰਭੀਰ ਹਨ ਅਤੇ ਕਿਸਾਨ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਜਿਸ ਕਰਕੇ ਸੀ. ਐਮ. ਸਾਹਿਬ ਨੇ ਮੈਨੂੰ ਪਰਸੋਂ ਹੀ ਸਿਵਿਲ ਸਪਲਾਈਜ਼ ਮਨਿਸਟਰ ਨਾਲ ਦਿੱਲੀ ਗੱਲ ਬਾਤ ਕਰਨ ਲਈ ਭੇਜਿਆ ਸੀ। ਉਨ੍ਹਾਂ ਨਾਲ ਮੇਰੀ ਗੱਲ ਬਾਤ ਹੋਈ ਹੈ ਅਤੇ ਸਾਨੂੰ ਭਰੋਸਾ ਵੀ ਦਿੱਤਾ ਹੈ ਪਰ 3 ਦਿਨ ਹੋ ਗਏ ਹਨ ਐਫ. ਸੀ. ਆਈ. ਵਲੋਂ ਖਰੀਦ ਵਿਚ ਪਿੱਕ ਅੱਪ ਨਹੀਂ ਆਈ ਹੈ। ਜਿਹੜੀ ਪਹਿਲੇ ਪਰੋਕਿਓਰਮੈਂਟ 14 ਹਜ਼ਾਰ ਟਨ ਦੀ ਸੀ ਉਹ ਹੁਣ 17 ਹਜ਼ਾਰ ਟਨ ਹੋ ਗਈ ਹੈ। ਜਦ ਕਿ ਪਿਛਲੇ ਸਾਲ ਇਨ੍ਹਾਂ ਦੀ ਪਰੋਕਿਓਰਮੈਂਟ 546 ਟਨ ਦੀ ਸੀ। ਅਸੀਂ ਇਨ੍ਹਾਂ ਦੇ ਐਮ. ਡੀ. ਨੂੰ ਸਦਿਆ ਸੀ ਤਾਕਿ ਸਾਡੇ ਨਾਲ ਵਿਚਾਰ ਕਰ ਸਕਣ। ਉਨ੍ਹਾਂ ਨੇ ਸਾਨੂੰ ਭਰੋਸਾ ਦਿੱਤਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਕਾਫੀ ਪਰੋਕਿਓਰਮੈਂਟ ਕੀਤੀ ਜਾਵੇਗੀ ਅੌਰ ਇਸ ਦਾ ਸਮਾਂ ਕੇਵਲ 30 ਦਿਨ ਰਹਿ ਗਏ ਹਨ ਅੌਰ ਇਨ੍ਹਾਂ ਨੇ ਟੋਟਲ 26 ਲੱਖ ਟਨ ਪਰੋਕਿਓਰਮੈਂਟ ਕਰਨੀ ਹੈ। ਅਗਰ ਇਹ ਡੇਲੀ 90 ਹਜ਼ਾਰ ਟਨ ਖਰੀਦ ਵੀ ਕਰਨ ਤਾਂ ਇਹ 30 ਦਿਨਾਂ ਵਿਚ ਪੂਰੀ ਕਰ ਸਕਣਗੇ। ਐਫ. ਸੀ. ਆਈ. ਵਾਲੇ ਕਰਨ ਚਾਹੇ ਨਾ ਕਰਨ ਪਰ ਸਾਡੀ ਏਜੰਸੀ ਇਸੇ ਕਰਕੇ 100 ਮੰਡੀਆਂ ਦੇ ਵਿਚ ਪਰਚੇਜ਼ ਸ਼ੁਰੂ ਕਰਨ ਲਈ ਅੱਗੇ ਆ ਗਈ ਹੈ। ਅਗਰ ਕਿਸੇ ਮੰਡੀ ਵਿਚ ਗਲੱਟ ਹੋਵੇ ਤਾਂ ਉਸ ਨੂੰ ਦੂਰ ਕੀਤਾ ਜਾ ਸਕਦਾ ਹੈ। ਇਸ ਬਾਰੇ ਮੈਨੂੰ ਆ ਕੇ ਦੱਸ ਸਕਦੇ ਹਨ। ਇਸ ਦੇ ਲਈ, ਸਾਨੂੰ ਲੌਂਗ ਟਰਮ ਪਲਾਨਿੰਗ ਕਰਨੀ ਚਾਹੀਦੀ ਹੈ। ਸਾਡੀ ਸਟੇਟ ਏਜੰਸੀ ਪਰੋਕਿਓਰਮੈਂਟ ਨੂੰ ਪਿੱਕ ਅੱਪ ਕਰ ਰਹੀ ਹੈ ਤਾਂਕਿ ਅਸੀਂ ਐਫ. ਸੀ. ਆਈ. ਉਤੇ ਡੀਪੈਂਡ ਨਾ ਰਹਿ ਸਕੀਏ। ਦੂਜਾ ਐਫ.

Original with;
Punjab Vidhan Sabha
Digitized by;
Panjab Digital Library

ਸੀ. ਆਈ. ਵਾਲੇ ਪੂਰੇ ਜ਼ੋਰ ਨਾਲ ਪਰੋਕਿਓਰਮੈਂਟ ਕਰਨ ਔਰ ਇਸ ਸਬੰਧ ਵਿਚ ਸੀ. ਐਮ. ਸਾਹਿਬ ਨੇ ਸੈਂਟਰ ਨੂੰ ਵੀ ਚਿੱਠੀਆਂ ਲਿਖੀਆਂ ਹਨ ਤਾਕਿ ਪੰਜਾਬ ਵਿਚ ਖਰੀਦ ਜ਼ਿਆਦਾ ਤੋਂ ਜ਼ਿਆਦਾ ਹੋ ਸਕੇ ਔਰ ਇਸ ਨੂੰ ਸਟੈਪ-ਅੱਪ ਕੀਤਾ ਜਾ ਸਕੇ। ਐਫ. ਸੀ. ਆਈ. ਘੱਟ ਭਾਅ ਤੇ ਖਰੀਦ ਕਰ ਸਕਦਾ ਹੈ ਪਰ ਸਾਡੀ ਏਜੰਸੀ 142/- ਰੁਪਏ ਤੋਂ ਘੱਟ ਖਰੀਦ ਨਹੀਂ ਕਰੇਗੀ ਤਾਕਿ ਕਿਸਾਨ ਨੂੰ ਘਾਟਾ ਨਾ ਪਵੇ। ਅਸੀਂ ਸੈਂਟਰ ਨੂੰ ਲਿਖ ਰਹੇ ਹਾਂ ਕਿ ਓਪਨ ਲਾਈਸੈਂਸ ਪਰਮਲ ਦਾ ਕੀਤਾ ਜਾਵੇ ਤਾਕਿ ਅਸੀਂ 20 ਲੱਖ ਟਨ ਐਕਸਪੋਰਟ ਕਰ ਸਕੀਏ ਤਾਕਿ ਅਸੀਂ ਜ਼ੀਰੀ ਦਾ ਸਟਾਕ ਖਤਮ ਕਰ ਸਕੀਏ ਅਤੇ 500 ਕਰੋੜ ਰੁਪਏ ਦਾ ਫਾਰਨ ਐਕਸਚੇਂਜ ਸਾਡੀ ਸਟੇਟ ਨੂੰ ਆਵੇਗਾ। ਦੂਸਰਾ, 5–6 ਸਟੇਟਾਂ ਦੇ ਨਾਲ ਅਸੀਂ ਗੱਲ ਬਾਤ ਕੀਤੀ ਔਰ ਉਹ ਸਾਡੇ ਚਾਵਲ ਖਰੀਦਣਾ ਚਾਹੁੰਦੇ ਹਨ ਜਿਸ ਦੀ ਆਫਰ ਅਸੀਂ ਦੇ ਦਿੱਤੀ ਹੈ ਤਾਂਕਿ ਸਾਡਾ ਸਟਾਕ ਨਿਕਲ ਸਕੇ। ਮੈਂ ਸਮਝਦਾ ਹਾਂ ਕਿ ਜਿੰਨਾਂ ਨੁਕਸਾਨ ਅਤੇ ਦੁਖ, ਤਕਲੀਫਾਂ ਦਾ ਸਾਹਮਣਾ ਸਾਡੇ ਪੰਜਾਬੀ ਕਿਸਾਨ ਨੂੰ ਕਰਨਾ ਪੈਂਦਾ ਹੈ ਉਹ ਅਸੀਂ ਜਾਣਦੇ ਹਾਂ, ਜਿਹੜਾ ਬੜੀ ਮਿਹਨਤ ਕਰਕੇ ਅਨਾਜ ਦੀ ਪੈਦਾਵਾਰ ਵਾਧੂ ਕਰਦਾ ਹੈ ਔਰ ਜਿਹੜੀਆਂ ਉਸ ਦੀਆਂ ਮੁਸ਼ਕਲਾਂ ਹਨ ਉਨ੍ਹਾਂ ਨੂੰ ਅਸੀਂ ਦੂਰ ਕਰਾਂਗੇ ਕਿਉਂਕਿ ਉਸ ਨੇ ਹਮੇਸ਼ਾ ਸਾਡੀ ਲੋੜ ਨੂੰ ਪੂਰਾ ਕੀਤਾ ਹੈ। ਜਦੋਂ ਵੀ ਇਸ ਦੇਸ਼ ਵਿਚ ਅਨਾਜ ਦੀ ਘਾਟ ਮਹਿਸੂਸ ਕੀਤੀ ਗਈ ਤਦ ਹੀ ਸਾਡੇ ਕਿਸਾਨਾਂ ਨੇ ਮਿਹਨਤ ਕਰਕੇ ਇਸ ਦੀ ਪੈਦਾਵਾਰ ਵਿਚ ਵਾਧਾ ਕੀਤਾ ਹੈ। ਅਤੇ ਇਸ ਦੇਸ਼ ਦਾ ਸਾਥ ਦਿੱਤਾ ਹੈ ਪਰ ਜਦੋਂ ਕਿਸਾਨ ਨੂੰ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਉਸ ਦਾ ਕੋਈ ਸਾਥ ਨਹੀਂ ਦਿੰਦਾ। ਸਾਡੇ ਕਿਸਾਨਾਂ ਨੇ ਦੇਸ਼ ਦੇ ਭੰਡਾਰਾਂ ਨੂੰ ਐਫ. ਸੀ. ਆਈ. ਦੇ ਗੁਦਾਮਾਂ ਨੂੰ ਭਰਿਆ ਹੈ ਪਰ ਪੰਜਾਬ ਦੇ ਕਿਸਾਨ ਦਾ ਕਿਸੇ ਨੇ ਸਾਥ ਨਹੀ ਦਿੱਤਾ।

ਸਪੀਕਰ ਸਾਹਿਬ, ਅਗਰ ਇਹ ਹਾਲਾਤ ਰਹੇ, ਅਗਰ ਸਾਡੇ ਕਿਸਾਨ ਨਾਲ ਬੇਇਨਸਾਫੀ ਹੁੰਦੀ ਰਹੀ ਤਾਂ ਸਾਨੂੰ ਡਾਇਵਰਸੀਫਿਕੇਸ਼ਨ ਆਫ ਪਰੋਗਰਾਮ ਬਾਰੇ ਸੋਚਣਾ ਪਵੇਗਾ। ਅਗਰ ਐਫ. ਸੀ. ਆਈ. ਅਤੇ ਸੈਂਟਰਲ ਗੌਰਮਿੰਟ ਦਾ ਸਹਾਰਾ ਨਾ ਰਿਹਾ ਤਾਂ ਸਾਨੂੰ ਕਿਸਾਨਾਂ ਬਾਰੇ ਸੋਚਣਾ ਪਵੇਗਾ (ਥੰਪਿੰਗ) ਉਨ੍ਹਾਂ ਕਿਸਾਨਾਂ ਦੀ ਆਰਥਿਕ ਹਾਲਤ ਕਿਸ ਤਰ੍ਹਾਂ ਮਜ਼ਬੂਤ ਹੋਵੇਗੀ। ਇਸ ਵੇਲੇ ਜੋ ਹਾਲਾਤ ਬਣੇ ਹਨ, ਸਪੀਕਰ ਸਾਹਿਬ, ਇਹ ਜੋ ਜ਼ੀਰੀ, ਕਣਕ, ਝੋਨੇ ਦਾ ਭਾਅ ਹੋ ਰਿਹਾ ਹੈ ਇਸ ਨਾਲ ਕਿਸਾਨਾਂ ਵਿੱਚ ਕਮਜ਼ੋਰੀ ਆ ਰਹੀ ਹੈ ਤੇ ਸਾਨੂੰ ਡਾਇਵਰਸੀਫਿਕੇਸ਼ਨ ਆਫ ਪਰੋਗਰਾਮ ਵੱਲ ਪੂਰਾ ਧਿਆਨ ਦੇਣਾ ਪਵੇਗਾ। ਅਗਰ ਸੈਂਟਰਲ ਸਰਕਾਰ ਚਾਹੁੰਦੀ ਹੈ, ਇਹ ਅੰਨ ਦੀ ਪੈਦਾਵਾਰ ਵਧੇ ਅਤੇ ਪਰੋਡਕਸ਼ਨ ਰਹੇ ਤਾਂ ਪਰੋਕਿਓਰਮੈਂਟ ਪਰਾਈਸ, ਕੀਮਤਾਂ ਅਤੇ ਇਨਫਲੇਸ਼ਨ ਨਾਲ ਜੋੜ ਕੇ ਵਕਤ ਸਿਰ ਅਨਾਊਂਸ ਕਰਨ। ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਕਾਫੀ ਵਕਤ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਇਕ ਵਾਰ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਿਸੇ ਇਲਾਕੇ ਵਿਚ ਕਿਸੇ ਮੰਡੀ ਵਿੱਚ ਕੋਈ ਡਿਫਿਕਲਟੀ ਹੈ ਤਾਂ ਉਹ ਮੈਂਬਰ ਸਾਹਿਬਾਨ ਮੈਨੂੰ ਦੱਸਣ। ਅਸੀਂ, ਸਪੀਕਰ ਸਾਹਿਬ, ਚਾਹੁੰਦੇ ਹਾਂ ਕਿ ਜੋ ਤਕਲੀਫਾਂ ਐਫ. ਸੀ. ਆਈ. ਕਰਕੇ ਆਈਆਂ ਹਨ, ਉਨ੍ਹਾਂ ਨੂੰ ਦੂਰ ਕਰੀਏ ਅਤੇ ਹੋਰ ਸਾਰੀਆਂ ਤਕਲੀਫਾਂ ਵੀ ਦੂਰ ਕਰੀਏ। (ਥੰਪਿੰਗ)

ਸਰਦਾਰ ਸੁਖਦੇਵ ਸਿੰਘ ਢੀਂਡਸਾ (ਸੁਨਾਮ) : ਸਪੀਕਰ ਸਾਹਿਬ, ਮੈਂ ਅੱਜ ਜਿਹੜਾ ਰੈਜ਼ੋਲਿਊਸ਼ਨ ਰਖਿਆ ਸੀ ਮੈਂ ਦਾਅਵਾ ਕਰਦਾ ਹਾਂ ਕਿ ਇਸ ਦੀ ਸਾਰੇ ਹਾਊਸ ਨੇ ਪ੍ਰੂੜ੍ਹਤਾ ਕੀਤੀ ਹੈ ਔਰ ਖੇਤੀਬਾੜੀ ਮੰਤਰੀ ਜੀ ਨੇ ਕੁਝ ਨੁਕਤਿਆਂ ਦਾ ਜਵਾਬ ਵੀ ਦਿੱਤਾ ਹੈ। ਡਾਕਟਰ ਸਾਹਿਬ ਨੇ ਇਸ ਮਤੇ ਦੀ ਪ੍ਰੂੜ੍ਹਤਾ ਤਾਂ ਕੀਤੀ ਹੈ ਪਰ ਮੰਗਣਾ ਪਾ ਕੇ। (ਹਾਸਾ) ਮਜਬੂਰੀ ਨਾਲ ਸ਼ਲਾਘਾ ਕਰਦੇ ਰਹੇ ਹਨ ਕਿਉਂਕਿ ਇਸ ਵਿਚ ਇਨ੍ਹਾਂ ਦੀ ਮਜ਼ਬੂਰੀ ਹੈ। ਇਨ੍ਹਾਂ ਦੇ ਉਪਰ ਡੰਡਾ ਹੈ। ਸਪੀਕਰ ਸਾਹਿਬ, ਮੈਂ ਦੋ ਤਿੰਨ ਗੱਲਾਂ ਕਹਿਣਾ ਚਾਹੁੰਦਾ ਹਾਂ। ਇਕ ਡਾਕਟਰ ਸਾਹਿਬ ਨੇ ਕਿਹਾ ਕਿ ਇਤਨੀ ਪੈਦਾਵਾਰ ਨਾ ਹੁੰਦੀ ਜੇ ਸੈਂਟਰ ਦੀ ਸਰਕਾਰ ਡੀਜ਼ਲ, ਕੋਲਾ ਅਤੇ

Original with;
Punjab Vidhan Sabha
Digitized by
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਬਿਜਲੀ ਮੁਹੱਈਆ ਨਾ ਕਰਦੀ। ਇਹ ਬਿਲਕੁਲ ਠੀਕ ਹੈ ਪਰ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਸੱਜਣਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਡੀਜ਼ਲ, ਕੋਲਾ ਅਤੇ ਬਿਜਲੀ ਦੀ ਥੁੜ੍ਹ ਨਹੀਂ ਰਹੀ ਪਰ ਬਾਕੀ ਸੂਬਿਆਂ ਵਿਚ ਵੀ ਥੁੜ੍ਹ ਨਹੀਂ ਰਹੀ, ਉਥੇ ਪੈਦਾਵਾਰ ਕਿਉਂ ਨਹੀਂ ਵੱਧ ਸਕੀ। ਕੀ ਤੁਸੀਂ (ਆਪੋਜ਼ੀਸ਼ਨ ਵੱਲ ਇਸ਼ਾਰਾ) ਇਹ ਮਹਿਸੂਸ ਨਹੀਂ ਕਰਦੇ ਕਿ ਪੰਜਾਬ ਦਾ ਕਿਸਾਨ ਮਿਹਨਤੀ ਹੈ ? ਬਾਕੀ ਸੂਬਿਆਂ ਨੂੰ ਵੀ ਸਾਰੀਆਂ ਸਹੂਲਤਾਂ ਮਿਲਦੀਆਂ ਹਨ ਤਾਂ ਉਥੇ ਪੈਦਾਵਾਰ ਕਿਉਂ ਨਹੀਂ ਵਧੀ। ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਦਾ ਮਤਾ ਇਹੀ ਗੱਲ ਕਹਿੰਦਾ ਹੈ! ਜੇਕਰ ਸੈਂਟਰ ਦੀ ਸਰਕਾਰ ਸਾਨੂੰ ਡੀਜ਼ਲ, ਕੋਲਾ ਅਤੇ ਬਿਜਲੀ ਦਿੰਦੀ ਹੈ ਤਾਂ ਸਾਡੇ ਤੇ ਕੋਈ ਅਹਿਸਾਨ ਨਹੀਂ ਹੈ। ਜੇ ਸਾਡੀ ਕਣਕ ਦੀ ਪੈਦਾਵਾਰ, ਚੌਲ ਦੀ ਪੈਦਾਵਾਰ ਹੁੰਦੀ ਹੈ ਤਾਂ ਕੀ ਇਨ੍ਹਾਂ ਚੀਜ਼ਾਂ ਦੀ ਉਨ੍ਹਾਂ ਨੂੰ ਜ਼ਰਰਤ ਨਹੀਂ ਪੈਂਦੀ ? ਕੀ ਉਹ ਸੂਬੇ ਪੰਜਾਬ ਤੋਂ ਕਣਕ ਅਤੇ ਚੌਲ ਨਹੀਂ ਲੈਂਦੇ ? ਇਹ ਭੁਲ ਜਾਂਦੇ ਹਨ ਕਿ ਸੂਬਿਆਂ ਕੋਲ ਵੱਧ ਅਧਿਕਾਰ ਹੋਣੇ ਚਾਹੀਦੇ ਹਨ।

ਡਾਕਟਰ ਸਾਹਿਬ ਨੇ ਕਨਟਰਾਡਿਕਟਰੀ ਗੱਲਾਂ ਕੀਤੀਆਂ ਹਨ ਅਤੇ ਕਹਿੰਦੇ ਹਨ ਕਿ 1800 ਕਰੋੜ ਰੁਪਿਆ ਸੈਂਟਰ ਦੀ ਸਰਕਾਰ ਦਿੰਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਸਾਡੇ ਕੋਲੋਂ ਪੈਸੇ ਲੈ ਕੇ ਸਾਨੂੰ ਹੀ ਮੰਗਤਾ ਬਣਾ ਕੇ ਰੱਖ ਦਿੱਤਾ। ਮੈਂ ਸੀ. ਐਮ. ਸਾਹਿਬ ਅਤੇ ਖੇਤੀਬਾੜੀ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸੈਂਟਰ ਦੀ ਸਰਕਾਰ ਨਾਲ ਮਿਲ ਕੇ ਯਤਨ ਕੀਤਾ ਹੈ। ਅਸੀਂ ਸਪੀਕਰ ਸਾਹਿਬ, ਇਤਨਾ ਅਨਾਜ ਪੈਦਾ ਕਰਦੇ ਹਾਂ ਤਾਂ ਅਸੀਂ ਆਪਣੀ ਮਰਜ਼ੀ ਨਾਲ ਭਾਅ ਕਿਉਂ ਨਹੀਂ ਲੈ ਸਕਦੇ। ਸੈਂਟਰ ਵਿਚ ਕਾਂਗਰਸ ਦੀ ਸਰਕਾਰ ਹੈ। ਆਪੋਜ਼ੀਸ਼ਨ ਭਰਾਵਾਂ ਦਾ ਫਰਜ਼ ਬਣਦਾ ਹੈ ਕਿ ਉਹ ਕਹਿੰਦੇ ਕਿ ਅਸੀਂ ਸੈਂਟਰ ਕੋਲ ਡੈਪੂਟੇਸ਼ਨ ਲੈ ਕੇ ਜਾਵਾਂਗੇ ਔਰ ਉਥੇ ਜਾ ਕੇ ਕਿਸਾਨਾਂ ਵਾਸਤੇ ਪਰੋਟੈਸਟ ਕਰਾਂਗੇ। ਜੇਕਰ ਪਰੋਟੈਸਟ ਨਹੀਂ ਕਰ ਸਕਦੇ ਤਾਂ ਕਹਿੰਦੇ ਕਿ ਅਸੀਂ ਸੈਂਟਰ ਕੋਲ ਜਾ ਕੇ ਬੇਨਤੀ ਕਰਾਂਗੇ ਕਿ ਕਿਸਾਨਾਂ ਨੂੰ ਰਾਹਤ ਦਿੱਤੀ ਜਾਵੇ। (ਘੰਟੀ)

ਸਪੀਕਰ ਸਾਹਿਬ, ਇਕ ਹੋਰ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਬੋਨਸ ਦਿੱਤਾ ਹੈ। ਜੇਕਰ ਸੈਂਟਰਲ ਗੌਰਮਿੰਟ ਨੇ ਕੁਝ ਪੰਜਾਬ ਸਰਕਾਰ ਨੂੰ ਦੇ ਦਿੱਤਾ ਤਾਂ ਕੋਈ ਅਹਿਸਾਨ ਨਹੀਂ ਕੀਤਾ। ਤੁਸੀਂ ਤਾਂ 380 ਕਰੋੜ ਰੁਪਏ ਦਾ ਘਾਟਾ ਛੱਡ ਗਏ, ਮੈਨੂੰ ਸਮਝ ਨਹੀਂ ਆਉਂਦੀ ਕਿ ਪੰਜਾਬ ਨੂੰ ਇਨ੍ਹਾਂ ਨੇ ਇਤਨਾ ਘਾਟਾ ਦੇ ਕੇ ਕਿਵੇਂ ਕਹਿ ਦਿੱਤਾ ਕਿ ਪੰਜਾਬ ਦੇ ਕਿਸਾਨਾਂ ਲਈ ਇਹ ਕਰ ਦਿਓ, ਉਹ ਕਰ ਦਿਓ। ਸਪੀਕਰ ਸਾਹਿਬ, ਅਕਾਲੀ ਸਰਕਾਰ ਅੱਜ ਪੰਜਾਬ ਦੇ ਲੋਕਾਂ ਦੀ ਭਲਾਈ ਵਾਸਤੇ ਕੰਮ ਕਰੇਗੀ। ਮੁੱਖ ਮੰਤਰੀ ਸਾਹਿਬ ਅਤੇ ਖੇਤੀਬਾੜੀ ਮੰਤਰੀ ਸਾਹਿਬ ਨੇ ਜੋ ਲੋਕਾਂ ਨਾਲ ਵਾਅਦੇ ਕੀਤੇ ਹਨ, ਉਹ ਸਾਰੇ ਪੂਰੇ ਹੋਣਗੇ (ਥੰਪਿੰਗ)। ਜੋ ਪੰਜਾਬ ਦੇ ਕਿਸਾਨਾਂ ਦੀਆਂ ਤਕਲੀਫਾ ਹਨ, ਉਨ੍ਹਾਂ ਨੂੰ ਵੀ ਅਸੀਂ ਦੂਰ ਕਰਾਂਗੇ। ਇਤਨਾ, ਸਪੀਕਰ ਸਾਹਿਬ, ਮੈਂ ਕਹਿੰਦਾ ਹੋਇਆ ਧੰਨਵਾਦ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਸਰਬ ਸੰਮਤੀ ਨਾਲ ਪਾਸ ਕੀਤਾ ਜਾਵੇ।

Doctor Kewal Krishan : On a point of information.

Mr. Speaker : From whom you want to get information?

Doctor Kewal Krishan : From the Minister.

Mr. Speaker : The Minister participated in the discussion on a non-official Resolution and there is now no scope for seeking clarification from the Minister.

Doctor Kewal Krishan : He has explained all the facts but I want to know the diversification programme.

Original with;
Punjab Vidhan Sabha
Digitized by;
Panjab Digital Library

Mr. Speaker : This is not the time to do so.

Mr. Speaker : Question is—

"Whereas paddy is arriving in large quantities in all the Mandis of Puniab, the Food Corporation of India which is primarily responsible for procuring approximately 75 per cent of all the arrivals has failed in its duty to provide effective price support for paddy purchases. Consequently the farmers of Punjab are being put to great hardship and financial loss for which responsibility squarely lies on the Government of India.

Now, therefore, as the Food Corporation of India has failed to perform the due function towards the procurement of paddy, this House recommends to the State Government that all expeditious efforts be taken against those central agencies which have failed in their duties and as a consequence, have increased the sufferings of Punjab farmers who have rendered yeoman's service to the country in times of scarcity."

The motion was carried.

ANNOUNCEMENT BY THE SPEAKER RE. GOVERNOR'S ADDRESS

Mr. Speaker : In pursuance of Rule 18 of the Rules of Procedure and Conduct of Business in the Punjab Vidhan Sabha (Punjab Legislative Assembly), I have to report that the Governor was pleased to address the Punjab Vidhan Sabha yesterday, the 16th October, 1985 under Article 176(1) of the Constitution.

A copy of Address is laid on the Table of the House.

ਮਾਨਯੋਗ ਰਾਜਪਾਲ :

ਸ਼੍ਰੀਮਾਨ ਸਪੀਕਰ ਸਾਹਿਬ ਅਤੇ ਮੈਂਬਰ ਸਾਹਿਬਾਨ,

ਮੈਂ ਬੜੀ ਨਿਮਰਤਾ ਅਤੇ ਸੰਤੁਸ਼ਟਤਾ ਦੀ ਭਾਵਨਾ ਨਾਲ ਨੌਵੀਂ ਪੰਜਾਬ ਵਿਧਾਨ ਸਭਾ ਦੇ ਇਸ ਇਤਿਹਾਸਕ ਇਜਲਾਸ ਦੇ ਸ਼ੁਭ ਮੌਕੇ ਤੇ ਆਪ ਜੀ ਨੂੰ ਹਾਰਦਿਕ ਜੀ ਆਇਆਂ ਕਹਿੰਦਾ ਹਾਂ। ਪੰਜਾਬ ਦੇ ਲੋਕਾਂ ਨੇ ਬਹੁਤ ਮੁਸ਼ਕਲਾਂ ਦੇ ਹੁੰਦਿਆਂ ਹੋਇਆਂ ਵੀ ਆਪਣੇ ਲੋਕ ਰਾਜੀ ਸੰਕਲਪ ਦੀ ਪੁਸ਼ਟੀ ਕਰਕੇ ਆਪਣੇ ਆਪ ਨੂੰ ਰਾਸ਼ਟਰ ਦੇ ਹਿਤਾਂ ਨਾਲ ਜੋੜੀ ਰਖਿਆ ਹੈ। ਇਸ ਤਰ੍ਹਾਂ ਉਨ੍ਹਾਂ ਨੇ ਨਾ ਕੇਵਲ ਸੰਵਿਧਾਨਕ ਅਮਲਾਂ ਨੂੰ ਹੀ ਬਹਾਲ ਕੀਤਾ ਹੈ ਅਤੇ ਆਪਣੇ ਲਈ ਇੱਕ ਲੋਕ-ਪ੍ਰਿਯ ਸਰਕਾਰ ਹੀ ਕਾਇਮ ਕੀਤੀ ਹੈ ਸਗੋਂ ਰਾਸ਼ਟਰ ਦੇ ਇਤਿਹਾਸ ਵਿੱਚ ਇਕ ਸੁਨਹਿਰੀ ਕਾਂਡ ਆਰੰਭ ਕੀਤਾ ਹੈ। (ਥੰਪਿੰਗ) ਪੰਜਾਬ ਵਿਚ ਸੰਵਿਧਾਨਕ ਸਰਕਾਰ ਦੇ ਟੁੱਟ ਜਾਣ ਅਤੇ ਰਾਸ਼ਟਰਪਤੀ ਸ਼ਾਸਨ ਲਾਗੂ ਹੋਣ ਉਪਰੰਤ ਅਸੀਂ ਦੋ ਸਾਲ ਤੋਂ ਵੀ ਵੱਧ ਸਮਾਂ ਬੀਤਣ ਮਗਰੋਂ ਇਕੱਤਰ ਹੋ ਰਹੇ ਹਾਂ। ਅੱਜ ਅਸੀਂ ਇੱਥੇ ਅੱਖਾਂ ਵਿਚ ਹੰਝੂ, ਬੁੱਲ੍ਹਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿਚ ਨਵੀਆਂ ਉਮੀਦਾਂ ਲੈ ਕੇ ਇਕੱਠੇ ਹੋਏ ਹਾਂ। ਸਿਆਸੀ ਸੰਕਟ, ਜਿਸ ਨੇ ਰਾਜ ਉਤੇ ਗਲਬਾ

Original with;
Punjab Vidhan Sabha
Digitized by;
Panjab Digital Library

[Mr. Speaker]

ਪਾ ਲਿਆ ਸੀ, ਸੰਵਿਧਾਨਕ ਮਸ਼ੀਨਰੀ ਦੇ ਫੇਲ੍ਹ ਹੋਣ ਤਕ ਹੀ ਸੀਮਤ ਨਹੀਂ ਸੀ, ਸਗੋਂ ਇਸ ਨੇ ਪੰਜਾਬੀ ਭਾਈਚਾਰੇ ਦੇ ਭਿੰਨ ਭਿੰਨ ਵਰਗਾਂ ਵਿਚਕਾਰ ਸਦੀਆਂ ਤੋਂ ਚਲੀ ਆ ਰਹੀ ਮਿੱਤਰਤਾ ਤੇ ਸਦਭਾਵਨਾ ਵਿਚ ਵੀ ਖਲਲ ਪਾ ਦਿੱਤਾ ਸੀ। ਅਜਿਹੀ ਭਿਆਨਕ ਸਥਿਤੀ ਵਿੱਚ ਇਹ ਬਿਲਕੁਲ ਕੁਦਰਤੀ ਸੀ ਕਿ ਰਾਜ ਦੀ ਰਾਜਨੀਤਕ ਸਥਿਰਤਾ, ਇਸ ਦੇ ਲੋਕਾਂ ਵਿੱਚ ਏਕਤਾ ਅਤੇ ਦੇਸ਼ ਦੀ ਅਖੰਡਤਾ ਦੇ ਵਿਰੁੱਧ ਕੰਮ ਕਰ ਰਹੀਆਂ ਤਾਕਤਾਂ ਨੂੰ ਸਾਡੇ ਲੋਕ ਰਾਜ ਦੀਆਂ ਜੜ੍ਹਾਂ ਹਿਲਾਉਣ ਲਈ ਉਤਸ਼ਾਹ ਮਿਲਦਾ। ਜਿਸ ਤਰ੍ਹਾਂ ਪੰਜਾਬ ਵਿਧਾਨ ਸਭਾ ਦੀਆਂ ਤਾਜ਼ਾ ਚੋਣਾਂ ਵਿਚ ਪੰਜਾਬ ਦੇ ਲੋਕਾਂ ਨੇ ਮੇਰੀ ਸਰਕਾਰ ਦੇ ਹੱਕ ਵਿੱਚ ਭਰਪੂਰ ਹੁੰਗਾਰਾ ਦੇ ਕੇ ਲੋਕ ਰਾਜੀ ਸੰਕਲਪ ਦੀ ਜਿੱਤ ਅਤੇ ਫੁੱਟ ਪਾਊ, ਅਸਥਿਰਤਾ ਤੇ ਅਤਿਵਾਦ ਦੀਆਂ ਤਾਕਤਾਂ ਦੇ ਵਿਰੁੱਧ ਆਪਣੀ ਦ੍ਰਿੜ੍ਹਤਾ ਦਾ ਪ੍ਰਗਟਾਵਾ ਕੀਤਾ ਹੈ (ਥੰਪਿੰਗ) ਉਸੇ ਤਰ੍ਹਾਂ ਇਹ ਇਤਿਹਾਸਕ ਇਜਲਾਸ ਸਾਡੇ ਸਮਕਾਲੀ ਇਤਿਹਾਸ ਵਿੱਚ ਇਕ ਸ਼ਾਨਦਾਰ ਪ੍ਰਾਪਤੀ ਹੈ।

2. ਭਾਵੇਂ ਕੋਈ ਵਿਅਕਤੀ ਪਿਛਲੇ ਕੁਝ ਸਾਲਾਂ ਦੀਆਂ ਅਤੀ ਦੁਖਦਾਈ ਘਟਨਾਵਾਂ ਨੂੰ ਕਿੰਨਾ ਵੀ ਭੁਲਣਾ ਚਾਹੇ, ਮੈਨੂੰ ਬੜੇ ਭਰੇ ਮਨ ਨਾਲ ਉਨ੍ਹਾਂ ਘਟਨਾਵਾਂ ਦਾ ਜ਼ਿਕਰ ਕਰਨਾ ਪੈ ਰਿਹਾ ਹੈ ਜਿਹੜੀਆਂ ਹਰਿਮੰਦਰ ਸਾਹਿਬ ਵਿਚ ਫੌਜ ਦੇ ਦਾਖਲ ਹੋਣ ਦਾ ਕਾਰਨ ਬਣੀਆਂ ਅਤੇ ਇਸ ਦੇ ਦਾਖਲੇ ਦੇ ਫਲਸਰੂਪ ਵਾਪਰੀਆਂ। ਸਮਕਾਲੀ ਭਾਰਤ ਦੇ ਇਤਿਹਾਸ ਦਾ ਕੋਈ ਵੀ ਇਤਿਹਾਸਕਾਰ ਇਨ੍ਹਾਂ ਦੁਖਦਾਈ ਹਾਲਾਤ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕੇਗਾ ਜਿਨ੍ਹਾਂ ਅਧੀਨ ਇਹ ਬਰਬਾਦੀ ਹੋਈ ਅਤੇ ਨਾ ਹੀ ਸਿੱਖਾਂ ਦੀਆਂ ਮਨੋਭਾਵਨਾਵਾਂ ਨੂੰ ਵਿਸ਼ੇਸ਼ ਤੌਰ ਤੇ ਅਤੇ ਬਾਕੀ ਰਾਸ਼ਟਰ ਨੂੰ ਆਮ ਕਰਕੇ ਵੱਜੀ ਠੇਸ ਨੂੰ ਅੱਖੋਂ ਉਹਲੇ ਕਰ ਸਕੇਗਾ। ਆਦਰਨਿਯ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਦੁਖਦਾਈ ਹੱਤਿਆ, ਜਿਸਦੀ ਵਿਆਪਕ ਰੂਪ ਵਿੱਚ ਨਖੇਧੀ ਕੀਤੀ ਗਈ, ਕਾਰਨ ਪੰਜਾਬ ਤੇ ਭਾਰਤ ਦੇ ਲੋਕਾਂ ਨੂੰ ਡੂੰਘਾ ਅਫਸੋਸ ਹੋਇਆ। ਦਿੱਲੀ ਅਤੇ ਦੇਸ਼ ਦੇ ਕੁਝ ਹੋਰ ਭਾਗਾਂ ਵਿਚ ਵਾਪਰੇ ਕਹਿਰ ਨੇ ਇਸ ਦੁਖਾਂਤ ਵਿਚ ਹੋਰ ਵੀ ਵਾਧਾ ਕਰ ਦਿਤਾ, ਜਿਸ ਦੇ ਸਿੱਟੇ ਵਜੋਂ ਸਿੱਖ ਸਮੁੱਚੇ ਤੌਰ ਤੇ ਬੇਹੱਦ ਘਿਰਣਾ, ਜ਼ਲਾਲਤ ਅਤੇ ਜ਼ੁਲਮ ਦਾ ਸ਼ਿਕਾਰ ਹੋਏ। ਪਰੰਤੂ ਇਹ ਇਕ ਖੁਸ਼ੀ ਦੀ ਗਲ ਹੈ ਕਿ ਅਜਿਹੇ ਅੰਧਕਾਰ ਅਤੇ ਪਾਗਲਪਣ ਵਾਲੇ ਹਾਲਾਤ ਵਿਚ ਵੀ ਰਾਸ਼ਟਰੀ ਅਤੇ ਰਾਜ ਪੱਧਰ ਦੇ ਲੀਡਰ ਇਨ੍ਹਾਂ ਘਟਨਾਵਾਂ ਦੇ ਅਸਰ ਤੋਂ ਬੇਲਾਗ ਰਹੇ। ਮੇਲ-ਮਿਲਾਪ, ਆਸ਼ਾ ਅਤੇ ਮਿਤਰਤਾ ਦਾ ਰਾਹ ਤਿਆਰ ਕਰਨ ਵਿਚ ਸੁਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਜੀ ਦੁਆਰਾ ਵਿਖਾਈ ਦੂਰ-ਦ੍ਰਿਸ਼ਟੀ, ਸਾਹਸ ਤੇ ਸਹਿਨਸ਼ੀਲਤਾ ਦੇ ਮਹਾਨ ਗੁਣ, ਅਤਿਅੰਤ ਅੰਧਕਾਰ ਦੇ ਸਮੇਂ ਵਿਚ ਵੀ ਕਾਇਮ ਰਹੀ ਸਦਭਾਵਨਾ ਅਤੇ ਮੇਲ-ਮਿਲਾਪ ਦੇ ਸਬੰਧ ਵਿਚ ਸਦਾ ਯਾਦ ਰੱਖੇ ਜਾਣਗੇ। (ਥੰਪਿੰਗ)

3. ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਹੋਏ ਸਮਝੌਤੇ ਦਾ ਮੈਮੋਰੰਡਮ ਮਹਾਨ ਰਾਜਸੀ ਸੂਝ-ਬੂਝ ਦਾ ਲਖਾਇਕ ਹੈ। (ਥੰਪਿੰਗ) ਇਹ ਕਹਿਣਾ ਠੀਕ ਹੀ ਹੋਵੇਗਾ ਕਿ ਇਸ ਨਾਲ ਰਾਸ਼ਟਰੀ ਮੇਲ-ਜੋਲ ਦੇ ਇਕ ਨਵੇਂ ਯੁਗ ਦਾ ਆਰੰਭ ਹੋਇਆ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ, ਜੋ ਪਸਰੀ ਹੋਈ ਉਦਾਸੀ ਅਤੇ ਅੰਧਕਾਰ ਵਿਚ ਇਕ ਚਾਨਣ ਮੁਨਾਰੇ (ਥੰਪਿੰਗ) ਵਾਂਗ ਸਨ, ਦੀ ਸ਼ਹੀਦੀ ਨਾ ਕੇਵਲ ਉਨ੍ਹਾਂ ਦੇ ਵਿਸ਼ਵਾਸ ਦੀ ਦ੍ਰਿੜ੍ਹਤਾ ਦੀ ਹੀ ਸੂਚਕ ਹੈ ਸਗੋਂ ਪੰਜਾਬ ਦੇ ਹਿੰਦੂਆਂ, ਸਿੱਖਾਂ, ਈਸਾਈਆਂ, ਮੁਸਲਮਾਨਾਂ ਅਤੇ ਹਰੀਜਨਾਂ ਦੀ ਏਕਤਾ ਤੇ ਅਖੰਡਤਾ ਵਿਚ ਸੰਤ ਜੀ ਦੇ ਆਪਣੇ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੇ ਵਿਸ਼ਵਾਸ ਦੀ ਵੀ ਪ੍ਰਤੀਕ ਹੈ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਉਹ ਅਜਿਹੇ ਖੁਸ਼ਹਾਲ, ਪ੍ਰਗਤੀਸ਼ੀਲ ਤੇ ਵਧੇਰੇ ਉਚਿਤ ਸਮਾਜ ਦੀ ਸਿਰਜਣਾ ਲਈ ਭਾਰਤ ਦੇ ਲੋਕਾਂ ਦੇ ਸੰਘਰਸ਼ ਵਿਚ ਇਕ ਮੁੱਠ ਹੋ ਕੇ ਸਭ ਤੋਂ ਅਗੇ ਰਹੇ, ਜਿਸ ਵਿਚ ਹਰ ਵਰਗ ਨੂੰ ਸ਼ਮੂਲੀਅਤ ਦੀ ਭਾਵਨਾ ਦਾ ਅਹਿਸਾਸ ਹੋਵੇਗਾ ਅਤੇ ਕਿਸੇ

Original with;
Punjab Vidhan Sabha
Digitized by;
Panjab Digital Library

ਨੂੰ ਵਖਰਾ ਰਹਿ ਜਾਣ ਦਾ ਅਹਿਸਾਸ ਨਹੀਂ ਹੋਣ ਦਿਤਾ ਜਾਵੇਗਾ। ਮੇਰੀ ਸਰਕਾਰ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਵਿਸ਼ਵਾਸ ਨੂੰ "ਸਰਬੱਤ ਦਾ ਭਲਾ" ਦੇ ਸੰਕਲਪ ਵਿਚ ਵਧੇਰੇ ਸਪੱਸ਼ਟ ਕਰਕੇ ਪੇਸ਼ ਕਰ ਦਿੱਤਾ ਹੈ। ਇਹ ਸੰਕਲਪ ਸਾਨੂੰ ਸਾਡੇ ਮਹਾਨ ਗੁਰੂ ਸਾਹਿਬਾਨ ਅਤੇ ਮਹਾਂ ਪੁਰਸ਼ਾਂ ਦੀ ਬਖਸ਼ਿਸ਼ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਮੇਰੀ ਸਰਕਾਰ ਇਕ ਮੁਨਾਸਬ ਯਾਦਗਾਰ ਕਾਇਮ ਕਰਨ ਲਈ ਵਚਨਬੱਧ ਹੈ (ਥੰਪਿੰਗ)। ਇਸ ਦਾ ਵੇਰਵਾ ਤਿਆਰ ਕੀਤਾ ਜਾ ਰਿਹਾ ਹੈ।

4. ਅਸੀਂ ਅਜਿਹੇ ਸਮੇਂ ਇਕੱਤਰ ਹੋ ਰਹੇ ਹਾਂ ਜਦੋਂ ਵਿੱਤੀ ਸਾਲ ਅੱਧੇ ਤੋਂ ਵੱਧ ਲੰਘ ਚੁੱਕਾ ਹੈ। ਇਸ ਤੋਂ ਇਲਾਵਾ ਜਦ ਤਕ ਚੋਣਾਂ ਨਹੀਂ ਸਨ ਹੋਈਆਂ, ਲੋਕ ਰਾਜੀ ਅਮਲਾਂ ਨੂੰ ਬਹਾਲ ਨਹੀਂ ਸੀ ਕੀਤਾ ਗਿਆ ਅਤੇ ਲੋਕ ਪ੍ਰਿਯ ਸਰਕਾਰ ਨਹੀਂ ਸੀ ਬਣੀ, ਤਦ ਤਕ ਸਰਕਾਰ ਦੀਆਂ ਅਗੇਤਾਂ ਬਿਲਕੁਲ ਵੱਖਰੀ ਕਿਸਮ ਦੀਆਂ ਸਨ। ਮੇਰੀ ਸਰਕਾਰ ਨੇ ਅਜਿਹੇ ਹਾਲਾਤ ਵਿਚ ਕਾਰਜ ਭਾਰ ਸੰਭਾਲਿਆ ਹੈ ਜਿਹੜੇ ਕਿ ਅਤੀ ਚੰਗੇ ਸਮੇਂ ਵਿਚ ਵੀ ਬਹੁਤ ਚੁਣੌਤੀ ਵਾਲੇ ਹਨ। ਰਾਜਨੀਤਕ, ਵਿੱਤੀ, ਪ੍ਰਸ਼ਾਸਕੀ ਅਤੇ ਪ੍ਰਬੰਧਕੀ ਪੱਧਰਾਂ ਤੇ ਇਸ ਸਥਿਤੀ ਦਾ ਸਾਹਮਣਾ ਕਰਨਾ ਸਰਕਾਰ ਦੀ ਪ੍ਰਮੁਖ ਜ਼ਿੰਮੇਵਾਰੀ ਹੈ। ਸਰਕਾਰ ਦੇ ਸਾਹਮਣੇ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਰਾਸ਼ਟਰ ਦੇ ਅਤੀ ਪ੍ਰਗਤੀਸ਼ੀਲ ਰਾਜਾਂ ਵਿਚ ਪੰਜਾਬ ਰਾਜ ਨੂੰ ਇਸ ਦੀ ਪ੍ਰਮੁਖਤਾ ਵਾਲੀ ਥਾਂ ਕਿਵੇਂ ਮੁੜ ਦਿਵਾਈ ਜਾਵੇ। (ਥੰਪਿੰਗ)

5. ਪ੍ਰਧਾਨ ਮੰਤਰੀ ਜੀ ਅਤੇ ਸੁਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਹੋਏ ਸਮਝੌਤੇ ਦਾ ਮੈਮੋਰੰਡਮ ਪੰਜਾਬ ਦੇ ਅਹਿਮ ਹਿੱਤਾਂ ਸਬੰਧੀ ਬਾਕੀ ਰਹਿੰਦੇ ਸਾਰੇ ਮਾਮਲਿਆਂ ਨੂੰ ਸੁਲਝਾਉਣ ਦਾ ਇਕ ਬੁਨਿਆਦੀ ਆਧਾਰ ਹੈ। ਮੇਰੀ ਸਰਕਾਰ ਨੂੰ ਵਿਸ਼ਵਾਸ ਹੈ ਕਿ ਇਸ ਸਮਝੌਤੇ ਦੇ ਮੈਮੋਰੰਡਮ ਨੂੰ ਪੂਰੀ ਤਰ੍ਹਾਂ ਸਹੀ ਅਰਥਾਂ ਵਿਚ ਲਾਗੂ ਕਰਨ ਨਾਲ ਹੀ ਪੰਜਾਬ ਵਿਚ ਅਮਨ ਅਤੇ ਤਰੱਕੀ ਦੀ ਆਸ ਹੋ ਸਕਦੀ ਹੈ। ਮੇਰੀ ਸਰਕਾਰ ਇਸ ਸਮਝੌਤੇ ਦੇ ਦਾਇਰੇ ਅੰਦਰ ਪੰਜਾਬ ਦੇ ਲੋਕਾਂ ਨੂੰ ਨਿਆਂ ਦਿਵਾਉਣ ਅਤੇ ਰਾਜ ਦੇ ਮਹੱਤਵ-ਪੂਰਣ ਹਿੱਤਾਂ ਦੀ ਰੱਖਿਆ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੇਰੀ ਸਰਕਾਰ ਆਸ ਤੇ ਵਿਸ਼ਵਾਸ਼ ਰਖਦੀ ਹੈ ਕਿ ਕੇਂਦਰੀ ਸਰਕਾਰ ਵੀ ਰਿਸਦੇ ਫੱਟਾਂ ਅਤੇ ਗਹਿਰੇ ਜ਼ਖਮਾਂ ਤੇ ਮਲ੍ਹਮ ਲਾਉਣ ਲਈ ਇਸ ਇਕੋ ਇਕ ਸੰਭਵ ਹੱਲ ਨੂੰ ਉਨੀ ਹੀ ਮਹੱਤਤਾ ਦੇਵੇਗੀ।

6. ਮੇਰੀ ਸਰਕਾਰ ਕੇਂਦਰ-ਰਾਜ ਸਬੰਧਾਂ ਨੂੰ ਇਕ ਦੂਜੇ ਤੋਂ ਸੁਤੰਤਰ ਅਤੇ ਵਿਰੋਧਤਾ ਵਾਲੇ ਦ੍ਰਿਸ਼ਟੀਕੋਣ ਤੋਂ ਨਹੀਂ ਵੇਖਦੀ। ਇਨ੍ਹਾਂ ਦੋਵਾਂ ਵਿਚਕਾਰ ਪਰਸਪਰ ਵਿਰੋਧ ਅਸਲ ਵਿਚ ਤਾਲਮੇਲ ਪੱਖੋਂ ਹੀ ਹੈ, ਪਰੰਤੂ ਇਸ ਨੂੰ ਆਪਸੀ ਸੂਝ ਬੂਝ ਅਤੇ ਸਹਿਯੋਗ ਦੁਆਰਾ ਆਸਾਨੀ ਨਾਲ ਦੂਰ ਕੀਤਾ ਜਾ ਸਕਦਾ ਹੈ; ਸਰਕਾਰ ਕਿਸੇ ਵੱਖਵਾਦੀ ਜਾਂ ਅਲਹਿਦਗੀ ਪਸੰਦ ਵਿਚਾਰਧਾਰਾਵਾਂ ਜਾਂ ਸਰਗਰਮੀਆਂ ਨੂੰ ਬਰਦਾਸ਼ਤ ਨਹੀਂ ਕਰੇਗੀ (ਥੰਪਿੰਗ)। ਪੰਜਾਬ ਸਦਾ ਹੀ ਭਾਰਤ ਸੰਘ ਦਾ ਇੱਕ ਅਨਿੱਖੜਵਾਂ ਅੰਗ ਰਹੇਗਾ (ਥੰਪਿੰਗ)। ਜੇਕਰ ਸ਼੍ਰੋਮਣੀ ਅਕਾਲੀ ਦਲ ਦੁਆਰਾ ਦਰਸਾਈਆਂ ਪੰਜਾਬ ਦੇ ਲੋਕਾਂ ਦੀਆਂ ਜਾਇਜ਼ ਲੋਕ ਰਾਜੀ ਇੱਛਾਵਾਂ, ਮੰਗਾਂ ਅਤੇ ਦਾਅਵਿਆਂ ਨੂੰ ਨਾ ਸੁਲਝਾਏ ਜਾ ਸਕਣ ਵਾਲੇ ਝਗੜਿਆਂ ਅਤੇ ਟਕਰਾਉ ਸਮਝਣ ਦੀ ਥਾਂ ਸਮੁੱਚੇ ਰਾਸ਼ਟਰੀ ਦ੍ਰਿਸ਼ਟੀਕੋਣ ਤੋਂ ਵੇਖਿਆ ਤੇ ਪਰਖਿਆ ਜਾਵੇ, ਤਾਂ ਇਹ ਇਕ ਚੰਗੀ ਗੱਲ ਹੋਵੇਗੀ। (**माननीय सदस्यगण इस से आगे मैं अपना भाषण हिन्दी में पढ़ूंगा**)

7. मेरी सरकार सामाजिक सुरक्षा की भावना पैदा करते हुए विकास के काम में तीव्रता लाने को प्राथमिकता देगी। मेरी सरकार पंजाब के पुनर्निर्माण के महत्वपूर्ण कार्य में अधिक से अधिक पंजाबी नौजवानों को प्ररित करने के भरपूर प्रयत्न करेगी। (तालियां) इस सम्बन्ध में प्रथम उपाय के रूप में मेरी सरकार ने कानून के भिन्न-भिन्न

Original with;
Punjab Vidhan Sabha
Digitized by;
Panjab Digital Library

[Mr. Speaker]

उपबन्धों के अधीन नज़रबन्द किये गये सिख नौजवानों को रिहा करने के लिए उचित कार्यवाही आरम्भ कर दी है। (तालियां) यह मेरी सरकार की इस धारणा के अनुसार है कि नौजवानों की समस्या को केवल कानून तथा व्यवस्था की समस्या ही न समझा जाये। सब से पहले उन से सम्पर्क स्थापित करके तथा उनको प्रेरित करके राष्ट्रीय मुख्य धारा में शामिल करने के लिये कोशिश करनी पड़ेगी। मेरी सरकार उन सैनिकों के सम्बन्ध में चिंतातुर है, जो भावुक होकर अपनी बैरकों को छोड़ गये थे और सरकार उनके पुनर्वास के लिए दृढ़ है (तालियां)। इस मन्तव्य के लिए, यह न केवल राजनैतिक उद्यम ही करेगी बल्कि लाभप्रद रोज़गार के नये अवसर पैदा करने के काम को भी अधिक से अधिक महत्व देगी। युवकों के लिये तथा पंजाब में और पंजाब से बाहर पंजाबी भाईचारे के ऐसे अन्य वर्गों के लिए भी, जिनके रोजाना जीवन में हाल ही में घटित घटनाओं के कारण खलल पैदा हो गया था, पुनर्वास के कार्यक्रमों को सर्वाधिक प्राथमिकता दी जायेगी (तालियां)। पहली अगस्त, 1982 से घटनाओं तथा आन्दोलनों के कारण राज्य के जिन नागरिकों का जानी और माली नुकसान हुआ है, सरकार उन सभी को क्षतिपूर्ति देने के लिये भी प्रभावकारी उपाय करेगी। (तालियां)।

8. यह बड़े अफसोस की बात है कि पिछली सरकार ने ग्राम-विरोधी रुचि के कारण उन कुछ बड़ी स्कीमों और प्राजैक्टों को उल्टा, पल्टा घटा और तोड़-मोड़ दिया जो पहली अकाली सरकार ने पंजाब के ग्रामों की आर्थिकता को पुनः पक्के पैरों पर खड़ा करने के लिए ग्रामों की रूप-रेखा को आधुनिक बनाने के लिए आरम्भ किये थे। क्योंकि ये स्कीमें और प्राजैक्ट राज्य में परिवर्तन तथा प्रगति का एक अभिन्न अंग थे, इसलिए इन्हें सम्पन्न न किये जा सकने के कारण राज्य की आर्थिकता में एक ओर ग्रामीण तथा शहरी क्षेत्रों में तथा दूसरी ओर कृषीय-औद्योगिक क्षेत्रों में भारी असंतुलन पैदा हो गया। मेरी सरकार राज्य की आर्थिकता के विभिन्न क्षेत्रों में संतुलन कायम करेगी तथा इन में परस्पर निर्भरता बढ़ाने की कोशिश करेगी (तालियां)।

9. मेरी सरकार न लम्बे समय से पदा हुए अवरोध को गति प्रदान की है तथा उपलब्ध साधनों को योजनाबद्ध करके आर्थिक क्षेत्र में तेज़ी से विकास लाने के लिये बचन-वद्ध है। सातवीं पंच-वर्षीय योजना (1985--90) अन्तिम रूप देकर 3,285 करोड़ रुपए की कर दी गई है, जबकि छठी पंच-वर्षीय योजना 1,957 करोड़ रुपए की थी। योजना आयोग द्वारा जारी किये गये दिशा-निर्देशों के अनुसार 1986-87 के लिये अन्तिम योजना तैयार करने सम्बन्धी आरम्भिक कार्यवाही पहले ही आरम्भ कर दी गई है। सरकार का प्रस्ताव है कि नौजवानों में बेरोज़गारी को दूर करने तथा समाज के कमज़ोर वर्गों विशेषतया हरिजनों/किसानों तथा श्रमिकों के कल्याण की ओर विशेष ध्यान दिया जाए। कृषि तथा सम्बन्धित क्षेत्रों अधीन कार्यक्रमों तथा सिंचाई और बिजली के क्षेत्रों के अधीन परियोजनाओं तथा प्राजैक्टों को प्राथमिकता दी जाएगी। सरकार का प्रस्ताव है कि औद्योगिक सरगर्मियों को पुनः चालू किया जाए तथा उद्योगों, विशेषतया कृषि आधारित उद्योगों के विकास के लिए परियोजनाएं तैयार की जाएं।

Original with;
Punjab Vidhan Sabha
Digitized by;
Punjab Digital Library

10. मेरी सरकार इस बात पर गौरव कर सकती है कि यह समाज के कमज़ोर वर्गों तथा भूमिहीन श्रमिकों की भलाई करते हुए और विकास तथा रोज़गार सम्बन्धी भिन्न-भिन्न प्रोग्रामों द्वारा रोज़गार के नये अवसर मुहैया करके ग्रामीण गरीबी को दूर करने के अपने वादे को पूरा करने के लिये बचनबद्ध है। संगठित ग्रामीण विकास-प्रोग्राम को सफलतापूर्वक लागू करना एक महत्वपूर्ण कार्य है, जिस के अनुसार प्रत्येक वर्ष प्रति ब्लाक 600 परिवारों को अधिक रोज़गार मुहैया करने के लिये ऋण तथा उपदान दिया जायेगा और निर्धारित टार्गेट ग्रुप के आय-स्तर में वृद्धि की जायेगी। पर्याप्त केन्द्रीय सहायता भी दी गई है जो कि 50 प्रतिशत बैठती है। चालू वित्तीय वर्ष के इस प्रोग्राम के लिए 531.06 लाख रुपए रखे गये हैं। इस स्कीम के अन्तर्गत राज्य की अनुसूचित जातियों के 53 प्रतिशत लोग आते हैं।

11. राष्ट्रीय ग्रामीण रोज़गार प्रोग्राम के अन्तर्गत 632.00 लाख रुपए के खर्च का उपबन्ध है और इस में से 50 प्रतिशत की ठोस राशि केन्द्र द्वारा दी जा रही है, जिसमें से 20 प्रतिशत सामाजिक वन-पालन के लिये उपयोग में लाई जा रही है, जबकि शेष राशि गलियों को पक्का करने व नालियां बनाने के साथ-साथ ग्रामीण वातावरण को सुधारने के लिये उपयोग में लाई जा रही हैं। यह रोज़गार के और अवसर पैदा करेगा जो कि 15.27 लाख श्रम दिवस बनते हैं। एक अन्य कार्यक्रम जिसका उल्लेख करना अनिवार्य है और जो भूमिहीन लोगों व भागीदारों के रोज़गार के लिये अवसर मुहैया करने तथा कृषि में विविधता लाने के लिये आयोजित किया गया है, वह है ग्रामीण भूमिहीन रोज़गार गारंटी कार्यक्रम जो कि पूरी तरह केन्द्रीय सहायता-प्राप्त स्कीम है। चालू वित्तीय वर्ष में 555 लाख रुपये की केन्द्रीय सहायता ग्रामीण क्षेत्रों के विकास, प्राइमरी स्कूलों की इमारतों के निर्माण के लिये प्रयोग की जा रही है। और इस तरह लगभग 17.54 लाख श्रम-दिनों का रोज़गार मुहैया हो सकेगा और अनुसूचित जातियों/अनुसूचित जनजातियों व बंधेज-मुक्त मज़दूरों के लिये ग्रामीण मकानों हेतु इस स्कीम के अन्तर्गत 137 लाख रुपए की अधिक राशि रखी गई है।

12. अन्य स्कीमें भी हैं जैसे कि पंचायत घरों का निर्माण, पंचायतों को बराबर की ग्रांटें, ऐतिहासिक अथवा धार्मिक महत्व वाले ग्रामों के विकास और धन अर्जित करने वाली स्कीमें जिन के अधीन पंचायती राज/निकायों को आवर्ती आय देने वाली परिसम्पत्ति बनाने के लिये ऋण दिये जाते हैं। ये सभी स्कीमें ग्रामों में आवश्यक मूलभूत ढांचा स्थापित करने का लक्ष्य निश्चित करती हैं। इन स्कीमों के लिये चालू वर्ष में 99.82 लाख रुपए व्यय किये जायेंगे। रोपड़, पटियाला, होशियारपुर व गुरदासपुर के जिलों में सूखा-प्रभावित ग्रामों की सहायता के लिये 110.00 लाख रुपये की केन्द्रीय सहायता भी प्राप्त की गई है। फोकल प्वायंट स्थापित करने की स्कीम, जो कि पूर्व सरकार द्वारा बन्द कर दी गई थी पुनः ज़ोर शोर से आरम्भ की जायेगी।

Original with;
Punjab Vidhan Sabha
Digitized by
Panjab Digital Library

[Mr. Speaker]

राज्य की ग्रामीण आर्थिकता के विकास में गति लाने के लिये दो अन्य क्षेत्रीय ग्रामीण बैंक स्थापित करने का प्रस्ताव है जिसके अन्तर्गत बठिंडा, पटियाला, संगरूर व फरीदकोट के ज़िले आयेंगे ।

13. कृषि व सम्बद्ध क्षेत्र, जो हमारी आर्थिकता की रीढ़ की हड्डी है, की कार्य-कुशलता के सम्बन्ध में मेरी सरकार ने कृषि पैदावार बढ़ाने को प्राथमिकता दी है तथा इस सम्बन्ध में लम्बे डग उठाना चाहती है । फसलों के यथा समय बीजने, घासफूस पर काबू पाने के लिये घास फूस-नाशक दवाईयों का अधिकाधिक प्रयोग करने, मशीनरी की कार्यकुशलता बढ़ाने, सहकारी सभाओं द्वारा ऋण देने और पौधा सुरक्षा उपायों के लिये पर्याप्त निधियों का प्रबन्ध करने की ओर पूरा-पूरा ध्यान देने का प्रस्ताव है। इस उद्देश्य की पूर्ति हेतु यह राशि वर्ष 1984-85 के दौरान 13,29.80 लाख रुपए से बढ़ा कर अब 16,55.75 लाख रुपए कर दी गई है। मेरी सरकार न केवल 48.50 लाख मीट्रिक टन चावल का लक्ष्य प्राप्त करने की ही कोशिश करेगी बल्कि इस लक्ष्य से अधिक चावल पैदा करने का दृढ़ संकल्प है। इसी तरह कपास की पैदावार जो गत वर्ष के दौरान 12.38 लाख गांठें थीं भी और बढ़ाई जायेगी। मेरी सरकार कपास की फसल को हानिकारक कीड़ों के जबरदस्त हमले से बचाने के लिए सिन्थैटिक पायरिथरायड्ज़ के वितरण के लिये 50 प्रतिशत उपदान देगी। वर्ष 1985-86 में अनाज की पैदावार 155 लाख मीट्रिक टन तक बढ़ाने के लिये सरकार का दृढ़ संकल्प है ।

14. मेरी सरकार इस तथ्य से अवगत है कि यद्यपि कृषि में प्रशंसनीय प्रगति हुई है तथापि कृषि में वैविध्य लाने की अत्यन्त आवश्यकता है। इसे काश्त तथा गैर-काश्त क्षेत्रों के अन्तर्गत अधिक बहूपक्षीय विकास करके प्राप्त करने का प्रस्ताव है। मेरी सरकार बागवानी सम्बन्धी सरगर्मियों में और वृद्धि करने की भी इच्छुक है। चालू वर्ष के दौरान 2,800 हैक्टेयर क्षेत्र में बाग लगाये जाने की भी योजना है। इस उद्देश्य के लिए बढ़िया नरसरी पौधों का प्रबन्ध किया जायेगा तथा वाणिज्यिक बैंकों द्वारा दीर्घकालीन ऋण दिये जायेंगे । फल उगाने वालों के लिये रियायती कीमतों पर स्प्रे पम्पों तथा कीटनाशक दवाइयों का प्रबन्ध किया जायेगा। वन-पालन स्कीमों के अन्तर्गत विकास-कार्यक्रमों में ग़रीबी दूर करने के प्रोग्रामों को प्राथमिकता दी जाती रहेगी । 13,93.80 लाख रुपए की वित्तीय लागत से 300 लाख पौधे सप्लाई किये जाने का आरंभिक लक्ष्य निश्चित किया गया है।

15. श्वेत-क्रांति लाने तथा कृषि में विविधता लाने के लिये मेरी सरकार डेरी विकास प्रोग्राम की ओर विशेष ध्यान देगी । विभाग द्वारा शिक्षित बेरोज़गार युवकों/युवतियों को स्व-रोज़गार मुहैया करने, प्रशिक्षण पाठ्यक्रमों तथा सम्बद्ध अपेक्षित वस्तुएं मुहैया करने पर जोर दिया जायेगा। चालू वित्तीय वर्ष के दौरान 400 मिन्नी डेरी यूनिटें स्थापित करने का प्रस्ताव है ।

Original with;
Punjab Vidhan Sabha
Digitized by;
Panjab Digital Library

मेरी सरकार किसानों तथा दूध-उत्पादकों को जानकारी तथा प्रशिक्षण देने का यत्न कर रही है ताकि उनको वैज्ञानिक तथा वाणिज्यिक स्तर पर डेरी का धंधा अपनाने के लिये प्रेरित किया जा सके। वर्ष 1985-86 के दौरान 3050 किसानों को प्रशिक्षण देने का प्रस्ताव है। मेरी सरकार भूतपूर्व सैनिकों के पुनर्वास के लिये उत्सुक है और 200 उम्मीदवारों को पशुओं के बीमें, तथा उनकी खरीद आदि के लिये उपदान देकर उत्साहित करने का फैसला किया है, ताकि वे अपनी मिन्नी डेरी यूनिटें स्थापित कर सकें।

16. कृषि की विविधता से दूध-उत्पादन में वृद्धि भी शामिल है जिसके लिये पशु-पालन की ओर अधिक ध्यान देने तथा नसलकशी द्वारा मौजूदा पशु-धन को सुधारने की आवश्यकता है। इस कार्य के लिए 5 पशु-नसलकशी फार्म और 3 फ्रोज़न सीमन बैंक-कम-बुल केन्द्र स्थापित किए गये हैं। बड़े पैमाने पर सूअर पालन यूनिट स्थापित करने की ओर विशेष ध्यान देना पड़ेगा। मेरी सरकार जिसने हाल ही में कार्यभार संभाला है, की कोशिशों के फलस्वरूप नई स्कीमें बनाई गई हैं और संभावना है कि दूध-उत्पादन जो कि छठी योजना के अन्त में 3,817 हजार मीट्रिक टन था, बढ़ कर 7वीं योजना के अंत तक 4,900 हज़ार मीट्रिक टन हो जायेगा, जबकि वर्ष 1985-86 के लिये 4,020 हजार मीट्रिक टन लक्ष्य निर्धारित किया गया है। इससे छठी योजना के अंत तक प्रति प्राणी दूध उत्पादन बढ़कर 576 ग्राम हो जायेगा। 7वीं योजना के अन्त तक यह बढ़ कर 665 ग्राम हो जायेगा। राज्य ने पोल्ट्री उत्पादन में उचित प्रगति की गई है और वर्ष 1985-86 के लिये 95 करोड़ अंडों का लक्ष्य निश्चित किया गया है। किसानों तथा विशेषतया समाज के कमज़ोर वर्गों के लोगों तथा अनुसूचित जातियों की सामान्य खुशहाली के लिये वर्ष 1985-86 के दौरान विशेष केंद्रीय सहायता स्कीम के अंतर्गत अनुसूचित जातियों की विधवाओं तथा अन्य अनुसूचित जातियों के अन्य व्यक्तियों को क्रमशः 500 और 1,050 दुधारू पशु मुहैया करने का लक्ष्य निर्धारित किया गया है। अनुसूचित जातियों की विधवाओं को ब्याज रहित ऋण देने के बारे में भी विचार किया जा रहा है। चल रही स्कीमों को और तेज़ करने तथा नई स्कीमें चालू करने के लिये मेरी सरकार ने वर्ष 1985-86 के दौरान प्लान स्कीमों के लिये 445 लाख रुपये की राशि निर्धारित की है।

17. सिंचाई एक और महत्वपूर्ण क्षेत्र है। मेरी सरकार का प्रस्ताव है कि इसके मौजूदा ढांचे में सुधार लाया जाये। जो क्षेत्र इस समय नहरी सिंचाई के अन्तर्गत नहीं है, उनको विशेष रूप से इन स्कीमों के घेरे में लाने का प्रस्ताव है। राज्य के खाश, माझा, सरहदी इलाकों तथा कंडी क्षेत्रों पर ज़ोर दिया जायेगा जहां पर नीम बाढ़-सुरक्षा व सिंचाई डैम बनाये जायेंगे तथा गहरे ट्यूबवैल लगाये जायेंगे। एक और महत्वपूर्ण प्राजक्ट कंडी नहर प्राजैक्ट है। कंडी नहर की स्टेज I से 11,800 हैक्टेयर भूमि की सिंचाई हो सकेगी। इस प्राजैक्ट को मुकम्मल करने के लिये ज़ोरदार यत्न किये जायेंगे। इस के पश्चात् दूसरी स्टेज से और 26,400 हैक्टेयर भूमि को सिंचाई अधीन लाने का प्रस्ताव है।

संत हरचंद सिंह लौंगोवाल और श्री राजीव गांधी के मध्य दिनांक 24 जुलाई, 1985 को हुए समझौते के अन्तर्गत पंजाब के किसानों के लिए रावी-व्यास प्रणाली से उतने पानी के

Original with;
Punjab Vidhan Sabha
Digitized by;
Panjab Digital Library

[Mr. Speaker]

उपयोग का उपबंध है, जितना कि दिनांक 1 जुलाई, 1985 को उपयोग में लाया जा रहा था (तालियां)। राज्य सरकार को विश्वास है कि समझौते के अधीन प्रस्तावित किये गये ट्रिब्यूनल द्वारा अन्तिम निर्णय के फलस्वरूप हम पहले मंत्री-मंडल द्वारा किये गये समझौते के मुकाबले पानी का काफी बड़ा हिस्सा प्राप्त कर सकेंगे। (तालियां)

18. बिजली, विकास के सभी क्षेत्रों के विकास लिए एक मूलभूत आवश्यकता है। यद्यपि इसकी नई उत्पादन क्षमता बढ़ा दी गई है, परन्तु फिर भी हम इसकी स्थिति के संबंध में सन्तुष्ट हो कर नहीं बैठ सकते। मेरी सरकार, अधिक बिजली पैदा करने की नई क्षमताओं का पता लगाने के लिये तथा मौजूदा क्षमताओं को अधिक प्रभावशाली ढंग से उपयोग में लाने के लिए अपनी जोरदार कोशिशें जारी रखेगी। विशेष रूप से थीन डैम को तेज़ी से मुकम्मल करना इसका सर्वप्रथम कार्य होगा। नवम्बर, 1983 के अनुसार व्यय का अनुमान 700 करोड़ रुपये है। अब तक 90 करोड़ रुपये खर्च किये जा चुके हैं। वर्ष 1985-86 के दौरान कुल 75 करोड़ रुपये की राशि रखी गई है। 1986-87 से इस प्राजैक्ट पर वार्षिक व्यय बढ़ कर 100 करोड़ रुपये हो जायेगा। इसको निश्चित तिथि से पहले पूरा करने के लिये निर्माण-प्रोग्राम को फिर तरतीब दी जायेगी। 94 मैगावाट के शाहपुरकंडी प्राजैक्ट को मुकम्मल करने के लिये भी आवश्यक पग उठाये जायेंगे। औद्योगिक तथा कृषि के उपयोग के लिये बिजली की लगातार बढ़ रही मांग को पूरा करने के लिये मेरी सरकार पड़ोसी राज्यों, हिमाचल प्रदेश तथा जम्मू व काश्मीर के साथ मिलकर इन राज्यों में पन-बिजली उत्पादन की क्षमताओं के सांझे विकास तथा हिस्से के लिये सहयोग की सम्भावनाओं का पता लगाना चाहती है। आशा है कि हिमाचल प्रदेश में करचम वांगटू (600 मै० वा०) और वास्पा (400 मै० वा०) प्राजैक्टों को मुकम्मल करने के लिये बकायदा समझौता शीघ्र ही हो जायेगा और प्रारम्भिक कार्य शुरू कर दिया जायेगा। मेरी सरकार इस राज्य में एक प्रमाणु बिजली-घर लगाने के लिये भारत सरकार को रज़ामंद करने की कोशिश करेगी।

19. हाल ही में पैदा हुई अशान्ति वाली परिस्थितियों के कारण सबसे अधिक बुरा प्रभाव राज्य के औद्योगिक क्षेत्र पर पड़ा है। इसके फलस्वरूप राज्य के नौजवान बेरोज़गारी के शिकार हुए हैं। मेरी सरकार आर्थिकता को पुनरुज्जीवित करने, उद्यमकर्ताओं में विश्वास पैदा करने, नये उद्यमों में पूंजी निवेश के लिये प्रोत्साहन देने और भारत के औद्योगिक मानचित्र में पंजाब को गौरवपूर्ण स्थान पुन: दिलाने के लिये वचनबद्ध है। सरकार का यह प्रस्ताव है कि उद्यमकर्ताओं की मदद के लिये एक स्थान से सुविधाएं उपलब्ध हो सकें और इस सम्बन्ध में समय-बद्ध सहायता कार्यक्रम भी बनाया जाये। पंजाब के उद्योग, विशेषत: छोटे पैमाने के उद्योग पुरानी टैक्नोलोजी वाले हैं। हमारा प्रस्ताव है कि उद्योगों के आधुनिकीकरण में सक्रिय सहायता दी जाये और उद्योगों को आवश्यक साज-सामान मुहैया करके टैक्नोलोजी के स्तर को ऊंचा उठाया जाये। विविधता द्वारा राज्य के औद्योगिक विकास को विशालतर बनाने का भी प्रस्ताव है। राज्य के छोटे पैमाने के उद्योग ऐसे स्तर पर पहुंच गये हैं जहां पर कि उन्हें बड़े व दरम्याने दर्जे के क्षेत्रों से संबंधित पुर्जों, टैक्नालौजी और मंडीकरण सहायता की आवश्यकता है। इसके लिए लाईसेंस व पंजीकरण प्राप्त करने तथा ऐसे प्राजैक्टों या यूनिटों को तीव्र गति

Original with;
Punjab Vidhan Sabha
Digitized by;
Panjab Digital Library

से पूरा करने पर ज़ोर दिया जायेगा । राज्य की औद्योगिक आर्थिकता को पुनरुजीवित करने के लिये केन्द्रीय सरकार से विशेष सहायता की मांग की जायेगी । स्थानीय साधनों पर आधारित उद्योगों की प्रगति और रोज़गार तथा अधिक औद्योगिक सक्रियता के अवसर पैदा करने के लिये अधिक से अधिक कोशिश की जायेगी ।

20. इस वर्ष राज्य के कुछ ज़िलों पर बाढ़ का प्रभाव पड़ा है, जिससे सड़कों तथा पुलों को भारी क्षति पहुंची है । इन की मुरम्मत पर लगभग 43 करोड़ रुपये व्यय होने का अनुमान है । मेरी सरकार की यह इच्छा है कि बाढ़ प्रभावित सड़कों/पुलों की आवश्यक मुरम्मत के लिए साधन तथा उपाय खोजे जायें । सड़कों तथा पुलों के निर्माण और संरक्षण के लिये 42.30 करोड़ रुपए की राशि का उपबंध किया गया है । इसके अतिरिक्त ग्रामों की लिंक सड़कें बनाने और उन के सुधार के लिये मार्किट कमेटियां/कृषि मंडीकरण बोर्ड द्वारा 22 करोड़ रुपये की राशि मुहैया की जा रही है । सरकार को आशा है कि इन योजनाओं से लोगों के लिये सड़कों का एक बहुत अच्छा जाल बिछा दिया जायेगा ।

जहां तक ग्रामीण जल-सप्लाई का सम्बन्ध है, राज्य के 3,712 ग्रामों को पेय जल की दुर्लभता वाले ग्राम घोषित किया गया है । मार्च, 1985 तक 2,482 ग्रामों में पेय जल की सप्लाई का प्रबन्ध किया गया है । वर्ष 1985-86 के दौरान 1,35,000 की आबादी वाले 125 अन्य ग्रामों को पेय जल की सप्लाई की सुविधा दी जायेगी । इस वर्ष इस उद्देश्य के लिये 10.00 करोड़ रुपए की राशि का उपबन्ध किया गया है ।

21. मेरी सरकार मतदाताओं के साथ किये गये वायदों को पूरा कर रही है और समाज के भिन्न-भिन्न वर्गों की आवश्यकताओं तथा उमंगों को पूरा कर रही है । मेरी सरकार का एक उद्देश्य लोक-राज की बुनियाद को मज़बूत करना रहा है । आपको शायद याद ही होगा कि नगरपालिका के गत चुनाव 1979 में अकाली सरकार के राज्य काल के दौरान ही हुए थे और उसके पश्चात् ये चुनाव नहीं हुए । नगरपालिका के कार्यकाल को 31 दिसम्बर, 1985 तक बढ़ा दिया गया है, परन्तु मेरी सरकार का यह प्रस्ताव है कि राज्य की नगरपालिकाओं के चुनाव शीघ्र ही करवाए जायें ।

राज्य में शहरी गंदी बस्तियों की समस्या की जटिलता, सरकार के लिये एक बड़ी चिंता का कारण बनी रही है और मेरी सरकार गंदी बस्तियों में रह रहे लोगों की मुश्किलें दूर करने और उन की स्थिति को सुधारने के लिये पूरी तरह सजग है । मेरी सरकार ने इस संबंध में यह लक्ष्य निर्धारित किया है कि वर्ष 1985-86 के दौरान गंदी बस्तियों में रह रहे 50,000 लोगों को इस स्कीम के अन्तर्गत लाया जाये ।

मेरी सरकार का यह प्रस्ताव है कि अमृतसर, जालंधर, लुधियाना, बठिंडा, पठानकोट, राजपुरा और मोगा शहरों में सीवरेज अपशिष्ट के शोधन का दूसरा प्राजैक्ट शुरू किया जाये । यह एक महत्वपूर्ण सफाई प्राजैक्ट होगा जिस पर लगभग 120 करोड़ रुपये व्यय होंगे और यह प्राजैक्ट पांच वर्षों के भीतर पूरा हो जायेगा । इस प्राजेक्ट के लिये विश्व

Original with;
Punjab Vidhan Sabha
Digitized by;
Panjab Digital Library

[Mr. Speaker]

बैंक से सहायता मांगी गई है। मेरी सरकार ने स्थानीय संस्थाओं के प्रबन्ध में सुधार लाने का दृढ़ निश्चय किया हुआ है और इस सम्बन्ध में विशेष कार्यक्रम आरम्भ करने का प्रस्ताव है। मेरी सरकार का पूर्वी पंजाब शहरी किराया प्रतिबन्ध अधिनियम, 1949 में संशोधन करने का प्रस्ताव है ताकि भूतपूर्व तथा नौकरी कर रहे सैनिक सरसरी कार्यवाही द्वारा कब्जा ले सकें। शहरी विकास से संबंधित भिन्न-भिन्न ऐजंसियों में अच्छे तालमेल को यकीनी बनाने के लिये और अधिक सांस्थानिक वित्त जुटाने के लिये, मेरी सरकार का यह प्रस्ताव है कि राज्य में एक शहरी विकास प्राधिकरण स्थापित किया जाए।

मेरी सरकार यह यकीनी बनायेगी कि चंडीगढ़ को पंजाब में शामिल किये जाने के पश्चात इस सुन्दर शहर की विशेषता को स्थिर रखा जाये। संरक्षण, विकास तथा वातावरण की स्वच्छता का स्तर निम्न नहीं होने दिया जायेगा, बल्कि इसके बिकास में सुधार करने के लिये विशेष यत्न किये जायेंगे। (तालियां)

22. स्वास्थ्य तथा चिकित्सा सेवाओं के लिये मूलभूत ढांचा स्थापित करने हेतु वर्ष 1985-86 के दौरान 5,000 से अधिक ग्रामीण जनसंख्या के लिये उपकेन्द्र मुहैया करने के नार्म को ध्यान में रखते हुए, 50 उपकेन्द्र खोले जायेंगे। 30,000 से अधिक ग्रामीण आबादी के लिये एक प्राथमिक स्वास्थय केन्द्र मुहैया करने के लिये 40 प्राथमिक स्वास्थ्य केन्द्र खोले जायेंगे। औषधि, सर्जरी, नारीरोग तथा बाल-चिकित्सा में विशिष्ट सेवाएं मुहैया करने के लिये ब्लाक स्तर पर 12 सामूहिक स्वास्थ्य केन्द्र खोले जायेंगे। शहरी गंदी बस्ती स्कीम अधीन चालू वर्ष के दौरान 5 डिस्पैंसरियां खोली जायेंगी। दो अस्पतालों को 10/25 बैड से 50 बैड तक, 2 अस्पतालों को 50 से 100 बैड तक और एक अस्पताल को 100 से 200 बैड तक के अस्पताल में अपग्रेड किया जायेगा। बठिंडा में एक इंटैसिव केयर यूनिट खोला जायेगा। वर्ष 1985-86 के दौरान स्थानीय संस्थाओं की दो डिस्पैंसरियों को सरकारी नियन्त्रण अधीन लाये जाने का भी प्रस्ताव है। मुहाली में ई० एस० आई० अस्पताल का और विस्तार किया जायेगा और जालन्धर में एक नई ई० एस० आई० डिस्पैंसरी खोली जायेगी।

बजट में भारतीय औषधि प्रणाली के लिये 24.44 लाख रुपये रखे गये हैं — होमियोपैथी के लिये 15 लाख रुपये और आयुर्वैदिक के लिये 9.44 लाख रुपये हैं। यह राशि नई डिस्पैंसरियां खोलने और जालन्धर में एक 10 बैड वाला होमियोपैथिक अस्पताल खोलने के लिये उपयोग की जायेगी।

23. मेरी सरकार गुणात्मक और मात्रात्मक दोनों पक्षों से विद्या की उन्नति के लिये विशेष अवसर प्रदान करने के कार्यक्रमों को अधिक महत्व देती है। शिक्षा पर किया जा रहा बहुत ज्यादा खर्च इस बात का सूचक है कि समूची आबादी को शिक्षा के घेरे में लाया जायेगा। निरक्षरता को दूर करने के लिये प्राथमिक शिक्षा को विशेष महत्व दिया गया है जो राज्य में निःशुल्क तथा अनिवार्य है। चालू वित्तीय वर्ष के दौरान मेरी सरकार का प्रस्ताव है कि 21.85 लाख बच्चे दाखिल किये जायें। मेरी सरकार का शिक्षा के प्रति वचनबद्ध होना

Original with;
Punjab Vidhan Sabha
Digitized by;
Panjab Digital Library

इस बात से भी स्पष्ट है कि इस ने राज्य भर में सैकण्डरी स्कूल खोलने का दृढ़ निश्चय किया हुआ है। औसतन 2.1 किलोमीटर के फासले के भीतर एक मिडिल स्कूल और 2.6 किलोमीटर के फासले के भीतर एक हाई स्कूल मुहैया किया गया है । इसके अतिरिक्त, मेरी सरकार का प्रस्ताव है कि स्कूलों व कालेजों में पाठ्यक्रम तथा शिक्षा के स्तर में गुणात्मक परिवर्तन तीव्रता के साथ लाया जाये। प्रौढ़ शिक्षा का भी यह विशेष महत्व है और मेरी सरकार की यह नीति है कि स्त्रियों की पढ़ाई पर विशेष ज़ोर दिया जाये। राष्ट्रीय नीति से कंधे के साथ कंधे जोड कर चलने के लिये मेरी सरकार ने अप्रैल, 1986 से सभी 179 सहायता-प्राप्त और सरकारी कालेजों में 10+2 शिक्षा प्रणाली को लागु करने का फैसला किया है। चालू वर्ष के दौरान एक करोड रुपये का उपबन्ध किया गया है। आधुनिकीकरण के सम्बन्ध में बच्चों को तैयार करने के लिये मेरी सरकार का प्रस्ताव है कि स्कूलों में कम्प्यूटर शिक्षा प्रणाली चालू की जाये ।

पिछली अकाली सरकार के समय ग्रामीण क्षेत्रों में शिक्षा में गुणात्मक दृष्टि से प्रगति लाने के लिये माडल स्कूल खोलने का एक नया प्रोग्राम शुरू किया गया था। बाद में पिछली सरकार ने यह प्रोग्राम बन्द कर दिया था। अब इस प्रोग्राम को फिर चालू करने का प्रस्ताव है, ताकि ग्रामीण लोगों को अच्छी शिक्षा सुविधाएं उपलब्ध हो सकें।

24. राज्य सरकार इस तथ्य से पूर्णतः सजग है कि गेहूं तथा धान लाभदायक मूल्य पर प्राप्त किया जाये और लोगों को विशेषतया कमज़ोर वर्गों को उचित दरों पर आवश्यक वस्तुएं सप्लाई करने का प्रबन्ध भी किया जाये । मेरी सरकार की पूरी-पूरी कोशिश होगी कि गेहूं और धान के उत्पादकों को लाभदायक मूल्य दिलवाए जायें। राज्य सरकार का यह भी प्रस्ताव है कि खाद्यान्न के बढ़ रहे भंडार की आवश्यकताओं को पूरा करने के लिये भिन्न-भिन्न प्राप्ति/भंडार एजेंसियों द्वारा अन्य 5 लाख मीट्रिक टन की क्षमता वाले छते हुए भंडारों का प्रबन्ध किया जाए। सी. ए. पी. के अधीन 10 लाख मीट्रिक टन खाद्यान्न भंडार करने के लिये पक्की कुर्सियों का निर्माण करने का प्रस्ताव है।

पनसप द्वारा खोली गई 301 थोक दुकानों द्वारा 10,801 परचून दुकानें चल रही हैं। इन परचून दुकानों पर गेहूं, आटा, लेवी खांड, चावल, मिट्टी का तेल, पाम आयल, कंट्रोल-शुदा कपड़ा तथा दालें मिलती हैं। इस समय राज्य में इन ज़रूरी वस्तुओं की कोई कमी नहीं है। हाई स्पीड डीज़ल, लाईट डीज़ल तेल तथा सीमिंट जैसी अन्य आवश्यक वस्तुएं भी आम मिलती हैं। इस बात का विशेष ध्यान रखा जायेगा कि सभी डिपुओं पर ये सभी वस्तुएं हमेशा मिलती रहें ।

25. हम इतिहास के एक ऐसे नाज़ुक मोड़ पर खड़े हैं जबकि अनुसूचित जातियों तथा पिछड़े वर्गों के लिए दर्जे तथा अवसरों की समानता मुहैया करने के सम्बन्ध में नये विचार, भावनाएं तथा दृष्टिकोण हमारे दिलों को झकझोर रहे हैं। उन में स्वाभिमान की भावना पैदा करनी होगी और उन के समाज---आर्थिक दर्जे में भी सुधार लाना होगा ।

Original with;
Punjab Vidhan Sabha
Digitized by;
Panjab Digital Library

[Mr. Speaker]

मेरी सरकार ने इस सम्बन्ध में कई पग उठाये हैं। पंजाब राज्य अनुसूचित जातियां भूमि विकास तथा वित्त निगम और पंजाब राज्य पिछड़े वर्ग, भूमि विकास तथा वित्त निगम द्वारा भिन्न-भिन्न बैंक स्कीमों के लिये बैंक-टाई-अप स्कीम के अधीन उन को ब्याज रहित ऋण दिये जा रहे हैं। अन्य केसों में निगम द्वारा ऋण की राशि तथा किस्म के अनुसार 0 से 7 प्रतिशत तक नाम मात्र ब्याज दरों पर ऋण दिये जा रहे हैं। अनुसूचित जातियों के विद्यार्थियों को, उन के माता-पिता की आय पर ध्यान न देते हुए, छठी श्रेणी से दसवीं श्रेणी तक पुस्तकें तथा लेखन-सामग्री मुफ्त दी जा रही है। स्कूलों तथा कालेजों में ऐसे विद्यार्थियों को वज़ीफे भी दिये जा रहे हैं जिन के मां-बाप की आय 15,000 रुपये वार्षिक से अधिक नहीं है। चालू वर्ष के दौरान मलीन धंधों में लगे हुए व्यक्तियों के लिये मकान-निर्माण ग्रांट 2,000 रुपए प्रति लाभ-पात्र से बढ़ा कर 5,000 रुपए प्रति लाभ-पात्र कर दी गई है। (तालियां)।

26. मेरी सरकार समाज के कमज़ोर वर्गों की भलाई तथा उन्नती के लिये बचनबद्ध है ताकि इन लोगों की समाज-आर्थिक स्थितियों में सुधार लाया जा सके। भिन्न-भिन्न भलाई कार्यक्रम आरम्भ करने के लिये काफी फंड रखे गये हैं। सामाजिक भलाई, आर्थिक विकास का एक अभिन्न अंग है। इस लिये राज्य की योजना में स्त्रियों, बच्चों, समाज के दलित असुरक्षित तथा अंगहीन वर्गों की भलाई को प्राथमिकता दी जा रही है। भिन्न-भिन्न भलाई कार्यक्रमों के लिये वर्ष 1985-86 के बजट में 1,267.76 लाख रुपए की राशि रखी गई है। संगठित बाल-विकास सेवाएं स्कीम 34 ब्लाकों में चल रही हैं। जिसके अधीन 3,658 आंगन-वाड़ियों द्वारा 6 वर्ष तक की आयु के 2,18,000 बच्चे तथा गर्भवती तथा दूध पिलाने वाली माताएं भिन्न-भिन्न सेवाओं का लाभ उठा रही हैं। वर्ष 1985-86 में इस कार्यक्रम के लिये 719.79 लाख रुपये का उपबन्ध किया गया है जिसके द्वारा वृद्धों, विधवाओं, बेसहारा स्त्रियों तथा आश्रित बच्चों को 50 रुपये मासिक प्रति व्यक्ति माली सहायता दी जा रही है। अंगहीन व्यक्तियों की भलाई के लिये 13.27 लाख रुपए की राशि व्यय की जायेगी जिसमें विकलांग व्यक्तियों के लिये 50 रुपये मासिक माली सहायता देने के लिये 9 लाख रुपये की राशि भी शामिल है। भिन्न-भिन्न सांस्थानिक सेवाओं के अधीन लाभ प्राप्त कर रहे लगभग 3,500 ज़रूरतमन्द व्यक्तियों पर 50 लाख रुपये व्यय किये जायेंगे।

मेरी सरकार को स्त्रियों तथा बच्चों की भलाई की बहुत चिन्ता है। हमें अहसास है कि स्त्रियां आबादी का लगभग आधा भाग हैं उन की उन्नति तथा बेहतरी पर ही समाज तथा राज्य की भलाई निर्भर करती है। वर्ष 1985-86 के दौरान भलाई निगम का प्रस्ताव है कि 3,500 से अधिक स्त्रियों को 1.5 करोड़ रुपये के ऋण दिये जायें। इस में अनुसूचित जातियों के पीले कार्डों वाली स्त्रियों को दिया जाने वाला 40 लाख रुपये का पूंजीगत उपदान भी शामिल है।

मेरी सरकार का प्रस्ताव है कि स्त्रियों के लिये इलैक्ट्रानिक्स आदि जैसे गैर परम्परागत क्षेत्रों में प्रशिक्षण तथा गारंटीशुदा रोज़गार स्कीमें शुरू की जायें। इन स्कीमों के अधीन

Original with;
Punjab Vidhan Sabha
Digitized by:
Panjab Digital Library

ਲਗਭਗ 700 ਲੜਕਿਯੋਂ ਕੋ ਨਿਯਮਿਤ ਰੂਪ ਸੇ ਰੋਜ਼ਗਾਰ ਪ੍ਰਾਪ੍ਤ ਕਰਨੇ ਕਾ ਲਾਭ ਪ੍ਰਾਪ੍ਤ ਹੋਗਾ। ਸ੍ਤ੍ਰਿਯੋਂ ਕੋ ਪ੍ਰਸ਼ਿਕ੍ਸ਼ਣ ਦਿਯਾ ਜਾ ਰਹਾ ਹੈ ਤਥਾ ਉਨਕੋ ਸਰਕਾਰੀ ਅਥਵਾ ਨਿਜੀ ਸੰਸ੍ਥਾਓਂ ਮੇਂ ਯਕੀਨੀ ਤੌਰ ਪਰ ਰੋਜ਼ਗਾਰ ਦਿਲਵਾਨੇ ਮੇਂ ਸਹਾਯਤਾ ਦੀ ਜਾਯੇਗੀ। ਮੰਡੀਕਰਣ ਮੇਂ ਮਹਿਲਾ ਕਰ੍ਮਚਾਰਿਯੋਂ ਕੋ ਬੜੀ ਕਠਿਨਾਈ ਕਾ ਸਾਮਨਾ ਕਰਨਾ ਪੜ੍ਤਾ ਹੈ। ਇਸ ਲਿਯੇ ਮੇਰੀ ਸਰਕਾਰ ਉਨ ਕੋ ਅਪਨੀ ਬਨਾਈ ਵਸ੍ਤੁਓਂ ਕੇ ਮੰਡੀਕਰਣ ਮੇਂ ਸਹਾਯਤਾ ਕਰਨੇ ਕੀ ਪੂਰੀ ਕੋਸ਼ਿਸ਼ ਕਰੇਗੀ।

27. ਪੰਜਾਬ ਮੇਂ ਲਗਭਗ ਪਾਂਚ ਲਾਖ ਭੂਤਪੂਰ੍ਵ ਸੈਨਿਕ ਹੈਂ ਔਰ ਐਸੇ ਲਾਭ ਪ੍ਰਾਪ੍ਤ ਕਰਨੇ ਵਾਲੀ ਅਨ੍ਯ ਸ਼੍ਰੇਣਿਯੋਂ ਅਰ੍ਥਾਤ੍ ਨੌਕਰੀ ਕਰ ਰਹੇ ਸੈਨਿਕੋਂ, ਉਨਕੇ ਪਰਿਵਾਰੋਂ ਤਥਾ ਮ੍ਰੁਤਕ ਸੈਨਿਕੋਂ ਕੇ ਪਰਿਵਾਰੋਂ ਸਹਿਤ ਇਨ ਕੀ ਸੰਖ੍ਯਾ ਲਗਭਗ 24 ਲਾਖ ਬਨ ਜਾਤੀ ਹੈ। ਰਾਜ੍ਯ ਕੋ ਅਪਨੇ ਬਹਾਦੁਰ ਸੈਨਿਕੋਂ ਪਰ ਗਰ੍ਵ ਹੈ, ਜੋ ਸਦੈਵ ਦੇਸ਼ ਕੀ ਅਮੂਲ੍ਯ ਆਜ਼ਾਦੀ ਕੀ ਰਕ੍ਸ਼ਾ ਹੇਤੁ ਸਰ੍ਵਾਗ੍ਰਣੀ ਰਹੇ ਹੈਂ। ਰਾਜ੍ਯ ਕੇ ਯੇ ਬਹਾਦੁਰ ਸਪੂਤ ਦੇਸ਼ ਕੀ ਰਕ੍ਸ਼ਾ ਕੇ ਲਿਯੇ ਫੌਜ ਮੇਂ ਅਪਨੀ ਨੌਜਵਾਨੀ ਵ੍ਯਤੀਤ ਕਰਨੇ ਕੇ ਪਸ਼੍ਚਾਤ੍ ਸ਼ੀਘ੍ਰ ਹੀ ਸੇਵਾ-ਮੁਕ੍ਤ ਹੋ ਜਾਤੇ ਹੈਂ। ਇਸ ਲਿਯੇ ਸਰਕਾਰ ਸਿਵਿਲ-ਜੀਵਨ ਮੇਂ ਉਨ ਕੇ ਠੀਕ ਢੰਗ ਸੇ ਪੁਨਰ੍ਵਾਸ ਕੇ ਲਿਯੇ ਪ੍ਰਤ੍ਯੇਕ ਪਗ ਉਠਾਯੇਗੀ। ਇਸਕੇ ਅਤਿਰਿਕ੍ਤ ਸੀਧੀ ਭਰ੍ਤੀ ਦ੍ਵਾਰਾ ਭਰੀ ਜਾਨੇ ਵਾਲੀ 15 ਪ੍ਰਤਿਸ਼ਤ ਆਸਾਮਿਯਾਂ ਭੂਤਪੂਰ੍ਵ ਸੈਨਿਕੋਂ ਕੇ ਲਿਏ ਸੁਰਕ੍ਸ਼ਿਤ ਕਰ ਦੀ ਗਈ ਹੈਂ (ਤਾਲਿਯਾਂ) ਔਰ ਯਦਿ ਅਪੇਕ੍ਸ਼ਿਤ ਯੋਗ੍ਯਤਾਓਂ ਵਾਲਾ ਭੂਤਪੂਰ੍ਵ ਸੈਨਿਕ ਨ ਮਿਲ ਸਕੇ ਤੋ ਐਸੀ ਆਸਾਮਿਯੋਂ ਪਰ ਨਿਯੁਕ੍ਤਿ ਕੇ ਲਿਯੇ ਉਸ ਪਰ ਆਸ਼੍ਰਿਤ ਏਕ ਵ੍ਯਕ੍ਤਿ ਕੋ ਚੁਨੇ ਜਾਨੇ ਕਾ ਅਵਸਰ ਦਿਯਾ ਜਾਤਾ ਹੈ।

28. ਮਾਨਯੋਗ ਮੈਂਬਰ ਸਾਹਿਬਾਨ, ਮੈਂ ਆਪਣੀ ਸਰਕਾਰ ਦੀਆਂ ਨੀਤੀਆਂ ਅਤੇ ਵਿਸ਼ੇਸ਼ ਵਿਕਾਸ ਯੋਜਨਾਵਾਂ ਬਾਰੇ ਸੰਖੇਪ ਵਿਚ ਜ਼ਿਕਰ ਕੀਤਾ ਹੈ। ਕਾਨੂੰਨ ਤੇ ਵਿਵਸਥਾ ਬਣਾਈ ਰਖਣ, ਭਿਰਕੂ ਸਦਭਾਵਨਾ ਬਰਕਰਾਰ ਰਖਣ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਲਈ ਸਾਨੂੰ ਸਾਰਿਆਂ ਨੂੰ ਦ੍ਰਿੜ੍ਹ ਅਤੇ ਸਾਂਝੇ ਯਤਨ ਕਰਨ ਦੀ ਲੋੜ ਹੈ। ਮੈਨੂੰ ਪੂਰੀ ਆਸ ਹੈ ਕਿ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਦੁਆਰਾ ਦਿਤੀ ਗਈ ਅਗਵਾਈ ਅਤੇ ਲੋਕ ਭਲਾਈ ਲਈ ਉਨ੍ਹਾਂ ਦੀ ਤੀਬਰ ਇੱਛਾ ਇਨ੍ਹਾਂ ਮਨੋਰਥਾਂ ਦੀ ਪੂਰਤੀ ਵਿਚ ਸਹਾਈ ਹੋਵੇਗੀ। ਮੈਨੂੰ ਵਿਸ਼ਵਾਸ ਹੈ ਕਿ ਆਪ ਜੀ ਦਾ ਵਿਚਾਰ ਵਟਾਂਦਰਾ ਕਾਰਗਰ ਸਾਬਤ ਹੋਵੇਗਾ। (ਬੰਪਿੰਗ)

ਜੈ ਹਿੰਦ

Mr. Speaker : The House stands adjourned till 10 A. M. on Friday, the 18th October, 1985.

*6·00 P. M. | *(The Sabha then adjourned* till 10.00 A.M. on Friday, the 18th October , 1985.)*

19388 PVS Govt. Press, (U.T.,) Chd.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

© 1985

Published under the authority of the Punjab Vidhan Sabha and printed by the Controller, Govt. Press, U. T. Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

29th October, 1985

Vol. I—No. 6

OFFICIAL REPORT

CONTENTS


Tuesday, the 29th October, 1985

		Page
Call Attention Notices under Rule 66	...	(6)1
Resumption of Discussion on Governor's Address	..	(6)7
Walk Out	..	(6)55
Resumption of Discussion on Governor's Address	..	(6)55

PUNJAB VIDHAN SABHA SECRETARIAT, CHANDIGARH

Price : Rs. 10-0

Original with;
Punjab Vidhan Sabha
Digitized by;
Panjab Digital Library



Original with:
Punjab Vidhan Sabha
Digitized by:
Panjab Digital Library

ERRATA
TO
PUNJAB VIDHAN SABHA
DEBATES
DATED 29th October,1985

Vol. I - No.6

Read	For	Page	Line
ਜ਼ਬਰਦਸਤ	ਜ਼ਬਸਦਸਤ	(6)5	10th from below
ਮੈਨੂੰ	ਨੂੰ	(6)37	14
ਮਾਅਨਿਆਂ	ਮਾਅਨਆਂ	(6) 44	4

Original with:
Punjab Vidhan Sabha
Digitized by:
Panjab Digital Library

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Tuesday, the 29th October, 1985

The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock. Mr Speaker (Sardar Ravi Inder Singh) in the Chair.

CALL ATTENTION NOTICES UNDER RULE 66

(Serial No. 10)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪ੍ਰਧਾਨ ਮੰਤਰੀ ਵਲੋਂ 9 ਅਕਤੂਬਰ, 1985 ਦੇ ਅਖ਼ਬਾਰਾਂ ਵਿਚ ਛਪੇ ਬਿਆਨ ਨੇ ਦੁਖੀ ਲੋਕਾਂ ਨੂੰ ਫਿਕਰਮੰਦ ਕਰ ਦਿਤਾ ਹੈ । ਉਨ੍ਹਾਂ ਨੇ ਕਿਹਾ ਹੈ ਕਿ ਫੌਜ ਨਾਲ ਮੁਕਾਬਲਾ ਕਰਨ ਵਾਲੇ ਲੋਕ ਰਿਹਾਅ ਨਹੀਂ ਕੀਤੇ ਜਾਣਗੇ । ਦਰਬਾਰ ਸਾਹਿਬ ਤੇ ਫੌਜੀ ਹਮਲੇ ਵੇਲੇ ਫੜੇ ਸਭ ਲੋਕਾਂ ਨੂੰ ਫੌਜੀ ਮੁਕਾਬਲੇ ਵਿਚ ਸਮਝ ਲੈਣਾ ਬੜੀ ਬੇਇਨਸਾਫੀ ਹੈ । ਸੰਤ ਲੌਂਗੋਵਾਲ ਜੀ ਦੇ ਨਾਲ ਪ੍ਰਧਾਨ ਮੰਤਰੀ ਦੇ ਹੋਏ ਸਮਝੌਤੇ ਦੀ ਸਪਿਰਿਟ ਦੇ ਮੁਤਾਬਕ ਵੀ ਨਹੀਂ । ਦੁਖੀਆਂ ਦਾ ਫਿਕਰ ਦੂਰ ਕਰਨ ਲਈ ਸਰਕਾਰ ਇਸ ਮਸਲੇ ਸਬੰਧੀ ਬਣਾਈ ਨੀਤੀ ਸਪੱਸ਼ਟ ਕਰੇ ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਪ੍ਰਧਾਨ ਮੰਤਰੀ ਜੀ ਵਲੋਂ ਇਕ ਵਿਦੇਸ਼ੀ ਅਖਬਾਰ ਦੇ ਪੱਤਰਕਾਰ ਨੂੰ ਦਿਤੇ ਉਸ ਬਿਆਨ ਜੋ ਮਿਤੀ 10 ਅਕਤੂਬਰ, 1985 ਨੂੰ ਅਖਬਾਰਾਂ ਵਿਚ ਛਪਿਆ ਸੀ, ਦੇ ਤੱਥਾਂ ਸਬੰਧੀ ਪੰਜਾਬ ਸਰਕਾਰ ਕੋਲ ਕੋਈ ਪਰਮਾਣਤ ਸਰਕਾਰੀ ਜਾਣਕਾਰੀ ਨਹੀਂ ਹੈ । ਉਕਤ ਖਬਰ ਵਿਚ ਇਹ ਦਰਸਾਇਆ ਗਿਆ ਹੈ ਕਿ ਸਰਕਾਰ ਉਨ੍ਹਾਂ ਵਿਅਕਤੀਆਂ ਨੂੰ ਨਹੀਂ ਛਡੇਗੀ ਜਿਨ੍ਹਾਂ ਵਿਰੁਧ ਇਹ ਦੋਸ਼ ਹਨ ਕਿ ਉਨ੍ਹਾਂ ਨੇ ਦੇਸ਼ ਵਿਰੁਧ ਜੰਗ ਕੀਤੀ ਅਤੇ ਇਸ ਸਿਲਸਿਲੇ ਵਿਚ ਭਾਰਤੀ ਫੌਜ ਉਤੇ ਗੋਲੀਆਂ ਚਲਾਈਆਂ । ਇਸ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਭਾਰਤੀ ਫੌਜ ਦੇ 350 ਇਨਫੈਂਟਰੀ ਬਰੀਗੇਡ ਦੇ ਕਮਾਂਡਰ ਵਲੋਂ ਇਕ ਰਿਪੋਰਟ ਪ੍ਰਾਪਤ ਹੋਣ ਤੇ ਆਈ. ਪੀ. ਸੀ. ਦੀ ਧਾਰਾ 121, 121 ਏ, 122, 123, 124 ਏ, 153 ਏ, 153 ਬੀ, 333, 307, 302, ਇੰਡੀਅਨ ਆਰਮਜ਼ ਐਕਟ ਦੀ ਧਾਰਾ 25/27 ਅਤੇ ਐਕਸਪਲੋਸਿਵਜ਼ ਐਕਟ ਦੀ ਧਾਰਾ 4 ਅਤੇ 5 ਤਹਿਤ ਇਕ ਕੇਸ ਐਫ. ਆਈ. ਆਰ. ਨੰ: 182, ਮਿਤੀ 10 ਜੂਨ, 1984 ਥਾਣਾ ਕੋਤਵਾਲੀ ਅੰਮ੍ਰਿਤਸਰ ਵਿਖੇ ਦਰਜ ਕੀਤਾ ਗਿਆ ਸੀ । ਇਸ ਕੇਸ ਦੀ ਜਾਂਚ ਸੀ. ਬੀ. ਆਈ. ਦੁਆਰਾ ਕੀਤੀ ਗਈ ਸੀ ਅਤੇ ਉਸ ਉਪ੍ਰੰਤ ਚਲਾਨ ਭੀ ਵਿਸ਼ੇਸ਼ ਅਦਾਲਤ ਵਿਚ ਉਨ੍ਹਾਂ ਵਲੋਂ ਪੇਸ਼ ਕੀਤਾ ਗਿਆ ਹੈ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਮੁਕੱਦਮਾ ਕੋਤਵਾਲੀ ਵਿਚ ਦਰਜ ਕੀਤਾ ਗਿਆ ਸੀ ਜੋ ਪੰਜਾਬ ਸਰਕਾਰ ਦੇ ਅਧੀਨ ਆਉਂਦਾ ਹੈ । ਪੰਜਾਬ ਸਰਕਾਰ ਵਲੋਂ ਬਣਾਈ ਗਈ ਕਮੇਟੀ ਵਲੋਂ ਇਸ ਸਬੰਧੀ ਇਨਕੁਆਇਰੀ ਕੀਤੀ ਗਈ ਹੈ ਅਤੇ ਅਖਬਾਰ ਵਿਚ ਵੀ ਆਇਆ ਹੈ । ਇਸ ਕੇਸ ਦੀ ਐਫ. ਆਈ. ਆਰ. ਗਲਤ ਦਰਜ ਕੀਤੀ ਗਈ ਸੀ। ਮੈਂ ਇਸ ਸਬੰਧੀ ਇਕ ਗੱਲ ਦੱਸਦਾ ਹਾਂ ਕਿ ਦੋ ਔਰਤਾਂ ਇਕ ਮਨਜੀਤ ਕੌਰ ਦਰਬਾਰ ਸਾਹਿਬ ਮੱਥਾ ਟੇਕਣ ਲਈ ਗਈਆਂ ਸਨ। ਫੌਜੀ ਕਾਰਵਾਈ ਦੌਰਾਨ ਇਕ ਦੀ ਬਾਂਹ ਤੇ ਗੋਲੀ ਲਗੀ ਸੀ ਅਤੇ ਦੂਜੀ ਨੂੰ ਵੀ ਗੋਲੀ ਲਗੀ ਸੀ ਜਦ ਕਿ ਉਨ੍ਹਾਂ ਦਾ ਇਸ ਕੇਸ ਵਿਚ ਕੋਈ ਸਬੰਧ ਨਹੀਂ ਹੈ ਪਰ ਉਨ੍ਹਾਂ ਤੇ ਕੇਸ ਬਣਾਇਆ ਗਿਆ ਸੀ। ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਹ ਕੇਸ ਵਾਪਿਸ ਲਵੇਗੀ ਤਾਕਿ ਲੋਕਾਂ ਨੂੰ ਇਨਸਾਫ ਮਿਲ ਸਕੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਦੀ ਇਨਕੁਆਇਰੀ ਸੀ. ਬੀ. ਆਈ. ਨੇ ਕੀਤੀ ਸੀ ਅੱਰ ਇਸ ਦਾ ਚਲਾਨ ਵੀ ਸਪੈਸ਼ਲ ਕੋਰਟ ਵਿਚ ਸੀ. ਬੀ. ਆਈ. ਨੇ ਦਾਇਰ ਕੀਤਾ ਸੀ। ਇਸ ਕੇਸ ਦੀ ਇਨਕੁਆਇਰੀ ਅਤੇ ਪ੍ਰੋਸੀਕਿਊਸ਼ਨ ਵੀ ਉਨ੍ਹਾਂ ਨੇ ਹੀ ਕੀਤੀ ਹੈ। ਇਸ ਲਈ ਸਟੇਟ ਗੌਰਮਿੰਟ ਇਸ ਕੇਸ ਨੂੰ ਵਾਪਸ ਨਹੀਂ ਲੈ ਸਕਦੀ।

(Serial No. 15)

Doctor Kewal Krishan : Sir, I beg to draw the attention of the Government towards a matter of urgent public importance, namely, that ex-Punjab Roadways employees i.e., Drivers, Conductors and workshop staff of various depots of Punjab Roadways in the State who have been sanctioned Pensions from 1st November, 1955 in view of Judgement of Punjab and Haryana High Court have not been paid anything so far. All the pension cases of the said ex-employees are with Accountant General, Punjab. Director State Transport, Punjab or his Government representative could not get issued any Pension Payment Order of ex-Roadways employees from the A.G., Punjab (Pensions) so far. Thousands such poor, needy and most deserving persons (retired persons) are in great distress. Their miserable condition needs immediate attention of the State Government for getting released at once their pension payment orders from the A.G. Punjab Office Sector 17, Chandigarh since all the pension cases of the said ex-employees are pending in the A.G. Punjab (Pension) here. The Government should make a statement in the House in this regard.

Chief Minister (Sardar Surjit Singh Barnala) : The cases of most of the workers of Punjab Roadways who became eligible for pensionary benefits, on the replacement of the Contributory Provident Fund Scheme, by the Pensionary Scheme, with effect from 1st November, 1955, have been prepared by the depots of Punjab Roadways and sent to the Accountant General, Punjab. However, Accountant General, Punjab, sought certain clarifications from the Government, as to whether interest is chargeable from such Punjab Roadways workers who were paid gratuity previously in excess of that which is admissible under the pensionary scheme. The points raised by the Accountant General are under consideration of the Government.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਹ ਜਜਮੈਂਟ 22 ਜਨਵਰੀ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਦਿਤੀ ਸੀ ਅਤੇ ਡਿਪਾਰਟਮੈਂਟ ਨੇ ਇਹ ਕਿਹਾ ਸੀ ਕਿ ਅਸੀਂ ਇਸ ਕੇਸ ਨੂੰ 6 ਮਹੀਨਿਆਂ ਦੇ ਵਿਚ ਨਿਪਟਾ ਦੇਵਾਂਗੇ ਪਰ ਇਸ ਕੇਸ ਨੂੰ 9 ਮਹੀਨੇ ਹੋ ਗਏ ਹਨ ਹਾਲੇ ਤਕ ਸਰਕਾਰ ਵਲੋਂ ਨਿਪਟਾਇਆ ਨਹੀਂ ਗਿਆ ਜਦ ਕਿ ਇੰਪਲਾਈਜ਼ ਨੇ ਸਾਰੀਆਂ ਸ਼ਰਤਾਂ 6 ਮਹੀਨਿਆਂ ਦੇ ਵਿਚ ਹੀ ਪੂਰੀਆਂ ਕਰ ਦਿਤੀਆਂ ਸਨ। ਕੀ ਸਰਕਾਰ ਇਸ ਕੇਸ ਨੂੰ ਇਸ ਮਹੀਨੇ ਦੇ ਵਿਚ ਨਿਪਟਾ ਦੇਵੇਗੀ ਤਾਕਿ ਪੈਨਸ਼ਨ ਮਿਲ ਸਕੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਦੋਂ ਇਹ ਫੈਸਲਾ ਹੋ ਗਿਆ ਸੀ ਤਾਂ ਏ. ਜੀ. ਨੇ ਡਿਪਾਰਟਮੈਂਟ ਕੋਲੋਂ ਇਨਫਰਮੇਸ਼ਨ ਮੰਗੀ ਸੀ ਜਿਹੜੀ ਮਹਿਕਮੇ ਨੇ ਆਪਣੇ ਡਿਪੂਆਂ ਤੋਂ ਇਕਠੀ ਕਰ ਲਈ ਅਤੇ ਉਸ ਦੀ ਘੋਖ ਕਰ ਰਹੀ ਹੈ। ਇਸ ਸਬੰਧੀ ਅਸੀਂ ਜਲਦੀ ਹੀ ਫੈਸਲਾ ਕਰ ਦੇਵਾਂਗੇ।

(Serial No. 16)

Shri Jagjit Singh : Sir, I beg to draw the attention of the Government towards a matter of urgent public importance, namely, that during the recent

Original with;
Punjab Vidhan Sabha
Digitized by;
Panjab Digital Library

unprecedented heavy floods in Jalandhar district the houses of people callapsed and they suffered heavily, particularly the Harijans. The quantum of relief given by the Government is quite inadequate and most of the people effected by the heavy floods have not been compensated at all. Those who have got any relief it is not properly assessed. In some cases the influential people have managed to get relief much more than the damage. Government may please make a statement in the House and ensure that the adequate relief is given to the sufferers so that they could rebuilt their houses.

ਮਾਲ ਅਤੇ ਪੁਨਰਵਾਸ ਮੰਤਰੀ (ਸਰਦਾਰ ਮੇਜਰ ਸਿੰਘ ਉਬੋਕੇ) : ਭਾਰੀ ਵਰਖਾ ਕਾਰਨ ਹੜ੍ਹਾਂ ਨੇ 18/19 ਜੁਲਾਈ, 1985 ਦੀ ਰਾਤ ਤੋਂ ਜਲੰਧਰ ਜ਼ਿਲ੍ਹੇ ਵਿਚ ਤਬਾਹੀ ਮਚਾ ਦਿੱਤੀ। ਇਸ ਤੋਂ ਪਿਛੋਂ ਤਕਰੀਬਨ 15 ਦਿਨਾਂ ਤਕ ਜ਼ਿਲ੍ਹੇ ਵਿਚ ਭਾਰੀ ਵਰਖਾ ਹੁੰਦੀ ਰਹੀ। ਕਈ ਮਕਾਨ ਢਹਿ ਗਏ । ਜ਼ਿਲ੍ਹੇ ਵਿਚ ਨਿਰਧਾਰਣ ਕੀਤੇ ਅਨੁਸਾਰ ਮਕਾਨਾਂ ਦੇ ਨੁਕਸਾਨ ਦਾ ਵੇਰਵਾ ਨਿਮਨ ਅਨੁਸਾਰ ਹੈ :—

ਪੱਕੇ ਮਕਾਨ		ਕੱਚੇ ਮਕਾਨ	
ਪੂਰੇ ਢਹਿ ਗਏ	ਅੰਸ਼ਕ ਢਹਿ ਗਏ	ਪੂਰੇ ਢਹਿ ਗਏ	ਅੰਸ਼ਕ ਢਹਿ ਗਏ
12,580	38,620	18,750	12,179

ਹਰੀਜਨਾਂ ਦੇ ਢਹਿ ਗਏ ਮਕਾਨਾਂ ਦੀ ਗਿਣਤੀ ਵੱਖਰੇ ਤੌਰ ਤੇ ਉਪਲਬਧ ਨਹੀਂ ਹੈ। ਪਰ ਇਹ ਕਿਆਸ ਕੀਤਾ ਜਾ ਸਕਦਾ ਹੈ ਕਿ ਪੰਜਾਬ ਵਿਚ ਜੋ ਕੱਚੇ ਮਕਾਨ ਢਹਿ ਗਏ ਸਨ, ਉਹ ਮੁੱਖ ਤੌਰ ਤੇ ਹਰੀਜਨਾਂ ਦੇ ਜਾਂ ਸਮਾਜ ਦੇ ਕਮਜ਼ੋਰ ਵਰਗਾਂ ਦੇ ਹੀ ਸਨ। ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਵਿਚ ਭਾਰੀ ਵਰਖਾ/ ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਮਕਾਨਾਂ ਦੀ ਮੁਰੰਮਤ ਵਾਸਤੇ ਗਰਾਂਟ ਸਬੰਧੀ ਉਸ ਸਮੇਂ ਦੀਆਂ ਹਦਾਇਤਾਂ ਅਧੀਨ, ਜਦੋਂ ਕਿ ਹੜ੍ਹ ਆਏ ਸਨ, ਅਦਾਇਗੀ ਯੋਗ ਰਾਹਤ ਦੀ ਮਿਕਦਾਰ ਹੇਠਾਂ ਦਿਤੀ ਜਾਂਦੀ ਹੈ :—

(1) ਪੱਕੇ ਮਕਾਨ ਲਈ ... 1,500 ਰੁਪਏ ਤੱਕ, ਜੇ ਪੂਰਾ ਢਹਿ ਗਿਆ ਹੋਵੇ ।
800 ਰੁਪਏ ਤੱਕ, ਜੇ ਕੁਝ ਕੁ ਢਹਿ ਗਿਆ ਹੋਵੇ ।

(2) ਕੱਚੇ ਮਕਾਨ ਲਈ ... 800 ਰੁਪਏ ਤਕ, ਜੇ ਪੂਰਾ ਢਹਿ ਗਿਆ ਹੋਵੇ ।
400 ਰੁਪਏ ਤੱਕ, ਜੇ ਕੁਝ ਹਿੱਸਾ ਢਹਿ ਗਿਆ ਹੋਵੇ ।

(3) ਝੌਂਪੜੀ ਲਈ ... 200 ਰੁਪਏ ਤੱਕ, ਜੇ ਪੂਰੀ ਢਹਿ ਗਈ ਹੋਵੇ ।
100 ਰੁਪਏ ਤੱਕ ਜੇ ਕੁਝ ਹਿੱਸਾ ਢਹਿ ਗਿਆ ਹੋਵੇ ।

ਮਕਾਨ ਦੀ ਮੁਰੰਮਤ ਲਈ ਗਰਾਂਟਾਂ ਦੇ ਉਕਤ ਪੈਮਾਨੇ ਵੱਧ ਤੋਂ ਵੱਧ ਹਨ । ਕਿਸੇ ਪੀੜਤ ਵਿਅਕਤੀ ਨੂੰ ਅਦਾਇਗੀ ਯੋਗ ਅਸਲ ਰਕਮ, ਹੋਏ ਅਸਲ ਨੁਕਸਾਨ ਦੇ ਅਨੁਸਾਰ ਤਹਿ ਕੀਤੀ ਜਾਣੀ ਹੁੰਦੀ ਹੈ ।

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਪੁਨਰਵਾਸ ਮੰਤਰੀ]

ਮਕਾਨਾਂ ਨੂੰ ਹੋਏ ਭਾਰੀ ਨੁਕਸਾਨ ਨੂੰ ਅਨੁਭਵ ਕਰਦੇ ਹੋਏ ਸਰਕਾਰ ਨੇ ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਵਿਚ ਮਕਾਨ ਦੀ ਮੁਰੰਮਤ ਲਈ ਗਰਾਂਟ ਦੀ ਦਰ ਵਧਾ ਦਿਤੀ ਅਤੇ 31 ਜੁਲਾਈ, 1985 ਨੂੰ ਹਦਾਇਤਾਂ ਜਾਰੀ ਕਰ ਦਿਤੀਆਂ ਜੋ 18 ਜੁਲਾਈ, 1985 ਤੋਂ ਲਾਗੂ ਹੋਈਆਂ । ਰਾਹਤ ਦੀਆਂ ਸੋਧੀਆਂ ਦਰਾਂ ਹੇਠਾਂ ਦਿਤੀਆਂ ਜਾਂਦੀਆਂ ਹਨ :—

ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਵਿਚ ਭਾਰੀ ਵਰਖਾ/ਹੜ੍ਹਾਂ ਕਾਰਨ ਨੁਕਸਾਨ ਹੋਏ ਮਕਾਨਾਂ ਦੀ ਮੁਰੰਮਤ ਲਈ ਰਾਹਤ ਦੀਆਂ ਗਰਾਂਟਾਂ :—

ਢਹਿ ਜਾਣ ਦੀ ਹੱਦ	ਪੱਕਾ ਮਕਾਨ	ਕੱਚਾ ਮਕਾਨ
10% ਤੋਂ ਘੱਟ ਢਹਿ ਗਏ ...	ਕੁਝ ਨਹੀਂ	ਕੁਝ ਨਹੀਂ
10% ਤੋਂ 25% ਤਕ ਢਹਿ ਗਏ ...	500 ਰੁਪਏ	130 ਰੁਪਏ
25% ਤੋਂ 50% ਤੱਕ ਢਹਿ ਗਏ ...	1,500 ਰੁਪਏ	400 ਰੁਪਏ
50% ਤੋਂ ਵੱਧ ਢਹਿ ਗਏ ...	3,000 ਰੁਪਏ	800 ਰੁਪਏ
ਪੂਰੇ ਢਹਿ ਗਏ ...	5,000 ਰੁਪਏ	1,500 ਰੁਪਏ

ਕਿਉਂਕਿ ਰਾਜ ਵਿਚ ਬਹੁਤ ਜ਼ਿਆਦਾ ਬਾਰਸ਼ਾਂ ਕਾਰਨ ਮਕਾਨਾਂ ਨੂੰ ਨੁਕਸਾਨ ਹੁੰਦਾ ਰਿਹਾ ਇਸ ਲਈ ਪ੍ਰਧਾਨ ਮੰਤਰੀ ਜੀ ਨੇ 17 ਅਗਸਤ, 1985 ਨੂੰ ਇਨਟੈਗਰਲ ਕੋਚ ਫੈਕਟਰੀ ਦੀ ਨੀਂਹ ਰੱਖਣ ਦੀ ਰਸਮ ਸਮੇਂ, ਪੂਰੇ ਢਹਿ ਗਏ ਕੱਚੇ ਮਕਾਨਾਂ ਲਈ ਰਾਹਤ ਦੀ ਦਰ 1,500 ਰੁਪਏ ਤੋਂ ਵਧਾ ਕੇ 2,500 ਰੁਪਏ ਕਰ ਦੇਣ ਦਾ ਐਲਾਨ ਕੀਤਾ ਸੀ। ਉਸ ਤੋਂ ਪਿਛੋਂ, ਕੱਚੇ ਮਕਾਨਾਂ ਲਈ ਰਾਹਤ ਦੀਆਂ ਦਰਾਂ ਵਿਚ ਸੋਧ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ, ਜੋ ਹੇਠਾਂ ਦਰਸਾਈਆਂ ਜਾਂਦੀਆਂ ਹਨ :—

ਢਹਿ ਜਾਣ ਦੀ ਹੱਦ	ਮਿਲਣ ਯੋਗ ਰਾਹਤ ਦਰ
10% ਤੋਂ ਘੱਟ ਢਹਿ ਗਏ ...	ਕੁਝ ਨਹੀਂ
10% ਤੋਂ 25% ਤੱਕ ਢਹਿ ਗਏ ...	220 ਰੁਪਏ
25% ਤੋਂ 50% ਤਕ ਢਹਿ ਗਏ ...	650 ਰੁਪਏ
50% ਤੋਂ ਵੱਧ ਢਹਿ ਗਏ ...	1,350 ਰੁਪਏ
ਪੂਰੇ ਢਹਿ ਗਏ ...	2,500 ਰੁਪਏ

Original with;
Punjab Vidhan Sabha
Digitized by;
Panjab Digital Library

ਉਹਨਾਂ ਕੇਸਾਂ ਦਾ ਡਿਪਟੀ ਕਮਿਸ਼ਨਰਾਂ ਦੁਆਰਾ ਮੁੜ ਨਿਰਧਾਰਣ ਕੀਤਾ ਜਾ ਰਿਹਾ ਹੈ, ਜਿਨ੍ਹਾਂ ਕੇਸਾਂ ਵਿਚ ਕੁਝ ਹਿੱਸਾ ਜਾਂ ਪੂਰੇ ਢਹਿ ਗਏ ਕੱਚੇ ਮਕਾਨਾਂ ਨੂੰ ਰਾਹਤ ਪਹਿਲਾਂ ਹੀ ਅਦਾ ਕੀਤੀ ਜਾ ਚੁਕੀ ਹੈ ਅਤੇ ਅਜਿਹੇ ਸਾਰੇ ਕੇਸਾਂ ਵਿਚ ਜਿਨ੍ਹਾਂ ਵਿਚ 18 ਜੁਲਾਈ,1985 ਤੋਂ ਕਈ ਮਕਾਨਾਂ ਨੂੰ ਨੁਕਸਾਨ ਹੋਇਆ ਸੀ, ਸੋਧੀਆਂ ਦਰਾਂ ਅਨੁਸਾਰ ਰਾਹਤ ਅਦਾ ਕੀਤੀ ਜਾਵੇਗੀ। ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਸਰਕਾਰ ਨੇ ਦਿਹਾਤੀ ਅਤੇ ਸ਼ਹਿਰੀ ਦੋਵੇਂ ਕਿਸਮ ਦੇ ਇਲਾਕਿਆਂ ਵਿਚ ਮਕਾਨਾਂ ਦੀ ਮੁਰੰਮਤ ਲਈ ਗਰਾਂਟ ਵਜੋਂ ਦਿਤੀ ਜਾਣ ਵਾਲੀ ਰਾਹਤ ਦੀ ਦਰ ਕਾਫੀ ਵਧਾ ਦਿਤੀ ਹੈ। ਡਿਪਟੀ ਕਮਿਸ਼ਨਰਾਂ ਨੂੰ ਸਹੀ ਸਹੀ ਨਿਰਧਾਰਣ ਅਤੇ ਤਸਦੀਕ ਕਰਨ ਲਈ ਵੇਰਵੇ ਸਹਿਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।

ਇਨ੍ਹਾਂ ਹਦਾਇਤਾਂ ਅਨੁਸਾਰ ਰਿਲੀਫ ਵੰਡਣ ਲਈ ਦੋ ਟੀਮਾਂ ਬਣਾ ਦਿਤੀਆਂ ਸਨ। ਇਕ ਟੀਮ ਨੁਕਸਾਨ ਦਾ ਜਾਇਜ਼ਾ ਲੈਣ ਲਈ ਅਤੇ ਦੂਜੀ ਵੰਡਣ ਲਈ। ਇਨ੍ਹਾਂ ਦੇ ਮੁਖੀ ਵਖਰੇ ਵਖਰੇ ਅਤੇ ਗਜ਼ਟਿਡ ਅਫਸਰ ਹਨ ਤਾਂਕਿ ਰਿਲੀਫ ਦੀ ਵੰਡ ਵਿਚ ਕਿਸੇ ਤਰ੍ਹਾਂ ਦੀ ਹੇਰਾ ਫੇਰੀ ਅਤੇ ਸਰਕਾਰੀ ਕਰਮਚਾਰੀਆਂ ਅਤੇ ਲੈਣ ਵਾਲਿਆਂ ਦੀ ਮਿਲੀ ਭੁਗਤ ਨਾ ਹੋ ਸਕੇ । ਇਸ ਲਈ ਦੋ ਅੱਡ ਅੱਡ ਟੋਲੀਆਂ ਬਣਾਈਆਂ ਗਈਆਂ ਹਨ।

ਸਰਕਾਰ ਨੂੰ, ਸਪੀਕਰ ਸਾਹਿਬ, ਕੁਦਰਤੀ ਆਫਤ ਕਾਰਨ ਲੋਕਾਂ ਨੂੰ ਹੋਏ ਨੁਕਸਾਨ ਲਈ ਪੂਰਾ ਮੁਆਵਜ਼ਾ ਦੇਣ ਲਈ ਵਿੱਤੀ ਬੰਦਸ਼ਾਂ ਇਜਾਜ਼ਤ ਨਹੀਂ ਦਿੰਦੀਆਂ। ਪਰ, ਜਿਵੇਂ ਕਿ ਵੇਖਿਆ ਜਾਂਦਾ ਹੈ ਸ਼ਹਿਰੀ/ਦਿਹਾਤੀ ਇਲਾਕਿਆਂ ਵਿਚ ਮਕਾਨ ਦੀ ਮੁਰੰਮਤ ਲਈ ਗਰਾਂਟ ਵਜੋਂ ਰਾਹਤ ਦੀਆਂ ਦਰਾਂ ਬਹੁਤ ਵਧਾ ਦਿੱਤੀਆਂ ਗਈਆਂ ਹਨ। ਰਾਹਤ ਦੀ ਅਦਾਇਗੀ ਲਈ ਡਿਪਟੀ ਕਮਿਸ਼ਨਰ, ਜਲੰਧਰ ਨੂੰ 8.8 ਕਰੋੜ ਰੁਪਏ ਦੀ ਰਕਮ ਦਿੱਤੀ ਗਈ ਹੈ। ਉਨਾਂ ਨੇ 8.19 ਕਰੋੜ ਰੁਪਏ ਵੰਡ ਦਿੱਤੇ ਹਨ, ਜਿਨ੍ਹਾਂ ਵਿੱਚੋਂ 7.23 ਕਰੋੜ ਰੁਪਏ ਢਹਿ ਗਏ ਮਕਾਨਾਂ ਸਬੰਧੀ ਵੰਡੇ ਗਏ ਹਨ ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਸੀ ਕਿ ਜਿਹੜੀ ਰਿਲੀਫ ਵੰਡੀ ਗਈ ਹੈ ਉਸ ਰਲੀਫ ਨੂੰ ਵੰਡਣ ਵਾਲੇ ਪਿੰਡਾਂ ਵਿਚ ਹੇਰਾ-ਫੇਰੀ ਹੋਈ ਹੈ। ਪਟਵਾਰੀਆਂ ਨਾਲ ਮਿਲ ਕੇ ਜਿਹੜੀ ਗਰਾਂਟ 25,000-25,000 ਰੁਪਏ ਦੀ ਸੀ, ਉਹ ਪਿਓ, ਪੁੱਤਰਾਂ ਦੇ ਨਾਂ ਕਰ ਲਈ ਹੈ। ਪਰ ਜਿਹੜੇ, ਸਪੀਕਰ ਸਾਹਿਬ, ਗਰੀਬ ਹਰੀਜਨ ਹਨ, ਉਨ੍ਹਾਂ ਦੀ ਜਿਹੜੀ ਅਸੈਸਮੈਂਟ ਹੋਈ ਸੀ, ਉਹ ਤਕਰੀਬਨ ਸਾਰੇ ਪਿੰਡਾਂ ਵਿਚ ਗਲਤ ਹੋਈ ਹੈ। ਸਪੀਕਰ ਸਾਹਿਬ, ਮੇਰੇ ਇਲਾਕੇ ਦੇ ਤਿੰਨ ਚਾਰ ਪਿੰਡ ਹਨ ਜਿਵੇਂ ਕਿ ਝੰਖੀ, ਦੌਗੜੀ ਸਰਾਏਪਾਲ ਆਦਿ ਵਿਚ ਸਿਰਫ 130, 130 ਰੁਪਏ ਗਰਾਂਟ ਦੇ ਹਰੀਜਨਾਂ ਨੂੰ ਮਿਲੇ ਹਨ, ਜਿਨ੍ਹਾਂ ਦੇ ਪੂਰੇ ਮਕਾਨ ਵੀ ਢਹਿ ਗਏ ਹਨ। 18 ਜੁਲਾਈ, 1985 ਨੂੰ ਬਾਰਸ਼ ਹੋਈ ਅਤੇ ਉਸ ਤੋਂ ਬਾਅਦ 6 ਅਗਸਤ, 1985 ਨੂੰ ਹੋਈ ਸੀ। ਜਲੰਧਰ ਜ਼ਿਲ੍ਹੇ ਵਿਚ, ਸਪੀਕਰ ਸਾਹਿਬ, ਜ਼ਬਸਦਸਤ ਬਾਰਸ਼ ਹੋਈ ਸੀ। ਉਸ ਵੇਲੇ ਅਫਸਰਾਂ ਨੇ ਕਿਹਾ ਸੀ ਕਿ 6 ਅਗਸਤ ਨੂੰ ਜਿਹੜੀ ਬਾਰਸ਼ ਹੋਈ ਸੀ, ਉਸ ਦੀ ਸੈਪਰੇਟ ਲਿਸਟ ਤਿਆਰ ਕੀਤੀ ਜਾਵੇਗੀ ਅਤੇ ਜਿਸ ਜਿਸ ਦਾ ਜਿਹੜਾ ਨੁਕਸਾਨ ਹੋਇਆ ਹੈ, ਉਹ ਦੇਵਾਂਗੇ। ਸਪੀਕਰ ਸਾਹਿਬ, ਉਹ ਦੂਜੀ ਲਿਸਟ ਹਾਲੇ ਤਕ ਤਿਆਰ ਨਹੀਂ ਹੋਈ ਅਤੇ ਨਾ ਹੀ ਕੋਈ ਮੁਆਵਜ਼ਾ ਵਗੈਰਾ ਮਿਲਿਆ ਹੈ।

(At this stage some hon. Members from treasury benches were raising objections at the number of questions being put by the hon. Member. Shri Ram Parkash Bali, M.L.A. went to Shri Jagjit Singh).

Mr. Speaker : Mr. Bali, please sit down. I have allowed him to raise a question. Confine yourself to your seat. Mr. Jagjit Singh, you have been allowed to raise a question, but you are asking questions,

Original with;
Punjab Vidhan Sabha
Digitized by;
Panjab Digital Library

ਸ਼੍ਰੀ ਜਗਜੀਤ ਸਿੰਘ : ਪਹਿਲੀ ਅਸੈਸਮੈਂਟ ਵੀ ਗਲਤ ਹੋਈ ਸੀ। ਸਾਰੇ ਪਿੰਡਾਂ ਵਾਲਿਆਂ ਨੇ ਇਕਠੇ ਹੋ ਕੇ ਡਿਪਟੀ ਕਮਿਸ਼ਨਰ, ਜਲੰਧਰ ਨੂੰ ਦਰਖਾਸਤਾਂ ਵੀ ਦਿੱਤੀਆਂ ਹਨ ਪਰ ਉਨ੍ਹਾਂ ਦਰਖਾਸਤਾਂ ਦਾ ਕੋਈ ਫੈਸਲਾ ਅਜੇ ਤਕ ਨਹੀਂ ਹੋਇਆ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਅਸੈਸਮੈਂਟ ਗਲਤ ਹੋਈ ਹੈ, ਕੀ ਮਨਿਸਟਰ ਸਾਹਿਬ ਉਸ ਦੀ ਇਨਕੁਆਇਰੀ ਕਰਵਾਉਣਗੇ ?

ਸ਼੍ਰੀ ਸਪੀਕਰ : ਚੌਧਰੀ ਜੀ, ਤੁਸੀਂ ਸਵਾਲ ਪੁਛੋ ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ 6 ਅਗਸਤ ਨੂੰ ਬਾਰਸ਼ ਹੋਈ ਸੀ ਉਸ ਬਾਰੇ ਹੋਏ ਨੁਕਸਾਨ ਦੀ ਲਿਸਟ ਕਦੋਂ ਤਕ ਤਿਆਰ ਹੋ ਜਾਵੇਗੀ ? ਦੂਜਾ ਉਨ੍ਹਾਂ ਨੂੰ ਕਦੋਂ ਤਕ ਗਰਾਂਟ ਦੇ ਦਿਤੀ ਜਾਵੇਗੀ ? ਤੀਸਰੀ ਗਲ ਜਿਹੜੀ ਹੇਰਾ ਫੇਰੀ ਅਸੈਸਮੈਂਟ ਵਿਚ ਹੋਈ ਸੀ, ਉਸ ਦੀ ਇਨਕੁਆਇਰੀ ਕਦੋਂ ਤਕ ਕਰਾਂ ਲੈਣਗੇ ? (ਵਿਘਨ)

ਸ਼੍ਰੀ ਸਪੀਕਰ : ਮਨਿਸਟਰ ਸਾਹਿਬ, ਇਨ੍ਹਾਂ ਨੇ ਇਕ ਮਾਮਲਾ ਰੇਜ਼ ਕੀਤਾ ਹੈ, ਕੀ 800 ਰੁਪਏ ਵਿਚ ਮਕਾਨ ਬਣ ਸਕਦਾ ਹੈ ? ਪਰ ਤੁਸੀਂ ਮੈਂਬਰ ਸਾਹਿਬਾਨ ਦੇ ਸਵਾਲ ਦਾ ਜਵਾਬ ਦਿਓ ।

ਮਾਲ ਅਤੇ ਪੁਨਰਵਾਸ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੇ ਜ਼ਮਾਨੇ ਵਿਚ ਵੱਧ ਤੋਂ ਵੱਧ 1,500 ਰੁਪਏ ਰਿਲੀਫ ਦਿਤਾ ਜਾਂਦਾ ਸੀ। ਹੁਣ ਗਵਰਨਰ ਸਾਹਿਬ ਨੇ ਸਾਡੇ ਆਉਣ ਤੇ ਪਹਿਲਾਂ ਨਾਲੋਂ ਵਧ ਰਿਲੀਫ ਕਰ ਦਿਤਾ ਹੈ । 1,500 ਰੁਪਏ ਰਿਲੀਫ ਤੋਂ ਵਧਾ ਕੇ 2,500 ਰੁਪਏ ਕਰ ਦਿੱਤਾ ਹੈ। ਜਦੋਂ ਕਾਂਗਰਸ ਭਾਈ ਇਧਰ ਬੈਠੇ ਰਹੇ ਤਾਂ ਇਨ੍ਹਾਂ ਨੂੰ ਇਸ ਗੱਲ ਦਾ ਖਿਆਲ ਨਹੀਂ ਆਇਆ । ਇਨ੍ਹਾਂ ਦੀ ਸਰਕਾਰ ਵੇਲੇ ਰਿਲੀਫ ਦੀ ਵੰਡ ਠੀਕ ਤਰੀਕੇ ਨਾਲ ਨਹੀਂ ਹੋਈ। ਇਨ੍ਹਾਂ ਨੂੰ ਡਾਇਰੈਕਟਲੀ ਜਾਂ ਇਨਡਾਇਰੈਕਟਲੀ ਸਮਝ ਲੈਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਥੇ ਇਕ ਅਖਬਾਰ ਦੀ ਬਹੁਤ ਸਾਰੀ ਚਰਚਾ ਹੋਈ ਹੈ। ਮੇਰੇ ਕੋਲ ਵੀ ਚਿੱਠੀ ਆਈ ਹੈ, ਜੋ ਅਖਬਾਰ ਵਿਚ, ਸਪੀਕਰ ਸਾਹਿਬ, ਛਪਿਆ ਹੈ। ਸਪੀਕਰ ਸਾਹਿਬ, ਜੇ ਤੁਸੀਂ ਕਹੋ ਤਾਂ ਮੈਂ ਪੜ੍ਹ ਕੇ ਸੁਣਾ ਦੇਂਦਾ ਹਾਂ ।

ਸ਼੍ਰੀ ਸਪੀਕਰ : ਨਹੀਂ, ਕੋਈ ਲੋੜ ਨਹੀਂ ।

ਮਾਲ ਅਤੇ ਪੁਨਰਵਾਸ ਮੰਤਰੀ : ਉਸ ਵਿਚ ਉਨ੍ਹਾਂ ਨੇ, ਸਪੀਕਰ ਸਾਹਿਬ, ਕਿਹਾ ਹੈ ਕਿ ਇਹ ਜਿਹੜਾ ਰਿਲੀਫ ਹੈ, ਇਸ ਨੂੰ ਕਾਂਗਰਸੀ ਭਰਾਵਾਂ ਨੇ ਆਪਣੇ ਇਲੈਕਸ਼ਨ ਪਰਚਾਰ ਵਿਚ ਵਰਤਿਆ ਹੈ। ਜੇ ਤੁਸੀਂ ਕਹੋ ਤਾਂ ਮੈਂ ਹਾਊਸ ਦੀ ਮੇਜ਼ ਤੇ ਰਖ ਦੇਂਦਾ ਹਾਂ।

ਸ਼੍ਰੀ ਸਪੀਕਰ : ਇਸ ਦੀ ਕੋਈ ਲੋੜ ਨਹੀਂ।

ਮਾਲ ਅਤੇ ਪੁਨਰਵਾਸ ਮੰਤਰੀ : ਤੁਹਾਡੀ ਪਾਰਟੀ ਨੇ (ਕਾਂਗਰਸ ਪਾਰਟੀ ਵਲ ਇਸ਼ਾਰਾ) ਇਸ ਦੀ ਦੁਰਵਰਤੋਂ ਕੀਤੀ ਹੈ। ਅਸੀਂ ਸਾਰਿਆਂ ਕੇਸਾਂ ਦੀ ਮੁੜ ਪੜਤਾਲ ਕਰਾਵਾਂਗੇ ਜਿਸ ਵਿਚ ਜਲੰਧਰ ਦੇ ਕੇਸ ਵੀ ਸ਼ਾਮਲ ਹੋਣਗੇ ।

ਸ਼੍ਰੀ ਸਪੀਕਰ : ਸਰਦਾਰ ਮੇਜਰ ਸਿੰਘ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ। ਤੁਸੀਂ ਉਨ੍ਹਾਂ ਨਾਲ ਗੱਲ ਨਾ ਕਰੋ। ਮੇਰੇ ਨਾਲ ਗੱਲ ਕਰੋ।

ਮਾਲ ਅਤੇ ਪੁਨਰਵਾਸ ਮੰਤਰੀ : ਸਪੀਕਰ ਸਾਹਿਬ, ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਜੋ ਦੇਨ ਇਨ੍ਹਾਂ ਨੇ ਸਾਨੂੰ ਦਿਤੀ ਹੈ, ਉਸ ਵਿਚ ਕੁਰੱਪਸ਼ਨ ਦਾ ਹੀ ਬੋਲ ਬਾਲਾ ਰਿਹਾ ਹੈ। ਅੱਜ ਜਿਹੜਾ ਸਾਡਾ ਧਿਆਨ ਇਸ ਗੱਲ ਵੱਲ ਦਿਵਾਇਆ ਗਿਆ ਹੈ ਤਾਂ ਅਸੀਂ ਇਸ ਨੂੰ ਦੂਰ ਕਰਨ ਵਿਚ ਪੂਰਾ ਯਤਨ ਕਰਾਂਗੇ । ਜਿਨ੍ਹਾਂ ਕੇਸਾਂ ਵਿਚ ਇਹ ਸਾਡਾ ਧਿਆਨ ਦਿਵਾਉਣਗੇ, ਅਸੀਂ ਉਨ੍ਹਾਂ ਕੇਸਾਂ ਦੀ ਪੜਤਾਲ ਕਰਾਵਾਂਗੇ ਅਤੇ ਹਰੇਕ ਆਦਮੀ ਨੂੰ ਇਨਸਾਫ ਦਿਵਾਵਾਂਗੇ ।

Original with;
Punjab Vidhan Sabha
Digitized by;
Panjab Digital Library

RESUMPTION OF DISCUSSION ON GOVERNOR'S ADDRESS

Mr. Speaker : Now the House will resume discussion on the Motion moved by Sardar Sukhdev Singh Dhillon, M.L.A., on the 18th October, 1985, and seconded by Sardar Balwinder Singh Bhunder, M.L.A.

Giani Arjan Singh Litt was on his legs when the House adjourned on the 18th October, 1985. He may please resume his speech.

ਗਿਆਨੀ ਅਰਜਨ ਸਿੰਘ ਲਿੱਟ (ਕਿਲਾ ਰਾਇਪੁਰ) : ਸਪੀਕਰ ਸਾਹਿਬ, ਮੈਂ ਉਸ ਦਿਨ ਬੇਨਤੀ ਕਰ ਰਿਹਾ ਸੀ ਕਿ ਬਲਿਊ ਸਟਾਰ ਓਪਰੇਸ਼ਨ ਨਾਲ ਨਾ ਕੇਵਲ ਪੰਜਾਬ ਨਾਲ ਬਲਕਿ ਖਾਸ ਕਰਕੇ ਸਿੱਖਾਂ ਨਾਲ ਜ਼ਿਆਦਤੀ ਕੀਤੀ ਗਈ । ਮੇਰਾ ਖਿਆਲ ਹੈ ਕਿ ਇਹ ਭੁੱਲ ਗਏ ਸਨ ਕਿ ਦਰਬਾਰ ਸਾਹਿਬ ਉਹ ਧਰਮ ਅਸਥਾਨ ਹੈ ਜਿਹੜਾ ਇੱਕਲੇ ਸਿੱਖਾਂ ਦਾ ਹੀ ਨਹੀਂ ਬਲਕਿ ਚਾਰਾਂ ਧਰਮਾਂ ਦਾ ਸਥਾਨ ਹੈ ਅਤੇ ਜਿਸ ਨੇ ਵੀ ਉਸ ਤੇ ਜ਼ਿਆਦਤੀ ਕੀਤੀ, ਉਸਨੂੰ ਉਸਦੀ ਸਜ਼ਾ ਮਿਲੀ ਹੈ। ਮੁਗਲ ਰਾਜ ਵੇਲੇ ਮੱਸਾ ਰੰਗੜ ਨੇ ਉਸ ਸਰੋਵਰ ਨੂੰ ਪੂਰ ਕਰਵਾ ਕੇ ਵੇਸਵਾ ਦਾ ਨਾਚ ਕਰਵਾਇਆ ਸੀ ਤਾਂ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੂਰੋਂ ਆਏ ਉਤੇ ਉਸ ਦਾ ਸਿਰ ਕਲਮ ਕਰਕੇ ਦਰਬਾਰ ਸਾਹਿਬ ਨੂੰ ਦੋਬਾਰਾ ਬਣਵਾਇਆ । ਉਸਤੋਂ ਬਾਅਦ ਜਦੋਂ ਵੀ ਕੋਈ ਇਹੋ ਜਿਹੀ ਘਟਨਾ ਵਾਪਰਦੀ ਰਹੀ ਤਾਂ ਕੋਈ ਨਾ ਕੋਈ ਸਿੰਘ ਸਾਹਿਬ ਉਸ ਜ਼ੁਰਮ ਦਾ ਮੁਕਾਬਲਾ ਕਰਦਾ ਰਿਹਾ । ਜਦੋਂ ਵਜ਼ੀਰ ਖਾਨ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਚਿਣਵਾਇਆ ਤਾਂ ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਅਰਾ ਮਾਰਿਆ ਅਤੇ ਉਦੋਂ ਵੀ ਬੰਦਾ ਬਹਾਦਰ ਆਏ ਅਤੇ ਜੁਲਮ ਦਾ ਮੁਕਾਬਲਾ ਕੀਤਾ ਅਤੇ ਮੁਨਾਸਿਬ ਸਜ਼ਾ ਦਿਤੀ ।

ਸਾਡੀ ਇਸ ਸਮੇਂ ਦੀ ਸਰਕਾਰ ਦੇ ਹੁਕਮਰਾਨਾਂ ਨੇ ਵੀ ਕਿਹਾ ਕਿ ਧਰਮ ਵਿੱਚ ਕੋਈ ਦਖਲ ਨਹੀਂ ਦਿੱਤਾ ਜਾਵੇਗਾ ਪਰ ਦੂਜੇ ਪਾਸੇ ਹਰਿਮੰਦਰ ਸਾਹਿਬ ਅਤੇ ਦੂਜੇ ਸਾਰੇ ਗੁਰਦਵਾਰਿਆਂ ਵਿਚ ਜ਼ੁਲਮ ਢਾਇਆ ਤਾਂ ਉਨ੍ਹਾਂ ਨੂੰ ਵੀ ਇਸਦੀ ਸਜ਼ਾ ਮਿਲੀ। ਪਿਛਲੇ ਸਮੇਂ ਵਿਚ ਅਸੀਂ ਸਮਝਦੇ ਸੀ ਕਿ ਮੁਗਲ ਅਤੇ ਅੰਗਰੇਜ਼ਾਂ ਦਾ ਵਿਦੇਸ਼ੀ ਰਾਜ ਹੈ ਇਸ ਲਈ ਸਾਡੇ ਤੇ ਜ਼ੁਲਮ ਢਾਏ ਜਾਂਦੇ ਹਨ ਪਰ ਇਹ ਸਰਕਾਰ ਤਾਂ ਸਾਡੀ ਵੀ ਸੀ, ਅਸੀਂ ਵੀ ਇਸ ਵਿੱਚ ਹਿੱਸੇਦਾਰ ਸੀ ਅਤੇ ਭਾਈਵਾਲ ਸੀ। ਜਿਨ੍ਹਾਂ ਭਰਾਵਾਂ ਲਈ ਗੁਰੂ ਸਾਹਿਬ ਨੇ ਆਪਣੇ ਪਿਤਾ ਦਾ ਬਲੀਦਾਨ ਕੀਤਾ, ਆਪ ਲੜਾਈਆਂ ਲੜੀਆਂ ਅਤੇ ਉਸ ਕੌਮ ਦੀਆਂ ਲੜਕੀਆਂ ਅਤੇ ਬਹੂ-ਬੇਟੀਆਂ ਨੂੰ ਜ਼ਾਲਮਾਂ ਦੇ ਹੱਥੋਂ ਵਾਪਸ ਕਰਵਾਇਆ, ਅੱਜ ਇਨ੍ਹਾਂ ਭਰਾਵਾਂ ਨੇ ਹੀ ਸਾਡੀਆਂ ਬੀਬੀਆਂ, ਭੈਣਾਂ ਅਤੇ ਬਹੂ-ਬੇਟੀਆਂ ਦਾ ਬੁਰਾ ਹਾਲ ਕੀਤਾ ਅਤੇ ਏਥੇ ਹੀ ਬਸ ਨਹੀਂ ਜਿਥੋਂ ਤੱਕ ਮੈਨੂੰ ਪਤਾ ਲਗਿਆ ਹੈ ਕਿ ਅੱਜ ਵੀ ਬਹੁਤ ਸਾਰੀਆਂ ਬੀਬੀਆਂ ਇਨ੍ਹਾਂ ਬਦਮਾਸ਼ਾਂ ਦੇ ਪੰਜੇ ਵਿੱਚ ਹਨ। ਪਰ ਸਰਕਾਰ ਨੇ ਇਨ੍ਹਾਂ ਗੱਲਾਂ ਵੱਲ ਕੋਈ ਧਿਆਨ ਨਹੀਂ ਦਿੱਤਾ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਿਨ੍ਹਾਂ ਕਸੂਰਵਾਰ ਸੱਜਣਾ ਨੇ ਇਸ ਵਿੱਚ ਹਿੱਸਾ ਪਾਇਆ ਹੈ, ਜਿਨ੍ਹਾਂ ਪਾਸ ਉਹ ਲੜਕੀਆਂ ਇਸ ਵੇਲੇ ਹਨ ਉਹ ਵਾਪਸ ਕਰਨ ਅਤੇ ਜਿਹੜੀ ਜਾਇਦਾਦ ਦਾ ਨੁਕਸਾਨ ਕੀਤਾ ਗਿਆ ਹੈ, ਉਸ ਦਾ ਸਰਕਾਰ ਮੁਆਵਜ਼ਾ ਦੇਵੇ । ਅਸੀਂ ਕੁਦਰਤੀ ਆਫਤਾਂ ਵੇਲੇ ਤਾਂ ਪੈਸੇ ਦੇ ਕੇ ਮੁਆਵਜ਼ਾ ਦੇਣ ਨੂੰ ਤਿਆਰ ਹਾਂ ਪਰ ਮੌਕੇ ਦੇ ਹੁਕਮਰਾਨਾਂ ਨੇ ਤਾਂ ਸਾਡੀ ਕੌਮ ਤੇ ਅਤਿਆਚਾਰ ਕੀਤਾ ਸੀ ਜਿਹੜਾ ਕਿ ਭੁੱਲਣ ਯੋਗ ਨਹੀਂ । ਸਰਕਾਰ ਉਨ੍ਹਾਂ ਦੋਸ਼ੀਆਂ ਨੂੰ ਜ਼ਰੂਰ ਸਜ਼ਾ ਦੇਵੇ । ਪਿਛਲੀ ਹਿਸਟਰੀ ਵੀ ਇਸ ਗੱਲ ਦੀ ਗਵਾਹ ਰਹੀ ਹੈ ਕਿ ਜਿਸ ਨੇ ਵੀ ਕਿਸੇ ਧਰਮ ਅਸਥਾਨ ਤੇ ਹਮਲਾ ਕੀਤਾ ਉਸਨੂੰ ਉਸ ਦੀ ਸਜ਼ਾ ਮਿਲਦੀ ਰਹੀ ਹੈ। ਇਹ ਕਹਿੰਦੇ ਹਨ ਕਿ ਤੁਸੀਂ ਇਸ ਦੇਸ਼ ਦਾ ਬਟਵਾਰਾ ਕਰਵਾਉਣਾ ਚਾਹੁੰਦੇ ਹੋ ਪਰ ਇਨ੍ਹਾਂ ਨੂੰ ਇਹ ਯਾਦ ਨਹੀਂ ਕਿ ਗੁਰੂ ਸਾਹਿਬ ਨੇ ਹੀ ਵਿਦੇਸ਼ੀਆਂ ਦਾ ਗੰਦ ਕੱਢ ਕੇ ਦੇਸ਼ ਨੂੰ ਆਜ਼ਾਦੀ ਦਿਵਾਈ ਸੀ। ਜਿਸ ਤਰ੍ਹਾਂ ਇਕ ਕਿਸਾਨ ਆਪਣੇ ਖੇਤ ਨੂੰ ਕਦੇ ਵੀ ਆਪ ਉਜਾੜਨ ਲਈ ਤਿਆਰ ਨਹੀਂ ਹੋਵੇਗਾ ਉਸੇ ਤਰ੍ਹਾਂ ਅਸੀਂ ਵੀ ਇਸ ਦੇਸ਼ ਦੀ ਤਰੱਕੀ

Original with;
Punjab Vidhan Sabha
Digitized by;
Panjab Digital Library

[ਗਿਆਨੀ ਅਰਜਨ ਸਿੰਘ ਲਿੱਟ]

ਵਿੱਚ ਵੱਧ ਤੋਂ ਵੱਧ ਹਿੱਸਾ ਪਾਇਆ ਹੈ ਅਤੇ ਇਸਨੂੰ ਬਰਬਾਦ ਹੋਣ ਤੋਂ ਬਚਾਇਆ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਹਰ ਸਮੇਂ ਇਹ ਬੇਨਤੀ ਕਰਦੇ ਰਹਿੰਦੇ ਸਨ ਕਿ ਇਸ ਜ਼ੁਲਮ ਦੀ ਇਨਕੁਆਰੀ ਕਿਸੇ ਹਾਈ ਕੋਰਟ ਜਾਂ ਸਪਰੀਮ ਕੋਰਟ ਦੇ ਜੱਜ ਤੋਂ ਕਰਵਾਈ ਜਾਵੇ ਪਰ ਇਨ੍ਹਾਂ ਨੇ ਇਸ ਗੱਲ ਦੀ ਕੋਈ ਸੁਣਵਾਈ ਨਾ ਕੀਤੀ ਅਤੇ ਬੜੇ ਅਫਸੋਸ ਦੀ ਗੱਲ ਹੈ ਕਿ ਦੋਸ਼ੀਆਂ ਨੂੰ ਹਾਲੇ ਤੱਕ ਵੀ ਕੋਈ ਸਜ਼ਾ ਨਹੀਂ ਦਿੱਤੀ ਗਈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਦੋਬਾਰਾ ਬੇਨਤੀ ਕਰਦਾ ਹਾਂ ਕਿ ਇਸਦਾ ਇਨਸਾਫ ਦਿਵਾਇਆ ਜਾਵੇ ।

ਦੂਸਰੀ ਅਫ਼ਸੋਸ ਦੀ ਗੱਲ ਇਹ ਹੈ ਕਿ ਫੌਜੀਆਂ ਨੂੰ ਭਗੌੜੇ ਕਿਹਾ ਜਾਂਦਾ ਹੈ। ਭਗੌੜਾ ਉਸਨੂੰ ਕਿਹਾ ਜਾਂਦਾ ਹੈ ਜਿਹੜਾ ਜੰਗ ਵਿਚੋਂ ਭੱਜ ਜਾਵੇ। ਫੌਜੀ ਚਾਹੇ ਸਿੱਖ ਹੈ, ਮੁਸਲਮਾਨ ਹੈ ਜਾਂ ਹਿੰਦੂ ਹੈ, ਉਹ ਆਪਣੇ ਧਰਮ ਦੀ ਕਸਮ ਖਾਂਦਾ ਹੈ। ਮੁਸਲਮਾਨ ਕੁਰਾਨ ਸ਼ਰੀਫ ਦੀ ਕਸਮ ਖਾਂਦਾ ਹੈ, ਹਿੰਦੂ ਗੀਤਾ ਦੀ ਕਸਮ ਖਾਂਦਾ ਹੈ ਅਤੇ ਸਿੱਖ ਗੁਰੂ ਗਰੰਥ ਸਾਹਿਬ ਦੀ ਕਸਮ ਖਾਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਦੇਸ਼ ਤੇ ਕੌਮ ਦੇ ਪ੍ਰਤੀ ਵਫਾਦਾਰ ਰਹਾਂਗਾ। ਹੁਣ ਜਿਹੜੇ ਫੌਜੀ ਬੈਰਕਾਂ ਛੱਡ ਕੇ ਆਏ ਉਹ ਸਿਰਫ ਇਸ ਕਰਕੇ ਆਏ ਕਿ ਉਨ੍ਹਾਂ ਦੇ ਧਰਮ ਦੀ ਹਾਨੀ ਹੋਈ ਸੀ ਜਿਹੜੀ ਕਿ ਉਨ੍ਹਾਂ ਨੇ ਬਰਦਾਸ਼ਤ ਨਹੀਂ ਕੀਤੀ। ਉਨ੍ਹਾਂ ਨੂੰ ਭਗੌੜੇ ਕਹਿਣਾ ਇਕ ਬਹੁਤ ਵੱਡੀ ਭੁੱਲ ਹੈ ।

ਸਪੀਕਰ ਸਾਹਿਬ, ਹੁਣ ਮੈਂ ਐਡਰੈਸ ਵੱਲ ਆਉਂਦਾ ਹਾਂ। ਇਹ ਕਹਿੰਦੇ ਹਨ ਕਿ ਇਨ੍ਹਾਂ ਦੀ ਸਰਕਾਰ ਨੇ ਇੰਡਸਟਰੀ ਲਈ ਬੜਾ ਕੁਝ ਕੀਤਾ ਹੈ। ਪਰ ਅਸਲੀਅਤ ਇਹ ਹੈ ਕਿ ਸਾਰੀ ਵੱਡੀ ਇੰਡਸਟਰੀ ਸਿਵਾਏ ਪੰਜਾਬ ਦੇ ਸਾਰੇ ਦੇਸ਼ ਵਿੱਚ ਲਾਈ ਗਈ ਹੈ ਅਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਹੈ। ਭਾਵੇਂ ਲੋਕਾਂ ਨੇ ਇਸ ਕੰਮ ਲਈ ਬੜਾ ਉਪਰਾਲਾ ਕੀਤਾ ਪਰ ਇਹ ਜਾਣ ਕੇ ਕਿ ਪੰਜਾਬ ਸਾਡੇ ਹੱਕ ਵਿੱਚ ਨਹੀਂ, ਇਨ੍ਹਾਂ ਦੀ ਸਰਕਾਰ ਨੇ ਕੋਈ ਇੰਡਸਟਰੀ ਨਹੀਂ ਲਾਈ। ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਪੰਜਾਬ ਵਿੱਚ ਸਮਾਲ ਸਕੇਲ ਇੰਡਸਟਰੀ ਵੀ ਲਗਾਈ ਜਾਵੇ ਅਤੇ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾਵੇ। ਸਾਡੀਆਂ ਮੋਟਰਾਂ ਬਹੁਤ ਥੋੜ੍ਹੇ ਸਮੇਂ ਲਈ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਠੀਕ ਤਰ੍ਹਾਂ ਚਲਾਉਣ ਲਈ ਪਿੰਡਾਂ ਵਿੱਚ ਵੀ ਸਮਾਲ ਸਕੇਲ ਇੰਡਸਟਰੀ ਜਾ ਕਾਟੇਜ ਇੰਡਸਟਰੀ ਲਾਈ ਜਾਵੇ ਜਿਸ ਨਾਲ ਨੌਜਵਾਨਾਂ ਨੂੰ ਸਹੀ ਰਸਤੇ ਵੱਲ ਪਾਇਆ ਜਾ ਸਕੇ। ਜਿਹੜਾ ਵੀ ਭੁੱਖਾ ਅਤੇ ਲਾਚਾਰ ਹੋਵੇਗਾ, ਉਹ ਤਾਂ ਗਲਤ ਰਸਤੇ ਵੱਲ ਹੀ ਜਾਵੇਗਾ। ਨਾਲ ਦੀ ਨਾਲ ਹੀ ਪੋਲਟਰੀ ਜਿਹੜੀ ਕਿ ਬਹੁਤ ਡਿਵੈਲਪ ਹੋਈ ਹੈ ਉਸ ਨੂੰ ਹੋਰ ਅੱਗੇ ਲਿਜਾਣ ਲਈ ਆਂਡਿਆਂ ਦਾ ਪਾਊਡਰ ਬਣਵਾਇਆ ਜਾਵੇ। ਸਾਡੇ ਚਾਵਲ ਅਤੇ ਕਣਕ ਲਈ ਇਹ ਪ੍ਰਬੰਧ ਕੀਤਾ ਜਾਵੇ ਕਿ ਜਿਹੜੀ ਕਣਕ ਹੈ ਉਸ ਨੂੰ ਸਰਕਾਰ ਮਿੱਲਾਂ ਲਾ ਕੇ ਆਪ ਆਟਾ ਬਣਾਏ ਅਤੇ ਬਾਹਰਲੀਆਂ ਸਟੇਟਾਂ ਨੂੰ ਸਪਲਾਈ ਕਰੇ । ਪੰਜਾਬ ਵਿੱਚ ਦੁੱਧ ਦਾ ਇਨਕਲਾਬ ਆਇਆ। ਪਰ ਨਾਲ ਦੀ ਨਾਲ ਤੁਹਾਨੂੰ ਪਤਾ ਹੈ ਕਿ ਕਿਸਾਨ ਦੇ ਆਪਣੇ ਮੂੰਹ ਵਿੱਚ ਦੁੱਧ ਨਹੀਂ ਪੈਂਦਾ ਕਿਉਂਕਿ ਉਸ ਵਿਚੋਂ ਉਸ ਨੂੰ ਕੁਝ ਬਚਦਾ ਹੀ ਨਹੀਂ ਹੈ ਜਦ ਕਿ ਸ਼ਹਿਰ ਦਾ ਇਕ ਦੁਕਾਨਦਾਰ ਦੁੱਧ ਵਿਚ ਪਾਣੀ ਪਾ ਕੇ ਵੀ ਸ਼ਹਿਰ ਵਾਲਿਆਂ ਨੂੰ ਲੁੱਟਦਾ ਰਹਿੰਦਾ ਹੈ। ਡੇਅਰੀ ਡਿਵੈਲਪਮੈਂਟ ਲਈ ਲੁਧਿਆਣੇ ਵਰਗੇ ਪਲਾਂਟ ਹੋਰ ਵੀ ਲਗਾਏ ਜਾਣ। ਜਾਨਵਰਾਂ ਦੀ ਖੁਰਾਕ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਅੱਜ ਕਲ੍ਹ ਕਿਸਾਨ ਕੋਲ ਦੋਗਲੀਆਂ ਗਾਈਆਂ ਅਤੇ ਚੰਗੀਆਂ ਮੱਝਾਂ ਹਨ, ਪਰ ਉਨ੍ਹਾਂ ਨੂੰ ਚੰਗੀ ਖੁਰਾਕ ਨਹੀਂ ਮਿਲਦੀ । ਛੋਟੇ ਮਜ਼ਦੂਰ, ਹਰੀਜਨ ਭਰਾ ਜਾਂ ਛੋਟੇ ਕਿਸਾਨ ਇਨ੍ਹਾਂ ਤੋਂ ਫਾਇਦਾ ਨਹੀਂ ਉਠਾ ਸਕਦੇ । ਮੈਂ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਜਾਪਾਨ ਵਿਚ ਛੋਟੀਆਂ ਛੋਟੀਆਂ ਇੰਡਸਟਰੀਜ਼ ਲਗਾ ਕੇ ਛੋਟੇ ਜ਼ਿਮੀਦਾਰਾਂ, ਛੋਟੇ ਮਜ਼ਦੂਰਾਂ ਦੀ ਸਹਾਇਤਾ ਕੀਤੀ ਗਈ ਹੈ, ਉਸੇ ਤਰ੍ਹਾਂ ਇਥੇ ਵੀ ਇਨ੍ਹਾਂ ਲੋਕਾਂ ਦੀ ਸਹਾਇਤਾ ਕੀਤੀ ਜਾਵੇ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ, ਸਪੀਕਰ ਸਾਹਿਬ, ਮੈਂ ਸਹਿਕਾਰੀ ਬੈਂਕਾਂ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਇਹ ਬੈਂਕ ਕਿਸੇ ਵੇਲੇ ਬਹੁਤ ਚੰਗਾ ਕੰਮ ਕਰਦੇ ਸਨ ਪਰ ਇਸ ਵੇਲੇ ਇਨ੍ਹਾਂ ਬੈਂਕਾਂ ਦਾ ਸਿਸਟਮ ਠੀਕ ਨਹੀਂ ਹੈ। ਐਸ ਵੇਲੇ ਸੋਸਾਇਟੀ ਦਾ ਮਾਲਕ ਸਬ ਇੰਸਪੈਕਟਰ ਹੈ ਅਤੇ ਉਹ ਆਪਣੀ ਮਰਜ਼ੀ ਨਾਲ ਉਸ ਨੂੰ ਚਲਾਉਂਦਾ ਹੈ। ਇਨ੍ਹਾਂ ਸੁਸਾਇਟੀਆਂ ਵਿਚ ਲੱਖਾਂ ਰੁਪਿਆਂ ਦਾ ਗਬਨ ਹੁੰਦਾ ਹੈ ਲੇਕਿਨ ਮਹਿਕਮਾ ਉਸ ਵੱਲ ਕੋਈ ਧਿਆਨ ਨਹੀਂ ਦਿੰਦਾ। ਹਰ ਪਿੰਡ ਵਿਚ 2-2, 3-3 ਲੱਖ ਰੁਪਏ ਦੇ ਗਬਨ ਹੁੰਦੇ ਹਨ। ਇਨ੍ਹਾਂ ਗਬਨਾਂ ਦਾ ਕਈ ਕਈ ਸਾਲ ਫੈਸਲਾ ਨਹੀਂ ਹੁੰਦਾ ਅਤੇ ਜਦੋਂ ਹੁੰਦਾ ਹੈ ਤਾਂ ਸੂਦ ਪਿੰਡ ਦੇ ਲੋਕਾਂ ਦੇ ਸਿਰ ਪਾ ਦਿੱਤਾ ਜਾਂਦਾ ਹੈ। ਇਨ੍ਹਾਂ ਅਦਾਰਿਆਂ ਵਿਚ, ਭਾਵੇਂ ਉਹ ਬੈਂਕ ਹੈ ਅਤੇ ਭਾਵੇਂ ਮਾਰਕਫੈਡ, ਬੜੇ ਬੜੇ ਘਾਘ ਬੈਠੇ ਹਨ ਅਤੇ ਉਹ ਬਹੁਤ ਸਾਰਾ ਰੁਪਿਆ ਹੜੱਪ ਕਰ ਜਾਂਦੇ ਹਨ। ਮਹਿਕਮਾ ਇਸ ਚੀਜ਼ ਨੂੰ ਰੋਕਣ ਵਿਚ ਨਾਕਾਮਯਾਬ ਰਿਹਾ ਹੈ। ਇਨ੍ਹਾਂ ਚੀਜ਼ਾਂ ਕਰਕੇ ਪਿੰਡ ਦੇ ਲੋਕਾਂ ਨੂੰ ਅਸਲ ਕਰਜ਼ੇ ਤੋਂ ਕਿਤੇ ਜ਼ਿਆਦਾ ਕਰਜ਼ਾ ਬਰਦਾਸ਼ਤ ਕਰਨਾ ਪੈਂਦਾ ਹੈ। ਇਹ ਚੀਜ਼ ਬਹੁਤ ਜ਼ਰੂਰੀ ਹੈ ਕਿ ਇਹੋ ਜਿਹੇ ਮਾਮਲਿਆਂ ਦੀ ਪੜਤਾਲ ਕਰਕੇ ਅਸਲ ਮੁਜਰਮਾਂ ਨੂੰ ਸਜ਼ਾ ਦਿੱਤੀ ਜਾਵੇ। ਸੋਸਾਇਟੀ ਦਾ ਸਕੱਤਰ, ਸਬ-ਇੰਸਪੈਕਟਰ ਅਤੇ ਇੰਸਪੈਕਟਰ ਵਗੈਰਾ ਰਲ ਕੇ ਲੋਕਾਂ ਦਾ ਰੁਪਿਆਂ ਖਾਂਦੇ ਹਨ ਅਤੇ ਸਜ਼ਾ ਗਰੀਬ ਲੋਕਾਂ ਨੂੰ ਭੁਗਤਣੀ ਪੈਂਦੀ ਹੈ। ਇਸ ਗੱਲ ਦਾ ਤੁਰੰਤ ਉਪਾਅ ਕੀਤਾ ਜਾਣਾ ਚਾਹੀਦਾ ਹੈ। ਬੈਂਕਾਂ ਦੇ ਇਲੈਕਸ਼ਨ ਖੁਲ੍ਹੇ ਤੌਰ ਤੇ ਹੋਣੇ ਚਾਹੀਦੇ ਹਨ। ਐਸ ਵੇਲੇ ਹਾਲਤ ਇਹ ਹੈ ਕਿ ਸਰਕਾਰ ਦੇ ਕਰਮਚਾਰੀ ਜਿਸ ਤਰ੍ਹਾਂ ਜੀਅ ਚਾਹੇ, ਬੈਂਕ ਦੇ ਨੁਮਾਇੰਦੇ ਬਣ ਸਕਦੇ ਹਨ। ਇਥੋਂ ਤੱਕ ਕਿ ਜਿਹੜੇ ਡਾਇਰੈਕਟਰ ਬਣੇ ਹਨ, ਉਹ ਹਿੱਸੇਦਾਰ ਵੀ ਨਹੀਂ ਹਨ। ਉਹ ਹਿੱਸੇਦਾਰ ਬਾਦ ਵਿਚ ਵੀ ਬਣ ਸਕਦੇ ਹਨ। ਸੋ, ਇਨ੍ਹਾਂ ਸਾਰੀਆਂ ਚੀਜ਼ਾਂ ਦੀ ਇਨ-ਕੁਆਇਰੀ ਕਰਵਾ ਕੇ ਮੁਜਰਮਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ ਤਾਂ ਕਿ ਇਹ ਜਿਹੜਾ ਅਦਾਰਾ ਹੈ, ਇਸ ਨੂੰ ਸੁਧਾਰਿਆ ਜਾ ਸਕੇ ਅਤੇ ਇਹ ਗਰੀਬ ਲੋਕਾਂ ਦਾ ਚੰਗੀ ਤਰ੍ਹਾਂ ਸਾਥ ਦੇ ਸਕੇ।

ਇਸ ਤੋਂ ਇਲਾਵਾ ਡੀਜ਼ਲ ਅਤੇ ਗਰੀਸ ਵਿਚ ਜਿਹੜੀ ਮਿਲਾਵਟ ਹੁੰਦੀ ਹੈ, ਉਸ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਇਕ ਟਰੈਕਟਰ ਅੱਜ ਕਲ੍ਹ ਲੱਖ ਰੁਪਏ ਦੇ ਕਰੀਬ ਮਿਲਦਾ ਹੈ। ਪਰ ਡੀਜ਼ਲ, ਮੋਬਲ ਆਇਲ ਅਤੇ ਗਰੀਸ ਸਾਫ਼ ਨਾ ਮਿਲਣ ਕਰਕੇ ਇਹ ਛੇਤੀ ਹੀ ਓਵਰ ਹਾਲ ਕਰਵਾਉਣੇ ਪੈ ਜਾਂਦੇ ਹਨ। ਡੀਜ਼ਲ ਵਿਚ ਮਿੱਟੀ ਦਾ ਤੇਲ ਪਾ ਕੇ ਵੇਚਿਆ ਜਾਂਦਾ ਹੈ। ਮੋਬਲ ਆਇਲ ਵਿਚ ਪੁਰਾਣਾ ਮੋਬਲ ਆਇਲ ਮਿਲਾ ਦਿੱਤਾ ਜਾਂਦਾ ਹੈ ਅਤੇ ਗਰੀਸ ਵਿਚ ਸਾਬਣ ਮਿਲਾ ਕੇ ਵੇਚਿਆ ਜਾਂਦਾ ਹੈ। ਇਨ੍ਹਾਂ ਮਿਲਾਵਟਾਂ ਦੀ ਵਜ੍ਹਾ ਕਰਕੇ ਨਵੇਂ ਟਰੈਕਟਰ ਦੇ ਰਿੰਗ 6 ਮਹੀਨੇ ਦੇ ਅੰਦਰ ਅੰਦਰ ਬਹਿ ਜਾਂਦੇ ਹਨ ਅਤੇ ਟਰੈਕਟਰ ਦੀ ਓਵਰਹਾਲਿੰਗ ਕਰਵਾਉਣੀ ਪੈਂਦੀ ਹੈ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੋਵੇਗਾ ਕਿ ਓਵਰਹਾਲਿੰਗ ਵਾਸਤੇ ਕਿਸਾਨ ਦੇ ਕਿੰਨੇ ਪੈਸੇ ਖਰਚ ਆਉਂਦੇ ਹਨ। ਪਹਿਲਾਂ ਤਾਂ ਟਰੈਕਟਰ ਲੈਣ ਵਾਸਤੇ ਲੋਨ ਹੀ ਬਹੁਤ ਮੁਸ਼ਕਲ ਨਾਲ ਮਿਲਦਾ ਹੈ। ਬੈਂਕਾਂ ਦੇ ਮੈਨੇਜਰ ਸਮਝਦੇ ਹਨ ਲੋਨ ਉਸ ਨੇ ਆਪਣੀ ਜੇਬ ਵਿਚੋਂ ਦੇਣਾ ਹੈ। ਕਿਸਾਨ ਨੂੰ ਲੋਨ ਉਸ ਨੂੰ ਬਹੁਤ ਹੈਰਾਨ, ਪਰੇਸ਼ਾਨ ਕਰਕੇ ਅਤੇ ਰਿਸ਼ਵਤ ਲੈ ਕੇ ਦਿੱਤਾ ਜਾਂਦਾ ਹੈ, ਭਾਵੇਂ ਮੱਝਾਂ, ਗਾਈਆਂ ਦਾ ਲੋਨ ਹੋਵੇ ਅਤੇ ਭਾਵੇਂ ਟਰੈਕਟਰ ਦਾ। ਟਰੈਕਟਰ ਦਾ ਲੋਨ ਐਨੀ ਮੁਸ਼ਕਲ ਨਾਲ ਮਿਲਣ ਤੋਂ ਬਾਦ ਇਹ ਮਿਲਾਵਟ ਉਸ ਦਾ ਦਿਵਾਲਾ ਕੱਢ ਦਿੰਦੀ ਹੈ। ਇਸ ਚੀਜ਼ ਵਲ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਇਸ ਮਿਲਾਵਟ ਨੂੰ ਰੋਕਿਆ ਜਾ ਸਕੇ ਅਤੇ ਟਰੈਕਟਰਾਂ ਦੀ ਮੁਰੰਮਤ ਉਤੇ ਹੋਣ ਵਾਲੇ ਖਰਚੇ ਤੋਂ ਕਿਸਾਨ ਨੂੰ ਬਚਾਇਆ ਜਾ ਸਕੇ। ਸਪੀਕਰ ਸਾਹਿਬ, ਪੰਜਾਬ ਦੇ ਕਿਸਾਨ ਨੇ ਸਾਰੇ ਦੇਸ਼ ਦਾ ਢਿਡ ਭਰਿਆ ਹੈ ਅਤੇ ਦੇਸ਼ ਨੂੰ ਬਾਹਰ ਜਾ ਕੇ ਠੂਠਾ ਹੱਥ ਵਿਚ ਲੈ ਕੇ ਮੰਗਣ ਤੋਂ ਰੋਕਿਆ ਹੈ ਅਤੇ ਉਸ ਨੂੰ ਆਤਮ-ਨਿਰਭਰ ਕੀਤਾ ਹੈ। ਅੱਜ ਉਸ ਕਿਸਾਨ ਦੀ ਹਾਲਤ ਇਹ ਹੈ ਕਿ ਉਸ ਨੂੰ ਆਪਣੀ ਜਿਣਸ ਦਾ ਭਾਅ ਵੇਲੇ ਸਿਰ ਅਤੇ ਠੀਕ ਨਹੀਂ ਮਿਲ ਰਿਹਾ। ਉਸ ਕੋਲੋਂ 100 ਕਿਲੋਂ ਲੈ ਕੇ 95 ਕਿਲੋ ਦੀ ਬੋਰੀ ਭਰੀ ਜਾਂਦੀ ਹੈ। ਸਾਰੇ ਰਲ ਮਿਲ

Original with;
Punjab Vidhan Sabha
Digitized by;
Panjab Digital Library

[ਗਿਆਨੀ ਅਰਜਨ ਸਿੰਘ ਲਿੱਟ]

ਕੇ ਉਸ ਨੂੰ ਖਾ ਰਹੇ ਹਨ । ਕਿਸਾਨ ਸੱਪਾਂ ਦੀਆਂ ਸਿਰੀਆਂ ਮਿਧ ਕੇ, ਬਿਜਲੀ ਚੋਰੀ ਕਰਕੇ ਅਤੇ ਨਹਿਰੀ ਪਾਣੀ ਚੋਰੀ ਕਰਕੇ ਆਪਣੀ ਫਸਲ ਨੂੰ ਪਾਲਦਾ ਹੈ। ਆਪਣੀ ਫਸਲ ਨੂੰ ਸਿਰੇ ਲਾਉਣ ਵਾਸਤੇ ਉਹ ਚੋਰੀ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ ਭਾਵੇਂ ਉਸ ਨੂੰ ਸਜ਼ਾ ਹੀ ਕਿਉਂ ਨਾ ਹੋ ਜਾਵੇ । ਇਤਨਾ ਕੁਝ ਕਰਨ ਦੇ ਬਾਵਜੂਦ ਉਸ ਨੂੰ ਆਪਣੀ ਜਿਣਸ ਦੇ ਠੀਕ ਪੈਸੇ ਨਹੀਂ ਮਿਲਦੇ । ਅਨਾਜ ਕਿਸਾਨ ਪੈਦਾ ਕਰਦਾ ਹੈ ਪਰ ਉਸ ਦੀ ਕੀਮਤ ਸਰਕਾਰ ਆਪਣੀ ਮਰਜ਼ੀ ਨਾਲ ਮਿਥਦੀ ਹੈ। ਚੌਧਰੀ ਬਲਰਾਮ ਜਾਖੜ ਨੇ ਇਕ ਵਾਰ ਠੀਕ ਹੀ ਕਿਹਾ ਸੀ ਕਿ ਇਹ ਜਿਹੜਾ ਪ੍ਰਾਈਸ ਕਮਿਸ਼ਨ ਬਣਿਆ ਹੋਇਆ ਹੈ, ਇਸ ਵਿਚ ਕੋਈ ਕਿਸਾਨ ਨਹੀਂ ਹੈ। ਫਸਲ ਉਗਾਉਣ ਤੇ ਕਿਸਾਨ ਦਾ ਕਿੰਨਾ ਪੈਸਾ ਖਰਚ ਹੋਇਆ ਹੈ, ਇਸ ਬਾਰੇ ਸਰਕਾਰ ਨੂੰ ਕੋਈ ਪਤਾ ਨਹੀਂ ਹੁੰਦਾ । ਜਿਹੜਾ ਭਾਅ ਸਰਕਾਰ ਨੇ ਮਿਥਿਆ ਹੁੰਦਾ ਹੈ, ਉਹ ਵੀ ਪੂਰੇ ਦਾ ਪੂਰਾ ਕਿਸਾਨ ਨੂੰ ਨਹੀਂ ਮਿਲਦਾ । ਅੱਜ ਝੋਨੇ ਦੀ ਹਾਲਤ ਤੁਹਾਡੇ ਸਾਹਮਣੇ ਹੈ। ਝੋਨਾ ਖਰੀਦਣ ਵਾਸਤੇ ਐਫ.ਸੀ.ਆਈ. ਬਿਲਕੁਲ ਗੱਲ ਨਹੀਂ ਕਰ ਰਹੀ । ਇਕ ਇੰਸਪੈਕਟਰ ਕਹਿਣ ਲਗਾ ਕਿ ਮੈਨੂੰ ਮੇਰੇ ਮਹਿਕਮੇ ਦਾ ਕੋਈ ਅਫ਼ਸਰ ਮੈਨੂੰ ਆਰਡਰ ਕਰੇ ਤਾਂ ਮੈਂ ਖਰੀਦਾਂਗਾ, ਮੈਨੂੰ ਪੰਜਾਬ ਸਰਕਾਰ ਦੀ ਕੋਈ ਪਰਵਾਹ ਨਹੀਂ । ਅੱਜ ਕਿਸਾਨ ਦਾ ਝੋਨਾ ਕੋਈ ਮਹਿਕਮਾ ਚੁਕਣ ਨੂੰ ਤਿਆਰ ਨਹੀਂ । ਸਰਕਾਰ ਦੇ ਆਪਣੇ ਮਹਿਕਮੇ ਜਿਵੇਂ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਹੈ, ਪਨਸਪ ਹੈ, ਮਾਰਕਫੈਡ ਹੈ, ਇਹ ਸਰਕਾਰ ਦੀ ਕੋਈ ਪਰਵਾਹ ਨਹੀਂ ਕਰਦੇ । ਕਿਸਾਨ ਨੂੰ 13-13 ਦਿਨ, 15-15 ਦਿਨ ਮੰਡੀ ਵਿਚ ਮੰਜਾ ਡਾਹ ਕੇ ਆਪਣਾ ਝੋਨਾ ਵੇਚਣ ਵਾਸਤੇ ਬੈਠਣਾ ਪੈ ਰਿਹਾ ਹੈ । ਸ਼ੈਲਰਾਂ ਵਾਲੇ ਵੀ ਝੋਨਾ ਖਰੀਦਣ ਨੂੰ ਤਿਆਰ ਨਹੀਂ । ਜੇ ਕਿਸਾਨ ਦੀ ਫਸਲ ਵਿਕ ਵੀ ਜਾਂਦੀ ਹੈ ਤਾਂ ਉਸ ਨੂੰ 2-2 ਮਹੀਨੇ ਪੈਸੇ ਨਹੀਂ ਮਿਲਦੇ ।ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕਿਸਾਨ ਦੀ ਜਿਣਸ ਨੂੰ ਖਰੀਦਣ ਵਾਸਤੇ ਠੀਕ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ ਭਾਵੇਂ ਉਸ ਨੂੰ ਐਫ.ਸੀ.ਆਈ. ਖਰੀਦੇ, ਭਾਵੇਂ ਪਨਸਪ ਖਰੀਦੇ, ਭਾਵੇਂ ਮਾਰਕਫੈਡ ਖਰੀਦੇ ਅਤੇ ਭਾਵੇਂ ਫੂਡ ਐਂਡ ਸਪਲਾਈਜ਼ ਡਿਪਾਰਟਮੈਂਟ ਖਰੀਦੇ । ਮੈਂ ਤਾਂ ਇਹ ਵੀ ਕਹਾਂਗਾ ਕਿ ਸਰਕਾਰ ਨੂੰ ਇਹ ਖਰੀਦ ਆਪ ਕਰਨੀ ਚਾਹੀਦੀ ਹੈ। ਸਰਕਾਰ ਨੂੰ ਫੋਕਲ ਪੁਆਇੰਟ ਵੀ ਦੁਬਾਰਾ ਚਾਲੂ ਕਰਨੇ ਚਾਹੀਦੇ ਹਨ ਜਿਹੜੇ ਕਿ ਪਿਛਲੀ ਸਰਕਾਰ ਨੇ ਬੰਦ ਕਰ ਦਿੱਤੇ ਸਨ । ਸਰਦਾਰ ਦਰਬਾਰਾ ਸਿੰਘ ਭਾਵੇਂ ਆਪ ਜ਼ਿਮੀਦਾਰ ਸਨ ਪਰ ਇਨ੍ਹਾਂ ਫੋਕਲ ਪੁਆਇੰਟਾਂ ਨੂੰ ਫੋਕੇ ਪੁਆਇੰਟ ਕਹਿ ਕੇ ਭੰਡਿਆ ਕਰਦੇ ਸਨ। ਇਸੇ ਤਰ੍ਹਾਂ ਹੁਣ ਵੀ ਸਾਡੀ ਸਰਕਾਰ ਦੀ ਨਜਾਇਜ਼ ਬਦਨਾਮੀ ਕੀਤੀ ਜਾ ਰਹੀ ਹੈ ਕਿ ਇਹ ਝੋਨਾ ਪੰਜਾਬ ਸਰਕਾਰ ਦੀ ਅਣਗਹਿਲੀ ਕਰਕੇ ਨਹੀਂ ਖਰੀਦਿਆ ਜਾ ਰਿਹਾ । ਇਹ ਲੋਕ ਗਲਤ ਪ੍ਰਚਾਰ ਕਰਦੇ ਹਨ ਹਾਲਾਂਕਿ ਇਸ ਚੀਜ਼ ਦੀ ਜ਼ਿਮੇਵਾਰੀ ਸੈਂਟਰ ਸਰਕਾਰ ਤੇ ਆਉਂਦੀ ਹੈ। ਸੋ, ਸਪੀਕਰ ਸਾਹਿਬ, ਸਰਕਾਰ ਨੂੰ ਇਨ੍ਹਾਂ ਗੱਲਾਂ ਵਲ ਧਿਆਨ ਦੇਣਾ ਚਾਹੀਦਾ ਹੈ ।

ਦੂਸਰੇ ਜਿਹੜੀਆਂ ਕੁਤਰੇ ਦੀਆਂ ਮਸ਼ੀਨਾਂ ਅਤੇ ਥਰੈਸ਼ਰ ਆਦਿ ਵਿਚ ਜਿਨ੍ਹਾਂ ਕਿਸਾਨਾਂ ਦੇ ਗਰੀਬ ਆਦਮੀਆਂ ਦੇ ਹੱਥ, ਬਾਹਵਾਂ ਜਾਂ ਹੋਰ ਸਰੀਰ ਦੇ ਅੰਗ ਕੱਟੇ ਜਾਂਦੇ ਹਨ ਉਨ੍ਹਾਂ ਲਈ ਮਾਰਕਿਟ ਕਮੇਟੀਆਂ ਤੋਂ ਉਨ੍ਹਾਂ ਨੂੰ ਯੋਗ ਮੁਆਵਜ਼ਾ ਮਿਲਣਾ ਚਾਹੀਦਾ ਹੈ। ਉਹ ਗਰੀਬ ਲੋਕ ਆਪਣਾ ਗੁਜ਼ਾਰਾ ਕਰਨ ਲਈ ਦਸ ਦਸ ਘੰਟੇ, ਬਾਰਾਂ ਬਾਰਾਂ ਘੰਟੇ ਜਾਂ ਫਿਰ ਪੰਦਰਾਂ ਪੰਦਰਾਂ ਘੰਟੇ ਕੰਮ ਕਰਦੇ ਹਨ। ਇਹੀ ਮਹੀਨੇ ਹੁੰਦੇ ਹਨ ਜਦ ਕਿ ਉਹ ਵਿਚਾਰੇ ਚਾਰ ਪੈਸੇ ਕਮਾ ਸਕਦੇ ਹਨ। ਉਹ ਲਾਲਚ ਵਿਚ ਆ ਕੇ ਜ਼ਿਆਦਾ ਦੇਰ ਕੰਮ ਕਰਦੇ ਹਨ। ਮੇਰੇ ਸਾਥੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਅਫੀਮ ਖਿਲਾਈ ਜਾਂਦੀ ਹੈ, ਸ਼ਰਾਬ ਪਿਲਾਈ ਜਾਂਦੀ ਹੈ ਤਾਂਕਿ ਉਹ ਜ਼ਿਆਦਾ ਦੇਰ ਕੰਮ ਕਰਨ । ਇਹ ਗੱਲ ਗਲਤ ਹੈ। ਉਹ ਤਾਂ ਵਿਚਾਰੇ ਲਾਲਚ ਵਿਚ ਆਕੇ ਐਨੇ ਐਨੇ ਘੰਟੇ ਕੰਮ ਕਰਦੇ ਹਨ। ਉਨ੍ਹਾਂ ਨੂੰ, ਗਰੀਬ ਕਿਸਾਨਾਂ ਨੂੰ, ਗਰੀਬ ਲੋਕਾਂ ਨੂੰ ਤਾਂ ਧੀਰਜ ਦੇਣੀ ਚਾਹੀਦੀ ਹੈ ਪਰ ਉਲਟਾ ਇਹ ਲੋਕ ਇਲਜ਼ਾਮ ਲਗਾਉਂਦੇ ਹਨ ਕਿ ਉਨ੍ਹਾਂ ਨੂੰ ਅਫੀਮ ਖਿਲਾਈ ਜਾਂਦੀ ਹੈ। ਸ਼ਹਿਰਾਂ

Original with;
Punjab Vidhan Sabha
Digitized by;
Panjab Digital Library

ਵਾਲੇ ਤਾਂ ਦੀਵਾਲੀ ਅਤੇ ਦੁਸਿਹਰੇ ਦੇ ਮੌਕੇ ਤੇ ਹੀ ਸਾਲ ਭਰ ਦੀ ਕਮਾਈ ਕਰ ਲੈਂਦੇ ਹਨ ਅਤੇ ਹਜ਼ਾਰਾਂ ਰੁਪਏ ਕਮਾ ਲੈਂਦੇ ਹਨ। ਪਰ ਦਿਹਾਤਾਂ ਵਿਚ ਇਹ ਗਰੀਬ ਲੋਕ ਇਹੀ ਮਹੀਨਿਆਂ ਵਿਚ ਚਾਰ ਪੈਸੇ ਕਮਾ ਕੇ ਆਪਣਾ ਗੁਜ਼ਾਰਾ ਕਰਦੇ ਹਨ। ਮੈਂ ਇਹ ਬੇਨਤੀ ਕਰਦਾ ਹਾਂ ਕਿ ਜਦੋਂ ਵੀ ਕਿਸੇ ਗਰੀਬ ਦਾ ਹੱਥ, ਬਾਂਹ ਜਾਂ ਕੋਈ ਹੋਰ ਅੰਗ ਸ਼ਰੀਰ ਦਾ ਕੱਟਿਆ ਜਾਏ ਤਾਂ ਜਿਸ ਤਰ੍ਹਾਂ ਇੰਨਸ਼ੋਰੈਂਸ ਕੰਪਨੀ ਵਾਲੇ ਮੁਆਵਜ਼ਾ ਦਿੰਦੇ ਹਨ ਉਸੇ ਤਰ੍ਹਾਂ ਹੀ ਇਨ੍ਹਾਂ ਗਰੀਬ ਲੋਕਾਂ ਨੂੰ ਵੀ ਮੁਆਵਜ਼ਾ ਮਿਲਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਹੁਣ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਖਾਦ, ਕੀੜੇਮਾਰ ਦਵਾਈਆਂ ਅਤੇ ਮੋਬਿਲ ਆਇਲ ਆਦਿ ਵਿਚ ਵੀ ਮਿਲਾਵਟ ਕੀਤੀ ਜਾਂਦੀ ਹੈ । ਇਸ ਵਿਚ ਐਨੀ ਮਿਲਾਵਟ ਕਰ ਦਿਤੀ ਗਈ ਹੈ ਕਿ ਇਹ ਕੀੜੇਮਾਰ ਦਵਾਈਆਂ ਆਦਿ ਖਾ ਕੇ ਇਨਸਾਨ ਵੀ ਨਹੀਂ ਮਰਦਾ ਤਾਂ ਫਿਰ ਕੀੜਿਆਂ ਨੇ ਤਾਂ ਕੀ ਮਰਨਾ ਹੈ। ਜਿਸ ਮੁਲਕ ਦੇ ਲੋਕ ਕੀੜੇ-ਮਾਰ ਦਵਾਈਆਂ ਵਿਚ ਮਿਲਾਵਟ ਕਰਦੇ ਹੋਣ, ਜਿਸ ਮੁਲਕ ਵਿਚ ਕੀੜੇਮਾਰ ਦਵਾਈਆਂ ਅਤੇ ਖਾਦ ਆਦਿ ਵੀ ਸਾਫ ਨਾ ਮਿਲਦੀ ਹੋਵੇ, ਤੁਸੀਂ ਸੋਚ ਸਕਦੇ ਹੋ ਕਿ ਉਸ ਮੁਲਕ ਦੇ ਲੋਕ ਕਿੰਨੇ ਪਾਪੀ ਹੋਣਗੇ ਅੌਰ ਇਸ ਚੀਜ਼ ਦਾ ਉਸ ਤੋਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਕਿੰਨੀ ਨੀਵੀਂ ਪੱਧਰ ਤੇ ਜਾ ਸਕਦੇ ਹਨ। ਫਿਰ ਅਸੀਂ ਬਾਹਰਲੇ ਮੁਲਕਾਂ ਦੀ ਰੀਸ ਕਰਦੇ ਹਾਂ । ਇਸ ਲਈ ਇਹ ਮਿਲਾਵਟ ਦਾ ਕੰਮ ਬੰਦ ਹੋਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਕਰਨ ਵਾਲੇ ਲਈ ਸ਼ਖਤ ਸਜ਼ਾ ਹੋਣੀ ਚਾਹੀਦੀ ਹੈ। ਲੁਧਿਆਣਾ ਵਿਚ ਇਕ ਆੜ੍ਹਤੀਆ ਹੈ ਉਸ ਨੇ ਖਾਦ ਦੀ ਬਜਾਏ ਨਿਰੀ ਮਿੱਟੀ ਵੇਚੀ ਹੈ। ਜਦੋਂ ਉਸ ਦਾ ਸੈਂਪਲ ਲਿਆ ਗਿਆ ਤਾਂ ਉਸ ਨੇ ਪੈਸੇ ਆਦਿ ਦੇ ਕੇ ਲੈਬਾਰੇਟਰੀ ਵਿਚੋਂ ਰਿਜ਼ਲਟ ਠੀਕ ਦਿਵਾ ਦਿੱਤਾ । ਇਸ ਤਰ੍ਹਾਂ ਨਾਲ ਅਪਰੋਚ ਕੀਤੀ ਜਾਂਦੀ ਹੈ ਅਤੇ ਗਰੀਬ ਲੋਕਾਂ ਦਾ, ਕਿਸਾਨਾਂ ਦਾ ਨੁਕਸਾਨ ਕੀਤਾ ਜਾਂਦਾ ਹੈ। ਇਹ ਲੋਕ ਇਲੈਕਸ਼ਨਜ਼ ਦੇ ਦਿਨਾਂ ਵਿਚ ਫੰਡਜ਼ ਦਿੰਦੇ ਹਨ ਅਤੇ ਫਿਰ ਗਰੀਬ ਕਿਸਾਨਾਂ ਦਾ ਖੂਨ ਚੂਸਦੇ ਹਨ। ਜਿਹੜੀਆਂ ਖਾਦਾਂ, ਕੀੜੇਮਾਰ ਦਵਾਈਆਂ ਅਤੇ ਮੋਬਿਲ-ਆਇਲ ਵਿਚ ਮਿਲਾਵਟਾਂ ਹੁੰਦੀਆਂ ਹਨ ਉਸ ਨੂੰ ਰੋਕਣ ਲਈ ਸਰਕਾਰ ਨੂੰ ਪ੍ਰਬੰਧ ਕਰਨਾ ਚਾਹੀਦਾ ਹੈ ।

ਖਾਲਸਾ ਜੀ ਬੈਠੇ ਹਨ, ਹੁਣ ਮੈਂ ਹੈਲਥ ਦੇ ਬਾਰੇ ਗਲ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਹਰ ਪਿੰਡ ਨੂੰ ਚਾਰ ਚੀਜ਼ਾਂ ਦੀ ਲੋੜ ਹੈ, ਸੜਕਾਂ, ਸਕੂਲ, ਡਿਸਪੈਂਸਰੀ ਅੌਰ ਡੰਗਰਾਂ ਦਾ ਹਸਪਤਾਲ। ਜਿੰਨੀ ਦੇਰ ਤਕ ਸਰਕਾਰ ਹਰ ਪਿੰਡ ਵਿਚ ਇਹ ਚਾਰ ਚੀਜ਼ਾਂ ਪ੍ਰੋਵਾਈਡ ਨਹੀਂ ਕਰਦੀ ਉਨੀ ਦੇਰ ਤਕ ਕੋਈ ਵੀ ਸਰਕਾਰ ਪਿੰਡਾਂ ਦੀ ਹਿੱਤੂ ਨਹੀਂ ਕਹਾ ਸਕਦੀ । ਪਿੰਡਾਂ ਵਿਚ ਸੜਕਾਂ, ਡੰਗਰਾਂ ਦਾ ਹਸਪਤਾਲ, ਡਿਸਪੈਂਸਰੀ, ਸਕੂਲ ਅੌਰ ਸੜਕ ਦਾ ਹੋਣਾ ਬਹੁਤ ਜ਼ਰੂਰੀ ਹੈ। ਕੋਈ ਵੀ ਵਿਦੇਸ਼ੀ ਗਾਂ 10,000 ਰੁਪਏ ਤੋਂ ਘਟ ਨਹੀਂ ਆਉਂਦੀ। ਚਾਰ ਹਜ਼ਾਰ ਤੋਂ ਘੱਟ ਮੱਝ ਨਹੀਂ ਆਉਂਦੀ । 7-8 ਹਜ਼ਾਰ ਤੋਂ ਘਟ ਘੋੜਾ ਨਹੀਂ ਆਉਂਦਾ । ਇਹ ਉਪਰ ਦੱਸੀਆਂ ਚਾਰੇ ਚੀਜ਼ਾਂ ਦਿਹਾਤੀ ਸਰਕਾਰ ਨੂੰ ਹਰ ਪਿੰਡ ਨੂੰ ਮੁਹੱਈਆ ਕਰਨੀਆਂ ਚਾਹੀਦੀਆਂ ਹਨ ਤਾਕਿ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਰਿਲੀਫ ਮਿਲ ਸਕੇ।

ਸਪੀਕਰ ਸਾਹਿਬ, ਹੁਣ ਮੈਂ ਵਿਦਿਆ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਮਾਡਲ ਸਕੂਲ ਬਹੁਤ ਚੰਗੇ ਸਕੂਲ ਹਨ ਪਰ ਮੈਨੂੰ ਪਤਾ ਹੈ ਕਿ ਮਾਡਲ ਸਕੂਲਾਂ ਨੇ ਦੂਜੇ ਸਕੂਲਾਂ ਨੂੰ ਖਤਮ ਕਰ ਦਿੱਤਾ ਹੈ। ਜਿਹੜੇ ਗਰੀਬ ਬੱਚੇ ਸਕੂਲਾਂ ਵਿਚ ਪੜ੍ਹਦੇ ਹਨ ਉਨ੍ਹਾਂ ਦੀ ਪੜ੍ਹਾਈ ਵਲ ਕੋਈ ਧਿਆਨ ਨਹੀਂ ਦਿੰਦਾ । ਅਮੀਰ ਆਦਮੀਆਂ ਦੇ ਬੱਚੇ ਮਾਡਲ ਸਕੂਲਾਂ ਵਿਚ ਪੜ੍ਹਦੇ ਹਨ ਅਤੇ ਗਰੀਬ ਜਨਤਾ ਦੇ ਬੱਚਿਆਂ ਦੀ ਪੜ੍ਹਾਈ ਲਈ ਕੋਈ ਵਾਲੀ-ਵਾਰਸ ਨਹੀਂ ਬਣਦਾ । ਪੰਜਾਬੀ ਬੜੀ ਸੌਖੀ ਭਾਸ਼ਾ ਹੈ ਪਰ ਪੰਜਵੀਂ ਜਮਾਤ ਦਾ ਬੱਚਾ ਪੰਜਾਬੀ ਚੰਗੀ ਤਰ੍ਹਾਂ ਨਾਲ ਨਾ ਹੀ ਪੜ੍ਹ ਸਕਦਾ ਹੈ ਅਤੇ ਨਾ ਹੀ ਲਿਖ ਸਕਦਾ ਹੈ ਅਤੇ ਛੇਵੀਂ ਸਤਵੀਂ ਜਮਾਤ ਵਿਚ ਜਾ ਕੇ ਉਹ ਬੱਚਾ ਪੜ੍ਹਨੋਂ ਰਹਿ ਜਾਂਦਾ ਹੈ। ਸ਼ਹਿਰਾਂ ਵਿਚ ਸਕੂਲਾਂ ਦੀਆਂ ਬਿਲਡਿੰਗਾਂ ਸਰਕਾਰ ਆਪ ਖੁਦ ਬਣਾ ਕੇ ਦਿੰਦੀ ਹੈ ਪਰ ਪਿੰਡਾਂ ਦੇ ਸਕੂਲਾਂ ਦੀਆਂ ਇਮਾਰਤਾਂ ਪਿੰਡਾਂ ਵਾਲੇ ਆਪ ਬਣਾਉਂਦੇ ਹਨ ਅਤੇ

Original with;
Punjab Vidhan Sabha
Digitized by;
Panjab Digital Library

[ਗਿਆਨੀ ਅਰਜਨ ਸਿੰਘ ਲਿੱਟ]

ਹੋਰ ਵੀ ਪੈਸੇ ਇਕੱਠੇ ਕਰਕੇ ਦਿੰਦੇ ਹਨ। ਸ਼ਹਿਰਾਂ ਦੇ ਸਕੂਲਾਂ ਦੀਆਂ ਬਿਲਡਿੰਗਾਂ ਅੱਛੀਆਂ ਹਨ, ਉਥੇ ਸਟਾਫ ਚੰਗਾ ਹੁੰਦਾ ਹੈ ਅਤੇ ਪੀਣ ਲਈ ਪਾਣੀ ਅਤੇ ਹੋਰ ਸਹੂਲਤਾਂ ਉਥੇ ਦਿੱਤੀਆਂ ਜਾਂਦੀਆਂ ਹਨ। ਪਰ ਪਿੰਡਾਂ ਦੇ ਸਕੂਲਾਂ ਵਿਚ ਨਾ ਹੀ ਤਾਂ ਸਕੂਲਾਂ ਲਈ ਚੰਗੀਆਂ ਇਮਾਰਤਾਂ ਹਨ, ਨਾ ਹੀ ਉਥੇ ਪੀਣ ਦੇ ਪਾਣੀ ਦਾ ਇੰਤਜਾਮ ਹੈ ਅਤੇ ਨਾ ਹੀ ਉਨ੍ਹਾਂ ਪਿੰਡਾਂ ਦੇ ਸਕੂਲਾਂ ਵਿਚ ਚੰਗਾ ਸਟਾਫ ਹੁੰਦਾ ਹੈ। ਪਿੰਡਾਂ ਦੇ ਸਕੂਲਾਂ ਦੀਆਂ ਟੀਚਰੈਸਿਜ਼ ਤਾਂ ਸਵੈਟਰ ਹੀ ਬੁਣਦੀਆਂ ਰਹਿੰਦੀਆਂ ਹਨ (ਵਿਘਨ) ਇਨ੍ਹਾਂ ਚੀਜ਼ਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਪਿੰਡਾਂ ਦੇ ਸਕੂਲਾਂ ਵਿਚ ਲੋੜੀਂਦੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਜਿਹੜੇ ਲੋਕ ਇਲੈਕਸ਼ਨਜ਼ ਦੇ ਦਿਨਾਂ ਵਿਚ ਫੰਡਜ਼ ਦਿੰਦੇ ਹਨ ਉਹ ਬਾਅਦ ਵਿਚ ਕਾਫੀ ਰੁਪਿਆ ਕਮਾ ਲੈਂਦੇ ਹਨ। ਜਿਸ ਨੇ ਇਲੈਕਸ਼ਨਜ਼ ਵਿਚ 10 ਹਜ਼ਾਰ ਬਤੌਰ ਫੰਡ ਦੇ ਦਿੱਤਾ ਹੁੰਦਾ ਹੈ ਉਹ ਬਾਅਦ ਵਿਚ 10 ਲੱਖ ਰੁਪਿਆ ਕਮਾ ਲੈਂਦਾ ਹੈ। ਜਿਸ ਨੇ 50 ਹਜ਼ਾਰ ਬਤੌਰ ਇਲੈਕਸ਼ਨਜ਼ ਫੰਡ ਦਿੱਤਾ ਹੁੰਦਾ ਹੈ ਉਹ ਬਾਅਦ ਵਿਚ 50 ਲੱਖ ਰੁਪਿਆ ਕਮਾ ਲੈਂਦਾ ਹੈ। ਜਿਸ ਨੇ 50 ਲੱਖ ਦਿੱਤਾ ਹੁੰਦਾ ਹੈ ਉਹ ਬਾਅਦ ਵਿਚ 50 ਕਰੋੜ ਕਮਾ ਲੈਂਦਾ ਹੈ। ਇਹ ਲੋਕ ਗਰੀਬਾਂ ਦਾ ਖੂਨ ਚੂਸ ਕੇ ਐਨਾ ਰੁਪਿਆ ਕਮਾਉਂਦੇ ਹਨ। ਸਾਨੂੰ ਇਲੈਕਸ਼ਨਜ਼ ਦੇ ਪ੍ਰੋਗਰਾਮ ਨੂੰ ਬਦਲਣਾ ਚਾਹੀਦਾ ਹੈ। ਪੰਚਾਇਤੀ ਰਾਜ ਵਿਚ ਹਰ ਇੱਕ ਨੂੰ ਬਰਾਬਰ ਦਾ ਹਿੱਸਾ ਮਿਲਣਾ ਚਾਹੀਦਾ ਹੈ। ਪਰ ਇਥੇ ਤਾਂ ਹਰ ਚੀਜ਼ ਅਮੀਰ ਆਦਮੀ ਨੂੰ ਮਿਲਦੀ ਹੈ। ਇਲੈਕਸ਼ਨਾਂ ਤੋਂ ਪਹਿਲਾਂ ਜ਼ਰੂਰ ਉਹ ਪਿੰਡਾਂ ਵਿਚ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਤਕਲੀਫਾਂ ਪੁਛਦਾ ਹੈ ਪਰ ਇਥੇ ਆ ਕੇ ਉਹ ਉਨ੍ਹਾਂ ਦੀਆਂ ਸਾਰੀਆਂ ਤਕਲੀਫਾਂ ਭੁਲ ਜਾਂਦਾ ਹੈ ਅਤੇ ਹਰ ਚੀਜ਼ ਅਪਣੇ ਬੰਗਲੇ ਵਿਚ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ। ਪਹਿਲਾਂ ਉਹ ਹਰੀਜਨਾਂ ਨੂੰ ਸਬਜ਼ ਬਾਗ ਦਿਖਾਉਂਦਾ ਹੈ ਕਿ ਉਨ੍ਹਾਂ ਦੀਆਂ ਗਲੀਆਂ ਪੱਕੀਆਂ ਕਰ ਦਿੱਤੀਆਂ ਜਾਣਗੀਆਂ ਅਤੇ ਉਨ੍ਹਾਂ ਲਈ ਧਰਮਸ਼ਾਲਾਵਾਂ ਬਣਵਾਈਆਂ ਜਾਣਗੀਆਂ ਪਰ ਬਾਅਦ ਵਿਚ ਇਥੇ ਆ ਕੇ ਉਹ ਸਭ ਕੁਝ ਭੁਲ ਜਾਂਦਾ ਹੈ। (ਵਿਘਨ) ਇਨ੍ਹਾਂ (ਸਾਹਮਣੇ ਬੈਠੇ ਮਾਨਯੋਗ ਮੈਂਬਰਾਂ ਵਲ ਇਸ਼ਾਰਾ ਕਰਦੇ ਹੋਏ) ਮਹਾਂ ਪੁਰਸ਼ਾਂ ਨੂੰ ਸੋਚਣਾ ਚਾਹੀਦਾ ਹੈ ਅਤੇ ਚਿੱਟੇ ਕਪੜੇ ਪਾ ਕੇ ਇਨ੍ਹਾਂ ਗਰੀਬ ਲੋਕਾਂ ਬਾਰੇ ਭੁਲ ਨਹੀਂ ਜਾਣਾ ਚਾਹੀਦਾ।

ਸਪੀਕਰ ਸਾਹਿਬ, ਕੁਰੱਪਸ਼ਨ ਨੂੰ ਖਤਮ ਕਰਨ ਲਈ ਮੈਂ ਸੀ.ਐਮ. ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਹੌਸਲਾ ਕਰਨਾ ਪਏਗਾ। ਇਹ ਕੁਰੱਪਸ਼ਨ ਹੱਡਾਂ ਵਿਚ ਰਚ ਚੁੱਕੀ ਹੈ ਅਤੇ ਇਸ ਨੂੰ ਦੂਰ ਕਰਨਾ ਚਾਹੀਦਾ ਹੈ। (ਵਿਘਨ) 30 ਸਾਲ ਤੁਹਾਡਾ (ਕਾਂਗਰਸ ਪਾਰਟੀ ਵਲ ਇਸ਼ਾਰਾ) ਰਾਜ ਰਿਹਾ ਹੈ, ਇਹ ਤੁਹਾਡੇ ਵੇਲੇ ਦੀ ਬੀਮਾਰੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਰੋਗ ਨੂੰ ਤਪਦਿਕ ਬਣਾ ਦਿਤਾ ਹੈ। ਪਹਿਲਾਂ ਇਹ ਬੁਖਾਰ ਬਣਿਆ, ਫਿਰ ਇਹ ਤੇਈਆ ਬਣਿਆ ਅਤੇ ਫਿਰ ਤਪਦਿਕ ਬਣ ਗਿਆ ਹੈ। (ਵਿਘਨ) ਇਸ ਨੂੰ ਦੂਰ ਕਰਨਾ ਚਾਹੀਦਾ ਹੈ। 30 ਸਾਲਾਂ ਦਾ ਸਮਾਂ ਬਹੁਤ ਹੁੰਦਾ ਹੈ। ਸਿਵਾਏ ਆਪਣਾ ਢਿਡ ਭਰਨ ਦੇ, ਆਪਣੀਆਂ ਜਾਇਦਾਦਾਂ ਬਣਾਉਣ ਦੇ ਇਨ੍ਹਾਂ ਨੇ (ਕਾਂਗਰਸ ਪਾਰਟੀ ਵਲ ਇਸ਼ਾਰਾ) ਕੁਝ ਨਹੀਂ ਕੀਤਾ। (ਘੰਟੀ)

ਮੇਰਾ ਸਮਾਂ ਖਤਮ ਹੋ ਗਿਆ ਹੈ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਜਿੰਨੀਆਂ ਵੀ ਮੈਂ ਉਪਰ ਬੇਨਤੀਆਂ ਕਰ ਚੁੱਕਾ ਹਾਂ ਉਹ ਸਰਕਾਰ ਨੂੰ ਪੂਰੀਆਂ ਕਰਨੀਆਂ ਚਾਹੀਦੀਆਂ ਹਨ।

ਸਰਦਾਰ ਕਰਨੈਲ ਸਿੰਘ ਭੋਡ (ਫਰੀਦਕੋਟ) : ਮਾਨਯੋਗ ਸਪੀਕਰ ਸਾਹਿਬ, ਪਿਛਲੇ ਦੋ ਤਿੰਨ ਸਾਲਾਂ ਵਿਚ ਪੰਜਾਬ ਦੀ ਜਨਤਾ ਦੀ ਬਹੁਤ ਦਰਦਨਾਕ ਹਾਲਤ ਰਹੀ। ਇਸ ਕਰਕੇ ਇਸ ਐਡਰੈਸ ਵਿਚ ਇਨ੍ਹਾਂ ਹਾਲਾਤ ਨੂੰ ਦਰਸਾਉਣ ਲਈ ਇਹ ਕਿਹਾ ਗਿਆ ਹੈ ਕਿ "ਅੱਜ ਅਸੀਂ ਇਥੇ ਅੱਖਾਂ ਵਿਚ ਹੰਝੂ, ਬੁੱਲਾਂ ਉਤੇ ਪ੍ਰਾਰਥਨਾਂ ਅਤੇ ਦਿਲਾਂ ਵਿਚ ਨਵੀਆਂ ਉਮੀਦਾਂ ਲੈਕੇ ਇਕੱਠੇ ਹੋਏ ਹਾਂ।" ਇਹ ਵੀ ਕਿਹਾ ਕਿ "ਪਰੰਤੂ ਇਹ ਇਕ ਖੁਸ਼ੀ ਦੀ ਗਲ ਹੈ ਕਿ ਅਜਿਹੇ ਅਧਿਕਾਰ ਅਤੇ ਪਾਗਲਪਣ ਵਾਲੇ ਹਾਲਾਤ ਵਿਚ ਵੀ ਰਾਸ਼ਟਰੀ ਅਤੇ ਰਾਜ ਪੱਧਰ ਦੇ ਲੀਡਰ ਇਨ੍ਹਾਂ ਘਟਨਾਵਾਂ ਦੇ ਅਸਰ ਤੋਂ ਬੇਲਾਗ ਰਹੇ। ਮੇਲ-

Original with;
Punjab Vidhan Sabha
Digitized by;
Panjab Digital Library

ਮਿਲਾਪ, ਆਸ਼ਾ ਅਤੇ ਮਿੱਤਰਤਾ ਦਾ ਰਾਹ ਤਿਆਰ ਕਰਨ ਵਿਚ ਸੁਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸਾਡੇ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਜੀ ਦੁਆਰਾ ਵਿਖਾਈ ਦੂਰ-ਦ੍ਰਿਸ਼ਟੀ, ਸਾਹਸ ਤੇ ਸਹਿਨਸ਼ੀਲਤਾ ਦੇ ਮਹਾਨ ਗੁਣ, ਅਤਿਅੰਤ ਅੰਧਕਾਰ ਦੇ ਸਮੇਂ ਵਿਚ ਵੀ ਕਾਇਮ ਰਹੀ ਸਦਭਾਵਨਾ ਅਤੇ ਮੇਲ-ਮਿਲਾਪ ਦੇ ਸਬੰਧ ਵਿਚ ਸਦਾ ਯਾਦ ਰੱਖੇ ਜਾਣਗੇ।"

ਮੈਂ ਸਿੱਖ ਫੋਰਮ ਦਾ ਜਿਹੜਾ ਜੁਲਾਈ ਵਿਚ ਪਟਿਆਲਾ ਵਿਚ ਸੈਮੀਨਾਰ ਹੋਇਆ ਸੀ ਉਸ ਵਿਚ ਵੀ ਕਿਹਾ ਸੀ ਕਿ ਇਨ੍ਹਾਂ ਮਾੜੇ ਹਾਲਾਤ ਵਿਚ ਇਕ ਹੀ ਰੋਸ਼ਨੀ ਦੀ ਕਿਰਨ ਸੰਤ ਜੀ ਦੀ ਸ਼ਖਸੀਅਤ ਹੈ ਅਤੇ ਅੱਜ ਉਹ ਸਾਡੇ ਕੋਲੋਂ ਚਲੇ ਗਏ ਹਨ। ਸੰਤ ਲੌਂਗੋਵਾਲ ਜੀ ਸਾਡੇ ਸਤਿਕਾਰਯੋਗ ਸਨ। ਅਸੀਂ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਣਾ ਹੈ। ਉਹ ਸਾਡੇ ਲਈ ਇਕ ਚਾਨਣ ਮੁਨਾਰਾ ਹਨ। ਉਨ੍ਹਾਂ ਨੇ ਇਥੇ ਪੰਜਾਬ ਵਿਚ ਅਮਨ ਲਿਆਉਣ ਦੀ ਖਾਤਰ ਆਪਣੀ ਕੁਰਬਾਨੀ ਦੇ ਦਿੱਤੀ।

ਪੰਜਾਬ ਸਰਕਾਰ ਨੇ ਇਸ ਸਬੰਧ ਵਿਚ ਗਵਰਨਰ ਦੇ ਐਡਰੈਸ ਵਿਚ ਜੋ ਆਦਰਸ਼ ਬਿਆਨ ਕੀਤੇ ਹਨ, ਉਹ ਇਸ ਤਰ੍ਹਾਂ ਹਨ :—

> "ਮੇਰੀ ਸਰਕਾਰ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਵਿਸ਼ਵਾਸ ਨੂੰ "ਸਰਬੱਤ ਦਾ ਭਲਾ", ਦੇ ਸੰਕਲਪ ਵਿਚ ਵਧੇਰੇ ਸਪੱਸ਼ਟ ਕਰਕੇ ਪੇਸ਼ ਕਰ ਦਿੱਤਾ ਹੈ। ਇਹ ਸੰਕਲਪ ਸਾਨੂੰ ਸਾਡੇ ਮਹਾਨ ਗੁਰੂ ਸਾਹਿਬਾਨ ਅਤੇ ਮਹਾਂ ਪੁਰਸ਼ਾਂ ਦੀ ਬਖਸ਼ਿਸ਼ ਹੈ।"

ਪੰਜਾਬ ਸਰਕਾਰ ਨੇ ਆਪਣੀ ਨੀਤੀ ਦਾ ਆਧਾਰ ਹੀ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸਾਡੇ ਪ੍ਰਾਈਮ ਮਨਿਸਟਰ ਵਿਚ ਹੋਏ ਸਮਝੌਤੇ ਦੇ ਮੈਮੋਰੈਂਡਮ ਨੂੰ ਬਣਾਇਆ ਹੈ। ਪੰਜਾਬ ਸਰਕਾਰ ਨੇ ਗਵਰਨਰ ਸਾਹਿਬ ਦੇ ਇਸ ਐਡਰੈਸ ਦੇ ਪੈਰਾ ਨੰ: 5 ਵਿਚ ਇਸ ਤਰ੍ਹਾਂ ਕਿਹਾ ਹੈ :—

> "ਪ੍ਰਧਾਨ ਮੰਤਰੀ ਜੀ ਅਤੇ ਸੁਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਹੋਏ ਸਮਝੌਤੇ ਦਾ ਮੈਮੋਰੈਂਡਮ ਪੰਜਾਬ ਦੇ ਅਹਿਮ ਹਿਤਾਂ ਸਬੰਧੀ ਬਾਕੀ ਰਹਿੰਦੇ ਸਾਰੇ ਮਾਮਲਿਆਂ ਨੂੰ ਸੁਲਝਾਉਣ ਦਾ ਇਕ ਬੁਨਿਆਦੀ ਆਧਾਰ ਹੈ। ਮੇਰੀ ਸਰਕਾਰ ਨੂੰ ਵਿਸ਼ਵਾਸ ਹੈ ਕਿ ਇਸ ਸਮਝੌਤੇ ਦੇ ਮੈਮੋਰੈਂਡਮ ਨੂੰ ਪੂਰੀ ਤਰ੍ਹਾਂ ਸਹੀ ਅਰਥਾਂ ਵਿਚ ਲਾਗੂ ਕਰਨ ਨਾਲ ਹੀ ਪੰਜਾਬ ਵਿਚ ਅਮਨ ਅਤੇ ਤਰੱਕੀ ਦੀ ਆਸ ਹੋ ਸਕਦੀ ਹੈ। ਮੇਰੀ ਸਰਕਾਰ ਇਸ ਸਮਝੌਤੇ ਦੇ ਦਾਇਰੇ ਅੰਦਰ ਪੰਜਾਬ ਦੇ ਲੋਕਾਂ ਨੂੰ ਨਿਆਂ ਦਿਵਾਉਣ ਅਤੇ ਰਾਜ ਦੇ ਮਹੱਤਵਪੂਰਣ ਹਿਤਾਂ ਦੀ ਰੱਖਿਆ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਮੇਰੀ ਸਰਕਾਰ ਆਸ ਤੇ ਵਿਸ਼ਵਾਸ ਰਖਦੀ ਹੈ ਕਿ ਕੇਂਦਰੀ ਸਰਕਾਰ ਵੀ ਰਿਸਦੇ ਫੱਟਾਂ ਅਤੇ ਗਹਿਰੇ ਜ਼ਖਮਾਂ ਤੇ ਮਲ੍ਹਮ ਲਾਉਣ ਲਈ ਇਸ ਇਕੋ ਇਕ ਸੰਭਵ ਹੱਲ ਨੂੰ ਉਨੀ ਹੀ ਮਹੱਤਤਾ ਦੇਵੇਗੀ।"

*2.53 P.M. (ਇਸ *ਸਮੇਂ ਗਿਆਨੀ ਅਰਜਨ ਸਿੰਘ ਲਿੱਟ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸਨਮਾਨਯੋਗ ਚੇਅਰਮੈਨ ਸਾਹਿਬ, ਇਹ ਜੋ ਮੈਂ ਪੜ੍ਹਿਆ ਹੈ ਇਹ ਪੰਜਾਬ ਸਰਕਾਰ ਨੇ ਦਿੱਲੀ ਦੀ ਸਰਕਾਰ ਤੇ ਜੋ ਆਸ ਪ੍ਰਗਟ ਕੀਤੀ ਹੈ, ਇਹ ਉਹ ਮਹੱਤਵਪਰਣ ਸਤਰਾਂ ਹਨ, ਜੋ ਕਿ ਮੈਂ ਆਪ ਦੇ ਸਾਹਮਣੇ ਰੱਖੀਆਂ ਹਨ। ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਉਹ ਜਿਹੜਾ ਅਕਾਰਡ ਹੋਇਆ ਸੀ ਉਸ ਦੀਆਂ ਟਰਮਜ਼ ਨੂੰ ਨਿਭਾਉਣ ਲਈ ਪੰਜਾਬ ਸਰਕਾਰ ਨੇ ਉਸ ਉਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਡੋਡ]

ਹੈ। ਬੈਂਸ ਕਮੇਟੀ ਦੀ ਰਿਪੋਰਟ ਆ ਗਈ ਹੈ। ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਨੌਜਵਾਨ ਜੇਲ੍ਹਾਂ ਵਿਚ ਬੰਦ ਹਨ, ਜਿਨ੍ਹਾਂ ਨੌਜਵਾਨਾਂ ਨੂੰ ਵੇਜਿੰਗ ਆਫ ਵਾਰ ਦੇ ਚਾਰਜ ਥੱਲੇ ਅੰਦਰ ਡੱਕਿਆ ਗਿਆ ਹੈ, ਬੈਂਸ ਕਮੇਟੀ ਦੀ ਰਿਪੋਰਟ ਆ ਗਈ ਹੈ ਅਤੇ ਉਸ ਦੀਆਂ ਫਾਈਂਡਿੰਗਜ਼ ਹਨ ਕਿ ਉਹ ਨੌਜਵਾਨ ਨਿਰਦੋਸ਼ ਹਨ।

ਚੇਅਰਮੈਨ ਸਾਹਿਬ, ਤੁਸੀਂ ਵੀ ਮਿਸਾਲ ਦਿੱਤੀ ਸੀ, ਮੈਂ ਵੀ ਮਿਸਾਲ ਦੇਣੀ ਚਾਹੁੰਦਾ ਹਾਂ। ਮੇਰੇ ਹਲਕੇ ਵਿਚ ਇਕ ਪਿੰਡ ਜਲਾਲੇਆਣਾ ਹੈ। ਉਥੇ ਦਾ ਗੁਰਦੇਵ ਸਿੰਘ ਜੋ ਕਿ ਮੁਕਤਸਰ ਵਿਲੇਜ ਲੈਵਲ ਵਰਕਰ ਹੈ, ਉਹ 2 ਤਾਰੀਖ ਨੂੰ ਅੰਮ੍ਰਿਤਸਰ ਗਿਆ ਸੀ। ਉਸ ਨੂੰ ਬਾਬਾ ਗਰਧਾਰਾ ਸਿੰਘ ਪਬਲਿਕ ਸਕੂਲ ਬਰਨਾਲਾ ਵਿਚ ਉਥੇ ਕੋਈ ਕੰਮ ਸੀ । ਉਥੇ ਉਹ ਜਥੇਦਾਰ ਉਜਾਗਰ ਸਿੰਘ ਸੇਖਵਾਂ ਕੋਲ ਗਿਆ। ਸੇਖਵਾਂ ਜੀ ਨੇ ਉਸ ਨੂੰ ਕਿਹਾ ਕਿ ਤੁਸੀਂ ਇਥੇ ਇਕ ਦਿਨ ਠਹਿਰੋ । ਗੁਰਦੇਵ ਸਿੰਘ ਉਥੇ ਸਰਾਂ ਵਿਚ ਠਹਿਰਿਆ ਹੋਇਆ ਸੀ। ਪਰ ਤਿੰਨ ਤਾਰੀਖ ਨੂੰ ਕਰਫਿਊ ਲਗ ਗਿਆ ਅਤੇ ਉਹ ਬਾਹਰ ਨਹੀਂ ਆ ਸਕਿਆ । ਉਸ ਸੱਜਣ ਦੀ ਉਮਰ 50 ਸਾਲਾਂ ਦੀ ਹੈ। ਉਹ ਜ਼ਿੰਮੇਵਾਰ ਸੱਜਣ ਹੈ ਅਤੇ ਸਰਕਾਰੀ ਮੁਲਾਜ਼ਮ ਸੀ। ਉਸ ਨੂੰ ਵੀ ਵੇਜਿੰਗ ਆਫ ਵਾਰ ਦੇ ਦੋਸ਼ ਵਿਚ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਮੈਂ ਜਦ ਜਲਾਲੇਆਣਾ ਗਿਆ ਤਾਂ ਉਥੇ ਦੀ ਪੰਚਾਇਤ ਨੇ ਮੈਨੂੰ ਕਿਹਾ ਕਿ ਤੁਸੀਂ ਕੋਈ ਮੱਦਦ ਕਰੋ। ਇਸ ਕਿਸਮ ਦੇ ਕੇਸ ਬਣਾਕੇ ਲੋਕਾਂ ਨੂੰ ਅੰਦਰ ਕੀਤਾ ਗਿਆ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਸੱਜਣ ਵੇਜਿੰਗ ਆਫ ਵਾਰ ਦੇ ਦੋਸ਼ ਥੱਲੇ ਜੇਲ੍ਹਾਂ ਵਿਚ ਬੈਠੇ ਹਨ। ਮੈਂ ਵੀ ਇਕ ਵਕੀਲ ਹਾਂ, ਮੈਨੂੰ ਅਜਿਹੇ ਬਹੁਤ ਸਾਰੇ ਕੇਸਾਂ ਦਾ ਪਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਨਿਹੱਥੇ ਲੋਕਾਂ ਨੂੰ ਪਕੜਿਆ ਗਿਆ। ਅੰਮ੍ਰਿਤਸਰ ਵਿਚ ਉਦੋਂ ਸ਼ਹੀਦੀ ਗੁਰਪੁਰਬ ਮੰਨਾਉਣ ਲਈ ਸੰਗਤਾਂ ਦਰਬਾਰ ਸਾਹਿਬ ਦੀ ਸਰਾਂ ਵਿਚ ਠਹਿਰੀਆਂ ਹੋਈਆਂ ਸਨ। ਉਨ੍ਹਾਂ ਨੂੰ ਫੜ ਲਿਆ ਗਿਆ। ਉਨ੍ਹਾਂ ਕੋਲ ਕੋਈ ਹਥਿਆਰ ਨਹੀਂ ਸਨ। ਉਨ੍ਹਾਂ ਨੂੰ ਵੇਜਿੰਗ ਆਫ ਵਾਰ ਦੇ ਦੋਸ਼ ਥੱਲੇ, 107/151 ਥੱਲੇ ਬੰਦ ਕਰ ਦਿੱਤਾ ਗਿਆ। ਫਿਰ ਉਨ੍ਹਾਂ ਤੇ ਐਨ.ਐਸ.ਏ. ਵਰਤੀ ਗਈ। ਕਿਸੇ ਦੇ ਖਿਲਾਫ ਵੇਜਿੰਗ ਆਫ ਵਾਰ ਦਾ ਦੋਸ਼ ਸਿੱਧ ਨਹੀਂ ਹੋਇਆ।

ਸਾਨੂੰ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਤੋਂ ਬੜੀਆਂ ਆਸਾਂ ਹਨ। ਸ਼੍ਰੀ ਰਾਜੀਵ ਗਾਂਧੀ ਪਿਛਲੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨਾਲੋਂ ਵੱਖ ਵਿਚਾਰਾਂ ਦੇ ਧਾਰਨੀ ਹਨ। ** ** **

Mr. Chairman : Order please.

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਐਕਸ-ਪ੍ਰਾਈਮ ਮਨਿਸਟਰ ਦੇ ਬਾਰੇ ਇਸ ਤਰ੍ਹਾਂ ਹਾਊਸ ਵਿਚ ਗੱਲ ਨਹੀਂ ਹੋ ਸਕਦੀ। He must withwraw these words.

ਸਰਦਾਰ ਕਰਨੈਲ ਸਿੰਘ ਡੋਡ : ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਕਹੋ ਇਹ ਬਰਦਾਸ਼ਤ ਕਰਨ।

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਇਹ ਸਾਡੀ ਗਲ ਨਹੀਂ ਹੈ ਤਾਂ ਹੋਰ ਕੀ ਹੈ ?

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਤੁਸੀਂ ਇਹ ਸ਼ਬਦ ਐਕਸਪੰਜ ਕਰਾਓ ਜਾਂ ਉਹ ਵਿਦਡਰਾ ਕਰਨ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਚੇਅਰਮੈਨ ਸਾਹਿਬ, ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਹਰ ਵਕਤ ਹਰ ਮੌਕੇ ਤੇ ਸਿਵਾਏ ਇਨ੍ਹਾਂ ਨੂੰ ਐਵੇਂ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਦੇ ਹੋਰ ਕੋਈ ਗੱਲ ਨਹੀਂ ਆਉਂਦੀ। ਸਾਰੇ ਪੰਜਾਬ ਦੇ ਮਸਲੇ ਇਕੱਠੇ ਹਨ। ਇਹ ਪੰਜਾਬ ਦੇ ਮਸਲੇ ਇਥੇ ਲੈ ਕੇ ਆਉਣ। ਇਹ ਇਹੋ ਜਿਹੀਆਂ ਭੜਕਾਊ ਗੱਲਾਂ ਇਥੇ ਨਾ ਕਰਨ। ਕਾਂਗਰਸ ਪਾਰਟੀ ਨੇ ਕਦੇ ਭੜਕਾਊ ਗੱਲਾਂ ਨਹੀਂ ਕੀਤੀਆਂ। ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

ਸਰਦਾਰ ਕਰਨੈਲ ਸਿੰਘ ਡੋਡ : ਜੇ ਤੁਹਾਨੂੰ ਸੱਚੀ ਗਲ ਚੰਗੀ ਨਹੀਂ ਲਗਦੀ ਤਾਂ ਮੈਂ ਨਹੀਂ ਕਹਿੰਦਾ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਚੇਅਰਮੈਨ ਸਾਹਿਬ, ਜਿਹੜਾ ਇਨ੍ਹਾਂ ਨੇ ਐਕਸ-ਪ੍ਰਾਈਮ ਮਨਿਸਟਰ ਸਾਹਿਬਾ ਦੇ ਬਾਰੇ ਕਿਹਾ ਹੈ ਉਹ ਐਕਸਪੰਜ ਹੋਣਾ ਚਾਹੀਦਾ ਹੈ।

ਪ੍ਰੋਫੈਸਰ ਦਰਬਾਰੀ ਲਾਲ : ਉਹ ਐਕਸਪੰਜ ਹੋਣਾ ਚਾਹੀਦਾ ਹੈ।

ਸ਼੍ਰੀ ਸਭਾਪਤੀ : ਉਨ੍ਹਾਂ ਨੇ ਕਰਮਾਂ ਦੇ ਫਲ ਦੀ ਗੱਲ ਕੀਤੀ ਹੈ, ਮਾੜੀ ਗਲ ਨਹੀਂ ਕੀਤੀ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ: ਚੇਅਰਮਨ ਸਾਹਿਬ, ਤੁਸੀਂ ਕੀ ਨਿਰਣਾ ਲਿਆ ਹੈ ?

ਸ਼੍ਰੀ ਸਭਾਪਤੀ : ਉਹ ਲਫਜ਼ ਐਕਸਪੰਜ ਕੀਤੇ ਜਾਂਦੇ ਹਨ।

ਸਰਦਾਰ ਕਰਨੈਲ ਸਿੰਘ ਡੋਡ : ਰਾਜੀਵ ਗਾਂਧੀ ਤੋਂ ਇਸ ਮੁਲਕ ਦੇ ਲੋਕਾਂ ਨੂੰ, ਪੰਜਾਬ ਦੇ ਲੋਕਾਂ ਨੂੰ ਬੜੀਆਂ ਆਸਾਂ ਹਨ ਕਿਉਂਕਿ ਜਿਸ ਦਿਨ ਤੋਂ ਉਨ੍ਹਾਂ ਨੇ ਕਲਮਦਾਨ ਸੰਭਾਲਿਆ ਹੈ ਪ੍ਰਾਈਮ ਮਨਿਸਟਰ ਦਾ ਉਨ੍ਹਾਂ ਦੀਆਂ ਨੀਤੀਆਂ ਉਨ੍ਹਾਂ ਦੀ ਗੁਜ਼ਰ ਚੁੱਕੀ ਮਾਤਾ ਨਾਲੋਂ ਬਿਲਕੁਲ ਵੱਖ ਹਨ। ਉਨ੍ਹਾਂ ਨੇ ਆਪਣੇ ਸਾਰੇ ਦਫ਼ਤਰ ਦਾ ਪਰਸਨਲ ਸਟਾਫ ਬਦਲਿਆ ਅਤੇ ਉਨ੍ਹਾਂ ਦੀ ਇਕ ਇਕ ਰੀਆਲਿਸਟਿਕ ਐਪਰੋਚ ਹੈ। ਸ਼੍ਰੀਮਤੀ ਇੰਦਰਾ ਗਾਂਧੀ ਦੀ ਮਾੜੀ ਐਪਰੋਚ ਸੀ। ਜੋ ਸ਼ਰਾਰਤ ਪੰਜਾਬ ਵਿਚ ਹੁੰਦੀ ਰਹੀ ਮੈਂ ਸਮਝਦਾ ਹਾਂ ਕਿ ਉਹ ਦਿਲੀ ਦੀ ਸਰਕਾਰ ਅਤੇ ਉਨ੍ਹਾਂ ਦੇ ਆਦਮੀਆਂ ਦਾ ਇਹ ਕੰਮ ਸੀ। ਗੁਰਿੰਦਰ ਸਿੰਘ ਦੀ ਗੱਲ ਬਾਰੇ ਤੁਹਾਨੂੰ ਪਤਾ ਹੈ, ਇਹ ਵੀ ਕਾਂਗਰਸ ਦਾ ਕੰਮ ਸੀ। ਮੇਰੀ ਬੇਨਤੀ ਹੈ ਕਿ ਇੰਦਰਾ ਗਾਂਧੀ ਦੀ ਐਪਰੋਚ ਰੀਆਲਿਸਟਿਕ ਨਹੀਂ ਸੀ। ਸ਼੍ਰੀ ਰਾਜੀਵ ਗਾਂਧੀ ਦੀ ਐਪਰੋਚ ਰੀਆਲਿਸਟਿਕ ਹੈ। ਉਨ੍ਹਾਂ ਦੀ ਐਪਰੋਚ ਰੀਆਲਿਸਟਿਕ ਸੀ ਤਾਂ ਹੀ ਉਨ੍ਹਾਂ ਨੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਸੱਦਾ ਦਿੱਤਾ ਅਤੇ ਬੜੇ ਹੌਂਸਲੇ ਨਾਲ, ਦਿਆਨਤਦਾਰੀ ਨਾਲ ਪੰਜਾਬ ਅਕਾਰਡ ਕਰਕੇ ਉਸ ਅਕਾਰਡ ਤੇ ਦਸਤਖ਼ਤ ਕੀਤੇ ਅੌਰ ਉਹ ਗਲ ਪੰਜਾਬ ਵਾਸਤੇ ਅਤੇ ਸਾਰੇ ਹਿੰਦੁਸਤਾਨ ਵਾਸਤੇ ਖੁਸ਼ਗਵਾਰ ਬਣੀ। ਇਸ ਦੇ ਨਾਲ ਪੰਜਾਬ ਦਾ ਮਾਹੌਲ ਖੁਸ਼ਗਵਾਰ ਹੋਇਆ। ਪਰ ਮੈਨੂੰ ਬੜੀ ਚਿੰਤਾ ਨਾਲ ਅਰਜ਼ ਕਰਨੀ ਪੈਂਦੀ ਹੈ ਕਿ ਪਹਿਲਾ ਮਸਲਾ ਵੇਜਿੰਗ ਵਾਰ ਵਾਲਾ ਆ ਗਿਆ ਹੈ। ਇਹ ਗਲ 100 ਫੀ ਸਦੀ ਗਲਤ ਹੈ ਜਿਹੜੀ ਪ੍ਰਾਈਮ ਮਨਿਸਟਰ ਸਾਹਿਬ ਨੇ ਕਹਿ ਦਿੱਤੀ ਕਿ ਜਿਹੜੇ ਵੇਜਿੰਗ ਵਾਰ ਵਾਲੇ ਕੇਸਿਜ਼ ਹਨ ਉਨ੍ਹਾਂ ਨੂੰ ਨਹੀਂ ਛੱਡਾਂਗੇ। ਸਾਡੇ ਮੁੱਖ ਮੰਤਰੀ ਸਾਹਿਬ ਦੀ ਹੈਲਪ-ਲੈਸਨੈਸ ਦੀ ਵੀ ਗਲ ਸਾਹਮਣੇ ਆਈ ਕਿ ਕਿਉਂਕਿ ਸੀ.ਬੀ.ਆਈ. ਕੋਲ ਇਨਕੁਆਇਰੀ ਚਲੀ ਗਈ ਹੈ, ਇਸ ਲਈ ਪੰਜਾਬ ਸਰਕਾਰ ਦੀ ਜੁਰਿਸਡਿਕਸ਼ਨ ਤੋਂ ਗਲ ਬਾਹਰ ਚਲੀ ਗਈ। ਇਥੇ ਮੇਰੇ ਇਕ ਸਾਥੀ ਸਰਦਾਰ ਕਿਰਪਾਲ ਸਿੰਘ ਜੀ ਨੇ ਵੀ ਜ਼ਿਕਰ ਕੀਤਾ ਹੈ ਅੌਰ ਕਾਲ ਅਟੈਨਸ਼ਨ ਨੋਟਿਸ ਰਾਹੀਂ ਹਾਊਸ ਵਿੱਚ ਦਸਿਆ ਹੈ ਕਿ ਵਾਕਾ ਅੰਮ੍ਰਿਤਸਰ ਦਾ ਹੈ ਅੌਰ ਐਫ.ਆਈ.ਆਰ. ਅੰਮ੍ਰਿਤਸਰ ਦੀ ਕੋਤਵਾਲੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਭੋਡ]

ਵਿੱਚ ਹੋਈ ਹੈ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਵਾਕਾ ਅੰਮ੍ਰਿਤਸਰ ਦਾ ਹੋਵੇ ਔਰ ਅੰਮ੍ਰਿਤਸਰ ਦੀ ਕੋਤਵਾਲੀ ਵਿੱਚ ਐਫ.ਆਈ.ਆਰ. ਦਰਜ ਹੋਵੇ ਤਾਂ ਫਿਰ ਇਹ ਪੰਜਾਬ ਦੀ ਪੁਲਿਸ ਤੋਂ ਬਾਹਰ ਗੱਲ ਕਿਵੇਂ ਚਲੀ ਗਈ। ਇਹ ਗਲ ਸਾਡੀ ਸਰਕਾਰ ਨੂੰ ਸਟੱਡੀ ਕਰ ਲੈਣੀ ਚਾਹੀਦੀ ਹੈ ਔਰ ਇਤਨੀ ਹੈਲਪਲੈਸਨੈਸ ਪੰਜਾਬ ਦੀ ਸਰਕਾਰ ਨੂੰ ਜ਼ਾਹਰ ਨਹੀਂ ਕਰਨੀ ਚਾਹੀਦੀ । ਹਿੰਦੁਸਤਾਨ ਦੀ ਸਰਕਾਰ ਤੇ ਜ਼ੋਰ ਪਾਉਣਾ ਚਾਹੀਦਾ ਹੈ ਕਿ ਇਹ ਸਰਾਸਰ ਗਲਤ ਕੋਸਿਸ਼ ਹਨ। ਚੇਅਰਮੈਨ ਸਾਹਿਬ, ਇਕ ਕੇਸ ਦਾ ਜ਼ਿਕਰ ਤੁਸੀਂ ਕੀਤਾ ਔਰ ਆਪਣੇ ਇਲਾਕੇ ਦੇ ਇਕ ਕੇਸ ਦਾ ਜ਼ਿਕਰ ਮੈਂ ਕੀਤਾ ਹੈ । ਤੁਸੀਂ ਵੀ, ਚੇਅਰਮੈਨ ਸਾਹਿਬ, ਫੌਜੀਆਂ ਦੇ ਬਾਰੇ ਬੜੇ ਵਿਸਥਾਰ ਨਾਲ ਕਿਹਾ ਹੈ, ਮੈਂ ਦੁਬਾਰਾ ਉਸ ਨੂੰ ਦੁਹਰਾਉਣਾ ਨਹੀਂ ਚਾਹੁੰਦਾ ਪਰ ਦੱਸਣਾ ਚਾਹੁੰਦਾ ਹਾਂ ਕਿ ਇਹ ਫੈਸਲਾ ਹੋਇਆ ਸੀ ਕਿ ਇਨ੍ਹਾਂ ਦੇ ਬਾਰੇ ਕਿਹਾ ਗਿਆ ਸੀ ਕਿ ਉਨ੍ਹਾਂ ਨੂੰ ਰੀਹੈਬਲੀਟੇਟ ਕੀਤਾ ਜਾਵੇਗਾ। ਅਨੰਦਪੁਰ ਸਾਹਿਬ ਵੀ ਇਸ ਦਾ ਜ਼ਿਕਰ ਹੋਇਆ ਸੀ, ਜਿਸ ਮੀਟਿੰਗ ਵਿੱਚ ਸਰਦਾਰ ਬਲਵੰਤ ਸਿੰਘ ਨੇ ਜ਼ਿਕਰ ਕੀਤਾ ਸੀ ਮੈਂ ਵੀ ਉਸ ਮੀਟਿੰਗ ਵਿੱਚ ਹਾਜ਼ਰ ਸੀ। ਸਰਦਾਰ ਬਲਵੰਤ ਸਿੰਘ ਜੀ ਨੇ ਕਿਹਾ ਸੀ ਕਿ ਅਨਰਿਟਨ ਕਮਿਟਮੈਂਟ ਹੈ ਉਸ ਅਨਰਿਟਨ ਕਮਿਟਮੈਂਟ ਦੇ ਹੋਣ ਦੇ ਬਾਵਜੂਦ ਹਾਲੀ ਵੀ ਕਈਆਂ ਨੂੰ 10–10, 12–12 ਜਾਂ 15–15 ਸਾਲ ਦੀਆਂ ਸਜ਼ਾਵਾਂ ਮਿਲ ਰਹੀਆਂ ਹਨ। ਇਹੋ ਜਿਹੀਆਂ ਗਲਾਂ ਅਕਾਰਡ ਨੂੰ ਸਿਰੇ ਲਾਉਣ ਵਾਲੀਆਂ ਨਹੀਂ ਲਗਦੀਆਂ। ਇਹ, ਚੇਅਰਮੈਨ ਸਾਹਿਬ, ਇਕ ਨਿਹਾਇਤ ਹੀ ਚਿੰਤਾ ਦੀ ਗਲ ਹੈ।

ਚੇਅਰਮੈਨ ਸਾਹਿਬ, ਇਕ ਹੋਰ ਵੀ ਬੜੀ ਚਿੰਤਾ ਦੀ ਗਲ ਹੈ ਕਿ ਜਿਹੜਾ ਮੈਥੀਊ ਕਮਿਸ਼ਨ ਬਣਾਇਆ ਹੈ ਉਸ ਦੀਆਂ ਜੋ ਟਰਮਜ਼ ਆਫ਼ ਰੈਫਰੈਂਸ ਹਨ ਉਹ ਲਿਖਤੀ ਅਕਾਰਡ ਦੇ ਬਿਲਕੁਲ ਉਲਟ ਹਨ। ਇਸ ਦੇ ਬਾਰੇ ਜੋ ਸਮਝੌਤਾ ਹੋਇਆ ਹੈ ਉਹ ਜ਼ਬਾਨੀ ਸਮਝੌਤਾ ਨਹੀਂ ਹੈ, ਇਹ ਲਿਖਤੀ ਅਕਾਰਡ ਹੈ ਇਸ ਦੇ ਬਾਰੇ ਸਭ ਨੂੰ ਪਤਾ ਹੈ ਅਤੇ ਇਹ ਗਲ ਸਾਰੀਆਂ ਅਖ਼ਬਾਰਾਂ ਵਿੱਚ ਆਈ ਹੈ। ਏਰੀਏ ਸਬੰਧੀ ਫੈਸਲਾ ਕਰਨ ਲਈ 3 ਬੁਨਿਆਦੀ ਗੱਲਾਂ ਸਨ। ਇਕ ਨੰਬਰ ਤੇ ਭਾਸ਼ਾ, ਦੂਸਰਾ ਪਿੰਡ ਨੂੰ ਇਕਾਈ ਮੰਨ ਕੇ ਅਤੇ ਤੀਸਰਾ ਕੰਟਿਗਿਉਟੀ ਯਾਨੀ ਨਾਲ ਲਗਦੇ ਪਿੰਡ। ਜਿਹੜਾ ਮੈਥੀਊ ਕਮਿਸ਼ਨ ਬਣਾਇਆ ਹੈ ਉਸ ਦੀਆਂ ਜੋ ਟਰਮਜ਼ ਆਫ਼ ਰੈਫਰੈਂਸ ਹਨ ਉਹ ਲਿਖਤੀ ਅਕਾਰਡ ਦੇ ਬਿਲਕੁਲ ਉਲਟ ਹਨ ਅਤੇ ਉਸ ਦੀਆਂ ਟਰਮਜ਼ ਆਫ਼ ਰੈਫਰੈਂਸ ਵਿੱਚ 'ਅਦਰ ਫੈਕਟਰ' ਦੀ ਗਲ ਉਸ ਵਿੱਚ ਸ਼ਾਮਲ ਕਰ ਦਿੱਤੀ। 'ਅਦਰ ਫੈਕਟਰ' ਤਾਂ ਬੜੀ ਵਾਈਡ ਗਲ ਹੈ। ਇਸ ਦੇ ਵਿੱਚ ਬਹੁਤ ਕੁਝ ਆ ਸਕਦਾ ਹੈ। ਬੇਸ਼ਕ ਸਾਡੇ ਮੁੱਖ ਮੰਤਰੀ ਸਾਹਿਬ ਦਿਲੀ ਗਏ ਔਰ ਪ੍ਰਾਈਮ ਮਨਿਸਟਰ, ਸ਼੍ਰੀ ਰਾਜੀਵ ਗਾਂਧੀ ਜੀ, ਨਾਲ ਉਨ੍ਹਾਂ ਨੇ ਗਲਬਾਤ ਕੀਤੀ ਔਰ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਜੋ ਬੜੇ ਰੀਆਲਿਸਟਿਕ ਐਪਰੋਚ ਦੇ ਹਨ ਉਨ੍ਹਾਂ ਨੇ ਬੜੇ ਹੌਸਲੇ ਨਾਲ ਕਿਹਾ ਕਿ ਗਲਤੀ ਹੋ ਗਈ ਹੈ। ਉਨ੍ਹਾਂ ਨੇ ਗਲਤੀ ਕਮਿਟ ਕੀਤੀ ਜਿਸ ਦੇ ਬਾਰੇ ਪ੍ਰੈਸ ਵਿਚ ਵੀ ਆਇਆ ਹੈ ਕਿ ਇਹ ਐਰਰ ਹੋ ਗਈ ਹੈ। ਜੇ ਪ੍ਰਾਈਮ ਮਨਿਸਟਰ ਸਾਹਿਬ ਇਹ ਐਰਰ ਦਿਲੋਂ ਸਮਝਦੇ ਹਨ ਕਿ ਐਰਰ ਹੋ ਗਈ ਹੈ ਤਾਂ ਜੋ ਕਮਿਸ਼ਨ ਦੀਆਂ ਟਰਮਜ਼ ਆਫ ਰੈਫਰੈਂਸ ਹਨ ਉਸ ਵਿਚੋਂ ਇਹ 'ਅਦਰ ਫੈਕਟਰ' ਦੇ ਸ਼ਬਦ ਡਿਲੀਟ ਕੀਤੇ ਜਾਣ। ਇਹ 'ਅਦਰ ਫੈਕਟਰ' ਦੇ ਸ਼ਬਦ ਡਿਲੀਟ ਕਰਨੇ ਅਕਾਰਡ ਦੀ ਸਫਲਤਾ ਲਈ, ਅਕਾਰਡ ਦੀ ਪੂਰਨਤਾ ਦੇ ਲਈ ਨਿਹਾਇਤ ਜ਼ਰੂਰੀ ਹੈ। ਬੇਸ਼ਕ ਇਹ ਵੀ ਠੀਕ ਹੈ ਕਿ ਸ਼੍ਰੀ ਰਾਜੀਵ ਗਾਂਧੀ ਜੀ ਨੇ ਕਿਹਾ ਹੈ ਕਿ ਕਾਂਗਰਸ ਸਰਕਾਰ ਚਾਹੇ ਕਿਸੇ ਸੂਬੇ ਦੀ ਵੀ ਹੋਵੇ ਉਹ ਇਸ ਤੋਂ ਫਾਇਦਾ ਨਹੀਂ ਲੈ ਸਕੇਗੀ। ਪਰ, ਚੇਅਰਮੈਨ ਸਾਹਿਬ, ਮੈਂ ਵੀ ਵਕੀਲ ਹਾਂ ਔਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੋ ਕਾਨੂੰਨ ਵਿੱਚ ਲਿਖਿਆ ਜਾਵੇ ਉਸ ਦੇ ਉਤੇ ਅਮਲ ਹੁੰਦਾ ਹੈ। ਮੈਨੂੰ ਪਤਾ ਹੈ ਕਿ ਗੌਰਮਿੰਟ ਆਫ਼ ਇੰਡੀਆ ਨੇ ਇਹ ਟਰਮਜ਼ ਆਫ਼ ਰੈਫਰੈਂਸ ਕਾਨੂੰਨ ਥਲੇ ਜਾਰੀ ਕੀਤੇ ਹਨ। ਭਾਵੇਂ ਪ੍ਰਾਈਮ ਮਨਿਸਟਰ ਸਾਹਿਬ ਦਾ

Original with;
Punjab Vidhan Sabha
Digitized by;
Panjab Digital Library

ਇਹ ਨੇਕ ਮਸ਼ਵਰਾ ਹੈ ਕਿ ਇਸ ਤੋਂ ਕੋਈ ਲਾਭ ਨਹੀਂ ਉਠਾਵੇਗਾ ਪਰ ਇਹ ਕੋਈ ਤਸੱਲੀਬਖਸ਼ ਗਲ ਨਹੀਂ ਲਗਦੀ ਕਿਉਂਕਿ ਉਨ੍ਹਾਂ ਦੇ ਕਹਿਣ ਦੇ ਬਾਵਜੂਦ ਕਿ ਇਹ ਐਰਰ ਹੋਈ ਹੈ ਅਤੇ ਇਸ ਤੋਂ ਕੋਈ ਫਾਇਦਾ ਨਹੀਂ ਉਠਾਵੇਗਾ, ਉਸ ਤੇ ਕੋਈ ਅਮਲ ਨਹੀਂ ਕੀਤਾ ਗਿਆ। ਜੋ ਹਰਿਆਣਾ ਸਰਕਾਰ ਨੇ ਮੈਮੋਰੈਂਡਮ ਦਿੱਤਾ ਹੈ ਜੋ ਪ੍ਰੀਜ਼ੈਂਟੇਸ਼ਨ ਉਨ੍ਹਾਂ ਨੇ ਕੀਤੀ ਹੈ ਉਹ 'ਸਾਰੇ ਦਾ ਸਾਰਾ ਕੇਸ ਬੇਸਡ ਆਨ ਅਦਰ ਫੈਕਟਰ, ਤੇ ਹੈ ਉਸ ਦਾ ਜਵਾਬ ਪੰਜਾਬ ਦੀ ਸਰਕਾਰ ਨੇ ਦਿੱਤਾ ਹੈ ਅੌਰ ਹਰਿਆਣਾ ਸਰਕਾਰ ਨੇ ਜੋ ਜਵਾਬ ਦਾ ਜਵਾਬ ਪੇਸ਼ ਕੀਤਾ ਹੈ ਉਹ ਪ੍ਰਾਈਮ ਮਨਿਸਟਰ ਸਾਹਿਬ ਦੀ ਇਸ ਸਟੇਟਮੈਂਟ ਦੇ ਬਾਵਜੂਦ 'ਅਦਰ ਫੈਕਟਰ' ਤੇ ਬੇਸਡ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ 'ਅਦਰ ਫੈਕਟਰ' ਦੀ ਗਲ ਨਿਹਾਇਤ ਹੀ ਖਤਰਨਾਕ ਹੈ ਅੌਰ ਇਸ ਪੰਜਾਬ ਅਕਾਰਡ ਦੀ ਸਫਲਤਾ ਦੇ ਰਾਹ ਵਿਚ ਇਕ ਬਹੁਤ ਵੱਡੀ ਰੁਕਾਵਟ ਹੈ। ਜੋ ਦੇਸ਼ ਵਿਚ, ਪੰਜਾਬ ਵਿਚ ਹੁਣ ਖੁਸ਼ਗਵਾਰ ਮਾਹੌਲ ਬਣਿਆ ਹੈ ਉਸ ਵਿਚ ਇਹ ਇਕ ਚਿੰਗਾੜੀ ਹੈ ਅੌਰ ਇਹ ਚਿੰਗਾੜੀ ਲਾਂਬੂ ਬਣ ਕੇ ਵੀ ਸਾਹਮਣੇ ਆ ਸਕਦੀ ਹੈ। ਇਸ ਲਈ ਮੈਂ ਪੰਜਾਬ ਦੀ ਸਰਕਾਰ ਨੂੰ ਕਹਾਂਗਾ ਕਿ ਦਿੱਲੀ ਦੀ ਸਰਕਾਰ ਨੂੰ ਹਲੂਣਾ ਦੇਵੇ ਅਤੇ ਉਸ ਐਰਰ ਦੀ ਇਹ ਦਰੁਸਤੀ ਕਰਾਉਣ । ਜੇ ਇਸ ਗਲ ਦੀ ਦਰੁਸਤੀ ਨਾ ਕਰਵਾਈ ਤਾਂ ਮੈਂ ਮੁੱਖ ਮੰਤਰੀ ਸਾਹਿਬ ਨੂੰ, ਚੇਅਰਮੈਨ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਅੱਜ ਦੀ ਭੁਲ ਫਿਰ ਕਦੇ ਰਾਹੇ ਨਹੀਂ ਪੈਣੀ। ਇਹ ਇਕ ਮਿਸਚਿਫ ਲਗਦੀ ਹੈ ਜੋ ਦਿੱਲੀ ਦੀ ਬਿਓਰੋਕਰੇਸੀ ਨੇ ਕੀਤੀ ਹੈ। ਇਹ ਦਿੱਲੀ ਦੀ ਬਿਓਰੋਕਰੇਸੀ ਦੀ ਇਕ ਸੋਚੀ ਸਮਝੀ ਸਾਜਸ਼ ਲਗਦੀ ਹੈ। ਪਤਾ ਨਹੀਂ ਉਹ ਪੰਜਾਬ ਦੀ ਇਸ ਸਰਕਾਰ ਨੂੰ ਫੇਲ੍ਹ ਕਰਨਾ ਚਾਹੁੰਦੀ ਹੈ ਜਾਂ ਸ੍ਰੀ ਰਾਜੀਵ ਗਾਂਧੀ ਜੀ ਨੂੰ ਫੇਲ੍ਹ ਕਰਨਾ ਚਾਹੁੰਦੀ ਹੈ । ਜਿਨ੍ਹਾਂ ਨੇ ਕਿ ਇਹ ਅਕਾਰਡ ਕੀਤਾ ਹੈ। ਇਹ 'ਅਦਰ ਫੈਕਟਰ' ਦੇ ਸ਼ਬਦ ਥੱਲੇ ਇਕ ਬੜੀ ਗੰਭੀਰ ਸਾਜ਼ਸ਼ ਹੈ। ਮੈਂ ਕਹਾਂਗਾ ਕਿ ਸਾਰੇ ਕੰਮ ਛੱਡ ਕੇ ਮੁੱਖ ਮੰਤਰੀ ਸਾਹਿਬ, ਪੰਜਾਬ ਦੀ ਸਰਕਾਰ ਨੂੰ ਸਾਰੇ ਦਾ ਸਾਰਾ ਜ਼ੋਰ 'ਅਦਰ ਫੈਕਟਰ, ਦੇ ਸ਼ਬਦ ਡਿਲੀਟ ਕਰਾਉਣ ਲਈ ਲਾ ਦੇਣਾ ਚਾਹੀਦਾ ਹੈ । ਮੈਂ ਤਾਂ ਇਹ ਵੀ ਕਹਾਂਗਾ ਕਿ ਪਰਸੋਂ ਨਾਨ-ਆਫੀਸ਼ੀਅਲ ਡੇ ਹੈ, ਜਿਸ ਤਰ੍ਹਾਂ ਪੰਜਾਬ ਦੀ ਅਸੈਂਬਲੀ ਵਿੱਚ ਪਹਿਲਾਂ ਇਥੇ ਪੈਡੀ ਦੇ ਬਾਰੇ ਰੈਜ਼ੋਲਿਊਸ਼ਨ ਆਇਆ ਸੀ ਇਸੇ ਤਰ੍ਹਾਂ ਇਸ 'ਅਦਰ ਫੈਕਟਰ' ਦੇ ਸ਼ਬਦ ਡਿਲੀਟ ਕਰਾਉਣ ਵਾਸਤੇ ਪੰਜਾਬ ਦੀ ਅਸੈਂਬਲੀ ਵਿੱਚ ਇਕ ਰੈਜ਼ੋਲਿਊਸ਼ਨ ਪਾਸ ਹੋਣਾ ਚਾਹੀਦਾ ਹੈ। ਇਹ ਸਾਰੇ ਪੰਜਾਬ ਦਾ ਮਸਲਾ ਹੈ, ਇਸ ਲਈ ਮੈਂ ਤਾਂ ਇਹ ਕਹਾਂਗਾ ਕਿ ਇਹ ਰੈਜ਼ੋਲਿਊਸ਼ਨ ਯੂਨੈਨੀਮਸਲੀ ਇਥੇ ਪਾਸ ਹੋਣਾ ਚਾਹੀਦਾ ਹੈ ਕਿ 'ਅਦਰ ਫੈਕਟਰ' ਦੇ ਸ਼ਬਦ ਡਿਲੀਟ ਕੀਤੇ ਜਾਣ। ਜੇ ਇਹ ਸ਼ਬਦ ਡਿਲੀਟ ਨਹੀਂ ਹੋਣਗੇ ਤਾਂ ਕੋਈ ਡਿਫੈਂਸ ਨਹੀਂ ਜਿਸ ਦੇ ਨਾਲ ਪੰਜਾਬ ਦੇ ਨੁਕਸਾਨ ਨੂੰ ਤੁਸੀਂ ਬਚਾ ਸਕਦੇ ਹੋ ਜੋ ਨੁਕਸਾਨ 'ਅਦਰ ਫੈਕਟਰ' ਸ਼ਬਦ ਨੇ ਪਹੁੰਚਾਉਣਾ ਹੈ । ਜੋ ਇਸ ਵੇਲੇ ਪੰਜਾਬ ਵਿੱਚ, ਹਿੰਦੁਸਤਾਨ ਵਿੱਚ ਖੁਸ਼ਗਵਾਰ ਮਾਹੌਲ ਕਰੀਏਟ ਹੋਇਆ ਹੈ ਉਹ ਬਦਲ ਵੀ ਸਕਦਾ ਹੈ ਅੌਰ ਤੁਸੀਂ ਵੀ ਕਿਸੀ ਲੀਡਰਸ਼ਿਪ ਨੂੰ ਪਾਬੰਦ ਨਹੀਂ ਕਰ ਸਕੋਗੇ। 'ਅਦਰ ਫੈਕਟਰ' ਦੀ ਗਲ ਮੰਨ ਕੇ ਪੰਜਾਬ ਦਾ ਕੇਸ ਲੂਜ਼ ਹੋਵੇਗਾ। ਇਸ ਲਈ ਇਹ 'ਅਦਰ ਫੈਕਟਰ' ਦਾ ਸ਼ਬਦ ਡਿਲੀਟ ਹੋਣਾ ਬੜੀ ਲਾਜ਼ਮੀ ਗੱਲ ਹੈ। ਫਿਰ ਇਕੋ ਹੀ ਰਸਤਾ ਰਹਿ ਜਾਂਦਾ ਹੈ ਕਿ ਅਗਰ 'ਅਦਰ ਫੈਕਟਰ' ਡਿਲੀਟ ਨਾ ਹੋਇਆ ਤਾਂ ਫਿਰ ਪੰਜਾਬ ਸਰਕਾਰ ਨੂੰ ਉਸ ਮੈਥਿਊ ਕਮਿਸ਼ਨ ਤੋਂ ਆਪਣੇ ਆਪ ਨੂੰ ਵਿਦਡਰਾ ਕਰ ਲੈਣਾ ਚਾਹੀਦਾ ਹੈ । ਇਹ 'ਅਦਰ ਫੈਕਟਰ' ਦਾ ਲਫ਼ਜ਼ ਡਿਲੀਟ ਕਰਨਾ ਜ਼ਰੂਰੀ ਹੈ । ਮੈਂ ਮੁੱਖ ਮੰਤਰੀ ਸਾਹਿਬ ਨੂੰ ਦਸਤ-ਬਦਸਤਾ ਅਰਜ਼ ਕਰਦਾ ਹਾਂ ਕਿ ਪੰਜਾਬ ਦੀ ਭਲਾਈ ਲਈ, ਪੰਜਾਬ ਦੇ ਭਵਿਖ ਲਈ ਕਤਈ ਮੈਥਿਊ ਕਮਿਸ਼ਨ ਨਾਲ ਕੋਆਪ੍ਰੇਟ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਸ਼ਬਦ ਦੇ ਹੁੰਦੇ ਹੋਏ ਪੰਜਾਬ ਆਪਣਾ ਕੇਸ ਠੀਕ ਤੌਰ ਤੇ ਪੁਟ ਨਹੀਂ ਕਰ ਸਕਦਾ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਡੋਡ]

ਇਕ ਗਲ, ਚੇਅਰਮੈਨ ਸਾਹਿਬ, ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਐਡਰੈਸ ਵਿਚ ਬਹੁਤ ਸਾਰੀਆਂ ਗਲਾਂ ਕਹੀਆਂ ਗਈਆਂ ਹਨ, ਪਰ ਕਈ ਜ਼ਰੂਰੀ ਸਬਜੈਕਟਸ ਨੂੰ ਟੱਚ ਤਕ ਨਹੀਂ ਕੀਤਾ ਗਿਆ। ਬੜੇ ਅਫ਼ਸੋਸ ਦੀ ਗਲ ਹੈ ਕਿ ਅਨੰਦਪੁਰ ਰੈਜ਼ੋਲਿਊਸ਼ਨ ਸਾਡੀ ਲੜਾਈ ਦਾ ਇਕ ਮੁਢ ਸੀ, ਉਸ ਦਾ ਕੋਈ ਜ਼ਿਕਰ ਨਹੀਂ। ਜੋ ਬਿਪਤਾ ਪੰਜਾਬ ਨੂੰ ਔਰ ਦੂਸਰੀਆਂ ਸਟੇਟਾਂ ਨੂੰ ਸੀ, ਔਰ ਜਿਸ ਦਾ ਜ਼ਿਕਰ ਉਸ ਰੈਜ਼ੋਲਿਊਸ਼ਨ ਵਿਚ ਸੀ, ਮਸਲਨ ਪੰਜਾਬ ਸਟੇਟ ਜਾਂ ਦੂਸਰੀਆਂ ਸਟੇਟਾਂ ਦੀ ਜਿਹੜੀ ਉਪਜ ਹੈ ਖੇਤੀ ਬਾੜੀ ਦੀ ਉਸ ਦੀ ਪਰਚੇਜ਼, ਸਟੋਰੇਜ, ਪ੍ਰਾਸੈਸਿੰਗ ਆਦਿ ਬਾਰੇ ਸਟੇਟਾਂ ਦਾ ਕੋਈ ਕੰਟਰੋਲ ਨਹੀਂ। ਆਪਣੀ ਸਟੇਟ ਦਾ ਗੰਨਾਂ ਕਰੱਸ਼ ਕਰਨ ਵਾਸਤੇ ਕੋਈ ਸਟੇਟ ਕਰਸ਼ਿੰਗ ਮਿਲਜ਼ ਨਹੀਂ ਲਗਾ ਸਕਦੀਆਂ, ਕਾਟਨ ਲਈ ਟੈਕਸਟਾਈਲ ਮਿਲਜ਼ ਨਹੀਂ ਲਗਾ ਸਕਦੀਆਂ ਇਥੋਂ ਤੱਕ ਕਿ ਕੋਲਡ ਸਟੋਰੇਜ ਨਹੀਂ ਬਣਾ ਸਕਦੀਆਂ। ਇਹ ਤਾਂ ਮਿਉਂਸਪਲ ਕਮੇਟੀਆਂ ਨਾਲੋਂ ਵੀ ਮਾੜੀ ਗਲ ਹੋਈ। ਹੁਣ ਤੁਸੀਂ ਵੇਖ ਰਹੇ ਹੋ ਕਿ ਪੰਜਾਬ ਦਾ ਕਿਸਾਨ ਹੁਣ ਝੋਨੇ ਵਿਚ ਲੁਟਿਆ ਗਿਆ ਹੈ। ਮੈਂ ਕਹਿਣ ਵਿਚ ਕੋਈ ਸੰਕੋਚ ਨਹੀਂ ਕਰਦਾ ਕਿ ਝੋਨੇ ਦੀ ਪਰਚੇਜ਼ ਦੇ ਸਿਲਸਿਲੇ ਵਿਚ ਪੰਜਾਬ ਸਰਕਾਰ ਫੇਲ੍ਹ ਹੋਈ ਹੈ। ਝੋਨੇ ਵਿਚ ਤਾਂ ਕਿਸਾਨ ਲੁਟਿਆ ਗਿਆ ਹੈ ਪਰ ਹੁਣ ਅਗੇ ਵੀ ਕਾਟਨ ਆ ਗਈ ਹੈ। ਪਿਛਲੇ ਸਾਲ ਨਰਮਾ 675 ਰੁਪਏ ਵਿਕਿਆ ਸੀ ਅਤੇ ਹੁਣ ਸਾਡੀਆਂ ਮੰਡੀਆਂ ਵਿਚ ਪੰਜ ਸੌ, ਸਾਢੇ ਚਾਰ ਸੌ ਰੁਪਏ ਵਿਕ ਰਿਹਾ ਹੈ। ਯਾਨੀ ਦੋ ਢਾਈ ਸੌ ਰੁਪਏ ਕੁਇੰਟਲ ਦਾ ਸਿਧਾ ਲਾਸ ਹੈ। ਹੁਣ ਕਾਟਨ ਕਾਰਪੋਰੇਸ਼ਨ ਨੂੰ ਜਗਾਓ ਨਹੀਂ ਤਾਂ ਕਿਸਾਨ ਕਾਟਨ ਵਿਚ ਵੀ ਝੋਨੇ ਵਾਂਗ ਲੁਟਿਆ ਜਾਵੇਗਾ ਕਿਉਂਕਿ ਜਿਹੜੀ ਸਟੇਟਾਂ ਦੀ ਸੈਟ ਅੱਪ ਹੈ ਹਿੰਦੁਸਤਾਨ ਵਿਚ ਇਹ ਠੀਕ ਨਹੀਂ। ਵੈਸੇ ਮੈਂ ਹਿੰਦੁਸਤਾਨ ਦੀ ਯਕਜਹਿਤੀ ਦਾ ਹਾਮੀ ਹਾਂ, ਅਸੀਂ ਚਾਹੁੰਦੇ ਹਾਂ ਕਿ ਯਕਜਹਿਤੀ ਕਾਇਮ ਰਹੇ ਪਰ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਕਿਸੇ ਵੀ ਪਰੀਵਾਰ ਦਾ ਮੁਖੀਆ ਆਪਣੇ ਪਰੀਵਾਰ ਦੇ ਬੰਦਿਆਂ ਨੂੰ ਸੰਤੁਸ਼ਟ ਕੀਤੇ ਬਿਨਾਂ ਆਪਣੇ ਨਾਲ ਨਹੀਂ ਰਖ ਸਕਦਾ। ਇਹ ਜਿਹੜੇ ਸੂਬੇ ਹਨ ਇਨ੍ਹਾਂ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਪੂਰੇ ਅਖਤਿਆਰ ਦੇਣ ਤਾਂਕਿ ਇਹ ਆਪਣੇ ਕੰਮ ਠੀਕ ਤਰ੍ਹਾਂ ਨਾਲ ਕਰ ਸਕਣ।

ਮਹਾਰਾਜਾ ਸਾਹਿਬ ਨੇ ਐਗਰੀਕਲਚਰ ਦੀ ਡਾਈਵਰਸੀਫਿਕੇਸ਼ਨ ਲਈ ਇਕ ਕਮੇਟੀ ਬਣਾਈ ਹੈ, ਮੈਂ ਇਸ ਦੇ ਲਈ ਐਗਰੀਕਲਚਰ ਮਨਿਸਟਰ ਅਤੇ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ। ਇਹ ਇਕ ਜ਼ਰੂਰੀ ਮਾਮਲੇ ਵਾਸਤੇ ਕਮੇਟੀ ਬਣਾਈ ਗਈ ਹੈ। ਕਣਕ ਔਰ ਝੋਨੇ ਦੀ ਰੁਟੇਸ਼ਨ ਕੰਬੀਨੇਸ਼ਨ ਸਾਨੂੰ ਸੂਟ ਕਰਦੀ ਸੀ, ਪਰ ਇਹ ਹੁਣ ਸਾਨੂੰ ਲਾਭਦਾਇਕ ਨਹੀਂ ਹੋਈ। ਫਿਰ ਇਸ ਵਿਚ ਡਾਈਵਰਸੀਫਿਕੇਸ਼ਨ ਵਾਲੀ ਗਲ ਆਈ ਹੈ ਕਿ ਸਬਜ਼ੀਆਂ ਬੀਜਣੀਆਂ ਸ਼ੁਰੂ ਕਰਦੇ ਹਾਂ ਤਾਂ ਕਿ ਇਨ੍ਹਾਂ ਨੂੰ ਮਿਡਲ ਈਸਟ ਕੰਟਰੀਜ਼ ਨੂੰ ਐਕਸਪੋਰਟ ਕਰ ਸਕੀਏ ਜਿਸ ਨਾਲ ਕਾਫੀ ਫਾਰਨ ਐਕਸਚੇਂਜ ਆ ਸਕਦਾ ਹੈ। ਪਰ ਮੈਂ ਕਹਿੰਦਾ ਹਾਂ ਕਿ ਸਟੇਟਾਂ ਨੂੰ ਸਬਜ਼ੀਆਂ ਐਕਸਪੋਰਟ ਕਰਨ ਦਾ ਕੋਈ ਅਧਿਕਾਰ ਨਹੀਂ ਇਹ ਤਦ ਹੋ ਸਕਦਾ ਹੈ ਅਗਰ ਸੈਂਟਰ ਐਕਸਪੋਰਟ ਲਸੰਸ ਦੇਵੇ ਕਿਉਂਕਿ ਇਥੇ ਸਾਰੀਆਂ ਪਾਵਰਜ਼ ਸੈਂਟਰਾਲਾਈਜ਼ ਕਰ ਰਖੀਆਂ ਹਨ। ਸੋ ਮੈਂ ਕਹਿੰਦਾ ਹਾਂ ਕਿ ਜਿਹੜਾ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਹੈ ਜਿਹੜਾ ਸਾਡੀ ਲੜਾਈ ਦਾ ਬੇਸ ਰਿਹਾ ਹੈ ਉਸ ਨੂੰ ਇਸ ਐਡਰਸ ਵਿਚ ਟੱਚ ਨਹੀਂ ਕੀਤਾ ਗਿਆ। ਇਹ ਜਿਹੜਾ ਅਕਾਰਡ ਹੋਇਆ ਹੈ ਸੰਤ ਹਰਚੰਦ ਸਿੰਘ ਲੋਂਗੋਵਾਲ ਨਾਲ ਉਸ ਵਿਚ ਇਹ ਆਇਆ ਹੈ ਕਿ ਇਸ ਨੂੰ ਸਰਕਾਰੀਆ ਕਮਿਸ਼ਨ ਨੂੰ ਰੈਫਰ ਕਰ ਦਿਤਾ ਗਿਆ ਹੈ। ਇਸ ਬਾਰੇ ਮੈਂ ਆਪਣੇ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸਰਕਾਰੀਆ ਕਮਿਸ਼ਨ ਕੋਲ ਆਪਣਾ ਕੇਸ ਪੁਟ ਕਰਨ ਲਈ ਯੋਗ ਵਕੀਲਾਂ ਅਤੇ ਆਪਣੇ ਅਫ਼ਸਰਾਂ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ। ਜਦੋਂ ਅਸੀਂ ਸਟੇਟਾਂ ਦੀ ਅਟਾਨੋਮੀ ਦੀ ਗਲ ਕਰਦੇ ਹਾਂ ਤਾਂ ਜਿਹੜਾ ਸਾਡਾ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਹੈ ਉਹ ਇਸ ਸਬੰਧੀ ਸਾਰੇ ਦੇਸ਼ ਦੇ ਹਿੱਤ ਦੀ ਗਲ ਕਰਦਾ ਹੈ, ਸਾਰੀਆਂ ਸਟੇਟਾਂ ਦੀ ਹਿੱਤ ਦੀ ਗਲ ਕਰਦਾ ਹੈ। ਸਾਡੀ ਕਮੇਟੀ ਆਪਣਾ ਕੇਸ ਠੀਕ ਤਰ੍ਹਾਂ ਪਲੀਡ

Original with;
Punjab Vidhan Sabha
Digitized by;
Panjab Digital Library

ਕਰਕੇ ਸਟੇਟਾਂ ਦੀ ਅਟਾਨੌਮੀ ਨੂੰ ਕਾਇਮ ਕਰਾਵੇ ਨਹੀਂ ਤਾਂ ਸਟੇਟਾਂ ਕੋਲ ਕੋਆਪਰੇਟਿਵ ਇੰਸਪੈਕਟਰਾਂ ਅਤੇ ਪਟਵਾਰੀਆਂ ਆਦਿ ਦੀਆਂ ਤਬਦੀਲੀਆਂ ਦੇ ਅਖਤਿਆਰ ਹੀ ਰਹਿ ਜਾਂਦੇ ਹਨ।

ਚੇਅਰਮੈਨ ਸਾਹਿਬ, ਕੋਆਪਰੇਟਿਵ ਮਹਿਕਮੇ ਦੀ ਗੱਲ ਆ ਗਈ ਹੈ, ਤੁਸੀਂ ਤਜਰਬੇਕਾਰ ਹੋ ਤੁਹਾਨੂੰ ਵੀ ਪਤਾ ਹੈ ਕਿ ਤੁਹਾਡੇ ਵਾਂਗ ਮੈਂ ਵੀ ਕੋਆਪਰੇਟਰ ਰਿਹਾ ਹਾਂ। ਜੋ ਗੱਲਾਂ ਤੁਸੀਂ ਆਪਣੀ ਸਪੀਚ ਵਿਚ ਕਹੀਆਂ ਹਨ ਮੈਂ ਉਨ੍ਹਾਂ ਦੀ ਪੂਰੀ ਤਾਈਦ ਕਰਦਾ ਹਾਂ ਕੋਆਪਰੇਟਿਵ ਮੂਵਮੈਂਟ ਇਕ ਬੋਦੀ ਮੂਵਮੈਂਟ ਹੈ ਔਰ ਕਿਸਾਨ ਦਾ ਉਹ ਕੋਈ ਫ਼ਾਇਦਾ ਨਹੀਂ ਕਰ ਰਹੀ। ਇਸ ਦਾ ਕਾਰਨ ਕੋਆਪਰੇਟਿਵ ਸੋਸਾਈਟੀਆਂ ਦੇ ਸਕੱਤਰ, ਇਨਸਪੈਕਟਰ ਤੇ ਏ.ਆਰ. ਹੀ ਹਨ। ਐਡਰੈਸ ਵਿਚ ਅਗੇ ਚਲ ਕੇ ਐਗਰੀਕਲਚਰ ਦੀ ਡਾਈਵਰਸੀਫ਼ਿਕੇਸ਼ਨ ਦੀ ਗਲ ਕੀਤੀ ਹੈ, ਪੋਲਟਰੀ, ਪਿਗਰੀ ਅਤੇ ਡੇਅਰੀ ਡਿਵੈਲਪਮੈਂਟ ਦੀ ਇਹ ਜਿਹੜੀ ਵ੍ਹਾਈਟ ਰੈਵੋਲਿਊਸ਼ਨ ਦੀ ਗਲ ਕੀਤੀ ਹੈ ਅਸਲ ਵਿਚ ਇਹ ਐਨੀਮਲ ਹਸਬੈਂਡਰੀ ਡਿਪਾਰਟਮੈਂਟ ਦਾ ਸਬਜੈਕਟ ਹੈ, ਪਰ ਪਿਛਲੀ ਸਰਕਾਰ ਨੇ ਮਾੜਾ ਕੰਮ ਕੀਤਾ ਕਿ ਇਸ ਨੂੰ ਮਿਲਕਫੈਡ ਵਿਚ ਮਰਜ ਕਰ ਦਿਤਾ। ਮੈਂ ਕੋਆਪਰੇਟਿਵ ਮੂਵਮੈਂਟ ਦੇ ਕਈ ਅਹੁਦਿਆਂ ਤੇ ਰਿਹਾ ਹਾਂ। ਮੈਂ ਸੈਂਟਰਲ ਕੋਆਪਰੇਟਿਵ ਬੈਂਕ ਫਰੀਦਕੋਟ ਦਾ ਮੈਨੇਜਿੰਗ ਡਾਇਰੈਕਟਰ ਰਿਹਾ ਹਾਂ ਅਤੇ ਲੈਂਡ ਮਾਰਟਗੇਜ ਬੈਂਕ ਬਠਿੰਡਾ ਦਾ ਸੱਤ ਸਾਲ ਚੇਅਰਮੈਨ ਅਤੇ ਸਟੇਟ ਲੈਂਡਮਾਰਟਗੇਜ ਬੈਂਕ ਦਾ ਡਾਇਰੈਕਟਰ ਰਿਹਾ ਹਾਂ। ਇਸ ਤੋਂ ਇਲਾਵਾ ਜਿਹੜੀ ਲੋਕਲ ਡੈਮੋਕਰੇਸੀ ਹੈ, ਪੰਚਾਇਤ ਸੰਮਤੀਆਂ ਹਨ, ਮਾਰਕੀਟ ਕਮੇਟੀਆਂ ਹਨ ਉਨ੍ਹਾਂ ਅਦਾਰਿਆਂ ਨਾਲ ਵੀ ਮੇਰਾ ਸਬੰਧ ਰਿਹਾ ਹੈ। ਮੈਂ ਵੇਖਿਆ ਹੈ ਕਿ ਪਹਿਲਾਂ ਜਿਸ ਤਰ੍ਹਾਂ ਸਾਡੀ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਕੰਮ ਕਰ ਰਹੀ ਸੀ ਹੁਣ ਇਹ ਮਿਲਕਫੈਡ ਵਿਚ ਮਰਜ ਕਰਕੇ ਉਸ ਦਾ ਵੀ ਬੇੜਾ ਗਰਕ ਕਰ ਦਿੱਤਾ ਹੈ।

ਇਕ ਗਲ ਇਹ ਹੈ ਕਿ ਇਸ ਐਡਰੈਸ ਵਿਚ ਲੋਕਲ ਡੈਮੋਕਰੇਸੀ ਦਾ ਸ਼ਬਦ ਵਰਤਿਆ ਹੈ। ਜਦੋਂ ਮਿਉਂਸਪਲ ਕਮੇਟੀਆਂ ਦੀ ਗਲ ਕਰਦੇ ਹਾਂ ਤਾਂ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਲੋਕਲ ਡੈਮੋਕਰੇਸੀ ਨੂੰ ਮਜ਼ਬੂਤ ਕਰਨਾ ਹੈ ਅਤੇ ਇਹ ਕਮੇਟੀਆਂ ਤੋੜ ਕੇ ਇਲੈਕਸ਼ਨ ਕਰਾਉਣੇ ਹਨ। ਮੈਂ ਇਸ ਗਲ ਤੇ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ। ਜਿਹੜੀ ਅਸੂਲ ਦੀ ਗਲ ਹੈ ਉਸ ਦਾ ਸਤਿਕਾਰ ਹੋਣਾ ਚਾਹੀਦਾ ਹੈ। ਇਹ ਠੀਕ ਹੈ ਕਿ ਮੈਂ ਅਕਾਲੀ ਰਿਹਾ ਹਾਂ ਅਤੇ ਮੇਰੀ ਆਈਡੀਆਲੋਜੀ ਅਕਾਲੀ ਹੈ ਪਰ ਮੈਂ ਅਕਾਲੀ ਦਲ ਦੇ ਪਾਰਲੀਮੈਂਟਰੀ ਬੋਰਡ ਦੇ ਮੈਂਬਰ ਨੂੰ ਹਰਾ ਕੇ ਆਇਆ ਹਾਂ ਔਰ ਉਸ ਦੀ ਜ਼ਮਾਨਤ ਜ਼ਬਤ ਹੁੰਦੇ ਹੁੰਦੇ ਰਹਿ ਗਈ ਹੈ। ਮੁੱਖ ਮੰਤਰੀ ਸਾਹਿਬ ਮਿਉਂਸਪਲ ਕਮੇਟੀ ਦੀਆਂ ਚੋਣਾਂ ਹੋਣ ਇਹ ਬਹੁਤ ਜ਼ਰੂਰੀ ਗੱਲ ਹੈ। ਪਰ ਜਦੋਂ ਮਾਰਕੀਟ ਕਮੇਟੀਆਂ ਦੇ ਇਲੈਕਸ਼ਨਾਂ ਦੀ ਗਲ ਕਰਦੇ ਹਾਂ ਤਾਂ ਇਹ ਪਿਛੇ ਹਟ ਜਾਂਦੇ ਹਨ। ਮੈਨੂੰ ਪਤਾ ਲਗਾ ਹੈ ਕਿ ਇਨ੍ਹਾਂ ਦੇ ਬੰਦੇ ਕਹਿੰਦੇ ਹਨ ਕਿ ਅਗਰ ਮਾਰਕੀਟ ਕਮੇਟੀਆਂ ਦੀਆਂ ਇਲੈਕਸ਼ਨਾਂ ਕਰਵਾਈਆਂ ਤਾਂ ਕਾਂਗਰਸੀ ਜਿਤ ਜਾਣਗੇ। ਇਸ ਲਈ ਇਹ ਹੁਣ ਨਾਮਜ਼ਦਗੀਆਂ ਬਾਰੇ ਸੋਚ ਰਹੇ ਹਨ। ਔਰ ਇਸ ਦੇ ਬਾਰੇ ਜਿਹੜਾ ਬਿਲ ਪੇਸ਼ ਕੀਤਾ ਜਾ ਰਿਹਾ ਹੈ ਇਹ ਠੀਕ ਨਹੀਂ। ਇਹ ਜਿਹੜੀ ਅਕਾਲੀ ਸਰਕਾਰ ਢੋਲ ਢਮੱਕੇ ਨਾਲ ਬਣੀ ਹੈ ਲੋਕਾਂ ਨੇ ਇਡਾ ਵੱਡਾ ਵਰਡਿਕਟ ਤੁਹਾਡੇ ਹਕ ਵਿਚ ਦਿਤਾ ਹੈ ਅਗਰ ਮਾਰਕੀਟ ਕਮੇਟੀਆਂ ਵਿਚ ਨਾਮਜ਼ਦਗੀਆਂ ਹੋਈਆਂ ਤਾਂ ਇਹ ਤੁਹਾਡੇ ਸਰਕਾਰ ਦੇ ਨੇਕ ਨਾਂ ਤੇ ਇਕ ਧੱਬਾ ਹੋਵੇਗਾ। ਮੈਂ ਕਹਿੰਦਾ ਹਾਂ ਕਿ ਅਗਰ ਮਿਉਂਸਪਲ ਕਮੇਟੀਆਂ ਲਈ ਇਹ ਅਸੂਲ ਠੀਕ ਹੈ ਤਾਂ ਫਿਰ ਮਾਰਕੀਟ ਕਮੇਟੀਆਂ ਲਈ ਇਹ ਅਸੂਲ ਕਿਉਂ ਠੀਕ ਨਹੀਂ ? ਇਹ ਕਹਿੰਦੇ ਹਨ ਕਿ ਕਾਂਗਰਸੀ ਜਿਤ ਜਾਣਗੇ ਜੇ ਕਾਂਗਰਸੀ ਜਿੱਤਦੇ ਹੁੰਦੇ ਜਾਂ ਇਨ੍ਹਾਂ ਨੂੰ ਜਿੱਤ ਦਿਸਦੀ ਹੁੰਦੀ ਤਾਂ ਮਾਰਕੀਟ ਕਮੇਟੀਆਂ ਦੀਆਂ, ਚੇਅਰਮੈਨ ਸਾਹਿਬ, ਇਹ ਇਲੈਕਸ਼ਨਾਂ ਕਰਾਉਂਦੇ, ਨਾਮੀਨੇਸ਼ਨਾਂ ਨਾ ਕਰਦੇ। ਪਰ ਇਨ੍ਹਾਂ ਨੇ ਲੁੱਟ ਘਸੁੱਟ ਲਈ ਨਾਮਜ਼ਦਗੀਆਂ ਕੀਤੀਆਂ। ਇਕ ਸਰਦਾਰ ਦਰਬਾਰਾ ਸਿੰਘ ਦੇ ਕਰੀਬੀ ਰਿਸ਼ਤੇਦਾਰ ਨੂੰ ਮਾਰਕਿਟ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ। ਉਹ ਚੇਅਰਮੈਨ ਬਣਦੇ ਹੀ ਸਾਰਾ ਸਾਮਾਨ ਆਪਣੇ ਘਰ ਲੈ ਗਿਆ। ਚੇਅਰਮੈਨ ਸਾਹਿਬ,

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਡੋਡ]

ਮੇਰੇ ਪਾਸ ਇਤਨਾ ਟਾਈਮ ਨਹੀਂ ਹੈ ਕਿ ਮੈਂ ਸਾਰੀ ਗੱਲ ਦੱਸਾਂ ਪਰ ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਨੇਕ-ਨਾਮੀ ਸਰਕਾਰ ਦੀ ਇਸ ਗੱਲ ਵਿਚ ਹੈ ਕਿ ਨਾਲੇ ਤਾਂ ਇਹ ਦੇਖਣ ਕਿ ਇਨ੍ਹਾਂ ਦੇ ਜੱਥੇਦਾਰਾਂ ਦਾ ਕਿਤਨਾ ਕਿਤਨਾ ਮੁੱਲ ਹੈ ਆਪਣੇ ਆਪਣੇ ਹਲਕੇ ਵਿਚ, ਇਸ ਦੇ ਵਾਸਤੇ ਇਲੈਕਸ਼ਨਾਂ ਕਰਵਾ ਦੇਣ। ਪਾਰਟੀ ਦੀ ਟਿਕਟ ਤੇ ਆ ਜਾਣਾ ਤੇ ਵੋਟ ਲੈ ਲੈਣਾ ਕੋਈ ਹੋਰ ਗੱਲ ਹੈ। ਇਨ੍ਹਾਂ ਨੂੰ ਕਹੋ ਕਿ ਇਲੈਕਸ਼ਨ ਵੈਸੇ ਜਿੱਤ ਕੇ ਆਉਣ। ਇਸ ਲਈ ਨਾਮਜ਼ਦਗੀਆਂ ਨਹੀਂ ਕਰਨੀਆਂ ਚਾਹੀਦੀਆਂ ।

ਚੇਅਰਮੈਨ ਸਾਹਿਬ, ਇਕ ਸਕੂਲਾਂ ਦੀ ਗੱਲ ਕੀਤੀ ਗਈ ਸੀ। ਮੈਂ ਵੀ ਐਜੂਕੇਸ਼ਨਿਸ਼ਟ ਹਾਂ ਅੰਰ ਫਰੀਦਕੋਟ ਵਿਚ ਦੋ ਸਕੂਲਾਂ ਦਾ ਪ੍ਰਧਾਨ ਹਾਂ। ਮੈਂ ਸਮਝਦਾ ਹਾਂ ਕਿ ਪਿੰਡਾਂ ਦੇ ਸਕੂਲ ਨਹੀਂ ਹਨ ਭੱਠੀਆਂ ਹਨ, ਫਰਨਿਸਿਜ਼ ਹਨ ਬੱਚਿਆਂ ਦੇ ਜੀਵਨ ਨੂੰ ਸਾੜਨ ਵਾਲੀਆਂ। ਕੋਈ ਟੀਚਰ ਹਾਜ਼ਰ ਨਹੀਂ ਹੁੰਦਾ । ਪੰਜ ਸੱਤ ਜਮਾਤਾਂ ਤਕ ਤਾਂ ਐਵੇਂ ਹੀ ਬੱਚਿਆਂ ਨੂੰ ਪਾਸ ਕਰ ਦਿੱਤਾ ਜਾਂਦਾ ਹੈ । ਇਸ ਲਈ ਇਨਸਪੈਕਸ਼ਨ ਲਾਈਨ ਜੋ ਐਜੂਕੇਸ਼ਨ ਮਹਿਕਮੇ ਦੀ ਹੈ ਉਸ ਨੂੰ ਤਕੜਿਆਂ ਕਰਨਾ ਚਾਹੀਦਾ ਹੈ, ਨਹੀਂ ਤਾਂ ਮੇਰਾ ਵਿਚਾਰ ਹੈ ਕਿ ਇਨ੍ਹਾਂ ਸਕੂਲਾਂ ਨੂੰ ਬੰਦ ਕਰ ਦੇਣਾ ਚਾਹੀਦਾ ਹੈ । ਇਹ ਸਕੂਲ ਇਸ ਵੇਲੇ ਬੱਚਿਆਂ ਦੇ ਪੇਰੈਂਟਸ ਨਾਲ ਧੋਖਾ ਕਰ ਰਹੇ ਹਨ ਕਿਉਂਕਿ ਉਨ੍ਹਾਂ ਵਿਚ ਕੋਈ ਯੋਗ ਪੜ੍ਹਾਈ ਦਾ ਪ੍ਰਬੰਧ ਨਹੀਂ ਹੈ, ਟੀਚਰਜ਼ ਹਾਜ਼ਰ ਨਹੀਂ ਹੁੰਦੇ । ਬਿਨਾਂ ਇਮਤਿਹਾਨ ਲਏ ਹੀ ਬੱਚੇ ਪਾਸ ਕਰ ਦਿੱਤੇ ਜਾਂਦੇ ਹਨ ਅੰਰ ਪਤਾ ਉਦੋਂ ਲਗਦਾ ਹੈ ਜਦੋਂ ਉਹ ਅਠਵੀਂ ਜਾਂ ਦਸਵੀਂ ਜਮਾਤ ਵਿਚ ਜਾ ਕੇ ਰਹਿ ਜਾਂਦੇ ਹਨ ।

ਚੇਅਰਮੈਨ ਸਾਹਿਬ, ਮੇਨ ਗੱਲ ਕਿਤੇ ਅਣਗੌਲੀ ਨਾ ਚਲੀ ਜਾਵੇ । ਇਸ ਲਈ ਮੈਂ ਫਿਰ ਉਹ ਗਲ ਕਹਿੰਦਾ ਹਾਂ ਕਿ ਮੈਥਿਊ ਕਮਿਸ਼ਨ ਵਾਲੀ ਗੱਲ ਬਹੁਤ ਸੀਰੀਅਸ ਹੈ। ਇਸ ਤੇ ਸਾਰਾ ਕੰਮ ਤਹਿਸ ਨਹਿਸ ਹੋ ਜਾਣਾ ਹੈ । ਅੱਜ ਸਮਾਂ ਹੈ । ਇਸ ਤੇ ਵਿਚਾਰ ਕਰ ਲਵੋ ਅੰਰ ਜੋ 'ਅਦਰ ਫੈਕਟਰਜ਼' ਵਾਲੀ ਗੱਲ ਹੈ ਇਸ ਨੂੰ ਡਿਲੀਟ ਕਰਾਉਣ ਲਈ ਜੋ ਕੁਝ ਵੀ ਕਰਨਾ ਪਵੇ, ਕਰੋ। ਚਾਹੇ ਜਦੋ-ਜਹਿਦ ਹੀ ਕਿਉਂ ਨਾ ਕਰਨੀ ਪਵੇ, ਚਾਹੇ ਅਸਤੀਫੇ ਕਿਉਂ ਨਾ ਦੇਣੇ ਪੈਣ, ਐਜੀਟੇਸ਼ਨ ਕਿਉਂ ਨਾ ਕਰਨੀ ਪਵੇ, ਮੋਰਚਾ ਕਿਉਂ ਨਾ ਲਾਉਣਾ ਪਵੇ, ਪਰ ਉਸ ਦੇ ਡਿਲੀਟ ਕਰਾਉਣ ਤੋਂ ਬਿਨਾਂ ਕੰਪਰੋਮਾਈਜ਼ ਨਹੀਂ ਕਰਨਾ । ਜੇਕਰ ਪੰਜਾਬ ਸਰਕਾਰ ਕੰਪਰੋਮਾਈਜ਼ ਕਰ ਗਈ ਤਾਂ ਸਾਰਾ ਕੰਮ ਖਰਾਬ ਹੋ ਜਾਣਾ ਹੈ। 'ਅਦਰ ਫੈਕਟਰਜ਼' ਨੂੰ ਡਿਲੀਟ ਕਰਾਉਣ ਲਈ ਜੋ ਕੁਝ ਵੀ ਕਰਨਾ ਪਵੇ, ਕਰੋ, ਜੇਕਰ ਉਹ ਡੀਲੀਟ ਨਹੀਂ ਹੁੰਦੀ ਤਾਂ ਕਮਿਸ਼ਨ ਦਾ ਬਾਈਕਾਟ ਕਰ ਜਾਓ ।

ਚੇਅਰਮੈਨ ਸਾਹਿਬ, ਜਿਹੜੀਆਂ ਚੰਗੀਆਂ ਗੱਲਾਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਕਹੀਆਂ ਗਈਆਂ ਹਨ ਉਨ੍ਹਾਂ ਦੇ ਵਾਸਤੇ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ । ਮੈਂ ਪੰਜਾਬ ਸਰਕਾਰ ਦਾ ਵੀ ਉਸ ਵਲੋਂ ਉਠਾਏ ਗਏ ਚੰਗੇ ਕਦਮਾਂ ਲਈ ਧੰਨਵਾਦ ਕਰਦਾ ਹਾਂ ਤੇ ਤੁਹਾਡੇ ਵੱਲੋਂ ਮੈਨੂੰ ਵਾਧੂ ਟਾਈਮ ਦੇਣ ਲਈ ਤੁਹਾਡਾ ਵੀ ਧੰਨਵਾਦ ਕਰਦਾ ਹਾਂ ਅਤੇ ਮੁਆਫੀ ਮੰਗਦਾ ਹਾਂ ।

(ਇਸ ਸਮੇਂ ਮਾਨਯੋਗ ਮੈਂਬਰ ਪੰਡਿਤ ਮੋਹਨ ਲਾਲ ਬੋਲਣ ਲਈ ਖੜੇ ਹੋਏ ।)

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਸ ਨੂੰ ਐਕਸਪੰਜ ਕਰ ਦਿਓ।

ਪੰਡਿਤ ਮੋਹਨ ਲਾਲ (ਹੁਸ਼ਿਆਰਪੁਰ) : ਚੇਅਰਮੈਨ ਸਾਹਿਬ, ਇਸ ਤੋਂ ਪਹਿਲਾਂ ਕਿ ਮੈਂ ਇਸ ਰੈਜ਼ੋਲਿਊਸ਼ਨ ਤੇ ਜੋ ਜ਼ਰੂਰੀ ਗੱਲਾਂ ਕਹਿਣੀਆਂ ਹਨ, ਉਹ ਕਹਾਂ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਕ ਜ਼ਰੂਰੀ

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਅਰਜ਼ ਕਰਨੀ ਚਾਹਵਾਂਗਾ । ਉਹ ਵੇਖਦੇ ਪਏ ਹਨ ਕਿ ਜਿਥੋਂ ਤਕ ਕਾਂਗਰਸ ਪਾਰਟੀ ਦਾ ਸਬੰਧ ਹੈ, ਅਕਾਲੀ ਪਾਰਟੀ ਦਾ ਅੌਰ ਕਾਂਗਰਸ ਪਾਰਟੀ ਦਾ ਆਪਣਾ ਆਪਣਾ ਪ੍ਰੋਗਰਾਮ ਪੰਜਾਬ ਦੇ ਸਬੰਧ ਵਿਚ ਤਕਰੀਬਨ ਤਕਰੀਬਨ ਇਕ ਹੀ ਹੈ। ਕਾਂਗਰਸ ਪਾਰਟੀ ਵੀ ਇਹ ਚਾਹੁੰਦੀ ਹੈ ਕਿ ਪੰਜਾਬ ਵਿਚ ਅਮਨ-ਅਮਾਨ ਹੋਵੇ, ਸ਼ਾਂਤੀ ਹੋਵੇ, ਕਾਂਗਰਸ ਪਾਰਟੀ ਚਾਹੁੰਦੀ ਹੈ ਕਿ ਪੰਜਾਬ ਵਿਚ ਹਿੰਦੂ-ਸਿੱਖ ਅੌਰ ਹੋਰ ਪੰਜਾਬੀਆਂ ਦਾ ਆਪਸੀ ਭਾਈਚਾਰਾ ਹੋਵੇ । ਇਹ ਕਾਂਗਰਸ ਪਾਰਟੀ ਦੀ ਨੀਤੀ ਹੈ, ਜਿਸ ਤਰ੍ਹਾਂ ਮੈਂ ਪਹਿਲਾਂ ਦੱਸ ਚੁੱਕਾ ਹਾਂ ਕਿ ਪੰਜਾਬ ਦੀ ਆਰਥਕਤਾ ਦੀ ਪ੍ਰਗਤੀ ਜੋ ਪਿਛਲੇ ਚਾਰ ਸਾਲਾਂ ਤੋਂ ਰੁਕੀ ਹੋਈ ਸੀ, ਉਹ ਤੇਜ਼ੀ ਨਾਲ ਹੋਵੇ। ਕਾਂਗਰਸ ਪਾਰਟੀ ਦੀ ਇਹ ਵਾਜ਼ਿਆ ਨੀਤੀ ਹੈ ਕਿ ਜਿਹੜਾ ਸਮਝੌਤਾ ਸੰਤ ਲੌਂਗੋਵਾਲ ਜੀ ਅੌਰ ਪ੍ਰਧਾਨ ਮੰਤਰੀ ਸਾਹਿਬ ਦੇ ਦਰਮਿਆਨ ਹੋਇਆ ਹੈ, ਉਸ ਤੇ ਦਰੁਸਤ ਅਮਲ ਕਰਨ ਵਾਸਤੇ ਪੰਜਾਬ ਦੇ ਵਿਚ ਸਰਕਾਰ ਦੀ ਪੂਰੀ ਮੱਦਦ ਕੀਤੀ ਜਾਵੇ । ਇਹੋ ਮਕਸਦ ਜਿਹੜੇ ਹਨ, ਪੰਜਾਬ ਦੇ ਸਬੰਧ ਵਿਚ, ਉਹ ਅਕਾਲੀ ਪਾਰਟੀ ਦੇ ਹਨ। ਮੈਂ ਤਾਂ ਉਨ੍ਹਾਂ ਮੈਂਬਰ ਸਾਹਿਬਾਨ ਜਾਂ ਦੂਸਰੇ ਅਕਾਲੀ ਭਾਈਆਂ ਦੀ ਸਿਆਣਪ ਨਹੀਂ ਸਮਝ ਸਕਿਆ ਕਿ ਅਸੀਂ ਤਾਂ ਉਨ੍ਹਾਂ ਮੁੱਦਿਆਂ ਨੂੰ ਜਿਹੜੇ ਅਕਾਲੀ ਪਾਰਟੀ ਦੇ ਹਨ ਉਨ੍ਹਾਂ ਵਿਚ ਅਕਾਲੀ ਪਾਰਟੀ ਦੀ ਮਦਦ ਕਰਨ ਨੂੰ ਤਿਆਰ ਹਾਂ ਲੇਕਿਨ ਉਧਰੋਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਬਿਨਾਂ ਕਿਸੇ ਕਾਰਨ ਦੇ ਐਵੇਂ ਹੀ ਛੇੜਖਾਨੀਆਂ ਕੀਤੀਆਂ ਜਾਂਦੀਆਂ ਹਨ। ਇਹ ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਇਸ ਤਰ੍ਹਾਂ ਕਿਉਂ ਕੀਤਾ ਜਾਂਦਾ ਹੈ । ਇਸ ਲਈ ਮੈਂ ਗੰਭੀਰਤਾ ਨਾਲ ਚੀਫ਼ ਮਨਿਸਟਰ ਸਾਹਿਬ ਨੂੰ ਆਖਾਂਗਾ ਕਿ ਤੁਸੀਂ ਸਿਆਣੇ ਹੋ, ਮੁਦੱਬਰ ਹੋ, ਤਜਰਬਾਕਾਰ ਹੋ, ਤੁਹਾਡੀ ਸਿਆਣਪ ਤੇ ਹਰ ਇਕ ਨੂੰ ਭਰੋਸਾ ਹੈ, ਤੁਸੀਂ ਸਿਆਸਤ ਨੂੰ ਜਾਣਦੇ ਹੋ, ਇਸ ਲਈ ਕਮ-ਅਜ਼-ਕਮ ਤੁਸੀਂ ਆਪਣੇ ਫਾਲੋਅਰਜ਼ ਨੂੰ ਇਤਨੀ ਗੱਲ ਸਮਝਾ ਕੇ ਰੱਖੋ ਕਿ ਜੇਕਰ ਕਾਂਗਰਸ ਪਾਰਟੀ ਮਿਲਵਰਤਣ ਦਿੰਦੀ ਹੈ ਤਾਂ ਉਹ ਲੈਣਾ ਚਾਹੀਦਾ ਹੈ। ਪਰ ਇਸ ਤਰ੍ਹਾਂ ਬਿਨਾਂ ਕਿਸੇ ਕਾਰਨ ਦੇ ਮੈਂਬਰ ਐਵੇਂ ਹੀ ਛੇੜ ਖਾਨੀਆਂ ਕਰੀ ਜਾਣ, ਇਹ ਕਿੱਥੋਂ ਦੀ ਸਿਆਣਪ ਹੈ ?

ਸਰਦਾਰ ਨੱਥਾ ਸਿੰਘ ਦਾਲਮ : ਚੇਅਰਮੈਨ ਸਾਹਿਬ, ਆਨ ਏ ਪੁਆਇੰਟ ਆਫ ਆਰਡਰ । ਇਹ ਆਪਣੇ ਵਿਚਾਰ ਰੈਜ਼ੋਲਿਊਸ਼ਨ ਤੇ ਪ੍ਰਗਟ ਕਰ ਰਹੇ ਹਨ । ਇਨ੍ਹਾਂ ਨੇ ਬਾਰ ਬਾਰ ਕਿਹਾ ਹੈ ਕਿ ਇਧਰੋਂ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਛੇੜ-ਖਾਨੀਆਂ ਮੈਂਬਰ ਕਰ ਰਹੇ ਹਨ । ਛੇੜਖਾਨੀਆਂ ਅਨ-ਪਾਰਲੀ-ਮੈਂਟਰੀ ਸ਼ਬਦ ਹੈ, ਇਹ ਐਕਸਪੰਜ ਹੋਣਾ ਚਾਹੀਦਾ ਹੈ।

ਸ਼੍ਰੀ ਸਭਾਪਤੀ : ਚਲੋ, ਜੋ ਪਾਰਲੀਮੈਂਟਰੀ ਲਫ਼ਜ਼ ਹੈ, ਪੰਡਿਤ ਜੀ, ਤੁਸੀਂ ਉਹ ਲਗਵਾ ਲਵੋ।

ਪੰਡਿਤ ਮੋਹਨ ਲਾਲ : ਚੇਅਰਮੈਨ ਸਾਹਿਬ, ਐਵੇਂ ਦੂਸਰੇ ਨੂੰ ਪਰੋਵੋਕ ਕਰਨਾ ਕੋਈ ਨਾ ਕੋਈ ਝਗੜਾ ਖੜ੍ਹਾ ਕਰ ਦੇਣਾ, ਇਹ ਮੁਨਾਸਿਬ ਨਹੀਂ ਹੈ। ਖਾਸ ਤੌਰ ਤੇ ਉਸ ਪਾਰਟੀ ਵਾਸਤੇ ਜਿਸ ਪਾਰਟੀ ਦੀ ਜ਼ਿਮੇ-ਵਾਰੀ ਹੈ ਪੰਜਾਬ ਦੇ ਵਿਚ ਅਮਨ ਕਾਇਮ ਕਰਨ ਦੀ। ਅਗਰ ਉਸ ਪਾਰਟੀ ਵਲੋਂ ਹੀ ਇਸ ਤਰ੍ਹਾਂ ਦੀਆਂ ਗੱਲਾਂ ਹੋਣ ਤਾਂ ਠੀਕ ਨਹੀਂ ਹੈ। ਚੀਫ਼ ਮਨਿਸਟਰ ਸਾਹਿਬ, ਮੈਂ ਇਹ ਗਲ ਕਹਾਂਗਾ ਕਿ ਉਹ ਸੱਜਣ ਜੋ ਐਸੀਆਂ ਗੱਲਾਂ ਕਰਦੇ ਹਨ, ਤੁਹਾਡੇ ਦੋਸਤ ਨਹੀਂ ਹੋ ਸਕਦੇ, ਦਾਨੇ ਦੁਸ਼ਮਣ ਜ਼ਰੂਰ ਹੋ ਸਕਦੇ ਹਨ, ਇਹ ਹੁਣ ਤੁਸੀਂ ਜਾਣੋਂ ਤੇ ਤੁਹਾਡਾ ਕੰਮ ਜਾਣੇ ।

ਚੇਅਰਮੈਨ ਸਾਹਿਬ, ਇਸ ਮਤੇ ਦੀ ਤਾਈਦ ਕਰਨ ਵਾਸਤੇ ਮੈਂ ਖੜ੍ਹਾ ਹੋਇਆ ਹਾਂ । ਪਾਰਟੀ ਲੀਡਰਜ਼ ਨੇ ਵੀ ਤਾਈਦ ਕੀਤੀ ਹੈ ਅੌਰ ਮੈਂ ਅਰਜ਼ ਕਰਦਾ ਹਾਂ ਕਿ ਗਵਰਨਰ ਸਾਹਿਬ ਵਾਕਿਆ ਹੀ ਧੰਨਵਾਦ ਦੇ ਮੁਸਤਹਿਕ ਹਨ। ਐਸੇ ਔਖੇ ਸਮੇਂ ਵਿਚ ਉਨ੍ਹਾਂ ਨੇ ਪੰਜਾਬ ਦੀ ਬਹੁਤ ਸੇਵਾ ਕੀਤੀ । ਜਿਸ ਤਰ੍ਹਾਂ ਕਿ ਅਸੀਂ ਜਾਣਦੇ ਹਾਂ ਕਿ ਉਸ ਵੇਲੇ ਜਦੋਂ ਇਹ ਆਏ ਤਾਂ ਪੰਜਾਬ ਦਾ ਮਸਲਾ ਉਲਝਿਆ ਹੋਇਆ ਸੀ ਅੌਰ ਦਿਨ-ਬਦਿਨ ਉਲਝਦਾ ਜਾ ਰਿਹਾ ਸੀ । ਜੋ ਗਵਰਨਰ ਸਾਹਿਬ ਨੇ ਆਪਣਾ ਇਸ ਵਿਚ ਹਿੱਸਾ

Original with;
Punjab Vidhan Sabha
Digitized by;
Panjab Digital Library

[ਪੰਡਿਤ ਮੋਹਨ ਲਾਲ]

ਪਾਇਆ ਹੈ, ਉਸ ਬਾਰੇ ਚੀਫ਼ ਮਨਿਸਟਰ ਸਾਹਿਬ ਚੰਗੀ ਤਰ੍ਹਾਂ ਜਾਣਦੇ ਹਨ। ਸ਼ਾਇਦ ਉਸ ਬਾਰੇ ਇਹ ਕਿਸੇ ਵਕਤ ਰੋਸ਼ਨੀ ਵੀ ਪਾਉਣਾ ਚਾਹੁੰਣ, ਇਸ ਲਈ ਮੈਂ ਜ਼ਿਆਦਾ ਇਸ ਬ੍ਹਾਰੇ ਨਹੀਂ ਕਹਿਣਾ ਚਾਹੁੰਦਾ ਪਰ ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਸੰਤ ਲੌਂਗੋਵਾਲ ਜੀ ਨੂੰ ਔਰ ਪ੍ਰਧਾਨ ਮੰਤਰੀ ਸਾਹਿਬ ਨੂੰ ਇਕ ਟੇਬਲ ਤੇ ਬਿਠਾ ਕੇ, ਸਮਝੌਤਾ ਕਰਵਾ ਕੇ, ਗਵਰਨਰ ਸਾਹਿਬ ਨੇ ਪੰਜਾਬ ਦੀ ਬਹੁਤ ਸੇਵਾ ਕੀਤੀ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਦਾ ਵੀ ਧੰਨਵਾਦ ਕਰਾਂਗਾ ਉਨ੍ਹਾਂ ਨੇ ਵੀ ਇਸ ਵਿਚ ਅਹਿਮ ਹਿੱਸਾ ਪਾਇਆ ਹੈ। ਚੂੰਕਿ ਜਿਸ ਤਰ੍ਹਾਂ ਸੰਤ ਲੌਂਗੋਵਾਲ ਜੀ ਨੇ ਫੁਰਮਾਇਆ ਸੀ ਕਿ ਇਸ ਸਮਝੌਤੇ ਤੋਂ ਬਾਅਦ ਹਕੀਕਤਨ ਸਵਾਲ ਜੋ ਕਨਫਰੰਟੇਸ਼ਨ ਦਾ ਸੀ, ਉਸ ਨੂੰ ਖਤਮ ਕਰਨ ਦੀ ਜੋ ਬੁਨਿਆਦੀ ਗੱਲ ਕੀਤੀ ਸੀ ਔਰ ਇਸ ਲਈ ਕਿ ਪੰਜਾਬ ਦੀ ਰੁਕੀ ਹੋਈ ਤਰੱਕੀ ਚਾਲੂ ਹੋਵੇ, ਉਹ ਇਸ ਸਮਝੌਤੇ ਰਾਹੀਂ ਹੋਣੀ ਹੈ। ਮੈਂ ਇਸ ਗੱਲ ਦਾ ਹਾਮੀ ਹਾਂ ਕਿ ਇਸ ਵਿਚ ਅਮਰ ਸ਼ਹੀਦ ਸੰਤ ਲੌਂਗੋਵਾਲ ਜੀ ਸਾਰਿਆਂ ਵੱਲੋਂ ਬਹੁਤ ਹੀ ਧੰਨਵਾਦ ਦੇ ਮੁਸਤਹਿਕ ਹਨ, ਉਹ ਵਧਾਈ ਦੇ ਮੁਸਤਹਿਕ ਹਨ। ਉਨ੍ਹਾਂ ਨੇ ਆਪਣੀ ਸ਼ਹੀਦੀ ਦੇ ਕੇ ਪੰਜਾਬ ਨੂੰ ਬਚਾਇਆ ਹੈ। ਮੈਂ ਇਹ ਵੀ ਕਹਾਂਗਾ ਕਿ ਜਿਥੇ ਅਸੀਂ ਗਵਰਨਰ ਸਾਹਿਬ ਦਾ ਧੰਨਵਾਦ ਕਰਦੇ ਹਾਂ ਉਥੇ ਅਸੀਂ ਪ੍ਰਾਈਮ ਮਨਿਸਟਰ ਦੇ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਫ਼ੈਸਲੇ ਨੂੰ ਪਹਿਲ ਕੀਤੀ ਹੈ। ਜਿਸ ਵੇਲੇ ਪੰਜਾਬ ਵਿਚ ਹਾਲਾਤ ਖਰਾਬ ਹੋ ਰਹੇ ਸਨ ਤਾਂ ਉਸ ਵੇਲੇ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨੇ ਹੀ ਗਵਰਨਰ ਸਾਹਿਬ ਨੂੰ ਜਿਹੜੇ ਕਿ ਪਹਿਲੇ ਸਟੇਟ ਦੇ ਚੀਫ਼ ਮਨਿਸਟਰ ਚੁਣੇ ਗਏ ਸਨ, ਉਥੋਂ ਅਸਤੀਫ਼ਾ ਦਿਵਾ ਕੇ, ਤੇ ਇਥੇ ਗਵਰਨਰ ਲਾ ਕੇ ਭੇਜਿਆ ਕਿਉਂਕਿ ਉਹ ਜਾਣਦੇ ਸਨ ਕਿ ਇਹ ਪੰਜਾਬ ਦੇ ਹਾਲਾਤ ਨੂੰ ਵਿਗੜਨ ਤੋਂ ਸੰਭਾਲ ਲੈਣਗੇ। ਇਸ ਲਈ ਮੈਂ ਇਹ ਫਿਰ ਕਹਿੰਦਾ ਹਾਂ ਕਿ ਗਵਰਨਰ ਸਾਹਿਬ ਦੇ ਨਾਲ ਪ੍ਰਾਈਮ ਮਨਿਸਟਰ ਸਾਹਿਬ ਦਾ ਵੀ ਸਾਨੂੰ ਬਹੁਤ ਧੰਨਵਾਦ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਆਪਣੇ ਚੀਫ਼ ਮਨਿਸਟਰ ਸਾਹਿਬ ਨੂੰ ਹੋਰ ਕਹਾਂ ਕਿ ਤੁਸੀਂ ਬਹੁਤ ਭਾਗਾਂ ਵਾਲੇ ਹੋ ਜਿਸ ਨੂੰ ਕਿ ਹਰ ਪਾਸੋਂ ਸਪੋਰਟ ਮਿਲ ਰਹੀ ਹੈ। ਸਾਡੇ ਪ੍ਰਾਈਮ ਮਨਿਸਟਰ ਨੇ ਵੀ ਇਹ ਗੱਲ ਆਖੀ ਹੈ ਕਿ ਉਨ੍ਹਾਂ ਦੀ ਪੂਰੀ ਹਮਦਰਦੀ ਇਸ ਸਰਕਾਰ ਦੇ ਨਾਲ ਹੈ। ਪ੍ਰਾਈਮ ਮਨਿਸਟਰ ਇਹ ਵੇਖਣਾ ਚਾਹੁੰਦੇ ਹਨ ਕਿ ਤੁਸੀਂ ਕਿੰਨਾ ਕੁ ਅੱਗੇ ਵੱਧ ਸਕਦੇ ਹੋ ਔਰ ਜਿਹੜਾ ਸਮਝੌਤਾ ਹੋਇਆ ਹੈ ਉਸ ਨੂੰ ਪੂਰਾ ਕਰ ਸਕਦੇ ਹੋ। ਇਸ ਲਈ ਉਹ ਹਰ ਕਿਸਮ ਦੀ ਸਪੋਰਟ ਦੇਣ ਲਈ ਵੀ ਤਿਆਰ ਹਨ। ਸਾਨੂੰ ਖੁਸ਼ੀ ਹੈ ਕਿ ਤੁਹਾਨੂੰ ਹਰ ਪਾਸਿਓਂ ਸਪੋਰਟ ਮਿਲ ਰਹੀ ਹੈ। ਤੁਸੀਂ ਜਾਣਦੇ ਹੋ ਕਿ ਹੁਣ ਪਿਛੇ ਜਿਹੇ ਮਿਸਿਜ਼ ਚੰਦਰ ਸ਼ੇਖਰ ਅਤੇ ਸ਼੍ਰੀ ਅਰੁਨ ਨਹਿਰੂ ਦੋਨਾਂ ਨੇ ਸ਼ਿਮਲੇ ਵਿਚ ਇਹ ਸਟੇਟਮੈਂਟ ਦਿੱਤੀ ਸੀ ਕਿ ਅਸੀਂ ਪੰਜਾਬ ਸਰਕਾਰ ਨੂੰ ਪੂਰੀ ਸਪੋਰਟ ਕਰਾਂਗੇ ਔਰ ਇਹ ਚਾਹਵਾਂਗੇ ਕਿ ਇਹ ਗੌਰਮਿੰਟ ਕਾਮਯਾਬ ਹੋਵੇ। ਮੈਂ ਵੀ ਇਹੀ ਕਹਿੰਦਾ ਹਾਂ ਔਰ ਤਸੱਲੀ ਦਿੰਦਾ ਹਾਂ ਕਿ ਸਾਡੀ ਪਾਰਟੀ ਦੀ ਰਾਏ ਵੀ ਇਹੋ ਜਹੀ ਹੈ। ਸਾਡੇ ਆਪੋਜ਼ੀਸ਼ਨ ਦੇ ਲੀਡਰ ਨੇ ਇਹ ਗੱਲ ਆਖੀ ਹੈ ਕਿ ਅਸੀਂ ਤੁਹਾਡੀ ਪੂਰੀ ਸਪੋਰਟ ਕਰਾਂਗੇ। ਲੇਕਿਨ ਜਦੋਂ ਕਿਤੇ ਕੋਈ ਚੰਗੀ ਰਾਏ ਦੇਣ ਦੀ ਲੋੜ ਹੋਵੇਗੀ ਤਾਂ ਉਹ ਵੀ ਜ਼ਰੂਰ ਕਹਾਂਗੇ। ਪਰ ਸਾਡੀ ਨੁਕਤਾਚੀਨੀ ਕਨਸਟ੍ਰੱਕਟਿਵ ਹੋਵੇਗੀ। ਇਸ ਦੇ ਨਾਲ ਮੈਂ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ਔਰ ਇਹ ਗੱਲ ਦੁਹਰਾਉਂਦਾ ਹਾਂ ਕਿ ਕਾਂਗਰਸ ਪਾਰਟੀ ਕਨਸਟ੍ਰੱਕਟਿਵ ਆਪੋਜ਼ੀਸ਼ਨ ਦਾ ਕੰਮ ਕਰੇਗੀ। ਜਿਹੜੀਆਂ ਤੁਹਾਡੀਆਂ ਚੰਗੀਆਂ ਗਲਾਂ ਹੋਣਗੀਆਂ ਉਨ੍ਹਾਂ ਨੂੰ ਪੂਰਾ ਸਪੋਰਟ ਕਰਾਂਗੇ ਔਰ ਜਿਥੇ ਕਿਤੇ ਕੋਈ ਰਾਏ ਦੇਣ ਦੀ ਲੋੜ ਹੋਈ ਤਾਂ ਉਹ ਵੀ ਤੁਹਾਡਾ ਰਸਤਾ ਠੀਕ ਕਰਨ ਲਈ ਜ਼ਰੂਰ ਦੇਵਾਂਗੇ। ਚੇਅਰਮੈਨ ਸਾਹਿਬ, ਇਸ ਵੇਲੇ ਪੰਜਾਬ ਦਾ

Original with;
Punjab Vidhan Sabha
Digitized by;
Panjab Digital Library

ਸਭ ਤੋਂ ਵੱਡਾ ਮਸਲਾ ਇਹ ਹੈ ਕਿ ਪੰਜਾਬ ਵਿਚ ਅਮਨ ਔਰ ਸ਼ਾਂਤੀ ਕਾਇਮ ਕੀਤੀ ਜਾਵੇ। ਜਿਸ ਤਰ੍ਹਾਂ ਤੁਸੀਂ ਜਾਣਦੇ ਹੋ ਕਿ ਅਮਨ ਔਰ ਸ਼ਾਂਤੀ ਕਾਇਮ ਕੀਤੇ ਬਗੈਰ ਲੋਕਾਂ ਵਿਚ ਭਾਈਚਰੇ ਦੀ ਭਾਵਨਾ ਨਹੀਂ ਆ ਸਕਦੀ। ਇਸ ਕਰਕੇ ਅਮਨ ਨੂੰ ਕਾਇਮ ਕੀਤਾ ਜਾਵੇ। ਇਸ ਤੋਂ ਪਹਿਲਾਂ ਕਿ ਮੈਂ ਇਸ ਪਾਸੇ ਹੋਰ ਕੁਝ ਕਹਾਂ, ਮੈਂ ਸਭ ਤੋਂ ਪਹਿਲਾਂ ਇਹ ਅਰਜ਼ ਕਰਨੀ ਚਾਹਵਾਂਗਾ ਕਿ ਜੋ ਅਕਾਲੀ ਪਾਰਟੀ ਦਾ ਮੈਨੀਫੈਸਟੋ ਹੈ, ਜਿਸ ਲਈ ਇਹ ਵਚਨਬੱਧ ਹੈ ਉਹ ਵੀ ਇਹ ਹੈ ਕਿ ਪੰਜਾਬ ਵਿਚ ਅਮਨ ਔਰ ਸ਼ਾਂਤੀ ਕਾਇਮ ਕਰਾਂਗੇ। ਇਸ ਗੱਲ ਤੇ ਹੀ ਇਨ੍ਹਾਂ ਨੇ ਵੋਟਾਂ ਲਈਆਂ ਹਨ। ਮੈਂ ਇਸ ਸਿਲਸਿਲੇ ਵਿਚ ਤੁਹਾਨੂੰ ਇਥੇ ਪੜ੍ਹਕੇ ਸੁਣਾਉਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਨੇ ਆਪਣੇ ਮੈਨੀਫੈਸਟੋ ਵਿਚ ਸਭ ਤੋਂ ਪਹਿਲੇ ਇਹ ਲਿਖਿਆ ਹੈ ਕਿ :

"The Shiromani Akali Dal (Longowal) has committed itself to taking "all possible measures", if voted to power, for restoring peace and normalcy in Punjab so as to put the State on the rails again.

It has been mentioned in the Indian Express of 22nd September, 1985 that "the Akali Dal (Longowal) Acting President, Mr. Surjit Singh Barnala, has called upon the people of Punjab to demonstrate that they would not tolerate terrorism in the State.

Addressing a massive election meeting in Bhatinda town on the 21st September, 1985, he said that the eyes of the whole world are focussed on the September, 25 elections to see whether the people of Punjab have rejected terrorism or not.

Mr. Barnala said only a stable and strong Akali Government can face the terrorists and extremists in Punjab..... He said elections had provided a golden but last opportunity to the people of the State to decide whether they wanted peace and prosperity or they wanted to live under an atmosphere of fear and terror...." He assured the people that if Akali Party came to power, they would use all their force in this direction."

It has further been mentioned in the Indian Express dated the 20th September, 1985, which reads as under:—

> "The Akali Dal (Longowal) would deal with all forms of terrorism including individual and State terrorism if voted to power in the September, 25 election to the Punjab Vidhan Sabha, Party General Secretary, Manjit Singh Khaira said here on the 19th September, 1985."

The Akali Dal leader's assurance to deal with terrorism came when a newsman pointed out that his party had not so far given any hope to the average citizen about dealing firmly with the terrorists and to put an end to the cult of violence and terrorism in the State of Punjab.

ਮੈਂ ਇਹ ਰੈਫਰੈਂਸ ਇਸ ਲਈ ਕੋਟ ਕਰ ਰਿਹਾ ਹਾਂ ਕਿਉਂਕਿ ਅਸੀਂ ਵੇਖਣਾ ਚਾਹੁੰਦੇ ਹਾਂ ਕਿ ਤੁਹਾਡੀ ਪਾਰਟੀ ਇਸ ਤੇ ਕਿੰਨੀ ਵਚਨਬੱਧ ਹੈ। ਉਸ ਵੇਲੇ ਤੁਹਾਨੂੰ ਇਹ ਪਤਾ ਨਹੀਂ ਸੀ ਕਿ ਕਿਸ ਦੀ ਸਰਕਾਰ ਬਣੇਗੀ ਇਸ ਲਈ ਤੁਸੀਂ ਆਪਣੀਆਂ ਸਟੇਟਮੈਂਟਸ ਦਿੰਦੇ ਰਹੇ। ਪਰ ਅੱਜ ਮੈਂ ਇਹ ਵੇਖ ਰਿਹਾ ਹਾਂ ਕਿ ਤੁਹਾਡਾ ਸਟੈਂਡ ਉਸ ਵੇਲੇ ਦੀ ਸਟੇਟਮੈਂਟ ਨਾਲੋਂ ਕੁਝ ਮੁਖਤਲਿਫ ਹੋ ਗਿਆ ਹੈ। ਸੀ. ਐਮ. ਸਾਹਿਬ ਨੇ ਫਰਮਾਇਆ ਹੈ ਕਿ ਇਹ ਜਿਹੜੇ ਨੌਜਵਾਨ ਟੈਰੋਰਿਸਟ ਬਣ ਗਏ ਸਨ ਅਤੇ ਗਲਤ ਰਸਤੇ ਵਿਚ ਚਲੇ ਗਏ ਸਨ ਉਨ੍ਹਾਂ ਨੂੰ ਫਿਰ ਕੌਮੀ ਧਾਰਾ ਵਿਚ ਲਿਆਉਣ ਲਈ ਸਰਕਾਰ ਰੋਜ਼ਗਾਰ ਦਾ ਪ੍ਰਬੰਧ ਕਰ ਰਹੀ ਹੈ ਅਤੇ ਹੋਰ ਕੰਮਾਂ ਵਿਚ ਲਗਾਵੇਗੀ। ਮੈਨੂੰ ਉਮੀਦ ਹੈ ਕਿ

Original with;
Punjab Vidhan Sabha
Digitized by;
Panjab Digital Library

[ਪੰਡਿਤ ਮੋਹਨ ਲਾਲ]

ਇਹ ਤਰੀਕਾ ਠੀਕ ਹੈ ਅਤੇ ਤੁਸੀਂ ਕਾਫੀ ਹੱਦ ਤੱਕ ਸਫਲ ਵੀ ਹੋਵੋਗੇ ਤਾਕਿ ਇਹ ਵੀ ਮੇਨ ਸਟਰੀਮ ਵਿਚ ਆ ਸਕਣ। ਤੁਸੀਂ ਮਨਾਲੀ ਵਿਚ ਵੀ ਫਰਮਾਇਆ ਹੈ ਕਿ ਜਿਹੜੇ ਟੈਰੋਰਿਸਟ ਬਾਹਰ ਹਨ ਅਤੇ ਅੰਦਰ ਵੀ ਹਨ ਉਨ੍ਹਾਂ ਵਲੋਂ ਇੰਡੀਕੇਸ਼ਨਜ਼ ਆਈਆਂ ਹਨ ਕਿ ਉਹ ਟੈਰੋਰਿਜ਼ਮ ਦਾ ਰਸਤਾ ਛੱਡਣ ਲਈ ਤਿਆਰ ਹਨ ਅਤੇ ਕੌਮੀ ਧਾਰਾ ਵਿਚ ਆਉਣਾ ਚਾਹੁੰਦੇ ਹਨ ਤਾਂਕਿ ਉਹ ਇਕ ਅੱਛੇ ਸ਼ਹਿਰੀ ਦਾ ਜੀਵਨ ਬਤੀਤ ਕਰ ਸਕਣ। ਜਿਥੋਂ ਤੱਕ ਇਸ ਪੁਜੀਸ਼ਨ ਦਾ ਸਬੰਧ ਹੈ ਇਸ ਦੇ ਨਾਲ ਅਸੀਂ ਮੁਖਤਲਿਫ ਹਾਂ। ਕਿਉਂਕਿ ਜਿਹੜੇ ਨੌਜਵਾਨ ਕੌਮੀ ਧਾਰਾ ਤੋਂ ਉਖੜ ਗਏ ਸਨ ਅਤੇ ਗਲਤ ਰਸਤੇ ਵਿਚ ਪੈ ਗਏ ਸਨ ਉਹਨਾਂ ਨੂੰ ਰੋਜ਼ਗਾਰ ਦੇ ਕੇ ਅਤੇ ਕੰਮਾਂ ਵਿਚ ਲਗਾ ਕੇ ਕੌਮੀ ਧਾਰਾ ਵਿਚ ਲਿਆਇਆ ਜਾ ਸਕਦਾ ਹੈ ਅਤੇ ਇਸ ਦੇ ਵਿਚ ਸਰਕਾਰ ਦਾ ਸਕੋਪ ਬਹੁਤ ਹੀ ਲਿਮਿਟਿਡ ਹੈ। ਇਸ ਦੇ ਵਿਚ ਤੁਹਾਨੂੰ ਬਹੁਤ ਸੋਚ ਅਤੇ ਵਿਚਾਰ ਕਰਕੇ ਚਲਣਾ ਚਾਹੀਦਾ ਹੈ। ਜਿਥੋਂ ਤੱਕ ਇਸ ਪਾਲਿਸੀ ਦਾ ਸਬੰਧ ਹੈ ਇਹ ਇਕ ਅੱਛੀ ਹੈ (ਘੰਟੀ) ਲੇਕਿਨ ਇਨ੍ਹਾਂ ਦੇ ਵਿਚ ਕੁਝ ਐਸੇ ਨੌਜਵਾਨ ਹਨ ਜਿਨ੍ਹਾਂ ਦੇ ਸਬੰਧ ਸਮਗਲਰਜ਼ ਦੇ ਨਾਲ ਰਹੇ ਹਨ ਅਤੇ ਪ੍ਰੋਫੈਸ਼ਨਲ ਕਰਿਮੀਨਲਜ਼ ਹਨ ਉਨ੍ਹਾਂ ਨੂੰ ਅਸੀਂ ਜਿੰਨਾ ਮਰਜ਼ੀ ਠੀਕ ਕਰਨਾ ਚਾਹੀਏ ਉਹ ਠੀਕ ਨਹੀਂ ਹੋ ਸਕਦੇ ਅਤੇ ਉਹ ਬਾਹਰ ਆ ਕੇ ਫਿਰ ਗੜਬੜ ਕਰਨਗੇ ਅਤੇ ਜਿਸ ਦੀ ਸਜ਼ਾ ਫਿਰ ਪੰਜਾਬ ਦੇ ਲੋਕਾਂ ਨੂੰ ਭੁਗਤਣੀ ਪਵੇਗੀ। ਕਿਉਂਕਿ ਉਹ ਲੋਕ ਆਪਣੀ ਨੇਚਰ ਨੂੰ ਨਹੀਂ ਬਦਲ ਸਕਦੇ ਅਤੇ ਉਹ ਸੁਧਰ ਵੀ ਨਹੀਂ ਸਕਦੇ। ਉਹ ਲੋਕ ਫਿਰ ਜ਼ੁਲਮ ਕਰਨਗੇ ਅਤੇ ਲੋਕਾਂ ਨੂੰ ਤੰਗ ਕਰਨਗੇ। ਇਸ ਉਤੇ ਸਰਕਾਰ ਨੂੰ ਸੋਚ ਸੋਚ ਕੇ ਚਲਣਾ ਚਾਹੀਦਾ ਹੈ। ਇਸ ਗੱਲ ਦੇ ਨਾਲ ਅਸੀਂ ਐਗਰੀ ਕਰਦੇ ਹਾਂ ਕਿ ਨੌਜਵਾਨਾਂ ਦਾ ਬਹੁਤ ਸਾਰਾ ਹਿੱਸਾ ਗੁੰਮਰਾਹ ਹੋ ਗਿਆ ਸੀ ਜਿਨ੍ਹਾਂ ਨੂੰ ਕੌਮੀ ਧਾਰਾ ਵਿਚ ਦੁਬਾਰਾ ਲਿਆਇਆ ਜਾ ਸਕਦਾ ਹੈ। ਇਨ੍ਹਾਂ ਬਾਰੇ ਤੁਸੀਂ ਜਾਂਚ ਪੜਤਾਲ ਅੱਛੀ ਤਰ੍ਹਾਂ ਪਹਿਲੇ ਕਰਵਾ ਲਵੋ ਕਿਉਂਕਿ ਜਿਹੜੇ ਪ੍ਰੋਫੈਸ਼ਨਲ ਕਰਿਮੀਨਲਜ਼ ਹਨ ਉਨ੍ਹਾਂ ਦੀ ਜੜ੍ਹ ਵਿਦੇਸ਼ੀ ਪਾਵਰਜ਼ ਦੇ ਹੱਥ ਵਿਚ ਅਤੇ ਉਨ੍ਹਾਂ ਦੀ ਨਕੇਲ ਹੋਰ ਕਿਧਰੇ ਹੈ। ਇਨ੍ਹਾਂ ਨੂੰ ਵਿਦੇਸ਼ਾਂ ਤੋਂ ਟਰੇਨਿੰਗ ਮਿਲਦੀ ਹੈ ਅਤੇ ਪੈਸਾ ਮਿਲਦਾ ਹੈ। ਇਸ ਵੱਲ ਸਰਕਾਰ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ।

ਸਰਦਾਰ ਬਚਿੱਤਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਟੈਰੋਰਿਸਟ ਦਾ ਬੜਾ ਫ਼ਿਕਰ ਹੈ। ਪਰ ਜਿਨ੍ਹਾਂ ਨੇ ਬੇਗੁਨਾਹ ਸਿੱਖਾਂ ਨੂੰ ਮਾਰਿਆ ਸੀ ਉਹ ਹੁਣ ਮੈਂਬਰ ਪਾਰਲੀਮੈਂਟ ਬਣ ਗਏ ਹਨ ਅਤੇ ਮਨਿਸਟਰ ਬਣ ਗਏ ਹਨ। ਇਨ੍ਹਾਂ ਨੇ ਦਿੱਲੀ ਵਿਚ ਸਿੱਖਾਂ ਦੇ ਗਲਿਆਂ ਵਿਚ ਟਾਇਰ ਪਾ ਕੇ ਸਾੜਿਆ ਸੀ। ਕੀ ਇਨ੍ਹਾਂ ਨੂੰ ਇਨ੍ਹਾਂ ਟੈਰੋਰਿਸਟਾਂ ਦਾ ਖਿਆਲ ਹੈ ?

ਪੰਡਿਤ ਮੋਹਨ ਲਾਲ: ਚੇਅਰਮੈਨ ਸਾਹਿਬ, ਟੈਰੋਰਿਸਟ ਦਾ ਥਰੈਟ ਹਾਲੇ ਗਿਆ ਨਹੀਂ ਹੈ। ਇਹ ਹਾਲੇ ਪੰਜਾਬ ਵਿਚ ਮੌਜੂਦ ਹੈ ਔਰ ਇਸ ਸਿਲਸਿਲੇ ਵਿਚ ਹੋਮ ਮਨਿਸਟਰ ਸਾਹਿਬ ਨੇ ਬਿਆਨ ਥੋੜ੍ਹੇ ਦਿਨ ਹੋਏ ਦਿੱਤਾ ਸੀ।

ਸਰਦਾਰ ਹਰਦਿਆਲ ਸਿੰਘ ਰਾਜਲਾ : ਚੇਅਰਮੈਨ ਸਾਹਿਬ, ਇਹ ਬੜੀ ਮਿਠੀ ਜ਼ਬਾਨ ਵਿਚ ਫਰਮਾ ਰਹੇ ਹਨ। ਇਹ ਹਾਊਸ ਦੇ ਵਿਚ ਆਪਣੀ ਮਨ ਮਰਜ਼ੀ ਕਰੀ ਜਾ ਰਹੇ ਹਨ। ਜੇਲ੍ਹਾਂ ਦੇ ਵਿਚ ਉਹ ਨੌਜਵਾਨ ਅੰਦਰ ਹਨ ਜੋ ਪਿਛਲੀ ਸਰਕਾਰ ਦੀ ਕਰੋਪੀ ਦੇ ਸ਼ਿਕਾਰ ਹੋਏ ਸਨ।

ਪੰਡਿਤ ਮੋਹਨ ਲਾਲ: ਚੇਅਰਮੈਨ ਸਾਹਿਬ, ਜਿਹੜਾ ਖਤਰਾ ਹਾਲੇ ਪੰਜਾਬ ਵਿਚ ਹੈ ਉਹ ਹੋਮ ਮਨਿਸਟਰ ਸਾਹਿਬ ਨੇ 7 ਅਕਤੂਬਰ ਨੂੰ ਆਪਣਾ ਬਿਆਨ ਦਿੱਤਾ ਹੈ ਜਿਹੜਾ ਇਸ ਪ੍ਰਕਾਰ ਹੈ :

Original with;
Punjab Vidhan Sabha
Digitized by;
Panjab Digital Library

It has been mentioned in the Tribune, dated the 7th October, 1985.

"The Union Home Minister, Mr. S.B. Chavan today likened the terrorists in Punjab to "suicide squads" and cautioned the nation against the role of foreign powers, which were bent on destabilising India..

The danger posed by terrorists movement in the strife torn State was not over even after the completion of the election process which saw the Akali Dal coming to power.

Mr. Chavan reiterated that certain foreign powers, envious of India's all-round progress, were supporting the terrorists cause and encouraging divisive tendencies."

ਇਹ ਸਟੇਟਮੈਂਟ ਇਕ ਜ਼ਿੰਮੇਵਾਰ ਹੋਮ ਮਨਿਸਟਰ ਨੇ ਦਿੱਤੀ ਹੈ। ਇਸ ਦੇ ਵਿਚ ਉਨ੍ਹਾਂ ਨੇ 2 ਗੱਲਾਂ ਕੀਤੀਆਂ ਹਨ। ਇਕ ਇਥੇ ਟੈਰੋਰਿਸਟ ਹਾਲੇ ਵੀ ਮੌਜੂਦ ਹੈ। ਅਤੇ ਦੂਜਾ ਇਸ ਦੇ ਵਿਚ ਫੌਰਨ ਪਾਵਰਜ਼ ਦਾ ਹੱਥ ਹੈ। ਚੇਅਰਮੈਨ ਸਾਹਿਬ, ਇਥੇ ਇਕ ਗੱਲ ਅਲਾਰਮਿੰਗ ਕਰਨੀ ਚਾਹੀਦੀ ਹੈ ਜਿਸ ਵੱਲ ਸ਼ਾਇਦ ਚੀਫ਼ ਮਨਿਸਟਰ ਸਾਹਿਬ ਦਾ ਧਿਆਨ ਗਿਆ ਹੋਵੇਗਾ ਅਤੇ ਮੈਂਬਰ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਹੋ ਜਿਹੇ ਕਰਿਮੀਨਲ ਦੇ ਕੇਸਿਜ਼ ਦੀ ਜਾਂਚ ਚੰਗੀ ਤਰ੍ਹਾਂ ਕਰ ਲੈਣੀ ਚਾਹੀਦੀ ਹੈ।

This is a news of the Tribune dated 21st October, 1985 which reads as under :

Collection in U.K. Gurdwaras for terrorists.

Large sums of money are collected regularly in Britain's 30 Gurdwaras to buy weapons for terrorists in Punjab. The Sunday Telegraph reported heretoday.

Quoting Indian diplomats, the paper said between £1,00,000 and 2,00,000 was raised by every week.

It said most of the money was used to buy light weapons, sub-machine guns and explosives in illegal European markets to be sent to subversive elements of the Sikh community in Punjab.

A Press Conference was held at Manali.

It has been mentioned in the Indian Express of the issue of the 27th October, 1985, that Sardar Surjit Singh Barnala stressed that a "nexus had developed between the smugglers, criminals and the terrorists" in Punjab and it can only be broken by fast economic development.

ਮੈਂ ਬਿਲਕੁਲ ਰੈਲੇਵੈਂਟ ਬੋਲ ਰਿਹਾ ਹਾਂ। ਇਸ ਦੇ ਵਿਚ ਟਾਈਮ ਦੀ ਕੋਈ ਲਿਮਿਟ ਨਹੀਂ ਹੁੰਦੀ। (ਘੰਟੀ) ਚੇਅਰਮੈਨ ਸਾਹਿਬ, ਅਗਰ ਜ਼ਰੂਰਤ ਪਵੇ ਤਾਂ ਮੇਰੀ ਪਾਰਟੀ ਦੇ ਟਾਈਮ ਵਿਚੋਂ ਟਾਈਮ ਕੱਟ ਲਿਆ ਜਾਵੇ ਪਰ ਮੈਨੂੰ ਇਕ ਦੋ ਗੱਲਾਂ ਕਹਿ ਲੈਣ ਦਿਓ। ਟੈਰੋਰਿਸਟ ਇਥੇ ਮੌਜੂਦ ਹੈ ਅਤੇ ਪੰਜਾਬ ਵਿਚ ਹਾਲੇ ਇਨ੍ਹਾਂ ਦਾ ਵਜੂਦ ਹੈ। ਇਸ ਗੱਲ ਨੂੰ ਸੀ. ਐਮ ਸਾਹਿਬ ਨੇ ਆਪਣੀ ਮਨਾਲੀ ਪ੍ਰੈਸ ਕਾਨਫਰੰਸ ਵਿਚ ਵੀ ਦੱਸਿਆ ਹੈ ਕਿ ਪੰਜਾਬ ਵਿਚ ਹਾਲੇ ਟੈਰੋਰਿਸਟ ਵਜੂਦ ਵਿਚ ਹਨ। ਜਿਸ ਟੈਰੋਰਿਸਟ ਦਾ ਹਵਾਲਾ ਸਾਡੇ ਹੋਮ ਮਨਿਸਟਰ ਨੇ ਦਿੱਤਾ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਦਾ ਸਬੰਧ ਸਮਗਲਰਜ਼ ਦੇ ਨਾਲ ਵੀ ਹੈ, ਇਸ ਤਰ੍ਹਾਂ ਦੇ ਕਰਿਮੀਨਲ ਟੈਰੋਰਿਸਟ ਨੂੰ ਰਿਲੀਜ਼ ਕਰਕੇ ਤੁਸੀਂ ਬਹੁਤ ਵੱਡਾ ਖਤਰਾ ਮੁੱਲ ਲੈ ਰਹੇ ਹੋ ਜਿਸ ਦੀ ਸਜ਼ਾ ਫੇਰ ਪੰਜਾਬ ਦੇ ਗਰੀਬ ਲੋਕਾਂ ਨੂੰ ਭੁਗਤਣੀ

Original with;
Punjab Vidhan Sabha
Digitized by;
Panjab Digital Li

[ਪੰਡਿਤ ਮੋਹਨ ਲਾਲ]

ਪਵੇਗੀ। ਇਹ ਠੀਕ ਹੈ ਕਿ ਤੁਸੀਂ ਬਹੁਤ ਅੱਛੇ ਇਨਸਾਨ ਅਤੇ ਅੱਛੇ ਐਡਮਨਿਸਟਰੇਟਰਾ ਵੀ ਹੋ। ਪਰ ਮੈਂ ਵੀ ਥੋੜੀ ਦੇਰ ਹੋਮ ਮਨਿਸਟਰ ਰਿਹਾ ਹਾਂ ਜਿਸ ਦਾ ਮੈਨੂੰ ਤਜਰਬਾ ਰਿਹਾ ਹੈ। ਇਸ ਲਈ ਤੁਸੀਂ ਫੂਕ ਫੂਕ ਅਤੇ ਸੋਚ ਸੋਚ ਕੇ ਚਲੋ (ਘੰਟੀ) ਇਹ ਨਾ ਹੋਵੇ ਕਿ ਇਨ੍ਹਾਂ ਨੂੰ ਛੱਡ ਕੇ ਫਿਰ ਪੰਜਾਬ ਦੇ ਲੋਕਾਂ ਨੂੰ ਸਜ਼ਾ ਭੁਗਤਣੀ ਪਵੇ। ਚੇਅਰਮੈਨ ਸਾਹਿਬ, ਕੁਝ ਐਲੀਮੈਂਟ ਐਸੇ ਹਨ ਜਿਹੜੇ ਕਿ ਤੁਹਾਡੇ ਤੋਂ ਬਾਹਰ ਹਨ। (ਘੰਟੀ)

ਸ਼੍ਰੀ ਸਭਾਪਤੀ: ਪੰਡਿਤ ਜੀ, ਤੁਸੀਂ ਵਾਈਂਡ ਅਪ ਕਰੋ।

ਪੰਡਿਤ ਮੋਹਨ ਲਾਲ : ਚੇਅਰਮੈਨ ਸਾਹਿਬ, ਮੈਂ ਬੱਸ ਵਾਈਂਡ ਅਪ ਹੀ ਕਰਨ ਲੱਗਾ ਹਾਂ। ਮੈਂ ਸਿਰਫ ਇੱਕ ਗੱਲ ਕਰਕੇ ਛੁਟੀ ਕਰਾਂਗਾ। (ਵਿਘਨ) (ਸ਼ੋਰ) 29 ਸਤੰਬਰ, 1985 ਨੂੰ ਚੇਅਰਮੈਨ ਸਾਹਿਬ, ਇਨ੍ਹਾਂ ਨੇ ਪੰਜਾਬ ਦੀ ਵਾਗ ਡੋਰ ਸੰਭਾਲੀ। ਅੱਜ ਪੂਰਾ ਇਕ ਮਹੀਨਾ ਹੋ ਗਿਆ ਹੈ। (ਘੰਟੀ) ਚੇਅਰਮੈਨ ਸਾਹਿਬ, ਟੈਰੋਰਿਸਟਾਂ ਨੇ ਪੈਨ ਬੰਬ, ਟਰਾਂਜ਼ਿਸਟਰਬੰਬ। ਛੱਡੇ, ਬੈਂਕ ਲੁਟੇ, ਕਤਲ ਹੋਏ, ਸਕੂਟਰ ਚੋਰੀ ਹੋਏ, (ਵਿਘਨ) ਚੇਅਰਮੈਨ ਸਾਹਿਬ, ਮੇਰੀ ਇਕ ਗੱਲ ਸੁਣ ਲਓ। ਮੇਰੇ ਕੋਲ ਸਾਰੀ ਡੀਟੇਲ ਹੈ। 27 ਤਾਰੀਖ ਤਕ ਕੁਲ 20 ਵਾਕਿਆ ਹੋਏ ਹਨ। 10 ਕਤਲ ਹੋਏ ਹਨ।

ਸ਼੍ਰੀ ਸਭਾਪਤੀ: ਪੰਡਿਤ ਜੀ, ਹੁਣ ਤੁਸੀਂ ਤਸ਼ਰੀਫ ਰਖੋ।

ਪੰਡਿਤ ਮੋਹਨ ਲਾਲ: ਚੇਅਰਮੈਨ ਸਾਹਿਬ, 10 ਕਤਲ ਹੋਏ। 12 ਆਦਮੀ ਮਾਰੇ ਗਏ। 100 ਨੂੰ ਚੇਅਰਮੈਨ ਸਾਹਿਬ, ਅਟੈਂਪਟ ਟੂ ਮਰਡਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਧਰਮ ਸਥਾਨਾਂ ਤੇ ਬੰਬ ਸੁਟੇ ਗਏ। (ਵਿਘਨ) (ਸ਼ੋਰ)

ਸ਼੍ਰੀ ਪ੍ਰੇਮ ਗੁਪਤਾ : ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਦ ਤੋਂ ਤੁਸੀਂ ਇਨ੍ਹਾਂ ਨੂੰ ਹੋਰ ਬੋਲਣ ਤੋਂ ਮਨ੍ਹਾਂ ਕੀਤਾ ਹੈ ਉਸ ਤੋਂ ਬਾਅਦ ਮੈਂਬਰ ਸਾਹਿਬਾਨ ਨੇ ਜਿਤਨੀ ਤਕਰੀਰ ਹਾਊਸ ਵਿਚ ਕੀਤੀ ਹੈ, ਉਹ ਪ੍ਰੋਸੀਡਿੰਗਜ਼ ਦਾ ਪਾਰਟ ਨਹੀਂ ਬਣਨੀ ਚਾਹੀਦੀ।

ਸਰਦਾਰ ਕੁਲਦੀਪ ਸਿੰਘ ਵਡਾਲਾ (ਨਕੋਦਰ) : ਚੇਅਰਮੈਨ ਸਾਹਿਬ, 29 ਸਤੰਬਰ, 1985 ਨੂੰ ਪੰਜਾਬ ਵਿਚ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੀ ਅਗਵਾਈ ਵਿਚ ਅਕਾਲੀਆਂ ਨੇ ਹਕੂਮਤ ਸੰਭਾਲੀ। ਬਰਨਾਲਾ ਸਾਹਿਬ, ਬੜੇ ਪੜ੍ਹੇ ਲਿਖੇ, ਸਿਆਣੇ ਅਤੇ ਪੰਥ ਦੀ ਰਾਖੀ ਕਰਨ ਵਾਲੇ ਹਨ। ਪਿਛੇ, ਚੇਅਰਮੈਨ ਸਾਹਿਬ, ਸਾਡੇ ਨੌਜਵਾਨ, ਲੜਕੇ, ਬੀਬੀਆਂ, ਬੱਚੇ ਅਤੇ ਹੋਰ ਸਭ ਲੀਡਰਾਂ ਨੇ ਕੁਰਬਾਨੀਆਂ ਕੀਤੀਆਂ। ਸ਼੍ਰੋਮਣੀ ਅਕਾਲੀ ਦੱਲ ਨੇ ਧਰਮ ਅਸਥਾਨਾਂ ਦੀ ਪਵਿਤਰਤਾ ਨੂੰ ਕਾਇਮ ਰਖਣ ਲਈ ਕੁਰਬਾਨੀਆਂ ਕੀਤੀਆਂ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਮਾਨਯੋਗ ਮੈਂਬਰ ਹਾਊਸ ਵਿਚ ਇਸ ਤਰ੍ਹਾਂ ਲਿਖ ਕੇ ਸਪੀਚ ਨਹੀਂ ਪੜ੍ਹ ਸਕਦੇ।

ਸਰਦਾਰ ਕੁਲਦੀਪ ਸਿੰਘ ਵਡਾਲਾ : ਚੇਅਰਮੈਨ ਸਾਹਿਬ, ਮੈਂ ਜ਼ਬਾਨੀ ਬੋਲਦਾ ਹਾਂ। ਠੀਕ ਹੈ ਜੀ। ਮੈਂ ਇਨ੍ਹਾਂ ਦੀ ਗੱਲ, ਚੈਅਰਮੈਨ ਸਾਹਿਬ, ਮੰਨ ਲੈਂਦਾ ਹਾਂ। ਪੰਜਾਬ ਵਿਚ ਬੜੀਆਂ ਦੁਖਦਾਇਕ ਘਟਨਾਵਾਂ ਹੋਈਆਂ। ਬੱਚਿਆਂ, ਬੀਬੀਆਂ ਅਤੇ ਨੌਜਵਾਨਾਂ ਦੇ ਕਤਲ ਕੀਤੇ ਗਏ। ਸਿਖਾਂ ਦੇ ਧਰਮ

Original with;
Punjab Vidhan Sabha
Digitized by;
Panjab Digital Library

ਅਸਥਾਨਾਂ ਦੀ ਬੇਇਜ਼ਤੀ ਕੀਤੀ ਗਈ। ਪੰਜਾਬ ਵਿਚ ਹਿੰਦੂ ਸਿਖਾਂ ਨੂੰ ਆਪਸ ਵਿਚ ਲੜਾਇਆ ਗਿਆ। ਝੂਠਾ ਪਰਚਾਰ ਕਰਕੇ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਅੰਮ੍ਰਿਤਸਰ ਵਿਚ ਅਕਾਲ ਤਖਤ ਸਾਹਿਬ ਢਾਹਿਆ ਗਿਆ। ਹੋਰ ਕਈ ਦੁਖਦਾਇਕ ਘਟਨਾਵਾਂ ਵਾਪਰੀਆਂ। ਇਹ ਸਭ ਕੁਝ ਕਾਂਗਰਸ ਪਾਰਟੀ ਦੀਆਂ ਗਲਤ ਪਾਲਿਸੀਆਂ ਕਰਕੇ ਹੋਇਆ। ਫਿਰ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਦਾ ਕਤਲ ਹੋਇਆ। ਉਸ ਤੋਂ ਬਾਅਦ ਸਿੱਖਾਂ ਦਾ ਕਤਲ ਕੀਤਾ ਗਿਆ ਪਰ ਸੈਂਟਰ ਦੀ ਕਾਂਗਰਸ ਸਰਕਾਰ ਨੇ ਕੁਝ ਨਹੀਂ ਕੀਤਾ। ਸੈਂਟਰ ਦੀ ਸਰਕਾਰ ਨੇ ਕੋਈ ਨੋਟਿਸ ਨਹੀਂ ਲਿਆ। ਕਾਨੂੰਨ ਦੀਆਂ ਧੱਜੀਆਂ ਉੜਾਈਆਂ ਗਈਆਂ। ਹਿੰਦੁਸਤਾਨ ਵਿਚ ਪਹਿਲਾਂ ਇਸ ਤਰ੍ਹਾਂ ਕਦੇ ਨਹੀਂ ਹੋਇਆ।

*3.54 ਬਾਦ ਦੁਪਹਿਰ | (ਇਸ *ਸਮੇਂ ਪੰਡਿਤ ਮੋਹਨ ਲਾਲ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਚੇਅਰਮੈਨ ਸਾਹਿਬ, ਇਨ੍ਹਾਂ ਹਾਲਾਤ ਨੂੰ ਸਾਹਮਣੇ ਰਖਦੇ ਹੋਏ, ਅੱਜ ਲੋੜ ਹੈ ਕਿ ਉਨ੍ਹਾਂ ਨੌਜਵਾਨਾਂ ਨੂੰ ਇਨਸਾਫ਼ ਮਿਲ ਸਕੇ। ਚੇਅਰਮੈਨ ਸਾਹਿਬ, ਬੈਂਸ ਕਮਿਸ਼ਨ ਦੀ ਰਿਪੋਰਟ ਹੁਣ ਆ ਗਈ ਹੈ। ਜਿਨ੍ਹਾਂ ਨੌਜਵਾਨਾਂ ਤੇ 302/307 ਦੇ ਬੋਗਸ ਕੇਸ ਬਣਾਏ ਗਏ ਹਨ। ਜਿਹੜੇ ਨੌਜਵਾਨ ਸ਼ਹੀਦ ਹੋਏ ਹਨ। ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਇਕ ਐਸਾ ਕਮਿਸ਼ਨ ਬਣਾਉਣ ਜਿਹੜੇ ਬੋਗਸ ਕੇਸ ਬਣਾਏ ਗਏ ਹਨ, ਉਨ੍ਹਾਂ ਦੀ ਪੜਤਾਲ ਕਰੇ। ਉਨਾਂ ਕੇਸਾਂ ਦੀ ਪੜਤਾਲ ਕਰਕੇ ਜਿਹੜੇ ਕਸੂਰਵਾਰ ਹੋਣ, ਜਿਹੜੇ ਸੈਂਟਰ ਦੇ ਇਸ਼ਾਰੇ ਤੇ ਅਫਸਰ ਕੰਮ ਗਲਤ ਕਰਦੇ ਸਨ, ਉਨ੍ਹਾਂ ਨੂੰ ਸਜ਼ਾ ਮਿਲੇ। ਮੈਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਇਹ ਇਨਕੁਆਇਰੀ ਕਰਕੇ ਉਨ੍ਹਾਂ ਅਫਸਰਾਂ ਨੂੰ ਲਾਂਭੇ ਕਰਨ। ਜਿਹੜੇ ਕਹਿੰਦੇ ਸਨ ਕਿ ਪਹਿਲਾਂ ਪੰਜਾਬ ਵਿਚ ਅਮਨ ਨਹੀਂ ਹੋ ਸਕਦਾ ਪਰ ਹੁਣ ਪੰਜਾਬ ਵਿਚ ਅਮਨ ਹੋ ਰਿਹਾ ਹੈ। ਪਿਛੇ, ਚੇਅਰਮੈਨ ਸਾਹਿਬ, ਕਾਂਗਰਸ ਦੀਆਂ ਗਲਤ ਪਾਲਿਸੀਆਂ ਕਰਕੇ ਪੰਜਾਬ ਵਿਚ ਅਮਨ ਖਰਾਬ ਹੋਇਆ ਹੈ। ਟੈਰੋਰਿਸਟ ਇਕੱਲੇ ਪੰਜਾਬ ਵਿਚ ਹੀ ਨਹੀਂ ਹਨ ਬਲਕਿ ਸਾਰੇ ਭਾਰਤ ਵਿਚ ਹਨ ਜੋ ਕਿ ਕਾਂਗਰਸ ਦੇ ਪੈਦਾ ਕੀਤੇ ਹੋਏ ਹਨ। ਕੋਈ ਵੀ ਸਰਕਾਰ ਸਫਲ ਨਹੀਂ ਹੋ ਸਕਦੀ ਜਦ ਤਕ ਲੋਕਾਂ ਨੂੰ ਪੂਰਾ ਇਨਸਾਫ ਨਹੀਂ ਮਿਲਦਾ। ਚੇਅਰਮੈਨ ਸਾਹਿਬ, ਕਾਂਗਰਸ ਵਾਲੇ ਨਹੀਂ ਚਾਹੁੰਦੇ ਕਿ ਕਮਿਸ਼ਨ ਬੈਠੇ, ਕਿਉਂਕਿ ਇਸ ਨਾਲ ਕਾਂਗਰਸੀਆਂ ਦੀ ਪਿਛਲੀ ਕਾਰਗੁਜ਼ਾਰੀ ਤੋਂ ਪਤਾ ਲਗਦਾ ਹੈ। ਕਾਂਗਰਸ ਵਾਲਿਆਂ ਦਾ ਪੜਦਾ ਖੁਲ੍ਹਦਾ ਹੈ। ਹੁਣ ਸਾਡੀ ਸਰਕਾਰ ਨੇ ਕਾਂਗਰਸ ਦੀਆਂ ਪਾਲਿਸੀਆਂ ਬਦਲ ਕੇ ਨਵੀਆਂ ਪਾਲਿਸੀਆਂ ਬਣਾਈਆਂ ਹਨ ਜਿਸ ਨਾਲ ਪੰਜਾਬ ਦੇ ਹਾਲਾਤ ਠੀਕ ਹੋ ਸਕਣਗੇ। ਚੇਅਰਮੈਨ ਸਾਹਿਬ, ਮੈਂ ਇਹ ਗੱਲ ਏਥੇ ਦੱਸਣਾ ਚਾਹੁੰਦਾ ਹਾਂ ਕਿ ਹੁਣੇ ਸਾਡੇ ਪ੍ਰਧਾਨ ਮੰਤਰੀ ਨੇ ਇਕ ਅਪੀਲ ਕੀਤੀ ਹੈ ਕਿ ਅਮਰੀਕਾ ਦੇ ਉਸ ਲੀਡਰ ਨੂੰ ਜਿਸ ਦੇ ਉਤੇ ਕਤਲ ਦਾ ਮੁਕੱਦਮਾ ਵੀ ਸੀ, ਉਸ ਨੂੰ ਰਿਹਾਅ ਕੀਤਾ ਜਾਵੇ ਅਤੇ ਉਸ ਨੂੰ ਫਾਂਸੀ ਤੇ ਨਾ ਚੜ੍ਹਾਇਆ ਜਾਵੇ ਪਰ ਦੂਜੇ ਪਾਸੇ ਸਪੈਸ਼ਲ ਕੋਰਟਾਂ ਰਾਹੀਂ ਸਾਡੇ ਨੌਜਵਾਨਾਂ ਤੇ ਮੁਕੱਦਮੇ ਚਲਾਏ ਜਾ ਰਹੇ ਹਨ। ਜਿਹੜੇ ਵਾਇਦੇ ਪ੍ਰਧਾਨ ਮੰਤਰੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨਾਲ ਕੀਤੇ ਸਨ, ਉਹ ਹਾਲੇ ਤੱਕ ਅਧੂਰੇ ਹੀ ਪਏ ਹਨ। ਇਹ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਸੰਤ ਜੀ ਸਾਡੇ ਵਿੱਚ ਨਹੀਂ ਹਨ। ਜੇਕਰ ਅੱਜ ਉਹ ਸਾਡੇ ਵਿੱਚ ਹੁੰਦੇ ਤਾਂ ਇਹ ਗੱਲਾਂ ਜਲਦੀ ਹੀ ਨਿਬੜ ਜਾਣੀਆਂ ਸਨ ਅਤੇ ਸਾਰਾ ਵਾਤਾਵਰਣ ਸਾਫ਼ ਹੋ ਜਾਣਾ ਸੀ। ਮੈਨੂੰ ਇਸ ਗੱਲ ਦੀ ਆਸ ਹੈ ਕਿ ਸਾਡੇ ਪ੍ਰਧਾਨ ਮੰਤਰੀ ਸਾਹਿਬ ਵੀ ਇਹੀ ਗੱਲ ਚਾਹੁੰਦੇ ਹਨ ਕਿ ਹਾਲਾਤ ਜਲਦੀ ਤੋਂ ਜਲਦੀ ਦੰਗੇ ਹੋਣ। ਇਸ ਲਈ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਨਾ ਰਖਿਆ ਜਾਵੇ ਤਾਕਿ ਹਾਲਾਤ ਠੀਕ ਹੋਣ ਵਿੱਚ ਰੁਕਾਵਟ ਨਾ ਆਵੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕੁਲਦੀਪ ਸਿੰਘ ਵਡਾਲਾ]

ਚੇਅਰਮੈਨ ਸਾਹਿੰਬ, ਮੈਂ ਦੂਜੀ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਦਾ ਐਡਰੈਸ ਸ਼ਲਾਘਾ ਯੋਗ ਹੈ। ਉਨ੍ਹਾਂ ਨੇ ਉਸ ਵਿੱਚ ਹਾਲਾਤ ਨੂੰ ਸੁਧਾਰਣ ਲਈ ਜੋ ਉਪਰਾਲੇ ਕੀਤੇ ਗਏ ਦੱਸੇ ਹਨ, ਉਹ ਪਿਛਲੇ ਪੰਜ ਸਾਲਾਂ ਦੀ ਸਰਕਾਰ ਨਾ ਕਰ ਸਕੀ। ਉਨ੍ਹਾਂ ਨੇ ਇਹ ਗੱਲ ਕਹੀ ਕਿ ਪੰਜਾਬ ਦਾ ਮਸਲਾ ਰਾਜਨੀਤਕ ਮਸਲਾ ਹੈ, ਲਾਅ ਐਂਡ ਆਰਡਰ ਦਾ ਮਸਲਾ ਨਹੀਂ ਹੈ ਅਤੇ ਇਸ ਨੂੰ ਰਾਜਨੀਤਕ ਤਰੀਕੇ ਨਾਲ ਹੀ ਹੱਲ ਕਰਨਾ ਚਾਹੀਦਾ ਹੈ ਅਤੇ ਹੁਣ ਕੀਤਾ ਗਿਆ ਹੈ। ਇਸ ਗੱਲ ਦੀ ਸਾਨੂੰ ਸ਼ਲਾਘਾ ਕਰਨੀ ਚਾਹੀਦੀ ਹੈ। ਮੈਂ ਗਵਰਨਰ ਸਾਹਿਬ ਨੂੰ ਇਹ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕਿ ਉਹ ਪ੍ਰਧਾਨ ਮੰਤਰੀ ਨੂੰ ਇਸ ਗੱਲ ਦੀ ਪ੍ਰੇਰਨਾ ਦੇਣ ਕਿ ਜਿੰਨੇ ਵੀ ਸਿੱਖ ਕੌਮ ਨਾਲ ਅਤਿਆਚਾਰ ਹੋਏ ਹਨ, ਦਰਬਾਰ ਸਾਹਿਬ ਵਿੱਚ ਅਤੇ ਦਿੱਲੀ ਵਿੱਚ ਜੋ ਦੁਖਦਾਈ ਘਟਨਾਵਾਂ ਹੋਈਆਂ ਹਨ ਅਤੇ ਹਿੰਦ ਸਰਕਾਰ ਨੇ ਜੋ ਵੀ ਗਲਤੀਆਂ ਕੀਤੀਆਂ ਹਨ, ਉਸ ਲਈ ਸਰਕਾਰ ਰਿਗਰੈਟ ਕਰੇ ਤਾਂ ਸ਼ਾਇਦ ਸਿਖ ਕੌਮ ਸ਼ਾਂਤ ਹੋ ਸਕੇ। ਸਿਖ ਕੌਮ ਦਾ ਮਸਲਾ ਬੰਗਲਾ ਦੇਸ਼ ਵਾਲਾ ਮਸਲਾ ਹੈ। ਉਥੇ ਵੀ ਕੋਈ ਦੋ ਕੌਮਾਂ ਨਹੀਂ ਸਨ ਪਰ ਇਕੋ ਕੌਮ ਵਿੱਚ ਡਿਸਪੈਰਿਟੀ ਸੀ। ਜੋ ਅੱਜ ਪੰਜਾਬ ਨਾਲ ਹੋ ਰਿਹਾ ਹੈ ਉਹੀ ਬੰਗਲਾ ਦੇਸ਼ ਨਾਲ ਹੁੰਦਾ ਸੀ। ਹਿੰਦੁਸਤਾਨ ਦੇ ਹਾਕਮਾਂ ਨੂੰ ਇਸ ਗੱਲ ਤੋਂ ਗਿਆਨ ਲੈਣਾ ਚਾਹੀਦਾ ਹੈ। ਮੈਨੂੰ ਉਮੀਦ ਸੀ ਕਿ ਸਾਡੇ ਹੱਕਾਂ ਦੀ ਪੂਰੀ ਤਰ੍ਹਾਂ ਰਾਖੀ ਕੀਤੀ ਜਾਵੇਗੀ ਪਰ ਝੋਨੇ ਦੇ ਸਵਾਲ ਤੇ ਪੰਜਾਬ ਦੇ ਕਿਸਾਨ ਨੂੰ ਏਨੀ ਮਾਯੂਸੀ ਹੋਈ ਹੈ ਕਿ ਜੇ ਤੁਸੀਂ ਪਿੰਡਾਂ ਵਿੱਚ ਅਤੇ ਮੰਡੀਆਂ ਵਿੱਚ ਜਾ ਕੇ ਦੇਖੋ ਅਤੇ ਅੰਦਾਜ਼ਾ ਲਗਾਓ ਤਾਂ ਹੀ ਪਤਾ ਲਗ ਸਕਦਾ ਹੈ। ਇਸ ਗੱਲ ਤੋਂ ਹੋਰ ਵੀ ਦੁਖ ਮਹਿਸੂਸ ਹੁੰਦਾ ਹੈ ਕਿ ਹਿੰਦੁਸਤਾਨ ਦਾ ਜੋ ਖੇਤੀਬਾੜੀ ਮੰਤਰੀ ਹੈ, ਉਹ ਵੀ ਪੰਜਾਬ ਨਾਲ ਸਬੰਧਤ ਹੈ, ਪਰ ਉਸ ਨੇ ਵੀ ਵੇਲੇ ਸਿਰ ਭਾਅ ਅਨਾਊਂਸ ਨਹੀਂ ਕੀਤਾ ਅਤੇ ਜਦੋਂ ਕੀਤਾ ਵੀ ਤਾਂ 18% ਦਾ ਟੀਚਾ ਰਖ ਕੇ ਕੀਤਾ। ਇਸ ਗੱਲ ਦੀ ਜ਼ਿੰਮੇਵਾਰੀ ਕਿਸ ਤੇ ਪਾਈ ਜਾਵੇ। ਇਸ ਸਭ ਦੀ ਜ਼ਿੰਮੇਵਾਰੀ ਸੈਂਟਰ ਤੇ ਪਾਈ ਜਾਣੀ ਚਾਹੀਦੀ ਹੈ। ਮੈਂ ਬਰਨਾਲਾ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਉਹ ਸੈਂਟਰ ਨੂੰ ਇਸ ਘਾਟੇ ਨੂੰ ਪੂਰਾ ਕਰਨ ਲਈ ਮਜ਼ਬੂਰ ਕਰਨ ਅਤੇ ਕਹਿਣ ਕਿ ਸੈਂਟਰ ਕਿਸਾਨਾਂ ਨੂੰ 10 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਵੇ ਅਤੇ ਨਾਲ ਹੀ ਹਿੰਦ ਸਰਕਾਰ ਇਹ ਵਚਨ ਦੇਵੇ ਕਿ ਉਹ ਫਸਲਾਂ ਟਾਈਮ ਨਾਲ ਚੁਕਿਆ ਕਰੇਗੀ। ਕਪਾਹ ਦੀ ਫਸਲ ਵੀ ਆ ਗਈ ਹੈ। ਇਸ ਦਾ ਪਿਛਲੇ ਸਾਲ ਭਾਅ 600 ਰੁਪਏ ਸੀ ਜਿਹੜਾ ਕਿ ਹੁਣ 400 ਰੁਪਏ ਹੈ। ਗੰਨਾ ਵੀ ਤਿਆਰ ਖੜਾ ਹੈ ਪਰ ਮਿੱਲਾਂ ਦੇ ਰੇਟ ਨਹੀਂ ਆਏ। ਇਹ ਇਕਨੌਮਿਕ ਡਿਸਪੈਰਿਟੀ ਹੀ ਹੈ ਜਿਸ ਕਰਕੇ ਭੜਕਾਹਟ ਆਉਂਦੀ ਹੈ। ਹੁਣੇ ਜਿਵੇਂ ਡੋਡ ਸਾਹਿਬ ਨੇ ਵੀ ਕਿਹਾ ਹੈ ਕਿ ਜੇਕਰ ਮੈਂਥਿਊ ਕਮਿਸ਼ਨ ਦੀ ਡਰਾਫਟਿੰਗ ਨੂੰ ਅਮੈਂਡ ਨਾ ਕੀਤਾ ਗਿਆ ਤਾਂ ਇਨਸਾਫ ਨਹੀਂ ਮਿਲ ਸਕੇਗਾ। ਹਿੰਦੁਸਤਾਨ ਦੀ ਜੁਡੀਸ਼ੀਅਰੀ ਵੀ ਇੰਡੀਪੈਡੈਂਟ ਨਹੀਂ ਰਹੀ। ਕਮਿਸ਼ਨਾਂ ਦਾ ਵੀ ਇਹੀ ਹਾਲ ਹੈ। ਪੰਜਾਬ ਨੂੰ ਇਨਸਾਫ ਦਿਵਾਉਣ ਲਈ ਹਿੰਦੁਸਤਾਨ ਦੀ ਸਰਕਾਰ ਨੂੰ ਕੁਝ ਫਰਾਖਦਿਲੀ ਦਿਖਾਉਣੀ ਹੋਵੇਗੀ ਤਾਂ ਹੀ ਠੀਕ ਫੈਸਲਾ ਹੋਵੇਗਾ।

ਚੇਅਰਮੈਨ ਸਾਹਿਬ, ਮੇਰੀ ਇਕ ਬੇਨਤੀ ਹੈ ਕਿ ਜਿਥੇ ਗਵਰਨਰ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਇੰਦਰਾ ਗਾਂਧੀ ਦੇ ਕਤਲ ਕਾਰਨ ਵਿਆਪਕ ਰੂਪ ਵਿੱਚ ਨਿੰਦਾ ਕੀਤੀ ਗਈ, ਉਥੇ ਧਰਮ ਦੇ ਨਾਮ ਤੇ ਜਾਨਾਂ ਦੇਣ ਵਾਲੇ ਸ਼ਹੀਦਾਂ ਦਾ ਨਾਂ ਵੀ ਪਾਇਆ ਜਾਣਾ ਚਾਹੀਦਾ ਸੀ। ਅਤੇ ਜਿਥੇ ਸੈਂਟਰ ਸਟੇਟ ਰਿਲੇਸ਼ਨ ਦਾ ਜ਼ਿਕਰ ਕੀਤਾ ਗਿਆ ਹੈ ਉਥੇ ਕਿਹਾ ਗਿਆ ਹੈ ਕਿ ਆਪਸੀ ਤਾਲਮੇਲ ਨਾਲ ਇਹ ਠੀਕ ਹੋ ਸਕਦੇ ਸਨ। ਇਥੇ ਇਹ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹੀ ਤਾਂ ਇੱਕ ਬਨਿਆਦੀ ਪੁਆਇੰਟ ਹੈ ਜਿਹੜਾ ਸਾਰੇ ਸੰਸਾਰ ਦੇ ਸਾਹਮਣੇ ਹੈ। ਸੈਂਟਰ ਹੀ ਪਾਵਰ ਮੋਨੋਪਲਾਈਜ਼ ਕਰ ਰਿਹਾ ਹੈ ਅਤੇ ਅਸੀਂ

Original with;
Punjab Vidhan Sabha
Digitized by;
Panjab Digital Library

ਇਹ ਕਹਿੰਦੇ ਹਾਂ ਕਿ ਡੀਸੈਂਟਰੇਲਾਈਜ਼ੇਸ਼ਨ ਆਫ ਪਾਵਰਜ਼ ਕੀਤੀਆਂ ਜਾਣ। ਜਦੋਂ ਤੱਕ ਅਧਿਕਾਰ ਵੰਡੇ ਨਹੀਂ ਜਾਂਦੇ, ਉਦੋਂ ਤੱਕ ਇਹ ਮਸਲਾ ਕਿਸੇ ਤਰ੍ਹਾਂ ਵੀ ਹੱਲ ਨਹੀਂ ਹੋ ਸਕੇਗਾ । ਭਾਵੇਂ ਸਾਡੇ ਚੀਫ ਮਨਿਸਟਰ ਸਾਹਿਬ ਕਿੰਨੀ ਮਿਹਨਤ ਕਰ ਰਹੇ ਹਨ, ਕਈਆਂ ਗੱਲਾਂ ਤੇ ਭਾਵੇਂ ਕਈਆਂ ਪਾਸਿਆਂ ਤੋਂ ਭੜਕਾਹਟ ਦੀਆਂ ਤਕਰੀਰਾਂ ਆ ਰਹੀਆਂ ਹਨ ਅਤੇ ਜਿਨ੍ਹਾਂ ਨੇ ਉਹ ਕਤਲ ਕਰਵਾਏ, ਜਿਨ੍ਹਾਂ ਨੇ ਹਿੰਦੂ ਵੀਰਾਂ ਨੂੰ ਬੱਸਾਂ ਵਿਚੋਂ ਕੱਢ ਕੱਢ ਕੇ ਮਾਰਿਆ, ਉਹ ਹਾਲੇ ਵੀ ਆਪਣੀਆਂ ਚਾਲਾਂ ਚਲ ਰਹੇ ਹਨ।

ਮੈਂ ਹੁਣ ਕੁਝ ਸੁਜੈਸ਼ਨਾਂ ਦੇਣੀਆਂ ਚਾਹੁੰਦਾ ਹਾਂ ਜਿਨ੍ਹਾਂ ਨਾਲ ਸਾਡਾ ਪੇਂਡੂ ਜੀਵਨ ਕੁਝ ਰਿਲੀਵਡ ਮਹਿਸੂਸ ਕਰੇ। ਪੇਂਡੂ ਜੀਵਨ ਨੂੰ ਕੋਆਪ੍ਰੇਟਿਵ ਮੂਵਮੈਂਟ ਨਾਲ ਅੱਗੇ ਲਿਜਾਣਾ ਚਾਹੀਦਾ ਹੈ। ਉਨ੍ਹਾਂ ਦੀ ਲਿਮਿਟ ਜਿਹੜੀ ਕਿ 1000 ਰੁਪਿਆ ਪ੍ਰਤੀ ਏਕੜ ਹੈ, ਉਹ 2000 ਰੁਪਿਆ ਪ੍ਰਤੀ ਏਕੜ ਹੋਣੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ 16000 ਹੈ। ਕਈ ਵੇਰ ਜ਼ਮੀਨ ਠੇਕੇ ਤੇ ਲੈ ਕੇ ਵੀ ਕਿਸਾਨ ਕਾਸ਼ਤ ਕਰਦਾ ਹੈ, ਉਸ ਦੀ ਲਿਮਿਟ ਵੀ 2000 ਰੁਪਿਆ ਪ੍ਰਤੀ ਏਕੜ ਹੋਣੀ ਚਾਹੀਦੀ ਹੈ। ਜਿਹੜਾ ਸ਼ਡਿਊਲਡ ਕਾਸਟਸ ਨੂੰ ਲੋਨ ਦਿੱਤਾ ਜਾਂਦਾ ਹੈ ਉਹ 1000 ਰੁਪਿਆ ਹੈ ਜਿਹੜਾ 500 ਰੁਪਿਆ ਕੈਸ਼ ਦੀ ਸ਼ਕਲ ਵਿੱਚ ਅਤੇ 500 ਰੁਪਿਆ ਜਿਨਸ ਦੀ ਸ਼ਕਲ ਵਿੱਚ ਮਿਲਦਾ ਹੈ। ਇਹ ਵੀ ਵਧਾ ਕੇ 5000 ਰੁਪਿਆ ਕਰਨਾ ਚਾਹੀਦਾ ਹੈ ਜਿਸ ਦੀਆਂ ਕਿਸ਼ਤਾਂ 3 ਸਾਲ ਵਿੱਚ ਵਾਪਸ ਕਰ ਸਕਣ ਅਤੇ ਉਸ ਤੇ ਸੂਦ ਦੀ ਦਰ ਵੀ ਘਟਾਈ ਜਾਵੇ । ਕੋਆਪ੍ਰੇਟਿਵ ਕਮੇਟੀਆਂ ਦੀਆਂ ਇਲੈਕਸ਼ਨਾਂ ਵੀ ਇੰਡੀਪੈਂਡੈਂਟ ਤਰੀਕੇ ਨਾਲ ਹੋਣ ਅਤੇ ਆਰਬੀਟਰੇਸ਼ਨ ਦਾ ਪ੍ਰਾਸੈਸ ਵੀ ਇੰਡੀਪੈਂਡੈਂਟ ਕੀਤਾ ਜਾਵੇ ।

ਏਥੇ ਮਾਰਕੀਟ ਕਮੇਟੀਆਂ ਦੀ ਗੱਲ ਆਈ। ਪਿਛੇ ਜਿਹੇ ਮੈਂ ਨਕੋਦਰ ਵਿੱਚ ਸੁਣਿਆ ਕਿ ਉਥੋਂ ਦੀ ਮਾਰਕੀਟ ਕਮੇਟੀ ਦਾ ਚੇਅਰਮੈਨ 45 ਦਿਨਾਂ ਦੀ ਸਰਵਿਸ ਦੇ ਨੋਟਿਸ ਫਾੜ ਫਾੜ ਕੇ ਪਰਮਾਨੈਂਟ ਤੌਰ ਤੇ ਇਮਪਲਾਈਜ਼ ਨੂੰ ਭਰਤੀ ਕਰ ਰਿਹਾ ਹੈ ਅਤੇ ਜਾ ਕੇ ਦੇਖ ਲਓ ਕਿ ਪੈਸਾ ਉਥੇ ਕਿਸ ਤਰ੍ਹਾਂ ਖਰਚ ਕੀਤਾ ਜਾ ਰਿਹਾ ਹੈ । ਇਹ ਨਵੀਆਂ ਕਮੇਟੀਆਂ ਬਣਾਈਆਂ ਜਾਣ ਡੋਡ ਸਾਹਿਬ ਨੇ ਇਲੈਕਸ਼ਨਾਂ ਤੇ ਜ਼ੋਰ ਦਿੱਤਾ ਹੈ। ਜੇ ਇਲੈਕਸ਼ਨਾਂ ਨਹੀਂ ਵੀ ਕਰਵਾਉਣੀਆਂ ਤਾਂ ਫੌਰੀ ਤੌਰ ਤੇ ਨੌਮੀਨੇਸ਼ਨਾਂ ਕਰਨੀਆਂ ਚਾਹੀਦੀਆਂ ਹਨ। ਕੋਆਪ੍ਰੇਟਿਵ ਕਮੇਟੀਆਂ ਦੀਆਂ ਇਲੈਕਸ਼ਨਾਂ ਵੀ ਬੜੇ ਲੰਬੇ ਸਮੇਂ ਤੋਂ ਡਿਊ ਪਈਆਂ ਹਨ । ਉਥੋਂ ਦੇ ਵੀ ਐਡਮਨਿਸਟਰੇਟਰਜ਼ ਬਦਲੇ ਜਾਣ ਅਤੇ ਇਲੈਕਸ਼ਨਾਂ ਕਰਵਾਈਆਂ ਜਾਣ। ਮਿਉਂਸਪਲ ਕਮੇਟੀਆਂ ਦੀਆਂ ਇਲੈਕਸ਼ਨਾਂ ਵੀ ਡਿਊ ਪਈਆਂ ਹਨ। ਉਨ੍ਹਾਂ ਨੂੰ ਵੀ ਤੋੜ ਕੇ ਭਾਵੇਂ ਐਡਮਨਿਸਟਰੇਟਰਜ਼ ਹੀ ਲਾ ਦਿਓ ਤਾਂਕਿ ਕੁਰਪਸ਼ਨ ਬੰਦ ਹੋ ਸਕੇ।

ਤਿੰਨ ਕਾਰਪੋਰੇਸ਼ਨਾਂ ਦੀਆਂ ਇਲੈਕਸ਼ਨਾਂ ਵੀ ਕਰਾਈਆਂ ਜਾਣ ਜਿਹੜੀਆਂ ਲੰਬੇ ਸਮੇਂ ਤੋਂ ਡਿਊ ਪਈਆਂ ਹਨ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਚੇਅਰਮੈਨ ਸਾਹਿਬ, ਆਨ ਏ ਪੁਆਇੰਟ ਆਫ ਆਰਡਰ । ਇਨ੍ਹ ਨੇ ਇਹ ਗੱਲ ਕਹੀ ਹੈ ਕਿ ਜਿਹੜੀਆਂ ਮਿਉਂਸਪਲ ਕਮੇਟੀਆਂ ਚੁਣੀਆਂ ਹੋਈਆ ਹਨ, ਉਥੇ ਕੁਰੱਪਸ਼ਨ ਹੋਈ ਹੈ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਇਲੈਕਟਿਡ ਰਿਪਰੇਜ਼ੈਂਟੇਟਿਵਜ਼ ਹਨ, ਉਨ੍ਹਾਂ ਦਾ ਰੈਫਰੈਂਸ ਨਹੀਂ ਦੇਣਾ ਚਾਹੀਦਾ। ਉਹ ਚੁਣੇ ਹੋਏ ਨੁਮਾਇੰਦੇ ਹਨ ਜਿਹੜੇ ਕਿ ਹਮੇਸ਼ਾ ਲੋਕਾਂ ਦੀ ਸੇਵ ਕਰਦੇ ਹਨ। ਜਿਵੇਂ ਇਕ ਐਮ. ਐਲ. ਏ. ਲੋਕਾਂ ਦੀ ਸੇਵਾ ਕਰਦਾ ਹੈ ।

ਸ਼੍ਰੀ ਸਭਾਪਤੀ : ਇਹ ਜਨਰਲ ਜਿਹੀ ਗੱਲ ਕਰ ਰਹੇ ਹਨ। ਤੁਹਾਨੂੰ ਬੋਲਣ ਦੀ ਕੀ ਲੋੜ ਹੈ ।

Original with;
Punjab Vidhan Sabha
Digitized by;
Panjab Digital Library

ਸਰਦਾਰ ਕੁਲਦੀਪ ਸਿੰਘ ਵਡਾਲਾ : ਹੁਣ ਉਹ ਲੋਕਾਂ ਦੇ ਨੁਮਾਇੰਦੇ ਨਹੀਂ ਰਹਿ ਗਏ । ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤੱਕ ਪੜ੍ਹਾਈ ਦਾ ਸਬੰਧ ਹੈ, ਇਹਦੇ ਵਿਚ ਬੜੀਆਂ ਚੰਗੀਆਂ ਤਜਵੀਜ਼ਾਂ ਪਾਈਆਂ ਗਈਆਂ ਹਨ ਪਰ ਮੈਂ ਚਾਹੁੰਦਾ ਹਾਂ ਕਿ ਪਹਿਲੀ ਜਮਾਤ ਤੋਂ ਲੈ ਕੇ 10ਵੀਂ ਜਮਾਤ ਤੱਕ ਦੇ ਸਾਰੇ ਬੱਚਿਆਂ ਦਾ ਫਰੀ ਮੈਡੀਕਲ ਚੈਕ-ਅੱਪ ਕੀਤਾ ਜਾਵੇ, ਉਨ੍ਹਾਂ ਦੀ ਪੂਰੀ ਹਿਸਟਰੀ ਸ਼ੀਟ ਬਣਾਈ ਜਾਵੇ ਤਾਂ ਕਿ ਉਨ੍ਹਾਂ ਦੀ ਠੀਕ ਸਾਂਭ-ਸੰਭਾਲ ਹੋ ਸਕੇ। ਇਸ ਤੋਂ ਇਲਾਵਾ ਪਛੜੇ ਵਰਗਾਂ ਦੇ ਬੱਚਿਆਂ ਨੂੰ ਮੁਨਾਸਿਬ ਵਜ਼ੀਫੇ ਦੇਣ ਵਾਸਤੇ ਹਿੰਦ ਸਰਕਾਰ ਨੂੰ ਪ੍ਰੇਰਿਤ ਕੀਤਾ ਜਾਵੇ ਕਿਉਂਕਿ ਇਨ੍ਹਾਂ ਵਰਗਾਂ ਦੇ ਵਿਚ ਇਤਨੀ ਹਿੰਮਤ ਨਹੀਂ ਹੈ ਕਿ ਉਹ ਆਪਣੇ ਬੱਚਿਆਂ ਨੂੰ ਪੜ੍ਹਾਈ ਕਰਵਾ ਸਕਣ।

ਇਸ ਤੋਂ ਇਲਾਵਾ, ਬੁਢਾਪਾ ਪੈਨਸ਼ਨ ਜਿਹੜੀ ਮਿਲਦੀ ਹੈ, ਉਹ 50 ਰੁਪਏ ਹੈ। ਇਹ ਪੈਨਸ਼ਨ ਬੜੀ ਘੱਟ ਹੈ। ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ ਤਾਂ ਕਿ ਜਿਹੜੇ ਲੋਕ ਇਹ ਪੈਨੇਸ਼ਨ ਲੈਂਦੇ ਹਨ, ਉਨ੍ਹਾਂ ਦਾ ਠੀਕ ਗੁਜ਼ਾਰਾ ਹੋ ਸਕੇ।

ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਸਾਡੀ ਦੁਆਬੇ ਦੀ ਧਰਤੀ ਹੈ, ਇਸ ਵਿਚ ਪਾਣੀ ਦੀ ਬੜੀ ਘਾਟ ਹੈ। ਬਿਸਤ ਦੁਆਬ ਨਹਿਰ ਵਿਚ ਪਾਣੀ ਦਾ ਬਹੁਤ ਪ੍ਰਬੰਧ ਹੈ ਪਰ ਸਾਡੇ ਵਾਸਤੇ ਪਾਣੀ ਦਾ ਕੋਈ ਪ੍ਰਬੰਧ ਨਹੀਂ ਕੀਤਾ ਜਾ ਰਿਹਾ। ਮੈਂ ਗੁਜ਼ਾਰਿਸ਼ ਕਰਦਾ ਹਾਂ ਕਿ ਦੁਆਬੇ ਦਾ ਜਿਤਨਾ ਪਾਣੀ ਬਣਦਾ ਹੈ, ਉਸ ਨੂੰ ਪੱਕੇ ਖਾਲਿਆਂ ਰਾਹੀਂ ਸਾਡੇ ਤਕ ਪਹੁੰਚਾਇਆ ਜਾਵੇ। ਇਸ ਵਾਰ ਬਾਰਸ਼ਾਂ ਕਾਫ਼ੀ ਹੋਣ ਕਰਕੇ ਕੁਝ ਬਚਾਅ ਹੋ ਗਿਆ ਹੈ ਨਹੀਂ ਤਾਂ ਹਾਲਤ ਬੜੀ ਮਾੜੀ ਸੀ। ਹੁਣ ਇਸ ਇਲਾਕੇ ਵਿਚ ਕਹਿੰਦੇ ਹਨ ਕਿ ਕੋਚ ਫੈਕਟਰੀ ਲਗਾਉਣੀ ਹੈ । ਇਹ ਕਹਿੰਦੇ ਹਨ ਕਿ ਇਹ ਬਹੁਤ ਵੱਡਾ ਕੰਮ ਕੀਤਾ ਜਾ ਰਿਹਾ ਹੈ ਪਰ ਸਾਨੂੰ ਜਾਪਦਾ ਹੈ ਕਿ ਰਹਿੰਦੀ ਖੂੰਹਦੀ ਸਾਡੀ ਬਿਜਲੀ ਇਹ ਫੈਕਟਰੀ ਲੈ ਜਾਵੇਗੀ। ਇਥੇ ਜਿਹੜੇ ਥਰਮਲ ਪਲਾਂਟ ਬਣਾਏ ਗਏ ਹਨ, ਉਨ੍ਹਾਂ ਵਾਸਤੇ ਕੋਲਾ ਬੜੀ ਦੂਰੋਂ ਆਉਂਦਾ ਹੈ ਜਿਸ ਕਰਕੇ ਲਾਗਤ ਵਧ ਜਾਂਦੀ ਹੈ ਅਤੇ ਸਾਨੂੰ ਬਿਜਲੀ ਮਹਿੰਗੀ ਮਿਲਦੀ ਹੈ। ਇਸ ਵਾਸਤੇ ਸਾਨੂੰ ਇਥੇ ਅਟਾਮਿਕ ਐਨਰਜੀ ਪਲਾਂਟ ਲਗਵਾਉਣ ਵਾਸਤੇ ਉਪਰਾਲੇ ਕਰਨੇ ਚਾਹੀਦੇ ਹਨ ਤਾਂਕਿ ਬਿਜਲੀ ਦੀ ਘਾਟ ਦੂਰ ਹੋ ਸਕੇ। ਚੇਅਰਮੈਨ ਸਾਹਿਬ, ਕਿਸਾਨ ਦਾ ਇਕ ਵੱਡਾ ਮਸਲਾ ਹੈ ਚੀਜ਼ਾਂ ਦੇ ਭਾਅ ਦਾ। ਇਸ ਬਾਰੇ ਇਕ ਕਮਿਸ਼ਨ ਬਣਾ ਕੇ ਚੀਜ਼ਾਂ ਦੇ ਭਾਅ ਨਿਸਚਿਤ ਕੀਤੇ ਜਾਣ। ਲੋਹੇ ਦੇ ਭਾਅ ਅਸਮਾਨ ਨੂੰ ਛੂਹ ਰਹੇ ਹਨ। ਅਸੀਂ ਲੋਹੇ ਦੇ ਸੰਦ ਲੈਣ ਜਾਂਦੇ ਹਾਂ, ਸਾਨੂੰ ਬਹੁਤ ਮਹਿੰਗੇ ਮਿਲਦੇ ਹਨ। ਇਸ ਬਾਰੇ ਹਿੰਦ ਸਰਕਾਰ ਨਾਲ ਗੱਲ ਕੀਤੀ ਜਾਵੇ। ਲੰਹਾ ਬਲੈਕ ਵਿਚ ਵਿਕ ਰਿਹਾ ਹੈ। ਇਸੇ ਤਰ੍ਹਾਂ ਕੋਲਾ ਵੀ ਬਲੈਕ ਵਿਚ ਵਿਕ ਰਿਹਾ ਹੈ। ਕੋਲੇ ਦੀ ਬਲੈਕ ਕਰਕੇ ਇੱਟਾਂ ਦੇ ਭਾਅ ਵੀ ਬਹੁਤ ਵਧ ਗਏ ਹਨ। ਇੱਟਾਂ ਦਾ ਭਾਅ ਨਾਰਮਲ ਕੀਤਾ ਜਾਣਾ ਚਾਹੀਦਾ ਹੈ। ਅੱਜ ਛੋਟਾ ਕਿਸਾਨ ਜਾਂ ਮਜ਼ਦੂਰ ਕੋਈ ਮਕਾਨ ਬਣਾਉਣਾ ਚਾਹੁੰਦਾ ਹੈ ਤਾਂ ਉਸ ਵਾਸਤੇ ਬਹੁਤ ਮੁਸ਼ਕਲ ਹੈ ਕਿਉਂਕਿ ਇੱਟਾਂ ਦੇ ਭਾਅ ਬਹੁਤ ਜ਼ਿਆਦਾ ਹਨ। ਉਸ ਵਿਚ ਐਨੀ ਸ਼ਕਤੀ ਨਹੀਂ ਕਿ ਉਹ ਆਪਣਾ ਮਕਾਨ ਖੜ੍ਹਾ ਕਰ ਸਕੇ। ਇਹ ਸਾਰੀਆਂ ਚੀਜ਼ਾਂ ਸੈਂਟਰ ਸਰਕਾਰ ਦੀਆਂ ਪਾਲਿਸੀਆਂ ਨਾਲ ਤਾਲੁੱਕ ਰਖਦੀਆਂ ਹਨ। ਬਾਦਲ ਸਰਕਾਰ ਨੇ ਸ਼ਡਿਊਲਡ ਕਾਸਟ ਵੀਰਾਂ ਲਈ ਜਿਹੜੀਆਂ ਕਾਲੋ-ਨੀਆਂ ਸ਼ੁਰੂ ਕੀਤੀਆਂ ਸਨ, ਉਹ ਸਾਰੀਆਂ ਅਧੂਰੀਆਂ ਪਈਆਂ ਹਨ। ਉਹ ਉਥੇ ਦੀਆਂ ਉਥੇ ਹੀ ਪਈਆਂ ਹੋਈਆਂ ਹਨ, ਉਨ੍ਹਾਂ ਨੂੰ ਮੁਕੰਮਲ ਨਹੀਂ ਕੀਤਾ ਗਿਆ। ਮੈਂ ਬਰਨਾਲਾ ਸਾਹਿਬ ਦੀ ਪ੍ਰਸ਼ੰਸਾ ਕਰਦਾ ਹਾਂ ਜਿਨ੍ਹਾਂ ਨੇ ਇਨ੍ਹਾਂ ਸਕੀਮਾਂ ਨੂੰ ਮੁੜ ਚਾਲੂ ਕਰਨ ਦਾ ਫੈਸਲਾ ਕੀਤਾ ਹੈ। ਫੋਕਲ ਪੁਆਇੰਟਾਂ ਨੂੰ ਦੁਬਾਰਾ ਚਾਲੂ ਕਰਨ ਨਾਲ ਪੇਂਡੂ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਪਿਛਲੀ ਸਰਕਾਰ ਨੇ ਇਹ ਸਕੀਮ ਬੰਦ ਕਰ ਦਿੱਤੀ ਸੀ। ਇਸ ਸਕੀਮ ਨੂੰ ਦੁਬਾਰਾ ਸ਼ੁਰੂ ਕਰਨ ਦਾ ਫੈਸਲਾ ਕਰਕੇ ਅਕਾਲੀ ਸਰਕਾਰ ਨੇ ਫੇਰ ਪੰਜਾਬੀਆਂ ਦੇ ਮਨਾਂ ਨੂੰ ਛੋਹਿਆ ਹੈ। ਇਸ ਚੀਜ਼ ਨਾਲ ਲੋਕਾਂ ਨੂੰ ਬਹੁਤ ਜ਼ਿਆਦਾ ਰਾਹਤ ਮਿਲੇਗੀ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਪੇਂਡੂ ਲੋਕਾਂ ਨਾਲ ਤਾਲੁੱਕ ਰੱਖਣ ਵਾਲੇ 4 ਆਦਮੀ ਪ੍ਰਮੁੱਖ ਹਨ : ਕੋ–ਆਪ੍ਰੇਟਿਵ ਸੋਸਾਇਟੀ ਦਾ ਆਦਮੀ, ਪਟਵਾਰੀ, ਪੰਚਾਇਤ ਸਕੱਤਰ ਅਤੇ ਗ੍ਰਾਮ ਸੇਵਕ । ਸਾਨੂੰ ਇਸ ਕਿਸਮ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ ਕਿ ਇਹ ਚਾਰੇ ਆਦਮੀ ਪਿੰਡ ਦੇ ਲੋਕਾਂ ਨੂੰ ਆਸਾਨੀ ਨਾਲ ਉਪਲਬਧ ਹੋ ਸਕਣ। ਜਿਹੜੇ ਪਿਛਲੇ 5 ਸਾਲ ਲੰਘੇ ਹਨ, ਉਸ ਦੌਰਾਨ ਇਹ ਚੀਜ਼ ਆਮ ਵੇਖਣ ਵਿਚ ਆਈ ਹੈ ਕਿ ਨਾ ਪਟਵਾਰੀ ਪਿੰਡ ਵਿਚ ਰਹਿੰਦਾ ਹੈ, ਨਾ ਪੰਚਾਇਤ ਸਕੱਤਰ ਅਤੇ ਨਾ ਕੋਈ ਹੋਰ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਚੇਅਰਮੈਨ ਸਾਹਿਬ, ਇਕ ਹੋਰ ਗਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਡੇਅਰੀ ਦਾ ਧੰਦਾ ਹੈ, ਇਹ ਬੜਾ ਘਾਟੇ ਵਾਲਾ ਧੰਦਾ ਸਾਬਤ ਹੋ ਰਿਹਾ ਹੈ। ਬੜਾ ਚਰਚਾ ਸੁਣਦੇ ਆਏ ਹਾਂ ਕਿ ਇਥੇ ਵਾਈਟ ਰੈਵੋਲਿਊਸ਼ਨ ਲਿਆਂਦਾ ਜਾਵੇ। ਪਰ ਦੁੱਧ ਦਾ ਰੇਟ ਬੜਾ ਘਟ ਹੈ। ਇਸ ਦੁਧ ਨੂੰ ਦਿੱਲੀ ਵਗੈਰਾ ਸ਼ਹਿਰਾਂ ਵਿਚ ਲਿਜਾਣ ਵਾਸਤੇ ਰੇਲਵੇ ਵਿਚ ਏਅਰਕੰਡੀਸ਼ਨਿੰਗ ਦਾ ਇੰਤਜ਼ਾਮ ਕਰਵਾਇਆ ਜਾਣਾ ਚਾਹੀਦਾ ਹੈ। ਬਚੇ ਹੋਏ ਦੁਧ ਦਾ ਸੁੱਕਾ ਪਾਊਡਰ ਬਣਾਇਆ ਜਾਵੇ। ਚੇਅਰਮੈਨ ਸਾਹਿਬ, ਇਹ ਗਰੀਬ ਕਿਸਾਨ ਦਾ ਧੰਦਾ ਹੈ। ਉਸ ਨੂੰ ਦੁਧ ਦਾ ਠੀਕ ਮੁੱਲ ਨਹੀਂ ਮਿਲਦਾ । ਜੇ ਦੁਧ ਦੀ ਪੈਦਾਵਾਰ ਵਧਾਉਣੀ ਹੈ ਤਾਂ ਦੁਧ ਦਾ ਠੀਕ ਮੁੱਲ ਦੇਣ ਵਾਸਤੇ ਇੰਤਜ਼ਾਮ ਕਰਨਾ ਪਵੇਗਾ। ਇਸ ਲਈ ਹਿੰਦ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਾਡੀ ਇਸ ਇੰਡਸਟਰੀ ਨੂੰ ਵਧਾਉਣ ਲਈ ਦੁਧ ਦਾ ਠੀਕ ਮੁਲ ਦਿਵਾਉਣ ਅਤੇ ਉਸ ਦੀ ਠੀਕ ਸੰਭਾਲ ਵਲ ਧਿਆਨ ਦੇਵੇ ।

ਬਾਊਂਡਰੀ ਕਮਿਸ਼ਨ ਅਤੇ ਹੋਰ ਦੂਜੇ ਕਮਿਸ਼ਨ ਛੇਤੀ ਸਥਾਪਤ ਕੀਤੇ ਜਾਣ। ਇਸ ਵਾਸਤੇ ਸਾਨੂੰ ਸਾਰਿਆਂ ਨੂੰ ਰਲ ਕੇ ਕਾਂਗਰਸੀ ਵੀਰਾਂ ਸਮੇਤ, ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਕਮਿਸ਼ਨਾਂ ਤੋਂ ਇਨਸਾਫ ਲੈਣ ਵਾਸਤੇ ਹੰਭਲਾ ਮਾਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਜਿਹੜਾ ਸਾਡਾ ਇੰਡਸਟਰੀ ਦਾ ਸੈਟ–ਅਪ ਹੈ, ਉਸ ਨੂੰ ਓਵਰਹਾਲ ਕਰਨ ਦੀ ਲੋੜ ਹੈ । ਇਥੇ ਬਹੁਤ ਸਾਰੇ ਬੋਗਸ ਲਾਇਸੰਸ ਹਨ। ਬਹੁਤ ਸਾਰੇ ਕੋਟੇ ਬੋਗਸ ਲਾਇਸੰਸਾਂ ਉਤੇ ਲਏ ਜਾ ਰਹੇ ਹਨ । ਕੋਲਾ ਬਲੈਕ ਵਿਚ ਵਿਕਦਾ ਹੈ। ਮੈਂ ਬਰਨਾਲਾ ਸਾਹਿਬ ਅਤੇ ਸਰਦਾਰ ਬਲਵੰਤ ਸਿੰਘ ਨੂੰ ਬੇਨਤੀ ਕਰਾਂਗਾ ਕਿ ਬੋਗਸ ਯੂਨਿਟਾਂ ਨੂੰ ਬੰਦ ਕੀਤਾ ਜਾਵੇ ਅਤੇ ਬੋਗਸ ਲਾਇਸੰਸ ਖਤਮ ਕੀਤੇ ਜਾਣ। ਇਸੇ ਤਰ੍ਹਾਂ ਪੰਜਾਬ ਰਾਜ ਬਿਜਲੀ ਬੋਰਡ ਦੀ ਗੱਲ ਹੈ। ਉਥੋਂ ਦੇ 2 ਹਜ਼ਾਰ ਇੰਜੀਨੀਅਰਾਂ ਨੇ ਇਹ ਚੀਜ਼ ਛਾਪ ਕੇ ਵੰਡੀ ਹੈ ਕਿ ਪਿਛਲੇ 5 ਸਾਲਾਂ ਵਿਚ ਉਥੇ 50 ਕਰੋੜ ਰੁਪਏ ਦਾ ਗਬਨ ਹੋਇਆ ਹੈ। ਇਸ ਬੋਰਡ ਦੇ ਸਾਰੇ ਸਿਸਟਮ ਨੂੰ ਓਵਰਹਾਲ ਕਰਨ ਦੀ ਲੋੜ ਹੈ। ਇਸ ਦੇ ਕੰਮ ਕਰਨ ਦੇ ਢੰਗ ਨੂੰ ਬਦਲਿਆ ਜਾਵੇ। ਪਤਾ ਨਹੀਂ ਇਸ ਗਬਨ ਵਿਚ ਕਿਹੜੇ ਕਿਹੜੇ ਲੋਕਾਂ ਦੀ ਹਿੱਸਾ–ਪੱਤੀ ਹੈ ਅਤੇ ਉਨ੍ਹਾਂ ਨੇ ਕਿੰਨਾ ਕਿੰਨਾ ਪੈਸਾ ਖਾਧਾ ਹੈ। ਉਸ ਬਾਰੇ ਪੜਤਾਲ ਕਰਵਾਉਣੀ ਚਾਹੀਦੀ ਹੈ ਅਤੇ ਅੱਗੇ ਤੋਂ ਇਸ ਦੇ ਕੰਮ ਕਾਜ ਵਿਚ ਸੁਧਾਰ ਕੀਤਾ ਜਾਵੇ ਤਾਂ ਕਿ ਸਾਨੂੰ ਬਿਜਲੀ ਸਸਤੀ ਮਿਲ ਸਕੇ ।

ਸ਼੍ਰੀ ਸਭਾਪਤੀ : ਵਾਈਂਡ ਅਪ ਕਰੋ, ਸਰਦਾਰ ਜੀ।

ਸਰਦਾਰ ਕੁਲਦੀਪ ਸਿੰਘ ਵਡਾਲਾ : ਚੇਅਰਮੈਨ ਸਾਹਿਬ , ਮੈਂ ਸਮਝਦਾ ਹਾਂ ਕਿ ਪੰਜਾਬ ਦੀ ਹਾਲਤ ਨੂੰ ਸੁਧਾਰਨ ਵਾਸਤੇ ਹਿੰਦ ਸਰਕਾਰ ਨੂੰ ਘੱਟ ਤੋਂ ਘਟ 500 ਕਰੋੜ ਰੁਪਏ ਦੀ ਸਹਾਇਤਾ ਜ਼ਰੂਰ ਦੇਣੀ ਚਾਹੀਦੀ ਹੈ। ਹਿੰਦ ਸਰਕਾਰ ਨੂੰ ਬੇਨਤੀ ਕੀਤੀ ਜਾਵੇ ਕਿ ਪੰਜਾਬ ਵਿਚ ਜਿਤਨਾ ਡਿਪਾਜ਼ਿਟ ਹੈ, ਉਹ ਸਾਰੇ ਦਾ ਸਾਰਾ ਪੰਜਾਬ ਵਾਸਤੇ ਰਿਜ਼ਰਵ ਕਰ ਦਿਤਾ ਜਾਵੇ ਜਿਸ ਵਿਚੋਂ 25 % ਸ਼ਡਿਊਲਡ ਕਾਸਟਸ ਵਾਸਤੇ ਅਤੇ 25% ਕਿਸਾਨ ਵਾਸਤੇ ਰਖਿਆ ਜਾਵੇ। ਮੈਂ ਸਮਝਦਾ ਹਾਂ ਕਿ ਇਹ ਬਹੁਤ

Original with;
Punjab Vidhan Sabha
Digitized by;
Panjab Digital Library

[ਸਰਦਾਰ ਕੁਲਦੀਪ ਸਿੰਘ ਵਡਾਲਾ]

ਵਡਾ ਡਿਸਕ੍ਰਿਮੀਨੇਸ਼ਨ ਹੈ ਕਿ ਪੰਜਾਬ ਦਾ ਜਿਤਨਾ ਡਿਪਾਜ਼ਿਟ ਹੈ ਉਸ ਦਾ 60% ਹਿਸਾ ਪੰਜਾਬ ਤੋਂ ਬਾਹਰ ਚਲਾ ਜਾਂਦਾ ਹੈ। ਜੇ ਸਾਡਾ ਸਰਮਾਇਆ ਸਾਨੂੰ ਹੀ ਦੇ ਦਿਤਾ ਜਾਵੇ ਤਾਂ ਪੰਜਾਬ ਬਹੁਤ ਡਿਵੈਲਪ ਹੋ ਸਕਦਾ ਹੈ। ਇਸ ਬਾਰੇ ਸਾਰੇ ਹਾਊਸ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜੇ 100% ਨਹੀਂ ਤਾਂ ਘਟੋ ਘਟ 75% ਡਿਪਾਜ਼ਿਟ ਪੰਜਾਬ ਦੀ ਤਰੱਕੀ ਵਾਸਤੇ ਦੇ ਦਿੱਤਾ ਜਾਵੇ।

ਸ਼੍ਰੀ ਸਭਾਪਤੀ : ਸਰਦਾਰ ਜੀ, ਹੁਣ ਬੈਠ ਜਾਓ।

ਸਰਦਾਰ ਕੁਲਦੀਪ ਸਿੰਘ ਵਡਾਲਾ : ਇਕ ਹੋਰ ਚੀਜ਼ ਵੱਲ ਮੈਂ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਇਕ ਬੀਬੀ ਜਿਹੜੀ ਕਿ ਸ਼ਡਿਊਲਡ ਕਾਸਟ ਨਾਲ ਸਬੰਧ ਰੱਖਦੀ ਸੀ, ਇੰਗਲੈਂਡ ਤੋਂ ਆਈ ਪਰ ਨਵਾਂ ਸ਼ਹਿਰ ਦੇ ਕੋਲ ਉਸ ਦਾ ਕਤਲ ਕਰ ਦਿੱਤਾ ਗਿਆ। ਇਕ ਮਹੀਨੇ ਤੱਕ ਲਾਸ਼ ਨਹੀਂ ਲਭੀ। ਅਜੇ ਤੱਕ ਕੇਸ ਕਿਸੇ ਸਿਰੇ ਨਹੀਂ ਲੱਗਾ। ਮੁਲਜ਼ਮ ਹਾਲੇ ਤੱਕ ਫੜੇ ਨਹੀਂ ਗਏ। ਇਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਇਹ ਜੋ ਗਵਰਨਰ ਸਾਹਿਬ ਨੇ ਐਡਰੈਸ ਪੇਸ਼ ਕੀਤਾ ਹੈ (ਵਿਘਨ)

ਸ਼੍ਰੀ ਸਭਾ ਪਤੀ : ਤੁਸੀਂ ਰੂਲਿੰਗ ਪਾਰਟੀ ਦੇ ਮੈਂਬਰ ਹੋ। ਇਹ ਚੰਗੀ ਗਲ ਨਹੀਂ ਹੈ। ਕਿਰਪਾ ਕਰਕੇ ਤੁਸੀਂ ਬੈਠ ਜਾਓ।

ਸਰਦਾਰ ਬਚਿੱਤਰ ਸਿੰਘ (ਖਰੜ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਧੰਨਵਾਦ ਦੇ ਮਤੇ ਤੇ ਬੋਲਣ ਲਈ ਸਮਾਂ ਦਿੱਤਾ ਹੈ। ਜੋ ਕੁਝ ਪਿਛਲੇ ਸਾਲਾਂ ਵਿਚ ਪੰਜਾਬ ਵਿਚ, ਖਾਸ ਤੌਰ ਤੇ ਸਿੱਖ ਕੌਮ ਤੇ ਵਾਪਰਿਆ ਹੈ, ਉਹ ਦੇਖ ਕੇ ਇੱਕ ਸ਼ੇਅਰ ਯਾਦ ਆ ਗਿਆ ਹੈ :—

"ਜੋ ਭੀ ਸੁਨਨਾ ਚਾਹਤਾ ਹੈ ਮੇਰੀ ਰੂ ਦਾਦੇ ਬਰਬਾਦੀ,
ਵੋਹ ਮਹਿਫਲ ਮੇਂ ਕਲੇਜਾ ਜ਼ਰਾ ਥਾਮ ਕਰ ਬੈਠੇ"।

ਜਿਸ ਅਕਾਲ ਤਖਤ ਉਤੇ ਦੇਸ਼ ਅਤੇ ਦੇਸ਼ ਦੀਆਂ ਧੀਆਂ ਭੈਣਾਂ ਦੀ ਰਾਖੀ ਕਰਨ ਵਾਂਸਤੇ ਅਰਦਾਸ ਕਰਕੇ ਸਾਡੇ ਵੱਡੇ ਵਡੇਰੇ ਤੁਰਦੇ ਰਹੇ ਉਥੇ ਇਨ੍ਹਾਂ ਨੇ ਛੇ ਡਿਵੀਜ਼ਨ ਫੌਜ ਚਾੜ੍ਹ ਦਿੱਤੀ ਔਰ ਉਸ ਨੂੰ ਢਹਿ ਢੇਰੀ ਕਰ ਦਿਤਾ। ਪਵਿੱਤਰ ਪਰਕਰਮਾਂ ਨੂੰ ਸ਼ਹੀਦਾਂ ਦੇ ਖੂਨ ਨਾਲ ਲਥ ਪਥ ਕਰ ਦਿੱਤਾ। ਉਸ ਪਵਿੱਤਰ ਸਰੋਵਰ ਨੂੰ ਜਿਥੋਂ ਜ਼ਿੰਦਗੀ ਮਿਲਦੀ ਹੈ ਲਾਸ਼ਾਂ ਨਾਲ ਅੱਟ ਦਿੱਤਾ। ਫਿਰ ਜਦੋਂ ਅਕਾਲ ਤਖਤ ਤੇ 6 ਤਾਰੀਖ ਨੂੰ ਕਬਜ਼ਾ ਹੋ ਗਿਆ ਤਾਂ ਉਸ ਤੋਂ ਤਿੰਨ ਦਿਨ ਪਿਛੋਂ 9 ਤਾਰੀਖ ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ ਸਾੜ ਦਿੱਤੀ ਗਈ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਸਾੜ ਦਿੱਤੀਆਂ ਗਈਆਂ। ਗੁਰੂ ਸਾਹਿਬਾਨ ਦੀਆਂ ਹੱਥ ਲਿਖਤਾਂ, ਉਨ੍ਹਾਂ ਦੇ ਹੁਕਮ ਨਾਮੇਂ ਅਗਨ ਭੇਂਟ ਕਰ ਦਿੱਤੇ ਗਏ। ਨਵੰਬਰ ਵਿਚ ਜੋ ਕੁਝ ਇਸ ਕੌਮ ਨਾਲ ਬੀਤਿਆ, ਜੋ ਦਿੱਲੀ ਵਿਚ ਅਤੇ ਹੋਰ ਸਾਰੇ ਦੇਸ਼ ਭਰ ਵਿਚ ਜੋ ਜੰਗਲੀ ਜਾਨਵਰਾਂ ਵਾਂਗ ਇਸ ਕੌਮ ਦਾ ਸ਼ਿਕਾਰ ਖੇਡਿਆ ਗਿਆ, ਉਹ ਵੇਖ ਕੇ ਰੌਂਗਟੇ ਖੜੇ ਹੋਣ ਵਾਲੀ ਗੱਲ ਹੈ। ਜੀਉਂਦੇ ਸੜ ਰਹੇ ਸਿੱਖ ਦੇ ਸਾਹਮਣੇ ਉਸ ਦੀ ਪਤਨੀ, ਧੀ, ਭੈਣ ਦੀ ਇਜ਼ਤ ਲੁਟੀ ਜਾ ਰਹੀ ਸੀ, ਇਹ ਸਾਰਾ ਕੁਝ ਹੋਣ ਤੋਂ ਬਾਅਦ ਵੀ ਉਲਟਾ ਇਨ੍ਹਾਂ ਨੂੰ ਅੱਤਵਾਦੀ ਕਿਹਾ ਜਾਂਦਾ ਹੈ ਅਤੇ ਕਰਨ ਵਾਲਿਆਂ ਨੂੰ ਮੈਂਬਰੀਆਂ ਤੇ ਵਜ਼ੀਰੀਆਂ ਮਿਲਦੀਆਂ ਹਨ। ਮੈਨੂੰ

Original with;
Punjab Vidhan Sabha
Digitized by;
Panjab Digital Library

ਅਫਸੋਸ ਹੈ ਕਿ ਕਾਂਗਰਸ ਸਰਕਾਰ ਨੇ ਇਕ ਦੇਸ਼ ਭਗਤ ਕੌਮ ਨੂੰ ਗਦਾਰ ਕਿਹਾ। ਮੇਨਕਾ ਗਾਂਧੀ ਨੂੰ 'ਬੇਟੀ ਹੈ ਸਰਦਾਰ ਕੀ, ਦੇਸ਼ ਕੇ ਗਦਾਰ ਕੀ" ਆਖਿਆ। ਸਿੱਖਾਂ ਦੀ ਦੇਸ਼ ਭਗਤੀ ਦਾ ਲੋਹਾ ਸਾਰੀ ਦੁਨੀਆਂ ਮੰਨਦੀ ਹੈ। ਅੰਗਰੇਜ਼ਾਂ ਨੂੰ ਕੱਢਣ ਵੇਲੇ 2646 ਦੇਸ਼ ਭਗਤਾਂ ਨੂੰ ਉਮਰ ਕੈਦ ਦੀ, ਸਜ਼ਾ ਹੋਈ ਜਿਨ੍ਹਾਂ ਵਿਚੋਂ 2047 ਸਿੱਖ ਸਨ। ਜਿਨ੍ਹਾਂ 121 ਨੂੰ ਫਾਂਸੀ ਲਗੀ ਉਨ੍ਹਾਂ ਵਿਚੋਂ 93 ਸਿੱਖ ਸਨ। ਕਾਮਾ ਗਾਟਾ ਮਾਰੂ ਜਹਾਜ਼ ਦੇ ਗਦਰੀ ਜਿਹੜੇ ਗੋਲੀ ਨਾਲ ਸ਼ਹੀਦ ਕੀਤੇ ਗਏ ਉਹਨਾਂ 113 ਵਿਚੋਂ 67 ਸਿੱਖ ਸਨ। ਆਈ.ਐਨ.ਏ. ਵਿਚ 40% ਸਿੱਖ ਸਨ। ਹਰ ਖੇਤਰ ਵਿਚ ਜਿਥੇ ਲੋੜ ਪਈ ਇਹ ਅੱਗੇ ਹੋਏ ਔਰ ਇਨ੍ਹਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ। ਦੇਸ਼ ਨੂੰ ਇਨ੍ਹਾਂ ਨੇ ਆਪਣਾ ਖੂਨ ਦੇ ਕੇ ਆਜ਼ਾਦ ਕਰਾਇਆ।

"ਗੁਲਸਤਾਨ ਕੋ ਜਬ ਭੀ ਖੂਨ ਕੀ ਜ਼ਰੂਰਤ ਪੜੀ,
ਤੋ ਸਭ ਸੇ ਪਹਿਲੇ ਗਰਦਨ ਹਮਾਰੀ ਕਟੀ,
ਮਗਰ ਫਿਰ ਭੀ ਕਹਿਤੇ ਹੈਂ ਅਹਿਲੇ ਚਮਨ,
ਹਮਾਰਾ ਹੈ ਯਹ ਤੁਮਾਰਾ ਨਹੀਂ,
ਬਾਤ ਰਹਿਤੀ ਗੁਲੋਂ ਤਕ ਤੋ ਸਹਿ ਲੇਤੇ ਹਮ,
ਮਗਰ ਅਬ ਤੋ ਕਾਂਟੋਂ ਪੇ ਭੀ ਹੱਕ ਹਮਾਰਾ ਨਹੀਂ"।

ਜੋ ਅਮਨ ਕਾਨੂੰਨ ਦੇ ਰਖਵਾਲੇ ਹਨ ਉਨ੍ਹਾਂ ਨੇ ਇਨ੍ਹਾਂ ਨੂੰ ਪਕੜ ਪਕੜ ਕੇ ਮਾਰਿਆ। ਇਹ ਸਰਕਾਰੀ ਟੈਰੋਰਿਜ਼ਮ ਹੈ। ਚੰਡੀਗੜ੍ਹ ਦੀ ਜੇਲ੍ਹ ਵਿਚੋਂ ਚਾਰ ਨੌਜਵਾਨਾਂ ਦੀਆਂ ਜ਼ਮਾਨਤਾਂ ਹੋਈਆਂ। ਇਹ ਸਨ, ਜਸਬੀਰ ਸਿੰਘ, ਜਗਰਾਜ ਸਿੰਘ, ਜਤਿੰਦਰ ਸਿੰਘ ਅਤੇ ਗੁਰਬਚਨ ਸਿੰਘ। ਪਰ ਇਨਾਂ ਨੂੰ ਜੇਲ੍ਹਾਂ ਵਿਚ ਹੀ ਰਹਿਣਾ ਪੈ ਰਿਹਾ ਹੈ ਕਿਉਂਕਿ ਰਿਹਾਈ ਤੋਂ ਪਹਿਲਾਂ ਹੀ ਭਾਰੀ ਗਿਣਤੀ ਵਿਚ ਪੁਲਿਸ ਇਨ੍ਹਾਂ ਨੂੰ ਦੋਸ਼ਾਰਾ ਫੜਨ ਲਈ ਜੇਲ੍ਹ ਪਹੁੰਚ ਜਾਂਦੀ ਹੈ। ਅੱਜ ਮੈਂ ਸਮਝਦਾ ਹਾਂ ਕਿ ਜੋ ਰਾਜੀਵ–ਲੌਂਗੋਵਾਲ ਸਮਝੌਤਾ ਹੋਇਆ ਹੈ, ਉਸ ਤੇ ਸਹੀ ਸਪਿਰਟ ਨਾਲ ਅਮਲ ਕਰਨ ਦੀ ਲੋੜ ਹੈ। ਕਿਵੇਂ ਇਨ੍ਹਾਂ ਲੋਕਾਂ ਨੂੰ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਰਖਿਆ ਹੋਇਆ ਹੈ। ਜੋਧਪੁਰ ਔਰ ਅਜਮੇਰ ਵਿਚ ਇਨ੍ਹਾਂ ਨੂੰ ਅੱਤਵਾਦੀ ਕਹਿਕੇ ਡੱਕਿਆ ਹੋਇਆ ਹੈ। ਇਨ੍ਹਾਂ ਨੂੰ ਬੈਂਸ ਕਮੇਟੀ ਦੀ ਰਿਪੋਰਟ ਦੇ ਮੁਤਾਬਿਕ ਬੇਗੁਨਾਹ ਦਸਿਆ ਗਿਆ ਹੈ। ਬੈਂਸ ਕਮੇਟੀ ਦੀ ਰਿਪੋਰਟ, ਇਹ ਹਾਈ ਕੋਰਟ ਦੇ ਰਿਟਾਇਰਡ ਜੱਜ ਦੀ ਰਿਪੋਰਟ ਹੈ। ਉਸ ਕਮੇਟੀ ਵਿਚ ਸਾਰੇ ਕਾਨੂੰਨ ਦਾਨ ਸ਼ਾਮਲ ਹਨ। ਸਭਰਵਾਲ ਸਾਹਿਬ ਉਸ ਕਮੇਟੀ ਵਿਚ ਸ਼ਾਮਿਲ ਹਨ। ਇਸ ਰਿਪੋਰਟ ਵਿਚ ਉਨ੍ਹਾਂ ਲੋਕਾਂ ਨੂੰ ਬੇਗੁਨਾਹ ਦਸਿਆ ਹੈ। ਇਹ ਸਾਬਤ ਹੋ ਚੁੱਕਾ ਹੈ ਕਿ ਅੱਤਵਾਦੀ ਕੌਣ ਹੈ। ਪਿਆਰ ਨਾਲ ਇੱਕ ਦੂਜੇ ਦੀ ਭਾਵਨਾ ਨੂੰ ਸਮਝਣਾ ਚਾਹੀਦਾ ਹੈ। ਪੰਜਾਬ ਦੇ ਲੋਕਾਂ ਨੇ ਇਨ੍ਹਾਂ ਇਲੈਕਸ਼ਨਜ਼ ਵਿਚ ਆਪਣਾ ਫਤਵਾ ਦਿੱਤਾ ਹੈ ਕਿ ਕੌਣ ਅੱਤਵਾਦੀ ਹੈ। ਇਹ ''ਪਾੜੋ ਅਤੇ ਰਾਜ ਕਰੋ'' ਦੀ ਨੀਤੀ ਤੇ ਚਲਦੇ ਰਹੇ। ਕਾਂਗਰਸ ਪ੍ਰਧਾਨ ਨੂੰ ਰਾਜੀਵ ਗਾਂਧੀ ਨੇ ਪਾਰਟੀ 'ਚੋਂ ਕਢਿਆ। ਬਾਕੀਆਂ ਨੂੰ ਇਲੈਕਸ਼ਨਾਂ ਵੇਲੇ ਲੋਕਾਂ ਨੇ ਸਾਫ਼ ਕਰ ਦਿੱਤਾ। ਇਨ੍ਹਾਂ ਦੀ ਕਹਾਣੀ ਸਾਰੇ ਪੰਜਾਬੀਆਂ ਦੇ ਸਾਹਮਣੇ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਪਾਸੋਂ ਇਹ ਮੰਗ ਕਰਦਾ ਹਾਂ ਕਿ ਜਿਹੜੇ ਪੁਲਿਸ ਅਫਸਰਾਂ ਨੇ ਝੂਠੇ ਮੁਕਾਬਲੇ ਦਿਖਾ ਕੇ ਸਾਡੇ ਨੌਜਵਾਨਾਂ ਨੂੰ ਮਾਰਿਆ ਉਨ੍ਹਾਂ ਕੇਸਾਂ ਦੀ ਜਾਂਚ ਪੜਤਾਲ ਕਰਨ ਲਈ ਇਸ ਹਾਊਸ ਦੀ ਇੱਕ ਕਮੇਟੀ ਮੁੱਕਰਰ ਕਰਨੀ ਚਾਹੀਦੀ ਹੈ ਜਿਹੜੀ ਇਨ੍ਹਾਂ ਮਾਮਲਿਆਂ ਦੀ ਜਾਂਚ ਪੜਤਾਲ ਕਰੇ ਅਤੇ ਕਸੂਰਵਾਰਾਂ ਨੂੰ ਸਜ਼ਾਵਾਂ ਦੇਣ ਦੀ ਸਿਫਾਰਸ਼ ਕਰੇ ਅਤੇ ਬਾਅਦ ਵਿਚ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਇਸ ਸਮਝੌਤੇ ਤਹਿਤ ਸਾਰਿਆਂ ਨੂੰ ਆਪਸ ਵਿਚ ਮਿਲ ਕੇ ਇਸ ਪੰਜਾਬ ਨੂੰ ਅਗਾਂਹ ਤੋਰਨਾ ਚਾਹੀਦਾ ਹੈ। ਇੱਕ ਕੋਝੀ ਸਿਆਸੀ ਚਾਲ ਸੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਚਿੱਤਰ ਸਿੰਘ]

ਜਿਸ ਤਹਿਤ ਇਹ ਚੀਜ਼ਾਂ ਵਾਪਰੀਆਂ। ਸਾਰੇ ਦੇਸ਼ ਵਿਚ ਸਿੱਖਾਂ ਦਾ ਸ਼ਿਕਾਰ ਖੇਡਿਆ ਗਿਆ, ਇਹ ਜ਼ੁਲਮ ਉਨ੍ਹਾਂ ਪਰਾਂਤਾਂ ਵਿਚ ਘਟ ਹੋਇਆ ਜਿਥੇ ਕਾਂਗਰਸ ਸਰਕਾਰਾਂ ਨਹੀਂ ਸੰਨ ਜਿਵੇਂ ਕਿ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼ ਤੇ ਕਰਨਾਟਕ। ਇਨ੍ਹਾਂ ਪਰਦੇਸ਼ਾਂ ਵਿਚ ਵੀ ਹਿੰਦੂ ਸਨ ਪਰ ਉਥੇ ਸਿੱਖਾਂ ਦਾ ਨੁਕਸਾਨ ਬਹੁਤ ਘਟ ਹੋਇਆ। ਹਿੰਦੁਸਤਾਨ ਦੇ ਹਿੰਦੂਆਂ ਨੂੰ ਗੁਮਰਾਹ ਕੀਤਾ ਗਿਆ। ਜਿਹੜੇ ਹਿੰਦੂ ਲੀਡਰ ਇਸ ਗਲ ਨੂੰ ਸਮਝਦੇ ਸਨ ਉਨ੍ਹਾਂ ਨੂੰ ਵੀ ਗਿਰਾ ਦਿੱਤਾ ਗਿਆ। ਇਸ ਤਰ੍ਹਾਂ ਕਰਕੇ ਸਾਰਾ ਕੁਝ ਉਸ ਵੇਲੇ ਵਾਪਰਿਆ। ਮੈਂ ਬੇਨਤੀ ਕਰਦਾ ਹਾਂ ਕਿ ਬੈਂਸ ਕਮੇਟੀ ਦੀ ਰਿਪੋਰਟ ਲਈ ਸਾਨੂੰ ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ ਅੌਰ ਜਿਸ ਤਰ੍ਹਾਂ ਰਿਪੋਰਟ ਮਿਲੀ ਉਸ ਤੇ ਪੂਰਨ ਤੌਰ ਤੇ ਅਮਲ ਕਰਨਾ ਚਾਹੀਦਾ ਹੈ। ਫੌਜੀ ਭਰਤੀਆਂ ਨੂੰ ਮੁਆਫੀ ਦੇਣੀ ਚਾਹੀਦੀ ਹੈ। ਜੇਕਰ ਉਨ੍ਹਾਂ ਦੇ ਗੁਰਦੁਆਰਿਆਂ ਦੀ ਨਿਰਾਦਰੀ ਹੋਵੇ ਅੌਰ ਉਹ ਉਧਰ ਤੁਰ ਪੈਣ ਤਾਂ ਉਸ ਵਿਚ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਲੋਕਾਂ ਵਿਚ ਰਾਜੀਵ ਗਾਂਧੀ ਨੇ ਨੈਸ਼ਨਲ ਪਾਲਿਸੀ ਲੇ ਡਾਊਨ ਕਰਦੇ ਹੋਏ ਕਿਹਾ ਹੈ ਕਿ ਤਾਮਿਲ ਲੋਕ ਜੋ ਉਥੇ ਵਖਰੀ ਅਟਾਨੋਮੀ ਮੰਗਦੇ ਸਨ ਉਨ੍ਹਾਂ ਵਾਸਤੇ ਜਨਰਲ ਐਮਨੈਸਟੀ ਦੀ ਮੰਗ ਕੀਤੀ ਹੈ। ਜੇਕਰ ਲੰਕਾ ਵਿਚ ਜਨਰਲ ਐਮਨੈਸਟੀ ਮਿਲ ਸਕਦੀ ਹੈ ਤਾਂ ਫਿਰ ਸਾਡਾ ਵੀ ਹੱਕ ਬਣਦਾ ਹੈ ਕਿ ਅਸੀਂ ਵੀ ਆਪਣੇ ਵੀਰਾਂ ਵਾਸਤੇ ਕਹੀਏ ਕਿ ਇਨ੍ਹਾਂ ਨੂੰ ਸਾਰਿਆਂ ਨੂੰ, ਵੀ ਜਨਰਲ ਐਮਨੈਸਟੀ ਮਿਲਣੀ ਚਾਹੀਦੀ ਹੈ। ਪਰ ਸਾਡੇ ਇਥੇ ਕੀ ਹੋਇਆ ਕਿ ਕਿਵੇਂ ਸਿੱਖ ਪੰਜਾਬ ਨੂੰ ਵਹੀਰਾਂ ਘੱਤ ਕੇ ਆਏ। ਅੱਜ ਉਨ੍ਹਾਂ ਦੀ ਮੱਦਦ ਦੀ ਜ਼ਰੂਰਤ ਹੈ। ਮੈਂ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਹੜੀ ਇਨ੍ਹਾਂ ਨੇ ਕਮੇਟੀ ਬਣਾਈ ਹੈ। ਉਹ ਉਨ੍ਹਾਂ ਲੋਕਾਂ ਦੇ ਦੁੱਖ ਸਣੇਗੀ ਅਤੇ ਉਨ੍ਹਾਂ ਲੋਕਾਂ ਦੇ ਦੁੱਖਾਂ ਦਾ ਉਪਾਅ ਕਰਨ ਦਾ ਯਤਨ ਕਰੇਗੀ, ਉਨ੍ਹਾਂ ਬਾਰੇ ਸੁਝਾਓ ਦੇਵੇਗੀ। ਮੈਂ ਮੰਗ ਕਰਦਾ ਹਾਂ ਕਿ ਇਸ ਸਾਲ ਉਨ੍ਹਾਂ ਲੋਕਾਂ ਨੂੰ ਵਧ ਤੋਂ ਵੱਧ ਸਹਾਇਤਾ ਦਿੱਤੀ ਜਾਵੇ। ਉਨ੍ਹਾਂ ਨੂੰ ਇੰਡਸਟਰੀਜ਼ ਵਾਸਤੇ ਪਲਾਟ ਦਿਤੇ ਜਾਣ ਅਤੇ ਉਨ੍ਹਾਂ ਦੇ ਰਹਿਣ ਵਾਸਤੇ ਉਨ੍ਹਾਂ ਨੂੰ ਪ੍ਰਾਇਰਟੀ ਦੇ ਆਧਾਰ ਤੇ ਮਕਾਨ ਦਿੱਤੇ ਜਾਣ।

ਇਕ ਸਾਡੇ ਇਲਾਕੇ ਦਾ ਮਸਲਾ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਸਤਲੁਜ-ਯਮਨਾ ਲਿੰਕ ਦੀ ਅਲਾਈਨਮੈਂਟ ਦਾ ਬਹੁਤ ਵੱਡਾ ਝਗੜਾ ਹੈ। ਇਸ ਝਗੜੇ ਨੂੰ ਇੰਜੀਨੀਅਰਜ਼ ਨਾਲ ਬੈਠਕੇ ਬਰਨਾਲਾ ਜੀ ਨੇ ਅਤੇ ਹੋਰ ਸੱਜਣਾ ਨੇ ਵਿਚਾਰਿਆ ਹੈ। ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਸ ਮਸਲੇ ਦਾ ਛੇਤੀ ਤੋਂ ਛੇਤੀ ਹੱਲ ਲੱਭਿਆ ਜਾਵੇ ਅਤੇ ਹੱਲ ਲੱਭਕੇ ਉਥੇ ਦੇ ਕਿਸਾਨਾਂ ਨੂੰ ਜਿਹੜੇ ਕਿ ਇਸ ਵੇਲੇ ਬਹੁਤ ਡਰ ਵਿਚ ਹਨ ਅਤੇ ਬੜੇ ਭੈਭੀਤ ਹੋਏ ਹੋਏ ਹਨ ਉਨ੍ਹਾਂ ਦੀ ਤਸੱਲੀ ਕਰਵਾਈ ਜਾਵੇ। ਮੈਂ ਇਸ ਮੰਗ ਦੇ ਨਾਲ ਹੀ ਆਪ ਜੀ ਦਾ ਧਿਆਨ ਕੁਝ ਹੋਰ ਮੰਗਾਂ ਵਲ ਵੀ ਦਿਵਾਉਣਾ ਚਾਹੁੰਦਾ ਹਾਂ। ਪੰਜਾਬ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ। ਕਿਸਾਨ ਕੋਲ ਜਿਹੜਾ ਕੋਈ ਪੈਸਾ ਹੁੰਦਾ ਹੈ ਉਹ ਖੇਤੀਬਾੜੀ ਤੇ ਲਾ ਦਿੰਦਾ ਹੈ ਪਰ ਮੈਂ ਕਹਿੰਣਾ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ ਪੰਜਾਬ ਦੇ ਕਿਸਾਨ ਨਾਲ ਬਦਲਾ ਲਊ ਭਾਵਨਾ ਨਾਲ ਚਲਕੇ ਉਸ ਨੂੰ ਬਰਬਾਦ ਕਰਨਾ ਚਾਹੁੰਦੀ ਹੈ। ਸੈਂਟਰ ਦੀ ਸਰਕਾਰ ਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਪੰਜਾਬ ਦਾ ਕਿਸਾਨ ਜਿਸ ਨੂੰ ਅੰਨ ਦਾਤਾ ਕਿਹਾ ਜਾਂਦਾ ਹੈ ਉਸ ਦੀ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਐਗਰੋ ਬੇਸਡ ਇੰਡਸਟਰੀ ਪੰਜਾਬ ਵਿਚ ਲਾਉਣੀ ਚਾਹੀਦੀ ਹੈ। ਫਿਰ ਸਿੰਜਾਈ ਦੀਆਂ ਸਹੂਲਤਾਂ ਬਹੁਤ ਥੋੜ੍ਹੀਆਂ ਹਨ। ਪਾਣੀ ਪੂਰਾ ਨਹੀਂ ਮਿਲਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਐਮਰਜੈਂਸੀ ਲਗੀ ਹੋਈ ਸੀ ਤਾਂ ਉਸ ਵੇਲੇ ਸਾਨੂੰ ਜੇਲ੍ਹਾਂ ਵਿਚ ਸੁੱਟ ਕੇ ਦਿੱਲੀ ਦੀ ਸਰਕਾਰ ਨੇ ਪਾਣੀ ਦਾ ਐਵਾਰਡ ਸੁਣਾ ਦਿਤਾ ਜੋ ਕਿ ਪੰਜਾਬ ਨਾਲ

Original with;
Punjab Vidhan Sabha
Digitized by;
Panjab Digital Library

ਇਕ ਧੱਕਾ ਹੈ। ਇਸ ਧੱਕੇ ਨੂੰ ਦੂਰ ਕਰਨ ਦੀ ਖਾਤਰ ਅਕਾਲੀ ਪਾਰਟੀ ਨੇ ਮੋਰਚਾ ਲਾਇਆ। ਅਕਾਲੀ ਪਾਰਟੀ ਨੇ ਪੂਰ ਅਮਨ ਤਰੀਕੇ ਨਾਲ ਮੋਰਚਾ ਚਲਾਇਆ ਪਰ ਇਸ ਦੇ ਬਾਵਜੂਦ ਵੀ ਇਹ ਸਾਰਾ ਕੁਝ ਜੋ ਦੁਖਾਂਤ ਹੋਇਆ ਹੈ, ਇਹ ਸਾਰਿਆਂ ਦੇ ਸਾਹਮਣੇ ਹੈ।

ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਰੀਗੇਸ਼ਨ ਦੀਆਂ ਸਹੂਲਤਾਂ ਵੱਧ ਮਿਲਣੀਆਂ ਚਾਹੀਦੀਆਂ ਹਨ। ਇਸ ਦੇ ਵਾਸਤੇ ਮੈਂ ਖਾਸ ਤੌਰ ਤੇ ਸਾਡੇ ਰੋਪੜ ਜ਼ਿਲ੍ਹੇ ਬਾਰੇ ਅਤੇ ਖਰੜ ਤਹਿਸੀਲ ਬਾਰੇ ਕਹਿਣਾ ਚਾਹੁੰਦਾ ਹਾਂ ਜਿਥੇ ਕਿ ਪਾਣੀ ਬਹੁਤ ਘੱਟ ਹੈ। ਉਥੇ ਡੀਪ ਟਿਊਬਵੈਲ ਲਗਾਏ ਜਾਣ। ਜਿਹੜੇ ਛੋਟੇ ਟਿਊਬਵੈਲ ਬਿਜਲੀ ਨਾਲ ਚਲਦੇ ਹਨ ਉਹ 6—8 ਘੰਟੇ ਚਲ ਕੇ ਕੋਈ ਇਕ ਜਾਂ ਦੋ ਵਿਘਾ ਜ਼ਮੀਨ ਹੀ ਸਿੰਜਾਈ ਕਰਦੇ ਹਨ। ਖਰੜ ਤਹਿਸੀਲ ਵਿਚ ਜਿਥੇ ਇਸ ਤਰ੍ਹਾਂ ਦੇ ਟਿਊਬਵੈਲ ਹਨ ਉਥੇ ਉਨ੍ਹਾਂ ਨੂੰ ਬਿਜਲੀ ਦੀ ਸਪਲਾਈ ਘੱਟ ਤੋਂ ਘੱਟ ਦੁੱਗਣੀ ਕੀਤੀ ਜਾਵੇ ਤਾਕਿ ਉਹ ਲੋਕ ਆਪਣੀ ਰੋਜ਼ੀ ਚੰਗੀ ਤਰ੍ਹਾਂ ਕਮਾ ਸਕਣ।

ਚੇਅਰਮੈਨ ਸਾਹਿਬ, ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਕਿਸਾਨ ਨੂੰ ਪੈਸੇ ਦੀ ਲੋੜ ਪੈਂਦੀ ਹੈ ਤਾਂ ਉਹ ਆਪਣੀ ਜ਼ਮੀਨ ਨੂੰ ਗਹਿਣੇ ਪਾਉਂਦਾ ਹੈ ਤਾਂ ਉਸ ਦੇ ਉਤੇ ਕੋਰਟ ਫੀਸ ਲਗਦੀ ਹੈ। ਇਹ ਕੋਰਟ ਫੀਸ ਵੀ ਉਸ ਨੂੰ ਭਰਨੀ ਪੈਂਦੀ ਹੈ। ਇਸ ਲਈ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਮਾਰਟਗੇਜ ਡੀਡ ਦੇ ਉਤੇ ਇਹ ਜਿਹੜੀ ਕੋਰਟ ਫੀਸ ਲਗਦੀ ਹੈ ਇਹ ਬੰਦ ਹੋਣੀ ਚਾਹੀਦੀ ਹੈ।

ਹੁਣ ਮੈਂ ਮਹਿਸੂਲ ਚੁੰਗੀ ਬਾਰੇ ਕਹਿਣਾ ਚਾਹੁੰਦਾ ਹਾਂ। ਜਦ ਕਿਸਾਨ ਆਪਣੀ ਜਿਣਸ ਲੈ ਕੇ ਸ਼ਹਿਰ ਆਉਂਦਾ ਹੈ, ਸਬਜ਼ੀ ਲੈ ਕੇ ਸ਼ਹਿਰ ਆਉਂਦਾ ਹੈ ਜਾਂ ਆਪਣਾ ਕੋਈ ਡੰਗਰ ਵੇਚਣ ਲਈ ਜਾਂਦਾ ਹੈ ਤਾਂ ਉਸ ਉਤੇ ਮਹਿਸੂਲ ਲਗਦਾ ਹੈ। ਇਸ ਦੀ ਕੋਈ ਜਸਟੀਫੀਕੇਸ਼ਨ ਨਹੀਂ ਬਣਦੀ। ਮੈਂ ਇਸਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਪਰ ਮੇਰੀ ਤਾਂ ਸਮਝ ਵਿਚ ਇਹ ਗਲ ਨਹੀਂ ਆ ਸਕੀ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਹ ਜਿਹੜੀ ਆਕਟਰਾਏ ਐਗਰੀ-ਕਲਚਰਲ ਪਰੋਡਿਊਸ ਦੇ ਉਤੇ ਹੈ, ਇਹ ਆਕਟਰਾਏ ਬੰਦ ਹੋਣੀ ਚਾਹੀਦੀ ਹੈ।

ਦੁੱਧ ਉਤਪਾਦਨ ਬਾਰੇ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਕਿਹਾ ਹੈ ਕਿ ਡੇਅਰੀ ਯੂਨਿਟਾਂ ਖੋਲ੍ਹੀਆਂ ਜਾਣਗੀਆਂ। ਚੰਡੀਗੜ੍ਹ ਦੇ ਲਾਗੇ ਦੇ ਜਿਹੜੇ ਲੋਕ ਹਨ ਉਨ੍ਹਾਂ ਦਾ ਮੁੱਖ ਧੰਦਾ ਦੁੱਧ ਵੇਚਣਾ ਹੈ ਪਰ ਉਨ੍ਹਾਂ ਦੀ ਬਹੁਤ ਮਾੜੀ ਹਾਲਤ ਹੈ। ਇਹ ਲੋਕ ਫੂਡ ਇਨਸਪੈਕਟਰਾਂ ਦਾ ਸ਼ਿਕਾਰ ਹੋਏ ਹੋਏ ਹਨ। ਉਹ ਇਨਸਪੈਕਟਰਾਂ ਨੂੰ ਮਹੀਨਾ ਦਿੰਦੇ ਹਨ ਅਤੇ ਜੇ ਕੋਈ ਨਹੀਂ ਦਿੰਦਾ ਤਾਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ। ਪਰੀਵੈਨਸ਼ਨ ਆਫ ਫੂਡ ਐਡਲਟਰੇਸ਼ਨ ਐਕਟ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦਾ ਸੈਂਪਲ ਭਰਿਆ ਜਾਵੇ, ਜੇ ਉਹ ਸੈਂਪਲ ਫੇਲ੍ਹ ਹੋ ਜਾਵੇ ਤਾਂ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ ਪਰ ਜਿਸ ਤਰ੍ਹਾਂ ਇਨਸਪੈਕਟਰ ਦੁੱਧ ਉਤਪਾਦਕਾਂ ਨੂੰ ਤੰਗ ਕਰਦੇ ਹਨ ਇਸ ਤਰ੍ਹਾਂ ਉਨ੍ਹਾਂ ਨੂੰ ਤੰਗ ਨਾ ਕੀਤਾ ਜਾਵੇ। ਇਹ ਜਿਹੜਾ ਮੈਂ ਪਰੀਵੈਨਸ਼ਨ ਆਫ ਫੂਡ ਐਡਲਟਰੇਸ਼ਨ ਦੇ ਐਕਟ ਦੀ ਗੱਲ ਕੀਤੀ ਹੈ ਉਸ ਮੁਤਾਬਿਕ ਪਹਿਲਾਂ ਇਹ ਸੀ ਕਿ ਜਿਨ੍ਹਾਂ ਦਾ ਸੈਂਪਲ ਭਰਿਆ ਜਾਂਦਾ ਸੀ ਉਸ ਦੇ ਇਕ ਸੈਂਪਲ ਦੀ ਸ਼ੀਸ਼ੀ ਉਸ ਵੈਂਡਰ ਨੂੰ ਵੀ ਦਿੱਤੀ ਜਾਂਦੀ ਸੀ, ਜਿਸ ਕੋਲੋਂ ਦੁੱਧ ਲਿਆ ਜਾਂਦਾ ਸੀ ਪਰ ਹੁਣ ਇਸ ਐਕਟ ਵਿਚ ਸੋਧ ਕੀਤੀ ਗਈ ਹੈ ਜਿਸ ਰਾਹੀਂ ਸ਼ੀਸ਼ੀ ਵੈਂਡਰ ਨੂੰ ਨਹੀਂ ਦਿੱਤੀ ਜਾਂਦੀ ਜੋ ਕਿ ਉਨ੍ਹਾਂ ਨਾਲ ਇਕ ਧੱਕਾ ਹੈ। ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜੀ ਫੂਡ ਇਨਸਪੈਕਟਰਾਂ ਦੀ ਲੁੱਟ ਖਸੱਟ ਹੈ ਜੇ ਇਸ ਨੂੰ ਐਕਸਪੈਰੀਮੈਂਟ ਦੇ ਤੌਰ ਤੇ ਇਕ ਸਾਲ ਲਈ ਉਨ੍ਹਾਂ ਦਾ ਇਹ ਧੰਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਚਿੱਤਰ ਸਿੰਘ]

ਬੰਦ ਕਰ ਦਿਤਾ ਜਾਵੇ ਤਾਂ ਠੀਕ ਰਹੇਗਾ। ਜੇ ਦੁੱਧ ਵਿਚ ਕੋਈ ਪਾਣੀ ਪਾ ਕੇ ਵੇਚੇਗਾ ਤਾਂ ਉਸ ਨੂੰ ਪੂਰੀ ਕੀਮਤ ਨਹੀਂ ਮਿਲਣੀ। ਪਰ ਜਿਸ ਤਰ੍ਹਾਂ ਮੈਂ ਕਿਹਾ ਹੈ ਸੈਂਪਲ ਦੀ ਸ਼ੀਸ਼ੀ ਵੈਂਡਰ ਨੂੰ ਵੀ ਜ਼ਰੂਰੀ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਹੀ ਮੈਂ ਟਰੱਕ ਓਪਰੇਟਰਾਂ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਜਿਹੜੇ ਟਰੱਕਾਂ ਦਾ ਧੰਦਾ ਕਰਦੇ ਹਨ। ਉਨ੍ਹਾਂ ਨੂੰ ਬਹੁਤ ਸਾਰੇ ਪੈਸੇ ਲਾਉਣੇ ਪੈਂਦੇ ਹਨ। ਉਨ੍ਹਾਂ ਦਾ ਇਸ ਵਿਚ ਬੜਾ ਭਾਰੀ ਰਿਸਕ ਇਨਵਾਲਡ ਹੁੰਦਾ ਹੈ। ਇਸ ਵਿਚ ਉਨ੍ਹਾਂ ਦੀ ਬੜੀ ਮਿਹਨਤ ਲਗਦੀ ਹੈ ਪਰ ਉਨ੍ਹਾਂ ਦੀਆਂ ਯੂਨੀਅਨਾਂ ਵਾਸਤੇ ਕੋਈ ਲਾਅ ਨਹੀਂ ਹੈ। ਵੱਡੇ ਵੱਡੇ ਵਿਉਪਾਰੀ ਲੋਕ ਉਨ੍ਹਾਂ ਨੂੰ ਗੁੰਮਰਾਹ ਕਰਕੇ ਨਵੀਂ ਯੂਨੀਅਨ ਖੜੀ ਕਰ ਲੈਂਦੇ ਹਨ ਅਤੇ ਪਹਿਲੀ ਯੂਨੀਅਨ ਵਾਲਿਆਂ ਨੂੰ ਖਰਾਬ ਕਰਦੇ ਹਨ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਲਈ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਟਰੱਕ ਯੂਨੀਅਨ ਦਾ ਲਾਅ ਬਣਾਇਆ ਜਾਵੇ।

ਇੰਹ ਜਿਹੜੀ ਟਰੈਫਿਕ ਪੁਲਿਸ ਹੈ ਇਹ ਵੀ ਫੂਡ ਇਨਸਪੈਕਟਰਾਂ ਤੋਂ ਘੱਟ ਨਹੀਂ ਹੈ। ਉਨ੍ਹਾਂ ਦਾ ਕੰਮ ਪੈਸੇ ਲੈਣ ਦਾ ਹੈ। ਇਹ ਕੋਈ ਹਾਦਸਾ ਰੋਕ ਨਹੀਂ ਸਕਦੇ। ਟਰੈਫਿਕ ਪੁਲਿਸ ਵਾਲੇ ਇਕ ਪਰਚੀ ਜਾਰੀ ਕਰ ਦਿੰਦੇ ਹਨ। ਇਹ ਉਨ੍ਹਾਂ ਦਾ ਕੋਡ ਨੰਬਰ ਹੁੰਦਾ ਹੈ ਕਿ ਇਸ ਨੇ ਪੈਸੇ ਦੇ ਦਿੱਤੇ ਹਨ ਫਿਰ ਉਸ ਨੂੰ ਛੱਡ ਦਿੱਤਾ ਜਾਂਦਾ ਹੈ। ਟਰੈਫਿਕ ਪੁਲਿਸ ਦਾ ਕੰਮ ਹੈ ਕਿ ਟਰੈਫਿਕ ਤੇ ਕੰਟਰੋਲ ਕਰਨਾ ਪਰ ਉਹ ਪੈਸੇ ਬਣਾਉਣ ਤੇ ਲਗੇ ਰਹਿੰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਤਰੀਕਾ ਹੋਣਾ ਚਾਹੀਦਾ ਹੈ ਕਿ ਜੇ ਕੋਈ ਉਲੰਘਣਾ ਕਰਦਾ ਹੈ ਰੂਲਜ਼ ਦੀ ਤਾਂ ਟਰੈਫਿਕ ਪੁਲਿਸ ਦੇ ਨਾਲ ਉਥੇ ਮੈਜਿਸਟਰੇਟ ਹੋਣਾ ਚਾਹੀਦਾ ਹੈ ਅਤੇ ਉਥੇ ਹੀ ਉਸ ਨੂੰ ਸਜ਼ਾ ਹੋਣੀ ਚਾਹੀਦੀ ਹੈ ਬਜਾਏ ਇਸ ਦੇ ਕਿ ਪੁਲਿਸ ਵਾਲੇ ਲੁਟੇਰਿਆਂ ਵਾਂਗ ਹੀ ਲੁੱਟੀ ਜਾਣ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਅੱਗੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਪੀਣ ਵਾਲੇ ਪਾਣੀ ਦੀ ਤੰਗੀ ਹੈ। ਉਥੇ ਬਹੁਤ ਸਾਰੇ ਪਿੰਡਾਂ ਵਿਚ ਜਿਥੇ ਨਲਕਾ ਨਹੀਂ ਲਗਦਾ ਉਨ੍ਹਾਂ ਪਿੰਡਾਂ ਵਿਚ ਜਿਵੇਂ ਕਿ ਪਿੰਡ ਚੁੰਨੀ, ਗੰਜ ਮਾਜ਼ਰਾ ਆਦਿ ਪਿੰਡ ਹਨ ਉਥੇ ਵਾਟਰ ਸਪਲਾਈ ਸਕੀਮ ਚਾਲੂ ਹੋਣੀ ਚਾਹੀਦੀ ਹੈ। ਬਿਜਲੀ ਦੀ ਚੋਰੀ ਕਾਰਖਾਨੇਦਾਰ ਕਰਦੇ ਹਨ, ਉਹ ਹਜ਼ਾਰਾਂ ਦੀ ਨਹੀਂ ਬਲਕਿ ਕਰੋੜਾਂ ਰੁਪਏ ਦੀ ਬਿਜਲੀ ਦੀ ਚੋਰੀ ਕਰਦੇ ਹਨ। ਮੈਂ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਬੜੇ ਈਮਾਨਦਾਰ ਅਫਸਰ ਲਾਏ ਜਾਣ ਜੋ ਕਿ ਇਸ ਕਿਸਮ ਦੀ ਚੋਰੀ ਨੂੰ ਰੋਕਣ। ਜਿਹੜੇ ਪਿੰਡਾਂ ਵਿਚ ਗਰੀਬ ਲੋਕ ਰਹਿੰਦੇ ਹਨ ਉਨ੍ਹਾਂ ਲਈ ਕੋਈ ਖਾਸ ਲਿਮਿਟ ਮੁਕੱਰਰ ਕਰ ਦਿੱਤੀ ਜਾਵੇ ਅਤੇ ਉਸ ਮੁਕੱਰਰ ਕੀਤੀਆਂ ਯੂਨਿਟਾਂ ਤੱਕ ਉਨ੍ਹਾਂ ਗਰੀਬਾਂ ਨੂੰ ਫਰੀ ਬਿਜਲੀ ਦਿੱਤੀ ਜਾਵੇ ਅਤੇ ਉਨ੍ਹਾਂ ਦੇ ਉਨ੍ਹਾਂ ਕੋਲੋਂ ਪੈਸੇ ਵਸੂਲ ਨਾ ਕੀਤੇ ਜਾਣ।

ਕ੍ਰਿਸਚਨ ਇਕ ਐਸੀ ਕਮਿਊਨਿਟੀ ਹੈ ਜਿਹੜੀ ਕਿ ਬਹੁਤ ਪਛੜੀ ਹੋਈ ਹੈ। ਪਿਛੇ ਜਦੋਂ ਪਹਿਲਾਂ ਇਥੇ ਅਕਾਲੀ ਸਰਕਾਰ ਬਣੀ ਸੀ ਜੋ ਕਿ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਸੀ ਅਤੇ ਫਿਰ ਬਾਦਲ ਸਾਹਿਬ ਦੀ ਸਰਕਾਰ ਬਣੀ ਸੀ, ਉਦੋਂ ਇਹ ਮਤਾ ਪਾਸ ਕੀਤਾ ਗਿਆ ਸੀ ਕਿ ਇਨ੍ਹਾਂ ਨੂੰ ਉਹ ਸਾਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਜਿਹੜੀਆਂ ਸ਼ਡਿਊਲਡ ਕਾਸਟਸ ਨੂੰ ਮਿਲਦੀਆਂ ਹਨ। ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਉਸ ਕੈਟੇਗਰੀ ਵਿਚ ਲਿਆਂਦਾ ਜਾਵੇ।

ਇਸ ਤੋਂ ਅੱਗੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਚੰਡੀਗੜ੍ਹ ਤੋਂ ਨਿਕਲਦੇ ਹਾਂ ਤਾਂ ਅੱਗੇ ਮੁਹਾਲੀ ਆ ਜਾਂਦਾ ਹੈ। ਉਥੇ ਸੜਕਾਂ ਦੀ ਹਾਲਤ ਬੜੀ ਭੈੜੀ ਹੈ ਜੋ ਕਿ ਬਿਲਕੁਲ ਦੇਖਣ ਯੋਗ

Original with;
Punjab Vidhan Sabha
Digitized by;
Panjab Digital Library

ਨਹੀਂ ਹੈ । ਮੈਂ ਇਸ ਬਾਰੇ ਸੁਝਾਓ ਦੇਣਾ ਚਾਹੰਦਾ ਹਾਂ ਕਿ 26 ਜਨਵਰੀ ਨੂੰ ਜਦੋਂ ਚੰਡੀਗੜ੍ਹ ਪੰਜਾਬ ਨੂੰ ਮਿਲਿਆ ਤਾਂ ਮੁਹਾਲੀ ਨੂੰ ਵੀ ਕੈਪੀਟਲ ਪ੍ਰਾਜੈਕਟ ਵਿਚ ਲਿਆ ਕੇ ਇਸ ਦੀ ਡਿਵੈਲਪਮੈਂਟ ਕੀਤੀ ਜਾਵੇ ।

ਬਾਕੀ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਰਿਸਵੇਂ ਫੱਟਾਂ ਤੇ ਮਲਮ ਲਾਉਣ ਦੀ ਗਲ ਕੀਤੀ ਹੈ। ਇਥੇ ਬੜਾ ਭਾਰੀ ਦੁਖਾਂਤ ਹੋਇਆ। ਇਸ ਬਾਰੇ 18 ਅਗਸਤ ਦਾ ਪੰਜਾਬੀ ਟਰੀਬਿਊਨ ਪੜ੍ਹ ਕੇ ਦੇਖਣਾ ਚਾਹੀਦਾ ਹੈ। ਉਸ ਵਿਚ ਸੇਠ ਰਾਮ ਨਾਥ ਜੋ ਕਿ ਇਕ ਦੇਸ਼ ਭਗਤ ਹਨ, ਉਨ੍ਹਾਂ ਨੇ ਇਸ ਪੰਜਾਬ ਵਿਚ ਜੋ ਰਿਸਵੇਂ ਫੱਟਾਂ ਤੇ ਮਲਮ ਕਿਸ ਤਰ੍ਹਾਂ ਲੱਗੇ, ਉਸ ਵਿਚ ਉਨ੍ਹਾਂ ਨੇ ਸਾਰਾ ਨੁਸਖਾ ਲਿਖਿਆ ਹੈ। ਉਸ ਤੇ ਵਿਚਾਰ ਕਰ ਕੇ ਸਾਨੂੰ ਉਸ ਤੇ ਤੁਰਨਾ ਚਾਹੀਦਾ ਹੈ ।

ਆਖਿਰ ਵਿੱਚ ਮੈਂ, ਚੇਅਰਮੈਨ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਗਲ ਨੂੰ ਸਾਰੇ ਅਨੁਭਵ ਕਰਦੇ ਹਨ ਕਿ ਕਿਸ ਤਰ੍ਹਾਂ ਸਾਡੇ ਨੌਜਵਾਨ ਗਭਰੂਆਂ ਵਿਚ ਇਨਡਿਸਿਪਲਿਨ ਆ ਰਿਹਾ ਹੈ, ਸਕੂਲਾਂ ਵਿਚ ਕੋਈ ਐਨ. ਸੀ. ਸੀ. ਦੀ ਜਾਂ ਕੋਈ ਹੋਰ ਫੌਜੀ ਟਰੇਨਿੰਗ ਦੇ ਕੇ ਉਨ੍ਹਾਂ ਵਿਚ ਡਿਸਿਪਲਿਨ ਲਿਆਉਣਾ ਚਾਹੀਦਾ ਹੈ । ਉਨ੍ਹਾਂ ਨੂੰ ਕੋਈ ਇਸ ਕਿਸਮ ਦੀ ਸਕੂਲਾਂ ਵਿਚ ਟਰੇਨਿੰਗ ਦਿਤੀ ਜਾਵੇ ਜਿਸ ਦੇ ਨਾਲ ਸਾਡੇ ਨੌਜਵਾਨ ਗਭਰੂਆਂ ਵਿਚ ਡਿਸਿਪਲਿਨ ਆ ਸਕੇ। ਇਤਨਾ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ।

ਸ਼੍ਰੀ ਜਗਜੀਤ ਸਿੰਘ (ਕਰਤਾਰਪੁਰ, ਐਸ. ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿਤਾ ਹੈ । ਚੇਅਰਮੈਨ ਸਾਹਿਬ, ਭਾਰਤ ਦੇ ਹਰਮਨ ਪਿਆਰੇ ਪ੍ਰਧਾਨ ਮੰਤਰੀ, ਸ਼੍ਰੀ ਰਾਜੀਵ ਗਾਂਧੀ ਜੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨਾਲ ਸਮਝੌਤਾ ਕਰ ਕੇ ਪੰਜਾਬ ਨੂੰ ਇਕ ਨਵੀਂ ਸੇਧ ਦਿਤੀ ਅੌਰ ਪੰਜਾਬ ਨੂੰ ਇਕ ਨਵਾਂ ਵਾਤਾਵਰਣ ਦਿਤਾ ਅੌਰ ਉਸ ਦੇ ਨਤੀਜੇ ਵਜੋਂ ਪੰਜਾਬ ਵਿਚ ਜਮਹੂਰੀ ਸਰਕਾਰ ਬਣੀ । ਚੇਅਰਮੈਨ ਸਾਹਿਬ, ਇਥੇ ਮੈਂ ਇਹ ਕਹਿਣਾ ਜ਼ਰੂਰੀ ਸਮਝਦਾ ਹਾਂ ਕਿ ਅਕਾਰਡ ਦੇ ਬਾਅਦ ਜੋ ਆਸ ਸੀ ਕਿ ਸ਼ਾਂਤੀ ਦਾ ਵਾਤਾਵਰਣ ਪੰਜਾਬ ਵਿਚ ਬਣੇਗਾ ਉਹ ਆਸ ਸਾਡੀ ਪੂਰੀ ਹੁੰਦੀ ਨਜ਼ਰ ਨਹੀਂ ਆ ਰਹੀ । ਇਹ ਜੋ ਅਕਾਰਡ ਹੋਇਆ ਹੈ ਇਸ ਦੇ ਵਿਚ ਮੁੱਖ ਮੰਤਰੀ ਸਾਹਿਬ ਦਾ ਅਤੇ ਖਜ਼ਾਨਾ ਮੰਤਰੀ, ਸਰਦਾਰ ਬਲਵੰਤ ਸਿੰਘ, ਦਾ ਬੜਾ ਭਾਰੀ ਰੋਲ ਹੈ ਅੌਰ ਇਸ ਦੇ ਨਾਲ ਕਾਫੀ ਆਸ ਸੀ ਕਿ ਪੰਜਾਬ ਨੂੰ ਇਕ ਅੱਛੀ ਸੇਧ ਮਿਲੇਗੀ ਅੌਰ ਪੰਜਾਬ ਅਗੇ ਵਾਂਗ ਤਰੱਕੀ ਦੇ ਰਸਤੇ ਤੇ ਤੁਰੇਗਾ ਪਰ ਚੇਅਰਮੈਨ ਸਾਹਿਬ, ਜਿਥੇ ਇਹ ਆਸ ਸੀ ਕਿ ਪੰਜਾਬ ਵਿਚ ਵਾਤਾਵਰਣ ਬਹੁਤ ਅੱਛਾ ਹੋਵੇਗਾ ਉਥੇ ਇਲੈਕਸ਼ਨਜ਼ ਤੋਂ ਬਾਅਦ ਜੋ ਸਾਰਿਆਂ ਦੇ ਦੇਖਣ ਵਿਚ ਆਇਆ ਹੈ ਕਿ ਪੰਜਾਬ ਵਿਚ ਬਹੁਤ ਸਾਰੇ ਵਾਕਿਆਤ ਹੋਏ ਹਨ। ਦੂਸਰੇ, ਤੀਸਰੇ ਦਿਨ ਪਹਿਲਾਂ ਵਾਂਗ ਹੀ ਗੋਲੀ ਚਲਦੀ ਹੈ ਅੌਰ ਖਾਸ ਤੌਰ ਤੇ ਕਾਂਗਰਸ ਪਾਰਟੀ ਦੇ ਲੀਡਰਾਂ, ਕਾਂਗਰਸ ਪਾਰਟੀ ਦੇ ਬੰਦਿਆਂ ਨੂੰ ਹੀ ਗੋਲੀ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਤਰਨ ਤਾਰਨ ਦਾ ਕੇਸ ਸਾਡੇ ਸਾਹਮਣੇ ਹੈ, ਕਾਦੀਆਂ ਦਾ ਕੇਸ ਹੈ ਅੌਰ ਇਸ ਤਰ੍ਹਾਂ ਸਾਰੇ ਪੰਜਾਬ ਵਿਚ ਵਾਕਿਆਤ ਹੋ ਰਹੇ ਹਨ। ਰੋਜ਼ ਕਦੇ ਕੋਈ ਬੈਂਕ ਲੁਟਿਆ ਜਾਂਦਾ ਹੈ, ਕਦੇ ਕਿਸੇ ਤੋਂ ਕੋਈ ਸਕੂਟਰ ਖੋਹ ਲਿਆ ਜਾਂਦਾ ਹੈ ਅੌਰ ਕਦੇ ਕੋਈ ਹੋਰ ਵਾਕਿਆ ਹੋ ਜਾਂਦਾ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਪੰਜਾਬ ਦਾ ਲਾਅ ਐਂਡ ਆਰਡਰ ਕੋਈ ਅੱਛੇ ਪਾਸੇ ਇਹ ਸਰਕਾਰ ਨਹੀਂ ਲਿਜਾ ਸਕੀ। ਮੈਂ ਬਰਨਾਲਾ ਸਾਹਿਬ ਨੂੰ ਪੂਰ ਜ਼ੋਰ ਲਫਜ਼ਾਂ ਨਾਲ ਕਹਾਂਗਾ ਕਿ ਉਹ ਬੜੇ ਤਕੜੇ ਹੋ ਕੇ ਪੰਜਾਬ ਵਿਚ ਇਹ ਜੋ ਵਾਕਿਆਤ ਹੋ ਰਹੇ ਹਨ ਉਨ੍ਹਾਂ ਨੂੰ ਰੋਕਣ ।

Original with;
Punjab Vidhan Sabha
Digitized by;
Panjab Digital Library

Sardar Surinder Pal Singh Gill : Sir, on a Point of Order.

Mr. Chairman : What is your Point of Order ?

Sardar Surinder Pal Singh Gill : ** ** **

Mr. Chairman : This is no Point of Order. Please resume your seat.

ਸ਼੍ਰੀ ਜਗਜੀਤ ਸਿੰਘ : ਸੋ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਤੁਹਾਡੀ ਮਾਰਫਤ ਚੀਫ਼ ਮਨਿਸਟਰ ਸਾਹਿਬ ਨੂੰ ਕਿ ਉਹ ਤਕੜੇ ਹੋ ਕੇ ਸਾਰੇ ਪੰਜਾਬ ਵਿਚ ਜੋ ਵਾਕਿਆਤ ਹੋ ਰਹੇ ਹਨ ਉਨ੍ਹਾਂ ਨੂੰ ਆਪਣੀ ਸਿਆਣਪ ਨਾਲ, ਹਿੰਮਤ ਨਾਲ ਬੰਦ ਕਰਾਉਣ ਤਾਕਿ ਪੰਜਾਬ ਵਿਚ ਸ਼ਾਂਤੀ ਦਾ ਮਾਹੌਲ ਬਣੇ ਅਤੇ ਸਹੀ ਮਾਅਨਿਆਂ ਵਿਚ ਜੋ ਸ਼੍ਰੀ ਰਾਜੀਵ ਗਾਂਧੀ ਜੀ ਅੰਰ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਵਿੱਚ ਅ ਾਰਡ ਹੋਇਆ ਹੈ, ਸਮਝੌਤਾ ਹੋਇਆ ਹੈ ਉਸ ਨੂੰ ਨੇਪਰੇ ਚਾੜ੍ਹਿਆ ਜਾ ਸਕੇ ਅੰਰ ਪੰਜਾਬ ਦੇ ਲੋਕ ਅੱਛੇ ਮਾਹੌਲ ਵਿੱਚ, ਸੁਖਾਵੇਂ ਮਾਹੌਲ ਵਿਚ ਪੰਜਾਬ ਦੀ ਬੇਹਤਰੀ ਵਲ ਲੱਗਣ ਅਤੇ ਪੰਜਾਬ ਵਿਚ ਤਰੱਕੀ ਦੇ ਕੰਮ ਕਰ ਕੇ ਪੰਜਾਬ ਨੂੰ ਹੋਰ ਉਨਤ ਕਰ ਸਕਣ ।

ਚੇਅ ਮੈਨ ਸਾਹਿਬ, ਜਿਥੇ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਤੁਹਾਡੀ ਮਾਰਫਤ ਇਹ ਕਿਹਾ ਹੈ ਕਿ ਉਹ ਤਕੜੇ ਹੋਕੇ ਪੰਜਾਬ ਦੇ ਲਾਅ ਐਂਡ ਆਰਡਰ ਨੂੰ ਸੰਭਾਲਣ ਤਾਕਿ ਇਥੇ ਦੇ ਲੋਕ ਤਰੱਕੀ ਦੇ ਕੰਮਾਂ ਫਲ ਲਗ ਸਕਣ ਉਥੇ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਹਾਲੀਂ ਵੀ ਜੋ ਇੰਡਸਟਲਿਸਟ ਹੈ, ਜੋ ਸਰਮਾਇਦਾਰ ਹੈ ਉਹ ਪੰਜਾਬ ਵਿੱਚ ਇੰਡਸਟਰੀ ਲਾਉਣ ਤੋਂ ਗੁਰੇਜ਼ ਕਰਦਾ ਹੈ। ਬਹੁਤ ਸਾਰੇ ਸਰਮਾਇਦਾਰ ਪੰਜਾਬ ਦੇ ਸੂਬੇ ਤੋਂ ਬਾਹਰ ਦੂਸਰਿਆਂ ਸੂਬਿਆਂ ਵਿਚ ਹਿਮਾਚਲ ਪ੍ਰਦੇਸ਼, ਯੂ. ਪੀ. ਅੰਰ ਹਰਿਆਣਾ ਵਿਚ ਆਪਣੀ ਇੰਡਸਟਰੀ ਤਬਦੀਲ ਕਰ ਰਹੇ ਹਨ । ਇਹ ਸਾਰਾ ਕੁਝ ਇਸ ਕਰਕੇ ਹੋ ਰਿਹਾ ਹੈ ਕਿਉਂਕਿ ਪੰਜਾਬ ਦਾ ਲਾਅ ਐਂਡ ਆਰਡਰ ਠੀਕ ਨਹੀਂ ਹੋ ਸਕਿਆ । ਲੋਕਾਂ ਦੇ ਦਿਲਾਂ ਵਿਚ ਹਾਲੀਂ ਤਕ ਪੂਰਾ ਭਰੋਸਾ ਨਹੀਂ ਪੈਦਾ ਹੋ ਸਕਿਆ । ਇਸ ਲਈ ਮੈਂ ਇਹ ਤੁਹਾਡੀ ਮਾਰਫਤ, ਚੇਅਰਮੈਨ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਵਿੱਚ ਇਹ ਭਰੋਸਾ ਪੈਦਾ ਕਰਨ ਲਈ ਪੰਜਾਬ ਦੀ ਸਰਕਾਰ ਨੂੰ ਬੜੇ ਤਕੜੇ ਹੋ ਕੇ ਕੰਮ ਕਰਨੇ ਚਾਹੀਦੇ ਹਨ ਤਾਕਿ ਵਡੇ ਵਡੇ ਇੰਡਸਟਰੀ-ਅਲਿਸਟਸ ਜਾਂ ਸਰਮਾਇਦਾਰ ਜੋ ਪੰਜਾਬ ਤੋਂ ਬਾਹਰ ਇੰਡਸਟਰੀਜ਼ ਲਗਾ ਰਹੇ ਹਨ ਉਹ ਪੰਜਾਬ ਵਿੱਚ ਲਗਾਉਣ ਜਿਸ ਦੇ ਨਾਲ ਸਾਡੇ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਸਕੇ, ਨੌਕਰੀਆਂ ਮਿਲ ਸਕਣ ਅੰਰ ਇਸ ਸੂਬੇ ਦੇ ਲੋਕਾਂ ਦੀ ਜ਼ਿੰਦਗੀ ਅੱਛੀ ਬਤੀਤ ਹੋ ਸਕੇ ।

ਚੇਅਰਮੈਨ ਸਾਹਿਬ, ਇਹ ਜੋ ਗਵਰਨਰ ਸਾਹਿਬ ਦਾ ਐਡਰੈਸ ਇਥੇ ਪੇਸ਼ ਕੀਤਾ ਗਿਆ ਹੈ ਉਸ ਦੇ ਪੈਰਾ 25 ਵਿੱਚ ਸ਼ਡਿਊਲਡ ਕਾਸਟਸ ਦੀ ਤਰੱਕੀ ਵਾਸਤੇ ਕੁਝ ਗਲਾਂ ਕਹੀਆਂ ਗਈਆਂ ਹਨ ਚੇਅਰਮੈਨ ਸਾਹਿਬ, ਮੈਂ ਤੁਹਾਡੇ ਧਿਆਨ ਵਿਚ ਇਹ ਗਲ ਲਿਆਉਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਪੰਜਾਬ ਵਿੱਚ ਹਰੀਜਨਾਂ ਦਾ ਤੁਅਲੱਕ ਹੈ ਇਹ ਕਲਾਸ ਇਕ ਬਹੁਤ ਮਾਈਨਾਰਿਟੀ ਵਿਚ ਕਲਾਸ ਹੈ । ਜਦ ਵੀ ਕੋਈ ਵੀਰ ਗੁਸੇ ਹੁੰਦੇ ਹਨ ਤਾਂ ਉਹ ਗੁੱਸਾ ਇਸ ਕਲਾਸ ਤੇ ਕਢਦਾ ਹੈ । ਇਲੈਕਸ਼ਨਾਂ ਦੇ ਬਾਅਦ ਜਿਨ੍ਹਾਂ ਨੂੰ ਵੋਟਾਂ ਘਟ ਮਿਲਦੀਆਂ ਹਨ ਇਹ ਸੁਭਾਵਕ ਹੈ ਕਿ ਗੁੱਸਾ ਇਨ੍ਹਾਂ ਗਰੀਬਾਂ ਤੇ ਨਿਕਲਦਾ ਹੈ । ਮੈਂ ਤੁਹਾਡੀ ਮਾਰਫਤ, ਚੇਅਰਮੈਨ ਸਾਹਿਬ, ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿਚ ਦੋ ਪਿੰਡ ਗਾਜ਼ੀ ਪੁਰ ਅਤੇ ਨਾਹਲ ਹਨ । ਉਥੇ ਇਲੈਕਸ਼ਨਾਂ ਤੋਂ ਬਾਅਦ ਇਥੋਂ ਜਿਨ੍ਹਾਂ ਨੂੰ ਘੱਟ ਵੋਟਾਂ ਮਿਲੀਆਂ ਉਨ੍ਹਾਂ ਵੀਰਾਂ ਨੇ ਗੁੱਸਾ ਇਨ੍ਹਾਂ ਪਿੰਡਾਂ ਦੇ ਲੋਕਾਂ ਤੇ ਕਢਿਆ । ਗਾਜ਼ੀਪੁਰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਪਿੰਡ ਵਿਚ ਜਿਥੇ ਪੁਲੀਆਂ ਸਨ ਉਥੋਂ ਪੁਲੀਆਂ ਪੁਟ ਦਿਤੀਆਂ, ਸੜਕਾਂ ਦੀ ਹਾਲਤ ਖ਼ਰਾਬ ਕਰ ਦਿਤੀ ਅੰਤ ਇਸ ਤਰ੍ਹਾਂ ਹੋਰ ਕਈ ਗੱਲਾਂ ਵਿਚ ਗੁੱਸਾ ਕਢਿਆ । ਨਾਹਲਾਂ ਪਿੰਡ ਵਿਚ ਰੂੜੀ ਸੁਟਣ ਵਾਸਤੇ ਖੱਡਿਆਂ ਦੀ ਜਗ੍ਹਾ ਸੀ ਉਨ੍ਹਾਂ ਜਗ੍ਹਾ ਤੇ ਮੇਰੇ ਕੁਝ ਵੀਰਾਂ ਨੇ ਉਥੇ ਮਕਾਨ ਬਣਾਉਣੇ ਸ਼ੁਰੂ ਕਰ ਦਿਤੇ । ਕੋਰਟ ਨੇ ਸਟੇਅ ਦੇ ਦਿਤਾ ਪਰ ਸਟੇਅ ਦੇ ਬਾਵਜੂਦ ਉਨ੍ਹਾਂ ਨੇ ਮਕਾਨ ਬਣਾਉਣੇ ਬੰਦ ਨਹੀਂ ਕੀਤੇ। ਇਸ ਦੇ ਬਾਰੇ ਕੋਸ਼ਿਸ਼ ਕੀਤੀ ਗਈ ਅੰਰ ਰਾਜ਼ੀਨਾਵੇਂ ਕਰਵਾਏ ਗਏ। ਮੈਂ ਵੀ ਉਥੇ ਵਿਚ ਸੀ ਪਰ ਉਸ ਦੀ ਕੋਈ ਗਲ ਨਾ ਬਣੀ। ਉਸ ਦੇ ਬਾਅਦ ਦੋ ਤਾਰੀਖ ਨੂੰ ਦਸਤਖਤ ਕਰਵਾਏ ਗਏ ਅੰਰ ਕਿਹਾ ਗਿਆ ਕਿ ਉਹ ਆਪਣੇ ਆਪਣੇ ਸਬੂਤ ਪੇਸ਼ ਕਰਨਗੇ। ਹਰੀਜਨ ਟਰਾਲੀ ਭਰ ਕੇ ਥਾਣੇ ਗਏ ਅਤੇ ਥਾਣੇ ਜਾ ਕੇ ਥਾਣੇਦਾਰ ਨੂੰ ਦੱਸਿਆ । ਥਾਣੇਦਾਰ ਨੇ ਕਿਹਾ ਕਿ 200 ਰੁਪਏ ਦਿਓ ਮੈਂ ਬੜੇ ਆਰਾਮ ਨਾਲ ਜਾ ਕੇ ਛੁਡਾ ਦੇਵਾਂਗਾ ਕੰਮ ਤੋਂ । ਮੇਰੇ ਕਹਿਣ ਦਾ ਭਾਵ ਹੈ ਕਿ ਜਿਥੋਂ ਤਕ ਹਰੀਜਨਾਂ ਦਾ ਸੁਅੱਲਕ ਹੈ ਉਸ ਦੇ ਬਾਰੇ ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਖਾਸ ਤੌਰ ਤੇ ਉਨ੍ਹਾਂ ਦੀ ਪ੍ਰੋਟੈਕਸ਼ਨ ਕਰਨੀ ਚਾਹੀਦੀ ਹੈ । ਚੀਫ ਮਨਿਸਟਰ ਸਾਹਿਬ ਨੂੰ ਇਸ ਪਾਸੇ ਧਿਆਨ ਦੇ ਕੇ ਉਨ੍ਹਾਂ ਦੀਆਂ ਜਿਥੇ ਰੂੜੀਆਂ ਦੀਆਂ ਥਾਵਾਂ ਹਨ ਜਾਂ ਉਨ੍ਹਾਂ ਦੀਆਂ ਜੋ ਹੋਰ ਪ੍ਰਾਬਲਮਜ਼ ਹਨ ਉਨ੍ਹਾਂ ਵਲ ਧਿਆਨ ਦੇ ਕੇ ਉਨ੍ਹਾਂ ਦੀਆਂ ਪ੍ਰਾਬਲਮਜ਼ ਹੱਲ ਕਰਨੀਆਂ ਚਾਹੀਦੀਆਂ ਹਨ । ਹਰੀਜਨਾਂ ਦੇ ਬਾਰੇ ਮੇਰੇ ਕਿਸੇ ਅਕਾਲੀ ਵੀਰ ਨੇ ਕੋਈ ਗੱਲ ਨਹੀਂ ਕੀਤੀ । ਵਡਾਲਾ ਸਾਹਿਬ ਸ਼ਾਇਦ ਮੇਰੇ ਗਵਾਂਢੀ ਹਨ ਉਨ੍ਹਾਂ ਨੇ ਤਿੰਨ-ਚਾਰ ਵਾਰੀ ਹਰੀਜਨਾਂ ਦੇ ਮੁਤੱਲਕ ਤਿੰਨ-ਚਾਰ ਗੱਲਾਂ ਅੱਛੀਆਂ ਕੀਤੀਆਂ ਹਨ ।

ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਇਕ ਰਿਆਇਤ ਦਸੀ ਹੈ ਗਵਰਨਰ ਸਾਹਿਬ ਦੇ ਐਡਰੈਸ ਵਿਚ ਕਿ ਜਿਹੜੀ ਨੌਂ ਹਜ਼ਾਰ ਰੁਪਏ ਦੀ ਆਮਦਨ ਵਾਲੀ ਹੱਦ ਸੀ ਸ਼ਡਿਊਲਡ ਕਾਸਟਸ ਦੇ ਬਚਿਆਂ ਦੀ ਫ਼ੀਸਾਂ ਮਾਫ ਕਰਨ ਦੀ ਅਤੇ ਵਜ਼ੀਫੇ ਦੇਣ ਦੀ ਇਹ 15 ਹਜ਼ਾਰ ਰੁਪਏ ਕੀਤੀ ਹੈ, ਮੈਂ ਇਸ ਬਾਰੇ ਮੁਬਾਰਕਬਾਦ ਦਿੰਦਾ ਹਾਂ (ਬੰਪਿੰਗ) ਇਹ ਮੰਗ ਬਹੁਤ ਦੇਰ ਤੋਂ ਸ਼ੀ। ਇਹ ਮੰਗ ਮੇਰੀ, ਹਾਈ ਪਾਵਰਡ ਕਮੇਟੀ ਦਾ ਜਿਹੜਾ ਅਜੰਡਾ ਸੀ, ਉਸ ਵਿਚ ਸੀ ਕਿ ਇਸ ਹੱਦ ਨੂੰ ਵਧਾ ਦਿਤਾ ਜਾਵੇ ਅੰਰ ਇਸ ਦੀ ਹਦ ਪੰਦਰਾਂ ਹਜ਼ਾਰ ਰੁਪਏ ਕਰ ਦਿਤੀ ਜਾਵੇ । ਇਹ ਠੀਕ ਹੈ ਕਿ ਇਹ ਚੀਜ਼ ਇਸ ਐਡਰੈਸ ਵਿਚ ਨਹੀਂ ਲਿਖੀ, ਪਰ ਇਹ ਹੱਦ ਗਵਰਨਰ ਰੂਲ ਵਿਚ ਵਧਾਈ ਸੀ । ਇਸ ਦਾ ਇਕ ਸਰਕੁਲਰ ਪੰਜਾਬ ਸਰਕਾਰ ਦੇ ਵੈਲਫੇਅਰ ਡਿਪਾਰਟਮੈਂਟ ਨੇ ਸਰਕੂਲੇਟ ਕੀਤਾ ਆਪਣੇ ਮਹਿਕਮਿਆਂ ਨੂੰ। ਇਹ ਚੀਜ਼ ਐਡਰੈਸ ਵਿਚ ਲਿਆਂਦੀ ਹੈ ਇਹ ਅੱਛੀ ਗਲ ਹੈ, ਪਰ ਇਸ ਨੂੰ ਜਲਦੀ ਤੋਂ ਜਲਦੀ ਲਾਗੂ ਕਰਨ ਤਾਕਿ ਗਰੀਬ ਬੱਚਿਆਂ ਨੂੰ ਫ਼ਾਇਦਾ ਪਹੁੰਚ ਸਕੇ; ਹਾਲੇ ਤਕ ਬੱਚਿਆਂ ਨੂੰ ਨੌ ਹਜ਼ਾਰ ਰੁਪਏ ਦੇ ਮੁਤਾਬਕ ਫ਼ੀਸਾਂ ਆਦਿ ਵਿਚ ਰਿਆਇਤ ਮਿਲਦੀ ਹੈ। ਇਹ ਚੀਜ਼ ਗਵਰਨਰ ਰੂਲ ਦੇ ਵਿਚ ਹੋਣ ਦੇ ਬਾਵਜੂਦ ਡਿਸਟ੍ਰਿਕਟ ਲੈਵਲ ਤੇ ਨਹੀਂ ਗਈ ਸੀ । ਜਿਥੇ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਪੰਜਾਬ ਦੀਆਂ ਅਨਸੂਚਿਤ ਜਾਤੀਆਂ ਨੂੰ ਆਰਥਿਕ ਤੌਰ ਤੇ ਤਕੜਾ ਕਰਨਾ ਚਾਹੁੰਦੇ ਹਾਂ ਅੰਰ ਉਨ੍ਹਾਂ ਦੀ ਮਦਦ ਕਰਨੀ ਚਾਹੁੰਦੇ ਹਾਂ । ਮੈਂ ਦਸੱਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਸਕੀਮਾਂ ਰੂਰਲ ਡਿਵੈਲਪਮੈਂਟ ਮਹਿਕਮੇਂ ਦੀ ਮਾਰਫਤ ਹੋਣੀਆਂ ਹਨ । ਜਿਹੜਾ ਸਪੈਸ਼ਲ ਕੰਪੋਨੈਂਟ ਪਲਾਨ ਹੈ ਉਸ ਦੇ ਮੁਤਾਬਕ, ਇਸ ਵੇਲੇ ਤਾਂ 27% ਹੈ, 25% ਦੇ ਹਿਸਾਬ ਨਾਲ ਰਿਆਇਤਾਂ ਮਿਲਣੀਆਂ ਚਾਹੀਦੀਆਂ ਹਨ । ਸਟੇਟ ਪਲਾਨ ਵਿਚ ਜਿਹੜਾ ਪੰਜ ਸੌ ਕਰੋੜ ਰੁਪਿਆ ਰਖਿਆ ਹੈ ਇਸ ਦੇ ਵਿਚੋਂ 125 ਕਰੋੜ ਰੁਪਏ ਸਾਡੇ ਹਿੱਸੇ ਆਉਂਦੇ ਹਨ ਉਹ ਰੁਪਿਆ ਅਨੁਸੂਚਿਤ ਜਾਤੀਆਂ ਦੀ ਬੇਹਤਰੀ ਤੇ ਖਰਚ ਕੀਤਾ ਜਾਵੇ ਵੱਖ ਵੱਖ ਸਕੀਮਾਂ ਦੀ ਮਾਰਫਤ ਜਿਸ ਦੇ ਨਾਲ ਉਹ ਲੋਕ ਆਰਥਿਕ ਤੌਰ ਤੇ ਤਕੜੇ ਹੋ ਸਕਣ । ਲੇਕਿਨ 1985-86 ਵਿਚ ਜਿਹੜਾ 125 ਕਰੋੜ ਰੁਪਿਆ ਹਰੀਜਨਾਂ ਦੀ ਬੇਹਤਰੀ ਵਾਸਤੇ ਮਿਲਣਾ ਚਾਹੀਦਾ ਸੀ ਉਸ ਦੇ ਵਿਚੋਂ ਬਹੁਤ ਥੋੜ੍ਹੀ ਮਿਕਦਾਰ ਵਿਚ ਯਾਨੀ 26.45 ਕਰੋੜ ਰੁਪਿਆ ਰਖਿਆ ਗਿਆ ਹੈ ਜਿਹੜਾ ਕਿ ਸਿਰਫ 5.29% ਬਣਦਾ ਹੈ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜਗਜੀਤ ਸਿੰਘ]

1985-86 ਵਿਚ ਸਾਡੀ ਅਕਾਲੀ ਸਰਕਾਰ ਨੇ ਕੰਮ ਕਰਨਾ ਹੈ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਪੂਰ ਜ਼ੋਰ ਸ਼ਬਦਾਂ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਪੈਸ਼ਲ ਕੰਪੋਨੈਂਟ ਪਲਾਨ ਹੈ ਉਸ ਦਾ ਜਿੰਨਾ ਵੀ ਹਿਸਾ ਬਣਦਾ ਹੈ ਅਨੁਸੂਚਿਤ ਜਾਤੀਆਂ ਦਾ ਉਹ ਪੂਰਾ ਦਿੱਤਾ ਜਾਵੇ ਤਾਕਿ ਉਨ੍ਹਾਂ ਨੂੰ ਆਰਥਿਕ ਤੌਰ ਤੇ ਤਕੜੇ ਹੋਣ ਦਾ ਮੌਕਾ ਮਿਲ ਸਕੇ। ਇਹ ਜਿਹੜਾ ਪੰਜਾਬ ਦਾ ਪਛੜਿਆ ਅੰਗ ਹੈ ਇਹ ਤਰੱਕੀ ਕਰ ਸਕੇ। ਇਹ ਜਿਹੜਾ ਸਾਡਾ ਪਲਾਨਿੰਗ ਡਿਪਾਰਟਮੈਂਟ ਹੈ ਇਸ ਵਿਚ ਪਤਾ ਨਹੀਂ ਕੌਣ ਸੱਜਣ ਬੈਠੇ ਹਨ, ਉਹ ਜਦੋਂ ਪਲਾਨਿੰਗ ਕਰਦੇ ਹਨ ਤਾਂ ਉਹ ਇਨ੍ਹਾਂ ਵਾਸਤੇ ਪੂਰੀ ਮਿਕਦਾਰ ਵਿਚ ਰੁਪਿਆ ਨਹੀਂ ਰਖਦੇ ਜਿੰਸ ਨਾਲ ਸਰਕਾਰ ਦਾ ਜੋ ਮਨਸ਼ਾ ਹੁੰਦਾ ਹੈ ਉਹ ਪੂਰਾ ਨਹੀਂ ਹੁੰਦਾ। ਸਾਡੇ ਕੋਲ ਸੈਂਟਰਲ ਅਸਿਸਟੈਂਸ ਦਾ ਪੈਸਾ ਵੀ ਆਉਣਾ ਹੈ ਜੇ ਕਰ ਇਹ ਖਰਚ ਕਰਨਗੇ ਤਾਂ ਹੀ ਉਹ ਹੋਰ ਮਿਲੇਗਾ। ਜਿਹੜਾ ਸੈਂਟਰਲ ਅਸਿਸਟੈਂਸ ਦਾ ਪੈਸਾ ਹੈ ਉਹ ਵੀ ਦੂਸਰੇ ਖਜ਼ਾਨੇ ਵਿਚ ਚਲਾ ਜਾਂਦਾ ਹੈ। ਸਰਕਾਰ ਦੀ ਮਾਲੀ ਹਾਲਤ ਐਸੀ ਹੈ ਕਿ ਉਹ ਸਾਰਾ ਰੁਪਿਆ ਤਨਖਾਹ ਵਿਚ ਵਰਤਿਆ ਜਾਂਦਾ ਹੈ। ਅਨੁਸੂਚਿਤ ਜਾਤੀਆਂ ਦਾ ਜਿਹੜਾ ਰੁਪਿਆ ਆਉਂਦਾ ਹੈ ਉਹ ਉਨ੍ਹਾਂ ਤੇ ਹੀ ਖਰਚ ਕਰਨਾ ਚਾਹੀਦਾ ਹੈ ਅੱਤੇ ਉਨ੍ਹਾਂ ਦੀ ਤਰੱਕੀ ਵਾਸਤੇ ਵੱਧ ਤੋਂ ਵੱਧ ਰੁਪਿਆ ਲਾਉਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਰੁਪਿਆ ਸ਼ਡਿਊਲਡ ਕਾਸਟਸ ਵਾਸਤੇ ਰਖਿਆ ਹੈ ਅੱਤੇ ਜਿਹੜੀਆਂ ਸ਼ਡਿਊਲਡ ਕਾਸਟਸ ਦੀ ਵੈਲਫੇਅਰ ਲਈ ਸਕੀਮਾਂ ਹਨ, ਅਤੇ ਜਿਹੜੀਆਂ ਸਕੀਮਾਂ ਸੋਸ਼ਲ ਵੈਲਫੇਅਰ ਲਈ ਹਨ ਉਨ੍ਹਾਂ ਸਾਰੀਆਂ ਨੂੰ ਡਾਇਰੈਕਟਰ, ਵੈਲਫੇਅਰ ਡਿਪਾਰਟਮੈਂਟ ਹੀ ਲਾਗੂ ਕਰਦਾ ਹੈ। ਉਸ ਦੇ ਕੋਲ ਇਤਨਾ ਕੰਮ ਹੋ ਜਾਂਦਾ ਹੈ ਕਿ ਉਹ ਸਾਰੀਆਂ ਸਕੀਮਾਂ ਲਾਗੂ ਹੀ ਨਹੀਂ ਕਰ ਸਕਦਾ। ਅੱਜ ਤੋਂ ਕਈ ਸਾਲ ਪਹਿਲਾਂ ਡਾਇਰੈਕਟਰ, ਸ਼ਡਿਊਲਡ ਕਾਸਟਸ ਅਤੇ ਡਾਇਰੈਕਟਰ, ਸੋਸ਼ਲ ਵੈਲਫੇਅਰ ਇਹ ਦੋ ਪੋਸਟਾਂ ਸਨ, ਲੇਕਿਨ ਥੋੜ੍ਹੀ ਦੇਰ ਤੋਂ ਦੋ ਪੋਸਟਾਂ ਨੂੰ ਘਟਾ ਕੇ ਇਕ ਕਰ ਦਿਤੀ ਗਈ ਹੈ। ਸੋਸ਼ਲ ਵੈਲਫੇਅਰ ਅਤੇ ਸ਼ਡਿਊਲਡ ਕਾਸਟਸ ਵੈਲਫੇਅਰ ਦੀਆਂ ਜਿਨੀਆਂ ਸਕੀਮਾਂ ਹਨ ਉਨ੍ਹਾਂ ਤੇ ਪੂਰਾ ਧਿਆਨ ਨਹੀਂ ਦਿੱਤਾ ਜਾ ਸਕਦਾ। ਬਹੁਤ ਸਾਰੀਆਂ ਸਕੀਮਾਂ ਜ਼ਿਆਦਾ ਕੰਮ ਹੋਣ ਨਾਲ ਲਾਗੂ ਨਹੀਂ ਕਰ ਸਕਦੇ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂ ਗਾ ਕਿ ਇਹ ਜਿਹੜੇ ਦੋਨੋਂ ਡਾਇਰੈਕਟੋਰੇਟਸ ਹਨ ਇਹ ਵੱਖਰੇ ਵੱਖਰੇ ਕੀਤੇ ਜਾਣ, ਤਾ ਕਿ ਦੋਨੋਂ ਵਿਭਾਗ ਆਪਣੀਆਂ ਆਪਣੀਆਂ ਸਕੀਮਾਂ ਪੂਰੀ ਤਰ੍ਹਾਂ ਲਾਗੂ ਕਰ ਸਕਣ। ਸਪੈਸ਼ਲ ਕੰਪੋਨੈਂਟ ਪਲਾਨ ਜਿਹੜਾ ਹੈ ਉਸ ਦੀਆਂ ਸਾਰੀਆਂ ਸਕੀਮਾਂ ਡਾਇਰੈਕਟਰ, ਸ਼ਡਿਊਲਡ ਕਾਸਟਸ ਨੇ ਦੇਖਣੀਆਂ ਹਨ ਅਤੇ ਉਨ੍ਹਾਂ ਦੀ ਨਿਗਰਾਨੀ ਕਰਨੀ ਹੈ, ਪਰ ਇਸ ਵਕਤ ਕੰਮ ਜ਼ਿਆਦਾ ਹੋਣ ਕਰ ਕੇ ਉਹ ਸਹੀ ਮਾਅਨਿਆਂ ਵਿਚ ਨਿਗਰਾਨੀ ਨਹੀਂ ਕਰ ਸਕਦਾ। ਸਾਰੀਆਂ ਸਕੀਮਾਂ ਅਧੂਰੀਆਂ ਦੀਆਂ ਅਧੂਰੀਆਂ ਰਹਿ ਜਾਂਦੀਆਂ ਹਨ ਅਤੇ ਸਾਰਾ ਰੁਪਿਆ ਨਹੀਂ ਮਿਲਦਾ ਅੱਤੇ ਜਿਹੜਾ ਮਿਲਦਾ ਵੀ ਹੈ ਉਹ ਪੂਰਾ ਖਰਚ ਨਹੀਂ ਹੁੰਦਾ, ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਵਲ ਪੂਰਾ ਧਿਆਨ ਦਿੱਤਾ ਜਾਵੇ ਤਾਕਿ ਸ਼ਡਿਊਲਡ ਕਾਸਟਸ ਲਈ ਜੋ ਪੈਸਾ ਰਖਿਆ ਗਿਆ ਹੈ ਉਨ੍ਹਾਂ ਤੇ ਪੂਰਾ ਖਰਚ ਕੀਤਾ ਜਾ ਸਕੇ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਮੈਂ ਦੋ ਤਿੰਨ ਗੱਲਾਂ ਹੋਰ ਕਰਨੀਆਂ ਹਨ। ਪਿੰਡਾਂ ਵਿਚ ਜਦੋਂ ਅਸੀਂ ਜਾਂਦੇ ਹਾਂ ਤਾਂ ਪਿੰਡਾਂ ਦੀਆਂ ਕਾਫੀ ਲੋੜਾਂ ਹਨ ਪਰ ਜਿਹੜੇ ਸ਼ਡਿਊਲਡ ਕਾਸਟਸ ਭਰਾ ਹਨ ਉਨ੍ਹਾਂ ਦੀ ਸਭ ਤੋਂ ਵੱਡੀ ਲੋੜ ਹਰੀਜਨ ਧਰਮਸ਼ਾਲਾਵਾਂ ਦੀ ਹੈ। ਬਹੁਤ ਸਾਰੀਆਂ ਬਣੀਆਂ ਹੋਈਆਂ ਹਨ ਲੇਕਿਨ ਬਹੁਤ ਗਿਣਤੀ ਵਿਚ ਕੁਝ ਅਧੂਰੀਆਂ ਪਈਆਂ ਹਨ। ਕਿਸੇ ਦੇ ਦਰਵਾਜ਼ੇ ਨਹੀਂ ਲੱਗ ਸਕੇ, ਕਿਸੇ ਦੀ ਛੱਤ ਨਹੀਂ ਪੈ ਸਕੀ। ਮੈਂ ਕਹਿੰਦਾ ਹਾਂ ਕਿ ਜਿੰਨੀ ਜਲਦੀ ਹੋ ਸਕੇ ਰੁਪਿਆ ਦੇ ਕੇ ਉਨ੍ਹਾਂ ਧਰਮਸ਼ਾਲਾਵਾਂ ਨੂੰ ਪੂਰਾ ਕੀਤਾ ਜਾ ਸਕੇ ਤਾਕਿ ਉਹ ਲੋਕ ਉਸ ਦਾ ਫਾਇਦਾ ਉਠਾ ਸਕਣ।

Original with;
Punjab Vidhan Sabha
Digitized by;
Panjab Digital Library

ਜਿਹੜੀਆਂ ਧਰਮਸ਼ਾਲਾਵਾਂ ਬਣ ਰਹੀਆਂ ਹਨ, ਉਨ੍ਹਾਂ ਲਈ ਪੰਜਾਬ ਸਰਕਾਰ ਨੇ ਦਸ ਦਸ ਹਜ਼ਾਰ ਰੁਪਿਆ ਰਖਿਆ ਹੋਇਆ ਹੈ, ਪਰ ਸਾਡੇ ਗਵਾਂਢੀ ਸੂਬੇ, ਹਰਿਆਣੇ ਨੇ 20 ਹਜ਼ਾਰ ਰੁਪਏ ਕਰ ਦਿੱਤੇ ਹਨ, ਕਿਉਂਕਿ ਅੱਜ ਕੱਲ੍ਹ ਦਸ ਹਜ਼ਾਰ ਰੁਪਏ ਵਿਚ ਕੋਈ ਧਰਮਸ਼ਾਲਾ ਨਹੀਂ ਬਣ ਸਕਦੀ। ਮੇਰੀ ਬੇਨਤੀ ਹੈ ਇਹ ਰਕਮ ਦਸ ਹਜ਼ਾਰ ਤੋਂ 20 ਹਜ਼ਾਰ ਰੁਪਏ ਕਰ ਦੇਣੀ ਚਾਹੀਦੀ ਹੈ। ਕਈ ਥਾਵਾਂ ਤੇ ਦੋ ਦੋ ਧਰਮਸ਼ਾਲਾਵਾਂ ਹਨ, ਪਰ ਕਈ ਥਾਵਾਂ ਤੇ ਹਾਲੇ ਇਕ ਵੀ ਨਹੀਂ। ਜਿਨ੍ਹਾਂ ਵਿਚ ਕੋਈ ਧਰਮਸ਼ਾਲਾ ਨਹੀਂ ਬਣੀ ਹੋਈ ਉਨ੍ਹਾਂ ਪਿੰਡਾਂ ਨੂੰ ਪਹਿਲ ਦੇਣੀ ਚਾਹੀਦੀ ਹੈ ਤਾਕਿ ਉਹ ਲੋਕ ਵੀ ਫ਼ਾਇਦਾ ਉਠਾ ਸਕਣ।

ਚੇਅਰਮੈਨ ਸਾਹਿਬ, ਇਥੇ ਪੁਲੀਸ ਦੀ ਭਰਤੀ ਹੋਣੀ ਸੀ ਔਰ ਸਾਡੇ ਪੰਜਾਬ ਵਿਚ ਅਗੇ ਵੀ ਬਹੁਤ ਸਾਰੀ ਭਰਤੀ ਹੋਈ ਹੈ। ਪਹਿਲਾਂ ਜਿਹੜੀ ਰਿਕਰੂਟਮੈਂਟ ਹੁੰਦੀ ਸੀ ਉਸ ਵਿਚ 25% ਅਨੁਸੂਚਿਤ ਜਾਤੀਆਂ ਲਈ ਪੋਸਟਾਂ ਰਿਜ਼ਰਵ ਹੁੰਦੀਆਂ ਸਨ ਲੇਕਿਨ ਬਦਕਿਸਮਤੀ ਨਾਲ ਜਿਹੜੀ 25% ਰਿਕਰੂਟਮੈਂਟ ਹੈ ਉਹ ਹੁਣ ਤਕ ਪੂਰੀ ਨਹੀਂ ਹੋਈ। ਇਸ ਦੇ ਬਹੁਤ ਸਾਰੇ ਕਾਰਨ ਹਨ, ਤੁਸੀਂ ਵੀ ਜਾਣਦੇ ਹੋ ਅਤੇ ਮੈਂ ਵੀ ਜਾਣਦਾ ਹਾਂ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕੋਸ਼ਿਸ਼ ਕੀਤੀ ਜਾਏ ਕਿ ਰਿਕਰੂਟਮੈਂਟ ਵਿਚ ਵੱਧ ਤੋਂ ਵੱਧ ਭਰਤੀ ਕਰ ਕੇ ਜਿਹੜਾ ਸਾਡਾ 25% ਦਾ ਹਿੱਸਾ ਹੈ ਉਹ ਪੂਰਾ ਕੀਤਾ ਜਾਵੇ ਔਰ ਨਾਲ ਹੀ ਪਿਛਲਾ ਬੈਕ ਲਾਗ ਪੂਰਾ ਕੀਤਾ ਜਾਵੇ। ਮੈਂ ਮੌਜੂਦਾ ਪੁਜ਼ੀਸ਼ਨ ਦਸਣਾ ਚਾਹੁੰਦਾ ਹਾਂ। ਇਸ ਵੇਲੇ ਕਲਾਸ ਵੱਨ ਵਿਚ 9.97 % ਸ਼ਡਿਊਲਡ ਕਾਸਟਸ ਹੈਨ, ਇਸ ਵਿਚ 15.3% ਘੱਟ ਹੈ। ਕਲਾਸ ਟੂ ਵਿਚ 10.62% ਹੈ ਅਤੇ 14.38% ਘੱਟ ਹੈ। ਇਸੇ ਤਰ੍ਹਾਂ ਕਲਾਸ ਥਰੀ ਵਿਚ 13.84% ਹੈ ਅਤੇ 11.16% ਘੱਟ ਹੈ। ਤੋ ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਘਾਟੇ ਨੂੰ ਪੂਰਾ ਕਰਨ ਲਈ ਜਿਹੜੀ ਹੁਣ ਨਵੀਂ ਭਰਤੀ ਹੋਵੇ, ਜਿਸ ਤਰ੍ਹਾਂ ਕਿ ਪੁਲਿਸ ਦੀ ਭਰਤੀ ਹੋਣੀ ਹੈ, ਉਸ ਵਿਚ ਹਰੀਜਨਾਂ ਦੀ 50 ਫੀਸਦੀ ਭਰਤੀ ਹੋ ਜਾਣੀ ਚਾਹੀਦੀ ਹੈ ਤਾਕਿ ਪਿਛਲਾ ਬੈਕ ਲਾਗ ਪੂਰਾ ਹੋ ਸਕੇ। ਇਸ ਤਰ੍ਹਾਂ ਹੀ ਬਾਕੀ ਮਹਿਕਮਿਆਂ ਵਿਚ ਵੀ ਜਿਤਨੀ ਭਰਤੀ ਹੋਣੀ ਹੈ ਉਨ੍ਹਾਂ ਵਿਚ ਵੀ ਹਰੀਜਨਾਂ ਦੇ ਪਿਛਲੇ ਘਾਟੇ ਨੂੰ ਪੂਰਾ ਕਰਨ ਵਾਸਤੇ ਯਤਨ ਕੀਤੇ ਜਾਣ ਤਾਕਿ ਜੋ ਉਨ੍ਹਾਂ ਲਈ ਰਾਖਵਾਂ ਹਿਸਾ ਰੱਖਿਆ ਗਿਆ ਹੈ ਉਹ ਉਨਾਂ ਨੂੰ ਮਿਲ ਸਕੇ ਔਰ ਇਹ ਸਾਰੀਆਂ ਸਹੂਲਤਾਂ ਪ੍ਰਾਪਤ ਕਰ ਸਕਣ ਔਰ ਅੱਗੇ ਵੱਧ ਸਕਣ।

ਇਸ ਦੇ ਨਾਲ ਨਾਲ ਮੈਂ ਬਸਤੀ ਸੁਧਾਰ ਦੀ ਸਕੀਮ ਬਾਰੇ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਸਕੀਮ ਅਧੀਨ ਪਿੰਡਾਂ ਵਿਚ ਹਰੀਜਨਾਂ ਦੀਆਂ ਬਸਤੀਆਂ ਨੂੰ ਪੱਕਿਆਂ ਕਰਨਾ ਸੀ ਔਰ ਉਸ ਲਈ ਪਿਛਲੀ ਸਰਕਾਰ ਨੇ ਕਾਫ਼ੀ ਪੈਸਾ ਵੀ ਰੱਖਿਆ ਸੀ। ਇਸ ਲਈ ਹੁਣ ਵੀ ਕਾਫ਼ੀ ਪੈਸਾ ਰੱਖਿਆ ਜਾਣਾ ਚਾਹੀਦਾ ਹੈ। ਗਵਰਨਰ ਰਾਜ ਵਿਚ ਵੀ ਡਿਸਟਰਬੈਂਸਿਜ਼ ਦੇ ਦੌਰਾਨ ਕੰਮ ਚਲਦਾ ਰਿਹਾ। ਇਹ ਜਿਹੜਾ ਗਲੀਆਂ, ਨਾਲੀਆਂ ਤੇ ਫਰਸ਼ ਪੱਕਿਆਂ ਕਰਨ ਦਾ ਕੰਮ ਹੈ ਇਸ ਨੂੰ ਅਹਿਮੀਅਤ ਦੇਣੀ ਚਾਹੀਦੀ ਹੈ ਕਿਉਂਕਿ ਪਿੰਡਾਂ ਵਿਚੋਂ ਗੰਦਗੀ ਦੂਰ ਕਰਨ ਲਈ ਅਤੇ ਸਾਫ ਸੁਥਰਾ ਪਿੰਡਾਂ ਨੂੰ ਬਣਾ ਕੇ ਦੇਣ ਲਈ ਇਹ ਸਕੀਮ ਚਲਾਈ ਗਈ ਸੀ। ਕਈਆਂ ਪਿੰਡਾਂ ਦੀ ਆਮਦਨ ਬਹੁਤ ਘੱਟ ਹੈ ਅਤੇ ਉਹ ਇਹ ਕੰਮ ਆਪਣੀ ਆਮਦਨ ਦੇ ਜ਼ਰੀਏ ਨਹੀਂ ਕਰ ਸਕਦੇ ਅਤੇ ਆਪਣਾ ਹਿਸਾ ਨਹੀਂ ਪਾ ਸਕਦੇ ਇਸ ਲਈ ਉਥੇ ਸਰਕਾਰ ਨੂੰ ਪੂਰਾ ਖਰਚ ਕਰਕੇ ਇਸ ਕੰਮ ਨੂੰ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇਸ ਸਕੀਮ ਅਧੀਨ ਕਈਆਂ ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਗਿਆ ਸੀ ਪਰ ਉਹ ਪੂਰਾ ਨਹੀਂ ਸੀ ਹੋ ਸਕਿਆ। ਉਹ ਕੰਮ ਪੂਰਾ ਕਰਨਾ ਚਾਹੀਦਾ ਹੈ। ਕਈਆਂ ਮੁਹਲਿਆਂ ਵਿਚ ਤਾਂ ਕੰਮ ਹੋ ਗਿਆ ਹੈ ਪਰ ਕਈਆਂ ਵਿਚ ਨਹੀਂ ਹੋਇਆ। ਜਿਹੜੇ ਮੁਹਲਿਆਂ ਵਿਚ ਕੰਮ ਨਹੀਂ ਹੋਇਆ ਉਥੇ ਕਰਨਾ ਚਾਹੀਦਾ ਹੈ ਤਾਕਿ ਉਹ ਇਹ ਨਾ ਕਹਿ ਸਕਣ ਕਿ ਸਾਡੇ ਕੰਮ ਕਿਉਂ ਨਹੀਂ ਹੋਇਆ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜਗਜੀਤ ਸਿੰਘ]

ਚੇਅਰਮੈਨ ਸਾਹਿਬ, ਪੰਜਾਬ ਵਿਚ ਜਲੰਧਰ ਵਿਚ ਖਾਸ ਤੌਰ ਤੇ ਹੜ੍ਹ ਆਏ ਔਰ ਉਨ੍ਹਾਂ ਹੜ੍ਹਾਂ ਵਿਚ ਲੋਕਾਂ ਦਾ ਬਹੁਤ ਨੁਕਸਾਨ ਹੋਇਆ । ਹੜ੍ਹ ਦਾ ਪਾਣੀ ਦਸ ਪੰਦਰਾਂ ਮਿੰਟ ਵਿਚ ਹੀ ਚਾਰ ਚਾਰ, ਪੰਜ ਪੰਜ ਫੁਟ ਆ ਗਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਕਿਸਾਨ ਨਾ ਤਾਂ ਆਪਣੇ ਖੇਤਾਂ ਵਿਚ ਪਈ ਖਾਦ ਨੂੰ ਸਾਂਭ ਸਕਿਆ ਔਰ ਨਾ ਹੀ ਆਪਣੇ ਘਰ ਵਿਚੋਂ ਕੋਈ ਸਾਮਾਨ ਬਾਹਰ ਕੱਢ ਸਕਿਆ, ਸਿਰਫ ਆਪਣਾ ਪਰਿਵਾਰ ਲੈ ਕੇ ਹੀ ਨਿਕਲ ਸਕਿਆ । ਇਸ ਨਾਲ ਲੋਕਾਂ ਦਾ ਬਹੁਤ ਹੀ ਨੁਕਸਾਨ ਹੋਇਆ ਹੈ । ਭਾਰਤ ਦੇ ਪ੍ਰਧਾਨ ਮੰਤਰੀ ਜੀ ਨੇ ਵਡੀ ਮਿਕਦਾਰ ਵਿਚ ਉਨ੍ਹਾਂ ਹੜ੍ਹ-ਮਾਰੇ ਲੋਕਾਂ ਦੀ ਮਦਦ ਲਈ ਬਹੁਤ ਸਾਰੀ ਰਕਮ ਦਿਤੀ ਤਾਕਿ ਉਨ੍ਹਾਂ ਲੋਕਾਂ ਨੂੰ ਰਿਲੀਫ ਮਿਲ ਸਕੇ ਲੇਕਿਨ ਰਿਲੀਫ ਨੂੰ ਵੰਡਣ ਦਾ ਕੰਮ ਠੀਕ ਨਹੀਂ ਹੋ ਸਕਿਆ । ਪਿੰਡਾਂ ਵਿਚ ਗਰੀਬ ਲੋਕਾਂ ਦੇ ਸਾਰਿਆਂ ਦੇ ਸਾਰੇ ਮਕਾਨ ਢਹਿ ਗਏ ਪਰ ਉਨ੍ਹਾਂ ਨੂੰ ਪੂਰੀ ਮਦਦ ਨਹੀਂ ਮਿਲ ਸਕੀ । ਜਿਸ ਤਰ੍ਹਾਂ ਮੇਰੇ ਆਪਣੇ ਹਲਕੇ ਵਿਚ ਪਿੰਡ ਹਨ ਘੁਮਿਆਰਾ, ਧੋਗੜਾ, ਮਸਤਾਪੁਰ ਵਗੈਰਾ ਜਿਥੇ ਕਿ ਲੋਕ ਅਜੇ ਤਕ ਵੀ ਟੈਂਟਾਂ ਵਿਚ ਹੀ ਬੈਠੇ ਹਨ । ਹੁਣ ਤਾਂ ਸਰਕਾਰ ਨੇ ਟੈਂਟ ਵੀ ਵਾਪਸ ਲੈਣ ਦਾ ਫੈਸਲਾ ਕਰ ਲਿਆ ਹੈ ਔਰ ਜੇਕਰ ਕੋਈ ਨਹੀਂ ਦੇਵੇਗਾ ਤਾਂ 15 ਰੁਪਏ ਉਸ ਨੂੰ ਕਿਰਾਇਆ ਦੇਣਾ ਪਵੇਗਾ । ਜਿਨ੍ਹਾਂ ਲੋਕਾਂ ਨੂੰ ਹਾਲੇ ਤਕ ਪਹਿਲੀ ਵਾਰੀ ਵੀ ਗਰਾਂਟ ਨਹੀਂ ਮਿਲੀ ਔਰ ਉਨ੍ਹਾਂ ਦੇ ਨੁਕਸਾਨ ਦੀ ਅਸੈਸਮੈਂਟ ਸਹੀ ਮਾਅਨਿਆਂ ਵਿਚ ਨਹੀਂ ਹੋਈ ਉਨ੍ਹਾਂ ਕੇਸਾਂ ਦੀ ਇਨਕੁਆਇਰੀ ਕਰਕੇ ਗਰਾਂਟ ਦਿੱਤੀ ਜਾਵੇ ਔਰ ਦੁਬਾਰਾ ਅਸੈਸਮੈਂਟ ਕੀਤੀ ਜਾਵੇ । ਜਿਹੜੇ ਲੋਕਾਂ ਨੇ ਅਫਸਰਾਂ ਨਾਲ ਮਿਲ ਕੇ, ਸਰਕਾਰੀ ਕਰਮਚਾਰੀਆਂ ਨਾਲ ਮਿਲ ਕੇ ਗਰਾਂਟਾਂ ਲੈ ਲਈਆਂ ਹਨ ਔਰ ਉਨ੍ਹਾਂ ਦਾ ਨੁਕਸਾਨ ਨਹੀਂ ਹੋਇਆ, ਜਿਹੜੇ ਇਸ ਤਰ੍ਹਾਂ ਦੇ ਲੋਕ ਵੱਡੀ ਮਿਕਦਾਰ ਵਿਚ ਗਰਾਂਟਾਂ ਲੈ ਗਏ ਹਨ, ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਦੇ ਮੁਤੱਲਕ ਵੀ ਇਨਕੁਆਇਰੀ ਕੀਤੀ ਜਾਵੇ ਤਾ ਕਿ ਉਨ੍ਹਾਂ ਲੋਕਾਂ ਨੂੰ ਪਤਾ ਲਗ ਸਕੇ । ਜਿਹੜੀ ਬਗੈਰ ਨੁਕਸਾਨ ਦੇ ਗਰਾਂਟ ਦਿਤੀ ਗਈ ਹੈ, ਉਹ ਵੀ ਵਾਪਸ ਹੋਵੇ ਔਰ ਜਿਨ੍ਹਾਂ ਲੋਕਾਂ ਨੂੰ ਨਹੀਂ ਮਿਲੀ ਉਨ੍ਹਾਂ ਨੂੰ ਗਰਾਂਟ ਮਿਲੇ । ਹੜ੍ਹਾਂ ਵਿਚ ਜ਼ਿਆਦਾ ਨੁਕਸਾਨ ਗਰੀਬਾਂ ਦਾ ਹੋਇਆ ਹੈ, ਅਮੀਰਾਂ ਦਾ ਵੀ ਹੋਇਆ ਹੈ, ਪਰ ਜ਼ਿਆਦਾ ਗਰੀਬਾਂ ਦਾ, ਕਿਸਾਨਾਂ ਦਾ ਹੋਇਆ ਹੈ । ਹੁਣ ਗਿਰਦਾਵਰੀਆਂ ਹੋਈਆਂ ਹਨ ਪਰ ਬਹੁਤ ਸਾਰੇ ਲੋਕਾਂ ਨੂੰ ਹਾਲੇ ਰਿਲੀਫ ਦੀ ਰਕਮ ਨਹੀਂ ਮਿਲੀ ।

ਸ਼੍ਰੀ ਸਭਾਪਤੀ : ਤੁਸੀਂ ਵਾਈਂਡ ਅਪ ਕਰੋ ।

ਸ਼੍ਰੀ ਜਗਜੀਤ ਸਿੰਘ : ਬੱਸ ਜੀ, ਮੈਂ ਦੋ ਤਿੰਨ ਗੱਲਾਂ ਹੀ ਕਹਿਣੀਆਂ ਹਨ । ਚੇਅਰਮੈਨ ਸਾਹਿਬ, ਕਈਆਂ ਕਿਸਾਨਾਂ ਨੇ ਪੋਲਟਰੀ ਫਾਰਮ ਵੱਡੇ ਵੱਡੇ ਬਣਾਏ ਹੋਏ ਸਨ । ਜਲੰਧਰ ਜ਼ਿਲ੍ਹੇ ਵਿਚ ਵੱਡੇ ਵੱਡੇ ਪੋਲਟਰੀ ਫਾਰਮ ਸਨ ਜਿਨ੍ਹਾਂ ਵਿਚ ਦਸ ਦਸ ਹਜ਼ਾਰ ਮੁਰਗੀਆਂ ਰੱਖੀਆਂ ਹੋਈਆਂ ਸਨ ਔਰ ਉਹ ਸਾਰੀਆਂ ਦੀਆਂ ਸਾਰੀਆਂ ਹੀ ਹੜ੍ਹ ਗਈਆਂ । ਮੈਂ ਸਰਕਾਰ ਪਾਸ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੋਲਟਰੀ ਫਾਰਮਰਜ਼ ਨੂੰ ਰਿਲੀਫ ਦਿਤਾ ਜਾਵੇ ਤਾਕਿ ਉਹ ਵੀ ਮੁੜਕੇ ਪੋਲਟਰੀ ਫਾਰਮ ਬਣਾ ਸਕਣ ਔਰ ਆਪਣਾ ਕੰਮ ਜਿਹੜਾ ਹੈ ਉਸ ਨੂੰ ਚਾਲੂ ਕਰ ਸਕਣ ।

ਹੁਣ ਮੈਂ, ਚੇਅਰਮੈਨ ਸਾਹਿਬ, ਆਪਣੇ ਹਲਕੇ ਦੀਆਂ ਦੋ ਤਿੰਨ ਗੱਲਾਂ ਰੱਖਣੀਆਂ ਹਨ । ਮੇਰਾ ਕਰਤਾਰਪੁਰ ਹਲਕਾ ਹੈ ਜੋਕਿ ਇਕ ਇਤਹਾਸਿਕ ਸ਼ਹਿਰ ਹੈ । ਉਥੇ ਗੁਰੂ ਤੇਗ਼ ਬਹਾਦਰ ਜੀ ਵਿਆਹੁਣ ਲਈ ਆਏ ਸਨ, ਉਥੇ ਮਾਤਾ ਗੁਜਰੀ ਜੀ ਪੈਦਾ ਹੋਏ ਸਨ, ਉਥੇ ਸਵਾਮੀ ਦਯਾ ਨੰਦ ਪੈਦਾ ਹੋਏ ਸਨ, ਉਥੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਪੈਂਦੇ ਖਾਂ ਨਾਲ ਲੜਾਈ ਕੀਤੀ ਸੀ । ਉਹ ਬੜੀ ਹੀ ਇਤਹਾਸਿਕ ਮਹਾਨਤਾ ਵਾਲਾ ਸ਼ਹਿਰ ਹੈ । ਉਥੇ ਸ਼ਹਿਰ ਦੇ ਲੋਕਾਂ ਨੂੰ ਸਹੂਲਤਾਂ

Original with;
Punjab Vidhan Sabha
Digitized by;
Panjab Digital Library

ਹੋਣੀਆਂ ਚਾਹੀਦੀਆਂ ਹਨ। ਉਥੇ ਸੀਵ੍ ਰੇਜ ਦੀ ਲੋੜ ਹੈ । ਉਥੇ ਦੀ ਮਿਉਂਸਪਲ ਕਮੇਟੀ ਦੀ ਫਾਇਨਾਂਸ਼ੀਅਲ ਪੁਜ਼ੀਸ਼ਨ ਕਮਜ਼ੋਰ ਹੈ, ਉਸ ਪਾਸ ਪੈਸੇ ਨਹੀਂ ਹਨ ਕਿ ਉਹ ਸ਼ਹਿਰ ਦੀ ਡਿਵੈਲਪਮੈਂਟ ਕਰ ਸਕੇ। ਮੇਰੇ ਬੋਲਣ ਤੋਂ ਪਹਿਲਾਂ ਮੇਰੇ ਵੀਰ ਮਿਨਹਾਸ ਜੀ ਨੇ ਕਿਹਾ ਸੀ ਕਿ ਆਦਮ ਪੁਰ ਜਾਂ ਹੋਰ ਜਿਹੜੇ ਇਸ ਤਰ੍ਹਾਂ ਦੇ ਸ਼ਹਿਰ ਹਨ ਉਥੇ ਇਮਪਰੂਵਮੈਂਟ ਲਈ ਬੋਰਡ ਕਾਇਮ ਕੀਤੇ ਜਾਣ ਤਾਂ ਕਿ ਉਨ੍ਹਾਂ ਸ਼ਹਿਰਾਂ ਦੀ ਛੇਤੀ ਡਿਵੈਲਪਮੈਂਟ ਹੋ ਸਕੇ । ਸੋ, ਮੈਂ ਵੀ ਇਹ ਹੀ ਬੇਨਤੀ ਕਰਾਂਗਾ ਕਿ ਜਿਹੜੇ ਕਰਤਾਰਪੁਰ ਵਰਗੇ ਇਤਿਹਾਸਿਕ ਸ਼ਹਿਰ ਹਨ ਉਨ੍ਹਾਂ ਵਿਚ ਬੋਰਡ ਬਣਾਏ ਜਾਣ, ਉਥੇ ਸੀਵਰੇਜ ਵਾਸਤੇ ਪੈਸੇ ਮਿਲਣੇ ਚਾਹੀਦੇ ਹਨ। ਉਥੇ ਬਸ ਅੱਡਾ ਨਹੀਂ ਹੈ ਉਹ ਵੀ ਬਣਨਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਆਵਾਜਾਈ ਦੀ ਸਹੂਲਤ ਮਿਲ ਸਕੇ ।

ਫਿਰ, ਚੇਅਰਮੈਨ ਸਾਹਿਬ, ਸਲੱਮ ਕਲੀਅਰੈਂਸ ਵਾਸਤੇ ਗਰੀਬਾਂ ਦੀਆਂ ਬਸਤੀਆਂ ਹਨ । ਸਾਡੇ ਉਥੇ ਬਸੀਰਨਗਰ ਹੈ, ਚਰਕੜੀ ਵਾਲਾ ਮੁਹੱਲਾ ਹੈ, ਰਿਸ਼ੀ ਨਗਰ ਹੈ, ਫਿਰ ਸਾਂਸੀਆਂ ਦਾ ਮੁਹੱਲਾ ਹੈ, ਬਾਜ਼ੀਗਰ ਮੁਹੱਲਾ ਹੈ। ਉਥੇ ਸਲੱਮ ਕਲੀਅਰੈਂਸ ਦੀ ਸਕੀਮ ਬਣਾਉਣੀ ਚਾਹੀਦੀ ਹੈ ਤਾਂ ਕਿ ਉਥੇ ਦੇ ਲੋਕ ਬਿਮਾਰੀਆਂ ਤੋਂ ਬਚ ਸਕਣ ।

ਸ਼੍ਰੀ ਸਭਾਪਤੀ : ਬੱਸ ਕਰੋ, ਚੌਧਰੀ ਸਾਹਿਬ ।

ਸ਼੍ਰੀ ਜਗਜੀਤ ਸਿੰਘ : ਬੱਸ ਜੀ, ਮੈਂ ਇਕ ਗੱਲ ਹੀ ਹੋਰ ਕਹਿਣੀ ਹੈ । ਚੇਅਰਮੈਨ ਸਾਹਿਬ, ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਨਸਰਾਲਾ ਚੋਅ ਟੁੱਟਾ । ਜਲੰਧਰ ਡਿਸਟਰੀਬਿਊਟਰੀ ਹੈ ਉਸ ਨੂੰ ਹੜ੍ਹਕੇ ਜਲੰਧਰ ਵਿਚ ਪਾਣੀ ਆ ਗਿਆ । ਨਸਰਾਲਾ ਚੋਅ ਤੇ ਸਰਕਾਰ ਕਰੋੜਾਂ ਰੁਪਏ ਬੰਨ੍ਹ ਬਣਾਉਣ ਤੇ ਖਰਚ ਕਰਦੀ ਹੈ । ਇਸ ਲਈ ਮੈਂ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਗਲ ਦੀ ਵੀ ਇਨਕੁਆਇਰੀ ਕੀਤੀ ਜਾਵੇ ਕਿ ਉਹ ਚੋਅ ਦਾ ਬੰਨ੍ਹ ਕਿਸ ਤਰ੍ਹਾਂ ਟੁੱਟ ਗਿਆ ਜਿਸ ਨਾਲ ਕਿ ਜਲੰਧਰ ਦੇ ਬਹੁਤ ਸਾਰੇ ਇਲਾਕੇ ਹੜ੍ਹ ਦੀ ਜ਼ਦ ਵਿਚ ਆ ਗਏ । ਫਿਰ ਜਿਹੜੀਆਂ ਡਰੇਨਾਂ ਹਨ ਉਨ੍ਹਾਂ ਦੀ ਸਫਾਈ ਹੋਣੀ ਚਾਹੀਦੀ ਹੈ । ਸਾਡੇ ਉਥੇ ਵਡਾਲਾ ਡਰੇਨ ਹੈ ਉਹ ਸਾਫ ਹੋਣੀ ਚਾਹੀਦੀ ਹੈ ਤਾਕਿ ਉਹ ਪਾਣੀ ਦਾ ਬਹਾਉ, ਪਾਣੀ ਦਾ ਵਹਿਣ ਸਹਾਰ ਸਕਣ ਅੌਰ ਲੋਕ ਹੜ੍ਹ ਦੀ ਮਾਰ ਤੋਂ ਅਗੋਂ ਤੋਂ ਬਚ ਸਕਣ । ਮੈਂ ਸਮਝਦਾ ਹਾਂ ਕਿ ਰੂਰਲ ਡਿਵੈਲਪਮੈਂਟ ਸਕੀਮ ਦੀ ਮਾਰਫਤ ਵੀ ਦੱਸਿਆ ਗਿਆ ਹੈ ਕਿ ਬਹੁਤ ਸਾਰੇ ਪੈਸੇ ਬਤੌਰ ਇੰਟਰੈਸਟਫਰੀ ਲੋਨ ਦੇ ਅੌਰ ਸਬਸਿਡੀ ਦੇ ਪਿੰਡਾਂ ਦੇ ਲੋਕਾਂ ਨੂੰ ਸਰਕਾਰ ਦਿੰਦੀ ਹੈ।

ਸ਼੍ਰੀ ਸਭਾਪਤੀ : ਹਾਂ ਜੀ, ਪਾਂਧੀ ਸਾਹਿਬ। ਚੌਧਰੀ ਸਾਹਿਬ, ਤੁਸੀਂ ਬੱਸ ਕਰੋ।

(ਇਸ ਸਮੇਂ ਮਾਨਯੋਗ ਮੈਂਬਰ, ਸਰਦਾਰ ਦਲੀਪ ਸਿੰਘ ਪਾਂਧੀ ਜੀ ਖੜ੍ਹੇ ਹੋਏ ।)

ਸ਼੍ਰੀ ਜਗਜੀਤ ਸਿੰਘ : ਮੈਂ ਵਾਈਂਡ ਅਪ ਕਰ ਰਿਹਾ ਹਾਂ ਜੀ। ਮੈਂ ਕਹਿੰਦਾ ਹਾਂ ਕਿ ਪਿੰਡਾਂ ਨੂੰ ਬਹੁਤ ਪੈਸੇ ਦਿੰਦੇ ਹਾਂ ਰੂਰਲ ਡਿਵੈਲਪਮੈਂਟ ਸਕੀਮ ਹੇਠ। ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਰੂਰਲ ਡਿਵੈਲਪਮੈਂਟ ਸਕੀਮ ਦੇ ਅਧੀਨ ਸਰਕਾਰ ਵਲੋਂ ਗਰੀਬਾਂ ਨੂੰ ਪੈਸੇ ਦਿਤੇ ਜਾਂਦੇ ਹਨ । ਰੂਰਲ ਡਿਵੈਲਪਮੈਂਟ ਦੀ ਸਕੀਮ ਥੱਲੇ ਜਿਹੜੇ ਕਰਜ਼ੇ ਬੈਂਕਾਂ ਰਾਹੀਂ ਗਰੀਬਾਂ ਨੂੰ ਦਿੱਤੇ ਜਾਂਦੇ ਹਨ, ਉਹ ਸਿਸਟਮ ਠੀਕ ਨਹੀਂ ਹੈ। ਉਸ ਵਿਚ ਬੜੀ ਹੇਰਾ ਫੇਰੀ ਹੁੰਦੀ ਹੈ। ਜਿਹੜੇ ਬੀਲੋਅ ਪਾਵਰਟੀ ਲਾਈਨ ਲੋਕ ਹਨ ਜਦੋਂ ਉਹ ਕਰਜ਼ਾ ਲੈਣ ਜਾਂਦੇ ਹਨ ਤਾਂ ਉਨ੍ਹਾਂ ਦੀ ਬੜੀ ਦੁਰਦਸ਼ਾ ਹੁੰਦੀ ਹੈ। ਜੇ 5 ਹਜ਼ਾਰ ਦਾ ਲੋਨ ਲੈਣਾ ਹੋਵੇ ਤਾਂ 500 ਰੁਪਏ ਤਾਂ ਉਸੇ ਵੇਲੇ ਬੈਂਕ ਵਾਲਿਆਂ ਨੂੰ ਦੇਣੇ ਪੈਂਦੇ ਹਨ ਤਾਂ ਜਾ ਕੇ ਕੋਈ ਕਰਜ਼ਾ ਨਸੀਬ ਹੁੰਦਾ ਹੈ। ਇਸ ਲਈ ਮੈਂ ਇਹ ਸੁਝਾਵ ਦੇਣਾ ਚਾਹੁੰਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਜਗਜੀਤ ਸਿੰਘ]

ਜਿਹੜੇ ਕਰਜ਼ੇ ਇਹ ਗਰੀਬਾਂ ਨੂੰ ਦਿੱਤੇ ਜਾਂਦੇ ਹਨ ਇਹ ਬੈਂਕਾਂ ਰਾਹੀਂ ਨਹੀਂ ਦਿੱਤੇ ਜਾਣੇ ਚਾਹੀਦੇ। ਇਹ ਸ਼ਡਿਊਲਡ ਕਾਸਟਸ ਵੈਲਫੇਅਰ ਜਿਹੜੀ ਕਾਰਪੋਰੇਸ਼ਨ ਹੈ ਉਸ ਦੇ ਰਾਹੀਂ ਇਹ ਪੈਸੇ ਦਿੱਤੇ ਜਾਣੇ ਚਾਹੀਦੇ ਹਨ ਤਾਂ ਹੀ ਲੋਕਾਂ ਨੂੰ ਸਹੀ ਮਾਅਨਿਆਂ ਵਿਚ ਪੈਸੇ ਮਿਲ ਸਕਣਗੇ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ.) : ਚੇਅਰਮੈਨ ਸਾਹਿਬ, ਜਿਹੜਾ ਭਾਸ਼ਣ ਗਵਰਨਰ ਸਾਹਿਬ ਨੇ ਇਸ ਹਾਊਸ ਵਿਚ ਦਿੱਤਾ ਹੈ ਮੈਂ ਉਸ ਤੇ ਧੰਨਵਾਦ ਦੇ ਪ੍ਰਸਤਾਵ ਦਾ ਸਮਰਥਨ ਕਰਨ ਲਈ ਅਤੇ ਇਹ ਬੇਨਤੀ ਕਰਨ ਲਈ ਕਿ ਇਸ ਨੂੰ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ, ਤੁਹਾਡੀ ਇਜਾਜ਼ਤ ਨਾਲ ਖੜਾ ਹੋਇਆ ਹਾਂ। ਚੇਅਰਮੈਨ ਸਾਹਿਬ, ਪਿਛਲੀ ਸਰਕਾਰ ਦੀਆਂ ਜੋ ਵਾਰਦਾਤਾਂ ਸਨ ਉਹ ਤੁਸੀਂ ਅੱਜ ਦੀ ਇੰਡੀਅਨ ਐਕਸਪ੍ਰੈਸ ਦੇ ਫਰੰਟ ਪੇਜ ਤੇ ਪੜ੍ਹਲਿਆ ਹੋਵੇਗਾ। ਬਲਿਊ ਸਟਾਰ ਓਪਰੇਸ਼ਨ ਵੇਲੇ ਲੋਕਾਂ ਦਾ ਕੀ ਹਾਲ ਕੀਤਾ ਗਿਆ ਇਹ ਸਭ ਤੁਸੀਂ ਜਾਣਦੇ ਹੋ। ਇਸ ਸਬੰਧ ਵਿਚ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਦੀ ਸਰਕਾਰ ਨੂੰ ਫੌਰੀ ਤੌਰ ਤੇ ਵਿਧਾਨ ਸਭਾ ਦੇ ਮੈਂਬਰਾਂ ਦੀ ਇਕ ਕਮੇਟੀ ਬਣਾ ਦੇਣੀ ਚਾਹੀਦੀ ਹੈ ਜਿਹੜੀ ਇਸ ਗੱਲ ਦੀ ਘੋਖ ਕਰੇ ਕਿ ਕਿਨ੍ਹਾਂ ਹਾਲਾਤ ਵਿਚ ਉਸ ਵੇਲੇ ਹਾਲਾਤ ਵਿਗੜੇ, ਕਿਨ੍ਹਾਂ ਹਾਲਾਤ ਵਿਚ ਟੈਰੋਰਿਜ਼ਮ ਹੋਇਆ ? ਮੇਰਾ ਖਿਆਲ ਹੈ ਕਿ ਸਾਡੇ ਮੁੱਖ ਮੰਤਰੀ ਸਾਹਿਬ ਮੇਰੇ ਇਸ ਸੁਝਾਵ ਤੇ ਅਮਲ ਕਰਨ ਦੀ ਕੋਸ਼ਿਸ਼ ਕਰਨਗੇ।

ਚੇਅਰਮੈਨ ਸਾਹਿਬ, ਇਸ ਤੋਂ ਪਹਿਲਾਂ ਜਦੋਂ ਪਿਛਲੀ ਸਰਕਾਰ ਸੀ ਤਾਂ ਉਸ ਵੇਲੇ ਕੀ ਹਾਲਾਤ ਵਾਪਰੇ ? ਪਿਛਲੇ 2 ਸਾਲਾਂ ਵਿਚ ਅਸੈਂਬਲੀ ਭੰਗ ਰਹੀ ਅੌਰ ਕਿਸ ਤਰੀਕੇ ਨਾਲ ਲੋਕਾਂ ਤੇ ਮੁਕੱਦਮੇ ਬਣਾਏ ਗਏ ਅੌਰ ਬੇਕਸੂਰਾਂ ਨੂੰ ਤੰਗ ਕੀਤਾ ਗਿਆ ? ਇਸ ਦੇ ਬਾਰੇ ਤੁਸੀਂ ਬਜ਼ੁਰਗ ਮੈਂਬਰ ਹੋ ਤੁਹਾਨੂੰ ਸਭ ਪਤਾ ਹੈ। ਮੈਂ ਇਹ ਕਹਾਂਗਾ ਕਿ ਡੈਮੋਕਰੈਟਿਕ ਸਿਸਟਮ ਵਿਚ ਨੁਮਾਇੰਦਿਆਂ ਦਾ ਕੀ ਰੋਲ ਹੋਣਾ ਚਾਹੀਦਾ ਹੈ, ਉਸ ਨੂੰ ਬਿਲਕੁਲ ਖਤਮ ਕਰ ਦਿੱਤਾ। ਉਸ ਵੇਲੇ ਜੋ ਆਪੋਜ਼ੀਸ਼ਨ ਦੇ ਮੈਂਬਰਾਂ ਨਾਲ ਸਲੂਕ ਕੀਤਾ ਗਿਆ ਹੈ ਉਹ ਤੁਹਾਨੂੰ ਸਭ ਨੂੰ ਪਤਾ ਹੈ। ਫਿਰ ਜਦੋਂ ਹੁਣ ਸਾਡੀ ਸਰਕਾਰ ਲੋਕਾਂ ਨੇ ਬਣਾਈ ਤਾਂ ਇਸ ਵੇਲੇ ਕੀ ਹਾਲਾਤ ਸਨ ਕਿ 370 ਕਰੋੜ ਦਾ ਘਾਟਾ ਸਰਕਾਰ ਵਲੋਂ ਦਿਖਾਇਆ ਗਿਆ ਸੀ ਜਦਕਿ ਜੇ ਹੋਰ ਕਾਰਪੋਰੇਸ਼ਨਾਂ ਨੂੰ ਵੇਖਿਆ ਜਾਵੇ ਤਾਂ ਕੋਈ ਵੀ ਕਾਰਪੋਰੇਸ਼ਨ ਐਸੀ ਨਹੀਂ ਜਿਹੜੀ ਘਾਟੇ ਵਿਚ ਨਾ ਜਾ ਰਹੀ ਹੋਵੇ। ਚੌਧਰੀ ਸਾਹਿਬ ਨੂੰ ਪਤਾ ਹੈ। ਉਹ ਆਪ ਵੀ ਕਾਰਪੋਰੇਸ਼ਨ ਦੇ ਚੇਅਰਮੈਨ ਰਹੇ ਹਨ। ਇਸ ਦਾ ਕਾਰਨ ਹੈ ਕਿ ਪਿਛਲੇ ਸਮੇਂ ਵਿਚ ਹੈਵੀ ਐਡਮਨਿਸਟ੍ਰੇਸ਼ਨ ਪੈਦਾ ਕੀਤੀ ਗਈ ਅੌਰ ਅਫਸਰਾਂ ਦੀਆਂ ਤਨਖਾਹਾਂ ਵਿਚ ਬਹੁਤ ਜ਼ਿਆਦਾ ਵਾਧਾ ਕੀਤਾ ਗਿਆ। ਤੁਹਾਨੂੰ ਪਤਾ ਹੈ ਕਿ ਜਿਹੜੇ ਵਡੇ ਅਫਸਰ ਹਨ ਉਹ ਕਾਰਾਂ ਦੀ ਕਿਸ ਤਰ੍ਹਾਂ ਨਾਲ ਦੁਰਵਰਤੋਂ ਕਰਦੇ ਹਨ। ਆਪਣੇ ਸਾਰੇ ਪ੍ਰਾਈਵੇਟ ਕੰਮਾਂ ਵਿਚ ਸਰਕਾਰੀ ਕਾਰਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਸਿਸਟਮ ਨੂੰ ਖਤਮ ਹੀ ਨਹੀਂ ਕੀਤਾ ਜਾਣਾ ਚਾਹੀਦਾ ਬਲਕਿ ਕੋਈ ਪੱਕੇ ਤੌਰ ਤੇ ਬੰਦਸ਼ ਲਾ ਦੇਣੀ ਚਾਹੀਦੀ ਹੈ ਜਿਸ ਨਾਲ ਕਿ ਸਰਕਾਰੀ ਅਫਸਰ ਇਨ੍ਹਾਂ ਕਾਰਾਂ ਦਾ ਨਾਜਾਇਜ਼ ਇਸਤੇਮਾਲ ਨਾ ਕਰ ਸਕਣ। ਗਲਤ ਗੱਲਾਂ ਅਫਸਰਾਂ ਵਲੋਂ ਹੁੰਦੀਆਂ ਹਨ ਤੇ ਪੁਲਿਟੀਕਲ ਪਾਰਟੀਆਂ ਦਾ ਨਾਂ ਆ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਕੋਈ ਵੀ ਸਰਕਾਰ ਆਵੇ, ਕਿਸੇ ਪਾਰਟੀ ਦੀ ਸਰਕਾਰ ਆਵੇ, ਇਹ ਅਫਸਰ ਉਸ ਦੇ ਮਗਰ ਲਗ ਜਾਂਦੇ ਹਨ ਅਤੇ ਫਿਰ ਹਰ ਕਿਸਮ ਦੇ ਨਾਜਾਇਜ਼ ਅਧਿਕਾਰਾਂ ਦੀ ਵਰਤੋਂ ਕਰਦੇ ਹਨ। ਤੁਹਾਨੂੰ ਪਤਾ ਹੈ ਕਿ ਜਦੋਂ ਇੰਦਰਾ ਗਾਂਧੀ ਦਾ ਮਰਡਰ ਹੋਇਆ ਤਾਂ ਮੇਰੇ ਤੇ ਵੀ ਝੂਠਾ ਕੇਸ ਬਣਾ ਕੇ ਅੰਦਰ ਕਰ ਦਿੱਤਾ। ਮੈਂ ਸਮਝਦਾ ਹਾਂ ਕਿ ਜੇ ਉਸ ਵੇਲੇ ਦੇ ਚੁਣੇ ਹੋਏ ਨੁਮਾਇੰਦੇ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾ ਸਕਦਾ ਹੈ ਤਾਂ ਬਾਕੀ ਬੇਕਸੂਰ ਲੋਕਾਂ ਦਾ ਪਤਾ ਨਹੀਂ ਕੀ ਹਾਲ ਕਰਦੇ ਹੋਣੇ

Original with;
Punjab Vidhan Sabha
Digitized by;
Panjab Digital Library

ਹਨ ? ਇਸ ਲਈ ਮੇਰੀ ਅਰਜ਼ ਹੈ ਕਿ ਇਸ ਅਫਸਰਸ਼ਾਹੀ ਨੂੰ ਖਤਮ ਕਰਨਾ ਚਾਹੀਦਾ ਹੈ ਔਰ ਇਸ ਕਿਸਮ ਦੀ ਕੋਈ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਜਿਹੜੀ ਇਹ ਵੇਖੇ ਕਿ ਕੌਣ ਠੀਕ ਹੈ ਅਤੇ ਕੌਣ ਗੁਨਾਹਗਾਰ ਹੈ ? ਮੈਂ ਇਕ ਜਾਤੀ ਮਾਮਲੇ ਬਾਰੇ ਤੁਹਾਨੂੰ ਗਲ ਦੱਸਦਾ ਹਾਂ। ਮੇਰਾ ਕਿਰਦਾਰ, ਕਰੈਕਟਰ ਤੁਸੀਂ ਸਾਰੇ ਜਾਣਦੇ ਹੋ । ਮੈਂ ਕਾਫੀ ਸਮੇਂ ਤੋਂ ਇਸ ਹਾਊਸ ਦਾ ਮੈਂਬਰ ਰਿਹਾ ਹਾਂ ਅਤੇ ਇਸ ਸਦਨ ਦੀ ਪੂਰੀ ਇਜ਼ਤ ਕਰਦਾ ਹਾਂ। ਪਰ ਮੇਰੇ ਵਰਗੇ ਨੂੰ ਵੀ ਬਗੈਰ ਕਿਸੇ ਕਸੂਰ ਦੇ 14–14 ਦਿਨ ਅੰਦਰ ਜੇਲ੍ਹ ਵਿਚ ਰਖਿਆ ਔਰ ਕਈ ਤਰ੍ਹਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਰਿਹਾ। ਪੁਲਿਸ ਆਪਣੀ ਮਰਜ਼ੀ ਨਾਲ ਬਿਨਾਂ ਕਿਸੇ ਕਸੂਰ ਦੇ ਕਿਸੇ ਨੂੰ ਵੀ ਅੰਦਰ ਦੇ ਦੇਵੇ, ਇਹ ਅਫਸਰਾਂ ਦੀ ਡਿਕਟੇਟਰਸ਼ਿਪ ਨਹੀਂ ਤਾਂ ਹੋਰ ਕੀ ਹੈ। ਪਿਛਲੇ ਸਮੇਂ ਵਿਚ ਕੁਝ ਐਸੇ ਕਾਨੂੰਨ ਵੀ ਬਣਾ ਦਿੱਤੇ ਗਏ ਕਿ ਬੇਕਸੂਰ ਲੋਕਾਂ ਨੂੰ ਵੀ ਅੰਦਰ ਦਿੱਤਾ ਗਿਆ ਔਰ ਤੰਗ ਕੀਤਾ ਗਿਆ। ਇਸ ਲਈ ਮੇਰੀ ਅਰਜ਼ ਹੈ ਕਿ ਪਿਛੇ 2 ਸਾਲਾਂ ਵਿਚ ਜੋ ਹਾਲਾਤ ਖਰਾਬ ਹੋਏ ਹਨ ਉਨ੍ਹਾਂ ਨੂੰ ਹੁਣ ਸੁਧਾਰਨਾ ਚਾਹੀਦਾ ਹੈ। ਹੁਣ ਜੋ ਸਾਡੀ ਸਰਕਾਰ ਬਣੀ ਹੈ, ਇਸ ਨਾਲ ਤਾਂ ਉਹ ਹਾਲ ਹੋਇਆ ਹੈ ਕਿ ਜੰਮਦੀ ਨੂੰ ਔਲੇ ਪੈ ਗਏ' ਵਾਲੀ ਗਲ ਹੈ। ਝੋਨੇ ਦੇ ਬਾਰੇ ਜੋ ਸੈਂਟਰ ਦੀ ਸਰਕਾਰ ਨੇ ਸਾਡੀ ਸਰਕਾਰ ਨਾਲ ਵਤੀਰਾ ਕੀਤਾ ਹੈ, ਇਹ ਬਹੁਤ ਮਾੜਾ ਹੈ । ਇਹ ਤਾਂ ਉਹ ਹਾਲ ਹੈ ਕਿ ਜੇ ਕਿਸੇ ਦੁਕਾਨਦਾਰ ਨੂੰ 100 ਰੁਪਏ ਦੀ ਦੁਕਾਨ ਖੋਲ੍ਹ ਕੇ ਦੇ ਦਿੱਤੀ ਜਾਵੇ ਔਰ ਉਸ ਤੇ 1000 ਰੁਪਏ ਦਾ ਖਰਚਾ ਪਾ ਦਿਤਾ ਜਾਵੇ। ਉਹ ਹਾਲ ਸਾਡੀ ਸਰਕਾਰ ਨਾਲ ਹੋਇਆ ਹੈ। ਇਸ ਲਈ ਹੀ ਅਸੀਂ ਅਨੰਦਪੁਰ ਸਾਹਿਬ ਦੇ ਮਤੇ ਰਾਹੀਂ ਵੱਧ ਅਧਿਕਾਰਾਂ ਦੀ ਮੰਗ ਕਰਦੇ ਹਾਂ। (ਥੰਪਿੰਗ) ਅਸੀਂ ਚਾਹੁੰਦੇ ਹਾਂ ਕਿ ਵੱਧ ਅਧਿਕਾਰ ਸਟੇਟਾਂ ਨੂੰ ਮਿਲਣੇ ਚਾਹੀਦੇ ਹਨ। ਸਾਡੀ ਪਿਛਲੀ ਸਰਕਾਰ ਜਿਸ ਵੇਲੇ ਅਕਾਲੀ-ਜਨਤਾ ਸਰਕਾਰ ਬਣੀ ਤਾਂ ਉਸ ਨੇ ਕਈ ਸਕੀਮਾਂ ਡਿਵੈਲਪਮੈਂਟ ਦੀਆਂ ਬਣਾਈਆਂ ਸਨ ਪਰ ਪਿਛਲੀ ਸਰਕਾਰ ਨੇ ਉਨ੍ਹਾਂ ਨੂੰ ਸਿਰੇ ਨਹੀਂ ਚਾੜ੍ਹਿਆ। ਮੈਂ ਦਸਦਾ ਹਾਂ ਕਿ ਸਾਡੀ ਅਕਾਲੀ ਸਰਕਾਰ ਨੇ ਪਟਿਆਲਾ ਕੀ ਰਾਓ ਦੀ ਚੈਨੇਲਾਈਜ਼ੇਸ਼ਨ ਦੀ ਸਕੀਮ ਬਣਾਈ ਸੀ ਪਰ ਇਨ੍ਹਾਂ ਨੇ ਉਸ ਤੇ ਕੁਝ ਨਹੀਂ ਕੀਤਾ ਔਰ ਉਸ ਨੂੰ ਢੋਲਬਾਹਾ ਨਹਿਰ ਦੇ ਨਾਲ ਲਿੰਕ ਕਰ ਦਿੱਤਾ। ਇਸੇ ਤਰ੍ਹਾਂ ਹੀ ਸਰਹਿੰਦ ਚੋਅ ਨੂੰ ਚੈਨੇਲਾਈਜ਼ ਕਰਨ ਲਈ ਸਕੀਮ ਬਣਾਈ ਸੀ ਪਰ ਉਸ ਤੇ ਵੀ ਪਿਛਲੀ ਸਰਕਾਰ ਕੋਈ ਅਮਲ ਨਾ ਕਰ ਸਕੀ। ਫਿਰ ਨਰਵਾਣਾ ਬਰਾਂਚ ਬਾਰੇ, ਚੇਅਰਮੈਨ ਸਾਹਿਬ ਤੁਸੀਂ ਜਾਣਦੇ ਹੋ ਕਿ ਇਸ ਨਹਿਰ ਵਿਚ ਇਕ ਬਸ ਡਿਗਣ ਨਾਲ 80 ਸਵਾਰੀਆਂ ਮੌਕੇ ਤੇ ਹੀ ਮਰ ਗਈਆਂ ਸਨ ਔਰ ਉਸ ਵੇਲੇ ਦੇ ਚੀਫ ਮਨਿਸਟਰ ਅਤੇ ਹੋਰ ਅਫਸਰ ਉਥੇ ਗਏ ਤਾਂ ਉਸੇ ਵੇਲੇ ਹੀ ਉਸ ਨਹਿਰ ਤੇ ਵਡਾ ਪੁਲ ਬਣਾਉਣ ਲਈ ਹੁਕਮ ਦੇ ਦਿੱਤਾ ਸੀ ਔਰ ਇਸ ਵਾਸਤੇ ਬਜਟ ਵਿਚ ਪੈਸਾ ਵੀ ਰਖਿਆ ਸੀ। ਪਰ ਉਸ ਤੋਂ ਬਾਅਦ ਜਦੋਂ ਇਨ੍ਹਾਂ ਦੀ ਸਰਕਾਰ ਆਈ ਤਾਂ ਉਹ ਸਕੀਮ ਵੀ ਸਿਰੇ ਨਹੀਂ ਚੜ੍ਹੀ। ਇਨ੍ਹਾਂ ਦੀ ਸਰਕਾਰ ਨੇ ਇਹ ਕਿਹਾ ਕਿ ਇਸ ਤੇ 35 ਲੱਖ ਰੁਪਿਆ ਖਰਚ ਆਉਣਾ ਹੈ ਔਰ ਇਸ ਸਕੀਮ ਨੂੰ ਸਿਰੇ ਨਾ ਚੜ੍ਹਨ ਦਿੱਤਾ।

ਚੇਅਰਮੈਨ ਸਾਹਿਬ, ਸਰਹਿੰਦ ਨੇੜੇ ਨਰਵਾਣਾ ਨੇ ਇਹ ਪੁਲ ਉਤੇ ਬੱਸ ਦਾ ਐਕਸੀਡੈਂਟ ਹੋਇਆ ਅਤੇ ਉਥੇ 80 ਜਾਨਾਂ ਚਲੀਆਂ ਗਈਆਂ। ਉਥੇ 80 ਲਾਸ਼ਾਂ ਨੂੰ ਦੇਖਣ ਲਈ ਮਨਿਸਟਰ ਸਾਹਿਬ ਗਏ ਸਨ ਅਤੇ ਵਾਅਦਾ ਕਰਕੇ ਆਏ ਸਨ ਕਿ ਇਸ ਪੁਲ ਨੂੰ ਚੌੜਾ ਕਰ ਦਿੱਤਾ ਜਾਵੇਗਾ ਪਰ ਉਸ ਪੁਲ ਨੂੰ ਹਾਲੇ ਤੱਕ ਚੌੜਾ ਨਹੀਂ ਕੀਤਾ ਗਿਆ ਹੈ ਅਤੇ ਨਾ ਹੀ ਇਸ ਦੇ ਲਈ ਕੋਈ ਪੈਸੇ ਦਾ ਪ੍ਰਬੰਧ ਕੀਤਾ ਹੈ। ਇਹ ਕਾਂਗਰਸ ਦੀ ਸਰਕਾਰ ਨੇ ਉਸ ਵਕਤ ਲੋਕਾਂ ਦੇ ਨਾਲ ਝੂਠਾ ਵਾਅਦਾ ਕੀਤਾ ਸੀ। ਪੰਜਾਬ ਦੀ ਜਨਤਾ ਨੂੰ ਇਕ ਵੋਟ ਕਾਂਗਰਸ ਨੂੰ ਨਹੀਂ ਦੇਣਾ ਚਾਹੀਦਾ ਸੀ ਕਿਉਂਕਿ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਵਾਸਤੇ ਕੋਈ ਕੰਮ ਨਹੀਂ ਕੀਤਾ ਸੀ। ਬੱਸਾਂ ਦੀਆਂ ਛੱਤਾਂ ਉਤੇ ਲੋਕੀ ਚੜ੍ਹ ਜਾਂਦੇ ਸਨ ਅਤੇ ਐਕਸੀਡੈਂਟ ਹੁੰਦੇ ਸਨ ਜਦ ਕਿ 25 ਫੀ ਸਦੀ ਸਵਾਰੀਆਂ ਅੰਦਰ ਬੈਠ ਸਕਦੀਆਂ ਸਨ। ਪਰ ਉਸ ਵਕਤ ਦੀ ਸਰਕਾਰ ਨੇ ਕੋਈ ਪ੍ਰਬੰਧ ਨਹੀਂ ਕੀਤ ਾ ਸੀ ਔਰ ਇਸ ਬਾਰੇ ਮੈਂ ਗਵਰਨਰ ਸਾਹਿਬ ਨੂੰ ਚਿੱਠੀ ਲਿਖੀ ਸੀ ਕਿ ਪਾਪੂਲਰ ਸਰਕਾਰ ਤਾਂ ਨਿਪੁਨਸਕ ਹੈ ਤੁਸੀਂ ਹੀ ਕੁਝ ਕਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਦਿਓ। ਪਿੰਡਾਂ ਵਿਚ ਬੱਸਾਂ ਚਲਦੀਆਂ ਹੀ ਨਹੀਂ ਹਨ ਅੌਰ ਇਸ ਸਿਲਸਿਲੇ ਵਿਚ ਟਰਾਂਸਪੋਰਟ ਮਹਿਕਮਾ ਫੇਲ੍ਹ ਹੋਇਆ ਹੈ। ਪੀ. ਆਰ. ਟੀ. ਸੀ. ਨੂੰ ਇਨ੍ਹਾਂ ਦੇ ਅਫਸਰ ਖਾ ਗਏ ਹਨ। ਇਸ ਦੇ ਵਿਚ ਕਰੋੜਾਂ ਰੁਪਏ ਦਾ ਗਬਨ ਹੋਇਆ ਹੈ। ਉਥੋਂ ਦਾ ਇਨਚਾਰਜ ਡੀ. ਆਈ. ਜੀ. ਪੁਲਿਸ ਦਾ ਲਗਾਇਆ ਹੋਇਆ ਹੈ। ਉਸ ਨੂੰ ਕੀ ਪਤਾ ਹੈ ਬੱਸਾਂ ਕਿਵੇਂ ਚਲਦੀਆਂ ਹਨ। ਪੁਲਿਸ ਅਫਸਰ ਇਸ ਮਹਿਕਮੇ ਨੂੰ ਖਾ ਗਏ ਹਨ। ਇਸ ਕਾਰਪੋਰੇਸ਼ਨ ਵਿਚ ਘਾਟਾ ਹੀ ਘਾਟਾ ਹੈ। ਇੰਨੀਆਂ ਚੈਸੀਆਂ ਖਰੀਦੀਆਂ ਗਈਆਂ ਜਿਸ ਦਾ ਕੋਈ ਹਿਸਾਬ ਹੀ ਨਹੀਂ ਹੈ। ਚੇਅਰਮੈਨ ਸਾਹਿਬ, ਐਫ. ਆਈ. ਆਰ. 1, 1976 ਥਾਣਾ ਸਿਵਲ ਲਾਈਨਜ਼, ਪਟਿਆਲਾ ਭ੍ਰਿਸ਼ਟਾਚਾਰ ਦਾ ਬੋਲਦਾ ਸਬੂਤ ਹੈ ਜੋ ਕਿ ਚੌਕਸੀ ਵਿਭਾਗ ਨੇ ਪੜਤਾਲ ਕੀਤੀ ਸੀ। ਕੇਸ ਵਾਪਸ ਲੈ ਲਿਆ। ਅਸੀਂ ਪੇਂਡੂ ਹਸਪਤਾਲਾਂ ਨੂੰ ਮੈਡੀਕਲ ਕਾਲਜਾਂ ਨਾਲ ਜੋੜਿਆ ਸੀ ਤਾਂ ਕਿ ਲੋਕ ਵਡੇ ਡਾਕਟਰ, ਨਾ ਕਿ ਵੱਡੇ ਹਸਪਤਾਲਾਂ ਵਿੱਚ ਜਾਣ Let not the people go to the city Hospitals but they prefer to go to the villages ਚੇਅਰਮੈਨ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਡਾਕਟਰ 2 ਵਜੇ ਤੋਂ ਬਾਦ ਹਸਪਤਾਲਾਂ ਵਿਚ ਮਿਲਦੇ ਹੀ ਨਹੀਂ ਹਨ। ਜਨਤਾ ਪਾਰਟੀ ਦੀ ਸਰਕਾਰ ਦੇ ਵਕਤ ਅਸੀਂ ਇਸ ਸਿਸਟਮ ਨੂੰ ਠੀਕ ਕਰਕੇ ਗਏ ਸੀ ਪਰ ਅਫਸਰਸ਼ਾਹੀ ਨੇ ਕਾਂਗਰਸ ਸਰਕਾਰ ਦੇ ਨਾਲ ਮਿਲ ਕੇ ਇਸ ਸਿਸਟਮ ਨੂੰ ਫੇਰ ਬਦਲ ਦਿੱਤਾ। 2 ਵਜੇ ਤੋਂ ਬਾਅਦ ਹਸਪਤਾਲਾਂ ਵਿਚ ਕਬੂਤਰ ਬੋਲਦੇ ਹਨ। ਜਿਹੜੇ ਮੈਡੀਕਲ ਦੇ ਪਰੋਫੈਸਰ ਹਨ ਉਹ ਪਿੰਡਾਂ ਵਿਚ ਜਾਣਾ ਪਸੰਦ ਨਹੀਂ ਕਰਦੇ ਕਿਉਂਕਿ ਉਨ੍ਹਾਂ ਨੂੰ ਪਿੰਡਾਂ ਵਿਚ ਸਿਨਮਾ, ਕਲੱਬਾਂ ਨਹੀਂ ਮਿਲਦੀਆਂ ਹਨ। ਇਸ ਲਈ ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਸ ਸਿਸਟਮ ਨੂੰ ਫਿਰ ਰਿਵਰਟ ਕੀਤਾ ਜਾਵੇ। ਕੋਈ ਅਫਸਰ ਇਸ ਨੂੰ ਚੈਕ ਨਹੀਂ ਕਰਦਾ। ਜੇ ਸ਼ਿਕਾਇਤ ਕਰੀਏ ਤਾਂ ਉਹ ਸਾਨੂੰ ਮਾਰਨ ਨੂੰ ਫਿਰਦੇ ਹਨ। ਕਾਂਗਰਸ ਦੇ ਹੈਲਥ ਮਨਿਸਟਰ, ਸ਼੍ਰੀ ਜੋਗਿੰਦਰ ਪਾਲ ਪਾਂਡੇ ਜੀ ਨੇ ਗੋਬਿੰਦਗੜ੍ਹ ਵਿਚ ਈ. ਐਸ. ਆਈ. ਹਸਪਤਾਲ ਦਾ ਨੀਂਹ ਪੱਥਰ ਰਖਿਆ ਸੀ ਪਰ ਹਾਲੇ ਤੱਕ ਉਥੇ ਇਕ ਇੱਟ ਵੀ ਨਹੀਂ ਲਗੀ। ਦੂਸਰਾ ਉਥੇ ਪੰਡਿਤ ਜਵਾਹਰ ਲਾਲ ਮੈਮੋਰੀਅਲ ਕਾਲਜ ਦੀ ਇਮਾਰਤ ਬਣਾਉਣੀ ਸੀ। ਇਸ ਦੇ ਲਈ ਤੁਰਾਂ ਪੰਚਾਇਤ ਨੇ 70 ਏਕੜ ਜ਼ਮੀਨ ਵੀ ਮੁਫਤ ਦਿੱਤੀ ਸੀ ਪਰ ਇਥੇ ਕੋਈ ਪੈਸਾ ਹਾਲੇ ਤੱਕ ਨਹੀਂ ਦਿੱਤਾ ਹੈ। ਮੈਡੀਕਲ ਕਾਲਜ ਦੇ ਪਰੋਫੈਸਰ ਹਸਪਤਾਲਾਂ ਵਿਚ ਆਉਂਦੇ ਹੀ ਨਹੀਂ ਹਨ। ਉਨ੍ਹਾਂ ਦੀ ਮਰਜ਼ੀ ਹੈ ਆਉਣ, ਅੌਰ ਜਦ ਮਰਜ਼ੀ ਹੋਵੇ ਚਲੇ ਜਾਣ। ਉਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੈ। ਸਾਡੀ ਸਰਕਾਰ ਨੇ ਹਸਪਤਾਲਾਂ ਨੂੰ ਮੈਡੀਕਲ ਕਾਲਜਾਂ ਦੇ ਨਾਲ ਲਿੰਕ ਕਰ ਦਿੱਤਾ ਸੀ ਤਾਂਕਿ ਹਰ ਵਕਤ ਡਾਕਟਰ ਹਸਪਤਾਲਾਂ ਵਿਚ ਅਵੇਲੇਬਲ ਰਹੇ ਪਰ ਕਾਂਗਰਸ ਸਰਕਾਰ ਨੇ ਇਸ ਸਿਸਟਮ ਨੂੰ ਵੀ ਬਦਲ ਦਿੱਤਾ ਸੀ। ਮੇਰੇ ਜ਼ਿਲ੍ਹੇ ਦਾ ਡੀ.ਸੀ. ਹੀ, ਦੇਖ ਲਵੋ ਉਹ ਪਰਸੋਂ ਸਾਰਾ ਦਿਨ ਲਭਿਆ ਹੀ ਨਹੀਂ ਹੈ। ਜ਼ੀਰੀ ਦਾ ਇਕ ਅਹਿਮ ਮਸਲਾ ਸੀ ਅਤੇ ਲੋਕ ਇਕੱਠੇ ਹੋਏ ਮਗਰ ਡੀ. ਸੀ. ਸਾਹਿਬ ਦਫਤਰ ਹੀ ਨਹੀਂ ਆਏ। ਕਿਸ ਕਿਸ ਨੂੰ ਤੁਸੀਂ ਕਹਿ ਸਕਦੇ ਹੋ। ਇਥੇ ਤਾਂ ਸਾਰਾ ਆਵਾ ਹੀ ਊਤਿਆ ਹੋਇਆ ਹੈ। ਸਾਨੂੰ ਇਨ੍ਹਾਂ ਲੋਕਾਂ ਦੇ ਉਤੇ ਚੈਕ ਰਖਣਾ ਪਵੇਗਾ ਅਤੇ ਦੇਖਣਾ ਪਵੇਗਾ ਕਿ ਕਿਸ ਤਰ੍ਹਾਂ ਹਸਪਤਾਲਾਂ ਨੂੰ ਚਲਾਉਣਾ ਹੈ। ਫੇਰ, ਚੇਅਰਮੈਨ ਸਾਹਿਬ, ਸਾਡੇ ਸਰਹਿੰਦ ਵਿਚ ਜਨਤਾ ਭਲਾਈ ਸਕੀਮ ਕਾਫੀ ਦੇਰ ਚਲਦੀ ਰਹੀ ਇਸ ਦੇ ਵਿਚ ਅਫਸਰਾਂ ਨੇ ਬਹੁਤ ਪੈਸੇ ਕਮਾਏ ਅੌਰ ਇਸ ਦੇ ਵਿਚ ਸਰਕਾਰ ਦਾ ਵੀ ਹੱਥ ਸੀ ਜਿਸ ਕਰਕੇ ਸਰਹਿੰਦ ਦੀ ਭਲਾਈ ਸਕੀਮ ਬੜੀ ਮਸ਼ਹੂਰ ਹੋਈ ਅਤੇ ਉਹ ਲੋਕਾਂ ਦੇ ਕਰੋੜਾਂ ਰੁਪਏ ਖਾ ਗਈ ਅਤੇ ਕੋਈ ਐਕਸ਼ਨ ਨਹੀਂ ਹੋਇਆ। ਭਾਰਤ ਸਰਕਾਰ ਨੂੰ ਇਸ ਤਰ੍ਹਾਂ ਸਕੀਮਾਂ ਨੂੰ ਬੰਦ ਕਰਨ ਲਈ ਕਾਨੂੰਨ ਬਣਾਉਣਾ ਚਾਹੀਦਾ ਹੈ ਤਾਕਿ ਭੋਲੀ ਭਾਲੀ ਜਨਤਾ ਨੂੰ ਇਹ ਜਾਦੂਗਰ, ਰਾਤੋਂ ਰਾਤ ਪੈਸਾ ਬਣਾਉਣ ਵਾਲੇ, ਲੋਕਾਂ ਨੂੰ ਲੁਟ ਨਾ ਸਕਣ। ਇਨ੍ਹਾਂ ਸਕੀਮਾਂ ਰਾਹੀਂ ਇਨ੍ਹਾਂ ਸਕੀਮਾਂ ਵਾਲਿਆਂ ਨੇ ਕਰੋੜਾਂ ਰੁਪਏ ਲੋਕਾਂ ਦੇ ਹੱਡੱਪ ਕੀਤੇ ਹਨ। ਇਸ ਦੀ ਜਾਂਚ ਲਈ ਸਰਕਾਰ ਨੂੰ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਇਸ ਦੀ ਪੜਤਾਲ ਕਰੇ। ਕਾਂਗਰਸ, ਪਾਰਟੀ ਵਾਲੇ ਆਪਣੀ ਹਰ ਸਪੀਚ ਵਿਚ ਹਰੀਜਨ ਲਫਜ਼ ਦਾ ਇਸਤੇਮਾਲ ਬਹੁਤ ਕਰਦੇ ਹਨ ਅੌਰ ਹਰ ਗੱਲ ਕਰਨ ਲਈ ਇਹ ਹਰੀਜਨ ਦਾ ਸਹਾਰਾ ਲੈਂਦੇ ਹਨ। There is no word

Original with;
Punjab Vidhan Sabha
Digitized by;
Panjab Digital Library

"Harijan" in the Constitution. It should be banned immediately. ਅਸੀਂ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਬਣਾਈ ਸੀ ਤਾਕਿ ਇਨ੍ਹਾਂ ਲੋਕਾਂ ਦਾ ਭਲਾ ਹੋ ਸਕੇ ਅਤੇ 10 ਕਰੋੜ ਰੁਪਿਆ ਦੇਣ ਦਾ ਵਾਅਦਾ ਕੀਤਾ ਸੀ ਪਰ ਇਨ੍ਹਾਂ ਨੇ ਇਸ ਲਈ ਇਕ ਪੈਸਾ ਵੀ ਨਹੀਂ ਦਿੱਤਾ । ਫੇਰ ਇਕ ਬੈਕਵਰਡ ਕਲਾਸਿਜ਼ ਕਾਰਪੋਰੇਸ਼ਨ ਬਣਾਈ ਸੀ ਇਸ ਉਤੇ ਵੀ ਪਿਛਲੀ ਸਰਕਾਰ ਨੇ ਕੋਈ ਪੈਸਾ ਨਹੀਂ ਖਰਚ ਕੀਤਾ ਹੈ। ਅਸੀਂ ਆਪਣੀ ਸਰਕਾਰ ਦੇ ਵਕਤ ਰਿਜ਼ਰਵੇਸ਼ਨ ਐਕਟ ਬਣਾ ਕੇ ਗਏ ਸੀ ਜਿਸ ਦੀ ਪਰਵਾਨਗੀ ਨਹੀਂ ਦਿੱਤੀ ਗਈ । ਮੈਂ ਇਸ ਨੂੰ ਪ੍ਰਾਈਵੇਟ ਬਿਲ ਪੇਸ਼ ਕਰਨ ਲਈ ਰਾਜਪਾਲ ਤੋਂ ਪ੍ਰਵਾਨਗੀ ਮੰਗੀ ਜੋ ਦਿੱਤੀ ਨਹੀਂ ਗਈ ਤੇ ਉਸ ਤੋਂ ਪ੍ਰਾਈਵੇਟ ਬਿਲਾਂ ਨੂੰ ਪ੍ਰਵਾਨਗੀ ਹੁਕਮ ਬਣਾ ਲਏ ਹਨ । ਕਾਂਗਰਸ ਪਾਰਟੀ ਹੀ ਹਰੀਜਨਾਂ ਦੇ ਨਾਂ ਉਤੇ ਵੋਟਾਂ ਲੈਂਦੀ ਹੈ। ਅਸੀਂ ਰਿਜ਼ਰਵੇਸ਼ਨ ਐਕਟ ਨੂੰ ਤਿਆਰ ਕਰਕੇ ਗਏ ਸੀ ਅਤੇ ਜੋ ਸਰਕਾਰ ਦੀਆਂ ਹਦਾਇਤਾਂ ਸਨ ਉਨ੍ਹਾਂ ਨੂੰ ਇਸ ਐਕਟ ਦੇ ਵਿਚ ਦਰਜ ਕੀਤਾ ਗਿਆ ਸੀ । ਇਸ ਐਕਟ ਨੂੰ ਕਾਨੂੰਨੀ ਸ਼ਕਲ ਦੇਣੀ ਚਾਹੀਦੀ ਹੈ । ਜਦ ਅਸੀਂ ਰਿਜ਼ਰਵੇਸ਼ਨ 25 ਫੀ ਸਦੀ ਫਿਕਸ ਕਰ ਦਿੱਤੀ ਹੈ ਫੇਰ ਇਸ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕਿਉਂ ਨਾ ਕੀਤਾ ਜਾਵੇ ਭਾਵੇਂ ਇਸ ਦੀ ਰਿਜ਼ਰਵੇਸ਼ਨ ਪਬਲਿਕ ਸਰਵਿਸ ਕਮਿਸ਼ਨ ਦੀ ਹੋਵੇ, ਚਾਹੇ ਕੋਈ ਹੋਰ ਅਦਾਰਾ ਹੋਵੇ। ਸਾਡੇ ਕਾਂਸਟੀਚਿਊਸ਼ਨ ਦੇ ਵਿਚ ਹਰੀਜਨ ਦਾ ਕੋਈ ਸ਼ਬਦ ਨਹੀਂ ਹੈ ਪਰ ਇਹ ਸ਼ਬਦ ਸਾਡੇ ਪਿਛੋਂ ਪਿਛਲੇ 40 ਸਾਲਾਂ ਤੋਂ ਗਲੋਂ ਨਹੀਂ ਲੱਥਾ ।

ਚੇਅਰਮੈਨ ਸਾਹਿਬ, ਸਕੂਲਾਂ ਦੀ ਗੱਲ ਲੈ ਲਵੋ । ਸਾਡੀ ਸਰਕਾਰ ਨੂੰ ਆਏ ਕੇਵਲ ਕੁਝ ਦਿਨ ਹੋਏ ਹਨ ਪਰ ਹਾਲੇ ਤੱਕ ਸਕੂਲਾਂ ਦੇ ਗਰੀਬ ਬੱਚਿਆਂ ਨੂੰ ਕਈ ਕਿਤਾਬਾਂ ਨਹੀਂ ਮਿਲੀਆਂ ਅਗਰ ਕਿਤਾਬਾਂ ਨਹੀਂ ਮਿਲਣਗੀਆਂ ਫੇਰ ਉਹ ਕਿਸ ਤਰ੍ਹਾਂ ਪੜ੍ਹਣਗੇ ਅਤੇ ਆਪਣੀ ਪੜ੍ਹਾਈ ਨੂੰ ਕਿਵੇਂ ਜਾਰੀ ਰੱਖ ਸਕਣਗੇ । ਇਸ ਲਈ, ਸਰਕਾਰ ਨੂੰ ਸਕੂਲਾਂ ਦੇ ਬੱਚਿਆਂ ਨੂੰ ਕਿਤਾਬਾਂ ਫੌਰੀ ਸਪਲਾਈ ਕਰ ਦੇਣੀਆਂ ਚਾਹੀਦੀਆਂ ਹਨ ਤਾਕਿ ਇਨ੍ਹਾਂ ਗਰੀਬ ਬੱਚਿਆਂ ਦੀ ਪੜ੍ਹਾਈ ਖਰਾਬ ਨਾ ਹੋ ਸਕੇ। ਅਫਸਰਾਂ ਨੇ ਇਸ ਤਰਫ ਕੋਈ ਧਿਆਨ ਨਹੀਂ ਦਿੱਤਾ । ਇਸ ਅਫਸਰਸ਼ਾਹੀ ਨੇ ਇੰਦਰਾ ਗਾਂਧੀ ਨੂੰ ਐਮਰਜੈਂਸੀ ਵਿਚ ਮਾਰਿਆ ਸੀ ਅਤੇ ਇਸ ਨੇ ਤੁਹਾਨੂੰ ਵੀ ਮਾਰਿਆ ਹੈ ਅਤੇ ਸਾਨੂੰ ਵੀ ਮਾਰ ਰਹੇ ਹਨ । ਇਸ ਲਈ ਸਰਕਾਰ ਨੂੰ ਇਸ ਅਫਸਰਸ਼ਾਹੀ ਤੋਂ ਬਚਣਾ ਚਾਹੀਦਾ ਹੈ। ਪੰਜਾਬ ਵਿਚ ਚੀਫ ਇਲੈਕਟਰੀਕਲ ਇਨਸਪੈਕਟਰ ਦੀ ਪੋਸਟ ਖਾਲੀ ਸੀ ਅਤੇ ਮਹਿਕਮੇ ਵਿਚ. 10 ਬੰਦੇ ਸਨ ਉਨ੍ਹਾਂ ਵਿਚੋਂ ਨਹੀਂ ਲਗਾਇਆ ਗਿਆ ਪਰ ਇਕ ਅਸਰ ਰਸੂਖ ਵਾਲੇ ਐਸ. ਈ. ਨੂੰ ਜਿਹੜਾ ਪੰਜਾਬ ਸਟੇਟ ਇਲੈਕਟਰੀਸਿਟੀ ਬੋਰਡ ਦਾ ਸੀ, ਨੂੰ ਲਗਾ ਦਿੱਤਾ ਗਿਆ ਹੈ ਔਰ ਇਸ ਦੇ ਲਗਣ ਨਾਲ 10 ਆਦਮੀ ਖੂੰਜੇ ਲਗ ਗਏ ਹਨ। ਬਿਜਲੀ ਦੀ ਸਪਲਾਈ ਕਿਸੇ ਨੂੰ ਮਿਲਦੀ ਨਹੀਂ ਹੈ। ਇਸ ਲਈ ਮੇਰੀ ਗੁਜ਼ਾਰਿਸ਼ ਹੈ ਕਿ ਘਰਾਂ ਦੀ ਬਿਜਲੀ ਸਪਲਾਈ ਨੂੰ ਅਲੱਗ ਕੀਤਾ ਜਾਵੇ। ਇੰਸਟੀਚਿਊਟਸ ਦੀ ਸਪਲਾਈ ਲਾਈਨ ਅਲੱਗ ਕੀਤੀ ਜਾਵੇ ਅਤੇ ਫੈਕਟਰੀਆਂ ਦੀ ਸਪਲਾਈ ਲਾਈਨ ਅਲੱਗ ਕੀਤੀ ਜਾਵੇ। ਬਿਜਲੀ ਬੋਰਡ ਇਕ ਵਾਈਟ ਐਲੀਫੈਂਟ ਸਰਕਾਰ ਦੇ ਲਈ ਬਣ ਗਿਆ ਹੈ ਅਤੇ ਸਰਕਾਰ ਉਤੇ ਕਾਫੀ ਬੋਝ ਪੈ ਰਿਹਾ ਹੈ । ਚੇਅਰਮੈਨ ਸਾਹਿਬ, ਤੁਸੀਂ ਦੇਖ ਲਓ, ਬਿਜਲੀ ਸਾਡੇ ਪਾਸ ਨਹੀਂ ਹੈ। ਸਪੋਰਟਸ ਡਿਪਾਰਟਮੈਂਟ ਵਾਲੇ ਖਿਡਾਰੀ ਪੈਦਾ ਕਰਦੇ ਹਨ। ਬਿਜਲੀ ਸਾਡੇ ਪਾਸ ਆ ਨਹੀਂ ਸਕਦੀ ਤਾਂ ਤੁਸੀਂ, ਚੇਅਰਮੈਨ ਸਾਹਿਬ, ਦਸੋ ਕਿ ਕਿਸ ਤਰ੍ਹਾਂ ਕੰਮ ਚਲੇਗਾ। ਥੀਨ ਡੈਮ ਦਾ ਮਸਲਾ ਕਿਤਨੇ ਚਿਰ ਤੋਂ ਲਟਕ ਰਿਹਾ ਹੈ। ਇਹ ਬੜਾ ਸੀਰੀਅਸ ਮਸਲਾ ਹੈ। ਪਾਣੀ ਦਾ 100 ਕਰੋੜ ਰੁਪਿਆ ਪਾਕਿਸਤਾਨ ਨੂੰ ਦਿਤਾ। ਉਸ ਦਾ ਸ਼ਿਕਾਰ ਅਸੀਂ ਹੋ ਰਹੇ ਹਾਂ। ਚੇਅਰਮੈਨ ਸਾਹਿਬ, ਤੁਸੀਂ ਵੀ ਸਿਆਸਤ ਵਿਚ ਰਹੇ ਹੋ ਔਰ ਤੁਹਾਨੂੰ ਵੀ ਪਤਾ ਹੈ। 1977 ਵਿਚ ਪ੍ਰਧਾਨ ਮੰਤਰੀ ਡਿਸਾਈ ਸਾਹਿਬ ਨੇ ਪ੍ਰਵਾਨਗੀ ਦਿਤੀ ਸੀ। ਉਥੇ ਕੋਈ ਕੰਮ ਨਹੀਂ ਚਲਿਆ। ਕਿਤੇ ਕਹਿੰਦੇ ਹਨ ਕਿ 100 ਕਰੋੜ ਰੁਪਿਆ ਲਗੇਗਾ। ਇਸ ਕਰਕੇ ਮੇਰੀ, ਚੇਅਰਮੈਨ ਸਾਹਿਬ, ਗੁਜ਼ਾਰਿਸ਼ ਹੈ ਕਿ ਉਸ ਦੀ ਉਸਾਰੀ ਲਈ ਕੋਈ ਠੋਸ ਕਦਮ ਪੁਟੋ। ਅਫਸਰਸ਼ਾਹੀ ਤੇ ਕੰਮ ਨਾ ਛਡੋ। 25 ਫੀ ਸਦੀ ਪੀ. ਡਬਲਿਊ. ਡੀ. ਵਾਲੇ ਲੈਂਦੇ ਹਨ ਪਰ ਹੁਣ ਤਾਂ 30 ਫੀ ਸਦੀ ਹੋ ਗਿਆ ਹੈ। ਬਿਜਲੀ ਦਾ ਬੁਰਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਹਾਲ ਹੈ, ਪਾਣੀ ਸਾਡੇ ਕੋਲ ਨਹੀਂ ਹੈ, ਹੋਰ ਵੀ ਬੜੇ ਇਸ਼ੂ ਹਨ ਜਿਹੜੇ ਕਿ ਹੱਲ ਕਰਨੇ ਚਾਹੀਦੇ ਹਨ। ਸ਼ਾਮਲਾਤ ਜ਼ਮੀਨ ਬਹੁਤ ਪਈ ਸੀ ਜਿਹੜੀ ਕਿ ਸ਼ਡਿਊਲਡ ਕਾਸਟਸ ਲੋਕਾਂ ਨੂੰ ਮਿਲਣੀ ਚਾਹੀਦੀ ਸੀ ਪਰ ਕਾਂਗਰਸ ਸਰਕਾਰ ਨੇ ਨਹੀਂ ਮਿਲਣ ਦਿਤੀ। ਅਫਸਰ ਸ਼ਾਹੀ ਨੇ ਨਹੀਂ ਮਿਲਣ ਦਿਤੀ। ਮੈਂ, ਚੇਅਰਮੈਨ ਸਾਹਿਬ, ਕਿਸੇ ਦਾ ਨਾਂ ਨਹੀਂ ਲੈਂਦਾ। ਇੱਕ ਡਿਪਟੀ ਡਾਇਰੈਕਟਰ ਹੈ ਜਦੋਂ ਉਸ ਦੇ ਮੁੰਡੇ ਦਾ ਵਿਆਹ ਸੀ, ਸਾਰੇ ਪੰਜਾਬ ਦੇ ਪਿੰਡਾਂ ਵਿਚੋਂ ਕੋਈ ਦੁਧ ਲੈ ਕੇ ਆਉਂਦਾ ਹੈ ਅਤੇ ਕੋਈ ਕਣਕ ਲੈ ਕੇ ਆਉਂਦਾ ਹੈ ਅਤੇ ਕੋਈ ਕੁਝ ਹੋਰ ਚੀਜ਼ ਲੈ ਕੇ ਆਉਂਦਾ ਹੈ। ਚੇਅਰਮੈਨ ਸਾਹਿਬ, ਇਕ ਰੂਲ ਹੈ ਕਿ 26 ਜਨਵਰੀ, 1950 ਤੋਂ ਬਾਅਦ ਕੋਈ ਮਾਲਕ ਨਹੀਂ ਬਣ ਸਕਦਾ ਪਰ ਇਨ੍ਹਾਂ ਨੇ ਬਣਾਇਆ ਹੈ। ਕੁਲੈਕਟਰ ਲੋਕਾਂ ਨੂੰ ਲੁਟੀ ਜਾ ਰਿਹਾ ਹੈ। ਚੇਅਰਮੈਨ ਸਾਹਿਬ, ਸਾਰੀਆਂ ਪਾਵਰਾਂ ਅਫਸਰਾਂ ਨੇ ਆਪਣੇ ਕੋਲ ਲੈ ਲਈਆਂ ਹਨ। ਡਿਪਟੀ ਡਾਇਰੈਕਟਰ ਕੋਲ ਬਹੁਤ ਪਾਵਰਾਂ ਹਨ ਅਤੇ ਡੀ. ਡੀ. ਓ. ਕੋਲ ਵੀ ਪਾਵਰਾਂ ਹਨ ਅਤੇ ਉਹ ਕੇਸਾਂ ਦੇ ਫੈਸਲੇ ਕਰਦੇ ਹਨ ਅਤੇ ਉਹ ਮਾਲਾ ਮਾਲ ਹੋਈ ਜਾ ਰਹੇ ਹਨ। ਸਾਡੇ ਪਿੰਡਾਂ ਦੀ ਜ਼ਮੀਨ ਤੇ ਸਾਡਾ ਹੱਕ ਸੀ ਪਰ ਅਫਸਰਾਂ ਨੇ ਰੁਪਏ ਲੈ ਕੇ ਉਥੇ ਘਪਲੇਬਾਜ਼ੀ ਕੀਤੀ ਹੈ। ਇਸ ਤਰ੍ਹਾਂ ਜੁਆਇੰਟ ਡਾਇਰੈਕਟਰ, ਡਿਪਟੀ ਡਾਇਰੈਕਟਰ ਕਰ ਰਿਹਾ ਹੈ। ਇਸੇ ਤਰ੍ਹਾਂ ਡਾਇਰੈਕਟਰ ਕਨਸਾਲੀਡੇਸ਼ਨ ਵੀ ਕਰ ਰਿਹਾ ਹੈ। ਇਸ ਤਰ੍ਹਾਂ ਕਰਕੇ ਸ਼ਡਿਊਲਡ ਕਾਸਟਸ ਦਾ ਗਲਾ ਘੁਟਿਆ ਜਾ ਰਿਹਾ ਹੈ। ਸਾਡੀ ਕੋਈ ਸੁਣਦਾ ਨਹੀਂ ਹੈ। ਇਸ ਕਰਕੇ ਸਾਨੂੰ ਇਸ ਬਾਰੇ ਵੀ ਸੋਚਣਾ ਪਵੇਗਾ।

ਚੇਅਰਮੈਨ ਸਾਹਿਬ, ਡਾਇਰੈਕਟਰ ਐਗਰੀਕਲਚਰ ਵੇਖ ਲਵੋ। ਇਕ ਖਬਰ ਛਪੀ ਹੈ, ਇਹ 14 ਅਕਤੂਬਰ ਦੀ "ਖੇਤੀ ਦੁਨੀਆਂ" ਪੜ੍ਹ ਲਓ। ਜੇਕਰ, ਚੇਅਰਮੈਨ ਸਾਹਿਬ, ਤੁਸੀਂ ਇਜਾਜ਼ਤ ਦੇਵੋ ਤਾਂ ਇਹ ਕਾਗਜ਼ ਹਾਊਸ ਦੀ ਟੇਬਲ ਤੇ ਲੇਅਕਰ ਸਕਦਾ ਹਾਂ। ਸਾਡੀ ਕੋਈ ਸੁਣਦਾ ਨਹੀਂ ਹੈ ਅਤੇ ਸਾਡੀ ਕੋਈ ਪੁਛ ਨਹੀਂ ਹੈ। (ਹਾਸਾ) ਚੇਅਰਮੈਨ ਸਾਹਿਬ, ਮੈਂ ਅਤੇ ਮੇਰੇ ਸਾਥੀ ਜੇਲ੍ਹਾਂ ਵਿਚ ਰਹੇ ਹਨ। ਉਥੇ ਇਕ ਸੁਪਰਡੈਂਟ ਜੇਲ੍ਹ ਸੀ, ਉਸ ਨੇ ਸਾਨੂੰ ਨਜਾਇਜ਼ ਤੰਗ ਕਰਨਾ ਸ਼ੁਰੂ ਕਰ ਦਿਤਾ। ਉਹ ਸੁਪਰਡੈਂਟ ਪਰਮੈਂਟ ਨਹੀਂ ਸੀ ਹੋ ਸਕਦਾ। ਇਸ ਬਾਰੇ ਸਰਦਾਰ ਸੁਖਜਿੰਦਰ ਸਿੰਘ, ਸਿਖਿਆ ਮੰਤਰੀ ਸਾਹਿਬ ਬੈਠੇ ਹਨ, ਉਨ੍ਹਾਂ ਨੂੰ ਵੀ ਸਾਰਾ ਪਤਾ ਹੈ। ਉਨ੍ਹਾਂ ਨੇ ਰਿਟ ਪੈਟੀਸ਼ਨ ਵੀ ਕੀਤੀ ਅਤੇ ਉਹ ਹਾਈ ਕੋਰਟ ਵਿਚ ਕਾਮਯਾਬ ਹੋ ਗਏ। ਮੈਂ ਕਿਹਾ ਕਿ ਮੈਂ ਬਤੌਰ ਵਕੀਲ ਆਪਣਾ ਕੇਸ ਲੜਸਕਦਾ ਹਾਂ ਪਰ ਸਾਨੂੰ ਬਗੈਰ ਮਤਲਬ ਦੇ ਜੇਲ੍ਹਾਂ ਵਿਚ ਸੁਟ ਦਿਤਾ। ਮੇਰਾ ਕੋਈ ਕਸੂਰ ਨਹੀਂ ਸੀ। ਜਿਸ ਨੇ ਸਾਨੂੰ ਸਾਰਿਆਂ ਨੂੰ ਤੰਗ ਕੀਤਾ ਸੀ, ਉਸ ਨੂੰ ਪਰਮੋਸ਼ਨ ਦੇ ਕੇ ਸੁਪਰਡੈਂਟ ਕੇਂਦਰੀ ਜੇਲ੍ਹ ਅੰਮ੍ਰਿਤਸਰ ਲਾ ਦਿੱਤਾ। ਸਾਡੀ ਹਾਈ ਕੋਰਟ ਦੇ ਸੋਚੀ ਜੀ ਜੱਜ ਜਦੋਂ ਪਟਿਆਲਾ ਜੇਲ੍ਹਾਂ 'ਚ ਦੌਰੇ ਤੇ ਆਏ, ਅਸੀਂ ਉਨ੍ਹਾਂ ਨੂੰ ਨਾਭਾ ਜੇਲ੍ਹ ਜ਼ੁਲਮ ਬਾਰੇ ਦਸਿਆ ਤਾਂ ਉਨ੍ਹਾਂ ਜ਼ਿਲ੍ਹਾ ਜੱਜ ਪਟਿਆਲਾ ਤੋਂ ਪੜਤਾਲ ਕਰਵਾਈ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਇਲਾਜ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਐਜੂਕੇਸ਼ਨ ਮਨਿਸਟਰ ਸਾਹਿਬ ਨਾਲ ਸਹਿਮਤ ਹਾਂ, ਆਈ. ਜੀ. ਜੇਲ੍ਹ ਨੂੰ ਨਹੀਂ ਰੱਖਣਾ ਚਾਹੀਦਾ। ਚੇਅਰਮੈਨ ਸਾਹਿਬ, ਜਦੋਂ ਸਾਡੀ ਪਹਿਲਾਂ ਇਥੇ ਗੌਰਮਿੰਟ ਸੀ ਤਾਂ ਅਸੀਂ ਜੇਲ੍ਹਾਂ ਵਿਚ ਪੱਖੇ ਲਗਵਾਏ ਸਨ, ਪਾਣੀ ਦਾ ਇੰਤਜ਼ਾਮ ਕੀਤਾ ਸੀ ਅਤੇ ਟੁਆਏਲੈਟਸ ਦਾ ਇੰਤਜ਼ਾਮ ਠੀਕ ਕੀਤਾ ਸੀ। ਸਾਡੀ ਸਰਕਾਰ ਨੇ ਨਾਨ-ਆਫਿਸ਼ਲ ਜੇਲ੍ਹ ਕਮੇਟੀਆਂ ਬਣਾਈਆਂ ਸਨ ਪਰ ਕਾਂਗਰਸ ਸਰਕਾਰ ਵੇਲੇ ਪੰਜ ਸਾਲਾਂ ਦੇ ਰਾਜ ਵਿਚ ਸਮੇਤ ਪਰੈਜ਼ੀਡੈਂਟ ਰੂਲ ਦੇ ਕੋਈ ਵੀ ਕਮੇਟੀ ਨਹੀਂ ਬਣਾਈ ਗਈ। ਸਾਰਾ ਕੁਝ ਕਾਂਗਰਸ ਸਰਕਾਰ ਨੇ ਅਫਸਰ-ਸ਼ਾਹੀ ਤੇ ਛੱਡ ਦਿਤਾ। ਕੁਰੱਪਸ਼ਨ ਬੇਹੱਦ ਹੋ ਗਈ, ਕਿਤੇ ਰੈਡ ਕਰਾਸ ਦੇ ਨਾਂ ਤੇ ਪੈਸੇ ਲਏ ਜਾਂਦੇ ਹਨ, ਕਿਤੇ ਹੋਰ ਚੀਜ਼ ਦਾ ਨਾਮ ਲੈ ਕੇ ਪੈਸੇ ਲਏ ਜਾਂਦੇ ਹਨ। ਕਿਤੇ ਵਜ਼ੀਰ ਸਾਹਿਬ ਆ ਰਹੇ ਹਨ ਅਤੇ ਫੰਡ ਇਕਠੇ ਹੋ ਰਹੇ ਹਨ ਅਤੇ ਕਿਤੇ ਕੋਈ ਜਾ ਰਿਹਾ ਹੈ ਅਤੇ ਪੈਸੇ ਇਕਠੇ ਹੋ ਰਹੇ ਹਨ। ਇਸ ਸਮੇਂ ਸਾਬਕ ਵਿੱਤ ਮੰਤਰੀ, ਚੇਅਰਮੈਨ ਸਾਹਿਬ, ਹਾਊਸ ਵਿਚ ਬੈਠੇ ਹਨ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਭਾਪਤੀ : ਤੁਸੀਂ ਹੁਣ ਵਾਈਂਡ ਅਪ ਕਰੋ ਜੀ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਸਾਡੀ ਪਾਰਟੀ ਦਾ ਟਾਈਮ ਹੈ। ਮੈਂ ਵਾਈਂਡ ਅਪ ਕਰ ਦਿੰਦਾ ਹਾਂ। ਚੇਅਰਮੈਨ ਸਾਹਿਬ, ਸਰਦਾਰ ਦਰਬਾਰਾ ਸਿੰਘ ਸਾਬਕਾ ਮੁੱਖ ਮੰਤਰੀ ਜੀ ਵਿਚ ਨੁਕਸ ਵੀ ਸਨ ਅਤੇ ਕੁਝ ਸਿਫਤਾਂ ਵੀ ਸਨ। ਉਸ ਵੇਲੇ 30,000 ਰੁਪਿਆ ਉਸ ਸਮੇਂ ਦੇ ਸਰਹਿੰਦ ਹਲਕੇ ਤੋਂ ਮੈਂਬਰ ਨੇ ਆਈ ਜੀ ਦੀ ਹਾਜ਼ਰੀ ਵਿੱਚ ਵਸੂਲ ਕੀਤਾ ਗਿਆ। ਗਲਤ ਫੈਸਲੇ ਕੀਤੇ ਗਏ। ਚੇਅਰਮੈਨ ਸਾਹਿਬ, ਐਜੂਕੇਸ਼ਨ ਦੀ ਗੱਲ ਲੈ ਲਓ। ਪਿਛੇ ਕਈ ਜਗ੍ਹਾ ਤੇ ਟੀਚਰ ਪੰਜ ਪੰਜ ਹਨ ਅਤੇ ਬੱਚੇ 40—45 ਹਨ। ਕਈ ਜਗ੍ਹਾ 50—50 ਬੱਚਿਆਂ ਪਿਛੇ ਇਕ ਟੀਚਰ ਲੱਗਾ ਹੋਇਆ ਹੈ। ਗਵਰਨਰ ਸਾਹਿਬ ਦੇ ਰਾਜ ਵਿਚ ਵੀ ਅਫਸਰਾਂ ਨੇ ਮਨ ਮਾਨੀਆਂ ਕੀਤੀਆਂ ਚਾਹੇ ਪਾਕਿਸਤਾਨ ਜਾਂ ਰਸ਼ੀਆ ਜਾਂ ਕੋਈ ਹੋਰ ਦੇਸ਼ ਹੈ, ਉਹ ਅਗੇ ਆ ਜਾਂਦੇ ਹਨ। ਗਵਰਨਰ ਸਾਹਿਬ ਦੇ ਰਾਜ ਵਿਚ ਵੀ ਇਨਡਾਇਰੈਕਟਲੀ ਕਾਂਗਰਸ ਦਾ ਰਾਜ ਹੁੰਦਾ ਹੈ। ਸੈਂਟਰ ਵਿਚ ਕਾਂਗਰਸ ਦਾ ਰਾਜ ਹੋਣ ਕਰਕੇ, ਪੰਜਾਬ ਵਿਚ ਵੀ ਕਾਂਗਰਸ ਦਾ ਰਾਜ ਹੀ ਸਮਝਿਆ ਜਾਂਦਾ ਸੀ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ, ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹਨ, ਉਨ੍ਹਾਂ ਨੂੰ ਕਹਾਂਗਾ ਕਿ ਬਚਿਆਂ ਦੀ ਤਾਦਾਦ ਵੇਖ ਕੇ ਟੀਚਰ ਹਰ ਜਗ੍ਹਾ ਤੇ ਲਗਾਓ। ਸਕੂਲਾਂ ਵਿਚ ਜਿਹੜੀਆਂ ਚੀਜ਼ਾਂ ਦੀ ਜ਼ਰੂਰਤ ਹੈ, ਉਹ ਦਿਓ। (ਥੰਪਿੰਗ) ਪਿਛੇ, ਚੇਅਰਮੈਨ ਸਾਹਿਬ, ਕਾਂਗਰਸ ਦੇ ਰਾਜ ਸਮੇਂ 30,000-30,000 ਰੁਪਿਆ ਇਕ ਨੌਕਰੀ ਦਾ ਲਿਤਾ ਗਿਆ। ਕਈ ਸੱਜਣ ਹਾਰ ਵੀ ਗਏ ਹਨ। ਇਸ ਤਰ੍ਹਾਂ ਕੁਰਪਸ਼ਨ ਪੰਜਾਬ ਵਿਚੋਂ ਖਤਮ ਕਰਨੀ ਚਾਹੀਦੀ ਹੈ। ਸਾਡਾ, ਚੇਅਰਮੈਨ ਸਾਹਿਬ, ਪਬਲਿਕ ਸਰਵਿਸ ਕਮਿਸ਼ਨ ਹੈ, ਐਸ. ਐਸ. ਐਸ. ਬੋਰਡ ਹੈ। ਉਸ ਬਾਰੇ ਸਾਰੇ ਆਨਰੇਬਲ ਮੈਂਬਰਾਂ ਨੇ ਸੁਣਿਆ ਹੈ। ਕਿਸ ਤਰ੍ਹਾਂ ਉਥੇ ਰੁਪਿਆ ਚਲਦਾ ਹੈ। ਜੇਕਰ ਕਿਸੇ ਆਦਮੀ ਨੇ, ਚੇਅਰਮੈਨ ਸਾਹਿਬ, ਦੋ ਲੱਖ ਰੁਪਿਆ ਦਿਤਾ ਹੈ ਤਾਂ ਉਸ ਨੇ ਨੌਕਰੀ ਤੇ ਲਗ ਕੇ 2 ਲੱਖ ਕਮਾਉਣਾ ਵੀ ਹੈ। ਹੋਰ ਵੀ ਕਈ ਐਸੀਆਂ ਗੱਲਾਂ ਹਨ। ਸਕੂਲਾਂ ਵਿਚ, ਚੇਅਰਮੈਨ ਸਾਹਿਬ, ਪੰਜਾਬੀ ਟੀਚਰ ਨਹੀਂ ਹਨ, ਕਿਤੇ ਸਕੂਲਾਂ ਵਿਚ ਹਿੰਦੀ ਟੀਚਰ ਨਹੀਂ ਹਨ, ਕਿਤੇ ਮੈਥ ਟੀਚਰ ਨਹੀਂ ਹਨ। ਸਕੂਲਾਂ ਵਿਚ ਹੁਣ ਤਕ ਕਿਤਾਬਾਂ ਨਹੀਂ ਪਹੁੰਚੀਆਂ ਅੱਰ ਸਕੂਲਾਂ ਵਿਚ ਹੈਲਪ ਬੁਕਸ ਲਗਾਈਆਂ ਜਾਂਦੀਆਂ ਹਨ। ਟਿਊਸ਼ਨਾਂ ਚਲਦੀਆਂ ਹਨ। ਪ੍ਰਾਈਵੇਟ ਗਾਈਡਾਂ ਸਕੂਲਾਂ ਵਿਚ ਚਲਦੀਆਂ ਹਨ। ਸੀ. ਐਮ. ਸਾਹਿਬ ਵੀ ਹਾਊਸ ਵਿਚ ਬੈਠੇ ਹਨ। ਇਹ ਸਭ ਕੁਝ ਠੀਕ ਕਰਨਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਵੀ ਪੜ੍ਹਿਆ ਹਾਂ ਅਤੇ ਤੁਸੀਂ ਵੀ ਪੜ੍ਹੇ ਹੋ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਠੀਕ ਕਰਨਾ ਸਾਡੀ ਜ਼ਿਮੇਵਾਰੀ ਹੈ। ਇਸ ਲਈ ਐਕਸਪਰਟਸ ਕਮੇਟੀਜ਼ ਬਨਾਉਣੀਆਂ ਚਾਹੀਦੀਆਂ ਹਨ। ਸਾਨੂੰ ਮੈਂਬਰਾਂ ਨੂੰ ਵੀ ਇਹ ਇਖਤਿਆਰ ਦਿਓ ਕਿ ਅਸੀਂ ਵੀ ਬਾਹਰਲੇ ਮੁਲਕਾਂ ਵਿੱਚ ਜਾ ਕੇ ਦੇਖ ਕੇ ਆਈਏ ਕਿ ਉਥੇ ਕੰਮ ਕਾਜ ਕਿਸ ਤਰ੍ਹਾਂ ਚਲ ਰਿਹਾ ਹੈ। ਜਦੋਂ ਸਾਡੀ ਪਹਿਲਾਂ ਵੀ ਸਰਕਾਰ ਬਣੀ ਸੀ ਤਾਂ ਜਗਦੇਵ ਸਿੰਘ ਤਲਵੰਡੀ ਜੀ ਟਰਾਂਸਪੋਰਟ ਮੰਤਰੀ ਤੋਂ ਵੀ ਅਸੀਂ ਇਸ ਲਈ ਪ੍ਰਵਾਨਗੀ ਦੇਣ ਲਈ ਕਿਹਾ ਸੀ। ਇਹ ਇਕ ਚੰਗੀ ਸਕੀਮ ਹੈ। ਸਾਨੂੰ ਵੀ ਪਤਾ ਲਗੇ ਕਿ ਅਸੀਂ ਲੋਕਾਂ ਲਈ ਕੀ ਕਰ ਸਕਦੇ ਹਾਂ। ਜਾਪਾਨ ਅਤੇ ਜਰਮਨ ਦੋਵੇਂ ਤਬਾਹ ਹੋ ਗਏ ਸਨ। ਪਰ ਹੁਣ ਜਾਪਾਨ ਵਿੱਚ ਅਤੇ ਜਰਮਨ ਵਿੱਚ ਦੋਵੇਂ ਜਗ੍ਹਾ ਜਾਓ ਤਾਂ ਤੁਹਾਨੂੰ ਪਤਾ ਲਗੇਗਾ ਕਿ ਉਹ ਲੋਕ ਤਰੱਕੀ ਕਰ ਕੇ ਕਿਥੇ ਦੇ ਕਿਥੇ ਪਹੁੰਚ ਗਏ ਹਨ। ਸਾਨੂੰ ਵੀ ਹਰ ਪਖੋਂ ਸੁਧਾਰ ਕਰਨਾ ਚਾਹੀਦਾ ਹੈ। ਪਰ ਏਥੇ ਤਾਂ ਅਫਸਰ ਬਾਹਰ ਜਾਂਦੇ ਹਨ ਜਿਨ੍ਹਾਂ ਦੇ ਜਾਣ ਦਾ ਕੋਈ ਫਾਇਦਾ ਨਹੀਂ। ਇਹ ਤਾਂ ਵਾਈਟ ਐਲੀਫੈਂਟਸ ਹਨ। ਇਨ੍ਹਾਂ ਦੇ ਕੀ ਇੰਟਰਸਟਸ ਹਨ ? ਇਹ ਤਾਂ ਦਫਤਰ ਵੀ 9 ਵਜੇ ਦੀ ਜਗ੍ਹਾ 12 ਵਜੇ ਆਉਂਦੇ ਹਨ ਅਤੇ 2 ਵਜੇ ਲੰਚ ਟਾਈਮ ਖਤਮ ਹੁੰਦਾ ਹੈ ਤਾਂ ਇਹ 3 ਵਜੇ ਵਾਪਸ ਆਉਂਦੇ ਹਨ। ਦਫਤਰ ਵਿੱਚ ਜਾਓ ਤਾਂ ਮਰਜ਼ੀ ਨਾਲ ਮਿਲਦੇ ਹਨ। ਘਰ ਟੈਲੀਫੋਨ ਤੇ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਬਾਥਰੂਮ ਵਿੱਚ ਹਨ। ਪਰ ਹੁਣ ਅਸੀਂ ਬਾਥਰੂਮ ਨੂੰ ਕਿਵੇਂ ਠੀਕ ਕਰੀਏ। ਅਸੀਂ ਤਾਂ ਜਦੋਂ ਬਾਥਰੂਮ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਵੀ ਜਾਣਾ ਹੋਵੇ ਤਾਂ ਟੈਲੀਫੋਨ ਨਾਲ ਹੀ ਲੈ ਜਾਂਦੇ ਹਾਂ। ਅਸੀਂ ਇਨ੍ਹਾਂ ਤੇ ਪੂਰੀ ਤਰ੍ਹਾਂ ਡਿਪੈਂਡੈਂਟ ਹੋ ਗਏ ਹਾਂ। ਇਹ ਬੀਉਰੋਕਰੇਸੀ ਦੀ ਗੁਲਾਮੀ ਹੈ। ਉਨ੍ਹਾਂ ਦੀ ਮੇਮ ਸਾਹਿਬਾ ਕਾਰਾਂ ਵਿੱਚ ਬਜ਼ਾਰ ਫਿਰਦੀ ਹੈ ਅਤੇ ਬੱਚੇ ਅੱਛੇ ਅੱਛੇ ਸਕੂਲਾਂ ਵਿੱਚ ਪੜ੍ਹਦੇ ਹਨ। ਇਹ ਲੋਕ ਸਾਡੇ ਛੋਟੇ ਮੁਲਾਜ਼ਮਾਂ ਤੋਂ ਘਰਾਂ ਵਿੱਚ ਵੀ ਕੰਮ ਕਰਾਉਂਦੇ ਹਨ ਪਰ ਬਾਹਰਲੇ ਮੁਲਕਾਂ ਵਿੱਚ ਐਸਾ ਕੋਈ ਰਿਵਾਜ ਨਹੀਂ।

ਥੀਨ ਡੈਮ ਦਾ ਮਸਲਾ ਵੀ ਬੜਾ ਸੀਰੀਅਸ ਹੈ। ਡਾਕਟਰ ਜੌਹਲ ਦੀ ਰਿਪੋਰਟ ਵਿੱਚ ਇਕ ਲਫਜ਼ ਕਲਾਸੀਫਾਈਡ ਪਾ ਲਿਆ ਅਤੇ ਉਸਨੂੰ ਸੀਲ ਕਰ ਦਿੱਤਾ। ਚੀਫ਼ ਮਨਿਸਟਰ ਸਾਹਿਬ, ਇਸ ਕਲਾਸੀਫਾਈਡ ਦੀ ਬੀਮਾਰੀ ਨੂੰ ਦੂਰ ਕਰੋ ਅਤੇ ਰਿਪੋਰਟ ਨੂੰ ਪਬਲਿਸ਼ ਕਰਕੇ ਲਾਗੂ ਕਰੋ ਤਾਕਿ ਸਾਨੂੰ ਵੀ ਪਤਾ ਲਗੇ ਕਿ ਕੀ ਕਰਨਾ ਚਾਹੀਦਾ ਹੈ। ਕਣਕ, ਜੀਰੀ ਤਬਾਹ ਹੋ ਰਹੀ ਹੈ। ਕਾਰਖਾਨਾ ਅਤੇ ਇੰਡਸਟਰੀ ਤਾਂ ਕੋਈ ਹੈ ਨਹੀਂ ਅਤੇ ਉਨ੍ਹਾਂ ਨੂੰ ਕੋਈ ਖਰੀਦਦਾ ਨਹੀਂ। ਇਸ ਬਾਰੇ ਐਕਸਪਰਟਸ ਦੇ ਵਿਊਜ਼ ਲਵੋ। ਕਈ ਐਕਸਪਰਟਸ ਹਨ ਜਿਹੜੇ ਆਰਮੀ ਵਿੱਚ, ਐਜੂਕੇਸ਼ਨ ਵਿੱਚ ਅਤੇ ਐਗਰੀਕਲਚਰ ਵਿਚੋਂ ਵੀ ਤੁਹਾਨੂੰ ਮਿਲਣਗੇ। ਉਹ ਚਾਹੇ ਕਿਸੇ ਵੀ ਪਾਰਟੀ ਤੋਂ ਹੋਣ, ਉਨ੍ਹਾਂ ਦੇ ਵਿਊਜ਼ ਲਵੋ। ਸਾਨੂੰ ਇਹ ਦੱਸੋ ਕਿ ਡਾਕਟਰ ਜੌਹਲ ਦੀ ਰਿਪੋਰਟ ਅਸੀਂ ਕਿਉਂ ਨਾ ਪੜ੍ਹੀਏ ?

ਪੰਜਾਬੀ ਸਾਡੇ ਤੇ ਲੀਗਲ ਤੌਰ ਤੇ ਲਾਗੂ ਨਹੀਂ ਹੈ। ਤੁਸੀਂ ਅੰਡਰ ਸੈਕਸ਼ਨ 5 ਇਸਨੂੰ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰੋ। ਇਹ ਸਾਡੀ ਆਪਣੀ ਲੈਂਗੂਏਜ ਹੈ ਤਾਂ ਸਾਡੇ ਤੇ ਲਾਗੂ ਵੀ ਹੋਣੀ ਚਾਹੀਦੀ ਹੈ।

ਸ਼੍ਰੀ ਸਭਾਪਤੀ : ਵਾਈਂਡ ਅਪ ਕਰੋ ਜੀ।

ਸਰਦਾਰ ਦਲੀਪ ਸਿੰਘ ਪਾਂਧੀ : ਚੇਅਰਮੈਨ ਸਾਹਿਬ, ਮੈਂ 1—2 ਮਿੰਟ ਹੋਰ ਲਵਾਂਗਾ। ਮੈਂ ਸੀਵਰੇਜ ਬੋਰਡ ਦੇ ਡਾਕੇ ਬਾਰੇ ਦੱਸਿਆ ਸੀ, ਉਥੇ 40 ਕਰੋੜ ਦਾ ਡਾਕਾ ਪੈ ਗਿਆ। ਜੰਗਲਾਤ ਦੀ ਜ਼ਮੀਨ ਵਿੱਚ ਕੋਈ ਲਾਈਨ ਲੇਅ ਕਰਨੀ ਹੈ ਤਾਂ ਭਾਰਤ ਸਰਕਾਰ ਦੀ ਇਜਾਜ਼ਤ ਲੈਣੀ ਪੈਂਦੀ ਹੈ। ਜ਼ਮੀਨ ਤੇ ਪਾਣੀ ਹੀ ਪਾਣੀ ਫਿਰਦਾ ਹੈ। ਉਥੇ ਜਾ ਕੇ ਤਾਂ ਕੋਈ ਅਫਸਰ ਨਹੀਂ ਦੇਖਦਾ। ਕਿੰਨੇ ਹੀ ਸਕੂਲ ਅਪਰੂਵਲ ਲਈ ਪਏ ਹਨ ਪਰ ਕੌਣ ਦੇਖਦਾ ਹੈ, ਕਿਸਨੂੰ ਕਹੀਏ, ਕਿਸਨੂੰ ਫਾਂਸੀ ਲਾਈਏ, ਕਾਂਸਟੀਚਿਊਸ਼ਨ ਵਿੱਚ ਕੋਈ ਪਰੋਵੀਜ਼ਨ ਵੀ ਤਾਂ ਨਹੀਂ। ਸਾਡੇ ਸੀ. ਐਮ. ਸਾਹਿਬ ਕਾਨੂੰਨ ਪੜ੍ਹੇ ਹੋਏ ਹਨ, ਲਾਇਕ ਅਤੇ ਨੇਕ ਹਨ, ਅਸੀਂ ਹੁਣ ਦੇਖਦੇ ਹਾਂ ਕਿ ਇਹ ਕਿੰਨਿਆਂ ਨੂੰ ਫੜਦੇ ਹਨ। ਹੁਣ ਕਾਰਪੋਰੇਸ਼ਨਾਂ ਬਣਾ ਦਿੱਤੀਆਂ। ਦਰਖਤਾਂ ਦੀ ਕਟਾਈ ਹੋ ਰਹੀ ਹੈ। ਦਰਖਤ ਤਾਂ ਸਾਡਾ ਜੀਵਨ ਹਨ। ਉਥੇ ਤਾਂ ਫਲਦਾਰ ਦਰਖਤ ਵੀ ਲਗਾਉਣੇ ਚਾਹੀਦੇ ਹਨ ਜਦ ਕਿ ਲਗੇ ਹੋਇਆ ਨੂੰ ਵੀ ਕਟਿਆ ਜਾ ਰਿਹਾ ਹੈ। ਹੁਣ ਉਹ ਕਦੋਂ ਲਗਣਗੇ। ਢਿੱਲੋਂ ਸਾਹਿਬ ਵੀ ਨਾਲ ਹੀ ਸਨ ਜਦੋਂ ਅਸੀਂ ਪੋਰਟ ਬਲੇਅਰ ਅਤੇ ਅੰਡੇਮਾਨ ਨਿਕੋਬਾਰ ਵਿੱਚ ਪੇੜਾਂ ਦੀ ਬਹਾਰ ਦੇਖੀ। ਦੇਖ ਕੇ ਤਬੀਅਤ ਖੁਸ਼ ਹੋ ਗਈ। ਉਥੇ ਇਲਾਇਚੀ ਅਤੇ ਦਾਲਚੀਨੀ ਪੈਦਾ ਹੁੰਦੀ ਹੈ। ਏਥੇ ਬੈਠੇ ਅਫਸਰਾਂ ਨੂੰ ਅਗਰ ਪੁਛ ਲਿਆ ਜਾਵੇ ਕਿ ਜੀਰੀ ਕਿਸ ਤਰ੍ਹਾਂ ਪੈਦਾ ਹੁੰਦੀ ਹੈ ਤਾਂ ਇਹ ਬਿਲਕੁਲ ਨਹੀਂ ਦੱਸ ਸਕਣਗੇ। ਸਾਡੀ ਜ਼ਮੀਨ ਖਰਾਬ ਹੋ ਗਈ ਹੈ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਾਰਪੋਰੇਸ਼ਨਾਂ ਘਾਟੇ ਵਿੱਚ ਹਨ। ਕਿੰਨੇ ਹੀ ਏਰੀਅਰਜ਼ ਪਏ ਹਨ। ਬਾਕੀ ਜਿਹੜੀ ਸੇਲਜ਼ ਟੈਕਸ ਕਾਨੂੰਨ, 1948 ਦੀ ਸੈਕਸ਼ਨ—21ਦੇ ਤਹਿਤ ਪਾਵਰ ਈ. ਟੀ. ਸੀ. ਕੋਲ ਹੀ ਹੈ, ਉਹ ਪਾਵਰਾਂ ਤੁਸੀਂ ਬਹੁਤ ਸਾਰੇ ਅਫਸਰਾਂ ਨੂੰ ਦੇ ਦਿਓ ਤਾਕਿ ਇਕ ਤਾਂ ਕੰਮ ਤੇਜ਼ੀ ਨਾਲ ਹੋਵੇ ਅਤੇ ਦੂਜੇ ਕੁਰਪਸ਼ਨ ਘਟੇ। ਇਹ ਜਿਹੜੀ ਸਾਡੀ ਵਸੂਲੀ ਨਹੀਂ ਹੋ ਰਹੀ, ਇਹ ਕੌਣ ਕਰੇਗਾ ?

ਪ੍ਰਾਈਵੇਟ ਕਾਰਾਂ ਵੀ ਟੈਕਸੀਆਂ ਦੇ ਰੂਪ ਵਿੱਚ ਚਲਦੀਆਂ ਹਨ, ਇਹ ਵੀ ਬਹੁਤ ਬੁਰੀ ਗੱਲ ਹੈ। ਚੇਅਰਮੈਨ ਸਾਹਿਬ, ਸਕੂਲਾਂ ਵਿੱਚ ਬੱਚਿਆਂ ਦੀ ਤਾਂ ਯੂਨੀਫਾਰਮ ਹੈ, ਪਰ ਟੀਚਰਜ਼ ਦੀ ਕੋਈ ਯੂਨੀਫਾਰਮ ਨਹੀਂ।

Original with;
Punjab Vidhan Sabha
Digitized by;
Panjab Digital Library

ਖਾਸ ਕਰ ਲੇਡੀ ਟੀਚਰਜ਼ ਲਈ ਵਰਦੀ ਜ਼ਰੂਰ ਫਿਕਸ ਕਰੋ। ਸਾਡੇ ਸਟਾਫ ਲਈ ਯੂਨੀਫਾਰਮ ਹੋਣੀ ਚਾਹੀਦੀ ਹੈ। ਸਪੈਸ਼ਲ ਕੋਰਟਾਂ ਵਾਲੇ ਕੇਸਾਂ ਦਾ ਮਾੜਾ ਕਾਨੂੰਨ ਵੀ ਖਤਮ ਹੋ ਗਿਆ ਹੈ। ਉਸਦੀ ਵਿਰੋਧਤਾ ਕਾਂਗਰਸ ਵਾਲੇ ਤਾਂ ਕਰ ਨਹੀਂ ਸਕੇ। ਠੀਕ ਹੈ, ਇਹ ਵੀ ਮਜਬੂਰ ਸਨ। ਉਹ ਕੇਸ ਹਾਲੇ ਵੀ ਸੁਪਰੀਮ ਕੋਰਟ ਵਿੱਚ ਪਏ ਹਨ, ਉਨ੍ਹਾਂ ਨੂੰ ਵਾਪਸ ਲਿਆ ਜਾਵੇ ਅਤੇ ਹਾਈ ਕੋਰਟਾਂ 'ਚ ਚਲਾਇਆ ਜਾਵੇ ਕਿਉਂਕਿ ਗਰੀਬ ਆਦਮੀ ਇਹ ਕੇਸ ਉਥੇ ਕਿਸ ਤਰ੍ਹਾਂ ਲੜ ਸਕਦਾ ਹੈ। ਮਜਬੂਰੀ ਦੀ ਗੱਲ ਕੀ ਕਰਾਂ। ਜਿਸ ਲਖਵਿੰਦਰ ਸਿੰਘ ਨੇ ਚਾਰ ਬੇਕਸੂਰਾਂ ਨੂੰ ਮਰਵਾ ਦਿੱਤਾ, ਉਸਨੂੰ ਹੀ ਪਰਮੋਟ ਕਰ ਦਿੱਤਾ ਗਿਆ। ਦਰਸ਼ਨ ਸਿੰਘ ਨਾਲ ਬਹੁਤ ਜ਼ੁਲਮ ਕੀਤਾ ਗਿਆ ਤੇ ਪੁਲਿਸ ਹਿਰਾਸਤ 'ਚ ਮਾਰ ਦਿੱਤਾ ਗਿਆ।

The wife of Sardar Darshan Singh was raped in his brother's presence in Police Station Amloh and he was murdered at Salana in September, 1984.

ਦਿੱਲੀ ਦਾ ਇਕ ਮਨਿਸਟਰ ਹੈ। ਉਹ ਪਹਿਲਾਂ ਇਥੋਂ ਜਿਤਿਆ ਸੀ ਅਤੇ ਫਿਰ ਰਾਜਸਥਾਨ ਤੋਂ ਜਿਤਿਆ ਹੈ। ਇਹ ਉਸਦਾ ਰਿਸ਼ਤੇਦਾਰ ਹੈ। ਇਸ ਤਰ੍ਹਾਂ ਦੇ ਕਤਲ ਅਸੀਂ ਰੋਕਾਂਗੇ। ਅਸੀਂ ਕਿਸੇ ਦੇ ਗੁਲਾਮ ਨਹੀਂ। ਅਸੀਂ ਦਿੱਲੀ ਦੇ ਗੁਲਾਮ ਨਹੀਂ ਕਿ ਜੋ ਉਹ ਕਹਿਣ, ਅਸੀਂ ਉਹੀ ਕਰੀ ਜਾਈਏ।

Mr. Chairman: Please wind up.

ਸਰਦਾਰ ਦਲੀਪ ਸਿੰਘ ਪਾਂਧੀ : ਇਨ੍ਹਾਂ ਸਾਰੀਆਂ ਪਰਾਬਲਮਜ਼ ਨੂੰ ਸੀ. ਐਮ. ਸਾਹਿਬ, ਤੁਸੀਂ ਸੋਲਵ ਕਰੋ। ਲੋਕਾਂ ਨੇ ਸਾਨੂੰ ਮੁਆਫ ਨਹੀਂ ਕਰਨਾ ਜਿਨ੍ਹਾਂ ਨੇ ਸਾਨੂੰ ਏਨੀ ਬਹੁਸੰਮਤੀ ਦਿੱਤੀ ਹੈ। ਅਨ-ਇਮਪਲਾਇਮੈਂਟ ਬਹੁਤ ਜ਼ਿਆਦਾ ਹੈ, ਕੰਮ ਕਾਰ ਕੋਈ ਮੁਹੱਈਆ ਨਹੀਂ, ਟੈਲੀਫੋਨ ਤੇ ਕੋਈ ਮਿਲਦਾ ਨਹੀਂ, ਪੈਸਾ ਸੜਕਾਂ ਲਈ ਨਹੀਂ ਹੈ, ਕਿਤਾਬਾਂ ਲਈ ਨਹੀਂ ਹੈ, ਅਸੀਂ ਕਿਥੇ ਜਾਵਾਂਗੇ। ਸਰਕਾਰ ਸਾਡੀ ਮਦਦ ਕਰੇ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਦਿਲੀ ਦੀਆਂ ਗੱਲਾਂ ਛੱਡੋ ਅਤੇ ਘਰ ਦੀ ਬੋਲੀ ਬੋਲੋ। ਅਗਰ ਦਿੱਲੀ ਨੂੰ ਜਾਓਗੇ ਤਾਂ ਅਸੀਂ ਵੀ ਤੁਹਾਡੇ ਨਾਲ ਚਲਾਂਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਬੇਨਤੀ ਕਰਾਂਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ।

ਸ਼੍ਰੀ ਕਸਤੂਰੀ ਲਾਲ (ਬਠਿੰਡਾ) : ** ** **

(ਇਸ ਸਮੇਂ ਹਾਊਸ ਵਿਚ ਕਾਫੀ ਸ਼ੋਰ ਉਠ ਖੜ੍ਹਾ ਹੋਇਆ ਜਿਸ ਦੌਰਾਨ ਇਹ ਕਿਹਾ ਗਿਆ ਕਿ ਕੋਈ ਮੈਂਬਰ ਪੂਰੀ ਦੀ ਪੂਰੀ ਸਪੀਚ ਰਿਟਨ ਨਹੀਂ ਪੜ੍ਹ ਸਕਦਾ)।

ਸ਼੍ਰੀ ਕਸਤੂਰੀ ਲਾਲ : ** ** **

ਸ਼੍ਰੀ ਸਭਾਪਤੀ : ਕਸਤੂਰੀ ਲਾਲ ਜੀ, ਆਪ ਸਾਰੀ ਰਿਟਨ ਸਪੀਚ ਨਹੀਂ ਪੜ੍ਹ ਸਕਤੇ। (ਵਿਘਨ) ਮੇਰੀ ਬਾਤ ਸੁਨੀਏ। ਆਪ ਇਸੀ ਤਰਹ ਪੜ੍ਹਤੇ ਜਾਏਂਗੇ ਤੋ ਕੋਈ ਫਾਇਦਾ ਨਹੀਂ ਹੋਗਾ।

ਸ਼੍ਰੀ ਕਸਤੂਰੀ ਲਾਲ : ** ** **

ਆਪੋਜ਼ੀਸ਼ਨ ਵਲੋਂ ਇਕ ਅਵਾਜ਼ : ਕਿਹੜੇ ਜਥੇਦਾਰ ਕੋਲੋਂ ਲਿਖਵਾ ਕੇ ਲਿਆਏ ਹੋ ?

ਟਰੈਜ਼ਰੀ ਬੈਂਚਿਜ਼ ਵਲੋਂ ਇਕ ਅਵਾਜ਼ : ** ** (ਹਾਸਾ)।

ਸ਼੍ਰੀ ਕਸਤੂਰੀ ਲਾਲ : ** ** **

ਸ਼੍ਰੀ ਸਭਾਪਤੀ ; ਕਸਤੂਰੀ ਲਾਲ ਜੀ ਆਪ ਬੈਠੀਏ।

ਸ਼੍ਰੀ ਕਸਤੂਰੀ ਲਾਲ : ** ** ** (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

Mr. Chairman : His written speech is expunged.

ਸਿਖਿਆ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਕਿ ਇਥੇ ਸਾਰੇ ਸਤਿਕਾਰਯੋਗ ਮੈਂਬਰ ਸਾਹਿਬਾਨ ਬੈਠੇ ਹਨ। ਜਿਹੜੇ ਮੈਂਬਰ ਪਹਿਲੀ ਵਾਰ ਹਾਊਸ ਵਿਚ ਆਏ ਹਨ, ਉਨ੍ਹਾਂ ਨੂੰ ਕੁਝ ਮੁਸ਼ਕਲਾਤ ਕਈ ਵਾਰੀ ਆਉਂਦੀਆਂ ਹਨ। ਮੇਰੀ ਅਰਜ਼ ਹੈ ਕਿ ਅਗਰ ਇਨ੍ਹਾਂ ਨੂੰ ਸੁਣ ਲਿਆ ਜਾਵੇ ਤਾਂ ਕੋਈ ਹਰਜ ਵਾਲੀ ਗੱਲ ਨਹੀਂ। ਅਗਰ ਕਿਸੇ ਮੈਂਬਰ ਨੂੰ ਜ਼ਬਾਨੀ ਬੋਲਣ ਵਿਚ ਮੁਸ਼ਕਲ ਆਉਂਦੀ ਹੈ ਤਾਂ ਉਸ ਨੂੰ ਪੜ੍ਹ ਕੇ ਬੋਲ ਦੇਣਾ ਚਾਹੀਦਾ ਹੈ।

ਸ਼੍ਰੀ ਸਭਾਪਤੀ : ਸਾਰੀ ਰਿਟਨ ਸਪੀਚ ਨਹੀਂ ਪੜ੍ਹੀ ਜਾ ਸਕਦੀ। ਇਹ ਰੂਲਜ਼ ਅੰਰ ਕਾਇਦੇ ਦੇ ਖਿਲਾਫ ਹੈ। ਇਸ ਤਰ੍ਹਾਂ ਤਾਂ ਇਹ ਇਕ ਪਰੈਸੀਡੈਂਟ ਬਣ ਜਾਵੇਗਾ। ਨੋਟਸ ਤਾਂ ਬਣਾਏ ਜਾ ਸਕਦੇ ਹਨ ਲੈਕਿਨ ਪੂਰੀ ਦੀ ਪੂਰੀ ਰਿਟਨ ਸਪੀਚ ਪੜ੍ਹੀ ਨਹੀਂ ਜਾ ਸਕਦੀ।

ਸ਼੍ਰੀ ਕਸਤੂਰੀ ਲਾਲ : ** ** ** (ਸ਼ੋਰ) (ਵਿਘਨ)

ਸ਼੍ਰੀ ਸਭਾਪਤੀ: ਤੁਸੀਂ ਮੇਰੇ ਕਹਿਣ ਦੇ ਬਾਵਜੂਦ ਪੜ੍ਹੀ ਜਾ ਰਹੇ ਹੋ। ਇਹ ਠੀਕ ਨਹੀਂ ਹੈ। ਮੈਂ ਸਪੀਕਰ ਸਾਹਿਬ ਨੂੰ ਮੈਸੇਜ ਭੇਜ ਦਿੱਤਾ ਹੈ, ਉਹ ਆ ਕੇ ਆਪੇ ਫੈਸਲਾ ਕਰ ਲੈਣਗੇ.....(ਸ਼ੋਰ) (ਵਿਘਨ)

ਸ਼੍ਰੀ ਕਸਤੂਰੀ ਲਾਲ : ** ** **

ਸ਼੍ਰੀ ਸੇਵਾ ਰਾਮ ਅਰੋੜਾ : ** ** ** (ਵਿਘਨ)

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀਮਤੀ ਇੰਦਰਾ ਨਰਿੰਦਰ ਸਿੰਘ (ਜਲੰਧਰ ਛਾਉਣੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਸ਼੍ਰੀ ਰਾਜੀਵ ਗਾਂਧੀ ਅੰਰ ਲੌਂਗੋਵਾਲ ਜੀ ਦਰਮਿਆਨ ਜੋ ਸਮਝੌਤਾ ਹੋਇਆ, ਉਸੇ ਕਾਰਣ ਅੱਜ ਅਕਾਲੀ ਸਰਕਾਰ ਇਥੇ ਬਣੀ ਹੈ। ਇਸ ਲਈ ਇਸ ਸਮਝੌਤੇ ਦੀ ਅਕਾਲੀ ਸਰਕਾਰ ਨੂੰ ਵੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ।

6.02 P.M. । (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਮੈਂ ਕਿਸੇ ਹੋਰ ਵਿਚਾਰਧਾਰਾ ਨਾਲ ਇਸ ਪਵਿੱਤਰ ਸਥਾਨ ਤੇ ਆਈ ਸੀ। ਜਿਸ ਤਰ੍ਹਾਂ ਅਸੀਂ ਵਾਦ-ਵਿਵਾਦ ਕਰ ਰਹੇ ਹਾਂ, ਇਹ ਠੀਕ ਨਹੀਂ ਹੈ। ਕੁਝ ਅਜਿਹੇ ਸ਼ਬਦ ਇਥੇ ਕਹੇ ਗਏ ਹਨ ਜੋ ਕਿ ਠੀਕ ਨਹੀਂ ਹਨ ਜਿਵੇਂ ਕਿ ਭਗੌੜੇ, ਰੈਬਲਜ਼, ਡੈਜ਼ਰਟਰਜ਼ ਆਦਿ। ਮੈਂ ਅਰਜ਼ ਕਰਨਾ ਚਾਹੁੰਦੀ ਹਾਂ ਕਿ ਜੋ ਸਾਡੀ ਭਾਰਤੀ ਸੈਨਾ ਹੈ, ਉਸਦਾ ਡਿਸਿਪਲਨ, ਐਡਮਨਿਸਟ੍ਰੇਸ਼ਨ ਅੰਰ ਆਰਗੇਨਾਈਜ਼ੇਸ਼ਨ ਇੱਕ ਟੀਮ ਵਰਕ ਨਾਲ ਚਲਦਾ ਹੈ। ਸੈਂਟੀਮੈਂਟਲ ਹੋਕੇ, ਇਮੋਸ਼ਨਲ ਹੋਕੇ ਕਿਸੇ ਨੂੰ ਇੰਡੀਵੀਜੁਅਲ ਕੈਪੈਸਿਟੀ ਵਿਚ ਇਸ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ। ਇਥੇ ਮੈਂ ਤੁਹਾਨੂੰ ਯਾਦ ਦਿਲਾਉਣਾ ਚਾਹੁੰਦੀ ਹਾਂ ਕਿ ਜਦੋਂ 1946-47 ਵਿਚ ਹਿੰਦੁਸਤਾਨ ਆਜ਼ਾਦ ਹੋਇਆ ਤਾਂ ਉਸ ਵੇਲੇ ਸਾਡੇ ਆਈ.ਐਨ.ਏ. ਦੇ ਸਿਪਾਹੀ, ਅਫਸਰ ਸਾਹਿਬਾਨ, ਸ਼ਾਹ ਨਿਵਾਜ਼ ਖਾਂ, ਢਿੱਲੋਂ ਅੰਰ ਸਹਿਗਲ, ਇਨ੍ਹਾਂ ਲਈ ਵੀ ਬਹੁਤ ਜ਼ੋਰ ਲਗਾਇਆ ਗਿਆ ਕਿ ਇਨ੍ਹਾਂ ਨੂੰ ਭਾਰਤੀ ਸੈਨਾ ਵਿਚ ਅਫਸਰੀ ਪਦ ਤੇ ਲਿਆ ਜਾਏ ਪਰ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਨ੍ਹਾਂ ਲਈ ਉਹ ਪਦ ਸਵੀਕਾਰ ਨਹੀਂ ਕੀਤੇ। ਦੂਜੀ ਗੱਲ ਉਗਰਵਾਦੀਆਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਦੀ ਹੈ। ਇਸ ਬਾਰੇ ਮੈਂ ਬੋਲਣਾ ਨਹੀਂ ਚਾਹੁੰਦੀ ਸੀ, ਉਹ ਸਾਡੇ ਨੌਜਵਾਨ ਹਨ। ਸਾਡੇ ਗਵਰਨਰ ਸਾਹਿਬ ਨੇ ਹੁਕਮ ਦਿੱਤਾ ਹੈ ਕਿ ਉਨ੍ਹਾਂ ਨੂੰ ਰਿਹਾ ਕੀਤਾ ਜਾਏ। ਉਨ੍ਹਾਂ ਨੂੰ ਨੈਸ਼ਨਲ ਮੇਨ–ਸਟ੍ਰੀਮ ਵਿਚ ਲੈਣਾ ਚਾਹੀਦਾ ਹੈ। ਹੁਣੇ ਹੁਣੇ ਹੀ ਖਬਰ ਆਈ ਹੈ ਕਿ ਸਾਡੇ ਯਸ਼ ਪਾਲ ਜੀ ਨੌਸ਼ਹਿਰਾ ਪੰਨੂਆਂ ਵਿਚ ਗੋਲੀ ਨਾਲ ਮਾਰੇ ਗਏ ਹਨ (ਸ਼ੇਮ, ਸ਼ੇਮ)।

ਇਹ ਨੌਜਵਾਨ ਸਾਡੀ ਯੂਥ ਪਾਵਰ ਹੈ। 1985 ਯੂਥ ਦਾ ਇੰਟਰਨੈਸ਼ਨਲ ਯੀਅਰ ਹੈ। ਸਵਾਮੀ ਵਿਵੇਕਾ ਨੰਦ ਜੀ ਦੇ ਜਨਮ ਦਿਨ ਤੇ ਇਹ ਉਤਸਵ ਸ਼ੁਰੂ ਕੀਤਾ ਗਿਆ ਸੀ। ਸਾਡੇ ਜੋ 18,19,20 ਔਰ 21 ਸਾਲ ਦੇ ਨੌਜਵਾਨ ਹਨ, ਇਨ੍ਹਾਂ ਨੂੰ ਸਹੀ ਰਸਤੇ ਤੇ ਲਿਆਉਣਾ ਪਏਗਾ। ਇਨ੍ਹਾਂ ਦੀ ਵਿਚਾਰ–ਧਾਰਾ ਬਦਲਣੀ ਪਏਗੀ। ਇਸ ਲਈ ਸਾਨੂੰ ਐਜੂਕੇਸ਼ਨ ਮਨਿਸਟਰੀ ਦਾ ਸਹਿਯੋਗ ਮਿਲਣਾ ਚਾਹੀਦਾ ਹੈ ਔਰ ਸਪੋਰਟਸ ਮਨਿਸਟਰੀ ਦਾ ਸਹਿਯੋਗ ਮਿਲਣਾ ਚਾਹੀਦਾ ਹੈ। ਕੇਂਦਰੀ ਸਰਕਾਰ ਨੇ ਸਪੋਰਟਸ ਲਈ ਬਹੁਤ ਸਾਧਨ ਦਿੱਤੇ ਹਨ। ਕਲਚਰਲ ਐਕਟਿਵਿਟੀਜ਼ ਸਾਡੇ ਨੌਜਵਾਨ ਅਪਣਾ ਸਕਦੇ ਹਨ। ਮਾਉਨਟੇਨੀਅਰਿੰਗ ਹੈ, ਟਰੈਕਿੰਗ, ਟਰੁਪੇਜ, ਪੈਰਾ–ਟਰੁਪਿੰਗ, ਇਹ ਐਕਟਿਵਿਟੀਜ਼ ਸਾਡੇ ਨੌਜਵਾਨ ਵੀ ਅਪਣਾ ਸਕਦੇ ਹਨ। ਤਾਮਿਲ ਨਾਡੂ ਔਰ ਕੈਰੇਲਾ ਨੇ ਕੋਆਪਰੇਸ਼ਨ ਦੇ ਕੇ ਕੇਂਦਰ ਸਰਕਾਰ ਤੋਂ ਇਸ ਪ੍ਰਤੀ ਸਹਿਯੋਗ ਲਿਆ ਹੈ। ਅਸੀਂ ਉਮੀਦ ਕਰਦੇ ਹਾਂ ਕਿ ਪੰਜਾਬ ਸਰਕਾਰ ਵੀ ਇਸ ਤੋਂ ਫਾਇਦਾ ਉਠਾਏਗੀ। ਸਾਡੇ ਸਿਖਿਆ ਮੰਤਰੀ ਨੇ ਭਾਸ਼ਣ ਦੇਕੇ ਇਲਾਨ ਕੀਤਾ ਹੈ ਕਿ ਪੰਜਾਬ ਵਿਚ ਤਿੰਨ ਭਾਸ਼ੀ ਫਾਰਮੂਲਾ, ਹਿੰਦੀ, ਪੰਜਾਬੀ ਔਰ ਇੰਗਲਿਸ਼ ਕਾਇਮ ਹੋਵੇਗਾ। ਮੈਂ ਸੋਚਦੀ ਹਾਂ ਕਿ ਇਹ ਅੱਛਾ ਕਦਮ ਉਠਾਇਆ ਗਿਆ ਹੈ। ਇਸ ਨਾਲ ਦੇਸ਼ ਦੀ ਅਖੰਡਤਾ ਔਰ ਦੇਸ਼ ਦੀ ਏਕਤਾ ਕਾਇਮ ਹੋਵੇਗੀ।

ਬੇਰੁਜ਼ਗਾਰੀ ਦੀ ਵਜ੍ਹਾ ਕਰਕੇ ਸਾਡੇ ਨੌਜਵਾਨ ਉਗਰਵਾਦੀ ਬਣਦੇ ਹਨ। ਅਜਿਹੀਆਂ ਸਕੀਮਾਂ ਬਨਾਉਣੀਆਂ ਚਾਹੀਦੀਆਂ ਹਨ ਜਿਸ ਨਾਲ ਉਹ ਆਪਣਾ ਕਾਰੋਬਾਰ ਸ਼ੁਰੂ ਕਰ ਸਕਣ। ਸੈਲਫ ਐਂਪਲਾਇਮੈਂਟ ਸਕੀਮਾਂ ਲਈ ਆਸਾਨੀ ਨਾਲ ਲੋਨਜ਼ ਮਿਲਣੇ ਚਾਹੀਦੇ ਹਨ ਜਿਸ ਨਾਲ ਇਹ ਨੌਜਵਾਨ ਛੋਟੇ ਛੋਟੇ ਕਾਰੋਬਾਰ ਸ਼ੁਰੂ ਕਰ ਸਕਣ। ਜਿਸ ਤਰ੍ਹਾਂ ਕਿ ਪੈਟੀ ਸ਼ਾਪਸ, ਪੋਲਟਰੀ ਫਾਰਮ ਆਦਿ ਦਾ ਕੰਮ ਕਰ ਸਕਣ। ਇਨ੍ਹਾਂ ਲਈ ਰੀਕ੍ਰੀਏਸ਼ਨ ਫੈਸਿਲਿਟੀਜ਼ ਪਰੋਵਾਈਡ ਕਰਨੀਆਂ ਚਾਹੀਦੀਆਂ ਹਨ। ਰੀਡਿੰਗ ਰੂਮਜ਼ ਬਨਾਉਣੇ ਚਾਹੀਦੇ ਹਨ। ਬੱਚਿਆਂ ਲਈ ਬੁਕ ਸ਼ਾਪਸ ਹੋਣੀਆਂ ਚਾਹੀਦੀਆਂ ਹਨ। ਜੋ ਸਾਡੇ ਨੌਜਵਾਨ ਨੌਕਰੀਆਂ ਦੀ ਭਾਲ ਵਿਚ ਦਿਹਾਤਾਂ ਤੋਂ ਸ਼ਹਿਰਾਂ ਵਿਚ ਜਾਂਦੇ ਹਨ, ਉਨ੍ਹਾਂ ਨੂੰ ਉਥੇ ਨੌਕਰੀਆਂ ਨਾ ਮਿਲਣ ਕਰਕੇ ਬੜੀ ਨਿਰਾਸ਼ਾ ਹੁੰਦੀ ਹੈ। ਇਸ ਕਰਕੇ ਉਨ੍ਹਾਂ ਨੂੰ ਬੁਰੀਆਂ ਆਦਤਾਂ ਪੈ ਜਾਂਦੀਆਂ ਹਨ ਅਤੇ ਉਹ ਸ਼ਰਾਬ ਪੀਣ ਲਗ ਜਾਂਦੇ ਹਨ। ਇਹ ਬੜੀ ਦੁੱਖ ਦੀ ਗਲ ਹੈ ਕਿ ਪੰਜਾਬ ਦੇ ਕੋਨੇ ਕੋਨੇ ਵਿਚ ਸ਼ਰਾਬ ਦੇ ਠੇਕੇ ਖੁਲ੍ਹੇ ਹੋਏ ਹਨ। ਲਾਇਬ੍ਰੇਰੀ ਲਭਣ ਲਈ ਕੋਸਾਂ ਦੂਰ ਜਾਣਾ ਪੈਂਦਾ ਹੈ। ਸਪੋਰਟਸ ਦੀਆਂ ਫੈਸਿਲਿਟੀਜ਼ ਬਹੁਤ ਘਟ ਹਨ। ਕਿਤਾਬਾਂ ਦੀਆਂ ਦੁਕਾਨਾਂ ਆਮ ਹੋਣੀਆਂ ਚਾਹੀਦੀਆਂ ਹਨ। ਜਲੰਧਰ ਮਾਈ ਹੀਰਾਂ ਗੇਟ ਤੇ ਯੂਨੀਵਰਸਿਟੀ ਦੀਆਂ ਕਿਤਾਬਾਂ ਮਿਲਦੀਆਂ ਹਨ। ਸ਼ਰਾਬ ਦੇ ਠੇਕੇ ਹਰ ਜਗ੍ਹਾ ਤੇ ਖੁਲ੍ਹੇ ਹੋਏ ਹਨ। ਇਹ ਜਿਹੜੇ ਸ਼ਰਾਬ ਦੇ ਠੇਕੇ ਹਨ, ਇਨ੍ਹਾਂ ਦੇ ਲਾਇਸੰਸ ਜ਼ਿਆਦਾ ਨਹੀਂ ਦਿਤੇ ਜਾਣੇ ਚਾਹੀਦੇ। ਸਾਨੂੰ ਯੂਥ ਨੂੰ ਲੁੱਕ ਆਫਟਰ ਕਰਨਾ ਚਾਹੀਦਾ ਹੈ। ਪੰਜਾਬ ਯੂਨੀਵਰਸਿਟੀ ਦੀ ਇਕ ਨੈਸ਼ਨਲ ਸਰਵਿਸ ਸਕੀਮ ਹੈ। ਇਹ ਸਕੀਮ ਪੁਲਿਟੀਕਲ ਓਰੀ–ਐਂਟਿਡ ਨਹੀਂ ਹੋਣੀ ਚਾਹੀਦੀ। ਸਾਡੇ ਕਾਲਜਾਂ ਵਿਚ ਜਿੰਨੇ ਵੀ ਪ੍ਰੋਫੈਸਰ ਹਨ, ਉਨ੍ਹਾਂ ਨੂੰ ਬੱਚਿਆਂ ਦੀ ਭਲਾਈ ਅਤੇ ਸੇਵਾ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ।

I quote the report of the Panjab University National Service Scheme Seminar:.

"An interesting feature is that 83% of the total youth population in the age group of 15—24 will be living in the developing countries.

Original with;
Punjab Vidhan Sabha
Digitized by;
Panjab Digital Library

[Smt. Indira Narinder Singh]

Unlike Western countries where youth growth rate is expected to decline during the remainder of this century as a result of decrease in fertility levels, developing countries like India will witness a significant increase in the number of young people.

This youth power will play a very important role in developing countries.

The key words in the experience of the youth today are: Scarcity, unemployment, under-employment, Boredom and Tension and even survival. The worst is: "We have no future in India".

ਇਸ ਦੇ ਇਲਾਵਾ ਜੋ ਸਾਡੇ ਨੌਜਵਾਨ ਹਨ, ਅਗਰ ਉਨ੍ਹਾਂ ਦਾ ਫਿਊਚਰ ਇੰਡੀਆ ਜਾਂ ਪੰਜਾਬ ਵਿਚ ਨਹੀਂ ਹੈ ਤਾਂ ਇਹ ਸਾਡੇ ਵਾਸਤੇ ਬੜੀ ਦੁਖਦਾਇਕ ਘਟਨਾ ਹੈ। ਮੈਂ ਉਮੀਦ ਕਰਦੀ ਹਾਂ ਕਿ ਇਸ ਗੱਲ ਵਲ ਸਰਕਾਰ ਵਿਚਾਰ ਕਰੇਗੀ ਅਤੇ ਨੌਜਵਾਨਾਂ ਨੂੰ ਸਹੀ ਤਰੀਕੇ ਨਾਲ ਸਹੀ ਰਸਤੇ ਤੇ ਲਿਆਉਣ ਦਾ ਉਪਰਾਲਾ ਕਰੇਗੀ।

ਬਾਕੀ ਚੰਦ ਮਸਲੇ ਮੈਂ ਜਲੰਧਰ ਛਾਉਣੀ ਦੇ ਮੁਤੱਲਕ ਕਹਿਣਾ ਚਾਹੁੰਦੀ ਹਾਂ। ਜਲੰਧਰ ਛਾਉਣੀ ਵਿਚ ਇਕ ਬਿਕਰਮ ਮਾਡਲ ਸਕੂਲ ਦੇ ਨੇੜੇ ਇਕ ਕਰਿਆਨਾ ਵਿਉਪਾਰੀ ਦਾ ਸਕੂਟਰ ਅਤੇ ਪੈਸੇ ਖੋਹ ਲਏ। ਉਸ ਉਤੇ ਗੋਲੀਆਂ ਚਲਾਈਆਂ ਗਈਆਂ। ਉਸ ਨੂੰ ਘਾਇਲ ਕਰ ਦਿੱਤਾ ਗਿਆ। ਜਦ ਮੈਂ ਪੁਲਿਸ ਸਟੇਸ਼ਨ ਟੈਲੀਫੋਨ ਕੀਤਾ ਤਾਂ ਉਨ੍ਹਾਂ ਨੇ ਜਵਾਬ ਦਿਤਾ ਕਿ ਮੈਡਮ ਆਪ ਆਰਾਮ ਕਰੋ, ਇਹ ਗੱਲਾਂ ਤਾਂ ਚਾਰ ਸਾਲਾਂ ਤੋਂ ਹੋ ਰਹੀਆਂ ਹਨ। ਫਿਰ ਮੈਂ ਐਸ.ਐਸ.ਪੀ. ਨੂੰ ਟੈਲੀਫੋਨ ਕੀਤਾ ਤਾਂ ਉਹ ਇਕਦਮ ਮੌਕੇ ਤੇ ਆਏ ਅਤੇ ਜਿਹੜਾ ਘਾਇਲ ਹੋਇਆ ਸੀ, ਉਸ ਨੂੰ ਹਸਪਤਾਲ ਪਹੁੰਚਾਇਆ। ਮੈਂ ਕਹਿੰਦੀ ਹਾਂ ਕਿ ਇਸ ਤਰ੍ਹਾਂ ਦੀਆਂ ਗੱਲਾਂ ਵਲ ਧਿਆਨ ਦੇਣਾ ਚਾਹੀਦਾ ਹੈ। ਜਲੰਧਰ ਛਾਉਣੀ ਵਿਚ ਗੁੜ ਮੰਡੀ ਦਾ ਮਸਲਾ ਹੈ। ਉਥੇ ਜਾਨਵਰਾਂ ਦੀ ਨਿਲਾਮੀ ਕਰਨ ਦੀ ਮਾਰਕਿਟ ਹੈ। ਇਹ ਮੰਡੀ ਜਲੰਧਰ ਨੈਸ਼ਨਲ ਹਾਈਵੇ ਦੇ ਉਤੇ ਹੈ। ਉਥੇ ਹਜ਼ਾਰਾਂ ਦੀ ਗਿਣਤੀ ਵਿਚ ਜਾਨਵਰ ਖੜ੍ਹੇ ਹੁੰਦੇ ਹਨ।

(ਇਸ ਸਮੇਂ ਸਰਦਾਰਨੀ ਗੁਰਬਿੰਦਰ ਕੌਰ ਬਰਾੜ ਬੋਲਣ ਲਈ ਖੜ੍ਹੇ ਹੋਏ।)

ਸ਼੍ਰੀ ਸਪੀਕਰ: ਕੀ ਤੁਸੀਂ ਪੁਆਇੰਟ ਆਫ ਆਰਡਰ ਤੇ ਬੋਲਣਾ ਚਾਹੁੰਦੇ ਹੋ ?

ਸਰਦਾਰਨੀ ਗੁਰਬਿੰਦਰ ਕੌਰ ਬਰਾੜ: ਨਹੀਂ ਜੀ, ਮੈਂ ਵੈਸੇ ਹੀ ਕੁਝ ਕਹਿਣਾ ਚਾਹੁੰਦੀ ਹਾਂ।

ਸ਼੍ਰੀ ਸਪੀਕਰ: ਮਿੱਸਜ਼ ਇੰਦਰਾ ਜੀ, ਤੁਸੀਂ ਬੈਠ ਜਾਓ ਪਰ ਜਿੰਨਾ ਚਿਰ ਮਿਸਜ਼ ਬਰਾੜ ਬੋਲਣਗੇ, ਉਹ ਟਾਈਮ ਤੁਹਾਡੇ ਟਾਈਮ ਵਿਚੋਂ ਕੱਟਿਆ ਜਾਵੇਗਾ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ: ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦੀ ਹਾਂ ਕਿ ਹੁਣੇ ਹੁਣੇ ਸ਼੍ਰੀਮਤੀ ਇੰਦਰਾ ਨੇ ਖਬਰ ਦਿਤੀ ਹੈ ਕਿ ਨੌਸ਼ਹਿਰਾ ਪੰਨੂਆਂ ਦੇ ਸ਼੍ਰੀ ਯਸ਼ ਪਾਲ ਨੂੰ ਗੋਲੀ ਮਾਰ ਕੇ ਮਾਰ ਦਿਤਾ ਹੈ, ਇਸ ਬਾਰੇ ਸੀ.ਐਮ. ਸਾਹਿਬ ਦੱਸਣਗੇ ਕਿ ਕੀ ਇਹ ਠੀਕ ਹੈ ?

ਸ਼੍ਰੀ ਸਪੀਕਰ: ਮੇਰਾ ਖਿਆਲ ਹੈ ਕਿ ਇਸ ਵੇਲੇ ਇਸ ਦੇ ਬਾਰੇ ਚੀਫ਼ ਮਨਿਸਟਰ ਸਾਹਿਬ ਨੂੰ ਸਟੇਟਮੈਂਟ ਦੇਣ ਦੀ ਨਸੈਸਟੀ ਨਹੀਂ ਹੈ ਕਿਉਂਕਿ ਪੰਦਰਾਂ ਕੁ ਮਿੰਟ ਹਾਊਸ ਦੇ ਐਡਜਰਨ ਹੋਣ ਵਿਚ ਰਹਿੰਦੇ ਹਨ।

Original with;
Punjab Vidhan Sabha
Digitized by;
Panjab Digital Library

WALK OUT

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਸ਼੍ਰੀ ਰਾਮ ਲੁਭਾਇਆ ਨੂੰ ਤਰਨ ਤਾਰਨ (ਅੰਮ੍ਰਿਤਸਰ) ਵਿਚ ਗੋਲੀ ਮਾਰੀ ਗਈ। ਉਸ ਨੂੰ ਗੋਲੀ ਮਾਰਨ ਵਾਲਾ ਵੀ ਪੁਲਿਸ ਦਾ ਕਰਮਚਾਰੀ ਸੀ। ਫਿਰ ਫਤਹਿ-ਗੜ੍ਹ ਚੂੜੀਆਂ ਦੇ ਕਾਂਗਰਸ ਪਾਰਟੀ ਦੇ ਸ਼੍ਰੀ ਰਾਜ ਪਾਲ ਕੱਦ ਨੂੰ ਮਾਰਿਆ ਗਿਆ। ਫਿਰ ਫਿਰੋਜ਼ਪੁਰ ਵਿਚ ਸ਼੍ਰੀ ਸੱਤ ਨਰਾਇਣ ਅਗਰਵਾਲ ਜੋ ਕਿ ਕਾਂਗਰਸ ਦਾ ਲੀਡਰ ਸੀ, ਤੇ ਹਮਲਾ ਹੋਇਆ। ਇਹ ਸਾਰੇ ਕਾਂਗਰਸੀ ਲੀਡਰ ਸਨ। ਇਹ ਬੜੇ ਦੁੱਖ ਦੀ ਗਲ ਹੈ ਕਿ ਇਸ ਤਰ੍ਹਾਂ ਦੇ ਕਾਂਗਰਸ ਪਾਰਟੀ ਦੇ ਆਦਮੀਆਂ ਤੇ ਹਮਲੇ ਹੋ ਰਹੇ ਹਨ ਪਰ ਸਰਕਾਰ ਕੁਝ ਧਿਆਨ ਨਹੀਂ ਦੇ ਰਹੀ। ਇਸ ਲਈ ਅਸੀਂ ਇਸ ਦੇ ਉਤੇ ਪ੍ਰੋਟੈਸਟ ਕਰਦੇ ਹਾਂ ਅਤੇ ਐਜ਼ ਏ ਪ੍ਰੋਟੈਸਟ ਅਸੀਂ ਹਾਊਸ ਵਿਚੋਂ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸਦਨ ਵਿਚ ਕਾਂਗਰਸ (ਆਈ) ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ ਆਊਟ ਕਰ ਗਏ)

RESUMPTION OF DISCUSSION ON GOVERNOR'S ADDRESS

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਮੈਂ ਗਵਰਨਰ ਐਡਰੈਸ ਦੇ ਪਹਿਲੇ ਪੈਰੇ ਦੀ 12ਵੀਂ ਲਾਈਨ ਬਾਰੇ ਕੁਝ ਦੱਸਣਾ ਚਾਹੁੰਦਾ ਹਾਂ। ਇਸ ਵਿਚ ਲਿਖਿਆ ਹੈ—

> "ਸਿਆਸੀ ਸੰਕਟ, ਜਿਸ ਨੇ ਰਾਜ ਉਤੇ ਗ਼ਲਬਾ ਪਾ ਲਿਆ ਸੀ, ਸੰਵਿਧਾਨਕ ਮਸ਼ੀਨਰੀ ਦੇ ਫੇਲ੍ਹ ਹੋਣ ਤਕ ਹੀ ਸੀਮਤ ਨਹੀਂ ਸੀ, ਸਗੋਂ ਇਸ ਨੇ ਪੰਜਾਬੀ ਭਾਈਚਾਰੇ ਦੇ ਭਿੰਨ ਭਿੰਨ ਵਰਗਾਂ ਵਿਚਕਾਰ ਸਦੀਆਂ ਤੋਂ ਚਲੀ ਆ ਰਹੀ ਮਿੱਤਰਤਾ ਤੇ ਸਦਭਾਵਨਾ ਵਿਚ ਵੀ ਖਲਲ ਪਾ ਦਿੱਤਾ ਸੀ। ਅਜਿਹੀ ਭਿਆਨਕ ਸਥਿਤੀ ਵਿਚ ਇਹ ਬਿਲਕੁਲ ਕੁਦਰਤੀ ਸੀ ਕਿ ਰਾਜ ਦੀ ਰਾਜਨੀਤਕ ਸਥਿਰਤਾ, ਇਸ ਦੇ ਲੋਕਾਂ ਵਿਚ ਏਕਤਾ ਅਤੇ ਦੇਸ਼ ਦੀ ਅਖੰਡਤਾ ਦੇ ਵਿਰੁੱਧ ਕੰਮ ਕਰ ਰਹੀਆਂ ਤਾਕਤਾਂ ਨੂੰ ਸਾਡੇ ਲੋਕ ਰਾਜ ਦੀਆਂ ਜੜ੍ਹਾਂ ਹਿਲਾਉਣ ਲਈ ਉਤਸ਼ਾਹ ਮਿਲਦਾ।"

ਸਪੀਕਰ ਸਾਹਿਬ, ਪੰਜਾਬ ਵਿਚ ਪਿਛੋ ਜੋ ਹਾਲਾਤ ਰਹੇ, ਬਹੁਤ ਲੰਬਾ ਸਮਾਂ ਇਹ ਹਾਲਾਤ ਚਲਦੇ ਰਹੇ ਅਤੇ ਪੰਜਾਬ ਵਿਚ ਘਿਨਾਉਣੀਆਂ ਹਰਕਤਾਂ ਹੋਈਆਂ। ਉਸ ਬਾਰੇ ਪੰਜਾਬ ਵਿਚ, ਭਾਰਤ ਵਰਸ਼ ਦੇ ਕੋਨੇ ਕੋਨੇ ਤਕ ਦੁਹਾਈ ਪਈ। ਇਥੇ ਦੇ ਹਾਲਾਤ ਖਰਾਬ ਕਰਨ ਵਿਚ ਕੁਝ ਸ਼ਕਤੀਆਂ ਦਾ ਹੱਥ ਸੀ। ਉਹ ਸ਼ਕਤੀਆਂ ਪੰਜਾਬ ਨੂੰ ਅੱਗ ਦੀ ਲਪੇਟ ਵਿਚ ਲਿਆਉਣਾ ਚਾਹੁੰਦੀਆਂ ਸਨ। ਜੇ ਉਨ੍ਹਾਂ ਸ਼ਕਤੀਆਂ ਨੂੰ ਨੰਗਾ ਨਾ ਕੀਤਾ ਗਿਆ ਤਾਂ ਫਿਰ ਠੀਕ ਨਹੀਂ ਹੈ। ਸਾਨੂੰ ਉਨ੍ਹਾਂ ਸ਼ਕਤੀਆਂ ਨੂੰ ਨੰਗਾ ਕਰਨਾ ਪਏਗਾ। ਸਾਨੂੰ ਦੁਸ਼ਮਣ ਨੂੰ ਪਛਾਣਨਾ ਪਵੇਗਾ ਨਹੀਂ ਤਾਂ ਹਾਲਾਤ ਠੀਕ ਨਹੀਂ ਹੋਣਗੇ। ਸਪੀਕਰ ਸਾਹਿਬ, ਇਹ ਜਿਹੜੇ ਇਥੇ ਪਿਛੇ ਅਜਿਹੇ ਹਾਲਾਤ ਹੋਏ ਉਸ ਸਮੇਂ ਜਿਹੜੀ ਸਿਆਸੀ ਪਾਰਟੀ ਦਾ ਰਾਜ ਸੀ, 1980 ਤੋਂ ਲੈ ਕੇ ਪੰਜ ਸਾਲ ਦਾ ਸਮਾਂ ਜ਼ਿੰਦਗੀ ਦਾ ਹਿੱਸਾ ਹੁੰਦਾ ਹੈ। ਜੇ ਉਹ ਚਾਹੁੰਦੇ ਤਾਂ ਦੇਸ਼ ਤਰੱਕੀ ਕਰ ਸਕਦਾ ਸੀ। ਉਨ੍ਹਾਂ ਹਾਲਾਤ ਵਿਚ ਜੇ ਕੋਈ ਆਦਮੀ ਘਰ ਤੋਂ ਬਾਹਰ ਕਿਤੇ ਚਲਾ ਜਾਂਦਾ ਸੀ ਅਤੇ ਮੁੜਨ ਵਿਚ ਕੁਝ ਦੇਰ ਹੋ ਜਾਂਦੀ ਸੀ ਤਾਂ ਪਿਛੇ ਉਸ ਦੇ ਘਰ ਵਾਲੇ, ਉਸ ਦੀ ਮਾਂ, ਉਸ ਦੀ ਪਤਨੀ ਨੂੰ ਇਸ ਗੱਲ ਦਾ ਡਰ ਰਹਿੰਦਾ ਸੀ ਅਤੇ ਉਨ੍ਹਾਂ ਦੇ ਮਨਾਂ ਵਿਚ ਬੇਚੈਨੀ ਪੈਦਾ ਹੋ ਜਾਂਦੀ ਸੀ ਕਿ ਪਤਾ ਨਹੀਂ ਕੀ ਹੋ ਗਿਆ ਹੈ। ਇਸ ਤਰ੍ਹਾਂ ਦੀ ਬੇਚੈਨੀ ਲੋਕਾਂ ਦੇ ਮਨਾਂ ਵਿਚ ਪੈਦਾ ਹੋ ਗਈ ਸੀ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਮਹਿਤਾਬ ਸਿੰਘ]

ਇਹ ਸਾਰਾ ਕੁਝ ਅਡੰਬਰ ਰਚਿਆ । ਕਾਂਗਰਸ ਪਾਰਟੀ ਨੇ ਇਹ ਹਾਲਾਤ ਪੈਦਾ ਕਰ ਦਿੱਤੇ ਕਿ ਜਦੋਂ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਸੀ ਤਾਂ ਦਿਨ ਦਹਾੜੇ ਕਤਲ ਹੋ ਜਾਂਦੇ ਸੀ ਅੱਰ ਕੋਈ ਪੁੱਛਦਾ ਨਹੀਂ ਸੀ। ਜੇ ਐਡਮਨਿਸਟਰੇਸ਼ਨ ਤਕੜੀ ਹੋਵੇ, ਸਰਕਾਰ ਤਕੜੀ ਹੋਵੇ ਅਤੇ ਕੋਈ ਦਿਨ ਦਹਾੜੇ ਕਤਲ ਕਰ ਦੇਵੇ ਤਾਂ ਫਿਰ ਕੋਈ ਗੱਲ ਨਹੀਂ ਬਣਦੀ। ਅੱਰ ਕਤਲ ਵੀ ਸ਼ਰੇਆਮ ਹੋਵੇ ਅੱਰ ਕਾਤਲਾਂ ਦਾ ਕੁਝ ਪਤਾ ਨਾ ਲੱਗੇ। ਇਹ ਬੜੀ ਹੈਰਾਨੀ ਦੀ ਗੱਲ ਹੈ। ਕੋਈ ਕਾਨੂੰਨ ਲਾਗੂ ਨਾ ਹੋਵੇ ਤਾਂ ਇਸ ਗੱਲ ਤੋਂ ਸਾਬਤ ਹੋ ਜਾਂਦਾ ਹੈ ਕਿ ਸਿਆਸੀ ਲੁੱਟ ਪੈਣ ਵਾਲੀ ਗੱਲ ਸੀ। ਇਸ ਵੇਲੇ ਸਾਡੀ ਰਾਜ ਗੱਦੀ ਤੇ ਅਕਾਲੀ· ਪਾਰਟੀ ਬਿਰਾਜਮਾਨ ਹੈ, ਲੋਕਾਂ ਨੇ ਫਤਵਾ ਦਿੱਤਾ ਉਸ ਨੂੰ ਅੱਰ ਇਹ ਅਕਾਲੀ ਪਾਰਟੀ ਬੜੀ ਵਡੀ ਮੈਜਾਰਟੀ ਵਿੱਚ ਇਥੇ ਆਈ। ਜੋ ਕੁਝ ਵੀ ਇਥੇ ਪਿਛਲੇ ਸਮੇਂ ਵਿੱਚ ਹੋਇਆ ਉਸ ਦੇ ਨਾਲ ਪੰਜਾਬ ਦੇ ਲੋਕਾਂ ਨੂੰ ਕਸ਼ਟ ਸਹਿਣਾ ਪਿਆ । ਹੁਣ ਵੀ ਅਸੀਂ ਇਸ ਗਲ ਦਾ ਸ਼ੁਕਰ ਕਰਾਂਗੇ ਜੇ ਮੌਜੂਦਾ ਸਰਕਾਰ ਇਸ ਤੇ ਕੰਟਰੋਲ ਕਰਕੇ ਪੰਜਾਬ ਵਿੱਚ ਹਾਲਾਤ ਠੀਕ ਕਰ ਦੇਵੇ । ਹੁਣੇ ਹੀ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਨੇ ਵਾਕ ਆਊਟ ਕੀਤਾ ਹੈ। ਇਕੱਲਾ ਵਾਕ ਆਊਟ ਕਰਨ ਨਾਲ ਤਾਂ ਕੋਈ ਗਲ ਨਹੀਂ ਬਣਨੀ, ਵਾਕ ਆਊਟ ਨਾਲ ਤਾਂ ਸਾਰਾ ਕੰਮ ਨਹੀਂ ਚਲਣਾ, ਇਹ ਤਾਂ ਸਾਨੂੰ ਬਾਜ਼ੀ ਲਾਉਣ ਵਾਲੀ ਗਲ ਕਰਨੀ ਚਾਹੀਦੀ ਹੈ ਅਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਯਤਨ ਕਰਨਾ ਚਾਹੀਦਾ ਹੈ ਕਿ ਪੰਜਾਬ ਦੇ ਵਿੱਚ ਅਮਨ ਅੱਰ ਸ਼ਾਂਤੀ ਦਾ ਮਾਹੌਲ ਬਣੇ । ਜੇ ਕੋਈ ਐਸੀ ਗਲ ਹੋਈ ਹੈ ਤਾਂ ਸਾਨੂੰ ਸਾਰਿਆਂ ਨੂੰ ਮਿਲ ਬੈਠ ਕੇ, ਸੀ.ਐਮ. ਸਾਹਿਬ ਨਾਲ ਬੈਠ ਕੇ ਗਲ ਕਰਨੀ ਚਾਹੀਦੀ ਹੈ ਅੱਰ ਸੀ.ਐਮ. ਸਾਹਿਬ ਨੂੰ ਐਸ਼ੋਰੈਂਸ ਦੇਣੀ ਚਾਹੀਦੀ ਹੈ ਜੋ ਵਾਕਿਆਤ ਹਨ ਉਨ੍ਹਾਂ ਦੇ ਬਾਰੇ ਨੋਟਿਸ ਵਿੱਚ ਲਿਆਓ ਅੱਰ ਉਸ ਦਾ ਬੈਠਕੇ ਹੱਲ ਲਭੀਏ। ਵਾਕ ਆਊਟ ਕਰਨ ਨਾਲ ਜਾਂ ਕੋਈ ਰੋਸ ਕਰਨ ਨਾਲ ਤਾਂ ਕੋਈ ਗਲ ਨਹੀਂ ਬਣਨੀ । ਇਹ ਤਾਂ ਇਕ ਦੂਸਰੇ ਦਾ ਸਹਿਯੋਗ ਲੈਣ ਵਾਲੀ ਗਲ ਹੈ ਅਤੇ ਇਕ ਦੂਸਰੇ ਦੇ ਸਹਿਯੋਗ ਨਾਲ ਹੀ ਸਾਰੀ ਗਲ ਬਣਨੀ ਹੈ । ਅਮਨ ਕਮੇਟੀਆਂ ਬਣਾਈਏ, ਲੋਕਾਂ ਵਿਚ ਜਾ ਕੇ ਮਿਲ ਕੇ ਦੱਸੀਏ ਤਾਂ ਹੀ ਪੰਜਾਬ ਵਿਚ ਅਮਨ ਹੋ ਸਕਦਾ ਹੈ, ਪੰਜਾਬ ਵਿਚ ਖੁਸ਼ਹਾਲੀ ਹੋ ਸਕਦੀ ਹੈ। ਸਪੀਕਰ ਸਾਹਿਬ, ਮੈਂ ਇਸ ਵਲ ਬਹੁਤਾ ਜ਼ਿਆਦਾ ਨਾ ਜਾਂਦਾ ਹੋਇਆ ਇਹੀ ਚਿਤਾਵਨੀ ਕਰਾਉਣਾ ਚਾਹੁੰਦਾ ਹਾਂ । ਜੋ ਕੁਝ ਪਿਛਲੇ 5 ਸਾਲਾਂ ਵਿੱਚ ਵਾਪਰਿਆ ਉਸ ਨੂੰ ਮੁੜ ਮੁੜ ਕੇ ਦੁਹਰਾਉਣ ਨਾਲ ਮਨ ਵਿੱਚ ਕਾਫੀ ਤਕਲੀਫ ਹੁੰਦੀ ਹੈ ।

ਸਪੀਕਰ ਸਾਹਿਬ, ਪੰਜਾਬ ਵਿੱਚ ਪਿਛਲੇ 5 ਸਾਲਾਂ ਵਿੱਚ ਤਰੱਕੀ ਰੁਕ ਗਈ ਅੱਰ ਪੰਜਾਬ ਵਿੱਚ ਬਿਜਲੀ ਦਾ ਮਸਲਾ, ਪਾਣੀ ਦਾ ਮਸਲਾ ਅਤੇ ਹੋਰ ਦੂਸਰੇ, ਤੀਸਰੇ ਮਸਲੇ ਪੈਦਾ ਹੋ ਗਏ ਜਿਸ ਦੇ ਨਾਲ ਪੰਜਾਬ ਵਿੱਚ ਤਰੱਕੀ ਦੇ ਕੰਮਾਂ ਵਿੱਚ ਰੁਕਾਵਟ ਪੈਣੀ ਸ਼ੁਰੂ ਹੋ ਗਈ। ਜੇ ਖੇਤੀਬਾੜੀ ਨੂੰ ਲਈਏ ਤਾਂ ਤੁਸੀਂ ਦੇਖੋਗੇ ਕਿ ਪਿਛਲੇ ਸਮੇਂ ਵਿੱਚ ਜੋ ਬਿਜਲੀ ਦੀ ਹਾਲਤ ਹੋਈ ਉਹ ਆਪ ਦੇ ਸਾਹਮਣੇ ਹੀ ਹੈ। ਪਿੰਡਾਂ ਵਿੱਚ ਬਿਜਲੀ ਦੀ ਕਿੰਨੀ ਕਿੰਨੀ ਕੱਟ ਲਗਦੀ ਰਹੀ। ਟਿਊਬਵੈਲਾਂ ਤੇ ਬਿਜਲੀ ਦੀ ਇਤਨੀ ਕੱਟ ਲਗ ਗਈ ਕਿ ਝੋਨੇ ਦੀਆਂ ਫਸਲਾਂ ਸੁੱਕ ਗਈਆਂ, ਤਬਾਹ ਹੋ ਗਈਆਂ । ਇਸ ਦੇ ਵਿੱਚ ਕੋਈ ਦੱਸਣ ਪੁੱਛਣ ਦੀ ਗਲ ਨਹੀਂ, ਇਹ ਸਾਰਾ ਕੁਝ ਸਭ ਨੂੰ ਪਤਾ ਹੈ। ਮੇਰੇ ਦੋਸਤ ਪਾਂਧੀ ਸਾਹਿਬ ਨੇ ਕਾਫੀ ਗਲਾਂ ਦਾ ਜ਼ਿਕਰ ਕੀਤਾ ਹੈ। ਹਾਊਸ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਘਟੋ ਘੱਟ ਪੰਜਾਬ ਸਰਕਾਰ ਦੇ ਨੋਟਿਸ ਵਿੱਚ ਤਾਂ ਲਿਆਂਦਾ ਜਾਂਦਾ ਹੈ ਅੱਰ ਪੰਜਾਬ ਸਰਕਾਰ ਨੂੰ ਇਨ੍ਹਾਂ ਗਲਾਂ ਵਲ ਆਪਣਾ ਧਿਆਨ ਦੇ ਕੇ ਇਸ ਦਾ ਕੋਈ ਹੱਲ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਕਿਸਾਨ ਨੂੰ ਜੋ ਉਸ ਦਾ ਫਸਲ ਤੇ ਖਰਚਾ ਪੈਂਦਾ ਹੈ, ਜੋ ਇਨ-ਪੁੱਟਸ ਦੀਆਂ ਕੀਮਤਾਂ ਵੱਧਦੀਆਂ ਜਾ ਰਹੀਆਂ ਹਨ ਉਸ ਦੇ ਹਿਸਾਬ ਨਾਲ ਕਿਸਾਨ ਨੂੰ ਭਾਅ ਪੂਰਾ ਨਹੀਂ ਦਿੱਤਾ ਜਾਂਦਾ । ਜੇ ਖਾਦ ਨੂੰ ਲਿਆ ਜਾਵੇ, ਕੀੜੇ ਮਾਰ ਦਵਾਈਆਂ ਨੂੰ ਲਿਆ ਜਾਵੇ, ਟਰੈਕਟਰਜ਼ ਦੇ ਪੁਰਜ਼ਿਆਂ ਨੂੰ ਲਿਆ ਜਾਵੇ ਅਤੇ ਹੋਰ ਇਸ ਤਰ੍ਹਾਂ ਦੇ ਖਰਚਿਆਂ ਨੂੰ ਲਿਆ ਜਾਵੇ ਤਾਂ ਉਸ ਦੇ ਹਿਸਾਬ ਨਾਲ ਜੋ ਦੇਖੀਏ

Original with;
Punjab Vidhan Sabha
Digitized by;
Panjab Digital Library

ਤਾਂ ਉਸ ਦੇ ਮੁਕਾਬਲੇ ਵਿੱਚ ਝੋਨੇ ਦਾ ਭਾਅ ਜੋ 142 ਰੁਪਏ ਤੋਂ 150,152 ਰੁਪਏ ਦਿੱਤਾ ਗਿਆ ਹੈ ਉਹ ਨਾ-ਮਾਤਰ ਹੈ। ਕਿਸਾਨ ਨੂੰ ਉਸ ਦੀ ਫਸਲ ਦਾ ਵਾਜਬ ਭਾਅ ਮਿਲਣਾ ਚਾਹੀਦਾ ਹੈ। ਮੰਡੀਆਂ ਦੀ ਗੱਲ ਵੀ ਇਥੇ ਕੀਤੀ ਗਈ ਸੀ। ਇਥੇ ਹਾਊਸ ਵਿੱਚ ਪੈਡੀ ਦੇ ਬਾਰੇ ਰੈਜ਼ੋਲਿਊਸ਼ਨ ਆਇਆ ਜਿਸ ਦੇ ਵਿੱਚ ਸਾਡੇ ਖੇਤੀਬਾੜੀ ਮੰਤਰੀ ਸਾਹਿਬ ਨੇ ਹਾਊਸ ਵਿੱਚ ਇਸ ਗਲ ਦਾ ਯਕੀਨ ਦੁਆਇਆ ਸੀ ਕਿ ਪੰਜਾਬ ਸਰਕਾਰ ਦੀਆਂ ਏਜੰਸੀਆਂ ਪੈਡੀ ਦੀ ਖਰੀਦ ਕਰਨਗੀਆਂ ਅਤੇ ਇਸ ਦੇ ਮੁਕਾਬਲੇ ਵਿੱਚ ਕਈ ਪ੍ਰਾਈਵੇਟ ਏਜੰਸੀਆਂ ਵੀ ਖਰੀਦਣ ਵਾਸਤੇ ਤਿਆਰ ਹੋ ਜਾਣਗੀਆਂ। ਪਰ ਕੋਈ ਜੂੰ ਨਹੀਂ ਸਰਕੀ। ਝੋਨੇ ਨੂੰ ਕੋਈ ਪੁੱਛਦਾ ਨਹੀਂ। ਪੰਜਾਬ ਦੇ ਕਿਸਾਨ ਦਾ ਝੋਨਾ ਮੰਡੀਆਂ ਵਿੱਚ ਰੁਲ ਰਿਹਾ ਹੈ। ਜੇ ਕਿਸਾਨ ਗੰਨਾ ਪੈਦਾ ਕਰਦਾ ਹੈ ਤਾਂ ਉਸ ਦਾ ਭਾਅ ਉਸ ਨੂੰ ਪੂਰਾ ਨਹੀਂ ਮਿਲਦਾ। ਜੇ ਗੰਨੇ ਤੋਂ ਪੈਦਾ ਕਰਕੇ ਚੀਨੀ ਦਾ ਭਾਅ ਸਾਲ ਵਿੱਚ ਕਈ ਵਾਰ ਵੱਧ ਜਾਂਦਾ ਹੈ ਤਾਂ ਕੀ ਕਾਰਨ ਹੈ ਕਿ ਗੰਨੇ ਦਾ ਭਾਅ ਨਹੀਂ ਵਧਾਇਆ ਜਾਂਦਾ। ਗੰਨੇ ਦੇ ਭਾਅ ਵਧਾਉਣ ਦੀ ਗੱਲ ਤਾਂ ਕੋਈ ਸੋਚਦਾ ਨਹੀਂ ਪਰ ਚੀਨੀ ਦਾ ਭਾਅ ਥੋੜ੍ਹੀ ਥੋੜ੍ਹੀ ਦੇਰ ਬਾਅਦ ਵੱਧ ਜਾਂਦਾ ਹੈ। ਇਸੇ ਤਰ੍ਹਾਂ ਕਿਸਾਨਾਂ ਦੀਆਂ ਹੋਰ ਫਸਲਾਂ ਦਾ ਹਾਲ ਹੈ। ਉਸ ਨੂੰ ਭਾਅ ਪੂਰੇ ਨਹੀਂ ਮਿਲਦੇ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਗੱਲ ਨੂੰ ਵੀ ਦੇਖਣ ਦੀ ਲੋੜ ਹੈ।

ਸ੍ਰੀ ਸਪੀਕਰ : ਕਾਮਰੇਡ ਸਾਹਿਬ, ਤੁਹਾਡੇ ਸਾਢੇ ਸੱਤ ਮਿੰਟ ਬਣਦੇ ਹਨ, ਤੁਸੀਂ 11 ਮਿੰਟ ਬੋਲ ਚੁੱਕੇ ਹੋ। ਹੁਣ ਵਾਈਂਡ ਅੱਪ ਕਰੋ।

ਕਾਮਰੇਡ ਮਹਿਤਾਬ ਸਿੰਘ : ਮੈਂ ਵਾਈਂਡ ਅੱਪ ਕਰ ਦਿੰਦਾ ਹਾਂ ਜੀ।

ਸਪੀਕਰ ਸਾਹਿਬ, ਸਰਕਾਰ ਨੂੰ ਬੇਨਤੀ ਕਰਾਂਗਾ ਕਿ ਅਸੀਂ ਪਿੰਡਾਂ ਦੇ ਵਿਕਾਸ ਵਲ ਪਹਿਲ ਦੇਈਏ।

ਵਿਦਿਆ ਦੇ ਮਸਲੇ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਵਲ ਵੀ ਸਰਕਾਰ ਨੂੰ ਧਿਆਨ ਦੇ ਕੇ ਜਿਥੇ ਹਾਲੀਂ ਤਕ ਸਕੂਲ ਨਹੀਂ ਖੋਲ੍ਹੇ ਗਏ ਉਥੇ ਸਕੂਲ ਖੋਲ੍ਹਣੇ ਚਾਹੀਦੇ ਹਨ। ਮੇਰੇ ਹਲਕੇ ਵਿੱਚ 8-10 ਪਿੰਡ ਐਸੇ ਹਨ ਜਿਥੇ ਹਾਲੀਂ ਤਕ ਕੋਈ ਪ੍ਰਾਇਮਰੀ ਸਕੂਲ ਵੀ ਨਹੀਂ। 100 ਤੋਂ ਵੱਧ ਦੀ ਆਬਾਦੀ ਹੈ ਪਰ ਉਨ੍ਹਾਂ ਪਿੰਡਾਂ ਵਿੱਚ ਕੋਈ ਪ੍ਰਾਇਮਰੀ ਸਕੂਲ ਨਹੀਂ ਖੋਲ੍ਹਿਆ ਗਿਆ। ਸਤਲੁਜ ਦਰਿਆ ਦੇ ਨਾਲ ਬਾਰਡਰ ਦੇ ਏਰੀਏ ਵਿੱਚ ਕੋਈ 9 ਪਿੰਡ ਐਸੇ ਹਨ ਜਿਥੇ 250-250 ਦੇ ਕਰੀਬ ਆਬਾਦੀ ਹੈ ਪਰ ਉਥੇ ਕੋਈ ਮਿਡਲ ਸਕੂਲ ਨਹੀਂ ਹੈ। 2-3 ਪ੍ਰਾਇਮਰੀ ਸਕੂਲ ਹਨ ਪਰ ਕੋਈ ਮਿਡਲ ਸਕੂਲ ਨਹੀਂ ਹੈ। ਜਦੋਂ ਦਰਿਆ ਚੜ੍ਹਦਾ ਹੈ ਤਾਂ ਬੱਚਿਆਂ ਨੂੰ ਸਕੂਲ ਜਾਣ ਵਿਚ ਬੜੀ ਦਿੱਕਤ ਹੁੰਦੀ ਹੈ ਕਿਉਂਕਿ ਉਨ੍ਹਾਂ ਨੂੰ ਮਿਡਲ ਸਕੂਲ ਬਹੁਤ ਦੂਰ ਪੈਂਦਾ ਹੈ। ਇਸ ਤਰ੍ਹਾਂ ਮੇਰੇ ਇਲਾਕੇ ਵਿੱਚ ਵਿਦਿਆ ਦੀ ਕੋਈ ਤਰੱਕੀ ਨਹੀਂ ਹੋ ਰਹੀ। ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਵਿੱਚ ਵਿਦਿਆ ਵਲ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਥੇ ਜਿਥੇ ਪ੍ਰਾਇਮਰੀ ਸਕੂਲ ਨਹੀਂ ਉਥੇ ਪ੍ਰਾਇਮਰੀ ਸਕੂਲ ਖੋਲ੍ਹਣੇ ਚਾਹੀਦੇ ਹਨ ਅਤੇ ਮਿਡਲ ਸਕੂਲ ਵੀ ਬਣਾਉਣੇ ਚਾਹੀਦੇ ਹਨ। ਅੰਤ ਵਿੱਚ, ਸਪੀਕਰ ਸਾਹਿਬ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਤਰੱਕੀ ਦੇ ਕੰਮਾਂ ਵਲ ਸਾਨੂੰ ਸਾਰਿਆਂ ਨੂੰ ਜੁਟ ਜਾਣਾ ਚਾਹੀਦਾ ਹੈ ਅੰਤ ਛੋਟੇ ਕਿਸਾਨ ਦੇ, ਮਜ਼ਦੂਰ ਦੇ ਅਤੇ ਗਰੀਬ ਲੋਕਾਂ ਦੇ ਜੋ ਮਸਲੇ ਹਨ ਉਨ੍ਹਾਂ ਨੂੰ ਹੱਲ ਕਰਨਾ ਚਾਹੀਦਾ ਹੈ।

ਸਿਖਿਆ ਮੰਤਰੀ : ਆਪਣੇ ਸਕੂਲਾਂ ਬਾਰੇ ਤੁਸੀਂ ਲਿਖ ਕੇ ਮੈਨੂੰ ਭੇਜ ਦੇਣਾ।

ਕਾਮਰੇਡ ਮਹਿਤਾਬ ਸਿੰਘ : ਠੀਕ ਹੈ ਜੀ, ਮੈਂ ਲਿਖ ਕੇ ਭੇਜ ਦੇਵਾਂਗਾ।

ਇਤਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ **ਬੋਲਣ** ਦਾ ਸਮਾਂ ਦਿੱਤਾ ਹੈ।

Original with;
Punjab Vidhan Sabha
Digitized by;
Panjab Digital Library


ਮਾਸਟਰ ਮੋਹਨ ਲਾਲ (ਪਠਾਨਕੋਟ) : ਮਾਨਯੋਗ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਸਰਕਾਰ ਦੀਆਂ ਪਾਲਿਸੀਆਂ ਅੌਰ ਪਿਛਲੇ 5 ਸਾਲਾਂ ਦੀ ਸਰਕਾਰ ਵਿੱਚ ਜੋ ਕੁਝ ਹੋਇਆ ਉਸ ਦਾ ਵਰਣਨ ਕੀਤਾ ਹੈ। ਪੰਜਾਬੀ ਭਾਈਚਾਰੇ ਨੂੰ ਜਿਹੜਾ ਖ਼ਤਰਾ ਪੈਦਾ ਹੋਇਆ, ਜੋ ਰਾਜਨੀਤਕ ਸੰਕਟ ਪੈਦਾ ਹੋਇਆ, ਪੰਜਾਬ ਦੀ ਉਹ ਧਰਤੀ ਜਿਥੇ ਅੰਮ੍ਰਿਤ ਵਰਗੇ ਦਰਿਆ ਵਗਦੇ ਸੀ, ਜਿਥੇ ਖੁਸ਼ਹਾਲੀ ਹੀ ਖੁਸ਼ਹਾਲੀ ਸੀ ਪਰ ਪਿਛਲੇ ਕੁਝ ਸਮੇਂ ਤੋਂ ਇਸ ਪੰਜਾਬ ਵਿੱਚ ਉਹ ਹਨੇਰੀ ਚੱਲੀ, ਉਹ ਸ਼ੋਲੇ ਭੜਕੇ ਜਿਸ ਨਾਲ ਸਮਝਦਾਰ ਇਨਸਾਨ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿ ਇਥੇ ਇਨਸਾਨ ਦਾ ਇਨਸਾਨ ਨੇ ਕਤਲ ਕੀਤਾ। ਕੋਈ ਵਕੀਲ, ਕੋਈ ਦਲੀਲ, ਕੋਈ ਲਾਅ ਅੈਂਡ ਆਰਡਰ ਪੰਜਾਬ ਦੀ ਧਰਤੀ ਤੇ ਨਹੀਂ ਰਿਹਾ। ਇਸ ਤਰੀਕੇ ਨਾਲ ਇਹ ਸਾਰਾ ਖੇਲ੍ਹ ਬਿਲਕੁਲ ਕਿਸੇ ਰਾਜਨੀਤਕ ਸਵਾਰਥ ਲਈ ਹੋਇਆ। ਮੈਨੂੰ ਯਾਦ ਹੈ ਕਿ 1980 ਵਿੱਚ ਇਕ ਕਾਂਗਰਸੀ ਉਮੀਦਵਾਰ ਦੇ ਲਈ ਕੋਈ ਸਭਾ ਲਗੀ ਜਿਸ ਦੇ ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਜੀ ਬੈਠੇ ਸੀ ਅੌਰ ਉਨ੍ਹਾਂ ਦੇ ਨਾਲ ਸੰਤ ਜਰਨੈਲ ਸਿੰਘ ਭਿੰਡਰਾਵਾਲੇ ਵੀ ਬੈਠੇ ਸਨ। ਫਿਰ ਇਸੇ ਤਰ੍ਹਾਂ ਗਰਦਾਸਪੁਰ ਦੇ ਵਿੱਚ.....।

Mr. Speaker : The House stands adjourned till 2.00 P.M. on Wednesday, the 30th October, 1985.

***6.30 P.M.** | (*The Sabha then *adjourned till 2.00 P. M. on Wednesday, the 30th October, 1985*).

19787 PVS--Govt. Press, Chd.

Original with;
Punjab Vidhan Sabha
Digitized by;
Panjab Digital Library



Original with;
Punjab Vidhan Sabha
Digitized by;
Panjab Digital Library

© 1985

Published under the authority of the Punjab Vidhan Sabha and printed by the Controller, Govt. Press, U.T., Chandigarh.



Original with;
Punjab Vidhan Sabha
Digitized by;
Panjab Digital Library

Punjab Vidhan Sabha Debates

30th October, 1985

Vol. I—No. 7

OFFICIAL REPORT

CONTENTS

Wednesday, the 30th October, 1985

	Pages
Call Attention Notices under Rule 66 ..	(7)1
Second Report of the Business Advisory Committee ..	(7)7
Papers laid on the Table ..	(7)8
Resumption of Discussion on Governor's Address ..	(7)10
Statement by the Finance Minister re. recent killings in the State ..	(7)58

Punjab Vidhan Sabha Secretariat, Chandigarh

Price : Rs.

45 - 0

Original with:
Punjab Vidhan Sabha
Digitized by:
Panjab Digital Library



Original with;
Punjab Vidhan Sabha
Digitized by;
Panjab Digital Library

ERRATA
TO
PUNJAB VIDHAN SABHA
DEBATES
30th October,1985

Vol. I-No.7

Read	For	Page	Line
ਸਰਦਾਰ ਦਲੀਪ ਸਿੰਘ ਪਾਂਧੀ	ਸਰਦਾਰ ਦਲੀਪ ਸਿੰਘ ਪਾਂਧੀ	(7)2	1
Trans-port	Trns-port	(7)8	7th & 6th from below
ਟਿੰਬਰ	ਡਿੰਬਰ	(7)14	17
ਟਰਾਂਸਪੋਰਟ	ਟਰਾਂਸਪਰਟ	(7)48	5

Original with:
Punjab Vidhan Sabha
Digitized by:
Panjab Digital Library

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Wednesday, the 30th October, 1985

The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock. Mr. Speaker (Sardar Ravi Inder Singh) in the Chair.

CALL ATTENTION NOTICES UNDER RULE 66

Mr. Speaker. Call Attention Notices. Shri Balmukand Sharma.

(Serial No. 19)

Shri Balmukand Sharma: Sir, I beg to draw the attention of the Government towards a matter of urgent public importance namely, the day light murder of S. Darshan Singh Sarpanch of village Asmanwala P.S. Mallanwala, Tehsil & District Ferozepur a week back, by the unidentified persons with bullets, till today nothing has been done in apprehending the culprits, which has created a terror in my Constituency of Ferozepur.

Finance Minister (Sardar Balwant Singh) : Case F.I.R. No. 230 dated 8th October, 1985 u/s 302 I.P.C. has been registered in this regard in P.S. Mallanwala, District Ferozepur. A number of persons have been interrogated by the police and the police is working on some leads. As soon as the culprits are identified, efforts would be made to arrest them.

ਸ਼੍ਰੀ ਬਾਲ ਮੁਕੰਦ ਸ਼ਰਮਾ : ਸਪੀਕਰ ਸਾਹਿਬ, ਵਿੱਤ ਮੰਤਰੀ ਸਾਹਿਬ ਨੇ ਜਿਹੜਾ ਜਵਾਬ ਦਿਤਾ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਰਦਾਰ ਦਰਸ਼ਨ ਸਿੰਘ ਸਰਪੰਚ ਹੈ ਉਹ ਕਾਂਗਰਸ ਦਾ ਬੜਾ ਤਕੜਾ ਸਪੋਰਟਰ ਸੀ ਔਰ ਉਸ ਨੂੰ ਧਮਕੀਆਂ ਵੀ ਦਿੱਤੀਆਂ ਗਈਆਂ ਸਨ । ਇਸ ਦੇ ਬਾਰੇ ਮੈਂ ਇਨਫਾਰਮ ਵੀ ਕੀਤਾ । ਇਸ ਦੇ ਨਾਲ ਨਾਲ ਮੈਨੂੰ ਹੋਰ ਵੀ ਬੜਾ ਡਰ ਹੈ ਕੁਝ ਪਿੰਡਾਂ ਦੇ 15, 16 ਸਰਪੰਚ ਇਹੋ ਜਿਹੇ ਹਨ ਖਾਸ ਕਰਕੇ ਜੱਟ ਉਨ੍ਹਾਂ ਨੂੰ ਵੀ ਧਮਕੀਆਂ ਦਿੱਤੀਆਂ ਗਈਆਂ ਹਨ ਕਿ ਤੁਸੀਂ ਕਾਂਗਰਸ ਦੀ ਮੱਦਦ ਕੀਤੀ ਹੈ ਅਸੀਂ ਤੁਹਾਨੂੰ ਬਹੁਤ ਜਲਦੀ ਖਤਮ ਕਰ ਦਿਆਂਗੇ । ਮੈਂ ਐਫ. ਐਮ. ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਅਗਰ ਕੋਈ ਜੱਟ ਕਾਂਗਰਸ ਦੀ ਮਦਦ ਕਰਦਾ ਹੈ ਤਾਂ ਕੀ ਉਸ ਨੂੰ ਖਤਮ ਕਰ ਦਿਤਾ ਜਾਵੇਗਾ ?

ਮੰਤਰੀ : ਇਸ ਕਿਸਮ ਦੀ ਕੋਈ ਪੁਲੀਟੀਕਲ ਗੱਲ ਨਹੀਂ ਹੈ । ਮੈਂ ਹਾਊਸ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਬੇਸਿਜ਼ ਤੇ ਕਾਂਗਰਸ ਨਾਲ, ਅਕਾਲੀ ਦਲ ਨਾਲ ਜਾਂ ਕਮਿਉਨਿਸਟਾਂ ਨਾਲ ਸਰਕਾਰੀ ਲਾਅ ਐਂਡ ਆਰਡਰ ਮਸ਼ੀਨਰੀ ਇਸ ਸਿਲਸਿਲੇ ਵਿਚ ਕੋਈ ਵਿਤਕਰਾ ਨਹੀਂ ਕਰੇਗੀ ।

(ਕ੍ਰਮ ਨੰ: 23)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ ਰਾਜ ਭਰ 'ਚ ਬੱਸਾਂ ਦੀ ਘਾਟ ਤੇ ਨਿਕੰਮੇ ਪ੍ਰਬੰਧ ਕਾਰਨ

Original with;
Punjab Vidhan Sabha
Digitized by;
Panjab Digital Library

[ਸਰਦਾਤ ਦਲੀਪ ਸਿੰਘ ਪਾਂਧੀ]

ਯਾਤਰੀ ਬੱਸ ਛੱਤਾਂ ਉਪਰ ਬੈਠਣ ਲਈ ਮਜਬੂਰ ਹਨ। ਬੱਸਾਂ ਸਮੇਂ ਮਿਸ ਕਰਦੀਆਂ ਹਨ । ਛੱਤ ਸਵਾਰੀ ਹੋਣ ਕਾਰਨ ਅਕਸਰ ਰੋਜ਼ ਹਾਦਸੇ ਹੋ ਰਹੇ ਹਨ । ਇਸ ਘਟੀਆ ਬੱਸ ਪ੍ਰਬੰਧ ਕਾਰਨ ਯਾਤਰੀ ਖਾਸ ਕਰਕੇ ਤੇ ਆਮ ਲੋਕ ਦੁਖੀ ਤੇ ਪਰੇਸ਼ਾਨ ਹਨ । ਪਰਿਵਹਨ ਮੰਤਰੀ ਸਦਨ 'ਚ ਸ਼ੀਘਰ ਬਿਆਨ ਦੇਣ ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਰਾਜ ਵਿਚ ਖਰਾਬ ਹਾਲਾਤ ਕਰ ਕੇ ਬੱਸ ਸੇਵਾ ਦਾ ਸਮਾਂ ਘਟਾਇਆ ਗਿਆ ਹੈ। ਇਸ ਸਮੇਂ ਰਾਜ ਵਿਚ ਬੱਸਾਂ ਸਵੇਰੇ 5 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਚਲਦੀਆਂ ਹਨ । ਇਸ ਤੋਂ ਇਲਾਵਾ 136 ਬੱਸਾਂ ਸ਼ਾਮ ਦੇ 8 ਵਜੇ ਤੋਂ 10 ਵਜੇ ਤਕ ਪੁਲਿਸ ਐਸਕਾਰਟ ਨਾਲ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਪਾਬੰਦੀਆਂ ਕਾਰਨ ਬੱਸਾਂ ਵਿਚ ਭੀੜ ਕੁਦਰਤੀ ਅਤੇ ਵੱਸ ਤੋਂ ਬਾਹਰ ਹੈ । ਹਾਲਾਤ ਤੇ ਕਾਬੂ ਪਾਉਣ ਲਈ ਬੱਸਾਂ ਦੇ ਟਾਈਮ ਰੀਸ਼ਡਿਊਲ ਕੀਤੇ ਗਏ ਹਨ । ਇਸ ਤੋਂ ਇਲਾਵਾ ਸਫਰ ਕਰਨ ਵਾਲੀ ਪਬਲਿਕ ਦੀ ਸਹੂਲਤ ਲਈ ਨਿਸ਼ਚਿਤ ਕਪੈਸਿਟੀ ਤੋਂ ਇਲਾਵਾ 25% ਵਾਧੂ ਸਵਾਰੀਆਂ ਬੱਸ ਵਿਚ ਲਿਜਾਣ ਦੀ ਆਗਿਆ ਮਿਤੀ 31 ਅਕਤੂਬਰ, 1985 ਤੱਕ ਸਟੇਟ ਟਰਾਂਸਪੋਰਟ ਅਥਾਰਟੀ ਵਲੋਂ ਇਸ ਸ਼ਰਤ ਤੇ ਦਿਤੀ ਹੈ ਕਿ ਬਸਾਂ ਦੀਆਂ ਛੱਤਾਂ ਤੇ ਕੋਈ ਵੀ ਸਵਾਰੀ ਨਾ ਲਿਜਾਈ ਜਾਵੇ । ਸਟੇਟ ਅੰਡਰ ਟੇਕਿੰਗਜ਼ ਨੇ ਲੋੜੀਂਦੀਆਂ ਹਦਾਇਤਾਂ ਆਪਣੇ ਓਪਰੇਸ਼ਨਲ ਸਟਾਫ ਨੂੰ ਇਹ ਯਕੀਨੀ ਬਣਾਉਣ ਲਈ ਜਾਰੀ ਕਰ ਦਿਤੀਆਂ ਹਨ ਕਿ ਸਵਾਰੀਆਂ ਨੂੰ ਛੱਤਾਂ ਤੇ ਬੈਠ ਕੇ ਸਫਰ ਕਰਨ ਦੀ ਆਗਿਆ ਨਾ ਦਿੱਤੀ ਜਾਵੇ।

ਜਿਥੋਂ ਤਕ ਬੱਸਾਂ ਦੀ ਘਾਟ ਦਾ ਸਬੰਧ ਹੈ, ਸਾਲ 1981-82 ਤੋਂ ਬਾਅਦ ਸਪੈਸ਼ਲ ਪ੍ਰੋਗਰਾਮ ਅਧੀਨ ਬੱਸਾਂ ਦੀ ਗਿਣਤੀ ਵਿਚ ਵਾਧਾ ਨਹੀਂ ਕੀਤਾ ਜਾ ਸਕਿਆ। ਬੱਸਾਂ ਦੀ ਬਦਲੀ ਦੇ ਪ੍ਰੋਗਰਾਮ ਅਧੀਨ ਵੀ ਇਹ ਸਾਰੀਆਂ ਬੱਸਾਂ ਜਿਹੜੀਆਂ ਨਾਰਮ ਅਨੁਸਾਰ ਉਮਰ ਮੁਕੰਮਲ ਕਰ ਚੁੱਕੀਆਂ ਹਨ ਉਨ੍ਹਾਂ ਨੂੰ ਬਦਲਣ ਲਈ ਕਾਫੀ ਫੰਡ ਨਹੀਂ ਦਿਤੇ ਗਏ। State undertakings have however shown improvement in their working. Efforts are being made to further improve it.

ਸਰਦਾਰ ਦਲੀਪ ਸਿੰਘ ਪਾਂਧੀ : ਕੀ ਵਿੱਤ ਮੰਤਰੀ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਕਿਉਂ ਕਿ ਹਾਲਾਤ ਹੁਣ ਸਟੇਟ ਵਿਚ ਨਾਰਮਲ ਹਨ, ਸਟੇਟ ਦੀ ਕੋਈ ਟਰਾਂਸਪੋਰਟ ਪਾਲੇਸੀ ਨਹੀਂ ਹੈ ਔਰ ਨਾ ਹੀ ਬੱਸਾਂ ਦਾ ਕੋਈ ਟਾਈਮ ਟੇਬਲ ਹੈ, ਕੀ ਕੋਈ ਉਸ ਦੇ ਲਈ ਹਾਊਸ ਦੀ ਕਮੇਟੀ ਮੁਕਰਰ ਕਰਨਗੇ ? ਅਸੀਂ ਦਿਖਾ ਦਿਆਂਗੇ ਸ਼ਾਮ ਨੂੰ ਲੋਕਾਂ ਨੂੰ ਬੱਸਾਂ ਵਿਚ ਸਫਰ ਕਰਦੇ ਹੋਏ। ਮੈਂ ਪੁੱਛਦਾ ਹਾਂ ਕਿ ਕੀ ਬੱਸਾਂ ਟਾਈਮ ਮਿਸ ਨਹੀਂ ਕਰਦੀਆਂ, ਕੀ ਬੱਸਾਂ ਦੇ ਰੋਜ਼ ਐਕਸੀਡੈਂਟਸ ਨਹੀਂ ਹੋ ਰਹੇ ਹਨ, ਕੀ ਲੋੜ ਮੁਤਾਬਕ ਬੱਸਾਂ ਘੱਟ ਨਹੀਂ ਹਨ ? (ਵਿਘਨ)

ਸ਼੍ਰੀ ਸਪੀਕਰ : ਪਾਂਧੀ ਸਾਹਿਬ ਤੁਸੀਂ ਆਪਣਾ ਸਵਾਲ ਪੁੱਛੋ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਬੱਸ ਸਰਵਿਸ ਲਈ ਸੜਕਾਂ ਨਾਕਸ ਹਨ। ਇਨ੍ਹਾਂ ਸਾਰੀਆਂ ਗਲਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਕੀ ਸਾਰੇ ਮਾਮਲੇ ਦੀ ਪੜਤਾਲ ਕਰਨਗੇ ਔਰ ਦੋਸ਼ੀਆਂ ਨੂੰ ਸਜ਼ਾ ਦੇਣਗੇ ਅਤੇ ਲੋੜ ਮੁਤਾਬਕ ਬੱਸਾਂ ਚਲਾਉਣਗੇ ?

ਮੰਤਰੀ : ਪਿਛਲੇ ਤਿੰਨ ਚਾਰ ਸਾਲਾਂ ਵਿਚ ਜੋ ਬੱਸਾਂ ਦੇ ਹਾਲਾਤ ਰਹੇ ਹਨ ਉਸ ਵਿਚ ਸਾਰੀਆਂ ਚੀਜ਼ਾਂ ਦਰਹਮ ਬਰਹਮ ਹੋ ਗਈਆਂ ਸਨ ਔਰ ਇਸ ਸਿਲਸਿਲੇ ਵਿਚ ਬੱਸਾਂ ਦੇ ਚਲਣ ਦੀ ਜਿਹੜੀ

Original with;
Punjab Vidhan Sabha
Digitized by;
Panjab Digital Library

ਗੱਲ ਹੈ ਇਹ ਸੈਟਿਸਫੈਕਟਰੀ ਨਹੀਂ ਰਹੀ ਔਰ ਸਵਾਰੀਆਂ ਨੂੰ ਤਕਲੀਫ ਹੋ ਰਹੀ ਹੈ। ਪਾਂਧੀ ਸਾਹਿਬ ਬਿਲਕੁਲ ਸਹੀ ਕਹਿ ਰਹੇ ਹਨ, ਜਿਹੜੀ ਟਰਾਂਸਪੋਰਟ ਪਾਲਿਸੀ ਹੈ ਉਸ ਤੇ ਮੌਜੂਦਾ ਸਰਕਾਰ ਨਵੇਂ ਸਿਰੇ ਤੋਂ ਗੌਰ ਕਰ ਰਹੀ ਹੈ ਅਤੇ ਨਵੀਂ ਪਾਲਿਸੀ ਉਲੀਕੀ ਜਾਵੇਗੀ। ਇਸ ਕਿਸਮ ਦਾ ਪ੍ਰਬੰਧ ਕਰਾਂਗੇ ਕਿ ਜਿਹੜੀਆਂ ਮੌਜੂਦਾ ਤਕਲੀਫਾਂ ਹਨ, ਉਹ ਖਤਮ ਕੀਤੀਆਂ ਜਾ ਸਕਣ।

(Serial No. 29)

Shri Shiv Chand Malout: Sir, I beg to draw the attention of the Government towards a matter of urgent public importance, namely, due to heavy rains Cotton and Paddy Crops worth crores of rupees in Faridkot District in general and in Malout area in particular have been damaged and the farmers are very much perturbed as no arrangements have so far been made to compensate them. There is a great resentment amongst the farmers of the area. The Government may please, therefore, be asked to make a statement on the floor of the House.

ਮਾਲ ਅਤੇ ਮੁੜ ਵਸਾਊ ਮੰਤਰੀ (ਸਰਦਾਰ ਮੇਜਰ ਸਿੰਘ ਉਬੋਕੇ): ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਫਰੀਦਕੋਟ ਵਿਚ 5 ਤੋਂ 7 ਅਗਸਤ ਤੱਕ ਭਾਰੀ ਬਾਰਸ਼ ਹੋਈ। ਭਾਰੀ ਬਾਰਸ਼ਾਂ ਨਾਲ਼ ਫਰੀਦਕੋਟ ਜ਼ਿਲ੍ਹੇ ਵਿਚ ਕਪਾਹ ਅਤੇ ਧਾਨ ਦੀਆਂ ਫਸਲਾਂ ਦਾ ਨੁਕਸਾਨ ਹੋਇਆ। ਸਪੈਸ਼ਲ ਗਿਰਦਾਵਰੀ ਕਰਨ ਉਪਰੰਤ, ਹੜਾਂ ਨਾਲ ਪ੍ਰਭਾਵਿਤ ਪਿੰਡਾਂ ਵਿਚ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲਿਆ ਗਿਆ ਹੈ ਅਤੇ ਫਸਲਾਂ ਨੂੰ ਹੋਇਆ ਨੁਕਸਾਨ ਨਿਰਧਾਰਿਤ ਕੀਤਾ ਗਿਆ ਹੈ ਅਤੇ ਨਵੀਆਂ ਦਰਾਂ ਅਨੁਸਾਰ ਰਾਹਤ ਦੀ ਵੰਡ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਇਹ ਦਰਾਂ ਪਹਿਲਾਂ ਨਾਲੋਂ ਕਾਫੀ ਵਧਾਈਆਂ ਗਈਆਂ ਹਨ। ਜਿਥੇ ਖੜੀਆਂ ਫਸਲਾਂ ਦਾ ਨੁਕਸਾਨ 75% ਤੋਂ ਵੱਧ ਹੈ ਉਥੇ ਪਹਿਲੀ ਦਰ 300 ਰੁਪਏ ਪ੍ਰਤੀ ਏਕੜ ਸੀ ਜੋ ਹੁਣ ਵਧਾ ਕੇ 500 ਰੁਪਏ ਪ੍ਰਤੀ ਏਕੜ ਕਰ ਦਿੱਤੀ ਹੈ।

ਜਿਥੇ ਖੜੀ ਫਸਲ ਦਾ ਨੁਕਸਾਨ 50% ਤੋਂ ਵੱਧ ਪ੍ਰੰਤੂ 75% ਤੋਂ ਘੱਟ ਹੈ ਉਥੇ ਪਹਿਲਾਂ 200 ਰੁਪਏ ਪ੍ਰਤੀ ਏਕੜ ਦਿਤੀ ਜਾਂਦੀ ਸੀ ਹੁਣ ਉਥੇ 300 ਰੁਪਏ ਪ੍ਰਤੀ ਏਕੜ ਦਿਤਾ ਜਾਂਦਾ ਹੈ। ਜਿਥੇ ਖੜੀ ਫਸਲ ਦਾ ਨੁਕਸਾਨ 25% ਤੋਂ ਵੱਧ ਪ੍ਰੰਤੂ 50% ਤੋਂ ਘੱਟ ਹੈ ਉਥੇ ਪਹਿਲਾਂ 100 ਰੁਪਏ ਪ੍ਰਤੀ ਏਕੜ ਦਿਤੇ ਜਾਂਦੇ ਸੀ ਹੁਣ ਉਥੇ 200 ਰੁਪਏ ਪ੍ਰਤੀ ਏਕੜ ਦਿਤੇ ਜਾਂਦੇ ਹਨ।

ਨੁਕਸਾਨ ਦੀ ਸੀਮਾਂ	ਸਹਾਇਤਾ ਦੀਆਂ ਪੁਰਾਣੀਆਂ ਦਰਾਂ	ਸਹਾਇਤਾ ਦੀਆਂ ਨਵੀਆਂ ਦਰਾਂ (18 ਜੁਲਾਈ, 1985) ਤੋਂ ਲਾਗੂ
ਜਿੱਥੇ ਖੜ੍ਹੀਆਂ ਫਸਲਾਂ ਦਾ ਨੁਕਸਾਨ 25% ਤੋਂ ਵੱਧ ਨਹੀਂ ਹੈ।	ਕੋਈ ਨਹੀਂ	60 ਰੁਪਏ ਪ੍ਰਤੀ ਏਕੜ

ਰਾਜ ਵਿਚ ਹੜ੍ਹਾਂ ਅਤੇ ਬਾਰਸ਼ਾਂ ਕਾਰਨ ਖੜ੍ਹੀਆਂ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਭੋਂ ਮਾਲਕਾਂ/ਮੁਜ਼ਾਰਿਆਂ ਨੂੰ ਹਰ ਇੱਕ ਖਤੌਨੀ ਲਈ ਵੱਧ ਤੋਂ ਵੱਧ 7 ਏਕੜ ਤੱਕ ਜਾਂ ਅਸਲ ਵਿਚ ਪ੍ਰਭਾਵਿਤ ਹੋਏ ਖੇਤ ਦੇ ਨੁਕਸਾਨ ਦੀ ਸੀਮਾਂ ਨੂੰ ਮੁਖ ਰਖਦੇ ਹੋਏ, ਜਿਹੜਾ ਵੀ ਘੱਟ ਹੋਵੇ, ਦਿਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

[ਮਾਲ ਅਤੇ ਮੁੜ ਵਸਾਊ ਮੰਤਰੀ]

ਕਿਉਂ ਕਿ ਰਾਜ ਵਿੱਚ ਬਹੁਤ ਜ਼ਿਆਦਾ ਬਾਰਸ਼ਾਂ ਕਾਰਨ ਫਸਲਾਂ ਦਾ ਨੁਕਸਾਨ ਹੁੰਦਾ ਰਿਹਾ ਅਤੇ ਫਸਲਾਂ ਦੇ ਨੁਕਸਾਨ ਕਾਰਨ ਛੋਟੇ ਕਿਸਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ, ਛੋਟੇ ਕਿਸਾਨਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਦੀ ਦਰ 500 ਰੁਪਏ ਪ੍ਰਤੀ ਏਕੜ ਤੋਂ ਵਧਾ ਕੇ 1,000 ਰੁਪਏ ਪ੍ਰਤੀ ਏਕੜ ਕਰ ਦਿੱਤੀ ਗਈ। ਛੋਟੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਦੀਆਂ ਸੋਧੀਆਂ ਹੋਈਆਂ ਦਰਾਂ ਸਬੰਧੀ ਹਦਾਇਤਾਂ ਇਸ ਪ੍ਰਕਾਰ ਜਾਰੀ ਕੀਤੀਆਂ ਹਨ :—

ਨੁਕਸਾਨ ਦੀ ਹੱਦ	ਮਿਲਣ ਯੋਗ ਦਰਾਂ
(ੳ) ਜਿਥੇ ਖੜ੍ਹੀਆਂ ਫਸਲਾਂ ਦਾ ਨੁਕਸਾਨ 75% ਤੋਂ ਵੱਧ ਹੈ ।	1,000 ਰੁਪਏ ਪ੍ਰਤੀ ਏਕੜ
(ਅ) ਜਿੱਥੇ ਖੜ੍ਹੀਆਂ ਫਸਲਾਂ ਦਾ ਨੁਕਸਾਨ 50% ਤੋਂ ਵੱਧ ਪ੍ਰੰਤੂ 75% ਤੋਂ ਘੱਟ ਹੈ ।	600 ਰੁਪਏ ਪ੍ਰਤੀ ਏਕੜ
(ੲ) ਜਿਥੇ ਖੜ੍ਹੀਆਂ ਫਸਲਾਂ ਦਾ ਨੁਕਸਾਨ 25% ਤੋਂ ਵੱਧ ਪਰੰਤੂ 50% ਤੋਂ ਘੱਟ ਹੈ ।	400 ਰੁਪਏ ਪ੍ਰਤੀ ਏਕੜ
(ਸ) ਜਿਥੇ ਖੜ੍ਹੀਆਂ ਫਸਲਾਂ ਦਾ ਨੁਕਸਾਨ 25% ਤੋਂ ਵੱਧ ਨਹੀਂ ਹੈ ।	120 ਰੁਪਏ ਪ੍ਰਤੀ ਏਕੜ

2. ਇਹ ਹਦਾਇਤਾਂ 18 ਜੁਲਾਈ, 1985 ਤੋਂ ਲਾਗੂ ਕੀਤੀਆਂ ਗਈਆਂ ਅਤੇ ਜੇਕਰ ਕੋਈ ਅਜਿਹੇ ਕੇਸ ਹੋਣ, ਜਿਨ੍ਹਾਂ ਵਿਚ ਘੱਟ ਦਰਾਂ ਅਨੁਸਾਰ ਰਾਹਤ ਵੰਡੀ ਜਾ ਚੁਕੀ ਹੈ, ਪ੍ਰਾਪਤ ਕਰਤਾ ਕਿਸਾਨ ਬਕਾਏ ਦੇ ਹੱਦਕਾਰ ਹੋਣਗੇ ।

ਰਾਜ ਵਿੱਚ ਭੋਂ ਮਾਲਕਾਂ/ਮੁਜ਼ਾਰੇ ਜਿਹੜੇ ਕਿ ਛੋਟੇ ਕਿਸਾਨ ਹਨ/ਸੀਰੀਆਂ/ ਕਾਮਿਆਂ ਆਦਿ (ਖੇਤੀ ਕਾਮਿਆਂ) ਨੂੰ ਹੜ੍ਹਾਂ ਕਾਰਨ ਬਰਬਾਦ ਹੋਈਆਂ ਫਸਲਾਂ ਦੇ ਮੁਆਵਜ਼ੇ ਵਜੋਂ ਦਿੱਤੀ ਜਾਣ ਵਾਲੀ ਰਾਹਤ ਦੀ ਰਕਮ, ਉਨ੍ਹਾਂ ਵਿਚਕਾਰ ਉਸੇ ਮਿਕਦਾਰ ਵਿਚ ਵੰਡੀ ਜਾਵੇਗੀ, ਜਿਸ ਮਿਕਦਾਰ ਅਨੁਸਾਰ ਉਨ੍ਹਾਂ ਵਿਚ ਫਸਲ ਵੰਡੀ ਜਾਂਦੀ ਹੈ, ਭਾਵੇਂ ਉਨ੍ਹਾਂ ਦੇ ਹਿੱਸੇ ਦਾ ਇੰਦਰਾਜ ਰੈਵਿਨਿਯੂ ਰਿਕਾਰਡ/ਫਸਲ ਪੜਤਾਲ ਰਿਪੋਰਟਾਂ ਵਿਚ ਦਰਜ ਹੈ ਜਾਂ ਨਹੀਂ ਅਤੇ ਜਿਥੇ ਮੁਜ਼ਾਰੇ ਵਲੋਂ ਨਿਸ਼ਚਿਤ ਠੇਕਾ ਦਿਤਾ ਜਾਂਦਾ ਹੈ, ਮੁਜ਼ਾਰੇ/ਸੀਰੀਆਂ/ਕਾਮਿਆ ਆਦਿ (ਖੇਤੀ ਕਾਮੇ) ਵਿਚਕਾਰ ਰਾਹਤ ਦੀ ਰਕਮ, ਉਸੇ ਮਿਕਦਾਰ ਵਿਚ ਵੰਡੀ ਜਾਵੇਗੀ, ਜਿਸ ਮਿਕਦਾਰ ਵਿਚ ਉਨ੍ਹਾਂ ਵਿਚਕਾਰ ਫਸਲ ਵੰਡੀ ਜਾਦੀ ਹੈ, ਭਾਵੇਂ ਉਨ੍ਹਾਂ ਦੀ ਫਸਲ ਵਿਚ ਹਿਸੇ ਦਾ ਇੰਦਰਾਜ ਰੈਵਿਨਿਯੂ ਰਿਕਾਰਡ/ਫਸਲ ਪੜਤਾਲ ਰਿਪੋਰਟਾਂ ਵਿਚ ਦਰਜ ਹੈ ਜਾਂ ਨਹੀਂ ਅਤੇ ਭੋਂ ਮਾਲਕਾਂ ਨੂੰ ਕੋਈ ਸਹਾਇਤਾ ਨਹੀਂ ਦਿਤੀ ਜਾਵੇਗੀ ।

ਛੋਟੇ ਕਿਸਾਨ ਦੀ ਪਰਿਭਾਸ਼ਾ ਜੋ ਕਿ ਭਾਰਤ ਸਰਕਾਰ ਵਲੋਂ ਮੰਨੀ ਗਈ ਹੈ, ਹੇਠਾਂ ਦਿੱਤੀ ਜਾਂਦੀ ਹੈ :—

"ਇੱਕ ਭੂਮੀ ਵਾਹਕ ਜਿਸ ਪਾਸ 5 ਏਕੜ ਜਾਂ ਇਸ ਤੋਂ ਘੱਟ ਭੋਂ ਹੈ, ਇੱਕ ਛੋਟਾ ਕਿਸਾਨ ਹੈ, ਅੱਵਲ ਦਰਜੇ ਦੀ ਸਿੰਜਾਈ ਵਾਲੀ ਜ਼ਮੀਨ (ਜਿਸ ਲਈ ਸਾਲ ਵਿਚ ਦੋ ਫਸਲਾਂ ਲਈ ਸਿੰਜਾਈ ਯਕੀਨੀ ਹੋਵੇ) ਦੀ ਹੱਦ 2.5 ਏਕੜ ਹੋਵੇਗੀ ।"

Original with;
Punjab Vidhan Sabha
Digitized by;
Panjab Digital Library

3. ਜਦੋਂ ਕਿ ਮੁਆਵਜ਼ੇ ਦੀ ਵੰਡ ਦਾ ਕੰਮ ਜ਼ੋਰਾਂ ਤੇ ਸੀ, ਪੰਜਾਬ ਵਿਚ ਆਮ ਚੋਣਾਂ ਦਾ ਐਲਾਨ ਕੀਤਾ ਗਿਆ । ਹੜ੍ਹ ਪੀੜਤ ਲੋਕਾਂ ਵਿਚ ਰਾਹਤ ਦੀ ਰਕਮ ਦੀ ਵੰਡ ਦਾ ਕੰਮ ਘੱਟ ਗਿਆ ਕਿਉਂਕਿ ਖੇਤਰੀ ਅਫਸਰ ਚੋਣਾਂ ਵਿਚ ਰੁਝੇ ਹੋਏ ਸਨ ਫਿਰ ਵੀ ਡਿਪਟੀ ਕਮਿਸ਼ਨਰਾਂ ਨੂੰ ਵੰਡ ਦਾ ਕੰਮ ਛੇਤੀ ਤੋਂ ਛੇਤੀ ਕਰਨ ਦੀਆਂ ਹਦਾਇਤਾਂ ਕਰ ਦਿੱਤੀਆਂ ਗਈਆਂ ਹਨ।

ਸ਼੍ਰੀ ਸਪੀਕਰ : ਵਜ਼ੀਰ ਸਾਹਿਬ, ਉਨ੍ਹਾਂ ਨੇ ਤਾਂ ਮਲੌਟ ਬਾਰੇ ਸਵਾਲ ਕੀਤਾ ਸੀ ਪਰ ਤੁਸੀਂ ਤਾਂ ਸਾਰੇ ਪੰਜਾਬ ਦੇ ਬਾਰੇ ਜਵਾਬ ਦੇ ਦਿੱਤਾ ਹੈ ।

ਸ਼੍ਰੀ ਸ਼ਿਵ ਚੰਦ ਮਲੌਟ : ਸਪੀਕਰ ਸਾਹਿਬ, ਇਨ੍ਹਾਂ ਨੇ ਕੋਈ ਮਲੌਟ ਦੀ ਗੱਲ ਨਹੀਂ ਕੀਤੀ ਅੌਰ ਨਾ ਹੀ ਫਰੀਦਕੌਟ ਦੀ ਕੀਤੀ ਹੈ ।

ਦੂਸਰੀ ਗੱਲ ਇਹ ਹੈ ਕਿ ਇਨ੍ਹਾਂ ਨੇ ਹਦਾਇਤਾਂ ਕੀਤੀਆਂ ਹਨ ਜਿਨ੍ਹਾਂ ਮੁਤਾਬਿਕ 7 ਏਕੜ ਦਾ ਯੂਨਿਟ ਬਣਾਇਆ ਗਿਆ ਸੀ । ਇਕ ਪਰਿਵਾਰ ਦੇ ਚਾਰ ਭਰਾ ਹਨ ਉਨ੍ਹਾਂ ਪਾਸ 28 ਏਕੜ ਜ਼ਮੀਨ ਹੈ। ਇਨ੍ਹਾਂ ਨੇ ਤਾਂ ਇਕ ਯੂਨਿਟ ਕਨਸਿਡਰ ਕੀਤਾ ਹੈ ਜਦੋਂ ਕਿ ਚਾਰ ਭਰਾ ਉਸ ਦੀ ਵਾਹੀ ਕਰਦੇ ਹਨ ਪਰ ਇਕੱਠੇ ਹਨ । ਉਨ੍ਹਾਂ ਦੀ ਸਾਰੀ ਫਸਲ ਤਬਾਹ ਹੋ ਗਈ ਹੈ । ਸਰਕਾਰ ਨੇ ਐਸੇ ਕੇਸਾਂ ਵੱਲ ਧਿਆਨ ਨਹੀਂ ਦਿੱਤਾ। ਕੀ ਐਸੇ ਕੇਸਾਂ ਵਿਚ ਮੁਆਵਜ਼ਾ ਇਕ ਯੂਨਿਟ ਦੀ ਬਜਾਏ ਚਾਰ ਯੂਨਿਟ ਗਿਣ ਕੇ ਦਿੱਤਾ ਜਾਵੇਗਾ ?

ਮੰਤਰੀ : ਜੋ ਰਿਲੀਫ ਦੀ ਰਕਮ ਵੰਡੀ ਗਈ ਹੈ, ਉਹ ਡਿਪਟੀ ਕਮਿਸ਼ਨਰਜ਼ ਨੂੰ ਦੇ ਦਿੱਤੀ ਗਈ ਸੀ । ਅੰਕੜੇ ਪੁੱਛੋ ਤਾਂ ਮੈਂ ਦੇ ਦਿੰਦਾ ਹਾਂ । ਜੋ ਮੈਂ ਪਹਿਲਾਂ ਦੱਸਿਆ ਹੈ ਇਲੈਕਸ਼ਨਾਂ ਕਰਕੇ ਮੁਆਵਜ਼ਾ ਨਹੀਂ ਦਿਤਾ ਗਿਆ, ਇਲੈਕਸ਼ਨਾਂ ਕਰਕੇ ਸਰਕਾਰੀ ਮਸ਼ੀਨਰੀ ਰੁਝ ਗਈ । ਇਸ ਕਰਕੇ ਨਹੀਂ ਵੰਡਿਆ ਗਿਆ । ਹੁਣ ਤੇਜ਼ੀ ਦੇ ਨਾਲ ਵੰਡ ਬਾਰੇ ਹਦਾਇਤਾਂ ਜਾਰੀ ਕੀਤੀਆਂ ਹਨ।

ਸਰਦਾਰ ਹਰਦੀਪਿੰਦਰ ਸਿੰਘ : ਸਪੀਕਰ ਸਾਹਿਬ, ਅੱਜ ਦੀਆਂ ਅਖਬਾਰਾਂ ਵਿਚ ਖਬਰ ਛਪੀ ਹੈ, ਮੈਂ ਉਹ ਆਪ ਨੂੰ ਪੜ੍ਹ ਕੇ ਸੁਣਾਉਂਦਾ ਹਾਂ .....

ਸ਼੍ਰੀ ਸਪੀਕਰ : ਤੁਸੀਂ ਕਿਹੜੇ ਮਸਲੇ ਤੇ ਗੱਲ ਕਰਨੀ ਚਾਹੁੰਦੇ ਹੋ ?

ਸਰਦਾਰ ਹਰਦੀਪਿੰਦਰ ਸਿੰਘ : ਸਪੀਕਰ ਸਾਹਿਬ, ਬੜਾ ਹੀ ਇੰਪਾਰਟੈਂਟ ਮਸਲਾ ਹੈ ਜੀ, ਮੈਨੂੰ ਜ਼ੀਰੋ ਆਵਰ ਵਿਚ ਟਾਈਮ ਦਿਓ ।

ਸ਼੍ਰੀ ਸਪੀਕਰ : ਜ਼ੀਰੋ ਆਵਰ ਤਾਂ ਹੁੰਦਾ ਹੀ ਨਹੀਂ ਹੈ ।

ਸਰਦਾਰ ਹਰਦੀਪਿੰਦਰ ਸਿੰਘ : ਸਪੀਕਰ ਸਾਹਿਬ, 'ਦੀ ਟ੍ਰਿਬਿਊਨ' ਵਿਚ ਲਿਖਿਆ ਹੋਇਆ ਹੈ ਕਿ ਜਿਹੜੇ ਸੀ. ਬੀ. ਆਈ. ਦੇ ਰਜਿਸਟਰ ਕੀਤੇ ਹੋਏ ਕੇਸ ਪੰਜਾਬ ਦੇ ਨੌਜਵਾਨਾਂ ਦੇ ਖਿਲਾਫ ਹਨ, ਇਸ ਵਿਚ ਲਿਖਿਆ ਹੈ ਕਿ ਉਹ ਕੇਸ ਵਾਪਿਸ ਨਹੀਂ ਲੈਣੇ । ਸਰਕਾਰ ਇਸ ਬਾਰੇ ਦੱਸੇ ਕਿ ਜੋ ਇਨੋਸੈਂਟ ਲੋਕ ਜੋਧਪੁਰ ਦੀ ਜੇਲ੍ਹ ਵਿਚ ਹਨ ਉਨ੍ਹਾਂ ਬਾਰੇ ਕੀ ਪਾਲਿਸੀ ਇਖਤਿਆਰ ਕੀਤੀ ਜਾ ਰਹੀ ਹੈ ?

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਜਵਾਬ ਦੇਣ ਵਾਸਤੇ ਰੈਡੀ ਹਾਂ ।

ਸਰ, ਇਨ੍ਹਾਂ ਨੇ ਮੇਰੇ ਨਾਲ ਬਾਹਰ ਵੀ ਗਲ ਕੀਤੀ ਸੀ, ਇਹ ਬੜਾ ਅਹਿਮ ਇਸ਼ੂ ਹੈ ਜਿਸ ਦੇ ਬਾਰੇ ਗਲਤ-ਫਹਿਮੀ ਪੈਦਾ ਹੋ ਗਈ ਹੈ । ਧਰਮ-ਯੁੱਧ ਸਬੰਧੀ ਲੋਕਾਂ ਵਿਰੁਧ ਜੋ ਕੇਸ ਬਣਾਏ ਗਏ ਸਨ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਉਨ੍ਹਾਂ ਦੇ ਰਿਵਿਊ ਲਈ ਪੰਜਾਬ ਗੌਰਮਿੰਟ ਨੇ ਆਉਂਦਿਆਂ ਹੀ ਇਕ ਬੈਂਸ ਕਮੇਟੀ ਮੁਕੱਰਰ ਕੀਤੀ ਸੀ ਜਿਹੜੀ ਕਿ ਹਾਈ ਕੋਰਟ ਦੇ ਰਿਟਾਇਰਡ ਜੱਜ ਬੈਂਸ ਦੀ ਪ੍ਰਧਾਨਗੀ ਥੱਲੇ ਸੀ । ਉਸ ਕਮੇਟੀ ਦੀ ਰਿਕੁਮੈਂਡੇਸ਼ਨ ਹੈ ਕਿ ਜੋਧਪੁਰ ਵਿਚ ਜੋ ਪੰਜਾਬ ਦੇ ਲੋਕ ਜੇਲ੍ਹਾਂ ਵਿਚ ਹਨ, ਜੋ ਬਲਿਊ ਸਟਾਰ ਓਪਰੇਸ਼ਨ ਵੇਲੇ ਲੜਾਈ ਕਰਦੇ ਹੋਏ ਹਰਿਮੰਦਰ ਸਾਹਿਬ ਵਿਚੋਂ ਫੜੇ ਗਏ ਸਨ ਉਹ ਇਨੋਸੈਂਟ ਲੋਕ ਹਨ, ਉਨ੍ਹਾਂ ਦੇ ਕੇਸਾਂ ਦਾ ਵੀ ਜਨਰਲ ਰਿਵਿਊ ਕਰਕੇ ਉਸ ਕਮੇਟੀ ਨੇ ਪੰਜਾਬ ਗੌਰਮਿੰਟ ਨੂੰ ਰਿਕੁਮੈਂਡ ਕੀਤਾ ਹੈ ਕਿ ਉਹ ਵੀ ਛੱਡੇ ਜਾਣੇ ਚਾਹੀਦੇ ਹਨ । ਉਨ੍ਹਾਂ ਕੇਸਾਂ ਨੂੰ ਕਿਉਂ ਕਿ ਸੀ. ਬੀ. ਆਈ, ਡੀਲ ਕਰ ਰਹੀ ਹੈ, ਇਸ ਲਈ ਸੁਭਾਵਿਕ ਹੀ ਉਹ ਗੌਰਮਿੰਟ ਆਫ ਇੰਡੀਆ ਦੀ ਜੁਰਿਸਡਿਕਸ਼ਨ ਵਿਚ ਆਉਂਦੇ ਹਨ, ਅਤੇ ਯਕੀਨੀ ਤੌਰ ਤੇ ਰਾਜ ਸਰਕਾਰ ਉਨ੍ਹਾਂ ਕੇਸਾਂ ਨੂੰ ਵਾਪਿਸ ਨਹੀਂ ਲੈ ਸਕਦੀ ।

ਅਸੀਂ ਭਾਰਤ ਸਰਕਾਰ ਤੇ ਜ਼ੋਰ ਦੇ ਰਹੇ ਹਾਂ ਕਿ ਗੋਲਡਨ ਟੈਂਪਲ ਕੰਪਲੈਕਸ ਵਿਚੋਂ ਜੋ ਲੋਕ ਫੜੇ ਗਏ ਸਨ, ਉਹ ਯਾਤਰੀ ਹਨ, ਕਈ ਬੈਂਕ ਦੇ ਮੁਲਾਜ਼ਮ ਹਨ, ਕੰਪਲੈਕਸ ਦੇ ਮੁਲਾਜ਼ਮ ਹਨ, ਇਸ ਲਈ ਉਹ ਇਨੋਸੈਂਟ ਹਨ ਔਰ ਉਹ ਸਾਰੇ ਛੱਡੇ ਜਾਣੇ ਚਾਹੀਦੇ ਹਨ । ਅਕਾਲੀ ਪਾਰਟੀ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਵੀ ਉਸ ਦਾ ਇਹ ਹੀ ਸਟੈਂਡ ਸੀ ਜਿਸ ਦਾ ਕਿ ਬੈਂਸ ਕਮੇਟੀ ਨੇ ਸਮਰਥਨ ਕੀਤਾ ਹੈ । (ਥੰਪਿੰਗ)

ਮੇਰਾ ਖਿਆਲ ਹੈ ਕਿ ਗੌਰਮਿੰਟ ਆਫ ਇੰਡੀਆ ਨੇ ਵੀ ਇਸ ਇਸ਼ੂ ਨੂੰ ਸ਼ਿੰਪੈਥੈਟੀਕਲੀ ਘੋਖਣਾ ਸ਼ੁਰੂ ਕੀਤਾ ਹੈ ਔਰ ਇਹ ਚੀਜ਼ ਰਿਆਲਾਈਜ਼ ਕਰਕੇ, ਪੰਜਾਬ ਗੌਰਮਿੰਟ ਦੇ ਕਹਿਣ ਤੇ, ਚੀਫ ਮਨਿਸਟਰ ਸਾਹਿਬ ਦੇ ਜ਼ੋਰ ਦੇਣ ਤੇ ਯੂਨੀਅਨ ਹੋਮ ਮਨਿਸਟਰੀ ਵਿਚ ਉਨ੍ਹਾਂ ਕੇਸਾਂ ਨੂੰ ਰਿਵਿਊ ਕਰਨ ਲਈ ਇਕ ਕਮੇਟੀ ਬਣਾਈ ਗਈ ਹੈ ।

ਕਿਉਂਕਿ ਉਨ੍ਹਾਂ ਨੇ ਉਸ ਕਮੇਟੀ ਦੇ ਮੈਂਬਰਾਂ ਦਾ ਨਾਮ ਬਾਹਰ ਨਹੀਂ ਕੱਢਿਆ, ਇਸ ਲਈ ਮੈਂ ਵੀ ਹਾਊਸ ਨੂੰ ਰਿਕੁਐਸਟ ਕਰਾਂਗਾ ਕਿ ਉਨ੍ਹਾਂ ਦੇ ਨਾਵਾਂ ਦੀ ਬਾਹਰ ਚਰਚਾ ਨਾ ਕੀਤੀ ਜਾਵੇ ਜਿਹੜੇ ਕਿ ਕੇਸਿਜ਼ ਨੂੰ ਰਿਵਿਊ ਕਰ ਰਹੇ ਹਨ । ਬੈਂਸ ਕਮੇਟੀ ਦੀ ਰਿਪੋਰਟ ਤੋਂ ਔਰ ਪੰਜਾਬ ਗੌਰਮਿੰਟ ਦੇ ਪ੍ਰੈਸ਼ਰ ਉਤੇ ਜੋ ਹੋਮ ਮਨਿਸਟਰੀ ਵਿਚ ਕਮੇਟੀ ਉਨ੍ਹਾਂ ਸਾਰੇ ਕੇਸਾਂ ਨੂੰ ਰਿਵਿਊ ਕਰਨ ਲਈ ਬਣਾਈ ਗਈ ਹੈ, ਇਸ ਤੋਂ ਇਹ ਚੀਜ਼ ਕਲੀਅਰ ਹੁੰਦੀ ਹੈ ਕਿ ਪੰਜਾਬ ਸਰਕਾਰ ਇਹ ਚਾਹੁੰਦੀ ਹੈ ਕਿ ਕਿਉਂਕਿ ਉਹ ਸਾਰੇ ਲੋਕ ਇਨੋਸੈਂਟ ਹਨ, ਇਸ ਲਈ ਸਾਰੇ ਦੇ ਸਾਰੇ ਹੀ ਛੱਡ ਦਿੱਤੇ ਜਾਣੇ ਚਾਹੀਦੇ ਹਨ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਦਿੱਤੀ ਸੀ। ਪੰਜਾਬ ਦੇ ਵਿਚ ਕਤਲ ਹੋ ਰਹੇ ਹਨ ।

ਸ਼੍ਰੀ ਸਪੀਕਰ : ਉਸ ਬਾਰੇ ਮੈਂ ਰੂਲਿੰਗ ਦੇ ਦਿੱਤੀ ਹੈ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਐਡਜਰਨਮੈਂਟ ਮੋਸ਼ਨ ਦਿੱਤੀ ਸੀ। ਰਾਮ ਲੁਭਾਇਆ ਦਾ ਕਤਲ ਹੋ ਗਿਆ ਸੀ। .....

ਸ਼੍ਰੀ ਸਪੀਕਰ : ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ । ਅਸੀਂ ਮਿਲ ਕੇ ਗੱਲ ਕਰ ਲਵਾਂਗੇ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਪੰਜਾਬ ਵਿਚ ਪੁਲਿਟੀਕਲ ਕਿਲਿੰਗਜ਼ ਹੋ ਰਹੀਆਂ ਹਨ। ਯਸ਼ਪਾਲ ਦਾ ਕਤਲ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

Mr. Speaker : If you are serious then I would request you to come to my Chamber and we will discuss the matter there. This is the proper way.

(At this stage some hon. Members were standing to raise the same matter.)

Mr. Speaker: I again request you to please come to my Chamber. I am as much concerned as you are with this matter.

ਸ਼੍ਰੀ ਸੇਵਾ ਰਾਮ ਅਰੋੜਾ : ਅਜੀਂ ਕਾਲ ਅਟੈਨਸ਼ਨ ਮੋਸ਼ਨ ਵਾਸਤੇ ਰਿਕੁਐਸਟ ਕੀਤੀ ਸੀ ਪਰ ਉਸ ਦਾ ਵੀ ਨਤੀਜਾ ਕੁਝ ਨਹੀਂ ਨਿਕਲਿਆ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਰੂਲ 51 ਦੇ ਅੰਦਰ ਐਡਜਰਨਮੈਂਟ ਮੋਸ਼ਨ ਡਿਸਅਲਾਓ ਕੀਤੀ ਹੈ । ਪਰ ਹੁਣੇ ਹੀ ਇਥੇ ਇਕ ਮੈਂਬਰ ਨੇ ਅਖਬਾਰ ਤੋਂ ਪੜ੍ਹ ਕੇ ਪੁਆਇੰਟ ਰੇਜ਼ ਕੀਤਾ ਤਾਂ ਇਮੀਜੀਏਟਲੀ ਉਸ ਦਾ ਜਵਾਬ ਵੀ ਵਿੱਤ ਮੰਤਰੀ ਸਾਹਿਬ ਨੇ ਦਿੱਤਾ ਹੈ ।

Mr. Speaker : If the Minister feels necessary to give a reply, he may do so.

Doctor Kewal Krishan: This is a very urgent matter. This concerns the whole Punjab. I would request you to please ask Sardar Balwant Singh to give a reply.

Mr. Speaker: I again request you to please come to my Chamber and we will discuss the matter there.

SECOND REPORT OF THE BUSINESS ADVISORY COMMITTEE

Mr. Speaker: I present to the House the Second Report of the Business Advisory Committee which reads as under:—

After some discussion, it was recommended that on Tuesday, the 5th November, 1985, there shall be two sittings and the followings business shall be transacted thereat:—

Tuesday, the 5th November

1st Sitting (9.00 A.M. to 1.00 P.M.)	.. Discussion and Voting on Demands for Grants in respect of Supplementary Estimates (First instalment) 1985-86
2nd Sitting 2.30 P.M. to 6.30 P.M.)	.. (i) Motion regarding adjournment of the Vidhan Sabha *sine-die*.)
	(ii) Motion regarding nomination of Members to serve on the Committee on Public Accounts, Committee on Estimates, Committee on Public Undertakings and Committee on Welfare of Scheduled Castes, Scheduled Tribes and Backward Classes.
	(iii) Appropriation Bill in respect of the Supplementary Estimates (First Instalment) 1985-86.
	(iv) Resolution regarding raising of the borrowing limit of the State Electricity Board from 350 crores to 500 crores. (45 minutes)

Original with;
Punjab Vidhan Sabha
Digitized by;
Panjab Digital Library

[Mr. Speaker]

(v) **Legislative Business**

1. The Punjab Panchayat Samitis and Zila Parishads (Temporary Supersession) Amendment Bill, 1985. (Replacing Ordinance No. 1 of 1985).

2. The Punjab Agricultural Produce Markets (Amendment) Bill, 1985.

3. The Punjab Municipal (Second Amendment) Bill, 1985.

4. The East Punjab Rent Restriction (Amendment) Bill, 1985.

(vi) Regularisation of the Excesses over voted grants/ charged appropriations for the year 1976-77, 1977-78 and 1978-79 and the appropriation Bill relating thereto.

(One hour)

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistant with the above recommendations, that rule/those rules will stand suspended to that extent.

Education Minister (Sardar Sukhjinder Singh) : Sir, I beg to move—

That this House agrees with the recommendations contained in the Second Report of the Business Advisory Committee.

Mr. Speaker : Motion moved—

That this House agrees with the recommendations contained inthe Second Report of the Business Advisory Committee.

Mr. Speaker : Question is—

That this House agrees with the recommendations contained in the Second Report of the Business Advisory Committee.

The motion was carried unanimously.

PAPERS LAID ON THE TABLE

Education Minister (Sardar Sukhjinder Singh) : Sir, I beg to lay on the Table—

1. the Annual Accounts and Audit Report of the Pepsu Road Transport Corporation, Patiala, for the year 1982-83, as required under section 33(4) of the Road Trnsport Corporation Act, 1950.

2. the Annual Reports of the Punjab Agricultural University, Ludhiana for the years 1982-83 and 1983-84 and Government's comments thereon, as required under section 39(3) of the Haryana and Punjab Agricultural Universities Act, 1970.

Sardarni Gurbrinder Kaur Brar : Sir, I want to make my submission.

Mr. Speaker: I understand that you are on a point of order.

Original with;
Punjab Vidhan Sabha
Digitized by;
Panjab Digital Library

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਗਲ ਇਹ ਹੈ ਕਿ ਮਹਿਰਾ ਸਾਹਿਬ ਨੇ ਪਹਿਲੇ ਵੀ ਐਡਜਰਨਮੈਂਟ ਮੋਸ਼ਨ ਦਿਤੀ ਸੀ । ਤੁਸੀਂ ਐਡਮਿਟ ਨਹੀਂ ਕੀਤੀ ਸੀ । ਮੈਂ ਰਿਕੁਐਸਟ ਕੀਤੀ ਸੀ ਕਿ ਕਾਲ ਅਟੈਨਸ਼ਨ ਵਿਚ ਐਡਮਿਟ ਕਰ ਲਓ ਅੌਰ ਚੀਫ਼ ਮਨਿਸਟਰ ਸਾਹਿਬ ਹਾਊਸ ਵਿਚ ਸਟੇਟਮੈਂਟ ਦੇ ਦੇਣ । ਅੱਜ ਮੇਰੀ ਫਿਰ ਰਿਕੁਐਸਟ ਹੈ ਕਿ .....

ਸ਼੍ਰੀ ਸਪੀਕਰ : ਜੇ ਤੁਸੀਂ ਵਾਕਿਏ ਇੰਟਰਸਟਿਡ ਹੋ ਕਿ ਇਸ ਮਸਲੇ ਦਾ ਕੋਈ ਲੈਜਿਸਲੇਟਿਵ ਹੱਲ ਕਢਿਆ ਜਾਵੇ ਤਾਂ ਮੈਂ ਸੁਜੈਸਟ ਕਰਾਂਗਾ ਕਿ ਤੁਸੀਂ ਹੁਣੇ ਹੀ ਇਸ ਤੋਂ ਬਾਅਦ ਮੇਰੇ ਚੈਂਬਰ ਵਿਚ ਆ ਜਾਣਾ । ਅਸੀਂ ਮਿਲ ਕੇ ਕੋਈ ਹੱਲ ਕੱਢ ਲਵਾਂਗੇ ।

(ਇਸ ਵੇਲੇ ਬਹੁਤ ਸਾਰੇ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ ।)

ਸ਼੍ਰੀ ਸਪੀਕਰ : ਜੇ ਤੁਸੀਂ ਇਸ ਗਲ ਤੇ ਸ਼ੋਰ ਪਾਉਣਾ ਹੈ ਤਾਂ ਬੇਸ਼ਕ ਪਾ ਲਓ । ਪਰ ਜੇ ਹਲ ਕਢਣਾ ਹੈ ਤਾਂ ਮੇਰੇ ਕੋਲ ਚੈਂਬਰ ਵਿਚ ਆ ਜਾਣਾ ਗਲ ਕਰ ਲਵਾਂਗੇ ।

(ਇਸ ਵੇਲੇ ਬਹੁਤ ਸਾਰੇ ਮੈਂਬਰਜ਼ ਸਾਹਿਬਾਨ ਨੇ ਬਗੈਰ ਪਰਮਿਸ਼ਨ ਦੇ ਬੋਲਣਾ ਸ਼ੁਰੂ ਕਰ ਦਿੱਤਾ ।)

ਸ਼੍ਰੀ ਸਪੀਕਰ : ਤੁਸੀਂ ਇਕ ਇਕ ਕਰ ਕੇ ਬੋਲੋ । ਤੁਹਾਡੇ ਲੀਡਰ ਬੋਲਣ ਲਈ ਖੜੇ ਹਨ, ਉਨ੍ਹਾਂ ਨੂੰ ਬੋਲ ਲੈਣ ਦਿਓ ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਅੱਜ ਚੀਫ਼ ਮਨਿਸਟਰ ਸਾਹਿਬ ਤਾਂ ਹਾਊਸ ਵਿਚ ਨਹੀਂ ਹਨ । ਅਗਰ ਸਰਦਾਰ ਬਲਵੰਤ ਸਿੰਘ ਜੀ ਉਨ੍ਹਾਂ ਦੇ ਖਿਹਾਫ਼ ਤੇ ਸਟੇਟਮੈਂਟ ਦੇ ਦੇਣ ਤਾਂ ਲੋਕਾਂ ਵਿਚ ਜਿਹੜੀ ਰਿਜ਼ੈਂਟਮੈਂਟ ਹੈ ਉਹ ਦੂਰ ਹੋ ਸਕਦੀ ਹੈ ਕਿ ਇਹ ਮਰਡਰ ਕਿਸ ਤਰ੍ਹਾਂ ਹੋਇਆ ।

ਸ਼੍ਰੀ ਸਪੀਕਰ : ਮੈਂ ਕਿਹਾ ਹੈ ਕਿ ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ ਅਸੀਂ ਬੜੀ ਗੰਭੀਰਤਾ ਨਾਲ ਗਲ ਕਰ ਲਵਾਂਗੇ ਅੌਰ ਜੇ ਸਰਦਾਰ ਬਲਵੰਤ ਸਿੰਘ ਜੀ ਨੂੰ ਵੀ ਬੁਲਾਉਣਾ ਹੋਇਆ ਤਾਂ ਉਥੇ ਬੁਲਾ ਲਵਾਂਗੇ ।

ਵਿੱਤ ਮੰਤਰੀ : ਜੇ ਤੁਸੀਂ ਕਹੋਗੇ ਤਾਂ ਮੈਂ ਚੈਂਬਰ ਵਿਚ ਆ ਜਾਵਾਂਗਾ ।

ਸ਼੍ਰੀ ਸਪੀਕਰ : ਤੁਸੀਂ ਆ ਜਾਓ ਅਸੀਂ ਗਲ ਕਰ ਲਵਾਂਗੇ । ਕੋਈ ਨਾ ਕੋਈ ਹੱਲ ਕਢਾਂਗੇ । ਹੁਣ ਤੁਸੀਂ ਸਾਰੇ ਬੈਠ ਜਾਓ ।

Pandit Mohan Lal : It is our privilege to come to you.

Mr. Speaker: I assure you that we will discuss this matter there.

Pandit Mohan Lal: Let the Government make a statement. Is there any hitch ?

Mr. Speaker : There is no hitch. You please come to my Chamber and we will discuss the matter there.

Original with;
Punjab Vidhan Sabha
Digitized by;
Panjab Digital Library

Shri Om Parkash Gupta: This matter may please be discussed on the floor of the House.

Mr. Speaker: I am not prepared to discuss the matter here. I am prepared to discuss the matter in the Chamber.

RESUMPTION OF DISCUSSION ON GOVERNOR'S ADDRESS

Mr. Speaker: Now the House will resume discussion on the Motion moved by Sardar Sukhdev Singh Dhillon, M.L.A., and seconded by Sardar Balwinder Singh Bhunder, M.L.A., on the 18th October, 1985

Master Mohan Lal was on his legs when the House adjourned on the 29th October, 1985. He may please resume his speech.

ਮਾਸਟਰ ਮੋਹਨ ਲਾਲ (ਪਠਾਨਕੋਟ): ਸਪੀਕਰ ਸਾਹਿਬ, ਕਲ੍ਹ ਪੰਜਾਬ ਦੇ ਅੰਦਰ ਮਰਡਰ ਹੋਇਆ ਔਰ ਇਸ ਤੋਂ ਪਹਿਲਾਂ ਵੀ ਇਹੋ ਜਿਹੀਆਂ ਘਟਨਾਵਾਂ ਰੋਜ਼ ਵਾਪਰ ਰਹੀਆਂ ਹਨ। ਇਸ ਸਰਕਾਰ ਵਲੋਂ ਗੱਦੀ ਸੰਭਾਲਣ ਤੋਂ ਬਾਅਦ ਵੀ ਜਗ੍ਹਾ ਜਗ੍ਹਾਂ ਤੇ ਉਸੇ ਤਰ੍ਹਾਂ ਗੋਲੀਆਂ ਚਲ ਰਹੀਆਂ ਹਨ, ਬੈਂਕਾਂ ਨੂੰ ਲੁਟਿਆ ਜਾ ਰਿਹਾ ਹੈ। ਡਕੈਤੀਆਂ ਉਸੇ ਤਰ੍ਹਾਂ ਹੋ ਰਹੀਆਂ ਹਨ ਅਤੇ ਕਤਲ ਵੀ ਹੋ ਰਹੇ ਹਨ। ਮੈਂ ਇਸ ਸਬੰਧ ਵਿਚ ਇਕ ਕਾਲ ਅਟੈਨਸ਼ਨ ਮੋਸ਼ਨ ਵੀ ਦਿੱਤੀ ਸੀ ਪਰ ਉਹ ਡਿਸਅਲਾਓ ਕੀਤੀ ਗਈ ਹੈ। ਨੌਸ਼ਹਿਰਾ ਪੰਨੂਆਂ ਵਿਚ ਕਤਲ ਹੋਇਆ ਅਤੇ ਹੋਰ ਵੀ ਕਈ ਕਤਲ ਹੋਏ ਹਨ। ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਹਾਊਸ ਨੂੰ ਇਹ ਵਿਸ਼ਵਾਸ ਦਿਵਾਉਣਾ ਚਾਹੀਦਾ ਹੈ ਕਿ ਅੱਜ ਤੋਂ ਬਾਅਦ ਕੋਈ ਕਤਲ ਇਸ ਤਰ੍ਹਾਂ ਦਾ ਨਹੀਂ ਹੋਵੇਗਾ ਅਤੇ ਲਾਅ ਐਂਡ ਆਰਡਰ ਨੂੰ ਠੀਕ ਤਰ੍ਹਾਂ ਨਾਲ ਮੇਨਟੇਨ ਕੀਤਾ ਜਾਵੇਗਾ। ਇਸ ਤਰ੍ਹਾਂ ਜਿਹੜੇ ਮਰਡਰ ਹੋ ਰਹੇ ਹਨ ਇਸ ਤੋਂ ਇਸ ਸਰਕਾਰ ਪ੍ਰਤੀ ਲੋਕਾਂ ਨੂੰ ਕਈ ਸ਼ੱਕੇ ਪੈਦਾ ਹੋ ਰਹੇ ਹਨ।

ਪਿਛਲੇ 5 ਸਾਲਾਂ ਵਿਚ ਜਿਹੜਾ ਪੰਜਾਬ ਵਿਚ ਭਿਆਨਕ ਦੌਰ ਚਲਿਆ ਸੀ ਉਸ ਨੂੰ ਦੁਬਾਰਾ ਪੰਜਾਬ ਵਿਚ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਸਾਨੂੰ ਲਾਅ ਐਂਡ ਆਰਡਰ ਨੂੰ ਪੂਰੀ ਤਰ੍ਹਾਂ ਨਾਲ ਮੇਨਟੇਨ ਕਰਨਾ ਚਾਹੀਦਾ ਹੈ ਅਤੇ ਲੋਕਾਂ ਵਿਚ ਫਿਰ ਵਿਸ਼ਵਾਸ ਪੈਦਾ ਕਰਨਾ ਚਾਹੀਦਾ ਹੈ। ਪੰਜਾਬ ਵਿਚ ਮਿਨਾਰਿਟੀ ਵਰਗ ਦੇ ਵਿਚ ਜਿਹੜੀ ਅਸੁਰਖਿਤ ਅਤੇ ਅਵਿਸ਼ਵਾਸ ਦੀ ਭਾਵਨਾ ਪੈਦਾ ਹੋ ਰਹੀ ਹੈ, ਇਸ ਨੂੰ ਰੋਕਣਾ ਚਾਹੀਦਾ ਹੈ। ਪੰਜਾਬ ਦੇ ਵਿਚ ਕੋਈ ਵੀ ਵਪਾਰੀ ਪੈਸਾ ਲਗਾਉਣ ਵਾਸਤੇ ਤਿਆਰ ਨਹੀਂ ਹੈ ਅਤੇ ਉਹ ਆਪਣੀ ਇੰਡਸਟਰੀ ਪੰਜਾਬ ਤੋਂ ਬਾਹਰ ਲਿਜਾ ਰਿਹਾ ਹੈ। ਪੰਜਾਬ ਦੇ ਵਪਾਰੀ ਨੂੰ ਬਾਹਰ ਜਾਣ ਤੋਂ ਰੋਕਣ ਲਈ ਸਾਨੂੰ ਲਾਅ ਐਂਡ ਆਰਡਰ ਨੂੰ ਬਹਾਲ ਕਰਨਾ ਪਵੇਗਾ ਅਤੇ ਉਨ੍ਹਾਂ ਦੇ ਮਨਾਂ ਵਿਚ ਜਿਹੜੀ ਇਨਸਿਕਿਓਰਿਟੀ ਦੀ ਭਾਵਨਾ ਹੈ ਅਤੇ ਅਵਿਸ਼ਵਾਸ ਦੀ ਭਾਵਨਾ ਆ ਰਹੀ ਹੈ ਇਸ ਨੂੰ ਵਿਸ਼ਵਾਸ ਦੇ ਵਿਚ ਬਦਲਣਾ ਚਾਹੀਦਾ ਹੈ। ਕਤਲ ਭਾਵੇਂ ਕਿਸੇ ਹਿੰਦੂ ਦਾ ਹੋਵੇ, ਭਾਵੇਂ ਕਿਸੇ ਮੁਸਲਮਾਨ ਦਾ ਹੋਵੇ, ਭਾਵੇਂ ਕਿਸੇ ਕਾਂਗਰਸੀ ਦਾ ਹੋਵੇ ਜਾਂ ਕਿਸੇ ਹੋਰ ਪਾਰਟੀ ਦਾ ਹੋਵੇ, ਕਾਤਲਾਂ ਦੀ ਪ੍ਰਸੰਸਾ ਨਹੀਂ ਕਰਨੀ ਚਾਹੀਦੀ ਅਤੇ ਕਤਲਾਂ ਨੂੰ ਰੋਕਣ ਦੇ ਲਈ ਸਰਕਾਰ ਵਲੋਂ ਅੱਛੇ ਢੰਗ ਨਾਲ ਉਪਰਾਲੇ ਕਰਨ ਦੀ ਲੋੜ ਹੈ। ਪਿਛਲੇ 5 ਸਾਲਾਂ ਦੇ ਵਿਚ ਮਾੜੀਆਂ ਘਟਨਾਵਾਂ ਹੋਈਆਂ ਹਨ। ਇਨ੍ਹਾਂ ਮਾੜੀਆਂ ਘਟਨਾਵਾਂ ਦੇ ਪਿਛੇ ਬਹੁਤ ਵੱਡੀ ਸਾਜਿਸ਼ ਸੀ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਅੰਦਰ ਜਿਥੇ ਇਨ੍ਹਾਂ ਘਟਨਾਵਾਂ ਦਾ ਜ਼ਿਕਰ ਕਰਕੇ ਤਸਲੀਮ ਕੀਤਾ ਹੈ ਅਤੇ ਕਿਹਾ ਹੈ ਕਿ ਸੰਵਿਧਾਨਕ ਸੰਕਟ ਪੈਦਾ ਹੋ ਗਿਆ ਸੀ ਅਤੇ ਭਾਈ ਅਤੇ ਭਾਈਚਾਰੇ ਦੇ ਵਿਚ ਖਲਲ ਪੈਦਾ ਕੀਤਾ ਸੀ। ਹੁਕਮਰਾਨ ਪਾਰਟੀ ਉਸ ਸਮੇਂ ਤਮਾਸ਼ਾ ਦੇਖਦੀ ਰਹੀ ਅਤੇ ਅੱਖਾਂ ਮੀਂਦ ਕੇ ਬੈਠੀ ਰਹੀ। ਕਿਸ ਤਰ੍ਹਾਂ ਉਸ ਵਕਤ ਹਿੰਦੂਆਂ ਦਾ ਕਤਲ ਕੀਤਾ ਗਿਆ ਅਤੇ ਬੱਸਾਂ ਦੇ ਵਿਚੋਂ ਉਤਾਰ ਕੇ ਉਨ੍ਹਾਂ ਦਾ ਭੋਲੀ ਭਾਲੀ ਜਨਤਾ ਦਾ ਖੂਨ ਕੀਤਾ ਗਿਆ ਪਰ ਸਰਕਾਰ ਉਸ ਵਕਤ ਤਮਾਸ਼ਾਈਂ ਸਰਕਾਰ ਬਣੀ ਹੋਈ ਸੀ। ਇਹ ਸਾਰੀ ਪੰਜਾਬ ਦੀ ਬਿਗੜਦੀ ਹਾਲਤ ਸੀ। ਕਿਸ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਉਸ ਸਮੇਂ ਕਿਸੇ ਨੂੰ ਪਹਿਲੇ ਸ਼ੇਰ ਬਣਾ ਦਿੱਤਾ ਗਿਆ ਅਤੇ ਫੇਰ ਹਾਲਾਤ ਖਰਾਬ ਕਰਵਾ ਦਿੱਤੇ। ਇਹ ਖਰਾਬ ਅਤੇ ਬਿਗੜਦੇ ਹੋਏ ਹਾਲਾਤ ਪੈਦਾ ਕਰਨ ਵਾਲੇ ਕੌਣ ਸਨ ਅਤੇ ਇਸ ਦੇ ਲਈ ਕੌਣ ਜ਼ਿੰਮੇਵਾਰ ਸਨ? (ਵਿਘਨ)

Professor Darbari Lal : Sir, On a point of order. I am seeking your protection.

Mr. Speaker : You are not in danger. What protection you can seek ? Not allowed. (Interruptions)

ਮਾਸਟਰ ਮੋਹਨ ਲਾਲ : ਇਸ ਕਾਂਗਰਸ ਦੀ ਸਰਕਾਰ ਨੇ ਪਿਛਲੇ 5 ਸਾਲਾਂ ਵਿਚ ਕੀ ਨਹੀਂ ਕੀਤਾ ਹੈ (ਰੂਲਿੰਗ ਪਾਰਟੀ ਵਲੋਂ ਥੰਪਿੰਗ) ਮੈਂ ਹਾਊਸ ਦਾ ਧਿਆਨ ਇਸ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਹੜੀਆਂ ਗੱਲਾਂ ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਤਸਲੀਮ ਕੀਤੀਆਂ ਹਨ। ਮੈਂ ਗਵਰਨਰ ਸਾਹਿਬ ਅਤੇ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਜਿਥੇ ਸਰਕਾਰ ਨੇ ਇਨ੍ਹਾਂ ਗੱਲਾਂ ਨੂੰ ਤਸਲੀਮ ਕੀਤਾ ਹੈ ਉਥੇ ਸਰਕਾਰ ਇਹ ਵੀ ਮੰਨੇ ਕਿ ਉਸ ਵਕਤ ਦੀ ਸਰਕਾਰ ਮੌਨ ਧਾਰਨ ਕਰਕੇ ਬੈਠੀ ਰਹੀ ਤੇ ਇਨ੍ਹਾਂ ਮਾੜੀਆਂ ਘਟਨਾਵਾਂ ਦੇ ਪਿਛੇ ਕਿਹੜਾ ਖੂੰਨੀ ਪੰਜਾਂ ਸੀ। ਆਇਆ ਇਸ ਦੇ ਪਿਛੇ ਉਗਰਵਾਦੀਆਂ ਦਾ ਹੱਥ ਸੀ ? ਸਪੀਕਰ ਸਾਹਿਬ, ਐਕਸ-ਟਰੀਮਿਸਟ ਦੀ ਕੋਈ ਫਿਲਾਸਫੀ ਨਹੀਂ ਹੈ ਅਤੇ ਨਾ ਹੀ ਕੋਈ ਆਈਡੀਆਲੋਜੀ ਹੈ। ਇਹ ਜਿਹੜੇ ਬੇਕਾਰ ਨੌਜਵਾਨ ਗਲਤ ਰਸਤੇ ਦੇ ਉਤੇ ਪੈ ਗਏ ਹਨ ਉਨ੍ਹਾਂ ਨੂੰ ਸਹੀ ਰਸਤੇ ਤੇ ਲਿਆਉਣ ਲਈ ਉਨ੍ਹਾਂ ਨੂੰ ਰੋਜ਼ਗਾਰ ਦਿੱਤਾ ਜਾਵੇ। ਸਪੀਕਰ ਸਾਹਿਬ, ਸਾਡੇ ਗੁਰਦਾਸਪੁਰ ਦੇ ਵਿਚ ਐਕਸਟਰੀਮਿਸਟਾਂ ਦਾ ਹੱਥ ਰਿਹਾ ਹੈ। ਮੈਂ ਦੱਸਦਾ ਹਾਂ ਕਿ ਇਕੱਲੇ ਮੇਰੇ ਗੁਰਦਾਸਪੁਰ ਦੇ ਵਿਚ 65 ਹਜ਼ਾਰ ਨੌਜਵਾਨ ਬੇਕਾਰ ਫਿਰ ਰਹੇ ਹਨ। ਇਹ 65 ਹਜ਼ਾਰ ਨੌਜਵਾਨ ਜਿਨ੍ਹਾਂ ਨੇ 15—17 ਸਾਲ ਕਾਲਜਾਂ ਦੀ ਪੜ੍ਹਾਈ ਦੇ ਵਿਚ ਗੁਜ਼ਾਰੇ ਹੋਣ ਅਤੇ ਕਾਲਜਾਂ ਵਿਚੋਂ ਬਾਹਰ ਨਿਕਲ ਕੇ ਉਨ੍ਹਾਂ ਨੂੰ ਚਾਰੇਂ ਤਰਫ ਅੰਧੇਰਾ ਹੀ ਅੰਧੇਰਾ ਦਿਖਾਈ ਦਿੰਦਾ ਹੈ ਅਤੇ ਉਹ ਜ਼ਿੰਦਗੀ ਤੋਂ ਨਿਰਾਸ ਹੋਈ ਫਿਰਦੇ ਹਨ ਅਤੇ ਉਨ੍ਹਾਂ ਨੂੰ ਕੋਈ ਵੀ ਆਦਮੀ ਵਰਗਲਾ ਸਕਦਾ ਹੈ ਅਤੇ ਗਲਤ ਰਸਤੇ ਦੇ ਉਤੇ ਲਿਜਾ ਸਕਦਾ ਹੈ ਅਤੇ ਐਕਸਟਰੀਮਿਜ਼ਮ ਪੈਦਾ ਹੋਣ ਦਾ ਕਾਰਨ ਵੀ ਇਹੋ ਹੀ ਹੈ। ਜਿਸ ਵੱਲ ਪਿਛਲੀ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ ਹੈ ਅਤੇ ਹੁਣ ਅਕਾਲੀ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਵਾਅਦਾ ਕੀਤਾ ਸੀ ਕਿ ਅਸੀਂ ਇਨ੍ਹਾਂ ਨੌਜਵਾਨਾਂ ਨੂੰ ਨੌਕਰੀ ਦੇਵਾਂਗੇ ਤਾਕਿ ਉਹ ਇਸ ਰਸਤੇ ਤੋਂ ਹੱਟ ਸਕਣ। ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਪਿਛਲੇ 5 ਸਾਲਾਂ ਦੇ ਵਿਚ ਜੋ ਮਾੜੀਆਂ ਘਟਨਾਵਾਂ ਹੋਈਆਂ ਹਨ ਇਸ ਦੀ ਜੂਡੀਸ਼ਲ ਇਨਕੁਆਇਰੀ ਕਰਵਾਈ ਜਾਣੀ ਚਾਹੀਦੀ ਹੈ ਤਾਕਿ ਪਤਾ ਲਗ ਸਕੇ ਕਿ ਇਨ੍ਹਾਂ ਘਟਨਾਵਾਂ ਦੇ ਪਿਛੇ ਕੌਣ ਕੌਣ ਆਦਮੀ ਜ਼ਿੰਮੇਵਾਰ ਹਨ ਅਤੇ ਆਇਆ ਇਸ ਦੇ ਪਿਛੇ ਕਿਸੇ ਵਿਦੇਸ਼ੀ ਤਾਕਤ ਦਾ ਹੱਥ ਤਾਂ ਨਹੀਂ ਸੀ ਜਾਂ ਫੇਰ ਕਿਸੇ ਪੁਲੀਟੀਕਲ ਪਾਰਟੀ ਦਾ ਤਾਂ ਹੱਥ ਨਹੀਂ ਸੀ ? ਅਗਰ ਅਸੀਂ ਇਹ ਚੀਜ਼ ਨਹੀਂ ਕਰਾਂਗੇ ਤਾਂ ਫੇਰ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਮੁਆਫ ਨਹੀਂ ਕਰਨਗੀਆਂ।

ਫੇਰ ਤਾਂ ਇਹ ਹੋਵੇਗਾ ਕਿ ਅਸੀਂ ਹਾਊਸ ਦੇ ਅੰਦਰ ਬੈਠੇ ਰਹੇ ਅਤੇ ਗੱਲਾਂ ਅਸੀਂ ਜ਼ਰੂਰ ਕੀਤੀਆਂ ਮਗਰ ਕੰਮ ਕੋਈ ਨਾ ਕੀਤਾ। ਇਨ੍ਹਾਂ ਮਾੜੀਆਂ ਘਟਨਾਵਾਂ ਦੇ ਵਿਚ ਜਿਨ੍ਹਾਂ ਲੋਕਾਂ ਦਾ ਹੱਥ ਰਿਹਾ ਹੈ ਉਨ੍ਹਾਂ ਨੂੰ ਲੋਕਾਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ ।

ਸਪੀਕਰ ਸਾਹਿਬ, ਥੀਨ ਡੈਮ ਦੀ ਉਸਾਰੀ ਦਾ ਜ਼ਿਕਰ ਕੀਤਾ ਗਿਆ ਹੈ। ਜਿਸ ਇਲਾਕੇ ਵਿਚ ਇਹ ਡੈਮ ਬਣਾਇਆ ਗਿਆ ਹੈ, ਮੈਂ ਉਸ ਇਲਾਕੇ ਦਾ ਨੁਮਾਇੰਦਾ ਹਾਂ। ਥੀਨ ਡੈਮ ਬਣਾਉਣ ਲਈ ਮੇਰੇ ਇਲਾਕੇ ਦੇ ਲੋਕਾਂ ਤੋਂ ਜ਼ਮੀਨਾਂ ਐਕਵਾਇਰ ਕੀਤੀਆਂ ਗਈਆਂ। ਇਹ ਜ਼ਮੀਨਾਂ ਬਹੁਤ ਘੱਟ ਕੀਮਤਾਂ ਤੇ ਸਰਕਾਰ ਨੇ ਲਈਆਂ ਅਤੇ ਲੋਕਾਂ ਨੂੰ ਸਹੀ ਮੁਆਵਜ਼ਾ ਵੀ ਨਹੀਂ ਦਿੱਤਾ ਗਿਆ ਸੀ ਅਤੇ ਲੋਕਾਂ ਨੂੰ ਬੇਘਰ ਕੀਤਾ

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਗਿਆ। ਇਸ ਡੈਮ ਦੀ ਉਸਾਰੀ ਉਤੇ ਅਫਸਰਾਂ ਨੇ ਕਰੋੜਾਂ ਰੁਪਏ ਖਰਚ ਕੀਤੇ ਹਨ ਅਤੇ ਲੱਖਾਂ ਰੁਪਏ ਇਸ ਥੀਨ ਡੈਮ ਦੇ ਬਣਾਉਣ ਵਾਲੇ ਅਫਸਰ ਖਾ ਗਏ ਹਨ। ਅਗਰ ਸਰਕਾਰ ਇਸ ਦੀ ਇਨਕੁਆਇਰੀ ਕਰੇ ਤਾਂ ਸਰਕਾਰ ਨੂੰ ਪਤਾ ਲਗੇਗਾ ਕਿ ਜਿੰਨਾਂ ਰੁਪਿਆ ਖਰਚ ਕੀਤਾ ਗਿਆ ਹੈ ਉਤਨਾ ਉਥੇ ਕੰਮ ਨਹੀਂ ਹੋਇਆ ਹੈ। ਇਸ ਦਾ ਕਾਰਨ ਇਹ ਹੈ ਕਿ 2 ਰੁਪਏ ਦੀ ਸਬਜ਼ੀ ਲਿਆਉਣ ਲਈ ਸਰਕਾਰੀ ਜੀਪਾਂ ਅਤੇ ਕਾਰਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਥੀਨ ਡੈਮ ਤੇ ਲਗਣ ਵਾਲਾ ਸੀਮਿੰਟ ਅਤੇ ਸਟੀਲ ਚੋਰੀ ਹੁੰਦਾ ਰਿਹਾ ਅਤੇ ਪਠਾਨਕੋਟ ਦੇ ਬਾਜ਼ਾਰਾਂ ਦੇ ਵਿਚ ਵਿਕਦਾ ਰਿਹਾ ਹੈ। ਇਸ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਜਾਣੀ ਚਾਹੀਦੀ ਹੈ। ਜਿਨ੍ਹਾਂ ਲੋਕਾਂ ਦੀਆਂ ਜ਼ਮੀਨਾਂ ਸਰਕਾਰ ਨੇ ਇਸ ਡੈਮ ਨੂੰ ਬਣਾਉਣ ਲਈ ਲਈਆਂ ਸਨ ਉਨ੍ਹਾਂ ਨੂੰ ਵਸਾਉਣ ਦਾ ਪ੍ਰਬੰਧ ਸਰਕਾਰ ਨੂੰ ਕਰਨਾ ਚਾਹੀਦਾ ਹੈ। ਇਹ ਮੇਰੇ ਧਾਰ ਬਲਾਕ ਦੇ ਵਿਚ ਆਉਂਦਾ ਹੈ ਇਹ 90 ਕਿਲੋਮੀਟਰ ਦੇ ਰੇਡੀਅਸ ਵਿਚ ਆਉਂਦਾ ਹੈ ਅਤੇ ਇਸ ਦੇ ਨਾਲ ਦੇ ਸੂਬੇ ਦੀਆਂ ਸਰਹੱਦਾ ਲਗਦੀਆਂ ਹਨ। ਇਥੇ ਜੰਮੂ ਅਤੇ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੀ ਸਰਹੱਦ ਲਗਦੀ ਹੈ। ਦੋਨਾਂ ਪਾਸੇ ਸੜਕਾਂ ਦੀ ਉਸਾਰੀ ਚਲ ਰਹੀ ਹੈ ਅਤੇ ਬਿਜਲੀ ਲਗ ਰਹੀ ਹੈ ਅਤੇ ਬੱਸਾਂ ਆ ਜਾ ਰਹੀਆਂ ਹਨ ਪਰ ਜਿਹੜਾ ਮੇਰਾ ਧਾਰ ਬਲਾਕ ਹੈ ਇਥੋਂ ਦੇ ਰਹਿਣ ਵਾਲੇ ਇਕ ਆਦਮੀ ਨੂੰ 2 ਰੁਪਏ ਦੀ ਸਬਜ਼ੀ ਖਰੀਦਣ ਲਈ 19 ਕਿਲੋਮੀਟਰ ਦਾ ਏਰੀਆ ਕਵਰ ਕਰਨਾ ਪੈਂਦਾ ਹੈ। ਇਸ ਧਾਰ ਬਲਾਕ ਵਿਚ ਨਾ ਨੌਜਵਾਨਾਂ ਦੇ ਪੜ੍ਹਾਈ ਲਈ ਕੋਈ ਕਾਲਜ ਹੈ ਅਤੇ ਨਾ ਕੋਈ ਹਸਪਤਾਲ ਹੈ ਅਤੇ ਜਿਹੜੇ ਸਕੂਲ ਹਨ ਉਨ੍ਹਾਂ ਦੀਆਂ ਛੱਤਾਂ ਹੈ ਨਹੀਂ ਹਨ ਅਤੇ ਨਾ ਹੀ ਕੋਈ ਮਾਸਟਰ ਇਸ ਇਲਾਕੇ ਵਿਚ ਕੰਮ ਕਰਨ ਲਈ ਤਿਆਰ ਹੈ ਕਿਉਂਕਿ ਮਾਸਟਰ ਨੂੰ ਦੂਜੇ ਇਲਾਕੇ ਵਿਚ ਪੈਸੇ ਜ਼ਿਆਦਾ ਮਿਲਦੇ ਹਨ ਫੇਰ ਮੇਰੇ ਬਲਾਕ ਵਿਚ ਨੌਕਰੀ ਉਹ ਕਿਉਂ ਕਰੇਗਾ ਅਤੇ ਅਗਰ ਕੋਈ ਮਾਸਟਰ ਜਾਂ ਇੰਪਾਲਾਈਜ਼ ਜਿਸ ਨੂੰ ਸਰਕਾਰ ਨੇ ਸਜ਼ਾ ਦੇਣੀ ਹੁੰਦੀ ਹੈ ਉਸ ਨੂੰ ਧਾਰ ਬਲਾਕ ਦੇ ਵਿਚ ਲਗਾ ਦਿੱਤਾ ਜਾਂਦਾ ਹੈ। ਉਹ ਇੰਪਲਾਈਜ਼ ਲੋਕਾਂ ਕੋਲੋਂ ਆਪਣੀਆਂ ਆਪ ਸ਼ਿਕਾਇਤਾਂ ਕਰਵਾ ਦਿੰਦੇ ਹਨ ਤਾਕਿ ਉਨ੍ਹਾਂ ਦੀ ਬਦਲੀ ਸਰਕਾਰ ਕਰ ਦੇਵੇ। ਉਥੋਂ ਦਾ ਇੰਪਲਾਈ ਆਪਣੀ ਬਦਲੀ ਕਿਸੇ ਹੋਰ ਥਾਂ ਤੇ ਕਰਵਾਉਣਾ ਚਾਹੁੰਦਾ ਹੈ। ਇਹ ਸਾਰਾ ਕੁੱਝ ਸਕੂਲਾਂ ਅਤੇ ਪੀ. ਡਬਲਿਊ. ਡੀ. ਦੇ ਦਫਤਰਾਂ ਵਿਚ ਹੋ ਰਿਹਾ ਹੈ। ਇਸ ਤਰੀਕੇ ਨਾਲ ਮੇਰਾ ਧਾਰ ਬਲਾਕ ਇੰਪਲਾਈਜ਼ ਦੀ ਸਰਵਿਸ ਤੋਂ ਵੀ ਮਹਿਰੂਮ ਰਹਿ ਜਾਂਦਾ ਹੈ। ਇਸ ਲਈ ਸਰਕਾਰ ਨੂੰ ਇਸ ਲਈ ਕੋਈ ਨਾ ਕੋਈ ਚੰਗੇ ਉਪਰਾਲੇ ਕਰਨ ਦੀ ਲੋੜ ਹੈ ਅਤੇ ਕੀਤੇ ਜਾਣੇ ਚਾਹੀਦੇ ਹਨ।

ਸਪੀਕਰ ਸਹਿਬ, ਪਿਛੇ ਜਨਤਾ-ਅਕਾਲੀ ਸਰਕਾਰ ਵਲੋਂ ਧਾਰ ਬਲਾਕ ਵਿਚ ਇਕ ਆਈ. ਟੀ. ਆਈ. ਮਨਜ਼ੂਰ ਹੋਇਆ ਸੀ ਪਰ ਉਹ ਨਹੀਂ ਖੁਲ੍ਹਿਆ ਕਿਉਂਕਿ ਕਾਂਗਰਸ ਦੀ ਹਕੂਮਤ ਆ ਗਈ ਸੀ। ਮੇਰੇ ਉਸ ਇਲਾਕੇ ਦੇ ਨੌਜਵਾਨ ਪੜ੍ਹਾਈ ਵਿਚ ਮੁਕਾਬਲਾ ਨਹੀਂ ਕਰ ਸਕਦੇ। ਸਕੂਲ ਉਥੇ ਨਾ ਹੋਣ ਕਾਰਨ ਅੱਛੀ ਸਿੱਖਿਆ ਪਰਾਪਤ ਨਹੀਂ ਕਰ ਸਕਦੇ। ਕਾਲਜ ਨਾ ਹੋਣ ਕਾਰਨ ਹਾਇਰ ਐਜੂਕੇਸ਼ਨ ਪਰਾਪਤ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਉਸ ਇਲਾਕੇ ਵਿਚ ਸਕੂਲ, ਕਾਲਜ ਅਤੇ ਇਸ ਦੇ ਨਾਲ ਨਾਲ ਆਈ. ਟੀ. ਆਈ. ਸਕੂਲ ਦਾ ਪਰਬੰਧ ਵੀ ਕਰਨਾ ਚਾਹੀਦਾ ਹੈ। 90 ਕਿਲੋਮੀਟਰ ਦੇ ਫਾਸਲੇ ਤਕ ਕੋਈ ਕਾਲਜ ਨਹੀਂ ਹੈ। ਸਪੀਕਰ ਸਾਹਿਬ, ਉਸ ਇਲਾਕੇ ਵਿਚ ਕੋਈ ਡਿਸਪੈਂਸਰੀ ਨਹੀਂ ਹੈ ਅਤੇ ਨਾ ਹੀ ਕੋਈ ਹਸਪਤਾਲ ਹੈ। ਜੇਕਰ ਕੋਈ ਬੀਮਾਰ ਹੋ ਜਾਵੇ ਤਾਂ 90 ਕਿਲੋਮੀਟਰ ਦਾ ਫਾਸਲਾ ਤਹਿ ਕਰਕੇ ਪਠਾਨਕੋਟ ਜਾਣਾ ਪੈਂਦਾ ਹੈ। ਇਸ ਲਈ ਉਸ ਇਲਾਕੇ ਵਿਚ ਹਸਪਤਾਲ ਦੀ ਵਿਵਸਥਾ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ।

ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਦੇ ਅੰਦਰ ਇੰਪਲਾਈਜ਼ ਦੇ ਮੁਤਅੱਲਕ ਕੋਈ ਗੱਲ ਨਹੀਂ ਕੀਤੀ। ਪਿਛੇ ਜਦੋਂ ਕਾਂਗਰਸ ਦੀ ਹਕੂਮਤ ਸੀ ਤਾਂ ਪ੍ਰਾਈਵੇਟ ਰਿਕੁਗਨਾਈਜ਼ਡ ਸਕੂਲਾਂ ਦੇ ਅਧਿਆਪਕਾਂ ਨੇ ਇਕ ਮਹੀਨੇ ਦੀ ਸਟਰਾਈਕ ਕੀਤੀ। ਬਹੁਤ ਸਾਰੇ ਕਾਂਗਰਸੀ ਲੀਡਰ ਨੇ ਜੇਲ੍ਹਾਂ ਅੰਦਰ ਜਾ ਜਾ ਕੇ ਟੀਚਰਾਂ ਨੂੰ ਭਰੋਸਾ ਦਿਵਾਇਆ ਕਿ ਪੈਨਸ਼ਨ, ਗਰੈਚੂਇਟੀ ਦੀ ਸਕੀਮ ਲਾਗੂ ਕਰ ਦਿੱਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਇਸ ਭਰੋਸੇ ਤੇ ਪ੍ਰਾਈਵੇਟ ਸਕੂਲਾਂ ਨੇ ਹੜਤਾਲ ਬੰਦ ਕੀਤੀ ਸੀ। ਇਹ ਹੜਤਾਲ 1983 ਵਿਚ ਹੋਈ ਸੀ ਪਰ ਪੈਨਸ਼ਨ ਅਤੇ ਗਰੈਚੁਇਟੀ ਦੀ ਸਕੀਮ ਲਾਗੂ ਨਹੀਂ ਕੀਤੀ ਗਈ । ਉਹ ਸਕੀਮ ਹੁਣ ਜ਼ਰੂਰ ਲਾਗੂ ਕੀਤੀ ਜਾਣੀ ਚਾਹੀਦੀ ਹੈ। ਸਪੀਕਰ ਸਾਹਿਬ, ਇਹ ਸਕੀਮ ਭਰੋਸਾ ਦਿਵਾਉਣ ਤੋਂ ਬਾਅਦ ਵੀ ਕਾਂਗਰਸ ਸਰਕਾਰ ਨੇ ਲਾਗੂ ਨਹੀਂ ਕੀਤੀ। ਸਪੀਕਰ ਸਾਹਿਬ, ਮਿਤੀ 8 ਫਰਵਰੀ, 1978 ਨੂੰ ਸਾਰੇ ਕਰਮਚਾਰੀਆਂ ਨੇ ਆਪਣੀਆਂ ਮੰਗਾ ਲਈ ਹੜਤਾਲ ਕੀਤੀ ਸੀ। ਸਰਕਾਰ ਨੇ ਉਸ ਵੇਲੇ ਕੰਮ ਤੇ ਆਉਣ ਵਾਲੇ ਕਰਮਚਾਰੀਆਂ ਨੂੰ ਪਰੈਫਰੈਂਸ ਦੇ ਤੌਰ ਤੇ ਇਕ ਇਨਕਰੀਮੈਂਟ ਬਾਅਦ ਵਿਚ ਦੇ ਦਿੱਤੀ ਸੀ। ਇਹ ਕਰਮਚਾਰੀਆਂ ਨਾਲ ਬਹੁਤ ਵੱਡਾ ਵਿੱਤਕਰਾ ਅਤੇ ਡਿਸਕਰੀਮੀਨੇਸ਼ਨ ਹੈ, ਜਿਹੜਾ ਕਿ ਜਲਦੀ ਤੋਂ ਜਲਦੀ ਦੂਰ ਕੀਤਾ ਜਾਣਾ ਚਾਹੀਦਾ ਹੈ। ਜਿਹੜੇ ਕਰਮਚਾਰੀ ਲੌਂਗ ਲੀਵ ਤੇ ਗਏ ਸਨ ਅਤੇ ਜਿਹੜੇ ਕਰਮਚਾਰੀ ਮੈਟਰਨਟੀ ਲੀਵ ਤੇ ਗਏ ਸੀ ਅਤੇ ਕੁੱਝ ਕਰਮਚਾਰੀ ਹੋਰ ਕੰਮਾਂ ਤੇ ਹੋਣ ਕਰਕੇ ਡਿਊਟੀ ਤੇ ਕਿਸੇ ਵਜ੍ਹਾ ਕਾਰਨ ਨਹੀਂ ਪਹੁੰਚੇ ਸਨ। ਪਰ ਸਪੀਕਰ ਸਾਹਿਬ, ਉਨ੍ਹਾਂ ਕਰਮਚਾਰੀਆਂ ਨੂੰ ਕਿਸ ਵਜ੍ਹਾ ਕਰਕੇ ਸਜ਼ਾ ਦਿੱਤੀ ਗਈ ਹੈ। ਉਨ੍ਹਾਂ ਵਿਚਾਰੇ ਕਰਮਚਾਰੀਆਂ ਨੂੰ 8 ਫਰਵਰੀ, 1978 ਦੀ ਇਨਕਰੀਮੈਂਟ ਨਹੀਂ ਮਿਲੀ। ਉਹ ਇਨਕਰੀਮੈਂਟ ਉਨ੍ਹਾਂ ਕਰਮਚਾਰੀਆਂ ਨੂੰ ਜ਼ਰੂਰ ਮਿਲਣੀ ਚਾਹੀਦੀ ਹੈ।

ਸਪੀਕਰ ਸਾਹਿਬ, ਮੈਡੀਕਲ ਭੱਤਾ ਕਰਮਚਾਰੀਆਂ ਨੂੰ 10 ਰੁਪਏ ਮਹੀਨਾ ਦਿੱਤਾ ਜਾਂਦਾ ਹੈ। ਜਿਹੜਾ ਕਰਮਚਾਰੀ ਬਿਮਾਰ ਹੋਵੇ, ਉਹ 10 ਰੁਪਏ ਦੇ ਨਾਲ ਇਕ ਟੀਕਾ ਵੀ ਨਹੀਂ ਲਗਵਾ ਸਕਦਾ । ਉਨ੍ਹਾਂ ਕਰਮਚਾਰੀਆਂ ਨੂੰ 10 ਰੁਪਏ ਮਹੀਨੇ ਦੀ ਥਾਂ 75 ਰੁਪਏ ਮਹੀਨਾ ਕਰ ਦੇਣੇ ਚਾਹੀਦੇ ਹਨ।

ਸਪੀਕਰ ਸਾਹਿਬ, ਐਡਹਾਕ ਬੇਸਿਜ਼ ਤੇ ਲਗੇ ਕਰਮਚਾਰੀ ਦੁੱਖੀ ਹਨ। ਥੀਨ ਡੈਮ ਦੇ ਕਰਮਚਾਰੀ ਮੇਰੇ ਕੋਲ ਆਏ ਸਨ, ਉਨ੍ਹਾਂ ਕਰਮਚਾਰੀਆਂ ਨੂੰ ਥੀਨ ਡੈਮ ਤੇ ਲਗਿਆਂ ਨੂੰ ਤਿੰਨ ਸਾਲ ਹੋ ਗਏ ਹਨ ਪਰ ਉਨ੍ਹਾਂ ਕਰਮਚਾਰੀਆਂ ਨੂੰ ਟਰਮੀਨੇਟ ਦੇ ਆਰਡਰ ਦੇ ਦਿੱਤੇ ਹਨ ਕਿ ਤੁਹਾਡੀਆਂ ਸਰਵਿਸਿਜ਼ ਦੀ ਜ਼ਰੂਰਤ ਨਹੀਂ ਹੈ। ਸਪੀਕਰ ਸਾਹਿਬ, ਜਿਹੜੇ ਐਡਹਾਕ ਕਰਮਚਾਰੀ ਤਿੰਨ ਸਾਲ ਦੀ ਸਰਵਿਸ ਕਰ ਚੁੱਕੇ ਹਨ, ਉਨ੍ਹਾਂ ਕਰਮਚਾਰੀਆਂ ਨੂੰ ਰੈਗੂਲਰ ਕੀਤਾ ਜਾਣਾ ਚਾਹੀਦਾ ਹੈ। ਐਡਹਾਕ ਸਿਸਟਮ, ਸਪੀਕਰ ਸਾਹਿਬ, ਮੁਲਾਜ਼ਮਾਂ ਤੇ ਇਕ ਤਰ੍ਹਾਂ ਦੀ ਤਲਵਾਰ ਹੈ ।

ਸਪੀਕਰ ਸਾਹਿਬ, ਮੈਂ ਮੰਨਦਾ ਹਾਂ ਕਿ ਪੁਲਿਸ ਕਰਮਚਾਰੀਆਂ ਵਿਚ ਬਹੁਤ ਸਾਰੀਆਂ ਊਣਤਾਈਆਂ ਹਨ ਪਰ ਪੁਲਿਸ ਦੇ ਕਰਮਚਾਰੀਆਂ ਨੂੰ ਜੋ ਉਹ ਮੰਗਦੇ ਹਨ ਕਿ ਪੁਲਿਸ ਕਮਿਸ਼ਨ ਦੀ ਰਿਪੋਰਟ ਆ ਗਈ ਹੈ ਅਤੇ ਉਸ ਵਿਚ ਜੋ ਰਿਕੁਮੈਂਡੇਸ਼ਨਾਂ ਹਨ, ਉਹ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਹ ਰਿਕੁਮੈਂਡੇਸ਼ਨਾਂ ਪੰਜਾਬ ਸਰਕਾਰ ਨੂੰ ਆਪਣੇ ਪੁਲਿਸ ਕਰਮਚਾਰੀਆਂ ਤੇ ਲਾਗੂ ਕਰਨੀਆਂ ਚਾਹੀਦੀਆਂ ਹਨ।

ਸਪੀਕਰ ਸਾਹਿਬ, ਸਰਕਾਰ ਨੇ ਪਿਛਲੇ ਸਾਲ ਇਕ ਨਵਾਂ ਸਿਲੇਬਸ ਸਕੂਲਾਂ ਵਿਚ ਚਾਲੂ ਕਰ ਦਿੱਤਾ ਹੈ। ਉਹ ਨਵਾਂ ਸਿਲੇਬਸ ਅੱਠਵੀਂ ਤੋਂ ਲਾਗੂ ਕਰ ਦਿੱਤਾ ਹੈ। ਉਨ੍ਹਾਂ ਬੱਚਿਆਂ ਨੇ ਨਵਾਂ ਸਿਲੇਬਸ ਨਹੀਂ ਪੜ੍ਹਿਆ ਅਤੇ ਉਨ੍ਹਾਂ ਬੱਚਿਆਂ ਨੂੰ ਪਹਿਲੀ ਜਮਾਤ ਤੋਂ ਮੁੜ ਤਿਆਰੀ ਕਰਨੀ ਪੈ ਰਹੀ ਹੈ । ਟੀਚਰਾਂ ਨੂੰ ਵੀ ਨਵੇਂ ਸਿਲੇਬਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਉਨ੍ਹਾਂ ਨੂੰ ਵੀ ਨਵੇਂ ਸਿਲੇਬਸ ਦੇ ਮੁਤਾਬਿਕ ਪੜ੍ਹਾਉਣਾ ਮੁਸ਼ਕਲ ਹੈ। ਇਸ ਲਈ, ਸਪੀਕਰ ਸਾਹਿਬ, ਇਕ ਦੱਮ ਸਿਖਿਆ ਦਾ ਸਿਸਟਮ ਚੇਂਜ ਨਹੀਂ ਕਰਨਾ ਚਾਹੀਦਾ। ਮੇਰੀ ਗੁਜ਼ਾਰਿਸ਼ ਹੈ ਕਿ ਪੰਜਾਬ ਸਰਕਾਰ ਉਨ੍ਹਾਂ ਟੀਚਰਾਂ ਨੂੰ ਨਵੇਂ ਸਿਲੇਬਸ ਦੇ ਮੁਤਾਬਿਕ ਪਹਿਲਾਂ ਟ੍ਰੇਨਿੰਗ ਦੇਵੇ ਅਤੇ ਫਿਰ ਹੌਲੀ ਹੌਲੀ ਲਾਗੂ ਕਰੇ । ਸਕੂਲਾਂ ਅੰਦਰ ਉਨ੍ਹਾਂ ਟੀਚਰਾਂ ਨੂੰ ਟ੍ਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ ਉਨ੍ਹਾਂ ਨੂੰ ਪਰਾਪਰ ਕਿਤਾਬਾਂ ਮਿਲਣ ਅਤੇ ਪਰਾਪਰ ਹੋਰ ਸਾਮਾਨ ਮਿਲੇ ਤਾਕਿ ਪ੍ਰੋਫੈਸਰ ਨਵੇਂ ਸਿਲੇਬਸ ਦੇ ਮੁਤਾਬਿਕ ਆਪਣੇ ਆਪ ਨੂੰ ਚਲਾ ਸਕਣ।

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿਚ 10+2 ਸਿਸਟਮ ਐਜੂਕੇਸ਼ਨ ਦਾ ਰਿਕੁਮੈਂਡ ਕੀਤਾ ਹੈ। ਸਪੀਕਰ ਸਾਹਿਬ, 10+2 ਸਿਸਟਮ ਪਹਿਲਾਂ ਸਕੂਲਾਂ ਅੰਦਰ ਟੀਚਰਾਂ ਨੂੰ ਟ੍ਰੇਨਿੰਗ ਦੇ ਕੇ ਲਾਗੂ ਕਰਨਾ ਚਾਹੀਦਾ ਹੈ ਅਤੇ ਫਿਰ ਕਾਲਜਾਂ ਵਿਚ 10+2 ਸਿਸਟਮ ਲਾਗੂ ਕਰਨਾ ਚਾਹੀਦਾ ਹੈ ਕਿਉਂਕਿ ਬੱਚਾ ਪਹਿਲਾਂ ਸਕੂਲਾਂ ਅੰਦਰ ਕਾਫੀ ਕੁੱਝ ਸਿਖ ਸਕਦਾ ਹੈ ਅਤੇ ਉਥੇ ਹੀ ਉਸ ਦਾ ਬੇਸ ਬਣਦਾ ਹੈ।

ਸਪੀਕਰ ਸਾਹਿਬ, ਪੰਜਾਬ ਇਕ ਬਹੁਤ ਵੱਡਾ ਸੂਬਾ ਹੈ । ਪੰਜਾਬ ਅੰਦਰ ਕੋਈ ਬਹੁਤ ਵੱਡਾ ਪਹਿਲਵਾਨ ਨਹੀਂ ਹੈ। ਕਬੱਡੀ, ਕ੍ਰਿਕਟ ਅਤੇ ਹੋਰ ਦੂਜੀਆਂ ਗੇਮਾਂ ਵਿੱਚ ਅਸੀਂ ਪਿਛੇ ਹਾਂ ਅੱਜ ਸਾਨੂੰ ਅੱਗੇ ਜਾਣ ਵਾਸਤੇ ਪੰਜਾਬ ਸਰਕਾਰ ਨੂੰ ਖੇਡਾਂ ਦੇ ਮੈਦਾਨ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਜ਼ਰੂਰ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਅੰਦਰ, ਸਪੀਕਰ ਸਾਹਿਬ, ਲੇਖਕ, ਕਵੀ, ਸ਼ਾਇਰ ਅਤੇ ਸਾਹਿਤਕਾਰ ਹਨ, ਉਨ੍ਹਾਂ ਬਾਰੇ ਕੋਈ ਸਕੀਮ ਗਵਰਨਰ ਸਾਹਿਬ ਦੇ ਐਡਰੈਸ ਵਿਚ ਨਹੀਂ ਕਹੀ ਗਈ। ਇਨ੍ਹਾਂ ਵੱਲ ਵੀ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ । ਸਪੀਕਰ ਸਾਹਿਬ, ਪਠਾਨਕੋਟ ਨੂੰ ਕੁਦਰਤ ਨੇ ਚੰਗੀ ਥਾਂ ਦਿੱਤੀ ਹੈ ਪਰ ਪਠਾਨਕੋਟ ਦਾ ਬਿਜ਼ਨੈਸ ਬਿਲਕੁਲ ਤਬਾਹ ਹੋ ਗਿਆ ਹੈ ਪਿਛਲੀ ਪੰਜਾਬ ਸਰਕਾਰ ਦੀ ਗਲਤ ਟੈਕਸੇਸ਼ਨ ਦੀ ਪਾਲਿਸੀ ਕਰਕੇ ਇਹ ਸਭ ਕੁੱਝ ਹੈ । ਸਪੀਕਰ ਸਾਹਿਬ, ਨੂਰਪੁਰ ਵਿਚ ਮਾਰਕਿਟ ਫੀਸ, ਪਠਾਨਕੋਟ ਵਿਚ ਮਾਰਕਿਟ ਫੀਸ 4% ਹੈ ਪਰ ਜਨੂੜ ਵਿਚ ਮਾਰਕਿਟ ਫੀਸ 1% ਹੈ। ਇਸ ਤਰੀਕੇ ਨਾਲ ਵਪਾਰੀ ਸੋਚੇਗਾ ਕਿ ਦੋ ਤਿੰਨ ਸੌ ਰੁਪਿਆ ਘਰ ਬੈਠੇ ਬਣ ਜਾਂਦਾ ਹੈ। ਡਿੰਬਰ ਮਾਰਕਿਟ ਪਠਾਨਕੋਟ ਦੀ ਅਛੂਤ ਰਹਿ ਗਈ ਹੈ। ਇਸ ਲਈ, ਸਪੀਕਰ ਸਾਹਿਬ, ਵਰਤਮਾਨ ਸਰਕਾਰ ਨੂੰ ਇਸ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ । ਪਠਾਨਕੋਟ ਤੋਂ ਕੋਈ ਗੱਡੀ ਨਹੀਂ ਚਲਦੀ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਨਿਵੇਦਨ ਕਰੂੰਗਾ ਕਿ ਗੱਡੀਆਂ ਪਠਾਨਕੋਟ ਤੋਂ ਚਲਾਉਣ ਬਾਰੇ ਸੈਂਟਰ ਸਰਕਾਰ ਨੂੰ ਲਿਖਣ ਕਿ ਗੱਡੀਆਂ ਪਠਾਨਕੋਟ ਤੋਂ ਚਲਣੀਆਂ ਚਾਹੀਦੀਆਂ ਹਨ । ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ ਗਲੀਆਂ, ਨਾਲੀਆਂ ਅਤੇ ਸੜਕਾਂ ਦੀ ਮਾੜੀ ਹਾਲਤ ਹੈ। ਪਠਾਨਕੋਟ ਜਿਤਨਾ ਖੂਬਸੂਰਤ ਸ਼ਹਿਰ ਹੈ ਪਰ, ਸਪੀਕਰ ਸਾਹਿਬ, ਪਿਛਲੀ ਕਾਂਗਰਸ ਸਰਕਾਰ ਨੇ 40 ਸਾਲ ਮੇਰੇ ਇਲਾਕੇ ਲਈ ਕੁੱਝ ਨਹੀਂ ਕੀਤਾ । ਇਸ ਲਈ ਹੁਣ ਜਿਹੜੀ ਅਕਾਲੀਆਂ ਦੀ ਨਵੀਂ ਸਰਕਾਰ ਆਈ ਹੈ, ਇਸ ਨੂੰ ਚਾਹੀਦਾ ਹੈ ਕਿ ਸਾਰੇ ਤਬਕਿਆਂ ਨੂੰ ਨਾਲ ਲੈ ਕੇ ਅਤੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਔਰ ਪਠਾਨਕੋਟ ਦੇ ਇਲਾਕੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।

ਸਰਦਾਰ ਹਰਦੀਪਿੰਦਰ ਸਿੰਘ (ਲੰਬੀ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਅੱਜ ਮੇਰੀ ਪਾਰਟੀ ਦੇ ਟਾਈਮ ਵਿਚੋਂ ਬੋਲਣ ਦਾ ਸਮਾ ਦਿੱਤਾ ਹੈ।ਮੈਂ ਗਵਰਨਰ ਸਾਹਿਬ ਦਾ ਜਿਹੜੇ ਕਿ ਏਨੇ ਚੰਗੇ ਸਟੇਟਸਮੈਨ ਹਨ ਅਤੇ ਜਿਨ੍ਹਾਂ ਨੇ ਆਪਣੀਆਂ ਦੁੱਖ ਦੀਆਂ ਅਤੇ ਹਿਊਮਿਲਿਟੀ ਦੀਆਂ ਭਾਵਨਾਵਾਂ ਦਾ ਬੜੇ ਸੁੰਦਰ ਸ਼ਬਦਾਂ ਵਿੱਚ ਵਰਨਣ ਕੀਤਾ ਹੈ, ਵੀ ਬੜਾ ਧੰਨਵਾਦੀ ਹਾਂ ਅਤੇ ਮੈਂ ਉਨ੍ਹਾਂ ਤੋਂ ਇਹੀ ਤਵੱਕੋ ਰਖਦਾ ਸੀ। ਅੱਜ ਅਸੀਂ ਜਿਹੜੇ ਏਥੇ ਸਾਰੇ ਬਿਰਾਜਮਾਨ ਹਾਂ, ਉਹ ਸੰਤ ਹਰਚੰਦ ਸਿੰਘ ਜੀ ਦੀ ਕੁਰਬਾਨੀ ਦੀ ਹੀ ਦੇਣ ਹੈ। ਸੰਤ ਜੀ ਨੇ ਆਪ ਸ਼ਹਾਦਤ ਦਿੱਤੀ ਔਰ ਪੰਜਾਬ ਦੇ ਹਾਲਾਤ ਨੂੰ ਸੁਧਾਰਣ ਲਈ ਜਾਨ ਦੀ ਬਾਜ਼ੀ ਲਗਾ ਦਿੱਤੀ।

ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਪਹਿਲਾਂ ਵੀ ਅਤੇ ਅੱਜ ਵੀ ਇਹ ਗੱਲ ਲਿਆ ਰਿਹਾ ਹਾਂ ਕਿ ਜਿਹੜੇ ਜੋਧਪੁਰ ਵਿੱਚ ਮੇਰੇ ਭਾਈ, ਬੀਬੀਆਂ ਅਤੇ ਬੱਚੇ ਰਖੇ ਹਨ, ਉਹ ਸਭ ਦੇ ਸਭ ਯਾਤਰੀ ਸਨ। ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਪਕੜ ਕੇ ਜੋਧਪੁਰ ਲਿਜਾ ਕੇ ਤਾੜ ਛੱਡਿਆ ਹੈ । ਅਜ ਅਗਰ

Original with;
Punjab Vidhan Sabha
Digitized by;
Panjab Digital Library

ਬਾਹਰ ਕੋਈ ਗੱਲ ਹੁੰਦੀ ਹੈ ਤਾਂ ਕਹਿੰਦੇ ਹਨ ਕਿ ਉਨ੍ਹਾਂ ਤੇ ਤਾਂ ਸਭ ਤੋਂ ਸੰਗੀਨ ਜੁਰਮ ਲੱਗੇ ਹੋਏ ਹਨ, ਉਨ੍ਹਾਂ ਤੇ ਤਾਂ ਸੀ.ਬੀ.ਆਈ. ਦੀ ਇਨਕੁਆਇਰੀ ਚਲ ਰਹੀ ਹੈ, ਉਨ੍ਹਾਂ ਤੇ ਯੇ ਹੈ ਅਤੇ ਉਨ੍ਹਾਂ ਤੇ ਵੋ ਹੈ। ਸਪੀਕਰ ਸਾਹਿਬ, ਉਹ ਤਾਂ ਬੜੇ ਵਧਾਈ ਦੇ ਪਾਤਰ ਹਨ ਅਤੇ ਉਨ੍ਹਾਂ ਦੀ ਤਾਂ ਸਾਨੂੰ ਪ੍ਰਸ਼ੰਸਾ ਕਰਨੀ ਚਾਹੀਦੀ ਹੈ। ਪੰਜਾਬ ਦੀ ਗੌਰਮਿੰਟ ਨੂੰ ਚਾਹੀਦਾ ਹੈ ਕਿ ਉਹ ਇਕ ਇਕ ਨੂੰ ਰਿਹਾਅ ਕਰਵਾਏ ਅਤੇ ਉਨ੍ਹਾਂ ਦੀ ਰੀ-ਸੈਟਲਮੈਂਟ ਕਰੇ। ਉਨ੍ਹਾਂ ਵਰਗੇ ਹੀ ਹੋਰ ਜਿਹੜੇ ਪੰਜਾਬ ਦੇ ਨੌਜਵਾਨ ਹਨ, ਉਨ੍ਹਾਂ ਨੂੰ ਪੇਂਡੂ ਦਿਹਾਤੀ ਟਰਾਂਸਪੋਰਟ ਦੇ ਪਰਮਿਟ ਦਿੱਤੇ ਜਾਣ ਤਾਂ ਜੋ ਇਕ ਤਾਂ ਜਿਹੜੀ ਉਨ੍ਹਾਂ ਦੀ ਕੁਰਬਾਨੀ ਹੈ,

2.55 P.M. (ਇਸ ਸਮੇਂ ਸਰਦਾਰ ਜਸਦੇਵ ਸਿੰਘ ਸੰਧੂ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਸਦਨ ਦੀ ਕੁਰਸੀ ਸੰਭਾਲੀ।)

ਉਨ੍ਹਾਂ ਨੂੰ ਉਸਦਾ ਸਿਲਾ ਮਿਲੇ ਅਤੇ ਦੂਜੇ ਬੇਕਸੂਰ ਨੌਜਵਾਨ ਤਬਕੇ ਨੂੰ ਇਹ ਮਹਿਸੂਸ ਹੋਵੇ ਕਿ ਪੰਜਾਬ ਸਰਕਾਰ ਨੌਜਵਾਨਾਂ ਦੀ ਭਲਾਈ ਲਈ ਬਹੁਤ ਕੁੱਝ ਕਰ ਰਹੀ ਹੈ ਅਤੇ ਨਾਲ ਦੀ ਨਾਲ ਪਿੰਡਾਂ ਦੀ ਭਲਾਈ ਵੀ ਕਰ ਰਹੀ ਹੈ।

ਚੇਅਰਮੈਨ ਸਾਹਿਬ, ਅੱਗੇ ਤੁਹਾਡਾ ਧਿਆਨ ਮੈਂ ਕੀਮਤਾਂ ਵਲ ਲਿਜਾਣਾ ਚਾਹੁੰਦਾ ਹਾਂ। ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਖੇਤੀ ਦਾ ਹੀ ਇੱਥੇ ਮੁੱਢਲਾ ਕੰਮ ਹੈ ਪਰ ਖੇਤੀ ਦੇ ਭਾਅ ਦੂਜੇ ਅਦਾਰਿਆਂ ਵਾਂਗ ਫਿਕਸ ਨਹੀਂ ਹੁੰਦੇ। ਮੇਰਾ ਭਾਵ ਹੈ ਕਿ ਮਹਿੰਗਾਈ ਭੱਤੇ ਵਾਂਗ ਉਨ੍ਹਾਂ ਦਾ ਬੰਦੋਬਸਤ ਨਹੀਂ ਹੁੰਦਾ। ਜਿਵੇਂ ਜਿਵੇਂ ਹੋਰ ਚੀਜ਼ਾਂ ਦੀਆਂ ਕੀਮਤਾਂ ਦੇ ਭਾਅ ਵਧਣ, ਉਵੇਂ ਹੀ ਖੇਤੀ ਦੇ ਭਾਅ ਵੀ ਵਧਣ। ਜਿੰਨਾਂ ਚਿਰ ਇਹ ਬੰਦੋਬਸਤ ਨਹੀਂ ਹੋਵੇਗਾ, ਉਨ੍ਹਾਂ ਚਿਰ ਪੰਜਾਬ ਦੀ ਖੇਤੀ ਅੱਗੇ ਨਹੀਂ ਵਧ ਸਕਦੀ। ਜੇ ਪੰਜਾਬ ਦਾ ਕਿਸਾਨ ਅਤੇ ਪੰਜਾਬ ਦੀ ਖੇਤੀ ਪਿੱਛੇ ਚਲੀ ਗਈ ਤਾਂ ਹਿੰਦੁਸਤਾਨ ਵੀ ਪਿਛੇ ਚਲਾ ਜਾਵੇਗਾ। ਇਹ ਕੌਸਟ ਬੇਸਡ ਪ੍ਰਾਈਸ ਸਟਰੱਕਚਰ ਜਿਹੜਾ ਹੈ, ਇਹ ਇਕ ਬੜਾ ਜ਼ਰੂਰੀ ਅੰਗ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਅਗਲੇ ਆਉਣ ਵਾਲੇ ਸਮੇਂ ਵਿੱਚ ਮਿਲ ਕੇ ਜ਼ੋਰ ਲਾਉਣਾ ਪਵੇਗਾ ਤਾਂ ਹੀ ਗੱਲ ਬਣਨੀ ਹੈ। ਚੇਅਰਮੈਨ ਸਾਹਿਬ, ਖੇਤੀ ਮਜ਼ਦੂਰ ਦੀ ਦਿਹਾੜੀ ਤੋਂ ਬਿਨਾਂ ਹੋਰ ਸਾਰੀ ਦਿਹਾੜੀ ਗੌਰਮਿੰਟ ਆਪ ਮਿੱਥਦੀ ਹੈ ਅਤੇ ਕੀਮਤਾਂ ਦੇਖ ਕੇ ਮਿੱਥਦੀ ਹੈ। ਪਰ ਜੱਟ ਦੇ ਸਮਾਨ ਦੀਆਂ ਕੀਮਤਾਂ ਕਿਵੇਂ ਮਿੱਥੀਆਂ ਜਾਂਦੀਆਂ ਹਨ ਉਹ ਕਦੋਂ ਮਿੱਥੀਆਂ ਜਾਂਦੀਆਂ ਹਨ। ਉਹ ਇਸ ਤਰ੍ਹਾਂ ਮਿੱਥੀ ਜਾਂਦੀਆਂ ਹਨ ਕਿ ਜਦੋਂ ਦੇਖ ਲਿਆ ਜਾਂਦਾ ਹੈ ਕਿ ਮਾਲ ਏਨਾ ਜ਼ਿਆਦਾ ਹੋਵੇਗਾ, ਤਾਂ ਕੀਮਤਾਂ ਘਟਾ ਦਿਓ ਅਤੇ ਜਦੋਂ ਦੇਖਿਆ ਕਿ ਮਾਲ ਘੱਟ ਹੋਵੇਗਾ ਅਤੇ ਖਰਚ ਏਨਾ ਹੋਇਆ ਹੋਵੇਗਾ ਤਾਂ ਦੋ ਕੁ ਰੁਪਏ ਵਧਾ ਦਿਓ। ਐਤਕੀਂ ਚੌਲਾਂ ਨਾਲ ਕੀ ਹੋਇਆ ? ਪਿਛਲੇ ਸਾਲ ਕਣਕ ਨਾਲ ਕੀ ਹੋਇਆ ਸੀ ? ਇਹ ਬਹੁਤ ਗੰਭੀਰ ਗੱਲਾਂ ਹਨ। ਐਤਕੀਂ ਹੁਣ ਕਪਾਹ ਦੀ ਫਸਲ ਮੰਡੀਆਂ ਵਿੱਚ ਆ ਕੇ ਵਿਕਣ ਵੀ ਲੱਗ ਗਈ ਹੈ। 700/- ਰੁਪਿਆ ਕੁਇੰਟਲ ਦਾ ਭਾਅ ਪਿਛਲੇ ਸਾਲ ਦਾ ਸੀ ਜਦ ਕਿ ਐਤਕੀਂ 450/- ਰੁਪਏ ਹੈ ਔਰ ਹਾਲੇ ਤੱਕ ਵੀ ਐਗਰੀਕਲਚਰ ਪ੍ਰਾਈਸ ਕਮਿਸ਼ਨ ਨੇ ਕੋਈ ਭਾਅ ਨਹੀਂ ਮਿਥਿਆ। ਹੁਣ ਜਦ ਕਿ ਅੱਧੀ ਤੋਂ ਜ਼ਿਆਦਾ ਫਸਲ ਮੰਡੀਆਂ ਵਿਚ ਆ ਵੀ ਗਈ ਹੈ, ਤਾਂ ਭਾਅ ਹਾਲੇ ਤੱਕ ਵੀ ਨਹੀਂ ਮਿਥਿਆ ਗਿਆ, ਇਹ ਕਦੋਂ ਮਿਥਿਆ ਜਾਵੇਗਾ। ਮੈਂ ਕਹਿੰਦਾ ਹਾਂ ਕਿ ਇਸ ਖਰੀਦ ਵਿੱਚ ਸਟੇਟ ਗੌਰਮਿੰਟ ਨੂੰ ਵੀ ਆਪਣਾ ਬਹੁਤ ਸਾਰਾ ਹਿੱਸਾ ਪਾਉਣਾ ਚਾਹੀਦਾ ਹੈ। ਜੋ ਗੱਲ ਚੌਲਾਂ ਵਿੱਚ ਹੋ ਚੁੱਕੀ ਹੈ, ਉਹ ਗੱਲ ਫੇਰ ਨਾ ਦੁਹਰਾਈ ਜਾਵੇ। ਚੌਲਾਂ ਵਿੱਚ ਕੀਮਤਾਂ ਤਾਂ ਵਧ ਗਈਆਂ ਪਰ ਲੈਣ ਵਾਲਾ ਹੀ ਕੋਈ ਨਾ ਰਿਹਾ। ਇਹ ਕੱਲ੍ਹ ਦਾ ਹੀ ਰਿਕਾਰਡ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਦੀਪਿੰਦਰ ਸਿੰਘ]

ਐਫ.ਸੀ.ਆਈ. ਨੂੰ ਤਾਂ ਸਾਰੇ ਬਲੇਮ ਕਰੀ ਜਾਂਦੇ ਹਨ ਕਿ ਉਸ ਨੇ ਕੁੱਝ ਨਹੀਂ ਲਿਆ ਪਰ ਮੈਂ ਕਹਿੰਦਾ ਹਾਂ ਕਿ ਬਾਕੀ ਜਿਹੜੇ ਪੰਜਾਬ ਗੌਰਮਿੰਟ ਦੇ ਆਪਣੇ ਅਦਾਰੇ ਹਨ, ਉਨ੍ਹਾਂ ਨੇ ਵੀ ਕਿੰਨਾਂ ਕੁ ਲੈ ਲਿਆ । ਜੇ ਐਫ.ਸੀ.ਆਈ. ਨੇ 15 ਲੱਖ ਟਨ ਲਿਆ ਹੈ ਤਾਂ ਉਨ੍ਹਾਂ ਨੇ 5 ਲੱਖ ਟਨ ਲਿਆ ਹੈ। ਇਹ ਇਸ ਕਰਕੇ ਹੋਇਆ ਕਿ ਅਫਸਰਸ਼ਾਹੀ ਆਪਣੇ ਤੇ ਬਹੁਤ ਹਾਵੀ ਹੈ। ਉਨ੍ਹਾਂ ਨੂੰ ਦਰੁਸਤ ਕਰਕੇ ਰਸਤੇ ਤੇ ਲਿਆਉਣਾ ਪਵੇਗਾ ਤਾਂ ਹੀ ਜਾ ਕੇ ਪੰਜਾਬ ਦੀ ਤਰੱਕੀ ਹੋਣੀ ਹੈ ।

ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਮੈਂ ਤੁਹਾਡਾ ਧਿਆਨ ਗਵਰਨਰ ਸਾਹਿਬ ਦੇ ਐਡਰੈਸ ਦੇ ਵਿੱਚ ਦਿੱਤੇ ਹੋਏ ਬਿਆਨ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਦੋ ਪੇਂਡੂ ਬੈਂਕ ਖੋਲ੍ਹਣ ਦਾ ਫੈਸਲਾ ਕੀਤਾ ਹੈ। ਇਹ ਪੇਂਡੂ ਬੈਂਕ 4 ਜ਼ਿਲ੍ਹਿਆਂ ਵਾਸਤੇ ਹਨ ਜਿਵੇਂ ਪਟਿਆਲਾ, ਬਠਿੰਡਾ ਫਰੀਦ-ਕੋਟ ਅਤੇ ਇਕ ਹੋਰ ਜ਼ਿਲ੍ਹਾ ਹੈ। ਮੈਂ ਸਰਕਾਰ ਤੋਂ ਇਹ ਮੰਗ ਕਰਦਾ ਹਾਂ ਕਿ ਜੇਕਰ ਸੱਚੀਮੁੱਚੀ ਪੇਂਡੂ ਬੈਂਕ ਹੋਣੇ ਚਾਹੀਦੇ ਹਨ ਤਾਂ ਉਨ੍ਹਾਂ ਨੂੰ ਡਿਸਟ੍ਰਿਕਟ ਹੈਡਕੁਆਰਟਰ ਤੇ ਨਹੀਂ ਬਲਕਿ ਐਕਚੁਅਲੀ ਪੇਂਡੂ ਇਲਾਕਿਆਂ ਵਿਚ ਹੀ ਖੋਲ੍ਹਣਾ ਚਾਹੀਦਾ ਹੈ। ਮੈਂ ਇਹ ਮੰਗ ਕਰਦਾ ਹਾਂ ਕਿ ਜਿਹੜਾ ਇਕ ਬੈਂਕ ਬਠਿੰਡਾ ਅਤੇ ਫਰੀਦਕੋਟ ਲਈ ਹੈ, ਉਹ ਲੰਬੀ ਕੰਸਟੀਚੂਐਂਸੀ ਦੇ ਕਿਸੇ ਪਿੰਡ ਵਿੱਚ ਖੋਲ੍ਹਿਆ ਜਾਵੇ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਪਤਾ ਲਗੇ ਕਿ ਅਕਾਲੀ ਸਰਕਾਰ, ਹੁਣ ਦੀ ਪੰਜਾਬ ਸਰਕਾਰ ਸੱਚੀਮੁੱਚੀ ਪੇਂਡੂ ਹਿੱਤਾਂ ਨੂੰ ਆਪਣੇ ਸਾਹਮਣੇ ਰਖਦੀ ਹੈ।

ਚੇਅਰਮੈਨ ਸਾਹਿਬ, ਨਾਲ ਨਾਲ ਮੈਂ ਇਹ ਵੀ ਮੰਗ ਕਰਦਾ ਹਾਂ ਕਿ ਮੇਰੇ ਵੀਰ ਹਰੀਜਨ ਭਰਾਵਾਂ ਦੀਆਂ ਧਰਮਸ਼ਾਲਾਂ ਸਾਡੀ ਅਕਾਲੀ ਸਰਕਾਰ ਨੇ, ਬਾਦਲ ਸਾਹਿਬ ਦੀ ਸਰਕਾਰ ਨੇ ਬਣ-ਵਾਈਆਂ ਸਨ। ਉਸ ਤੋਂ ਬਾਅਦ ਪਿਛਲੀ ਸਰਕਾਰ ਨੇ ਧਰਮਸ਼ਾਲਾਂ ਵਾਸਤੇ ਗਰਾਂਟਾਂ ਦੇਣੀਆਂ ਬੰਦ ਕਰ ਦਿੱਤੀਆਂ ਅਤੇ ਉਨ੍ਹਾਂ ਦੀ ਸਿਰਫ ਮੁਰੰਮਤ ਵਾਸਤੇ ਥੋੜ੍ਹਾ ਬਹੁਤ ਪੈਸਾ ਦਿੱਤਾ ਜਿਹੜਾ ਕਿ ਕਿਸੇ ਪਾਸੇ ਵੀ ਨਹੀਂ ਲਗਿਆ। ਹੁਣ ਜਿਹੜੀਆਂ ਧਰਮਸ਼ਾਲਾਂ ਅਧੂਰੀਆਂ ਖੜੀਆਂ ਹਨ, ਉਨ੍ਹਾਂ ਵਾਸਤੇ ਗਰਾਂਟਾਂ ਪੂਰੀਆਂ ਦਿੱਤੀਆਂ ਜਾਣ, ਜਿਸ ਨਾਲ ਉਹ ਪੂਰੀਆਂ ਹੋ ਸਕਣ ਅਤੇ ਉਨ੍ਹਾਂ ਦੀ ਮੁਰੰਮਤ ਵੀ ਹੋ ਸਕੇ ਅਤੇ ਜਿਥੇ ਹਾਲੇ ਤੱਕ ਨਹੀਂ ਹਨ, ਉਥੇ ਨਵੀਆਂ ਹਰੀਜਨ ਧਰਮਸ਼ਾਲਾਂ ਬਣ ਸਕਣ। ਇਸ ਤੋਂ ਇਲਾਵਾ ਹਰੀਜਨ ਭਰਾਵਾਂ ਦੇ ਜਿਹੜੇ ਮੁਫਾਦ-ਬਖਸ਼ ਪੈਂਦੇ ਹਨ, ਉਨ੍ਹਾਂ ਤੇ ਸਾਨੂੰ ਲੋਨ ਦੇਣੇ ਚਾਹੀਦੇ ਹਨ। ਜਿਸ ਤਰ੍ਹਾਂ ਉਨ੍ਹਾਂ ਨੂੰ ਲੋਨ ਦਿੱਤੇ ਜਾਂਦੇ ਹਨ ਉਹ ਪ੍ਰਾਸੈਸ ਏਨਾ ਲੰਬਾ ਹੋ ਜਾਂਦਾ ਹੈ ਕਿ ਡਾਕਟਰਾਂ ਨੂੰ, ਅਫਸਰਾਂ ਨੂੰ ਹੇਰਾਫੇਰੀ ਕਰਨ ਦਾ ਵੀ ਮੌਕਾ ਮਿਲ ਜਾਂਦਾ ਹੈ ਅਤੇ ਪੈਸਾ ਉਨ੍ਹਾਂ ਤੱਕ ਨਹੀਂ ਪਹੁੰਚ ਸਕਦਾ ਅਤੇ ਉਨ੍ਹਾਂ ਪਾਸ ਕੋਈ ਕੰਮ ਨਹੀਂ ਰਹਿੰਦਾ।ਇਹ ਜਿਹੜੀਆਂ ਸਕੀਮਾਂ ਹਨ, ਇਨ੍ਹਾਂ ਨੂੰ ਸੋਧ ਕੇ ਜਾਂ ਕੋਈ ਨਵੀਆਂ ਸਕੀਮਾਂ ਬਣਾ ਕੇ ਹਰੀਜਨ ਭਰਾਵਾਂ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਮੈਂ ਕੁੱਝ ਪੇਂਡੂ ਜ਼ਿੰਦਗੀ ਵੱਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਪਿੰਡਾਂ ਵਿਚ ਜਿਹੜੇ ਪੰਜਾਬ ਗੌਰਮਿੰਟ ਦੇ ਵਾਟਰ ਵਰਕਸ ਹਨ, ਉਨ੍ਹਾਂ ਦੇ ਨਵੇਂ ਕੁਨੈਕਸ਼ਨ ਦੇਣੇ ਪਿਛਲੀ ਗੌਰਮਿੰਟ ਨੇ ਬੰਦ ਕਰ ਦਿੱਤੇ ਸਨ। ਇਹ ਪੇਂਡੂ ਜਨਤਾ ਨਾਲ ਸਰਾਸਰ ਧੱਕਾ ਹੈ। 100 ਵਿਚੋਂ 85 ਆਦਮੀ ਪਿੰਡਾਂ ਵਿਚ ਰਹਿੰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਪਿੰਡਾਂ ਵਾਲਿਆਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਸ਼ਹਿਰ ਦੇ ਵਿਚ ਹਰ ਆਦਮੀ ਨੂੰ ਪੈਸੇ ਭਰ ਕੇ ਨਵੀਂ ਟੂਟੀ ਦਾ ਕੁਨੈਕਸ਼ਨ ਮਿਲ ਸਕਦਾ ਹੈ ਪਰ ਪੇਂਡੂ ਲੋਕਾਂ ਵਾਸਤੇ ਇਸ ਉਤੇ ਟੋਟਲ ਬੈਨ ਲਗੀ ਹੋਈ ਹੈ। ਐਸ. ਈ. 2-3 ਦਿਨ ਭਰਾਈ ਕਰਵਾ ਕੇ ਜਵਾਬ ਦੇ ਦਿੰਦਾ ਹੈ। ਉਹ ਕਹਿ ਦਿੰਦਾ ਹੈ ਕਿ ਪੈਸੇ ਭਰਨੇ ਹਨ ਤਾਂ ਬੇਸ਼ੱਕ ਭਰ ਦਿਓ ਪਰ ਕੁਨੈਕਸ਼ਨ ਹਾਲੇ ਨਹੀਂ ਮਿਲ ਸਕਦਾ। ਇਹ ਜਿਹੜੀ ਬੈਨ ਲਗਾਈ

Original with;
Punjab Vidhan Sabha
Digitized by;
Panjab Digital Library

ਹੋਈ ਹੈ ਇਹ ਗੌਰਮਿੰਟ ਨੂੰ ਤੁਰੰਤ ਹਟਾ ਦੇਣੀ ਚਾਹੀਦੀ ਹੈ। ਲੋਕਾਂ ਨੂੰ ਪਾਣੀ ਦੀ ਵਰਤੋਂ ਦਾ ਤਰੀਕਾ ਆ ਗਿਆ ਹੈ। ਹਰ ਆਦਮੀ ਹੁਣ ਵਾਟਰ ਵਰਕਸ ਦਾ ਪਾਣੀ ਹੀ ਚਾਹੁੰਦਾ ਹੈ। ਇਥੋਂ ਤਕ ਕਿ ਪਸ਼ੂ ਵੀ ਹੁਣ ਛੱਪੜ ਦਾ ਪਾਣੀ ਪੀਣਾ ਭੁਲ ਗਏ ਹਨ। ਇਸ ਲਈ ਪੇਂਡੂ ਲੋਕਾਂ ਦੀਆਂ ਪਾਣੀ ਨਾਲ ਸਬੰਧਤ ਲੋੜਾਂ ਵੱਲ ਧਿਆਨ ਦੇ ਕੇ ਜ਼ਰੂਰੀ ਬੰਦੋਬਸਤ ਕਰਨਾ ਚਾਹੀਦਾ ਹੈ।

ਇਸ ਤੋਂ ਅੱਗੇ, ਚੇਅਰਮੈਨ ਸਾਹਿਬ, ਤੁਹਾਡਾ ਧਿਆਨ ਸੀਵਰੇਜ ਡਿਸਪੋਜ਼ਲ ਵਲ ਦਿਵਾਉਣਾ ਚਾਹੁੰਦਾ ਹਾਂ। ਕੀ ਪੇਂਡੂ ਲੋਕਾਂ ਨੂੰ ਇਹ ਹੱਕ ਨਹੀਂ ਕਿ ਉਹ ਵੀ ਸੀਵਰੇਜ ਸਿਸਟਮ ਦੀ ਤਵੱਕੋ ਕਰਨ ? ਕੀ ਉਨ੍ਹਾਂ ਨੂੰ ਇਹ ਹੱਕ ਨਹੀਂ ਕਿ ਉਹ ਵੀ ਇਸ ਗੱਲ ਦੀ ਮੰਗ ਕਰਨ ਕਿ ਉਨ੍ਹਾਂ ਵਾਸਤੇ ਸਫਾਈ ਦਾ ਬੰਦੋਬਸਤ ਹੋਵੇ ? ਪਰ ਸਾਡੇ ਵਿਚ ਇਹੋ ਜਿਹੀ ਕੋਈ ਸਕੀਮ ਨਹੀਂ। ਪਹਿਲਾਂ ਵੀ ਨਹੀਂ ਸੀ ਅਤੇ ਹੁਣ ਵੀ ਨਹੀਂ ਹੈ ਜਿਸ ਵਿਚ ਸੀਵਰੇਜ ਦੀ ਡਿਸਪੋਜ਼ਲ ਦਾ ਬੰਦੋਬਸਤ ਹੋਵੇ। ਪਿੰਡਾਂ ਵਿਚ ਸੀਵਰੇਜ ਦਾ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਖਾਦ ਵੀ ਮੁਹੱਈਆ ਹੁੰਦੀ ਹੈ ਅਤੇ ਪਿੰਡਾਂ ਵਿਚ ਸਫਾਈ ਵੀ ਰਹਿੰਦੀ ਹੈ। ਮੰਡੀ ਡੱਬਵਾਲੀ ਇਕ ਕਸਬਾ ਮੇਰੇ ਹਲਕੇ ਦੇ ਵਿਚ ਹੈ। ਉਸ ਦੀਆਂ 2 ਗਲੀਆਂ ਹਰਿਆਣੇ ਦੇ ਨਾਲ ਲਗਦੀਆਂ ਹਨ ਅੌਰ ਉਥੇ 'ਬੀ' ਕਲਾਸ ਮੰਡੀ ਵੀ ਮਨਜ਼ੂਰ ਹੋਈ ਹੋਈ ਹੈ। ਉਸ ਵਿਚ ਉਹ ਸਾਰੀਆਂ ਸਹੂਲਤਾਂ ਨਹੀਂ ਹਨ ਜਿਹੜੀਆਂ ਕਿ ਨਾਲ ਲਗਦੇ ਹਰਿਆਣੇ ਦੇ ਵਿਚ ਹਨ। ਹਰਿਆਣੇ ਵਾਲਿਆਂ ਦਾ ਪਾਣੀ ਦਾ ਵੀ ਅਤੇ ਸੀਵਰੇਜ ਦਾ ਬੰਦੋਬਸਤ ਵੀ ਚੰਗਾ ਹੈ ਅਤੇ ਉਥੇ ਯਾਰਡ ਵੀ ਦੋ ਹਨ। ਇਸੇ ਤਰ੍ਹਾਂ ਕਿਲ੍ਹਿਆਂ ਵਾਲੀ ਮੰਡੀ ਦਾ ਬੁਰਾ ਹਾਲ ਹੈ। ਇਸ ਮੰਡੀ ਦੇ ਸੁਧਾਰ ਵੱਲ ਵੀ ਪੰਜਾਬ ਗੌਰਮਿੰਟ ਨੂੰ ਵਾਰ ਫੁਟਿੰਗ ਤੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਅਸੀਂ ਹਰਿਆਣੇ ਨਾਲੋਂ ਕਿਸੇ ਗੱਲੋਂ ਘੱਟ ਨਾ ਹੋਈਏ। ਉਸ ਮੰਡੀ ਨੂੰ ਨੇੜੇ ਨੇੜੇ ਦੀਆਂ ਸੜਕਾਂ ਦੇ ਨਾਲ ਕੁਨੈਕਟ ਕੀਤਾ ਜਾਵੇ ਤਾਂ ਜੋ ਉਹ ਦੂਸਰੀਆਂ ਮੰਡੀਆਂ ਦੇ ਬਰਾਬਰ ਆ ਸਕੇ।

ਹੁਣ ਚੇਅਰਮੈਨ ਸਾਹਿਬ, ਮੈਂ ਆਪ ਦਾ ਧਿਆਨ ਆਮ ਲਾਅ ਐਂਡ ਆਰਡਰ ਵੱਲ ਦਿਵਾਉਣਾ ਚਾਹੁੰਦਾ ਹਾਂ। ਪਿਛਲੇ 4-5 ਸਾਲਾਂ ਵਿਚ ਹਰ ਆਦਮੀ ਦੇ ਮਨ ਵਿਚ ਡਰ ਪੈਦਾ ਹੋ ਗਿਆ ਸੀ। ਉਸ ਡਰ ਨੂੰ ਦੂਰ ਕਰਨ ਦੇ ਬਹੁਤ ਸਾਰੇ ਹੀਲੇ ਹਨ ਜਿਨ੍ਹਾਂ ਵਿਚੋਂ ਇਕ ਇਹ ਹੈ ਕਿ ਜਿਹੜੇ ਲਾਇਸੰਸਸ਼ੁਦਾ ਹਥਿਆਰ ਹਨ, ਜਿਨ੍ਹਾਂ ਨੂੰ ਹਰ ਆਦਮੀ ਡਰ ਕਰਕੇ ਲੁਕੋ ਕੇ ਰੱਖਦਾ ਹੈ। ਉਨ੍ਹਾਂ ਦੀ ਸਫਾਈ ਕਰਨ ਤੋਂ ਵੀ ਡਰਦਾ ਹੈ ਤਾਂ ਕਿ ਕੋਈ ਦੇਖ ਨਾ ਲਵੇ। ਉਨ੍ਹਾਂ ਹਥਿਆਰਾਂ ਤੇ ਜਿਹੜੀ ਰੋਕ ਲਗਾ ਰੱਖੀ ਹੈ, ਉਸ ਨੂੰ ਤੁਰੰਤ ਹਟਾ ਦੇਣਾ ਚਾਹੀਦਾ ਹੈ। ਇਸ ਨਾਲ ਲੋਕਾਂ ਦਾ ਹੌਂਸਲਾ ਵਧੇਗਾ ਅਤੇ ਉਨ੍ਹਾਂ ਦੇ ਮਨਾਂ ਵਿਚੋਂ ਡਰ ਦੂਰ ਹੋ ਜਾਵੇਗਾ। ਪਿਛਲੇ ਸਾਲਾਂ ਵਿਚ ਇਹ ਵੇਖਣ ਵਿਚ ਆਇਆ ਹੈ ਕਿ ਜਿਹੜੇ ਵੀ ਗੁਨਾਹ ਹੋਏ ਹਨ, ਉਹ ਲਾਇਸੰਸਸ਼ੁਦਾ ਹਥਿਆਰਾਂ ਨਾਲ ਬਹੁਤ ਘਟ ਹੋਏ ਹਨ। ਫਿਰ ਅਸੀਂ ਕਰੋੜਾਂ ਰੁਪਏ ਦੀ ਜਾਇਦਾਦ ਹਥਿਆਰਾਂ ਦੇ ਰੂਪ ਵਿਚ ਕਿਉਂ ਬੰਦ ਕਰ ਛੱਡੀ ਹੈ ?

ਚੇਅਰਮੈਨ ਸਾਹਿਬ, ਹੁਣ ਮੈਂ ਤੁਹਾਡਾ ਧਿਆਨ ਵਿਦਿਆ ਦੇ ਮਸਲੇ ਵਲ ਦਿਵਾਉਣਾ ਚਾਹੁੰਦਾ ਹਾਂ। ਅੰਗਰੇਜ਼ਾਂ ਨੇ ਸਾਨੂੰ ਇਹ ਵਿਦਿਅਕ ਪ੍ਰਣਾਲੀ ਦਿੱਤੀ। ਉਸ ਦੇ ਨਾਲ ਨਾਲ ਡਿਗਰੀ ਸਿਸਟਮ ਚਲ ਪਿਆ। ਇਸ ਨਾਲ ਅਸੀਂ ਹਜ਼ਾਰਾਂ ਕੁਆਲੀਫਾਈਡ ਕਲਰਕਸ ਪੈਦਾ ਕਰਦੇ ਹਾਂ ਹਰ ਆਦਮੀ ਭਾਵੇਂ ਉਹ ਦਸਵੀਂ ਪਾਸ ਹੈ, ਭਾਵੇਂ ਬੀ.ਏ., ਐਮ.ਏ. ਜਾਂ ਐਮ.ਐਸ.ਸੀ. ਹੈ, ਨੌਕਰੀ ਦੀ ਭਾਲ ਕਰਦਾ ਹੈ ਪਰ ਨੌਕਰੀ ਤਾਂ 10,000 ਮਗਰ ਇੱਕ ਹੀ ਨਿਕਲਦੀ ਹੈ। ਕੀ ਅਸੀਂ ਆਪਣੇ ਵਿਦਿਆਰਥੀਆਂ ਨਾਲ ਧੱਕਾ ਨਹੀਂ ਕਰ ਰਹੇ ? ਪੜ੍ਹਾਈ ਨੂੰ ਵੋਕੇਸ਼ਨਲਾਈਜ਼ਡ ਕਰਨਾ ਚਾਹੀਦਾ ਹੈ। ਸਕੂਲਾਂ ਨੂੰ ਅਪ-ਗ੍ਰੇਡ ਕਰਨ ਦੀ ਬਜਾਏ ਪ੍ਰਾਈਮਰੀ ਨੂੰ ਮਿਡਲ ਅਤੇ ਮਿਡਲ ਨੂੰ ਹਾਈ ਸਕੂਲ ਕਰਨ ਦੀ ਬਜਾਏ ਵੋਕੇਸ਼ਨ-ਲਾਈਜ਼ੇਸ਼ਨ ਦੇ ਵਿਚ ਬਦਲਣਾ ਚਾਹੀਦਾ ਹੈ ਤਾਂ ਕਿ ਹਰ ਇਕ ਬੱਚਾ 8ਵੀਂ ਜਮਾਤ ਕਰਨ ਤੋਂ ਬਾਦ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਦੀਪਿੰਦਰ ਸਿੰਘ]

ਕਿਸੇ ਨਾ ਕਿਸੇ ਕਿੱਤੇ ਵਿਚ ਲਗ ਸਕੇ। ਜਿਹੜੇ ਬਹੁਤ ਹੁਸ਼ਿਆਰ ਬੱਚੇ ਹਨ, ਉਨ੍ਹਾਂ ਨੂੰ ਹੀ ਅਗੇ ਜ਼ਿਆਦਾ ਪੜ੍ਹਾਈ ਕਰਵਾਉਣੀ ਚਾਹੀਦੀ ਹੈ ਤਾਂ ਜੋ ਉਹ ਤਰੱਕੀ ਕਰਕੇ ਦੇਸ਼ ਦਾ ਫਾਇਦਾ ਕਰ ਸਕਣ। ਮੇਰੇ ਹਲਕੇ ਵਿਚ ਬਾਦਲ ਪਿੰਡ ਵਿਚ ਇਕ ਦਸ਼ਮੇਸ਼ ਸਕੂਲ ਹੈ, ਉਸ ਲਈ ਫੰਡ ਤੇ ਬੰਦੋਬਸਤ ਲਈ ਮੈਂ ਬਾਰ ਬਾਰ ਮੰਗ ਕੀਤੀ। 2-3 ਤਾਂ ਗਵਰਨਰ ਸਾਹਿਬ ਆ ਕੇ ਚਲੇ ਗਏ ਪਰ ਫੰਡ ਨਹੀਂ ਮਿਲੇ। ਸਰਦਾਰ ਦਰਬਾਰਾ ਸਿੰਘ ਵੀ ਆ ਕੇ ਚਲੇ ਗਏ। ਉਸ ਸਕੂਲ ਦੇ ਟਰੱਸਟ ਦੀ ਕੋਈ ਮੀਟਿੰਗ ਹੀ ਨਹੀਂ ਹੋ ਸਕੀ। ਪੈਸਾ ਜਮ੍ਹਾਂ ਪਿਆ ਹੈ ਪਰ ਪਤਾ ਨਹੀਂ ਕੀ ਗੱਲ ਹੈ? ਉਸ ਲਈ ਫੰਡਜ਼ ਰਿਲੀਜ਼ ਕਰਵਾਉਣੇ ਚਾਹੀਦੇ ਹਨ। ਟਰੱਸਟ ਦੀ ਮੀਟਿੰਗ, ਚੇਅਰਮੈਨ ਸਾਹਿਬ, ਜਲਦੀ ਤੋਂ ਜਲਦੀ ਕਰਵਾਉਣ ਦੀ ਮੈਂ ਪੰਜਾਬ ਗੌਰਮਿੰਟ ਤੋਂ ਉਮੀਦ ਕਰਦਾ ਹਾਂ ਅਤੇ ਇਹ ਵੀ ਉਮੀਦ ਕਰਦਾ ਹਾਂ ਕਿ ਬਾਦਲ ਪਿੰਡ ਵਿਚ ਜਿਹੜਾ ਲੜਕੀਆਂ ਦਾ ਸਕੂਲ ਹੈ, ਉਸ ਦੇ ਹੋਸਟਲ ਵਾਸਤੇ ਵੀ ਪੈਸਾ ਮੁਹੱਈਆ ਕੀਤਾ ਜਾਵੇਗਾ।

ਇਸ ਤੋਂ ਅੱਗੇ ਮੈਂ ਇੰਡਸਟਰੀ ਬਾਰੇ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਪੰਜਾਬ ਵਿਚ ਖੇਤੀ ਦੀ ਹੱਦ ਆ ਗਈ ਹੈ। ਖੇਤੀ ਨੂੰ ਹੁਣ ਅਗਾਂਹ ਵਧਾਉਣ ਵਾਸਤੇ ਇਕੋ ਹੀ ਰਾਹ ਰਹਿ ਗਿਆ ਹੈ। ਉਹ ਇਹ ਹੈ ਕਿ ਖੇਤੀ ਦਾ ਸਮਾਨ ਬਣਾਉਣ ਲਈ ਕਾਰਖਾਨੇ ਲਗਾਏ ਜਾਣ ਅਤੇ ਮੇਰੀ ਮੰਗ ਹੈ ਕਿ ਉਹ ਕਾਰਖਾਨੇ ਪਿੰਡਾਂ ਦੇ ਵਿਚ ਹੀ ਲਗਾਏ ਜਾਣ ਤਾਂ ਜੋ ਸ਼ਹਿਰਾਂ ਵੱਲ ਜਾਣ ਵਾਲੀ ਜਨਤਾ ਪਿੰਡਾਂ ਵਿਚ ਹੀ ਰਹਿ ਸਕੇ। ਜੇ ਪਿੰਡਾਂ ਵਿਚ ਆਮਦਨੀ ਜ਼ਿਆਦਾ ਹੋਵੇਗੀ ਤਾਂ ਪੇਂਡੂ ਲੋਕ ਸ਼ਹਿਰਾਂ ਵੱਲ ਦੌੜਨਾਂ ਬੰਦ ਕਰ ਦੇਣਗੇ ਅਤੇ ਪਿੰਡਾਂ ਦੀ ਪੈਦਾਇਸ਼ ਦੀ ਸੋਧ ਪਿੰਡਾਂ ਵਿਚ ਹੀ ਹੋ ਜਾਵੇਗੀ। ਇਸ ਚੀਜ਼ ਵਲ ਹੁਣ ਸਾਨੂੰ ਅਗਲੇ 10---15 ਸਾਲ ਜ਼ਰੂਰ ਧਿਆਨ ਦੇਣਾ ਪਵੇਗਾ ਤਾਂ ਹੀ ਪੰਜਾਬ ਇਕ ਨੰਬਰ ਦਾ ਸੂਬਾ ਬਣਿਆ ਰਹਿ ਸਕੇਗਾ। ਜੇ ਅਜਿਹਾ ਨਾ ਕੀਤਾ ਗਿਆ ਤਾਂ ਦੂਜੇ ਸੂਬੇ ਬੜੀ ਜਲਦੀ ਸਾਡੇ ਬਰਾਬਰ ਆ ਜਾਣਗੇ ਕਿਉਂਕਿ ਉਹ ਸੂਬੇ ਵੀ ਉਹੀ ਫਸਲਾਂ ਬੜੀ ਤੇਜ਼ੀ ਨਾਲ ਬੀਜਣ ਲਗ ਪਏ ਹਨ ਜਿਹੜੀਆਂ ਅਸੀਂ ਬੀਜ ਕੇ ਅੱਗੇ ਵਧੇ ਹਾਂ।

ਚੇਅਰਮੈਨ ਸਾਹਿਬ, ਇਸ ਲਈ ਬਜਾਏ ਸ਼ਹਿਰਾਂ ਦੇ ਪਿੰਡਾਂ ਵਿਚ ਸਟੋਰੇਜ ਲਈ ਪ੍ਰਬੰਧ ਹੋਣਾ ਚਾਹੀਦਾ ਹੈ। ਜਿਹੜੀ ਪੈਦਾਵਾਰ ਹੋਵੇ ਜ਼ਿਮੀਂਦਾਰਾਂ ਦੀ ਜਾਂ ਕਿਸਾਨਾਂ ਦੀ ਉਹ ਉਥੇ ਹੀ ਸਟੋਰ ਹੋ ਜਾਵੇ। ਸਟੋਰੇਜ ਤੋਂ ਬਾਅਦ ਇਹ ਅਗਾਂਹ ਫਿਨਿਸ਼ਿੰਗ ਪਰੋਡਕਟ ਲਈ ਭੇਜਣਾ ਚਾਹੀਦਾ ਹੈ। ਮੈਨੂੰ ਇਹ ਤਵੱਕੋ ਹੈ ਕਿ ਐਤਕੀਂ ਸਾਡੀ ਟੀਮ ਪੰਜਾਬ ਗੌਰਮਿੰਟ ਦੀ ਟੀਮ ਬੜੀ ਸੂਝਵਾਨ ਸੱਜਣਾਂ ਦੀ ਬਣੀ ਹੈ। ਸਾਡੇ ਲੀਡਰ ਸਾਹਿਬ ਬਰਨਾਲਾ ਸਾਹਿਬ ਬੜੇ ਹੀ ਦਿਆਨਤਦਾਰ ਅਤੇ ਸਿਆਣੇ ਮੁਖੀ ਹਨ। ਇਨ੍ਹਾਂ ਦੀ ਟੀਮ ਇਸ ਨੂੰ ਅਹਿਮ ਮਸਲਾ ਸਮਝਦੀ ਹੈ ਅਤੇ ਇਸ ਤੇ ਧਿਆਨ ਦੇ ਰਹੀ ਹੈ।

ਚੇਅਰਮੈਨ ਸਾਹਿਬ, ਇਸ ਤੋਂ ਅੱਗੇ ਮੈਂ ਤੁਹਾਡਾ ਧਿਆਨ, ਕਰਜ਼ਿਆਂ ਵਲ ਦਿਵਾਉਣਾ ਚਾਹੁੰਦਾ ਹਾਂ। ਅਕਾਲੀ ਦਲ ਦੇ ਮੈਨੀਫੈਸਟੋ ਵਿਚ ਸੀ ਕਿ 5,000 ਰੁਪਏ ਤਕ ਦੇ ਕਰਜ਼ਿਆਂ ਲਈ ਮੁਆਫੀ ਦਿੱਤੀ ਜਾਏਗੀ ਅਤੇ ਇਸ ਬਾਰੇ ਇਲਾਨ ਵੀ ਕੀਤਾ ਗਿਆ ਸੀ। ਉਸ ਬਾਰੇ ਹੁਣ ਤਕ ਕੋਈ ਠੋਸ ਕਦਮ ਨਹੀਂ ਉਠਾਏ ਗਏ ਹਨ। ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਇਸ ਪ੍ਰਤੀ ਜਲਦੀ ਤੋਂ ਜਲਦੀ ਠੋਸ ਕਦਮ ਉਠਾਉਣੇ ਚਾਹੀਦੇ ਹਨ। ਇਹ ਚੋਣ ਮੈਨੀਫੈਸਟੋ ਦਾ ਇੱਕ ਬਹੁਤ ਵੱਡਾ ਅੰਗ ਸੀ, ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਬਾਕੀ ਸੈਲਫ-ਐਂਪਲਾਇਮੈਂਟ ਸਕੀਮ ਬਾਰੇ ਮੈਨੂੰ ਪਤਾ ਲਗਾ ਹੈ ਕਿ ਪੋਲਟਰੀ ਅਤੇ ਡੇਅਰੀ ਜੇਕਰ ਇਹ ਦੋਵੇਂ ਹਿੱਸੇ ਕੱਢ ਦਿੱਤੇ ਗਏ ਤਾਂ ਪੇਂਡੂ ਜਨਤਾ ਨਾਲ ਸਰਾਸਰ ਧੱਕਾ ਹੋਏਗਾ। ਇਹ ਪੋਲਟਰੀ ਅਤੇ

Original with;
Punjab Vidhan Sabha
Digitized by;
Panjab Digital Library

ਡੇਅਰੀ ਅਜਿਹੇ ਕੰਮ ਹਨ ਕਿ ਜਿਹੜੇ ਬੱਚੇ ਕੰਮ ਨਹੀਂ ਲਗੇ ਉਹ 25,000 ਰੁਪਏ ਗਰਾਂਟ ਲੈ ਕੇ ਇਸ ਨੂੰ ਚਾਲੂ ਕਰ ਸਕਦੇ ਹਨ। ਇਹ ਦੋਵੇਂ ਹਿੱਸੇ ਅਗਰ ਸਕੀਮ ਵਿਚੋਂ ਕੱਢ ਦਿੱਤੇ ਗਏ ਹਨ ਤਾਂ ਇਨ੍ਹਾਂ ਨੂੰ ਸਕੀਮ ਵਿਚ ਜ਼ਰੂਰ ਸ਼ਾਮਿਲ ਕਰ ਲੈਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਮੈਂ ਇਨ੍ਹਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ 167 ਕੋਆਪਰੇਟਿਵ ਐਕਟ ਦੀ ਸੈਕਸ਼ਨ ਹੈ ਜਿਸ ਦੇ ਰਾਹੀਂ ਜੱਟ ਨੂੰ ਕੋਆਪਰੇਸ਼ਨ ਦੇ ਪੈਸੇ ਦੇ ਕੇ ਪਿਛੋਂ ਪਕੜ ਕੇ ਜੇਲ੍ਹ ਵਿਚ ਭੇਜਿਆ ਜਾਂਦਾ ਹੈ। ਇਸ ਰੱਲ ਦਾ ਆਪਾਂ ਸਾਰਿਆਂ ਨੂੰ ਪਤਾ ਹੈ ਲੈਣ-ਦੇਣ ਦਾ ਕੰਮ ਕਰੋੜਾਂ ਰੁਪਏ ਤੋਂ ਵੀ ਜ਼ਿਆਦਾ ਸ਼ਹਿਰਾਂ ਵਿਚ ਹੁੰਦਾ ਹੈ ਪਰ ਉਨ੍ਹਾਂ ਨੂੰ ਕਦੇ ਕੋਈ ਪਕੜ ਕੇ ਜੇਲ੍ਹ ਵਿਚ ਨਹੀਂ ਲਿਜਾਂਦਾ ਹੈ ਭਾਵੇਂ ਕੋਈ ਕਰੋੜ ਜਾਂ ਦੋ ਕਰੋੜ ਹੀ ਖਾ ਜਾਵੇ। ਇਹ ਜਿਹੜੀ ਸੈਕਸ਼ਨ ਚਾਲੂ ਹੈ ਜ਼ਿਮੀਂਦਾਰਾਂ ਨੂੰ ਪਕੜ ਕੇ ਲਿਜਾਣ ਵਾਲੀ, ਜੇਲ੍ਹਾਂ ਵਿਚ ਦੇਣ ਵਾਲੀ, ਇਹ ਬੰਦ ਨਹੀਂ ਹੋਈ ਹੈ ਜਿਸ ਨਾਲ ਕਿ ਪੇਂਡੂ ਜਨਤਾ ਨਾਲ ਧੱਕਾ ਹੋਇਆ ਹੈ। ਚੇਅਰਮੈਨ ਸਾਹਿਬ, ਇਹ ਬਹੁਤ ਗਲਤ ਪਾਲਿਸੀ ਹੈ ਔਰ ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ।

ਇਸ ਤੋਂ ਅੱਗੇ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧਿਆਨ ਬਾਊਂਡਰੀ ਕਮਿਸ਼ਨ ਵਲ ਅਤੇ ਮੈਥਿਊ ਕਮਿਸ਼ਨ ਵਲ ਦਿਵਾਉਣਾ ਚਾਹੁੰਦਾ ਹਾਂ। ਮੇਰਾ ਹਲਕਾ ਰਾਜਸਥਾਨ ਔਰ ਹਰਿਆਣਾ ਦੋਹਾਂ ਨਾਲ ਲਗਦਾ ਹੈ। ਮੇਰਾ ਉਨ੍ਹਾਂ ਨਾਲ ਜ਼ਿਆਦਾ ਵਾਹ ਪੈਂਦਾ ਹੈ। ਉਥੇ ਪਿਛਲੇ ਤਿੰਨ ਮਹੀਨਿਆਂ ਤੋਂ ਹਰਿਆਣਾ ਦੇ ਮਨਿਸਟਰ ਬਦਲ ਬਦਲ ਕੇ ਔਰ ਹਰਿਆਣਾ ਦੇ ਚੀਫ ਮਨਿਸਟਰ ਰੋਜ਼-ਮੱਰਾ ਹਫਤੇ ਦਸ ਦਿਨ ਬਾਅਦ ਉਥੇ ਜਾਂਦੇ ਹਨ ਔਰ ਆਪਣਾ ਕੇਸ ਪਰਸੂ ਕਰਦੇ ਹਨ। ਹਰਿਆਣਾ ਵਾਲਿਆਂ ਨੇ ਆਪਣੇ ਕੇਸ ਤੇ ਬਹੁਤ ਜ਼ਿਆਦਾ ਮਿਹਨਤ ਕੀਤੀ ਹੈ। ਮੈਨੂੰ ਲਗਦਾ ਹੈ ਕਿ ਉਨ੍ਹਾਂ ਦੇ ਮੁਕਾਬਲੇ ਤੇ ਸਾਡੀ ਮਿਹਨਤ ਇੱਕ ਹਿੱਸਾ ਵੀ ਨਹੀਂ ਹੈ। ਇਸ ਲਈ ਮੈਂ ਪੰਜਾਬ ਗੌਰਮਿੰਟ ਨੂੰ ਤੁਹਾਡੇ ਰਾਹੀਂ ਇਹ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਸਾਰੀਆਂ ਪਾਰਟੀਆਂ ਦੇ ਐਮ.ਐਲ.ਏਜ਼ ਨੂੰ ਮਿਲ ਕੇ ਔਰ ਖਾਸ ਕਰਕੇ ਜਿਹੜੇ ਬਾਰਡਰ ਤੇ ਜੋ ਹਰਿਆਣਾ ਨਾਲ ਲਗਦਾ ਹੈ ਉਨ੍ਹਾਂ ਨੂੰ ਲੈ ਕੇ ਇਕ ਹਾਈ ਪਾਵਰਡ ਕਮੇਟੀ ਬਣਾਉਣੀ ਚਾਹੀਦੀ ਹੈ ਤਾਕਿ ਕਿਸੇ ਵੀ ਪਹਿਲੂ ਤੋਂ ਸਾਡੀ ਢਿੱਲ ਨਾ ਰਹਿ ਜਾਏ। ਹੋਰ ਅਫਸਰ ਐਪੁਆਇੰਟ ਕਰਨ ਦੀ ਜ਼ਰੂਰਤ ਹੈ। ਅੱਗੇ ਕੁਝ ਬੜੇ ਅਫਸਰ ਇਸ ਕੰਮ ਲਈ ਨਿਯੁਕਤ ਕੀਤੇ ਵੀ ਗਏ ਹਨ ਅਤੇ ਬਲੇ ਵਾਲੇ ਅਫਸਰ ਐਪੁਆਇੰਟ ਕਰਨੇ ਚਾਹੀਦੇ ਹਨ। ਸਾਰਿਆਂ ਐਮ.ਐਲ.ਏਜ਼ ਨੂੰ ਨਾਲ ਲਿਆ ਜਾਣਾ ਚਾਹੀਦਾ ਹੈ ਅਤੇ ਇਸ ਮਸਲੇ ਨੂੰ ਸੀਰੀਅਸਲੀ ਲੈਣਾ ਚਾਹੀਦਾ ਹੈ। ਤੁਸੀਂ ਆਪ ਬੜੇ ਸਮਝਦਾਰ ਹੋ। (ਵਿਘਨ)

ਸ਼੍ਰੀ ਸਭਾਪਤੀ : ਵਾਈਂਡ ਅੱਪ ਕਰੋ ਜੀ।

ਸਰਦਾਰ ਹਰਦੀਪਿੰਦਰ ਸਿੰਘ : ਹੁਣ ਮੈਂ, ਚੇਅਰਮੈਨ ਸਾਹਿਬ, ਆਪਣੀ ਕਾਂਸਟੀਚਿਊਐਂਸੀ ਲੰਬੀ ਬਾਰੇ ਗੌਰਮਿੰਟ ਤੋਂ ਤੁਹਾਡੇ ਰਾਹੀਂ ਕੁੱਝ ਮੰਗਾਂ ਕਰਨੀਆਂ ਚਾਹੁੰਦਾ ਹਾਂ। ਇੱਕ ਸਾਡੇ ਗਗੜ ਵਿਖੇ ਸਕੀਮ ਹੈ ਅਤੇ ਹੋਰ ਕਿਤੇ ਸਕੀਮ ਨਹੀਂ ਹੈ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਕਾਲੀ ਗੌਰਮਿੰਟ ਬਦਲਣ ਸਾਰ ਜਾਂ ਬਾਦਲ ਸਾਹਿਬ ਦੀ ਸਰਕਾਰ ਬਦਲਣ ਤੋਂ ਬਾਅਦ ਉਨ੍ਹਾਂ ਸਕੀਮਾਂ ਨੂੰ ਉਥੇ ਹੀ ਠੱਪ ਕਰ ਦਿੱਤਾ ਗਿਆ। ਮੈਂ ਮੰਗ ਕਰਦਾ ਹਾਂ ਕਿ ਉਨ੍ਹਾਂ ਸਕੀਮਾਂ ਲਈ ਪੈਸਾ ਜਲਦੀ ਤੋਂ ਜਲਦੀ ਦਿੱਤਾ ਜਾਏ ਔਰ ਉਹ ਸਕੀਮਾਂ ਜਿਹੜੀਆਂ ਉਥੇ ਮੇਰੇ ਹਲਕੇ ਵਿਚ ਅਧੂਰੀਆਂ ਪਈਆਂ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਏ। ਲੰਬੀ ਕਾਂਸਟੀਚਿਊਐਂਸੀ ਵਿਚ ਮੈਂ ਦਸੱਣਾ ਚਾਹੁੰਦਾ ਹਾਂ ਕਿ ਜਿੰਨੀਆਂ ਪੋਸਟਾਂ ਸੈਂਕਸ਼ਨਡ ਹਨ ਉਨ੍ਹਾਂ ਨਾਲੋਂ 50 ਟੀਚਰ ਘਟ ਹਨ ਔਰ ਡਾਕਟਰ ਕੋਈ 25-26 ਘਟ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਦੀਪਿੰਦਰ ਸਿੰਘ]

ਹਨ। ਇਸੇ ਤਰ੍ਹਾਂ ਕਈ ਪੋਸਟਾਂ ਉਥੇ ਵੇਕੈਂਟ ਪਈਆਂ ਹਨ। ਲੰਬੀ ਕਾਂਸਟੀਚਿਉਐਂਸੀ ਲਈ ਮੈਂ ਮੰਗ ਕਰਦਾ ਹਾਂ ਕਿ ਜਿੰਨੀਆਂ ਵੀ ਪੋਸਟਾਂ ਉਥੇ ਖਾਲ੍ਹੀ ਪਈਆਂ ਹਨ ਉਨ੍ਹਾਂ ਨੂੰ ਫਟਾ-ਫਟ ਭਰਿਆ ਜਾਏ (ਘੰਟੀ)

ਸ਼੍ਰੀ ਸਭਾਪਤੀ : ਤੁਸੀਂ ਬਹੁਤ ਟਾਈਮ ਲੈ ਲਿਆ ਹੈ। ਅੱਧਾ ਘੰਟਾ ਤੁਸੀਂ ਲੈ ਲਿਆ ਹੈ । ਹੁਣ ਤੁਸੀਂ ਇੱਕ ਮਿੰਟ ਵਿਚ ਖਤਮ ਕਰ ਲਓ।

ਸਰਦਾਰ ਹਰਦੀਪਿੰਦਰ ਸਿੰਘ: ਚੇਅਰਮੈਨ ਸਾਹਿਬ, ਮੈਂ ਦੋ ਮਿੰਟ ਹੋਰ ਲਵਾਂਗਾ ਜੀ । ਸੜਕਾਂ ਅੌਰ ਨਹਿਰਾਂ ਜਿਹੜੀਆਂ ਸੈਂਕਸ਼ਨਡ ਪਈਆਂ ਸਨ ਉਹ ਅਧੂਰੀਆਂ ਪਈਆਂ ਹਨ। ਇਨ੍ਹਾਂ ਸਕੀਮਾਂ ਨੂੰ ਤੁਰੰਤ ਹੀ ਸਿਰੇ ਚੜ੍ਹਾਉਣਾ ਚਾਹੀਦਾ ਹੈ ਅਤੇ ਕੰਪਲੀਟ ਕਰਨਾ ਚਾਹੀਦਾ ਹੈ। ਖਾਸ ਏਰੀਆ ਹੋਣ ਕਰਕੇ ਨਵੀਆਂ ਇਰੀਗੇਸ਼ਨ ਦੀਆਂ ਸਕੀਮਾਂ ਸਭ ਤੋਂ ਪਹਿਲਾਂ ਲੰਬੀ ਹਲਕੇ ਨੂੰ ਦਿੱਤੀਆਂ ਗਈਆਂ ਸਨ। ਐਗਰੋ-ਇੰਡਸਟਰੀਜ਼ ਸੈਂਟਰਜ਼ ਲਈ ਜਿਹੜੀ ਮੈਂ ਮੰਗ ਕੀਤੀ ਹੈ ਇਹ ਸਭ ਤੋਂ ਪਹਿਲਾਂ ਮੇਰੇ ਹਲਕੇ ਵਿਚ ਜੋ ਕਿ ਰੂਰਲ ਬੇਸਡ ਹੈ ਉਥੇ ਖੋਲ੍ਹੇ ਜਾਣੇ ਚਾਹੀਦੇ ਹਨ। ਲਿਫਟ ਪੰਪ ਸਰਹਿੰਦ ਫੀਡਰ ਤੇ ਜ਼ਿਮੀਂਦਾਰਾਂ ਨੇ ਖੇਤੀ ਵੱਧ ਕਰਨ ਵਾਸਤੇ ਲਗਾਏ ਸ਼ਨ । ਉਹ ਪਿਛਲੀ ਸਰਕਾਰ ਨੇ ਹਾਈ ਕੋਰਟ ਵਿਚ ਝਗੜ ਝਗੜ ਕੇ ਬੰਦ ਕਰਾਕੇ ਰਖੇ। ਹਾਈ ਕੋਰਟ ਵਲੋਂ ਕੋਈ ਫਾਈਂਡਿੰਗਜ਼ ਨਹੀਂ ਆਈਆਂ। ਉਹ ਕੋਈ 200 ਦੇ ਕਰੀਬ ਪੰਪ ਸਨ। ਜ਼ਿਮੀਂਦਾਰਾਂ ਨੂੰ ਇਜਾਜ਼ਤ ਦਿੱਤੀ ਜਾਏ ਕਿ ਉਹ ਆਪਣੇ ਪੰਪ ਚਾਲੂ ਕਰ ਸਕਣ ਅੌਰ ਉਸ ਨਾਲ ਚੰਗੀ ਖੇਤੀ ਕਰ ਸਕਣ। ਰੈਡ ਕਰਾਸ ਦੇ ਬਾਰੇ ਵਿਚ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਉਥੇ ਹਸਪਤਾਲਾਂ ਵਿਚ ਦਵਾਈਆਂ ਨਹੀਂ ਹਨ। ਸਿੰਘਵਾਲ ਵਿਖੇ ਜੋ ਦੁਕਾਨ ਖੋਲ੍ਹੀ ਹੈ ਉਥੇ ਰੈਡ ਕਰਾਸ ਵਲੋਂ ਦਵਾਈਆਂ ਨਹੀਂ ਸਪਲਾਈ ਕੀਤੀਆਂ ਜਾਂਦੀਆਂ । ਲੰਬੀ ਵਿਚ ਦਵਾਈਆਂ ਨਹੀਂ ਮਿਲਦੀਆਂ। ਇਹੋ ਜਿਹੀਆਂ ਸਕੀਮਾਂ ਲੰਬੀ ਵਿਚ ਨਹੀਂ ਹਨ । ਉਥੇ ਲਈ ਮਤਰੇਈ ਮਾਂ ਵਾਲਾ ਸਲੂਕ ਜੋ ਪਿਛਲੇ ਪੰਜ ਸਾਲਾਂ ਵਿਚ ਹੁੰਦਾ ਰਿਹਾ ਹੈ ਉਹ ਖਤਮ ਕੀਤਾ ਜਾਣਾ ਚਾਹੀਦਾ ਹੈ।

ਸਰਦਾਰ ਦਵਿੰਦਰ ਸਿੰਘ ਗਰਚਾ (ਪਾਇਲ) : ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਡਿਵੈਲਪਮੈਂਟ ਤੇ ਕਾਫੀ ਜ਼ੋਰ ਦਿੱਤਾ ਗਿਆ ਹੈ। ਜਿਹੜਾ ਇਨ੍ਹਾਂ ਦੇ ਐਡਰੈਸ ਵਿਚ ਸ਼ਾਮਿਲ ਨਹੀਂ ਸੀ ਹੋ ਸਕਿਆ ਉਸ ਦੇ ਬਾਰੇ ਮੇਰੇ ਨਾਲੋਂ ਜ਼ਿਆਦਾ ਸਿਆਣੇ ਸਾਥੀਆਂ ਨੇ ਇੰਤਹਾ ਸੁਚੱਜੇ ਸ਼ਬਦਾਂ ਵਿਚ ਉਸ ਬਾਰੇ ਵਰਨਣ ਕਰ ਦਿੱਤਾ ਹੈ। ਮੇਰਾ ਵੀ ਜੀਅ ਕਰਦਾ ਹੈ ਕਿ ਜਦੋਂ ਮੈਂ ਸੈਸ਼ਨ ਤੋਂ ਮਗਰੋਂ ਆਪਣੇ ਹਲਕੇ ਵਿਚ ਜਾਵਾਂ ਤਾਂ ਮੇਰੇ ਹਲਕੇ ਵਿਚ ਸਕੂਲ, ਸੜਕਾਂ ਅੌਰ ਹਸਪਤਾਲ ਹੋਣ ਅਤੇ ਬੇਕਾਰ ਨੌਜਵਾਨ ਲੋਕਾਂ ਲਈ ਨੌਕਰੀਆਂ ਹੋਣ। ਪਰ ਉਹ ਸਾਰੀਆਂ ਗੱਲਾਂ ਜੇ ਮੈਂ ਕਰਨ ਦੀ ਕੋਸ਼ਿਸ਼ ਕਰਾਂ ਤਾਂ ਉਹ ਕਈ ਕਈ ਵਾਰੀ ਆਖੀਆਂ ਗਲਾਂ ਨੂੰ ਦੁਹਰਾਉਣ, ਦਿਹਰਾਉਣ, ਚੌਹਰਾਉਣ ਵਾਲੀ ਗੱਲ ਹੋਵੇਗੀ। ਪਰ ਚੇਅਰਮੈਨ ਸਾਹਿਬ, ਮੈਂ ਖੇਤੀਬਾੜੀ ਦੇ ਬਾਰੇ ਕਹੇ ਬਿਨਾਂ ਨਹੀਂ ਰਹਿ ਸਕਦਾ। ਖੇਤੀਬਾੜੀ ਹੀ ਪੰਜਾਬ ਦੀ ਜਿੰਦ, ਜਾਨ ਹੈ। ਪੰਜਾਬ ਦੇ ਸਾਰੇ ਧੰਦੇ, ਸਾਰੇ ਕੰਮ ਪੰਜਾਬ ਦੇ ਕਿਸਾਨ ਦੀਆਂ ਫਸਲਾਂ ਤੇ ਚਲਦੇ ਹਨ। ਉਸ ਦੇ ਬਾਰੇ ਬਹੁਤ ਸਾਰੇ ਸੁਝਾਓ ਆਏ ਹਨ । ਮੈਂ ਸਿਰਫ ਇਕ ਛੋਟਾ ਜਿਹਾ ਸੁਝਾਓ ਦੇਣਾ ਚਾਹੁੰਦਾ ਹਾਂ। ਭਾਰਤੀ ਕਿਸਾਨ ਯੂਨੀਅਨ ਦੀ ਪੰਜਾਬ ਵਾਲੀ ਸ਼ਾਖ ਨੇ ਪੰਜਾਬ ਦੇ ਕਿਸਾਨ ਨੂੰ ਪਹਿਲੀ ਵਾਰ ਆਪਣੇ ਹੱਕਾਂ ਬਾਰੇ ਜਾਗ੍ਰਿਤ ਕੀਤਾ ਹੈ। ਜਿੰਨਾਂ ਚੰਗੀ ਤਰ੍ਹਾਂ ਨਾਲ ਕਿਸਾਨ ਦਾ ਡਰ, ਕਿਸਾਨ ਦੇ ਦੁੱਖ ਬਾਰੇ ਭਾਰਤੀ ਕਿਸਾਨ ਯੂਨੀਅਨ ਦੀ ਪੰਜਾਬ ਵਾਲੀ ਸ਼ਾਖ ਨੂੰ ਪਤਾ ਹੈ ਇਹ ਮੈਂ ਸਮਝਦਾ ਹਾਂ ਕਿ ਸਾਡੇ ਹਾਊਸ ਵਿਚ ਕਿਸੇ ਵੀ ਮਾਨਯੋਗ ਮੈਂਬਰ ਨੂੰ ਇਸ ਬਾਰੇ ਪਤਾ ਨਾ ਹੋਵੇ। ਇਸ ਲਈ, ਚੇਅਰਮੈਨ ਸਾਹਿਬ, ਮੇਰੀ ਬੇਨਤੀ ਤੁਹਾਡੇ ਰਾਹੀਂ ਮੰਤਰੀ ਮੰਡਲ ਨੂੰ ਇਹ ਹੈ

Original with;
Punjab Vidhan Sabha
Digitized by;
Panjab Digital Library

ਕਿ ਜਦੋਂ ਕਦੇ ਖੇਤੀਬਾੜੀ ਦੀ ਨੀਤੀ ਧਾਰਨ ਕੀਤੀ ਜਾਵੇ ਜਾਂ ਕੋਈ ਇਹੋ ਜਿਹੀ ਕਮੇਟੀ ਬਣਾਉਣੀ ਹੋਵੇ ਜਿਸ ਦਾ ਕਿਸਾਨ ਅਦਾਰੇ ਨਾਲ ਸਿੱਧਾ ਸਬੰਧ ਹੋਵੇ ਤਾਂ ਕਿਸਾਨ ਯੂਨੀਅਨ ਦੇ ਬੰਦੇ ਵੀ ਉਸ ਵਿਚ ਜ਼ਰੂਰ ਲਏ ਜਾਣ ਅਤੇ ਭਾਰਤੀ ਕਿਸਾਨ ਯੂਨੀਅਨ ਦੀ ਪੰਜਾਬ ਸ਼ਾਖ ਦੀ ਰਾਏ ਹਰ ਬਾਡੀ ਵਿਚ ਲਈ ਜਾਵੇ। ਸਰਕਾਰ ਉਨ੍ਹਾਂ ਨੂੰ ਆਪ ਬੁਲਾਵੇ, ਸਰਕਾਰ ਉਨ੍ਹਾਂ ਨੂੰ ਨਿਉਂਦਾ ਦੇਵੇ ਕਿ ਤੁਸੀਂ ਆਪਣੇ ਦੁੱਖ ਦਸੋ ਤਾਕਿ ਅਸੀਂ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰੀਏ।

ਚੇਅਰਮੈਨ ਸਾਹਿਬ, ਮੈਂ ਇਹ ਵੀ ਚਾਹੁੰਦਾ ਸੀ ਕਿ ਮੈਂ ਪਬਲਿਕ ਸਰਵਿਸ ਕਮਿਸ਼ਨ ਅਤੇ ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਦੇ ਬਾਰੇ ਕੁਝ ਗੱਲਾਂ ਕਰਨ ਦੀ ਕੋਸ਼ਿਸ਼ ਕਰਾਂ ਪਰ ਕਿਉਂਕਿ ਤੁਸੀਂ 5 ਮਿੰਟ ਵਾਲਾ ਜਿੰਦਾ ਲਾ ਰਖਿਆ ਹੈ ਹਰ ਇਕ ਦੀ ਜ਼ਬਾਨ ਤੇ ਕਿ ਇਸ ਤੋਂ ਵਧ ਨਹੀਂ ਬੋਲਣਾ ਇਸ ਲਈ ਮੈਂ ਇਸ ਬਾਰੇ ਇਕ ਹੀ ਗਲ ਕਹਿਣੀ ਚਾਹੁੰਦਾ ਹਾਂ। ਪਬਲਿਕ ਸਰਵਿਸ ਕਮਿਸ਼ਨ ਅਤੇ ਸਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਪਿਛਲੇ ਕਿੰਨੇ ਸਾਲਾਂ ਤੋਂ ਪੰਜਾਬ ਵਿਚ ਨੌਕਰੀਆਂ ਦੇਣ ਦੇ ਅਦਾਰੇ ਨਹੀਂ ਬਣੇ ਰਹੇ, ਨੌਕਰੀਆਂ ਨਿਲਾਮ ਕਰਨ ਦੇ ਅਦਾਰੇ ਬਣੇ ਰਹੇ ਹਨ। ਕ੍ਰਿਪਾ ਕਰਕੇ ਇਨ੍ਹਾਂ ਦੀ ਵੀ ਕੰਸਟੀਚਿਊਸ਼ਨ ਛੇਤੀ ਤੋਂ ਛੇਤੀ ਕੀਤੀ ਜਾਵੇ ਅਤੇ ਐਸੇ ਲੋਕਾਂ ਨੂੰ ਉਨ੍ਹਾਂ ਦੇ ਮੈਂਬਰ ਅਤੇ ਚੇਅਰਮੈਨ ਬਣਾਇਆ ਜਾਵੇ ਜਿਨ੍ਹਾਂ ਦੀ ਇੰਟੈਗਰਿਟੀ, ਜਿਨ੍ਹਾਂ ਦੀ ਇਮਾਨਦਾਰੀ ਸ਼ੱਕ ਤੋਂ ਉਪਰ ਹੋਵੇ। ਸਿਰਫ ਇਹ ਹੀ ਨਹੀਂ ਕਿ ਉਹ ਇਮਾਨਦਾਰ ਹੀ ਹੋਣ ਬਲਕਿ ਇਮਾਨਦਾਰ ਨਜ਼ਰ ਵੀ ਆਉਣ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਹਾਊਸ ਤੋਂ ਖਿਮਾ ਦਾ ਜਾਚਕ ਹਾਂ ਕਿਉਂਕਿ ਮੈਨੂੰ ਇਸ ਹਾਊਸ ਵਿਚ ਬੋਲਣ ਦਾ ਇਕ ਨਵਾਂ ਤਜਰਬਾ ਹੈ। ਸਰਦਾਰ ਗੁਰਚਰਨ ਸਿੰਘ ਪਾਰਲੀਮੈਂਟ ਵਿਚ ਵੀ ਰਹੇ ਹਨ ਅਤੇ ਇਸ ਤੋਂ ਪਹਿਲਾਂ ਵੀ ਇਸ ਹਾਊਸ ਦੇ ਮੈਂਬਰ ਰਹਿ ਚੁਕੇ ਹਨ ਪਰ ਮੈਨੂੰ ਇਸ ਹਾਊਸ ਦਾ ਨਵਾਂ ਤਜਰਬਾ ਹੈ। ਮੈਂ ਕੁਝ ਗੱਲਾਂ ਕਹਾਂਗਾ, ਚੇਅਰਮੈਨ ਸਾਹਿਬ, ਜਿਹੜੀਆਂ ਉਪਰ ਤੋਂ ਜ਼ਰੂਰ ਕੌੜੀਆਂ ਲੱਗਣਗੀਆਂ ਪਰ ਮੈਂ ਹਾਊਸ ਦੇ ਦੋਨਾਂ ਪੱਖਾਂ ਨੂੰ ਇਹ ਵਿਸ਼ਵਾਸ ਦਿਵਾ ਕੇ ਗੱਲ ਕਰਦਾ ਹਾਂ ਕਿ ਮੈਂ ਮਨ ਕੌੜਾ ਕਰਕੇ ਗਲ ਨਹੀਂ ਕਰ ਰਿਹਾ ਸਿਰਫ ਇਸ ਲਈ ਕਰ ਰਿਹਾ ਹਾਂ ਕਿ ਜਿਹੜਾ ਪੰਜਾਬ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਉਹ ਜ਼ਰੂਰ ਮਿਲੇ। ਸੁਣਿਆ ਗਿਆ ਹੈ ਬੜੇ ਪੁਰਾਣੇ ਵਕਤਾਂ ਤੋਂ ਕਿ ਕਾਨੂੰਨ ਅੰਨ੍ਹਾਂ ਹੁੰਦਾ ਹੈ। ਇਹ ਵੀ ਆਸ ਕਰਦੇ ਰਹੇ ਕਿ ਸਾਡੇ ਦੇਸ਼ ਦਾ ਕਾਨੂੰਨ ਅੰਨ੍ਹਾਂ ਹੀ ਸਾਬਤ ਹੋਵੇਗਾ। ਜਿਹੜੀ ਤੱਕੜੀ ਹਰ ਇਕ ਦਿਲ ਦੇ ਪਿਛੇ ਲਟਕਦੀ ਹੈ ਉਹ ਤੱਕੜੀ ਬਰਾਬਰ ਦਾ ਹੀ ਇਨਸਾਫ ਕਰਦੀ ਰਹੇਗੀ, ਬਰਾਬਰ ਦਾ ਹੀ ਤੋਲੇਗੀ। ਮੈਂਬਰ ਸਾਹਿਬਾਨ ਜ਼ਿਕਰ ਕਰ ਚੁੱਕੇ ਹਨ ਕਿ ਪੰਜਾਬ ਵਿਚ ਕਈ ਹਜ਼ਾਰ ਲੋਕ ਗ੍ਰਿਫਤਾਰ ਕੀਤੇ ਗਏ ਇਸ ਲਈ ਕਿ ਉਨ੍ਹਾਂ ਉਤੇ ਕਤਲ ਦਾ ਇਲਜ਼ਾਮ ਸੀ ਜਾਂ ਕਤਲ ਵਿਚ ਸ਼ਾਮਲ ਹੋਣ ਦਾ ਇਲਜ਼ਾਮ ਸੀ। ਬਹੁਤ ਸਾਰੇ ਤਾਂ ਅਦਾਲਤਾਂ ਵਿਚ ਪੇਸ਼ ਨਹੀਂ ਕੀਤੇ ਗਏ। ਉਨ੍ਹਾਂ ਨੂੰ ਸਪੈਸ਼ਲ ਅਦਾਲਤਾਂ ਵਿਚ ਪੇਸ਼ ਕੀਤਾ ਗਿਆ ਜਿਥੇ ਉਨ੍ਹਾਂ ਦੇ ਘਰ ਦਾ ਕੋਈ ਮੈਂਬਰ ਉਨ੍ਹਾਂ ਨੂੰ ਨਹੀਂ ਮਿਲ ਸਕਦਾ। ਫਿਰ ਉਥੇ ਉਸ ਨੂੰ ਸਾਬਤ ਕਰਨਾ ਪਵੇਗਾ ਕਿ ਉਹ ਫਲਾਨੀ ਤਾਰੀਖ ਨੂੰ ਆਪਣੇ ਘਰ ਸੁੱਤਾ ਹੋਇਆ ਸੀ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਕਿੰਨੇ ਕਤਲ ਹੋਏ ਸਨ, ਕਿੰਨੇ ਕਤਲ ਸਨ ਜਿਨ੍ਹਾਂ ਵਿਚ ਆਖਿਆ ਗਿਆ ਕਿ ਇਹ ਐਕਸਟਰੀਮਿਸਟਸ ਨੇ ਕੀਤੇ ਹਨ। ਜੇ ਮੈਂ ਭੁਲੇਖੇ ਵਿਚ ਨਾ ਹੋਵਾਂ ਤਾਂ ਇਹ ਕੋਈ 300 ਦੇ ਕਰੀਬ ਕਤਲ ਸਨ। ਪਰ ਐਨੇ ਕਤਲ ਤਾਂ ਪੰਜਾਬ ਵਿਚ ਆਮ ਤੌਰ ਤੇ ਹਰ ਸਾਲ ਵਿਚ ਹੁੰਦੇ ਹੀ ਰਹਿੰਦੇ ਹਨ। ਤੁਸੀਂ ਕੋਈ ਦਿਨ ਦੱਸ ਦਿਓ ਜਿਸ ਦਿਨ ਐਸੀ ਖਬਰ ਨਾ ਆਈ ਹੋਵੇ ਕਿ ਐਨੇ ਮਰ ਗਏ ਹਨ। ਪੰਜਾਬ ਤੋਂ ਬਾਹਿਰ ਵੀ ਕਤਲ ਹੁੰਦੇ ਹਨ, ਸੈਂਕੜੇ ਹੀ ਨਹੀਂ ਹੁੰਦੇ ਹਜ਼ਾਰਾਂ ਦੀ ਗਿਣਤੀ ਵਿਚ ਹੁੰਦੇ ਹਨ ਪਰ ਉਥੇ ਕੋਈ ਸਪੈਸ਼ਲ ਕੋਰਟ ਨਹੀਂ ਹੈ। ਉਥੇ ਕੋਈ ਡਿਸਟਰਬਡ ਏਰੀਆ ਡਿਕਲੇਅਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਵਿੰਦਰ ਸਿੰਘ ਗਰਚਾ]

ਨਹੀਂ ਕੀਤਾ ਗਿਆ । ਇੰਦੌਰ, ਹੈਦਰਾਬਾਦ, ਸਿਕੰਦਰਾਬਾਦ, ਦਿੱਲੀ ਅਤੇ ਹੋਰ ਜਗ੍ਹਾਂ ਤੇ ਕਿੰਨੇ ਕਤਲ ਹੋਏ ਪਰ ਜੇ ਇਸ ਬਾਰੇ ਪੁੱਛੋ ਕਿ ਉਹ ਕਤਲ ਕਰਨ ਵਾਲੇ ਮੁਜ਼ਰਮ ਕੌਣ ਅਤੇ ਕਿੰਨੇ ਸਨ, ਉਹ ਕਿੰਨੇ ਲੋਕ ਗ੍ਰਿਫਤਾਰ ਹੋਏ, ਕਿੰਨੇ ਮੁਕੱਦਮੇ ਉਨ੍ਹਾਂ ਤੇ ਚਲਾਏ ਗਏ, ਕਿੰਨਿਆਂ ਨੂੰ ਸਜ਼ਾ ਹੋਈ, ਤਾਂ ਜਵਾਬ ਇਕੋ ਮਿਲੇਗਾ ਕਿ ਕੋਈ ਗ੍ਰਿਫਤਾਰ ਨਹੀਂ ਹੋਇਆ, ਕੋਈ ਪਰਚਾ ਤੱਕ ਦਰਜ ਨਹੀਂ ਹੋਇਆ, ਕੋਈ ਸਜ਼ਾ ਨਹੀਂ ਮਿਲੀ ਕਿਸੇ ਨੂੰ। ਕਿਉ ? ਪੰਜਾਬ ਵਿਚ ਕਿੰਨੀ ਬੀ.ਐਸ.ਐਫ., ਸੀ.ਆਰ.ਪੀ.ਐਫ. ਅਤੇ ਮਿਲਟਰੀ ਭੇਜੀ ਗਈ, ਇਥੇ ਕੀ ਕੁਝ ਹੋਇਆ, ਇਹ ਸਾਰਿਆਂ ਨੂੰ ਪਤਾ ਹੈ। ਮੈਂ ਕਹਾਂਗਾ ਕਿ ਸਾਡਾ ਕਾਨੂੰਨ ਅੰਨ੍ਹਾਂ ਸਾਬਤ ਨਹੀਂ ਹੋਇਆ, ਸਾਡਾ ਕਾਨੂੰਨ ਕਾਣਾ ਸਾਬਤ ਹੋਇਆ ਹੈ। ਇਹ ਸਿਰਫ ਸਾਡੇ ਲਈ ਹੀ ਨਹੀਂ ਬਲਕਿ ਸਾਰੇ ਮੁਲਕ ਲਈ ਸ਼ਰਮਨਾਕ ਗੱਲ ਹੈ। ਮੈਂ ਗੱਲ ਕੀਤੀ ਸੀ ਗ੍ਰਿਫਤਾਰੀਆਂ ਦੀ। ਪੰਜਾਬ ਵਿਚ ਸਿਰਫ ਗ੍ਰਿਫਤਾਰੀਆਂ ਹੀ ਨਹੀਂ ਹੋਈਆਂ, ਇਥੇ ਕਤਲ ਵੀ ਹੋਏ ਹਨ। ਜਿੰਨੇ ਕਤਲ ਐਕਸਟਰੀਮਿਸਟਸ ਦੇ ਸਿਰ ਲਾਏ ਗਏ ਹਨ ਉਸ ਤੋਂ ਕਿੰਨੇ ਗੁਣਾਂ ਜ਼ਿਆਦਾ ਹੋਰ ਕਤਲ ਹੁੰਦੇ ਹਨ। ਚੇਅਰਮੈਨ ਸਾਹਿਬ, ਮੁਆਫ ਕਰਨਾ ਤੁਸੀਂ ਇਸ ਕੁਰਸੀ ਤੇ ਸਸ਼ੋਭਤ ਹੋ, ਤੁਸੀਂ ਕਤਲ ਕਰ ਦਿਓ, ਮੈਂ ਕਤਲ ਕਰ ਦਿਆਂ, ਇਹ ਹਾਊਸ ਦਾ ਕੋਈ ਮੈਂਬਰ ਕਤਲ ਕਰ ਦੇਵੇ, ਚੀਫ ਮਨਿਸਟਰ ਦੀ ਕੁਰਸੀ ਤੇ ਬੈਠ ਕੇ ਕਤਲ ਕਰ ਦੇਵੇ ਤਾਂ ਇਹ ਕਾਨੂੰਨ ਤੋਂ ਉਪਰ ਨਹੀਂ ਹੋ ਜਾਂਦਾ । (ਪ੍ਰਸ਼ੰਸਾ) ਅਸੀਂ ਜੋ ਇਸ ਐਂਸੰਬਲੀ ਹਾਲ ਵਿਚ ਬੈਠੇ ਹਾਂ ਇਹ ਸਾਨੂੰ ਬਚਾ ਨਹੀਂ ਸਕਦੀ। ਫਿਰ ਮੈਂ ਇਹ ਸਵਾਲ ਪੁੱਛਣ ਦੀ ਜ਼ੁਰਅੱਤ ਜ਼ਰੂਰ ਕਰ ਸਕਦਾ ਹਾਂ ਕਿ ਪੁਲਿਸ ਦੀ ਵਰਦੀ ਪਾ ਕੇ, ਬੀ.ਐਸ.ਐਫ. ਦੀ ਵਰਦੀ ਪਾ ਕੇ ਇਸ ਘੁੰਡ ਪਿੱਛੇ ਕੀ ਕਤਲ ਲਕੋਇਆ ਜਾ ਸਕਦਾ ਹੈ ? ਕਤਲ ਕਤਲ ਹੈ ਭਾਵੇਂ ਉਹ ਕਿਸੇ ਰੂਪ ਵਿਚ ਹੋਵੇ ਅਤੇ ਕਤਲ ਦੀ ਸ਼ਜਾ ਕਾਨੂੰਨ ਹੇਠ ਨਿਰਧਾਰਤ ਹੈ। ਪਰ ਕਾਨੂੰਨ ਸੁੱਤਾ ਕਿਉਂ ਪਿਆ ਹੈ ? ਉਸ ਵਕਤ ਕਾਨੂੰਨ ਸੁੱਤਾ ਰਿਹਾ ਪਰ ਮੈਂ ਪੁੱਛਦਾ ਹਾਂ ਕਿ ਹੁਣ ਕਾਨੂੰਨ ਕਿਉਂ ਸੁੱਤਾ ਹੋਇਆ ਹੈ ? ਹਜ਼ਾਰਾਂ ਲੋਕਾਂ ਨੂੰ ਮਾਰਿਆ ਗਿਆ, ਹਜ਼ਾਰਾਂ ਇਨਸਾਨਾਂ ਨੂੰ ਜੀਉਣ ਤੋਂ ਲਾਚਾਰ ਕਰ ਦਿਤਾ, ਉਨਾਂ ਨੂੰ ਲੱਤਾਂ ਬਾਹਾਂ ਤੋਂ ਚੱਲਣ ਜੋਗਾ ਨਹੀਂ ਛੱਡਿਆ। ਕਾਨੂੰਨ ਸਜ਼ਾ ਦੇ ਸਕਦਾ ਹੈ। ਜਿਨ੍ਹਾਂ ਨੇ ਇਹ ਕੰਮ ਕੀਤੇ, ਕਰਵਾਏ ਹਨ ਉਨ੍ਹਾਂ ਨੂੰ ਕਾਨੂੰਨ ਥੱਲੇ ਸਜ਼ਾ ਜ਼ਰੂਰ ਦਿੱਤੀ ਜਾਵੇ ਨਹੀ ਤਾਂ ਅਗੇ ਨੂੰ ਫਿਰ ਇਹ ਪਰੈਸੀਡੈਂਟ ਬਣ ਜਾਵੇਗਾ । ਪੁਲਿਸ, ਬੀ.ਐਸ.ਐਫ., ਸੀ.ਆਰ.ਪੀ.ਐਫ. ਵਾਲੇ ਕਤਲ ਕਰ ਦੇਣ ਤਾਂ ਫਿਰ ਉਸ ਦੀ ਵਰਦੀ ਦੇਖ ਕੇ ਇਹ ਨਾ ਕਹੋ ਕਿ ਉਸ ਨੂੰ ਜਾਣ ਦਿਓ। ਮੈਂ ਮੰਤਰੀਮੰਡਲ ਤੋਂ ਸਮੁੱਚੇ ਤੌਰ ਤੇ ਅੌਰ ਮੁੱਖ ਮੰਤਰੀ ਜੀ ਤੋਂ ਖਾਸ ਤੌਰ ਤੇ ਇਹ ਮੰਗ ਕਰਦਾ ਹਾਂ ਕਿ ਇਕ ਕਮੇਟੀ ਬਣਾਈ ਜਾਵੇ ਜਿਹੜੀ ਇਕੱਲੇ ਇਕੱਲੇ ਕੇਸ ਬਾਰੇ ਸ਼ਿਕਾਇਤਾਂ ਸੁਣੇ । ਬੈਂਸ ਸਾਹਿਬ ਦੀ ਸਦਾਰਤ ਵਿੱਚ ਜੋ ਕਮੇਟੀ ਬਣੀ ਹੈ ਉਸ ਨੇ ਕਹਿ ਦਿੱਤਾ ਹੈ ਕਿ ਬਹੁਤ ਸਾਰੇ ਐਨਕਾਊਂਟਰ ਜੋ ਪੁਲਿਸ ਨੇ ਦਿਖਾਏ ਹਨ ਉਹ *** ਸਨ। ਜੇ ਐਨਕਾਊਂਟਰ *** ਸਨ ਤਾਂ ਉਨ੍ਹਾਂ ਕੇਸਿਜ਼ ਵਿੱਚ ਅਫਸਰਾਂ ਨੂੰ ਸਜ਼ਾ ਦਿਓ । ਇਹ ਕੋਈ ਸਜ਼ਾ ਨਹੀਂ ਕਿ ਕਿਸੇ ਦੀ ਬਦਲੀ ਕਰ ਦਿਓ ਜਾਂ ਕਿਸੇ ਦੀ ਸਲਾਨਾ ਤਰੱਕੀ ਰੋਕ ਦਿਓ । ਚੇਅਰਮੈਨ ਸਾਹਿਬ, ਕਤਲ ਦੀ ਸਜ਼ਾ ਬਾਕਾਇਦਾ ਗ੍ਰਿਫਤਾਰੀ ਅੌਰ ਟਰਾਇਲ ਹੈ। ਉਸ ਦੇ ਵਿੱਚ ਜੱਜ ਨੇ ਫੈਸਲਾ ਕਰਨਾ ਹੈ ਕਿ ਕਿਸ ਨੂੰ ਲਟਕਾਉਣਾ ਹੈ ਅੌਰ ਕਿਸ ਨੂੰ ਅੰਦਰ ਕਰਨਾ ਹੈ। ਇਹ ਫੈਸਲਾ ਜੱਜ ਨੇ ਹੀ ਕਰਨਾ ਹੈ ਕਿ ਕਿਸ ਨੂੰ ਬਰੀ ਕਰਨਾ ਅਤੇ ਕਿਸ ਨੂੰ ਨਹੀਂ ਕਰਨਾ । ਸਾਡੀ ਇਹ ਵਿਧਾਨ ਸਭਾ ਜਿਸ ਦੇ ਮੈਂਬਰ ਬਣਨ ਦਾ ਸਾਨੂੰ ਹੱਕ ਹਾਸਲ ਹੈ ਅੌਰ ਅੱਜ ਫਖਰ ਨਾਲ ਅਸੀਂ ਐਮ.ਐਲ.ਏ. ਹਾਂ ਇਸ ਦੇ ਵਿੱਚ ਸਾਡੀ ਤਵਾਰੀਖੀ ਜ਼ਿੰਮੇਵਾਰੀ ਹੈ। ਇਹ ਸੜਕਾਂ ਬਣਦੀਆਂ ਰਹਿਣਗੀਆਂ। ਇਹ ਸਕੂਲ ਬਣਦੇ ਰਹਿਣਗੇ ਅੌਰ ਬਣਦੇ ਚਲੇ ਜਾਣਗੇ । ਜੇ ਅਸੀਂ ਇਥੇ ਨਾ ਆਏ ਹੁੰਦੇ ਤਾਂ ਵੀ ਅਫਸਰ ਸਾਹਿਬਾਨ ਇਥੇ ਬੈਠੇ ਹਨ ਉਨ੍ਹਾਂ ਨੇ ਬਣਾਉਂਦੇ ਰਹਿਣਾ ਸੀ, ਅਗੇ ਵੀ ਬਣਦੇ ਰਹੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਬਣਦੇ ਰਹਿਣਗੇ ਪਰ ਸਾਡੀ ਇਸ ਨੌਵੀਂ ਵਿਧਾਨ ਸਭਾ ਦੀ ਜੋ ਜ਼ਿੰਮੇਵਾਰੀ ਹੈ, ਜੋ ਜ਼ਿੰਮੇਵਾਰੀ ਇਤਿਹਾਸ ਨੇ ਪਾਈ ਹੈ ਇਹ ਬਹੁਤ ਅਜੀਬ ਜ਼ਿੰਮੇਵਾਰੀ ਹੈ। ਅਸੀਂ 4 ਸਾਲਾਂ ਦੀ ਹਨੇਰੀ ਰਾਤ ਵਿਚੋਂ ਗੁਜ਼ਰੇ ਹਾਂ। ਮੈਂ ਸ਼ੁਕਰੀਆ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਅਦਾ ਕਰਦਾ ਹਾਂ ਗਵਰਨਰ ਸਾਹਿਬ ਦਾ ਅੱਰ ਪ੍ਰਾਈਮ ਮਨਿਸਟਰ ਸਾਹਿਬ ਦੀ ਸਿਆਣਪ ਦਾ, ਸਵਰਗੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਸਿਆਣਪ ਦਾ ਕਿ ਉਨ੍ਹਾਂ ਨੇ ਸਾਨੂੰ ਆਖਿਰਕਾਰ ਹਨੇਰੇ ਵਿਚੋਂ ਨਿਕਲਣ, ਦਾ ਇਕ ਮੌਕਾ ਦਿੱਤਾ ਹੈ। (ਥੰਪਿੰਗ) ਰੌਸ਼ਨੀ ਦੀ ਇਕ ਲਕੀਰ ਨਜ਼ਰ ਤਾਂ ਆਈ ਹੈ, ਚੇਅਰਮੈਨ ਸਾਹਿਬ, ਪਰ ਇਹ ਰੌਸ਼ਨੀ ਦੀ ਲਕੀਰ ਹਾਲੀਂ ਬਹੁਤ ਖਤਰੇ ਵਿਚ ਹੈ। ਮੈਂ ਪੂਰੇ ਹਾਊਸ ਨੂੰ, ਆਪਣੇ ਖੱਬੇ ਹੱਥ ਦੇ ਦੋਸਤਾਂ ਨੂੰ ਅੱਰ ਸੱਜੇ ਹੱਥ ਦੇ ਦੋਸਤਾਂ ਨੂੰ ਇਹ ਬੇਨਤੀ ਕਰਾਂਗਾ ਕਿ ਇਸ ਗੱਲ ਬਾਰੇ ਰੱਖ ਦੇ ਵਾਸਤੇ ਇਕ ਹੋ ਜਾਓ। ਮੈਨੂੰ ਇਥੇ ਫਾਰਸੀ ਦਾ ਇਕ ਮਿਸ਼ਰਾ ਯਾਦ ਆ ਗਿਆ ਹੈ :—

ਮਨ ਤੋ ਸ਼ੁਧਰਾ ਤੋ ਮਨ ਸ਼ੁਧੀ ਤਾ ਕਸ ਨਾ ਗੋਇਤ,
ਬਾਦ ਅਜ਼ੀਮ ਮਨ ਦੀਗਰੱਮ ਤੋ ਦੀਗੱਰਮ ।

ਇਤਨੇ ਇਕ ਮਿਕ ਹੋ ਜਾਓ ਕਿ ਕੋਈ ਇਹ ਨਾ ਕਹਿ ਸਕੇ ਕੱਲ ਨੂੰ ਕਿ ਇਹ ਵੱਖ ਵੱਖ ਹਨ। ਫਿਰ ਸਾਡੀ ਇਹ ਰੌਸ਼ਨੀ ਦੀ ਲਕੀਰ ਚਮਕ ਸਕਦੀ ਹੈ, ਫਿਰ ਇਹ ਰੌਸ਼ਨੀ ਦੀ ਲਕੀਰ ਚਮਕਦਾ ਸੂਰਜ ਬਣ ਸਕਦੀ ਹੈ, ਇਕ ਨਿਖਰਦੀ ਸਵੇਰ ਬਣ ਸਕਦੀ ਹੈ। ਚੇਅਰਮੈਨ ਸਾਹਿਬ, ਸਾਰਿਆਂ ਨੂੰ ਪਤਾ ਹੈ ਕਿ ਮਾਨਸੂਨ ਦੇ ਬੱਦਲ ਜਦੋਂ ਆਉਂਦੇ ਹਨ ਤਾਂ ਉਨ੍ਹਾਂ ਦੀ ਦਿਸ਼ਾ ਕਿਹੜੀ ਹੁੰਦੀ ਹੈ। ਮਾਨਸੂਨ ਦਾ ਬੱਦਲ ਦਿੱਲੀ ਤੋਂ ਆਉਂਦਾ ਹੈ, ਦਿੱਲੀ ਤੋਂ ਲੰਘ ਕੇ ਫਿਰ ਉਹ ਹਰਿਆਣਾ ਅੱਰ ਪੰਜਾਬ ਵਿੱਚ ਅੰਮ੍ਰਿਤ ਵਰਸਾਉਂਦਾ ਹੈ ਜਿਸ ਕਰਕੇ ਇਹ ਦੋਨੋਂ ਪ੍ਰਾਂਤ ਅੰਨ ਦਾ ਭੰਡਾਰ ਬਣਦੇ ਹਨ। ਕਈ ਵਾਰੀ ਤਾਂ ਇਥੋਂ ਤਕ ਵੀ ਫ਼ਖਰ ਨਾਲ ਕਹਿ ਦਿਤਾ ਜਾਂਦਾ ਹੈ ਕਿ ਅਸੀਂ ਦੇਸ਼ ਦੇ ਅੰਨ ਦਾਤਾ ਹਾਂ। ਚੇਅਰਮੈਨ ਸਾਹਿਬ, ਮੈਂ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਚਿਤੰਨ ਕਰ ਦੇਣਾ ਚਾਹੁੰਦਾ ਹਾਂ ਕਿ ਉਹ ਮਾਨਸੂਨ ਤੇ ਨਜ਼ਰ ਰਖਣ। ਬੱਦਲ ਆਉਂਦੇ ਹਨ ਤਾਂ ਦਿੱਲੀ ਵਲੋਂ ਆਉਂਦੇ ਹਨ ਕਿਧਰੇ ਇਹ ਨਾ ਹੋਵੇ ਕਿ ਇਹ ਜੋ ਰੌਸ਼ਨੀ ਦੀ ਲਕੀਰ ਜੋ ਦਿੱਸੀ ਹੈ, ਰੌਸ਼ਨੀ ਦੀ ਇਹ ਪਤਲੀ ਲਕੀਰ ਜੋ ਇਥੇ ਉਠੀ ਹੈ ਕਿਸੇ ਕਾਲੀ ਬਦਲੀ ਦਾ ਸ਼ਿਕਾਰ ਹੋ ਜਾਵੇ। ਇਸ ਲਈ ਸਾਰਿਆਂ ਨੂੰ ਚਿਤੰਨ ਰਹਿਣਾ ਪਵੇਗਾ। ਜੋ ਝੋਨੇ ਦੇ ਭਾਅ ਦਾ ਕੋਈ ਜ਼ਿਕਰ ਆਉਂਦਾ ਹੈ ਤਾਂ ਕਿੰਨੀ ਵਾਰੀ ਮੇਰੇ ਮਨ ਵਿੱਚ ਖਿਆਲ ਆਇਆ ਕਿ ਕਿਧਰੇ ਜਾਣ ਬੁਝ ਕੇ ਸਾਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਤਾਂ ਨਹੀਂ ਹੋ ਰਹੀ। ਸਾਨੂੰ ਚਿਤੰਨ ਰਹਿਣਾ ਪਵੇਗਾ ਅੱਰ ਇਕ ਮੁੱਠ ਹੋਣਾ ਪਵੇਗਾ।

ਆਖਿਰ ਵਿੱਚ, ਚੇਅਰਮੈਨ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਇਕ ਮਹਾਪੁਰਸ਼ ਨੇ ਆਪਣੀ ਜੀਵਨ ਦੀ ਕੁਰਬਾਨੀ ਦੇ ਕੇ, ਇਕ ਸਿਆਣੇ ਨੇਤਾ ਨੇ ਆਪਣੀ ਦਾਨਸ਼ਮੰਦੀ ਨਾਲ ਜੋ ਮਾਹੌਲ ਪੰਜਾਬ ਵਿਚ ਪੈਦਾ ਕੀਤਾ ਹੈ, ਜੋ ਰੌਸ਼ਨੀ ਦਿੱਤੀ ਹੈ ਉਹ ਆਉਣ ਵਾਲੇ ਸਮੇਂ ਵਿੱਚ ਪੰਜਾਬ ਦਾ ਚਮਕਦਾ ਸੂਰਜ ਬਣੇ। ਇਹ ਹੋਵੇਗਾ ਤਾਂ ਹੀ ਜੇ ਅਸੀਂ ਸਮੇਂ ਦੀ ਪੁਕਾਰ ਸਮਝਾਂਗੇ, ਸਮੇਂ ਦੀ ਪੁਕਾਰ ਸਮਝ ਸਕਾਂਗੇ, ਸੁਣ ਸਕਾਂਗੇ। ਇਸ ਵੇਲੇ ਜ਼ਰੂਰਤ ਪੌਲੀਟੀਸ਼ੀਅਨਜ਼ ਦੀ ਨਹੀਂ ਹੈ, ਇਸ ਵੇਲੇ ਜ਼ਰੂਰਤ ਸਟੇਟਸਮੈਨ ਦੀ ਹੈ। ਮੈਂ ਤਾਂ ਬਹੁਤ ਥੋੜ੍ਹੀ ਜਿਹੀ ਬੁਧੀ ਦਾ ਮਾਲਿਕ ਹਾਂ, ਇਥੇ ਹੋਰ ਬਹੁਤ ਸਾਰੇ ਲੋਕ ਬੈਠੇ ਹਨ ਜਿਹੜੇ ਬੜੇ ਸਿਆਣੇ ਹਨ, ਜਿਨ੍ਹਾਂ ਨੂੰ ਇਤਿਹਾਸ ਦਾ ਪਤਾ ਹੈ ਅੱਰ ਜਿਨ੍ਹਾਂ ਨੂੰ ਇਹ ਵੀ ਪਤਾ ਹੋਵੇਗਾ ਸੰਤ ਲੌਂਗੋਵਾਲ ਜੀ ਦੇ ਪਾਏ ਪੂਰਨਿਆਂ ਤੇ ਕਿਵੇਂ ਚਲਿਆ ਜਾ ਸਕਦਾ ਹੈ, ਕਿਵੇਂ ਆਪਸੀ ਪਿਆਰ ਪੈਦਾ ਕੀਤਾ ਜਾ ਸਕਦਾ ਹੈ ਅਤੇ ਕਿਵੇਂ ਪਿਆਰ ਵਲ ਲਿਜਾਇਆ ਜਾ ਸਕਦਾ ਹੈ। ਇਸ ਦੇ ਵਾਸਤੇ ਭਰਪੂਰ ਕੋਸ਼ਿਸ਼ ਦੀ ਜ਼ਰੂਰਤ ਹੈ ਅੱਰ ਮੈਨੂੰ ਆਸ ਹੈ ਕਿ ਉਹ ਕੋਸ਼ਿਸ਼ ਕਾਮਯਾਬ ਜ਼ਰੂਰ ਹੋਵੇਗੀ। ਪੁਰਾਣੇ ਵਕਤਾਂ ਦੀ ਗੱਲ ਹੈ ਕਿ ਸ਼ਾਹ ਮੁਹੰਮਦ ਨਾਮ ਦਾ ਇਕ ਕਵੀ ਹੋਇਆ ਸੀ ਜਿਸ ਦਾ ਨਾਮ ਸਾਰਿਆਂ ਨੇ ਸੁਣਿਆ ਹੋਇਆ ਹੈ। ਉਸ ਨੇ ਇਕ ਗਲ ਆਖੀ ਸੀ।

'ਸ਼ਾਹ ਮੁਹੰਮਦਾ ਪੈਣਗੇ ਵੈਣ ਮੀਆਂ ਜਦੋਂ ਹੋਣ ਪੰਜਾਬਣਾਂ ਰੰਡੀਆਂ ਜੀ'

ਚੇਅਰਮੈਨ ਸਾਹਿਬ, ਪੰਜਾਬਣਾਂ ਹੁਣ ਰੰਡੀਆਂ ਹੋਈਆਂ ਹਨ। ਉਨ੍ਹਾਂ ਦਾ ਵਿਰਲਾਪ ਤੁਸੀਂ ਸੁਣਿਆ ਹੈ। ਜੇ ਮੈਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਵਿੰਦਰ ਸਿੰਘ ਗਰਚਾ]

ਇਹ ਕਹਿ ਲਵਾਂ ਕਿ ਅਸੀਂ ਸਾਰਿਆਂ ਨੇ ਸੁਣਿਆ ਹੈ ਤਾਂ ਇਹ ਕੋਈ ਅੱਤਕਥਨੀ ਨਹੀਂ ਹੋਵੇਗੀ। ਮਾਵਾਂ ਦੀਆਂ ਕੁੱਖਾਂ ਦੀ ਕੂਕ ਅਸੀਂ ਸੁਣੀ ਹੈ ਜਿਹੜਾ ਵੈਣ ਪੰਜਾਬ ਵਿੱਚ ਇਸ ਵੇਲੇ ਹੈ ਉਹ ਅਸੀਂ ਸੁਣਿਆ ਹੈ ਉਹ ਵੈਣ ਨਾ ਸੁਣਨ ਵਾਸਤੇ ਸਾਡੀ ਬੜੀ ਜ਼ਿੰਮੇਵਾਰੀ ਹੈ। ਜੇ ਅਸੀਂ ਉਸ ਜ਼ਿੰਮੇਵਾਰੀ ਤੋਂ ਉਕਤਾ ਗਏ ਤਾਂ ਫਿਰ ਕੋਈ ਹੋਰ ਸ਼ਾਹ ਮੁਹੰਮਦ ਉਠੇਗਾ ਜਿਹੜਾ ਸਾਡੇ ਵੈਣ ਗਾਏਗਾ, ਇਸ ਨੌਵੀਂ ਵਿਧਾਨ ਸਭਾ ਦੇ ਗਾਏਗਾ ਕਿ—

'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ'

ਤੁਸੀਂ ਪੰਜਾਬ ਦੀ ਫੌਜ ਹੋ, ਹਾਰ ਨਾ ਜਾਈਓ। ਇਤਨਾ ਹੀ ਕਹਿੰਦਾ ਹੋਇਆ, ਚੇਅਰਮੈਨ ਸਾਹਿਬ, ਮੈਂ ਖਿਮਾਂ ਦਾ ਜਾਚਕ ਹਾਂ।

ਕੈਪਟਨ ਕੰਵਲਜੀਤ ਸਿੰਘ (ਬਠੂੜ) : ਮਾਨਯੋਗ ਚੇਅਰਮੈਨ ਸਾਹਿਬ, ਰਾਜਪਾਲ ਜੀ ਨੂੰ ਮਾਣਪੱਤਰ ਦੇਣ ਦੇ ਹੱਕ ਵਿਚ ਜੋ ਪ੍ਰਸਤਾਵ ਪੇਸ਼ ਹੋਇਆ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜਾ ਹੋਇਆ ਹਾਂ। ਸਾਡਾ ਪੰਜਾਬ ਹੁਣ ਗੰਭੀਰ ਅਵਸਥਾ ਵਿਚੋਂ ਨਿਕਲ ਆਇਆ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਸਮੁੱਚੇ ਪੰਜਾਬ ਦੀ ਅਗਵਾਈ ਕਰਦਾ ਹੋਇਆ ਅਤੇ ਇਸ ਪੰਜਾਬ ਦੇ ਅੰਦਰ ਪਿਛਲੀ ਸਰਕਾਰ ਦੀਆਂ ਲੋਕ ਮਾਰੂ ਅਤੇ ਹਿੰਦੂ ਸਿੱਖ ਪਾੜਾ ਪਾਉਣ ਦੀਆਂ ਸਾਰੀਆਂ ਸਾਜ਼ਸ਼ਾਂ ਨੂੰ ਨਾਕਾਮ ਕਰਦਾ ਹੋਇਆ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਦਾ ਪ੍ਰੋਗਰਾਮ ਰੱਖਣ ਵਿਚ ਸਫਲ ਹੋਇਆ ਹੈ। ਉਸ ਮਹਾਨ ਯੁੱਧ ਦੇ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਪੰਜਾਬ ਦੀ ਅਗਵਾਈ ਕਰਦੇ ਰਹੇ ਅਤੇ ਉਨ੍ਹਾਂ ਨੇ ਆਪਣੀ ਦੂਰ-ਅੰਦੇਸ਼ੀ, ਸੂਝ-ਬੂਝ ਅਤੇ ਸਟੇਟਸਮੈਨਸ਼ਿਪ ਦਾ ਪੂਰਨ ਸਬੂਤ ਦਿੰਦਿਆਂ ਹੋਇਆਂ ਪੰਜਾਬ ਦੇ ਵਿਚ ਸ਼ਾਂਤੀ ਕਾਇਮ ਕਰਨ ਦੇ ਵਾਸਤੇ ਪ੍ਰਾਈਮ ਮਨਿਸਟਰ ਰਾਜੀਵ ਗਾਂਧੀ ਨਾਲ ਜੋ ਸਮਝੌਤਾ ਕੀਤਾ ਅਤੇ ਪੰਜਾਬ ਦੇ ਅੰਦਰ ਇਕ ਵਾਰੀ ਫਿਰ ਸੰਵਿਧਾਨਕ ਢਾਂਚਾ ਦੋਬਾਰਾ ਲਾਗੂ ਹੋਇਆ ਅਤੇ ਅੱਜ ਅਸੀਂ ਸਾਰੇ ਇਥੇ ਇਕੱਠੇ ਹੋਏ ਹਾਂ। ਅੱਜ ਜੋ ਪੰਜਾਬ ਦੇ ਅੰਦਰ ਸ਼ਾਂਤੀ ਅਤੇ ਅਮਨ ਹੈ ਇਨ੍ਹਾਂ ਸਾਰੇ ਮਹਾਨ ਕੰਮਾਂ ਦਾ ਸੇਹਰਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਿਰ ਤੇ ਹੈ। (ਥੰਪਿੰਗ) ਅਤੇ ਸਾਡੇ ਵਿਚ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਪੰਜਾਬ ਦੇ ਅੰਦਰ ਅੱਗ ਦਾ ਭਾਂਬੜ ਮਚਾਇਆ ਹੋਇਆ ਸੀ ਅਤੇ ਜੋ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪਣੇ ਖੂਨ ਦੇ ਨਾਲ ਠੰਡਾ ਕੀਤਾ। ਆਓ, ਅੱਜ ਅਸੀਂ ਸਾਰੇ ਉਸ ਮਹਾਨ ਪੁਰਸ਼ ਨੂੰ ਆਪਣੀ ਸ਼ਰਧਾ ਅਰਪਣ ਕਰੀਏ। ਇਸ ਮਹਾਨ ਮਨੋਰਥ ਦੇ ਵਿਚ ਸਾਡੇ ਮੁੱਖ ਮੰਤਰੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਦਾ ਵੀ ਬਹੁਤ ਮਹੱਤਵ-ਪੂਰਣ ਰੋਲ ਰਿਹਾ ਹੈ ਜੋ ਉਨ੍ਹਾਂ ਨੇ ਉਥੇ ਕੀਤਾ ਅਤੇ ਮੈਂ ਸ਼ਾਇਦ ਗਲਤ ਨਹੀਂ ਹੋਵਾਂਗਾ ਜੇ ਇਹ ਕਹਾਂ ਕਿ ਪੰਜਾਬ ਦੀ ਸਮੁਚੀ ਜਨਤਾ ਦੀਆਂ ਆਸ਼ਾਵਾਂ ਅਤੇ ਉਨ੍ਹਾਂ ਦੀਆਂ ਸਾਰੀਆਂ ਸ਼ੁਭ ਇਛਾਵਾਂ ਬਰਨਾਲਾ ਜੀ ਦੇ ਉਪਰ ਨੇ। ਸਾਰਾ ਪੰਜਾਬ ਅੱਜ ਫਿਰ ਇਕ ਵਾਰੀ ਸੁਖ ਦਾ ਸਾਹ ਲੈ ਰਿਹਾ ਹੈ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਵਿਚ ਆਪਣੇ ਯਤਨਾਂ ਨਾਲ ਸ਼ਾਂਤੀ ਅੌਰ ਅਮਨ ਬਹਾਲ ਕੀਤਾ। ਜੋ ਦਿੱਲੀ ਦੇ ਵਿਚ ਸਮਝੌਤਾ ਹੋਇਆ ਉਸ ਦੇ ਨਾਲ ਆਸਾਂ ਵਧੀਆਂ ਪੰਜਾਬ ਦੇ ਵਿਚ ਅੌਰ ਅਸੀਂ ਸਾਰੇ ਪੰਜਾਬੀ ਇਸ ਗੱਲ ਦੇ ਉਪਰ ਆਸਾਂ ਲਾਈ ਬੈਠੇ ਸੀ ਕਿ ਦਿੱਲੀ ਅੌਰ ਚੰਡੀਗੜ੍ਹ ਵਿਚ ਜੋ ਫਾਸਲਾ ਸੀ ਉਹ ਦੂਰ ਹੋ ਜਾਏਗਾ, ਲੇਕਿਨ ਇਸ ਸਮਝੌਤੇ ਦੇ ਬਾਵਜੂਦ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੀ ਦਿੱਲੀ ਦੀ ਸਰਕਾਰ ਨੇ ਉਸ ਸਮਝੌਤੇ ਦੀ ਲੈਟਰ ਅਤੇ ਸਪਿਰਟ ਦੀ ਉਲੰਘਣਾ ਕਰਦਿਆਂ ਹੋਇਆਂ ਜੋ ਮੈਥਿਊ ਕਮਿਸ਼ਨ ਦੇ ਸਾਹਮਣੇ ਟਰਮਜ਼ ਆਫ ਰੈਫਰੈਂਸ ਵਿਚ ਇਕ ਨਵਾਂ ਸੈਨਟੈਂਸ ਐਡ ਕਰਕੇ ਇਸ ਦੀ ਸਪਿਰਟ ਅਤੇ ਪੰਜਾਬ ਦੀਆਂ ਆਸਾਂ ਨੂੰ ਠੇਸ ਮਾਰੀ ਹੈ ਜਿਸ ਦੇ ਨਾਲ ਪੰਜਾਬ ਦੇ ਹੱਕਾਂ ਦਾ ਸਾਨੂੰ ਖਤਰਾ ਪੈਦਾ ਹੋ ਗਿਆ ਹੈ ਕਿਉਂਕਿ ਪੰਜਾਬ ਦੇ ਇਲਾਕੇ ਕੱਢ ਕੇ ਹਰਿਆਣਾ ਨੂੰ ਦਿੱਤੇ ਜਾ ਸਕਦੇ ਹਨ, ਅਸੀਂ ਉਨ੍ਹਾਂ ਤੋਂ ਇਹ ਆਸ ਨਹੀਂ ਸੀ ਰਖਦੇ। ਮੈਂ ਅੱਜ ਇਹ ਜਿਹੜੇ ਮੇਰੇ ਸਾਹਮਣੇ ਵੀਰ ਬੈਠੇ ਹਨ, ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿਉਂਕਿ ਉਹ ਬਾਰ ਬਾਰ ਇਥੇ ਕਹਿ ਰਹੇ ਹਨ ਕਿ ਅਸੀਂ ਸਾਥ ਦੇਣ ਨੂੰ ਤਿਆਰ ਹਾਂ। ਇਥੇ ਰੌਲਾ ਪਾਉਣ ਦੀ ਬਜਾਏ ਦਿੱਲੀ ਵਿਚ ਪੰਜਾਬ

Original with;
Punjab Vidhan Sabha
Digitized by;
Panjab Digital Library

ਦੀ ਰਾਖੀ ਕਰੋ । ਉਥੇ ਤੁਹਾਡੀ ਪਾਰਟੀ ਦੀ ਸਰਕਾਰ ਹੈ ਉਨ੍ਹਾਂ ਨੂੰ ਮਨਾਓ। ਇਹ ਜਿਹੜੀ ਬਾਰ ਬਾਰ ਗੱਲ ਇਨ੍ਹਾਂ ਨੇ ਕੀਤੀ ਹੈ ਕਿ 'ਅਸੀਂ ਤਾਂ ਸਾਥ ਦਿਆਂਗੇ' ਮੇਰੇ ਖ਼ਿਆਲ ਦੇ ਵਿਚ ਕੱਲ੍ਹ ਤੋਂ ਲੈ ਕੇ ਹੁਣ ਤਕ ਸਿਵਾਏ ਰੌਲੇ ਦੇ ਹੋਰ ਇਨ੍ਹਾਂ ਨੇ ਕੁੱਝ ਨਹੀਂ ਕੀਤਾ ਅੱਜ ਇਨ੍ਹਾਂ ਨੇ ਇਸ ਗੱਲ ਦਾ ਵੀ ਇਲਜ਼ਾਮ ਲਗਾਇਆ . . (ਵਿਘਨ)

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਕ ਐਗਰੀਮੈਂਟ ਪੰਜਾਬ ਸਟੇਟ ਦਾ ਔਰ ਸੈਂਟਰ ਦਾ ਹੋਇਆ । ਚੀਫ ਮਨਿਸਟਰ ਸਾਹਿਬ ਮੌਜੂਦ ਹਨ ਅਤੇ ਫਾਇਨਾਂਸ ਮਨਿਸਟਰ ਸਾਹਿਬ ਮੌਜੂਦ ਹਨ ਜਿਹੜੇ ਕਿ ਉਸ ਵਿਚ ਸ਼ਾਮਲ ਸਨ। They should come forward ਅਤੇ ਇਸ ਦੇ ਬਾਰੇ ਵਿਚ ਆਪਣੀ ਕਲੈਰੀ-ਫਿਕੇਸ਼ਨ ਦੇਣ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ** ** **

ਸ਼੍ਰੀ ਸਭਾਪਤੀ : ਮਹਿਰਾ ਸਾਹਿਬ ਨੇ ਜੋ ਕੁਝ ਕਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ ।

ਕੈਪਟਨ ਕੰਵਲਜੀਤ ਸਿੰਘ : ਅੱਜ ਇਨ੍ਹਾਂ ਨੇ ਹਾਊਸ ਵਿਚ ਇਲਜ਼ਾਮ ਲਗਾਇਆ ਹੈ ਕਿ ਪੰਜਾਬ ਦੇ ਵਿਚ ਪੁਲੀਟੀਕਲ ਕਤਲ ਹੋ ਰਹੇ ਹਨ ਜਦ ਕਿ ਇਨ੍ਹਾਂ ਪਾਸ ਕੋਈ ਛਾਣ-ਬੀਣ ਜਾਂ ਜਾਂਚ-ਪੜਤਾਲ ਨਹੀਂ । ਕੱਲ੍ਹ ਔਰ ਪਰਸੋਂ ਦੇ ਜਿਹੜੇ ਕਤਲ ਹੋਏ, ਕਿਸ ਕਾਰਨ ਹੋਏ ਔਰ ਜਿਹੜੇ ਸੱਜਣਾਂ ਦੇ ਕਤਲ ਹੋਏ ਉਹ ਕਿਸ ਕਿਰਦਾਰ ਦੇ ਮਾਲਕ ਸਨ ? ਜਿੰਨਾਂ ਵੀ ਪੰਜਾਬ ਦੇ ਅੰਦਰ ਅੱਨ-ਸ਼ੋਸ਼ਲ ਐਲੀਮੈਂਟ ਹੈ ਉਹ ਸਾਡੇ ਇਨ੍ਹਾਂ ਸਾਥੀਆਂ ਨਾਲ ਸਬੰਧ ਜ਼ਰੂਰ ਰਖਦਾ ਹੈ। ਅੱਜ ਇਨ੍ਹਾਂ ਨੂੰ ਇਸ ਗੱਲ ਦਾ ਵਿਸ਼ਵਾਸ਼ ਹੋ ਗਿਆ ਹੈ ਕਿ ਪੰਜਾਬ ਦੇ ਅੰਦਰ ਪੁਲੀਟੀਕਲ ਕਤਲ ਹੋ ਰਹੇ ਹਨ ਜਦ ਕਿ ਸਬੂਤ ਕੋਈ ਨਹੀਂ । ਦੂਸਰੇ ਪਾਸੇ ਮੈਂ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਸਾਰੇ ਹਿੰਦੁਸਤਾਨ ਦੇ ਅੰਦਰ ਪੁਲੀਟੀਕਲ ਕਤਲ ਹੋਏ । ਨਵੰਬਰ, 1984 ਵਿਚ ਬੜੇ ਗਿਣੇ ਮਿੱਥੇ ਤਰੀਕੇ ਨਾਲ ਕਤਲ ਹੋਏ । ਸਾਡੇ ਪਾਸ ਇਸ ਗਲ ਦੇ ਸਬੂਤ ਹਨ ਕਿ ਕਾਂਗਰਸ ਪਾਰਟੀ ਬਹੁਤ ਮਹੱਤਵਪੂਰਨ ਪਾਰਟ ਅਦਾ ਕਰਦੀ ਹੋਈ ਸਾਰੇ ਹਿੰਦੁਸਤਾਨ ਵਿਚ ਸਿੱਖਾਂ ਦਾ ਕਤਲ ਕਰਾਉਂਦੀ ਰਹੀ। ਅੱਜ ਮੈਂ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਦਿੱਲੀ ਵਿਚ ਹਜ਼ਾਰਾਂ ਲੋਕਾਂ ਨੂੰ ਮਾਰਿਆ ਗਿਆ ਔਰ ਉਸ ਦੇ ਕਾਰਨ ਅੱਜ ਹਜ਼ਾਰਾਂ ਧੀਆਂ ਭੈਣਾਂ ਬੇਘਰ ਹੋ ਕੇ ਲਾ-ਪਤਾ ਹੋਈਆਂ ਪਈਆਂ ਹਨ । ਇਨ੍ਹਾਂ ਦੀ ਪਾਰਟੀ ਦੇ ਇਕ ਪਾਰਲੀਆਮੈਂਟ ਦੇ ਸੱਜਣ ਹਨ ਜਿਨ੍ਹਾਂ ਨੇ ਇਹ ਕੰਮ ਕਰਾਇਆ, ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ । ਇਨ੍ਹਾਂ ਨੇ ਉਨ੍ਹਾਂ ਤੇ ਕੀ ਐਕਸ਼ਨ ਲਿਆ ? ਕੀ ਕੋਈ ਪਾਰਟੀ ਨੇ ਇਨਡਿਸਿਪਲਨ ਦਾ ਵੀ ਐਕਸ਼ਨ ਲਿਆ ? ਜੇ ਕੋਈ ਪਾਰਟੀ ਦੇ ਤੌਰ ਤੇ ਕਿਸੇ ਇਨਸਾਨ ਦਾ ਕਤਲ ਕਰਦਾ ਹੈ ਤਾਂ ਜਿਸ ਤਰ੍ਹਾਂ ਗਰਚਾ ਸਾਹਿਬ ਨੇ ਫਰਮਾਇਆ ਹੈ, ਕਾਨੂੰਨ ਅਨੁਸਾਰ ਦਫਾ 302 ਦੇ ਤਹਿਤ ਸ਼ਜ਼ਾ ਲਈ ਕੇਸ ਚਲਦਾ ਹੈ। ਮੈਂ ਪੁਛਦਾ ਹਾਂ ਕਿ ਤੁਸੀਂ ਕਿੰਨੇ ਕੇਸ ਚਲਾਏ ਹਿੰਦੁਸਤਾਨ ਵਿਚ ਆਖਰਕਾਰ ਹਜ਼ਾਰਾਂ ਬੰਦੇ ਕਤਲ ਹੋਏ, ਕਿੰਨੇ ਬੰਦਿਆਂ ਨੂੰ ਫੜ ਕੇ ਜੇਲ੍ਹਾਂ ਵਿਚ ਬੰਦ ਕੀਤਾ ਗਿਆ । ਹਜ਼ਾਰਾਂ ਲੋਕਾਂ ਦੇ ਗਲਿਆਂ ਵਿਚ ਟਾਇਰ ਪਾ ਕੇ ਫੂਕ ਦਿੱਤਾ ਗਿਆ, ਕੀ ਇਹ ਉਨ੍ਹਾਂ ਦਾ ਸਾਥ ਦਿੰਦੇ ਹਨ ? ਵੈਸੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਰਟੀ ਤੋਂ ਕਦੇ ਕੋਈ ਖ਼ਾਸ ਆਸ਼ਾ ਨਹੀਂ ਰਖਣੀ ਚਾਹੀਦੀ ਜੇ ਇਨ੍ਹਾਂ ਦੇ ਪਿਛਲੇ ਕਿਰਦਾਰ ਦੇਖੀਏ । ਮੈਂ ਸਮਝਦਾ ਹਾਂ ਕਿ ਪੰਜਾਬ ਦੇ ਲੋਕਾਂ ਨੇ ਗਲਤੀ ਕੀਤੀ ਕਿਉਂਕਿ ਇਨ੍ਹਾਂ ਦਾ ਤਾਂ ਇਕ ਵੀ ਸੱਜਣ ਨਹੀਂ ਸੀ ਆਉਣਾ ਚਾਹੀਦਾ ਪਤਾ ਨਹੀਂ ਇਹ ਕਿਵੇਂ 25, 30 ਆ ਗਏ ਹਨ । ਇਹ ਤਾਂ ਲੋਕ ਮਾਰੂ ਨੀਤੀਆਂ ਅਪਣਾਉਂਦੇ ਰਹੇ ਅਤੇ ਹੁਣ ਵੀ ਅਪਣਾ ਰਹੇ ਹਨ । ਇੰਡੀਅਨ ਐਕਸਪਰੈਸ ਵਿਚ ਇਕ ਖ਼ਬਰ ਛੱਪੀ ਹੈ ਜਿਸ ਦਾ ਹੈਡਿੰਗ ਹੈ 'ਨਿਊ ਐਕਨਾਮਿਕ ਪਾਲਿਸੀ ਫਰੇਮ ਵਰਕ ਫਾਈਨਾਲਾਈਜ਼ਡ' ਚੇਅਰਮੈਨ ਸਾਹਿਬ, ਮੈਂ ਤੁਹਾਡੀ ਇਜ਼ਾਜ਼ਤ ਨਾਲ ਉਹ ਖਬਰ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]

ਚੇਅਰਮੈਨ ਸਾਹਿਬ ਤੁਹਾਡੀ ਇਜ਼ਾਜ਼ਤ ਦੇ ਨਾਲ ਸਿਰਫ ਇਕ ਪੈਰਾ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਜਿਹੜਾ ਭਵਿੱਖ ਹੈ, ਪੰਜਾਬ ਦੀ ਖੁਸ਼ਹਾਲੀ ਹੈ, ਉਹ ਪੰਜਾਬ ਦੇ ਕਿਸਾਨ ਉਤੇ ਨਿਰਭਰ ਹੈ। ਜੇਕਰ ਅਸੀਂ ਪੰਜਾਬ ਦੇ ਕਿਸਾਨ ਦਾ ਗਲ ਘੁੱਟ ਦਿੰਦੇ ਹਾਂ ਤਾਂ ਪੰਜਾਬ ਤਬਾਹ ਹੋ ਜਾਵੇਗਾ। ਸਾਡੇ ਇਨ੍ਹਾਂ ਵੀਰਾਂ (ਵਿਰੋਧੀ ਧਿਰ ਵਲ ਇਸ਼ਾਰਾ) ਨੇ ਪੰਜਾਬ ਨੂੰ ਖਤਮ ਕਰਨ ਦੇ ਸਿਵਾਏ ਹੋਰ ਕੋਈ ਕੰਮ ਨਹੀਂ ਕੀਤਾ। ਜੋ ਐਫ.ਸੀ.ਆਈ. ਨੇ ਝੋਨੇ ਦੀ ਬਰਬਾਦੀ ਕੀਤੀ, ਉਸ ਬਾਰੇ ਤਾਂ ਪਹਿਲਾਂ ਹੀ ਬਹਿਸ ਹੋ ਚੁਕੀ ਹੈ। ਪਰ ਹੁਣ ਇਕ ਹੋਰ ਗੱਲ ਸੈਂਟਰਲ ਗੌਰਮਿੰਟ ਨੇ ਕੀਤੀ ਹੈ। ਉਹ ਮੈਂ ਤੁਹਾਡੀ ਇਜਾਜ਼ਤ ਨਾਲ ਪੜ੍ਹ ਕੇ ਸੁਣਾਉਂਦਾ ਹਾਂ ।

> "The Centre has finalized a new framework of economic policy which combines liberalisation in industrial and price contents with stricter expenditure policy that would gradually withdraw the present subsidies on food, fertiliser and even on public services like education, health and water supply. The weaker sections, however, will continue to get subsidised items in a dual pricing system that is proposed to be introduced."

ਮੈਂ ਇਹ ਆਖਣਾ ਚਾਹੁੰਦਾ ਹਾਂ ਕਿ ਜੇ ਅਸੀਂ ਫੂਡ ਅੰਦਰ ਫਰਟੇਲਾਈਜ਼ਰ ਦੇ ਉਪਰੋਂ ਸਬਸਿਡੀ, ਜਿਹੜੀ ਕਿ ਸਰਕਾਰ ਦਿੰਦੀ ਹੈ, ਉਸ ਨੂੰ ਵੀ ਵਾਪਸ ਲੈ ਲੈਂਦੇ ਹਾਂ ਤਾਂ ਉਸ ਦੇ ਇਨਪੁਟਸ ਦੀਆਂ ਕੀਮਤਾਂ ਉਪਰ ਵਧਾ ਹੋਵੇਗਾ ਅੰਦਰ ਉਸ ਦੀ ਕਾਸਟ ਆਫ ਪ੍ਰੋਡੱਕਸ਼ਨ ਜਿਹੜੀ ਹੈ ਉਹ ਵਧੇਗੀ। ਜਦੋਂ ਉਹ ਵਧੇਗੀ ਤਾਂ ਕਿਸਾਨ ਹੋਰ ਵੀ ਦਬ ਜਾਵੇਗਾ। ਜਿਹੜਾ ਇਹ ਕਹਿੰਦੇ ਹਨ ਕਿ ਬਹੁਤ ਅਨਾਜ ਦੇ ਭੰਡਾਰ ਭਰੇ ਪਏ ਹਨ, ਉਹ ਮੈਂ ਕਹਿੰਦਾ ਹਾਂ ਕਿ ਇਸ ਕਰਕੇ ਨਹੀਂ ਭਰੇ ਪਏ ਕਿ ਅਨਾਜ ਬਹੁਤ ਹੈ, ਬਲਕਿ ਇਸ ਕਰਕੇ ਭਰੇ ਪਏ ਹਨ ਕਿ ਹਿੰਦੁਸਤਾਨ ਦੀ ਜਨਤਾ ਪਾਸ ਖਰੀਦਣ ਦੀ ਸ਼ਕਤੀ ਨਹੀਂ ਹੈ। ਜੇਕਰ ਹਿਸਾਬ ਲਗਾ ਕੇ ਵੇਖੀਏ ਤਾਂ ਸਾਰੀ 100 ਗਰਾਮ ਡੇਲੀ ਪਰ ਕੈਪੀਟਾ ਫੂਡ-ਗਰੇਨ ਦੀ ਕੰਜ਼ੰਪਸ਼ਨ ਬਣਦੀ ਹੈ ਅੰਦਰ ਇਹ (ਵਿਰੋਧੀ ਧਿਰ ਵਲ ਇਸ਼ਾਰਾ) ਹੋਰ ਸਾਡੇ ਤੇ ਮੇਹਰਬਾਨੀ ਕਰਨ ਲਗੇ ਹਨ ਕਿ ਫੂਡ ਦੀਆਂ ਇਨਪੁਟਸ ਤੋਂ ਸਬਸਿਡੀ ਵਾਪਿਸ ਲੈ ਲਵੋ। ਇਸ ਦਾ ਮਤਲਬ ਇਹ ਹੋਇਆ ਕਿ ਜਿਸ ਤਰ੍ਹਾਂ ਵੱਡੇ ਵੱਡੇ ਕਾਰਖਾਨੇਦਾਰਾਂ ਨੂੰ ਜਿਹੜੀ ਸਬਸਿਡੀ ਤੁਸੀਂ ਦਿੰਦੇ ਹੋ, ਉਨ੍ਹਾਂ ਦੇ ਮਾਲ ਦੇ ਇੰਪੋਰਟ ਤੇ, ਉਹ ਇਸ ਕਰਕੇ ਦਿੰਦੇ ਹੋ ਕਿਉਂਕਿ ਕਾਰਖਾਨੇਦਾਰ ਜਿਸ ਤਰ੍ਹਾਂ ਦੇ ਤਰੀਕੇ ਅਪਣਾ ਲੈਂਦੇ ਹਨ ਉਸ ਤਰ੍ਹਾਂ ਇਕੱਠੇ ਹੋ ਕੇ ਕਿਸਾਨ ਉਸ ਤਰ੍ਹਾਂ ਦੇ ਤਰੀਕੇ ਨਹੀਂ ਅਪਣਾ ਸਕਦਾ। ਜਿਸ ਤਰ੍ਹਾਂ ਵੱਡੇ ਵੱਡੇ ਕਾਰਖਾਨੇਦਾਰ ਕਰ ਰਹੇ ਹਨ ਉਸ ਤਰ੍ਹਾਂ ਕਿਸਾਨ ਨਹੀਂ ਕਰ ਸਕਦੇ। ਪਰ, ਚੇਅਰਮੈਨ ਸਾਹਿਬ, ਇਹ ਸਾਰੀਆਂ ਗੱਲਾਂ ਕਿਉਂ ਹੋ ਰਹੀਆਂ ਹਨ, ਕਿਉਂ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ? ਅਸੀਂ ਚਾਹੁੰਦੇ ਹਾਂ ਕਿ ਕਿਸਾਨ ਦੀਆਂ ਇਨਪੁਟਸ ਦੀਆਂ ਚੀਜ਼ਾਂ ਸਸਤੀਆਂ ਹੋਣ ਅੰਦਰ ਜੋ ਅਨਾਜ ਪੈਦਾ ਕਰੇ ਉਸ ਦਾ ਉਸ ਨੂੰ ਲਾਹੇਵੰਦ ਭਾਅ ਮਿਲੇ। ਲੇਕਿਨ ਜੇਕਰ ਜੋ ਗੌਰਮਿੰਟ ਆਫ ਇੰਡੀਆ ਨੇ ਇਹ ਪਾਲਿਸੀ ਅਨਾਊਂਸ ਕੀਤੀ ਹੈ, ਉਸ ਤੇ ਇੰਪਲੀਮੈਂਟੇਸ਼ਨ ਹੋ ਗਈ ਤਾਂ ਸਾਡਾ ਭਵਿੱਖ ਜਿਹੜਾ ਅਸੀਂ ਵੇਖਣਾ ਹੈ, ਉਹ ਸਭ ਕੁਝ ਮੁੱਕ ਜਾਵੇਗਾ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਸਾਰਾ ਹਾਊਸ ਇਸ ਗੱਲ ਤੇ ਖਾਸ ਤੌਰ ਤੇ ਵਿਚਾਰ ਕਰੇ। ਅਸੀਂ ਇਸ ਪਾਲਿਸੀ ਦੇ ਖਿਲਾਫ ਇਕੱਠੇ ਹੋ ਕੇ ਦਰਿੜ੍ਹਤਾ ਨਾਲ ਇਸ ਦਾ ਵਿਰੋਧ ਕਰੀਏ। ਇਕ ਹੋਰ ਗੱਲ ਹੈ। ਮੈਂ ਤਾਂ ਉਸ ਵੇਲੇ ਛੋਟਾ ਜਿਹਾ ਸਕੂਲ ਵਿਚ ਪੜ੍ਹਦਾ ਸੀ ਕਿ ਸੈਂਟਰ ਦੀ ਸਰਕਾਰ ਨੇ ਥੀਨ ਡੈਮ ਦੀ ਮਨਜ਼ੂਰੀ ਦੇ ਦਿੱਤੀ ਹੈ ਲੇਕਿਨ ਅਫਸੋਸ ਹੈ ਕਿ ਇਕ ਵਾਰੀ ਕਪੂਰੀ ਵਿਖੇ ਵੀ ਕਿਹਾ ਗਿਆ ਸੀ ਪ੍ਰਧਾਨ ਮੰਤਰੀ ਵਲੋਂ, ਜਦੋਂ ਅਸੀਂ ਲੰਕਾਂ ਦੇ ਹਿਤਾਂ ਵਾਸਤੇ ਮੋਰਚਾ ਲਗਾਇਆ ਸੀ, ਕਿ ਥੀਨ ਡੈਮ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ। ਲੇਕਿਨ ਅੱਜ ਤਕ ਨਹੀਂ ਦਿੱਤੀ ਗਈ। ਉਸ ਦਾ ਨਤੀਜਾ ਇਹ ਹੈ ਕਿ ਹੁਣ 700 ਕਰੋੜ ਰੁਪਿਆ ਲਾਗਤ ਆਉਣੀ ਹੈ। ਏਸ਼ੀਆ ਵਿਚ ਕਾਨਫਰੰਸਾਂ ਕਰਨ ਵਾਸਤੇ ਸਰਕਾਰ ਖਰਚ ਕਰ ਸਕਦੀ ਹੈ ਲੇਕਿਨ ਜਿਸ ਵਿਚ ਦੇਸ਼ ਦੀ, ਪੰਜਾਬ ਦੀ, ਹਰਿਆਣੇ ਦੀ ਖੁਸ਼ਹਾਲੀ ਨਿਰਭਰ ਹੈ, ਉਸ ਵੱਲ ਕੋਈ ਧਿਆਨ ਨਹੀਂ ਹੈ। ਲੋਕ ਆਸਾਂ ਲਾਈ ਬੈਠੇ ਹਨ। ਕਦੇ ਪੰਜਾਬ ਸਰਕਾਰ 10 ਕਰੋੜ ਰੁਪਿਆ ਲਗਾ ਦਿੰਦੀ ਹੈ ਪਰ ਕੰਮ ਉਥੇ ਦਾ

Original with;
Punjab Vidhan Sabha
Digitized by;
Panjab Digital Library

ਉਥੇ ਹੀ ਖੜਾ ਹੈ। ਇਹ ਲਾਗਤ ਫਿਰ 900 ਕਰੋੜ ਰੁਪਿਆ ਹੋ ਜਾਵੇਗੀ। ਇਨ੍ਹਾਂ ਨੂੰ (ਵਿਰੋਧੀ ਧਿਰ ਵਲ ਇਸ਼ਾਰਾ) ਕਾਮਨਵੈਲਥ ਦੀਆਂ ਕਾਨਫਰੰਸਾਂ ਜ਼ਿਆਦਾ ਜ਼ਰੂਰੀ ਹਨ ਲੇਕਿਨ ਇਹ ਸੋਚਦੇ ਹਨ ਕਿ ਆਪਣੇ ਆਪ ਹੀ ਤਰੱਕੀ ਹੁੰਦੀ ਰਹੇਗੀ ਕੀ ਫਰਕ ਪੈਂਦਾ ਹੈ, ਇਨ੍ਹਾਂ ਦਾ ਇਹ ਵਿਚਾਰ ਹੈ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰਾ ਇਲਾਕਾ ਪੰਜਾਬ ਦੇ ਬਹੁਤ ਹੀ ਪਿਛੜੇ ਹੋਏ ਇਲਾਕਿਆਂ ਵਿਚੋਂ ਸਮਝਿਆ ਜਾਂਦਾ ਹੈ। ਇਹ ਵੀ ਇਨ੍ਹਾਂ ਵੀਰਾਂ (ਵਿਰੋਧੀ ਧਿਰ ਵੱਲ ਇਸ਼ਾਰਾ) ਦੀ ਹੀ ਮੇਹਰਬਨੀ ਹੈ। ਇਹ ਮੇਹਰਬਾਨੀ ਇਸ ਇਲਾਕੇ ਤੇ ਕਰਦੇ ਰਹੇ ਅੱਰ ਇਸ ਨੂੰ ਪਿੱਛੇ ਸੁਟਦੇ ਰਹੇ।(ਹਾਸਾ) ਚੇਅਰਮੈਨ ਸਾਹਿਬ, ਉਹ ਇਲਾਕਾ ਐਸਾ ਹੈ ਜਿੱਥੇ ਕਿ ਨਾ ਧਰਤੀ ਵਿਚ ਪਾਣੀ ਹੈ ਅੱਰ ਨਾ ਹੀ ਸਿੰਚਾਈ ਦਾ ਕੋਈ ਪ੍ਰਬੰਧ ਹੈ।ਮੈਂ ਉਸ ਇਲਾਕੇ ਦੀ ਨੁਮਾਇੰਦਗੀ ਕਰਦਾ ਹੋਇਆ ਇਸ ਹਾਊਸ ਵਿਚ ਪਰੈਜ਼ੈਂਟ ਹਾਂ, ਜਿਸ ਇਲਾਕੇ ਦੇ ਲੋਕਾਂ ਦੀਆਂ ਕਈ ਆਸਾਂ ਹਨ। ਕਿਸਾਨ ਆਪਣੀ ਬੀਜੀ ਹੋਈ ਫਸਲ ਨੂੰ ਸੜਦੀ ਹੋਈ ਵੇਖ ਕੇ ਪਾਣੀ ਦੀ ਆਸ ਕਰਦਾ ਹੈ। ਪਰ ਉਹ ਕਿਸਾਨ ਪਾਣੀ ਨੂੰ ਤਰਸਦਾ ਹੀ ਸੰਸਾਰ ਵਿਚੋਂ ਚਲਾ ਜਾਂਦਾ ਹੈ। ਜਿਹੜਾ ਸੰਸਾਰ ਵਿਚੋਂ ਹੀ ਚਲਾ ਜਾਂਦਾ ਹੈ ਤਾਂ ਉਸ ਨੇ ਕੀ ਆਸਾਂ ਰੱਖਣੀਆਂ ਹਨ। ਇਸ ਲਈ ਮੈਂ ਖਾਸ ਤੌਰ ਤੇ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਹਿਕਮਾ ਇਰੀਗੇਸ਼ਨ ਵੀ ਉਨ੍ਹਾਂ ਦੇ ਹੀ ਪਾਸ ਹੈ, ਇਸ ਲਈ ਮੇਰੇ ਇਲਾਕੇ ਬਨੂੜ ਲਈ ਖਾਸ ਤੌਰ ਤੇ ਸਿੰਚਾਈ ਦਾ ਪ੍ਰਬੰਧ ਕੀਤਾ ਜਾਵੇ। ਬਨੂੜ ਦਾ ਇਲਾਕਾ, ਡੇਰਾ ਬੱਸੀ ਦਾ ਇਲਾਕਾ ਹੈ, 35 ਸਾਲ ਦੇਸ਼ ਆਜ਼ਾਦ ਹੋਏ ਨੂੰ ਹੋ ਗਏ ਹਨ ਲੇਕਿਨ ਉਨ੍ਹਾਂ ਲੋਕਾਂ ਨੇ ਆਜ਼ਾਦੀ ਵੇਖੀ ਨਹੀਂ ਹੈ। ਇਸ ਲਈ ਉਨ੍ਹਾਂ ਨੂੰ ਕਿਸੇ ਤਰੀਕੇ ਨਾਲ ਪਾਣੀ ਪਹੁੰਚਾ ਕੇ ਉਥੇ ਵੀ ਥੋੜ੍ਹੀ ਬਹੁਤ ਖੁਸ਼ਹਾਲੀ ਲੋਕਾਂ ਨੂੰ ਦੇਣ ਦੀ ਕਿਰਪਾਲਤਾ ਕੀਤੀ ਜਾਵੇ ਤਾਕਿ ਪੰਜਾਬ ਦੇ ਉਹ ਲੋਕ ਜਿਹੜੇ ਕਿ ਹਰਿਆਣੇ ਦੇ ਬਾਰਡਰ ਤੇ ਵਸਦੇ ਹਨ, ਜਿਨ੍ਹਾਂ ਨੂੰ ਬਹੁਤ ਵੱਡੀ ਮਾਰ ਪੈਂਦੀ ਹੈ, ਉਨ੍ਹਾਂ ਨੂੰ ਵੀ ਪੰਜਾਬ ਦੇ ਹਿੱਸੇਦਾਰ ਸਮਝ ਕੇ ਉਨ੍ਹਾਂ ਵੱਲ ਉਚੇਚਾ ਧਿਆਨ ਦਿੱਤਾ ਜਾਵੇ ਤਾਕਿ ਉਹ ਵੀ ਖੁਸ਼ਹਾਲੀ ਦਾ ਅਨੰਦ ਮਾਣ ਸਕਣ। ਵੈਸੇ ਮੇਰੀ ਜਾਣਕਾਰੀ ਵਿਚ ਇਹ ਗੱਲ ਹੈ ਕਿ ਇਕ ਸਕੀਮ ਬਣ ਚੁਕੀ ਹੈ ਜਿਸ ਦੁਆਰਾ ਬਨੂੜ, ਡੇਰਾਬੱਸੀ, ਲਾਲੜੂ ਦੇ ਇਲਾਕਿਆਂ ਨੂੰ ਸਿੰਚਾਈ ਦੇ ਸਾਧਨ ਮੁਹੱਈਆ ਕੀਤੇ ਜਾਣਗੇ। ਪਰ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਸ ਇਲਾਕੇ ਵੱਲ ਬਹੁਤ ਜਲਦੀ ਧਿਆਨ ਦਿੱਤਾ ਜਾਵੇ ਅੱਰ ਜੇਕਰ ਫੰਡਜ਼ ਦੀ ਕਮੀ ਹੋਵੇ, ਤਾਂ ਫੰਡਜ਼ ਦਾ ਵੀ ਪ੍ਰਬੰਧ ਕੀਤਾ ਜਾਵੇ ਤਾਕਿ ਉਨ੍ਹਾਂ ਲੋਕਾਂ ਨੂੰ ਵੀ ਕੁਝ ਰੋਸ਼ਨੀ ਅਸੀਂ ਵਿਖਾ ਸਕੀਏ। ਚੇਅਰਮੈਨ ਸਾਹਿਬ, ਬਹੁਤ ਸਾਰੀਆਂ ਗੱਲਾਂ ਹੋਈਆਂ। ਡੀਪ ਟਿਊਬਵੈਲ ਵੀ ਉਥੇ ਲਗਾਏ ਗਏ। ਡੀਪ ਟਿਊਬਵੈਲ ਲਗਾ ਕੇ ਪਾਣੀ ਕੱਢਿਆ ਜਾਂਦਾ ਰਿਹਾ ਪਰ ਉਹ ਵੀ ਫੇਲ੍ਹ ਹੋ ਜਾਂਦੇ ਹਨ ਜਿਸ ਨਾਲ ਜਨਤਾ ਨੂੰ ਬਹੁਤਾ ਫਾਇਦਾ ਨਹੀਂ ਹੁੰਦਾ। ਮੈਂ ਕਹਾਂਗਾ ਕਿ ਇਸ ਗੱਲ ਵੱਲ ਧਿਆਨ ਦਿੱਤਾ ਜਾਵੇ ਅੱਰ ਹਲਕੇ ਬਨੂੜ, ਡੇਰਾਬੱਸੀ, ਲਾਲੜੂ ਅੱਰ ਖਰੜ ਅਤੇ ਕੁਰਾਲੀ ਦੇ ਇਲਾਕਿਆਂ ਨੂੰ ਵੀ ਸਿੰਚਾਈ ਲਈ ਪਾਣੀ ਦਾ ਜਲਦੀ ਤੋਂ ਜਲਦੀ ਪ੍ਰਬੰਧ ਕੀਤਾ ਜਾਵੇ।

ਚੇਅਰਮੈਨ ਸਾਹਿਬ, ਗੱਲਾਂ ਚਲ ਰਹੀਆਂ ਹਨ ਕਿ 26 ਜਨਵਰੀ ਨੂੰ ਚੰਡੀਗੜ੍ਹ ਨੇ ਪੰਜਾਬ ਦਾ ਹਿੱਸਾ ਬਣ ਜਾਣਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਇਕ ਖਾਸ ਤੌਰ ਬਹੁਤ ਸੁੰਦਰ ਸ਼ਹਿਰ ਹੈ। ਇਸ ਲਈ ਇਸ ਨੂੰ ਜੋ ਪਿਛਲੇ ਸਮੇਂ ਵਿਚ ਮਹੱਤਤਾ ਮਿਲਦੀ ਰਹੀ ਹੈ ਉਹ ਮਿਲਦੀ ਰਹਿਣੀ ਚਾਹੀਦੀ ਹੈ। ਇਸ ਸਬੰਧ ਵਿਚ ਚੀਫ ਮਨਿਸਟਰ ਸਾਹਿਬ ਨੇ ਇਕ ਬਿਆਨ ਵੀ ਦਿੱਤਾ।ਠੀਕ ਹੈ ਕਿ ਚੰਡੀਗੜ੍ਹ ਨੂੰ ਪੂਰਨਤੌਰ ਤੇ ਚੰਗਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਮੇਰੀ ਬੇਨਤੀ ਹੈ ਕਿ ਇਸ ਦਾ ਜੋ ਸਟੈਂਡਰਡ ਹੈ, ਇਸ ਦੀ ਜੋ ਸਫਾਈ ਹੈ, ਇਸ ਦੀ ਜੋ ਖੂਬਸੂਰਤੀ ਹੈ ਇਸ ਨੂੰ ਇਸੇ ਤਰ੍ਹਾਂ ਹੀ ਬਹਾਲ ਜ਼ਰੂਰ ਰਖਿਆ ਜਾਣਾ ਚਾਹੀਦਾ ਹੈ ਅੱਰ ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਇਸ ਸ਼ਹਿਰ ਨੂੰ ਕੋਈ ਜ਼ਿਲ੍ਹਾ ਨਾ ਬਣਾਈਏ। ਜਿਸ ਤਰ੍ਹਾਂ ਪਹਿਲੇ ਇਸ ਨੂੰ ਕੈਪੀਟਲ ਪ੍ਰੋਜੈਕਟ ਮੰਨਿਆ ਜਾਂਦਾ ਸੀ, ਇਸੇ ਤਰ੍ਹਾਂ ਹੀ ਦੋਬਾਰਾ ਇਸ ਨੂੰ ਮੰਨਿਆ ਜਾਵੇ, ਸਪੈਸ਼ਲ ਫੰਡ ਰਖੇ ਜਾਣ ਤਾਕਿ ਅਸੀਂ ਇਸ ਦੀ ਸੁੰਦਰਤਾ ਨੂੰ ਬਹਾਲ ਰਖ ਸਕੀਏ।

Original with;
Punjab Vidhan Sabha
Digitized by;
Panjab Digital Library

[ਕੈਪਟਨ ਕੰਵਲਜੀਤ ਸਿੰਘ]

ਚੇਅਰਮੈਨ ਸਾਹਿਬ, ਅਖਬਾਰਾਂ ਵਿਚ ਅਤੇ ਸੁਣਨ ਵਿਚ ਆਇਆ ਸੀ ਕਿ ਐਕਸ ਸਰਵਿਸਮੈਨ ਦਾ ਬੁਰਾ ਹਾਲ ਹੋ ਰਿਹਾ ਹੈ। ਮੈਂ ਇਸ ਸਬੰਧ ਵਿਚ ਦੱਸਣਾ ਚਾਹੁੰਦਾ ਹਾਂ ਕਿ ਇਕ ਨੌਜਵਾਨ ਜਿਹੜਾ ਆਪਣੀ ਜ਼ਿੰਦਗੀ ਦਾ ਇਕ ਬੇਹਤਰੀਨ ਹਿੱਸਾ ਦੇਸ਼ ਦੀ ਰਾਖੀ ਵਾਸਤੇ ਲਾ ਦਿੰਦਾ ਹੈ ਅਤੇ 35 ਸਾਲ ਦੀ ਉਮਰ ਵਿਚ ਰਿਟਾਇਰ ਹੋ ਕੇ ਘਰ ਆਉਂਦਾ ਹੈ ਤਾਂ ਉਸ ਦੇ ਰੋਜ਼ਗਾਰ ਦਾ ਕੋਈ ਸਾਧਨ ਨਹੀਂ ਹੁੰਦਾ। ਉਸ ਨੌਜਵਾਨ ਨੂੰ ਨਾ ਕਿਸੇ ਖਾਸ ਕਿੱਤੇ ਦੀ ਟਰੇਨਿੰਗ ਹੁੰਦੀ ਹੈ ਅਤੇ ਨਾ ਹੀ ਉਹ ਸਿਵਿਲ ਵਿਚ ਚੰਗੀ ਤਰ੍ਹਾਂ ਕੰਮ ਨੂੰ ਸੰਭਾਲ ਸਕਦਾ ਹੈ । ਉਸ ਲਈ ਰਿਟਾਇਰ ਹੋਣ ਤੋਂ ਬਾਅਦ ਕੋਈ ਰੋਜ਼ਗਾਰ ਦਾ ਸਾਧਨ ਨਹੀਂ ਹੁੰਦਾ ਜਿਸ ਨਾਲ ਉਸ ਨੂੰ ਬੜੀ ਮੁਸ਼ਕਲ ਆਉਂਦੀ ਹੈ । ਮੇਰੀ ਅਰਜ਼ ਹੈ ਕਿ ਜੇ ਉਸ ਦੀਆਂ ਸਰਵਿਸਿਜ਼ ਰਿਟਾਇਰ ਹੋਣ ਤੋਂ ਬਾਅਦ ਨਾ ਲਈਆਂ ਜਾਣ ਤਾਂ ਇਹ ਇਕ ਬੜੀ ਵੱਡੀ ਨੈਸ਼ਨਲ ਵੇਸਟੇਜ ਹੈ । ਮੇਰੇ ਸਾਹਮਣੇ ਬੈਠੇ ਭਰਾਵਾਂ ਨੇ ਨੌਕਰੀਆਂ ਵਿਚ ਉਨ੍ਹਾਂ ਦੀ ਰਿਜ਼ਰਵੇਸ਼ਨ ਘੱਟਾ ਕੇ 15 ਪ੍ਰਤੀਸ਼ਤ ਕਰ ਦਿੱਤੀ ਸੀ ਜਿਹੜੀ ਕਿ ਉਨ੍ਹਾਂ ਨੂੰ 33 ਪ੍ਰਤੀਸ਼ਤ ਮਿਲਣੀ ਚਾਹੀਦੀ ਸੀ। ਪਰ ਇਨ੍ਹਾਂ ਭੱਦਰ ਪੁਰਸ਼ਾਂ ਨੇ ਉਨ੍ਹਾਂ ਵਲ ਕੋਈ ਧਿਆਨ ਨਾ ਦਿੱਤਾ । ਚੇਅਰਮੈਨ ਸਾਹਿਬ, ਮੇਰੀ ਬੇਨਤੀ ਹੈ ਇਹ ਨੌਜਵਾਨ ਦੇਸ਼ ਦੇ ਵਾਸਤੇ ਆਪਣੀ ਸਾਰੀ ਜ਼ਿੰਦਗੀ ਅਰਪਣ ਕਰ ਦਿੰਦੇ ਹਨ, ਸਾਨੂੰ ਇਨ੍ਹਾਂ ਦੇ ਰਿਟਾਇਰ ਹੋਣ ਤੋਂ ਬਾਅਦ ਇਨ੍ਹਾਂ ਦਾ ਪੂਰਾ ਖਿਆਲ ਰਖਣਾ ਚਾਹੀਦਾ ਹੈ। ਮੇਰੀ ਅਰਜ਼ ਹੈ ਕਿ ਕਮ-ਅਜ਼ੇ-ਕਮ 25 ਪ੍ਰਤੀਸ਼ਤ ਰਿਜ਼ਰਵੇਸ਼ਨ ਇਨ੍ਹਾਂ ਵਾਸਤੇ ਜ਼ਰੂਰ ਰਾਖਵੀਂ ਕਰਨੀ ਚਾਹੀਦੀ ਹੈ। ਇਹ 25 ਪ੍ਰਤੀਸ਼ਤ ਕਰਨ ਨਾਲ ਵੀ ਮੈਂ ਸਮਝਦਾ ਹਾਂ ਕਿ ਅਸੀਂ ਉਨ੍ਹਾਂ ਤੇ ਕੋਈ ਮੇਹਰਬਾਨੀ ਨਹੀਂ ਕਰ ਰਹੇ ਬਲਕਿ ਆਪਣਾ ਫਰਜ਼ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਉਮਰ ਵਿਚ ਉਸ ਨੂੰ ਬੇਰੁਜ਼ਗਾਰ ਨਹੀਂ ਰਖਣਾ ਚਾਹੀਦਾ । ਕਿਸੇ ਨਾ ਕਿਸੇ ਮਹਿਕਮੇ ਵਿਚ ਉਸ ਨੂੰ ਜ਼ਰੂਰ ਐਡਜਸਟ ਕਰਨਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਇਕ ਗੱਲ ਮੈਂ ਹੋਰ ਇਹ ਕਹਿਣੀ ਚਾਹੁੰਦਾ ਹਾਂ ਕਿ ਪਹਿਲੇ ਇਹ ਕਿਹਾ ਜਾਂਦਾ ਸੀ ਕਿ ਅਸਲ ਹਿੰਦੁਸਤਾਨ ਪਿੰਡਾਂ ਵਿਚ ਵਸਦਾ ਹੈ ਪਰ ਮੈਂ ਇਹ ਸਮਝਦਾ ਹਾਂ ਕਿ ਹੁਣ ਅਸਲ ਹਿੰਦੁਸਤਾਨ ਤਾਂ ਸ਼ਹਿਰਾਂ ਵਿਚ ਹੀ ਵੱਸ ਰਿਹਾ ਹੈ। ਸ਼ਹਿਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਫੈਸਿਲਿਟੀਜ਼ ਹਨ, ਸਕੂਲਜ਼ ਹਨ, ਹਸਪਤਾਲ ਹਨ, ਟਰੇਨਿੰਗ ਸੈਂਟਰਜ਼ ਹਨ। ਲੇਕਿਨ ਜਦੋਂ ਅਸੀਂ ਪਿੰਡਾਂ ਵਿਚ ਜਾਂਦੇ ਹਾਂ ਤਾਂ ਉਥੇ ਹਿੰਦੁਸਤਾਨ ਦਾ ਨਕਸ਼ਾ ਹੀ ਬਦਲ ਜਾਂਦਾ ਹੈ । ਉਥੇ ਕੋਈ ਫੈਸਿਲਿਟੀ ਨਹੀਂ ਹੈ। ਮੈਂ ਇ ਹ ਬੇਨਤੀ ਕਰਦਾ ਹਾਂ ਕਿ ਜਿੰਨੀ ਦੇਰ ਤਕ ਪਿੰਡਾਂ ਦੀ ਤਰੱਕੀ ਨਹੀਂ ਕੀਤੀ ਜਾਂਦੀ ਉਦੋਂ ਤਕ 85 ਪ੍ਰਤੀਸ਼ਤ ਹਿੰਦੁਸਤਾਨ ਜਿਹੜਾ ਪਿੰਡਾਂ ਵਿਚ ਵਸਦਾ ਹੈ ਉਹ ਤਰੱਕੀ ਨਹੀਂ ਕਰ ਸਕੇਗਾ । ਚਾਹੇ ਤੁਸੀਂ ਹਜ਼ਾਰਾਂ ਕਾਰਖਾਨੇ ਖੋਲ੍ਹ ਲਓ । ਜੇ ਤੁਸੀਂ ਹਿੰਦੁਸਤਾਨ ਦਾ ਭਵਿੱਖ ਉਜਾਲਾ ਕਰਨਾ ਚਾਹੁਦੇ ਹੋ ਤਾਂ ਹਿੰਦੁਸਤਾਨ ਦੇ ਕਿਸਾਨ ਨੂੰ ਉਚਾ ਚੁਕਣਾ ਪਵੇਗਾ । (ਘੰਟੀ) ਬਸ ਜੀ, ਮੈਂ ਥੋੜ੍ਹਾ ਜਿਹਾ ਬੋਲਣਾ ਹੈ। ਚੇਅਰਮੈਨ ਸਾਹਿਬ, ਪਿੰਡਾਂ ਦੀ ਜੋ ਹਾਲਤ ਹੈ ਉਹ ਤੁਸੀਂ ਵੀ ਜਾਣਦੇ ਹੋ । ਜਿਹੜੇ ਬੱਚੇ ਪਿੰਡਾਂ ਵਿਚ ਵਿਦਿਆ ਪ੍ਰਾਪਤ ਕਰਦੇ ਹਨ ਉਹ ਸ਼ਹਿਰਾਂ ਵਿਚ ਜਦੋਂ ਕੰਪੀਟੀਸ਼ਨ ਹੁੰਦਾ ਹੈ ਤਾਂ ਸ਼ਹਿਰੀ ਬੱਚਿਆਂ ਨਾਲੋਂ ਪਿਛੇ ਰਹਿ ਜਾਂਦੇ ਹਨ। ਚਾਹੇ ਉਹ ਕਿਸੇ ਕਿਸਮ ਦਾ ਕੰਪੀਟੀਸ਼ਨ ਹੋਵੇ । ਚਾਹੇ ਯੂ.ਪੀ.ਐਸ.ਸੀ. ਦਾ ਹੋਵੇ ਜਾਂ ਪੀ.ਐਸ.ਸੀ. ਦਾ ਜਾਂ ਸੁਬਾਰਡੀਨੇਟ ਆਫਿਸ ਦਾ ਹੋਵੇ। ਮੈਂ ਅਰਜ਼ ਕਰਦਾ ਹਾਂ ਕਿ ਸਾਡੀ ਸਰਕਾਰ ਨੂੰ ਖਾਸ ਕਰਕੇ ਇਸ ਗੱਲ ਵੱਲ ਧਿਆਨ ਰਖਣਾ ਚਾਹੀਦਾ ਹੈ ਅੌਰ ਇਹ ਹਦਾਇਤਾਂ ਕਰਨੀਆਂ ਚਾਹੀਦੀਆਂ ਹਨ ਕਿ ਪੰਜਾਬ ਸਰਕਾਰ ਦੀਆਂ ਰੋਜ਼ਗਾਰ ਦੇਣ ਲਈ ਜਿੰਨੀਆਂ ਵੀ ਏਜੰਸੀਆਂ ਹਨ, ਉਨ੍ਹਾਂ ਨੂੰ ਇਹ ਹਦਾਇਤ ਹੋਵੇ ਕਿ ਪਿੰਡਾਂ ਵਿਚ ਵਿਦਿਆ ਪ੍ਰਾਪਤ ਕਰਨ ਵਾਲੇ ਬੱਚਿਆਂ ਲਈ ਚਾਹੇ ਕੋਈ ਖਾਸ ਰਿਜ਼ਰਵੇਸ਼ਨ ਹੋਵੇ ਜਾਂ ਕੋਈ ਰਿਆਇਤ ਦਿੱਤੀ ਜਾਵੇ ਪਰ ਕੰਪੀਟੀਸ਼ਨ ਵਿਚ ਉਨ੍ਹਾਂ ਨੂੰ ਕੁੱਝ ਨਾ ਕੁੱਝ ਸਹੂਲਤ ਜ਼ਰੂਰ ਦੇਣੀ ਚਾਹੀਦੀ ਹੈ। (ਘੰਟੀ)

ਸ਼੍ਰੀ ਸਭਾਪਤੀ : ਤੁਸੀਂ ਹੁਣ ਵਾਈਂਡ ਅਪ ਕਰ ਦਿਓ ।

Original with;
Punjab Vidhan Sabha
Digitized by;
Panjab Digital Library

ਕੈਪਟਨ ਕੰਵਲਜੀਤ ਸਿੰਘ : ਬਸ ਜੀ ਐਨਾ ਕਹਿੰਦਾ ਹੋਇਆ, ਮੈਂ ਇਹ ਜਿਹੜਾ ਗਵਰਨਰ ਐਡਰੈਸ ਤੇ ਧੰਨਵਾਦ ਦਾ ਮੱਤਾ ਪੇਸ਼ ਹੋਇਆ ਹੈ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਆਪ ਦਾ ਧੰਨਵਾਦ ਕਰਦਾ ਹਾਂ।

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਹਾਡੀ ਨਜ਼ਰੇ ਇਨਾਇਤ ਸਾਡੇ ਵਲ ਵੀ ਕਾਫੀ ਬੈਠਕਾਂ ਕੱਢਣ ਤੋਂ ਬਾਅਦ ਹੋਈ ਹੈ ਅਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਗਿਆ ਹੈ। ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਨੇ ਜਿਹੜਾ ਐਡਰੈਸ ਇਥੇ ਪੇਸ਼ ਕੀਤਾ ਹੈ ਔਰ ਜੋ ਪਾਲਿਸੀਆਂ ਅਕਾਲੀ ਸਰਕਾਰ ਦੀਆਂ ਹਨ ਉਨ੍ਹਾਂ ਦਾ ਜ਼ਿਕਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਚੇਅਰਮੈਨ ਸਾਹਿਬ, ਪਿਛਲੇ ਸਮੇਂ ਤੋਂ ਹੁਣ ਤੱਕ ਕੋਈ 10-12 ਗਵਰਨਰ ਐਡਰੈਸ ਤਾਂ ਮੈਂ ਆਪ ਪੜ੍ਹ ਚੁਕਿਆ ਹਾਂ ਉਸ ਵਿਚ ਸਰਕਾਰ ਦੇ ਕੋਈ ਨਾ ਕੋਈ ਕੀਤੇ ਕੰਮਾਂ ਦਾ ਜ਼ਿਕਰ ਹੁੰਦਾ ਹੈ। ਪਰ ਇਸ ਵਾਰ ਜਿਹੜਾ ਗਵਰਨਰ ਐਡਰੈਸ ਇਸ ਸਦਨ ਵਿਚ ਦਿੱਤਾ ਗਿਆ ਹੈ ਉਸ ਵਿਚ ਤਾਂ ਸਿਰਫ਼ ਪਰਪੋਜ਼ਲਾਂ ਹੀ ਪਰਪੋਜ਼ਲਾਂ ਹਨ। ਕੋਈ ਡਿਸੀਜ਼ਨ ਨਹੀਂ, ਕੋਈ ਡਿਟਰਮੀਨੇਸ਼ਨ ਨਹੀਂ। ਮੈਨੂੰ ਇਹ ਕਹਿਣ ਵਿਚ ਦੁੱਖ ਹੈ ਕਿ ਇਸ 18 ਸਫ਼ੇ ਦੇ ਐਡਰੈਸ ਵਿਚ 22 ਵਾਰ ਇਹ ਕਿਹਾ ਗਿਆ ਹੈ ਕਿ ਗੌਰਮਿੰਟ ਪਰਪੋਜ਼ਿਜ਼, ਗੌਰਮਿੰਟ ਪਰਪੋਜ਼ਿਜ਼ It is not an address but a mere proposal. ਗੌਰਮਿੰਟ ਆਪਣਾ ਕੋਈ ਵੀ ਪ੍ਰੋਗਰਾਮ ਇਸ ਐਡਰੈਸ ਦੇ ਵਿਚ ਡਿਟਰਮਿਨ ਨਹੀਂ ਕਰ ਸਕੀ। ਮੈਂ ਸਮਝਦਾ ਹਾਂ ਕਿ ਪਰਪੋਜ਼ਲਜ਼ ਪ੍ਰੋਗਰਾਮ ਨਹੀਂ ਹੁੰਦੇ। ਇਸ ਲਈ, ਮੈਂ ਇਸ ਐਡਰੈਸ ਦੀ ਆਪਣੀ ਪਾਰਟੀ ਦੀ ਤਰਫੋਂ ਵਿਰੋਧਤਾ ਕਰਦਾ ਹਾਂ। It is not a determination, not will of the Government, not any well-chalked out programme. ਚੇਅਰਮੈਨ ਸਾਹਿਬ, ਇਹ ਗੱਲ ਤਾਂ ਇਸ ਤਰ੍ਹਾਂ ਹੋਵੇਗੀ ਕਿ Man proposes God disposes. ਇਨ੍ਹਾਂ ਦੀ ਸ਼ੁਰਆਤ ਅੱਛੀ ਨਹੀਂ ਹੋਈ ਹੈ। ਸ਼ਾਇਦ ਬਰਨਾਲਾ ਸਾਹਿਬ ਨੇ ਇਸ ਵੱਲ ਧਿਆਨ ਨਹੀਂ ਦਿੱਤਾ ਹੈ। ਮੈਂ ਐਸਾ ਕੋਈ ਗਵਰਨਰ ਐਡਰੈਸ ਨਹੀਂ ਪੜ੍ਹਿਆ ਹੋਵੇਗਾ ਜਿਸ ਦੇ ਵਿਚ 18 ਸਫੇ ਹੋਣ ਅਤੇ 22 ਦਫਾ ਲਫਜ਼ repeat ਕੀਤਾ ਜਾਵੇ ਪਰਪੋਜ਼ਲ ਦਾ। ਇਨ੍ਹਾਂ ਦੇ ਨਾਲ, ਮੈਂ ਦੂਸਰੀ ਗੱਲ ਦਾ ਜ਼ਿਕਰ ਕਰਾਂਗਾ।

ਸਰਦਾਰ ਕਰਨੈਲ ਸਿੰਘ ਡੋਡ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਇਨ੍ਹਾਂ ਦੀ ਪਾਰਟੀ ਦਾ ਡਿਪਟੀ ਲੀਡਰ ਇਸ ਮਤੇ ਦੀ ਤਾਈਦ ਕਰਦਾ ਹੈ ਅਤੇ ਡਾਕਟਰ ਸਾਹਿਬ ਇਸ ਦੀ ਵਿਰੋਧਤਾ ਕਰ ਰਹੇ ਹਨ। ਕਿਧਰੇ ਡਾਕਟਰ ਸਾਹਿਬ ਨੂੰ ਭੁਲੇਖਾ ਤਾਂ ਨਹੀਂ ਲਗ ਗਿਆ।

ਸ਼੍ਰੀ ਸਭਾਪਤੀ : ਡੋਡ ਸਾਹਿਬ, ਇਹ ਇਨ੍ਹਾਂ ਦੀ ਪਾਰਟੀ ਦਾ ਇਨਟਰਨਲ ਮਾਮਲਾ ਹੈ। ਇਹ ਇਨ੍ਹਾਂ ਦੀ ਮਰਜ਼ੀ ਹੈ ਤਾਈਦ ਕਰਨ ਜਾਂ ਵਿਰੋਧਤਾ ਕਰਨ।

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਸਾਡੇ ਡਿਪਟੀ ਲੀਡਰ ਨੇ ਇਸ ਗਵਰਨਰ ਐਡਰੈਸ ਦੀ ਪ੍ਰੋੜ੍ਹਤਾ ਨਹੀਂ ਕੀਤੀ ਹੈ ਬਲਕਿ ਉਨ੍ਹਾਂ ਨੇ ਇਸ ਦੀ ਭਾਵਨਾ ਦਾ ਜ਼ਿਕਰ ਕੀਤਾ ਸੀ ਅਤੇ ਉਨ੍ਹਾਂ ਨੇ ਐਕਸਟਰੀਮਿਸਟਾਂ ਦੀ ਸਖਤ ਨਿਖੇਧੀ ਕੀਤੀ ਸੀ ਅਤੇ ਕਿਨ੍ਹਾਂ ਲੋਕਾਂ ਨੇ ਪੰਜਾਬ ਦਾ ਬੇੜਾ ਗਰਕ ਕੀਤਾ ਅਤੇ ਇਸ ਦੇ ਲਈ ਕਿਹੜੇ ਜ਼ਿੰਮੇਵਾਰ ਸਨ। ਜਿਹੜੀ ਜ਼ਿੰਮੇਵਾਰੀ ਪੰਜਾਬ ਦੀ ਜਨਤਾ ਨੇ ਸਾਨੂੰ ਆਪੋਜ਼ੀਸ਼ਨ ਦੀ ਸੌਂਪੀ ਹੈ ਉਸ ਨੂੰ ਅਸੀਂ ਪੂਰੀ ਇਮਾਨਦਾਰੀ ਦੇ ਨਾਲ ਨਿਭਾਵਾਂਗੇ ਅਤੇ ਅਸੀਂ ਸਰਕਾਰ ਦੀ ਬੜੀ ਕੰਸਟਰਕਟਿਵ ਨੁਕਤਾਚੀਨੀ ਕਰਾਂਗੇ।

ਸਰਦਾਰ ਕਰਨੈਲ ਸਿੰਘ ਡੋਡ : ** ** ** **

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਕੇਵਲ ਕ੍ਰਿਸ਼ਨ: ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਦੇ ਸਫਾ 5 ਤੇ 9ਵੇਂ ਪੈਰੇ ਵਿਚ ਗਵਰਨਰ ਸਾਹਿਬ ਨੇ ਲਿਖਿਆ ਹੈ:

"My Government has shaken off the hangover of the long spell of stagnation.".

ਚੇਅਰਮੈਨ ਸਾਹਿਬ, ਮੈਨੂੰ ਬੜੀ ਤਕਲੀਫ ਹੋਈ ਹੈ ਕਿ ਪਿਛਲੀ ਸਰਕਾਰ ਦੇ ਵਕਤ ਸਟੈਗਨੇਸ਼ਨ ਹੋਈ ਹੈ। ਇਹ ਕਹਿਣਾ ਕਿ ਪਿਛਲੀ ਸਰਕਾਰ ਦੇ ਸਮੇਂ ਵਿਚ ਸਟੈਗਨੇਸ਼ਨ ਰਹੀ ਹੈ ਜਦ ਕਿ ਮੈਨੂੰ ਪਤਾ ਹੈ ਕਿਉਂਕਿ ਪਿਛਲੀ ਸਰਕਾਰ ਦੇ ਵਿਚ ਮੈਨੂੰ ਸੇਵਾ ਕਰਨ ਦਾ ਮੌਕਾ ਮਿਲਿਆ ਸੀ। 1977-80 ਤਕ ਦੇ ਸਮੇਂ ਵਿਚ ਜਦੋਂ ਅਕਾਲੀ ਪਾਰਟੀ ਦੀ ਸਰਕਾਰ ਇਥੇ ਪੰਜਾਬ ਵਿਚ ਸੀ ਇਨ੍ਹਾਂ 3 ਸਾਲਾਂ ਦੇ ਵਿਚ ਇਹ ਆਪਣੀ ਪਲਾਨ ਨੂੰ 258 ਤੋਂ 260 ਕਰੋੜ ਰੁਪਏ ਤੱਕ ਹੀ ਰੱਖ ਸਕੇ ਸਨ ਅੱਗੇ ਇਸ ਤੋਂ ਇਕ ਪੈਸਾ ਵੀ ਵੱਧ ਨਹੀਂ ਵਧਾ ਸਕੇ ਸਨ। ਮੈਂ ਇਨ੍ਹਾਂ ਤੋਂ ਜਾਣਨਾ ਚਾਹੁੰਦਾ ਹਾਂ ਕਿ ਪਲਾਨ ਵਿਚ ਸਟੈਗਨੇਸ਼ਨ ਇਨ੍ਹਾਂ ਦੀ ਸਰਕਾਰ ਵੇਲੇ ਸੀ ਜਦ ਕਿ ਸਾਡੀ ਕਾਂਗਰਸ ਦੀ ਸਰਕਾਰ ਨੇ 1980 ਦੇ ਵਿਚ ਜਿਹੜੀ 260 ਕਰੋੜ ਰੁਪਏ ਦੀ ਪਲਾਨ ਸੀ ਉਸ ਨੂੰ ਅਸੀਂ 1980-81 ਦੇ ਵਿਚ ਇਸ ਪਲਾਨ ਨੂੰ ਵਧਾ ਕੇ 300 ਕਰੋੜ ਰੁਪਏ ਤੱਕ ਲੈ ਗਏ ਸੀ ਅਤੇ 1981-82 ਵਿਚ ਫੇਰ 340 ਕਰੋੜ ਰੁਪਏ ਤੱਕ ਕਰ ਦਿੱਤੀ ਸੀ ਅਤੇ 1982-83 ਵਿਚ ਅਸੀਂ ਇਸੇ ਪਲਾਨ ਨੂੰ 380 ਕਰੋੜ ਰੁਪਏ ਤੱਕ ਲੈ ਗਏ ਸੀ ਅਤੇ 1983-84 ਵਿਚ ਇਸੇ ਪਲਾਨ ਨੂੰ 440 ਕਰੋੜ ਰੁਪਏ ਤੱਕ ਲੈ ਗਏ ਸੀ। ਇਹ ਹੀ ਨਹੀਂ, ਫਿੱਫਥ ਫਾਈਵ ਈਅਰ ਪਲਾਨ ਦੀਆਂ ਫਿਗਰਜ਼ ਮੇਰੇ ਕੋਲ ਹਨ ਉਹ ਮੈਂ ਤੁਹਾਨੂੰ ਦੱਸਦਾ ਹਾਂ (ਵਿਘਨ)

ਸ਼੍ਰੀ ਪ੍ਰੇਮ ਗੁਪਤਾ: ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਡਾਕਟਰ ਸਾਹਿਬ, ਨੇ 1980 ਦੀਆਂ ਫਿਗਰਜ਼ ਦਿੱਤੀਆਂ ਹੈਨ ਅਤੇ ਆਪਣੇ ਵਕਤ ਦੀਆਂ ਫਿਗਰਜ਼ ਵੀ ਦਿੱਤੀਆਂ ਹਨ। ਇਹ ਦੱਸ ਦੇਣ ਉਸ ਵਕਤ ਪ੍ਰਾਈਸ ਇੰਡੈਕਸ ਕਿੰਨੇ ਪ੍ਰਤੀਸ਼ਤ ਵਧਿਆ ਸੀ, ਇਹ ਵੀ ਦੱਸ ਦੇਣ।

ਸ਼੍ਰੀ ਸਭਾਪਤੀ: ਡਾਕਟਰ ਸਾਹਿਬ, ਪ੍ਰਾਈਸ ਇੰਡੈਕਸ ਦੀਆਂ ਫਿਗਰਜ਼ ਵੀ ਦੱਸ ਦੇਣਾ।

ਡਾਕਟਰ ਕੇਵਲ ਕ੍ਰਿਸ਼ਨ: ਚੇਅਰਮੈਨ ਸਾਹਿਬ, ਤੁਸੀਂ ਜਵਾਬ ਮੰਗਿਆ ਹੈ ਇਹ ਜਵਾਬ ਮੈਂ ਆਪਣੀ ਸਪੀਚ ਵਿਚ ਦੇ ਦੇਵਾਂਗਾ। 1977-80 ਤੱਕ ਇਹ ਅਕਾਲੀ ਪਾਰਟੀ ਦੀ ਸਰਕਾਰ ਆਪਣੀ ਪਲਾਨ ਨੂੰ 258 ਤੋਂ 260 ਕਰੋੜ ਤੋਂ ਅੱਗੇ ਨਹੀਂ ਵਧਾ ਸਕੀ ਸੀ। ਸਟੈਗਨੇਸ਼ਨ ਇਨ੍ਹਾਂ ਦੇ ਵਕਤ ਰਹੀ ਹੈ ਨਾ ਕਿ ਸਾਡੇ ਵਕਤ ਰਹੀ ਹੈ। ਕੀ Price Index 1977-80 ਤਿੱਕਰ ਨਹੀਂ ਸੀ ਵਧਿਆ ਜਦ ਕਿ Annual Plan ਦਾ ਸਾਈਜ਼ ਉਹੀ ਸਟੈਗਨੈਂਟ ਰਿਹਾ?

ਚੇਅਰਮੈਨ ਸਾਹਿਬ, ਤੁਸੀਂ 6ਵੀਂ ਅਤੇ 7ਵੀਂ ਪੰਜ ਸਾਲਾ ਪਲਾਨ ਦੇਖ ਲਵੋ ਜਿਹੜੀ ਇਤਨੀ ਵੱਧੀ ਹੈ। ਗਵਰਨਰੀ ਰਾਜ ਦੇ ਵਿਚ ਅਫਸਰਾਂ ਨੇ 7ਵੀਂ ਫਾਈਵ ਈਅਰ ਪਲਾਨ ਤਿਆਰ ਕੀਤੀ ਹੈ ਅੱਗੇ ਉਸੇ ਤਰ੍ਹਾਂ ਤਿਆਰ ਹੋ ਕੇ ਲੋਕਾਂ ਦੇ ਸਾਹਮਣੇ ਆ ਗਈ ਹੈ। ਫਿੱਫਥ ਫਾਈਵ ਈਅਰ ਪਲਾਨ 940 ਕਰੋੜ ਰੁਪਏ ਦੀ ਪਲਾਨ ਸੀ ਅਤੇ ਛੇਵੀਂ ਪਲਾਨ ਦੇ ਵਿਚ ਇਹ ਵੱਧ ਕੇ 1957 ਕਰੋੜ ਰੁਪਏ ਦੀ ਹੋ ਗਈ ਸੀ ਯਾਨੀ ਦੁਗਣੀ ਤੋਂ ਵੀ ਜ਼ਿਆਦਾ ਬਣ ਗਈ ਸੀ ਅੱਗੇ ਮੈਂ ਸਰਕਾਰ ਨੂੰ ਕਹਾਂਗਾ ਕਿ ਤੁਸੀਂ ਆਪਣੀ 7ਵੀਂ ਫਾਈਵ ਈਅਰ ਪਲਾਨ ਨੂੰ ਰਿਵਾਈਜ਼ ਕਰੋ ਅੱਗੇ ਇਸ ਨੂੰ ਰਿਵਾਈਜ਼ ਕਰਕੇ ਅਗਲੇ ਬਜਟ ਸੈਸ਼ਨ ਵਿਚ ਪੇਸ਼ ਕਰੋ। ਫੇਰ ਇਹ ਅਕਾਲੀ ਭਰਾ ਕਹਿੰਦੇ ਹਨ ਕਿ ਸਾਨੂੰ 370 ਕਰੋੜ ਰੁਪਏ ਦਾ ਘਾਟਾ ਮਿਲਿਆ ਹੈ ਅਤੇ ਇਹ ਘਾਟਾ ਪਿਛਲੀ ਸਰਕਾਰ ਨੇ ਕੀਤਾ ਹੈ। ਚੇਅਰਮੈਨ ਸਾਹਿਬ,

Original with;
Punjab Vidhan Sabha
Digitized by;
Panjab Digital Library

ਮੇਰੀ ਬੜੀ ਨਿਮਰਤਾ ਸਹਿਤ ਬੇਨਤੀ ਹੈ ਕਿ ਮੇਰਾ ਦਰਦੇ ਦਿਲ ਕਹਿ ਰਿਹਾ ਹੈ ਕਿ ਇਸ ਪੰਜਾਬ ਦਾ ਬੇੜਾ ਗਰਕ ਕਰਨ ਵਾਲੇ ਸਾਡੇ ਸਾਹਮਣੇ ਬੈਠੇ ਅਕਾਲੀ ਭਰਾ ਹਨ ਜਿਨ੍ਹਾਂ ਨੇ ਹਮੇਸ਼ਾ ਜਦੋਂ ਪਾਵਰ-ਲੈਸ ਹੋਏ ਉਦੋਂ ਇਹ ਮੋਰਚੇ ਲਗਾ ਲੈਂਦੇ ਹਨ। ਇਸ ਗੱਲ ਦਾ ਸਬੂਤ ਪੰਜਾਬ ਅਤੇ ਹਿੰਦੁਸਤਾਨ ਦੀ ਹਿਸਟਰੀ ਲਿਖੇਗੀ ਕਿ ਅਕਾਲੀ ਜਦੋਂ ਪਾਵਰ ਵਿਚ ਨਹੀਂ ਹੁੰਦੇ ਉਦੋਂ ਹੀ ਮੋਰਚਾ ਲਗਾਉਂਦੇ ਹਨ ਅਤੇ ਪੰਜਾਬ ਦਾ ਬੇੜਾ ਗਰਕ ਇਨ੍ਹਾਂ ਦੇ ਮੋਰਚਿਆਂ ਨੇ ਕੀਤਾ ਹੈ । ਇਹ 370 ਕਰੋੜ ਰੁਪਏ ਦਾ ਘਾਟਾ ਅਕਾਲੀ ਐਜੀਟੇਸ਼ਨ ਕਰਕੇ ਹੋਇਆ ਹੈ। ਇਸ ਘਾਟੇ ਲਈ ਤੁਸੀਂ, ਅਕਾਲੀ ਪਾਰਟੀ ਵਾਲੇ, ਜ਼ਿੰਮੇਵਾਰ ਹੋ । ਇਸ ਤੋਂ ਤੁਸੀਂ ਬੱਚ ਨਹੀਂ ਸਕਦੇ ਅੱਰ ਇਹ ਘਾਟਾ ਕਈ ਸਾਲਾਂ ਤੱਕ ਪੂਰਾ ਨਹੀਂ ਹੋਵੇਗਾ ਅੱਰ ਇਹ ਸੈਂਟਰਲ ਗੌਰਮਿੰਟ ਦੀ ਮੱਦਦ ਨਾਲ ਹੀ ਪੂਰਾ ਹੋ ਸਕਦਾ ਹੈ ਪਰ ਇਹ ਤਾਂ ਰੋਜ਼ ਸੈਂਟਰ ਦੀ ਸਰਕਾਰ ਨੂੰ ਗਾਲੀਆਂ ਕੱਢਦੇ ਹਨ ਅੱਰ ਇਹ ਅਸੀਂ ਪਿਛਲੇ 3-4 ਦਿਨਾਂ ਤੋਂ ਇਸ ਹਾਊਸ ਵਿਚ ਦੇਖ ਰਹੇ ਹਾਂ। ਇਨ੍ਹਾਂ ਨੂੰ ਇਸ ਗੱਲ ਉਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਗੱਲਾਂ ਤੋਂ ਗੁਰੇਜ਼ ਵੀ ਕਰਨਾ ਚਾਹੀਦਾ ਹੈ। ਇਸ ਘਾਟੇ ਨੂੰ ਤੁਸੀਂ ਕਿਵੇਂ ਪੂਰਾ ਕਰ ਸਕੋਗੇ। ਫੇਰ ਇਨ੍ਹਾਂ ਨੇ ਕਿਹਾ ਹੈ ਕਿ ਕਾਂਗਰਸ ਦੀ ਸਰਕਾਰ ਐਂਟੀ-ਰੂਰਲ ਬਾਇਸ ਰਹੀ ਹੈ ਅਤੇ ਪਿਛਲੀ ਸਰਕਾਰ ਨੇ ਜ਼ਿੰਮੀਦਾਰਾਂ ਦੀ ਜੜ੍ਹਾਂ ਨੂੰ ਵਢਿਆ ਹੈ। ਇਹ ਬਿਲਕੁਲ ਗਲਤ ਹੈ ਕਿ ਸਾਡੀ ਪਾਰਟੀ ਐਂਟੀ-ਰੂਰਲ ਰਹੀ ਹੋਵੇ । ਮੈਂ ਆਪਣੀ ਪਾਰਟੀ ਵਲੋਂ ਇਸ ਗੱਲ ਦੀ ਵਿਰੋਧਤਾ ਕਰਦਾ ਹਾਂ। ਜੇ ਅੱਜ ਪੰਜਾਬ ਦੇ ਕਿਸਾਨ ਨੇ ਤਰੱਕੀ ਕੀਤੀ ਹੈ ਅਤੇ ਇਤਨੀ ਪੈਦਾਵਾਰ ਨੂੰ ਵਧਾਇਆ ਹੈ ਇਹ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਕਰਕੇ ਹੋਇਆ ਹੈ ਅਤੇ ਸਾਡੀ ਨੀਤੀ ਕਿਸਾਨਾਂ ਦੇ ਹਿੱਤਾਂ ਵਿਚ ਰਹੀ ਹੈ। ਅੱਜ ਪੰਜਾਬ ਦਾ ਕਿਸਾਨ ਸਾਰੇ ਹਿੰਦੁਸਤਾਨ ਦੇ ਵਿਚ ਆਪਣਾ ਸਿਰ ਉੱਚਾ ਕਰਕੇ ਖੜ੍ਹਾ ਹੈ। ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨੇ ਵੀ ਪੰਜਾਬ ਦੇ ਕਿਸਾਨਾਂ ਵਾਸਤੇ ਬਹੁਤ ਕੁੱਝ ਕੀਤਾ ਹੈ ਅਤੇ ਉਹ ਇਨ੍ਹਾਂ ਦੀ ਪ੍ਰਸ਼ੰਸਾ ਕਰਦੇ ਹਨ। ਇਹ ਕਾਂਗਰਸ ਪਾਰਟੀ ਦੀਆਂ ਨੀਤੀਆਂ ਦੇ ਕਾਰਨ ਹੋ ਸਕਿਆ ਹੈ। ਮੈਂ ਇਸ ਗੱਲ ਨੂੰ ਹੋਰ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਸਾਡੀ ਕਾਂਗਰਸ ਸਰਕਾਰ ਨੇ ਪੰਜਾਬ ਦੇ ਹਰ ਪਿੰਡ ਵਿਚ ਸੜਕਾਂ ਪੱਕੀਆਂ ਬਣਾ ਕੇ ਦਿੱਤੀਆਂ ਹਨ ਅਤੇ ਪਿੰਡਾਂ ਦੀਆਂ ਗਲੀਆਂ, ਨਾਲੀਆਂ ਨੂੰ ਪੱਕਾ ਕੀਤਾ ਹੈ ਅਤੇ ਬਿਜਲੀ ਅਤੇ ਸਕੂਲ ਹਰ ਪਿੰਡ ਨੂੰ ਦਿੱਤਾ ਹੈ ਅਤੇ ਹਰ ਪਿੰਡ ਨੂੰ ਧਰਮਸ਼ਾਲਾ, ਬਣਾ ਕੇ ਦਿੱਤੀਆਂ ਹਨ।

ਕੈਪਟਨ ਕੰਵਲਜੀਤ ਸਿੰਘ: ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਕਹਿੰਦੇ ਹਨ ਕਿ ਸਾਡੀ ਸਰਕਾਰ ਨੇ ਹਰ ਪਿੰਡ ਦੇ ਵਿਚ ਸਕੂਲ ਅਤੇ ਸੜਕਾਂ ਦਿੱਤੀਆਂ ਹਨ। ਇਹ ਸਰਾਸਰ ਗਲਤ ਹੈ।

ਡਾਕਟਰ ਕੇਵਲ ਕ੍ਰਿਸ਼ਨ: ਚੇਅਰਮੈਨ ਸਾਹਿਬ, ਗਵਰਨਰ ਐਡਰੈਸ ਪਿਛਲੇ ਮੇਰੇ ਕੋਲ ਹਨ ਅਤੇ ਨਵਾਂ ਵੀ ਹੈ। ਇਸ ਐਡਰੈਸ ਦੇ ਵਿਚ ਜਿਹੜਾ ਅਕਾਲੀ ਪਾਰਟੀ ਨੇ 1980 ਦੇ ਵਿਚ ਪੇਸ਼ ਕੀਤਾ ਸੀ ਉਸ ਵਿਚ 307 ਕਰੋੜ ਰੁਪਿਆ ਫੋਕਲ ਪੁਆਇੰਟਸ ਤੇ ਖਰਚ ਕਰਨਾ ਸੀ ਅਤੇ ਫੋਕਲ ਪੁਆਇੰਟਸ ਦੇ ਨਾਲ ਲਗਦੇ ਪਿੰਡਾਂ ਵਿੱਚ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਵਾਸਤੇ ਸੀ ਪਰ ਇਹ ਆਪਣੇ ਵਕਤ ਕੇਵਲ ਇਨ੍ਹਾਂ 307 ਕਰੋੜ ਰੁਪਏ ਦੇ ਵਿਚੋਂ ਆਪਣੇ 3 ਸਾਲਾਂ ਦੇ ਰਾਜ ਵਿਚ ਕੇਵਲ 6 ਕਰੋੜ ਰੁਪਿਆ ਹੀ ਖਰਚ ਕੀਤਾ ਸੀ ਅੱਰ ਇਸ ਤੋਂ ਵੱਧ ਇਕ ਪੈਸਾ ਵੀ ਜ਼ਿਆਦਾ ਇਨ੍ਹਾਂ ਨੇ ਖਰਚ ਨਹੀਂ ਕੀਤਾ ਸੀ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ।

ਮੈਨੂੰ ਅਫਸੋਸ ਹੈ ਕਿ, ਚੇਅਰਮੈਨ ਸਾਹਿਬ, ਇਕ ਵੀ ਫੋਕਲ ਪੁਆਇੰਟ ਹੁਣ ਤੱਕ ਮੁਕੰਮਲ ਨਹੀਂ ਹੋਇਆ। 1983 ਵਿਚ ਪਿਛਲੇ ਤਿੰਨ ਸਾਲਾਂ ਵਿਚ ਕਾਂਗਰਸ ਸਰਕਾਰ ਨੇ 19 ਕਰੋੜ 48 ਲੱਖ ਰੁਪਿਆ ਗਲੀਆਂ, ਨਾਲੀਆਂ ਵਾਸਤੇ ਖਰਚ ਕੀਤਾ ਸੀ। ਹਣ ਤਿਕਰ ਪਿਛਲਾ ਪਾ ਕੇ 30 ਕਰੋੜ 31 ਲਖ ਰੁਪਿਆ ਗਵਰਨਰੀ ਰਾਜ ਵਿਚ ਪਿੰਡਾਂ ਦੀਆਂ ਗਲੀਆਂ, ਨਾਲੀਆਂ ਪਕੀਆਂ ਕਰਨ ਵਾਸਤੇ ਸਰਕਾਰ ਨੇ ਖਰਚਿਆ ਪਰ, ਚੇਅਰਮੈਨ ਸਾਹਿਬ, ਅਕਾਲੀ-ਜਨਤਾ ਸਰਕਾਰ ਨੇ 1 ਕਰੋੜ 52 ਲੱਖ ਰੁਪਿਆ

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਗਲੀਆਂ, ਨਾਲੀਆਂ ਪਰ ਖਰਚਿਆ ਅੰਰ ਇਸ ਤੋਂ ਜ਼ਿਆਦਾ ਇਨ੍ਹਾਂ ਨੇ ਨਹੀਂ ਖਰਚਿਆ। (ਵਿਘਨ) ਫੋਕਲ ਪੁਆਇੰਟ ਜਿਥੇ ਜਿਥੇ ਬਣੇ ਹਨ ਅੰਰ ਜਿਥੇ ਜਿਥੇ ਸ਼ਾਪ ਕੰਪਲੈਕਸ ਬਣਾਏ ਗਏ ਹਨ, ਉਹ ਪਿੰਡਾਂ ਵਾਲੇ ਰੋਂਦੇ ਹਨ ਕਿ ਸਾਡਾ ਇਤਨਾ ਪੈਸਾ ਖਰਚ ਹੋ ਗਿਆ ਹੈ। ਉਨ੍ਹਾਂ ਦਾ ਕੋਈ ਫਾਇਦਾ ਨਹੀਂ ਹੈ। ਇਹ ਸਕੀਮ ਰਿਵਾਈਜ਼ ਕਰਨੀ ਚਾਹੀਦੀ ਹੈ । ਚੇਅਰਮੈਨ ਸਾਹਿਬ, ਜਿਹੜੇ ਪਿੰਡ ਸ਼ਹਿਰਾਂ ਤੋਂ ਦੂਰ ਹਨ ਅਤੇ ਜਿਥੇ ਕੋਈ ਦਕਾਨ ਵਗੈਰਾ ਨਹੀਂ ਹੈ, ਉਥੇ ਇਨ੍ਹਾਂ ਦੀ ਜ਼ਰੂਰਤ ਹੈ। ਸ਼ਹਿਰ ਦੇ ਨਾਲ ਸ਼ਾਪ ਕੰਪਲੈਕਸ ਬਣਾਉਣ ਨਾਲ ਸਰਕਾਰ ਦਾ ਪੈਸਾ ਫਜ਼ੂਲ ਖਰਚ ਹੋਵੇਗਾ।

ਚੇਅਰਮੈਨ ਸਾਹਿਬ, ਕਿਸਾਨ ਨੇ ਜੋ ਕਣਕ ਸੈਂਟਰਲ ਸਰਕਾਰ ਨੂੰ ਦਿੱਤੀ ਉਹ 1983–84 ਵਿਚ 50 ਲੱਖ ਟਨ ਅਤੇ 1984–85 ਵਿਚ 51 ਲੱਖ ਟਨ ਹੈ। ਇਸ ਤਰ੍ਹਾਂ ਤਾਦਾਦ ਵੱਧਦੀ ਹੀ ਜਾਂਦੀ ਹੈ। ਇਹ ਪਿਛਲੀ ਕਾਂਗਰਸ ਸਰਕਾਰ ਦੀਆਂ ਚੰਗੀਆਂ ਨੀਤੀਆਂ ਦਾ ਹੀ ਨਤੀਜਾ ਹੈ। ਅਸੀਂ ਕਿਸਾਨਾਂ ਨੂੰ ਫਰਟੇਲਾਈਜ਼ਰ, ਬਿਜਲੀ ਅਤੇ ਵੱਧ ਤੋਂ ਵੱਧ ਪਾਣੀ ਦਿੱਤਾ। ਚੇਅਰਮੈਨ ਸਾਹਿਬ, ਮੈਂ ਚੈਲੰਜ ਕਰਦਾ ਹਾਂ ਕਿ ਸਾਰੇ ਸੰਸਾਰ ਵਿਚੋਂ ਨਹਿਰੀ ਪਾਣੀ ਦਾ ਰੇਟ ਅਤੇ ਦੇਸ਼ ਦੇ ਸਾਰੇ ਪ੍ਰਦੇਸ਼ਾਂ ਵਿਚੋਂ ਕਾਂਗਰਸ ਸਰਕਾਰ ਨੇ ਨਹਿਰੀ ਪਾਣੀ ਦਾ ਘੱਟ ਰੇਟ ਦੇ ਕੇ ਭਰਪਰ ਮੱਦਦ ਕੀਤੀ ਹੈ। ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਟਿਊਬਵੈਲਾਂ ਅਤੇ ਬਿਜਲੀ ਦੀ ਖਪਤ ਕਰਕੇ 100 ਕਰੋੜ ਰੁਪਿਆ ਸਾਲ ਦਾ ਕਾਂਗਰਸ ਸਰਕਾਰ ਨੂੰ ਘਾਟਾ ਪੈਂਦਾ ਰਿਹਾ ਹੈ ਤਾਕਿ ਪੰਜਾਬ ਦੇ ਕਿਸਾਨਾਂ ਦਾ ਸਿਰ ਉਚਾ ਰਹੇ। (ਥੰਪਿੰਗ) ਅਸੀਂ ਕੋਈ, ਚੇਅਰਮੈਨ ਸਾਹਿਬ, ਟਿਊਬਵੈਲਾਂ ਦਾ ਰੇਟ ਨਹੀਂ ਵਧਾਇਆ।

ਸਰਦਾਰ ਬਲਦੇਵ ਸਿੰਘ ਮਾਨ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਆਨਰੇਬਲ ਮੈਂਬਰ ਹਾਊਸ ਨੂੰ ਮਿਸਲੀਡ ਕਰ ਰਹੇ ਹਨ ਅਤੇ ਇਹ ਫਾਈਨਾਂਸ ਮਨਿਸਟਰ ਵੀ ਪਹਿਲਾਂ ਰਹਿ ਚੁਕੇ ਹਨ ਪਰ ਇਹ ਹਾਊਸ ਵਿਚ ਕਹਿੰਦੇ ਹਨ ਕਿ ਅਸੀਂ ਕੋਈ ਟਿਊਬਵੈਲਾਂ ਦਾ ਖਰਚਾ ਨਹੀਂ ਵਧਾਇਆ ਪਰ ਪਿਛਲੀ ਸਰਕਾਰ ਵਲੋਂ ਟਿਊਬਵੈਲਾਂ ਦਾ ਖਰਚਾ 13/- ਰਪਏ ਤੋਂ 19/- ਰੁਪਏ ਕੀਤਾ ਗਿਆ ਸੀ ਪਰ ਇਹ, ਚੇਅਰਮੈਨ ਸਾਹਿਬ, ਹਾਊਸ ਨੂੰ ਮਿਸਲੀਡ ਕਰ ਰਹੇ ਹਨ।

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, information ਦੇਣੀ ਇਹ ਇਕ ਮਨਿਸਟਰ ਸਾਹਿਬ ਦੀ ਡਿਊਟੀ ਹੈ। ਹੁਣ ਵੀ ਰੇਟ ਉਹੀ ਹੈ। ਪੈਡੀ ਦੀ ਬਿਜਾਈ ਪੰਜਾਬ ਵਿਚ 1983–84 ਵਿਚ 10 ਲੱਖ, 1984–85 ਵਿਚ 14 ਲੱਖ ਅਤੇ 1985–86 ਵਿਚ 16 ਲੱਖ ਹੈਕਟਰ ਹੋ ਗਈ। ਇਸ ਕਰਕੇ ਅਸੀਂ ਕਿਸਾਨਾਂ ਦੇ ਹਮਦਰਦ ਹਾਂ। 2 ਕਰੋੜ ਰੁਪਏ ਨਾਲ 750 ਪਿੰਡਾਂ ਵਿਚ ਕਮਿਉਨਿਟੀ ਸੈਂਟਰ ਬਣਾਏ। 25,606 ਬੰਦਿਆਂ ਨੂੰ ਕੰਮ ਦਿੱਤਾ। 25,000 ਲੋਕ ਜਿਹੜੇ ਹਾਊਸਲੈਸ ਸਨ, ਉਨ੍ਹਾਂ ਨੂੰ ਹਾਊਸਿਜ਼ ਦਿਤੇ। ਚੇਅਰਮੈਨ ਸਾਹਿਬ, 3 ਕਰੋੜ ਰੁਪਿਆ ਕਾਂਗਰਸ ਸਰਕਾਰ ਨੇ ਸਕੂਲ ਦੀਆਂ ਬਿਲਡਿੰਗਾਂ ਵਾਸਤੇ ਖਰਚ ਕੀਤਾ। 70.35 ਕਰੋੜ ਰੁਪਿਆ ਸੜਕਾਂ ਦੀ ਰਿਪੇਅਰ ਵਾਸਤੇ ਖਰਚ ਕੀਤਾ। ਚੇਅਰਮੈਨ ਸਾਹਿਬ, ਆਈ.ਆਰ.ਡੀ. ਪੀ. ਸਕੀਮ ਸਾਡੇ ਵੇਲੇ ਵੱਧ ਤੋਂ ਵੱਧ ਹੋਈ ਹੈ। ਕਾਂਗਰਸ ਸਰਕਾਰ ਨੇ ਗਰੀਬ ਹਰੀਜਨ ਅਤੇ ਗਰੀਬ ਲੋਕਾਂ ਨੂੰ ਪਿੰਡਾਂ ਵਿਚ ਜਾ ਜਾ ਕੇ ਗਰੀਬੀ ਦੀ ਰੇਖਾ ਤੋਂ ਥਲੇ ਰਹਿਣ ਵਾਲੇ ਲੋਕਾਂ ਨੂੰ 8.14 ਲੱਖ ਦੀ ਗਿਣਤੀ ਵਿਚ ਆਈਡੈਂਟੀਫਾਈ ਕੀਤਾ ਅਤੇ 121 ਕਰੋੜ ਰੁਪਿਆ ਉਨ੍ਹਾਂ ਦੀ ਭਲਾਈ ਬਿਨਾ ਵਿਆਜ ਤੀਸਰਾ ਹਿੱਸਾ subsidy ਦੇ ਤੌਰ ਤੇ ਦੇ ਕੇ ਮੁਆਫ਼ ਕਰਕੇ ਕੀਤਾ। (ਥੰਪਿੰਗ) 121 ਕਰੋੜ ਰੁਪਿਆ ਉਨ੍ਹਾਂ ਗਰੀਬ ਲੋਕਾਂ ਨੂੰ ਕਰਜ਼ੇ ਦੇ ਰੂਪ ਵਿੱਚ ਦਿੱਤਾ। ਉਸ ਰਕਮ ਤੇ ਕੋਈ ਇੰਟਰੈਸਟ ਨਹੀਂ ਲੈਣਾ। ਪੀਲੇ ਕਾਰਡ ਵਾਲਿਆਂ ਨੂੰ

Original with;
Punjab Vidhan Sabha
Digitized by;
Panjab Digital Library

ਅਤੇ ਗਰੀਬਾਂ ਨੂੰ, ਚੇਅਰਮੈਨ ਸਾਹਿਬ, ਚਾਰ ਲੱਖ ਤੋਂ ਵੱਧ ਲੋਕਾਂ ਨੂੰ 121 ਕਰੋੜ ਰੁਪਿਆ ਮਿਲ ਚੁੱਕਾ ਹੈ ਇਸ ਦੇ ਉਤੇ ਕੋਈ ਵਿਆਜ ਨਹੀਂ ਅਤੇ ਤੀਸਰੇ ਹਿੱਸੇ ਦੀ ਕੋਈ ਵਸੂਲੀ ਨਹੀਂ। (ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ: ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੇਰਾ ਪੁਆਇੰ ਆਫ ਆਰਡਰ ਇਹ ਹੈ ਕਿ ਜਿਹੜਾ ਡਾਕਟਰ ਸਾਹਿਬ ਗੱਲਾਂ ਕਰਦੇ ਹਨ ਕਿ ਪੀਲੇ ਕਾਰਡ ਵਾਲਿਆਂ ਨੂੰ ਅਤੇ ਸ਼ਡਿਊਲਡ ਕਾਸਟ ਵਾਲਿਆਂ ਨੂੰ ਸਹਾਇਤਾ ਦਿੱਤੀ ਹੈ, ਕੋਈ ਰੁਪਿਆ ਨਹੀਂ ਦਿੱਤਾ ਗਿਆ।

ਸ਼੍ਰੀ ਰਾਮ ਲਾਲ: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜੋ ਮੈਂਬਰ ਸਾਹਿਬ ਹਰੀਜਨਾਂ ਦੀਆਂ ਅਤੇ ਪੀਲੇ ਕਾਰਡਾਂ ਦੀਆਂ ਗਲਾਂ ਕਰਦੇ ਹਨ ਕਿ ਗਰੀਬ ਹਰੀਜਨਾਂ ਦੇ ਪੀਲੇ ਕਾਰਡ ਬਣਾਏ ਗਏ ਹਨ, ਇਹ ਗਲਤ ਹੈ। ਇਨ੍ਹਾਂ ਨੇ ਆਪਣੇ ਆਪਣੇ ਬੰਦਿਆਂ ਦੇ ਕਾਰਡ ਬਣਾਏ ਹਨ। ਜਿਸ ਤਰ੍ਹਾਂ, ਚੇਅਰਮੈਨ ਸਾਹਿਬ, ਕੋਈ ਭੈਣ ਧੀ ਨੂੰ ਨੱਥ ਪਾਉਂਦੀ ਹੈ। (ਸ਼ੇਮ, ਸ਼ੇਮ, ਦੀਆਂ ਅਵਾਜ਼ਾਂ) (ਘੰਟੀ)

ਡਾਕਟਰ ਕੇਵਲ ਕ੍ਰਿਸ਼ਨ: ਚੇਅਰਮੈਨ ਸਾਹਿਬ, ਜਿਸ ਦੀ 3,600/- ਰੁਪਏ ਤੋਂ ਆਮਦਨ ਘੱਟ ਹੈ ਚਾਹੇ ਉਹ ਹਰੀਜਨ ਹੈ ਜਾਂ ਗਰੀਬ ਆਦਮੀ ਹੈ, ਉਸ ਨੂੰ ਸਾਡੀ ਕਾਂਗਰਸ ਸਰਕਾਰ ਨੇ ਆਈਡੈਂਟੀਫਾਈ ਕੀਤਾ ਹੈ। ਇਹ ਸਾਰਾ ਕਾਂਗਰਸ ਪਾਰਟੀ ਨੂੰ ਕਰੈਡਿਟ ਜਾਂਦਾ ਹੈ। ਅਸੀਂ, ਚੇਅਰਮੈਨ ਸਾਹਿਬ, ਘਰ-ਘਰ ਜਾ ਕੇ ਪਿੰਡਾਂ ਵਿਚ ਆਈਡੈਂਟੀਫਾਈ ਕੀਤਾ ਹੈ ਉਨ੍ਹਾਂ ਲੋਕਾਂ ਨੂੰ ਜੋ ਗਰੀਬੀ ਦੀ ਹੱਦ ਤੋਂ ਥੱਲੇ ਹਨ। ਉਨ੍ਹਾਂ ਨੂੰ 121 ਕਰੋੜ ਰੁਪਿਆ ਕਰਜ਼ੇ ਦੇ ਰੂਪ ਵਿਚ ਦਿੱਤਾ ਗਿਆ ਹੈ, ਮੈਂ ਫਿਰ ਕਹਿੰਦਾ ਹਾਂ ਅਤੇ ਇਹ ਚਾਰ ਲੱਖ ਤੋਂ ਵੱਧ ਹਨ। ਚੇਅਰਮੈਨ ਸਾਹਿਬ, ਜਿਨ੍ਹਾਂ ਨੂੰ ਸਹਾਇਤਾ ਨਹੀਂ ਮਿਲੀ ਉਨ੍ਹਾਂ ਨੇ ਅਫਸੋਸ ਜ਼ਰੂਰ ਕਰਨਾ ਹੈ।

ਸਰਦਾਰ ਇੰਦਰਜੀਤ ਸਿੰਘ ਜੋਜੀ: ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਜੋ ਕਹਿ ਰਹੇ ਹਨ, ਉਹ ਗਲਤ ਕਹਿ ਰਹੇ ਹਨ। ਮੇਰੇ ਪਿੰਡ ਵਿਚ ਜਿਤਨੇ ਵੀ ਸ਼ਡਿਊਲਡ ਕਾਸਟ ਅਤੇ ਹੋਰ ਛੋਟੇ ਗਰੀਬ ਆਦਮੀ ਹਨ, ਉਨ੍ਹਾਂ ਦੇ ਪੀਲੇ ਕਾਰਡ ਨਹੀਂ ਬਣਾਏ ਗਏ। ਚੇਅਰਮੈਨ ਸਾਹਿਬ, ਅਸਲੀ ਲੋਕਾਂ ਦੇ ਪੀਲੇ ਕਾਰਡ ਨਹੀਂ ਬਣੇ। ਅਸਲ ਲੋਕਾਂ ਨੂੰ ਪੀਲੇ ਕਾਰਡ ਤੋਂ ਕਾਂਗਰਸ ਸਰਕਾਰ ਨੇ ਵਾਂਝੇ ਰਖਿਆ ਹੈ। ਆਪਣੇ ਪੱਖ ਪੂਰਦੇ ਹੋਏ ਹੀ ਮਿਸਾਲਾਂ ਦਿੱਤੀਆਂ ਹਨ। (ਵਿਘਨ)

ਡਾਕਟਰ ਕੇਵਲ ਕ੍ਰਿਸ਼ਨ: ਚੇਅਰਮੈਨ ਸਾਹਿਬ, 20 ਨੁਕਾਤੀ ਪ੍ਰੋਗਰਾਮ ਸਾਰੇ ਹਿੰਦੁਸਤਾਨ ਵਿਚ ਚਲ ਰਿਹਾ ਸੀ। ਕਰਨਾਟਕਾ, ਆਂਧਰਾ ਪ੍ਰਦੇਸ਼, ਜੰਮੂ ਕਸ਼ਮੀਰ ਅਤੇ ਹੋਰ ਕਈ ਰਾਜਾਂ ਵਿਚ 20-ਪੁਆਇੰਟ ਪ੍ਰੋਗਰਾਮ ਚਲ ਰਿਹਾ ਹੈ ਪਰ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਅਕਾਲੀ ਸਰਕਾਰ ਨੇ ਜ਼ਿਕਰ ਤਕ ਨਹੀਂ ਕੀਤਾ। ਅਕਾਲੀ ਸਰਕਾਰ ਨੂੰ ਗਵਰਨਰ ਸਾਹਿਬ ਦੇ ਐਡਰੈਸ ਵਿਚ 20-ਪੁਆਇੰਟ ਪਰੋਗਰਾਮ ਦਾ ਜ਼ਿਕਰ ਜ਼ਰੂਰ ਕਰਨਾ ਚਾਹੀਦਾ ਸੀ। 20-ਨੁਕਾਤੀ ਪ੍ਰੋਗਰਾਮ ਇਸ ਮੁਲਕ ਦੀ ਜ਼ਿੰਦਗੀ ਹੈ। ਸ਼੍ਰੀਮਤੀ ਇੰਦਰਾ ਗਾਂਧੀ ਨੇ 20-ਨੁਕਾਤੀ ਪ੍ਰੋਗਰਾਮ ਪਿੰਡਾਂ ਵਿਚ ਗਰੀਬਾਂ ਦੀ ਭਲਾਈ ਲਈ, ਪਿੰਡਾਂ ਦੇ ਸਮੂਹਿਕ ਵਿਕਾਸ ਲਈ ਬਣਾਇਆ ਸੀ ਅਤੇ ਇਸ ਨੂੰ ਹਿੰਦੁਸਤਾਨ ਦੀਆਂ ਸਾਰੀਆਂ ਸਟੇਟ ਗੌਰਮਿੰਟਾਂ ਅਪਣਾ ਰਹੀਆਂ ਹਨ। ਅਗਰ ਸਾਡੀ ਪੰਜਾਬ ਦੀ ਸਰਕਾਰ ਇਸ ਨੂੰ ਨਾ ਅਪਣਾਏਗੀ ਤਾਂ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਸਾਨੂੰ ਬਹੁਤ ਘਾਟਾ ਰਹੇਗਾ, ਸਾਨੂੰ ਸੈਂਟਰ ਦੀ ਸਰਕਾਰ ਕੋਲੋਂ ਪੈਸੇ ਨਹੀਂ ਮਿਲਣ ਗੇ

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਦਿਆਲ ਸਿੰਘ ਰਾਜਲਾ : ** ** **

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਡਾਕਟਰ ਕੇਵਲ ਕ੍ਰਿਸ਼ਨ : ਇਸ ਪ੍ਰੋਗਰਾਮ ਨੂੰ ਲਾਗੂ ਕੀਤੇ ਬਗੈਰ ਪੈਸੇ ਸੈਂਟਰ ਦੀ ਸਰਕਾਰ ਕੋਲੋਂ ਨਹੀਂ ਮਿਲਣਗੇ। ਆਈ.ਆਰ.ਡੀ.ਪੀ. ਦੇ ਥੱਲੇ 20-ਪੁਆਇੰਟ ਇਨ੍ਹਾਂ ਨੇ ਕਿਤੇ ਨਹੀਂ ਲਿਖੇ ਹਨ। ਮੈਂ ਇਹ ਪੁਆਇੰਟ ਗਿਣੇ ਹਨ, ਇਹ 14 ਪੁਆਇੰਟ ਬਣਦੇ ਹਨ, 6 ਪੁਆਇੰਟਾਂ ਦਾ ਇਨ੍ਹਾਂ ਨੇ ਬਹਿਸ਼ਕਾਰ ਕੀਤਾ ਹੋਇਆ ਹੈ। ਇਨ੍ਹਾਂ ਨੂੰ ਗਰੀਬਾਂ ਨਾਲ ਕੋਈ ਹਮਦਰਦੀ ਨਹੀਂ ਹੈ ਇਨ੍ਹਾਂ ਨੇ ਜੋ ਸੀਲਿੰਗ ਦੇ ਵਿਚ ਜ਼ਮੀਨਾਂ ਦੱਬੀਆਂ ਹੋਈਆਂ ਹਨ, ਉਹ ਕੱਢਣੀਆਂ ਨਹੀਂ ਹਨ ਕਿਉਂਕਿ ਇਹ ਬੜੇ ਬੜੇ ਜ਼ਿਮੀਂਦਾਰਾਂ ਦੀ ਪਾਰਟੀ ਹੈ ਜੋ ਜ਼ਮੀਨਾਂ ਨੂੰ ਛੱਡਣਾ ਨਹੀਂ ਚਾਹੁੰਦੇ। ਇਹ ਸੀਲਿੰਗ ਥੱਲੇ ਆਈ ਜ਼ਮੀਨ ਨੂੰ ਛੱਡਣਾ ਨਹੀਂ ਚਾਹੁੰਦੇ।

ਸ਼੍ਰੀ ਸਭਾਪਤੀ : ਡਾਕਟਰ ਸਾਹਿਬ, ਤੁਸੀਂ ਆਪਣੇ ਲੀਡਰ ਨਾਲ ਸਲਾਹ ਕਰ ਲਵੋ।

ਡਾਕਟਰ ਕੇਵਲ ਕ੍ਰਿਸ਼ਨ : ਫਿਰ, ਚੇਅਰਮੈਨ ਸਾਹਿਬ, ਜੰਗਲਾਤ ਦੇ ਬਾਰੇ ਗੱਲ ਹੈ। ਜੰਗਲਾਤ ਤੇ ਲੋਕਾਂ ਦੀ ਜ਼ਿੰਦਗੀ ਨਿਰਭਰ ਹੁੰਦੀ ਹੈ, ਇਸ ਪਾਸੇ ਵਲ ਵੀ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਜਿਥੋਂ ਤਕ ਫੈਮਿਲੀ ਪਲੈਨਿੰਗ ਦੇ ਪ੍ਰੋਗਰਾਮ ਦਾ ਸਬੰਧ ਹੈ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਸ ਗੱਲ ਵਲ ਧਿਆਨ ਨਾ ਦਿੱਤਾ ਗਿਆ ਤਾਂ ਸਾਲ 2,000 ਤਕ ਹਿੰਦੁਸਤਾਨ ਗਰੀਬੀ ਦੇ ਦਾਇਰੇ ਵਿਚੋਂ ਨਹੀਂ ਨਿਕਲ ਸਕੇਗਾ। ਫੈਮਿਲੀ ਪਲੈਨਿੰਗ ਬਾਰੇ ਖਾਸ ਧਿਆਨ ਦੇਣਾ ਚਾਹੀਦਾ ਹੈ।

ਸਮੱਗਲਰਜ਼, ਬਲੈਕ ਮਾਰਕੀਟੀਅਰਜ਼ ਅਤੇ ਹੋਰਡਰਜ਼ ਦੀ ਐਕਟੀਵਿਟੀਜ਼ ਨੂੰ ਰੋਕਣ ਵਾਸਤੇ 20-ਨੁਕਾਤੀ ਪ੍ਰੋਗਰਾਮ ਵਿਚ ਪ੍ਰੋਵੀਜ਼ਨ ਹੈ, ਉਸ ਤੇ ਅਮਲ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਪਾਂਧੀ ਸਾਹਿਬ ਨੇ ਪਬਲਿਕ ਐਂਟਰ-ਪਰਾਈਸਿਜ਼ ਦੇ ਬਾਰੇ ਕਿਹਾ ਸੀ ਕਿ ਇਨ੍ਹਾਂ ਦੇ ਕੰਮ ਕਾਰ ਨੂੰ ਸਟਰੀਮਲਾਈਨ ਕਰਨਾ ਚਾਹੀਦਾ ਹੈ, ਉਸ ਲਈ ਸਾਨੂੰ ਸੈਂਟਰ ਦੀ ਸਰਕਾਰ ਦੀਆਂ ਇੰਸਟਰੱਕਸ਼ਨਜ਼ ਦੇ ਮੁਤਾਬਿਕ ਕੰਮ ਕਰਨਾ ਚਾਹੀਦਾ ਹੈ। ਜੇ ਸੈਂਟਰ ਤੋਂ ਪੈਸੇ ਲੈਣੇ ਹਨ ਤਾਂ ਇਸ ਗੱਲ ਵਲ ਪੂਰਾ ਧਿਆਨ ਦੇਣਾ ਪਵੇਗਾ ਅਤੇ 20-ਨੁਕਾਤੀ ਪ੍ਰੋਗਰਾਮ ਨੂੰ ਸਾਨੂੰ ਅਪਣਾਉਣਾ ਹੀ ਪਵੇਗਾ ਤਾਂ ਹੀ ਗਰੀਬਾਂ ਦੀ ਸੇਵਾ ਅਸੀਂ ਕਰ ਸਕਾਂਗੇ।

ਗਵਰਨਰ ਸਾਹਿਬ ਦੇ ਐਡਰੈਸ ਵਿਚ ਇਕ ਗੱਲ ਹੋਰ ਹੈ ਜਿਸ ਵਲ ਮੈਂ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਪ੍ਰਧਾਨ ਮੰਤਰੀ ਅਤੇ ਸੰਤ ਲੌਂਗੋਵਾਲ ਦੇ ਵਿਚ ਜਿਹੜਾ ਅਕਾਰਡ ਹੋਇਆ, ਉਸ ਦੀ ਇੰਪਲੀਮੈਂਟੇਸ਼ਨ ਕਰਨਾ ਸਾਡਾ ਸਾਰਿਆਂ ਦਾ ਈਮਾਨ ਬਣਦਾ ਹੈ ਅਤੇ ਉਸ ਨੂੰ ਸਹੀ ਸਪਿਰਿਟ ਵਿਚ ਲੈਣਾ ਚਾਹੀਦਾ ਹੈ। ਲੇਕਿਨ ਮੈਨੂੰ ਅਫਸੋਸ ਹੈ, ਬਹੁਤ ਹੀ ਅਫਸੋਸ ਹੈ ਕਿ ਇਸ ਗੱਲ ਵਲ ਪੂਰਾ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਮੈਂ ਇਸ ਅਕਾਰਡ ਦੇ ਬਾਰੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਜੋ ਅਲਫਾਜ਼ ਲਿਖੇ ਗਏ ਹਨ, ਉਹ ਦੱਸਦਾ ਹਾਂ :

"This settlement brings to an end a period of confrontation and ushers in an era of amity, goodwill and cooperation which will promote and strengthen the unity and integrity of India."

ਸਾਨੂੰ ਇਸ ਭਾਵਨਾ ਨਾਲ ਇਸ ਅਕਾਰਡ ਨੂੰ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ। ਪਰ ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਬਣਨ ਤੋਂ ਬਾਅਦ ਮੱਖ ਮੰਤਰੀ ਸਾਹਿਬ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਮੈਂਬਰ ਅੰਮ੍ਰਿਤਸਰ ਗਏ। ਉਹ ਗੋਲਡਨ ਟੈਂਪਲ ਤਾਂ ਜਾ ਆਏ ਲੇਕਿਨ ਦੁਰਗਿਆਣਾ ਮੰਦਿਰ ਅਤੇ ਜਲ੍ਹਿਆਂਵਾਲਾ ਬਾਗ਼ ਨਹੀਂ ਗਏ, ਹਾਲਾਂਕਿ ਉਨ੍ਹਾਂ ਦਾ ਇਨ੍ਹਾਂ ਥਾਵਾਂ ਤੇ ਜਾਣ ਦਾ ਵੀ ਪ੍ਰੋਗਰਾਮ ਸੀ। ਇਸ ਗੱਲ ਤੋਂ ਬੜਾ ਅਫਸੋਸ ਹੁੰਦਾ ਹੈ ਕਿ ਜਿਹੜੀ ਅਕਾਰਡ ਦੀ ਸਹੀ ਸਪਿਰਿਟ ਹੈ, ਉਸ ਦੇ ਮੁਤਾਬਿਕ ਨਹੀਂ ਕੀਤਾ ਗਿਆ ।

ਸਰਦਾਰ ਬਲਦੇਵ ਸਿੰਘ ਮਾਨ : ਜਿਥੋਂ ਤਕ ਚੀਫ਼ ਮਨਿਸਟਰ ਸਾਹਿਬ ਦੇ ਅੰਮ੍ਰਿਤਸਰ ਜਾਣ ਦਾ ਸਬੰਧ ਸੀ, ਉਸ ਬਾਰੇ ਉਨ੍ਹਾਂ ਨੇ ਸਟੇਟਮੈਂਟ ਦੇ ਦਿੱਤੀ ਸੀ, ਉਨ੍ਹਾਂ ਦਾ ਪ੍ਰੋਗਰਾਮ ਦੁਰਗਿਆਣਾ ਮੰਦਿਰ ਅਤੇ ਜਲ੍ਹਿਆਂਵਾਲਾ ਬਾਗ ਜਾਣ ਦਾ ਬਣਿਆ ਹੋਇਆ ਨਹੀਂ ਸੀ। ਡਾਕਟਰ ਸਾਹਿਬ ਨੂੰ ਆਪਣੇ ਅਲਫਾਜ਼ ਵਾਪਸ ਲੈਣੇ ਚਾਹੀਦੇ ਹਨ।

ਸ਼੍ਰੀ ਸਭਾਪਤੀ : ਚੀਫ਼ ਮਨਿਸਟਰ ਸਾਹਿਬ ਨੇ ਪਹਿਲਾਂ ਹੀ ਕੰਟਰਾਡਿਕਟ ਕਰ ਦਿੱਤਾ ਹੋਇਆ ਹੈ । ਉਹ ਇਸ ਬਾਰੇ ਕਈ ਦਫਾ ਕਹਿ ਚੁਕੇ ਹਨ।

ਡਾਕਟਰ ਕੇਵਲ ਕ੍ਰਿਸ਼ਨ : ਚੀਫ਼ ਮਨਿਸਟਰ ਸਾਹਿਬ ਦਾ ਦੁਰਗਿਆਣਾ ਮੰਦਿਰ ਅਤੇ ਜਲ੍ਹਿਆਂ-ਵਾਲਾ ਬਾਗ ਜਾਣ ਦਾ ਪ੍ਰੋਗਰਾਮ ਬਣਿਆ ਹੋਇਆ ਸੀ, ਪਰ ਉਹ ਉਥੇ ਗਏ ਨਹੀਂ, ਇਹ ਚੰਗੀ ਗੱਲ ਨਹੀਂ ਕੀਤੀ।

ਸਰਦਾਰ ਬਲਦੇਵ ਸਿੰਘ ਮਾਨ : ਉਨ੍ਹਾਂ ਜਗ੍ਹਾਂ ਤੇ ਜਾਣ ਦਾ ਪ੍ਰੋਗਰਾਮ ਪਤਾ ਨਹੀਂ ਕਿਸ ਨੇ ਬਣਾ ਦਿੱਤਾ ਸੀ।

ਡਾਕਟਰ ਕੇਵਲ ਕ੍ਰਿਸ਼ਨ : ਕਿਸੇ ਅਫਸਰ ਦੀ ਜੁਰੱਤ ਨਹੀਂ ਪੈ ਸਕਦੀ ਕਿ ਚੀਫ਼ ਮਨਿਸਟਰ ਸਾਹਿਬ ਦੀ ਬਗੈਰ ਮਰਜ਼ੀ ਤੋਂ ਪ੍ਰੋਗਰਾਮ ਬਣਾ ਦੇਵੇ, ਇਸ ਤਰ੍ਹਾਂ ਨਹੀਂ ਹੋ ਸਕਦਾ।

ਸਰਦਾਰ ਬਲਦੇਵ ਸਿੰਘ ਮਾਨ : ਕੀ ਡਾਕਟਰ ਸਾਹਿਬ ਦੱਸਣਗੇ ਕਿ ਉਹ 2 ਢਾਈ ਸਾਲਾਂ ਵਿਚ ਕਿੰਨੀ ਵਾਰੀ ਦਰਬਾਰ ਸਾਹਿਬ ਗਏ ਹਨ ?

ਡਾਕਟਰ ਕੇਵਲ ਕ੍ਰਿਸ਼ਨ : ਮੈਂ 3 ਦਫਾ ਉਥੇ ਗਿਆ ਹਾਂ।

ਪ੍ਰੋਫੈਸਰ ਦਰਬਾਰੀ ਲਾਲ : ਚੀਫ਼ ਮਨਿਸਟਰ ਸਾਹਿਬ ਦਾ ਮੈਸਿਜ ਕਨਵੇ ਹੋਇਆ ਕਿ ਉਹ ਦੁਰਗਿਆਣਾ ਮੰਦਿਰ ਅਤੇ ਜਲ੍ਹਿਆਂਵਾਲਾ ਬਾਗ ਜਾਣਗੇ, ਪਰ ਪ੍ਰੋਗਰਾਮ ਬਦਲ ਦਿੱਤਾ ਗਿਆ।

ਡਾਕਟਰ ਕੇਵਲ ਕ੍ਰਿਸ਼ਨ : ਲੋਕੀਂ ਉਥੇ ਇੰਤਜ਼ਾਰ ਕਰਦੇ ਰਹੇ, ਇਹ ਕੋਈ ਚੰਗੀ ਗੱਲ ਨਹੀਂ ਹੈ, ਚੀਫ਼ ਮਨਿਸਟਰ ਸਾਹਿਬ ਨੂੰ ਦੁਰਗਿਆਣਾ ਮੰਦਿਰ ਅਤੇ ਜਲ੍ਹਿਆਂਵਾਲਾ ਬਾਗ ਜਾਣਾ ਚਾਹੀਦਾ ਸੀ।

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਦਰਬਾਰੀ ਲਾਲ : ** ** **

Mr. Chairman : Order Please. ਇਹ ਜੋ ਪ੍ਰੋਫੈਸਰ ਸਾਹਿਬ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ।

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਲੋਕਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਚਾਹੀਦਾ ਸੀ ਅਤੇ ਉਥੇ ਜਾਣਾ ਚਾਹੀਦਾ ਸੀ।

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ : ਚੇਅਰਮੈਨ ਸਾਹਿਬ, ਚੀਫ ਮਨਿਸਟਰ ਸਾਹਿਬ ਇਸ ਬਾਰੇ ਪਹਿਲਾਂ ਹੀ ਕੰਟਰਾਡਿਕਟ ਕਰ ਚੁੱਕੇ ਹਨ ਕਿ ਉਨ੍ਹਾਂ ਜਗ੍ਹਾਂ ਤੇ ਜਾਣ ਦਾ ਪ੍ਰੋਗਰਾਮ ਨਹੀਂ ਸੀ।

ਮਾਲ ਮੰਤਰੀ : ਚੇਅਰਮੈਨ ਸਾਹਿਬ, ਮੈਂ ਇਸ ਗਲ ਦਾ ਸਪੱਸ਼ਟੀਕਰਨ ਦੇਣਾ ਚਾਹੁੰਦਾ ਹਾਂ। ਚੀਫ ਮਨਿਸਟਰ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਮੰਤਰੀ ਦਰਬਾਰ ਸਾਹਿਬ ਗਏ ਸਨ। ਉਸ ਦਿਨ ਕਿਉਂਕਿ ਜਲਦੀ ਚੰਡੀਗੜ੍ਹ ਵਾਪਸ ਆਉਣਾ ਸੀ ਅਤੇ ਇਕ ਬਹੁਤ ਹੀ ਜ਼ਰੂਰੀ ਕੈਬਨਿਟ ਦੀ ਮੀਟਿੰਗ ਸੀ, ਇਸ ਕਰਕੇ ਦੁਰਗਿਆਣਾ ਮੰਦਿਰ ਅਤੇ ਜਲ੍ਹਿਆਂਵਾਲਾ ਬਾਗ ਜਾਣ ਦਾ ਪ੍ਰੋਗਰਾਮ ਨਹੀਂ ਸੀ ਬਣਾਇਆ। ਅਗਰ ਪ੍ਰੋਗਰਾਮ ਬਣਿਆ ਹੁੰਦਾ ਤਾਂ ਜ਼ਰੂਰ ਜਾਂਦੇ। ਸੋ ਕੋਈ ਗੱਲ ਨਹੀਂ ਹੈ।

ਡਾਕਟਰ ਕੇਵਲ ਕ੍ਰਿਸ਼ਨ : ਇਹ ਤਾਂ ਭੁਲ੍ਹੇ ਬੇਰਾਂ ਵਾਲੀ ਗੱਲ ਹੈ, ਅਜੇ ਵੀ ਕੁਝ ਨਹੀਂ ਵਿਗੜਿਆ ਣ ਵੀ ਮੁੱਖ ਮੰਤਰੀ ਜੀ ਨੂੰ ਉਥੇ ਜਾਣਾ ਚਾਹੀਦਾ ਹੈ। ਜਲ੍ਹਿਆਂਵਾਲਾ ਬਾਗ ਤਾਂ ਇਕ ਾਂ ਦੀ ਥਾਂ ਹੈ, ਉਥੇ ਤਾਂ ਜ਼ਰੂਰ ਹੀ ਜਾਣਾ ਚਾਹੀਦਾ ਸੀ। ਇਹ ਉਨ੍ਹਾਂ ਵੀਰਾਂ ਦੀ ਯਾਦ– ਨੇ ਦੇਸ਼ ਵਾਸਤੇ ਆਪਣੀਆਂ ਜਾਨਾਂ ਵਾਰੀਆਂ ਅਤੇ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਅਤੇ ਸਾਰਿਆਂ ਪੰਜਾਬੀਆਂ ਨੇ ਯੋਗਦਾਨ ਪਾਇਆ. ਸਾਨੂੰ ਇਨ੍ਹਾਂ ਵੀਰਾਂ ਨੂੰ ਕਦੇ ਨਹੀਂ ਇਸ ਕਰਕੇ ਮੈਂ ਫਿਰ ਅਰਜ਼ ਕਰਾਂਗਾ ਕਿ ਚੀਫ਼ ਮਨਿਸਟਰ ਸਾਹਿਬ ਨੂੰ ਉਥੇ ੀਦਾ ਹੈ।

ਸਾਹਿਬ, ਇਸ ਸਪਿਰਿਟ ਨੂੰ ਸੱਟ ਮਾਰਨ ਵਾਲੀ ਇਸ ਐਡਰੈਸ ਵਿਚ ਇਕ ਹੋਰ ਗੱਲ ਦਸ ਸਕਦਾ ਹਾਂ :

ssassination of Prime Minister, Shmt. Indira Gandhi, which was ....". By whom ? By all ?

ਅਕਾਲੀ ਸਰਕਾਰ ਇਸ ਨੂੰ ਕੰਡੈਮ ਕਰਦੀ ਹੈ ਜਾਂ ਨਹੀਂ ਕਰਦੀ ਹੈ, ਇਹ ਬਿਲਕੁਲ ਾ ਹੈ ! ਮੇਰੀ ਮੰਗ ਹੈ ਕਿ ਇਸ ਨੂੰ ਸਪੱਸ਼ਟ ਕੀਤਾ ਜਾਵੇ। Further in the on said :

of Sant Harchand Singh Longowal, the becon light in the d darkness."

ਬ, ਸ਼੍ਰੀਮਤੀ ਇੰਦਰਾ ਗਾਂਧੀ ਦੀ ਸ਼ਹਾਦਤ ਲਈ ਇਹ ਲੋਕ ਉਸ ਨੂੰ ਨਹੀਂ ਦੇ ਸਕਦੇ ਅਤੇ ਉਸ ਨੂੰ ਕੰਡੈਮ ਵੀ ਨਹੀਂ ਕਰ ਸਕਦੇ। ਸ਼ਹਾਦਤ ਦਾ ਇਨ੍ਹਾਂ ਨੇ ਖੂਬ ਜ਼ਿਕਰ ਕੀਤਾ ਹੈ। ਅਸੀਂ ਇਹ ਮੰਨਦੇ ਹਾਂ ਕਿ ਇਕ ਬਹੁਤ ਵੱਡੀ ਸ਼ਹਾਦਤ ਸੀ ਲੇਕਿਨ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਸ਼ਹੀਦ ਨੇਸ਼ਨ ਨੂੰ ਕੰਡੈਮ ਨਾ ਕਰਨਾ, ਇਹ ਗੱਲਾਂ ਠੀਕ ਨਹੀਂ। ਗਵਰਨਰ ਸਾਹਿਬ ਕਿਹਾ ਗਿਆ ਹੈ, ਇਹ ਸ਼੍ਰੀ ਅਰਜਨ ਸਿੰਘ, ਸਾਬਕਾ ਮੁੱਖ ਮੰਤਰੀ ਅਤੇ ਰਧਾਲੂ ਵਰਗਾ ਆਦਮੀ ਕਦੀ ਨਹੀਂ ਕਹਿ ਸਕਦਾ। ਅਕਾਲੀ ਾਖਿਕ ਭਾਵੇਂ ਇਹ ਬਿਲਕੁਲ ਠੀਕ ਹੈ ਪਰ ਰਾਜਪਾਲ ਜੀ ਕੋਲੋਂ

by the Chair.

ਚੇਅਰਮੈਨ ਸਾਹਿ
ਹੀਦ ਦਾ ਦਰਜਾ ਦੀ
ਦੂਸਰੇ ਪਾਸੇ ਲੌਂਗੋਵਾਲ ਜੀ
ਉਨ੍ਹਾਂ ਦੀ ਸ਼ਹਾਦਤ ਵਾਰਦੀ
ਨਾ ਕਹਿਣਾ ਅਤੇ ਉਨ੍ਹਾਂ ਦੀ ਅੰਜੋ
ਦੇ ਐਡਰੈਸ ਵਿਚ ਇਹ ਜੋ ਕੁ
Indira Gandhi ਦਾ
ਪਾਰਟੀ ਦੀਆਂ ਪਾਲਿਸੀਆਂ ਦੇ ਖ਼ਿ

**Not recorded as ordered

Original Copy
Punjab Vidhan Sabha
Digitized by:
Panjab Digital Library

ਜੋ ਕੁਝ ਕਰਾਇਆ ਗਿਆ ਹੈ, ਉਹ ਉਨ੍ਹਾਂ ਦੀ ** ** ** ਜਿਹੜਾ ਕਿ ਮੁਨਾਸਿਬ ਨਹੀਂ ਅੌਰ ਇਸ ਚੀਜ਼ ਨੇ ਇਸ ਅਕਾਰਡ ਦੀ ਸਪਿਰਿਟ ਨੂੰ ਬਿਲਕੁਲ ਖਤਮ ਕਰਕੇ ਰੱਖ ਦਿੱਤਾ ਹੈ। ਪੰਜਾਬ ਵਿਚ ਪਿਛੇ ਜੋ ਕੁਝ ਹੋਇਆ ਹੈ, ਉਸ ਕੁੜੱਤਣ ਨੂੰ ਮੈਂ ਬਿਲਕੁਲ ਦੁਹਰਾਉਣਾ ਨਹੀਂ ਚਾਹੁੰਦਾ ਪਰ ਆਪਣੀ ਪਾਰਟੀ ਪ੍ਰਤੀ ਵਫਾਦਾਰ ਹੋਣ ਦੇ ਨਾਤੇ ਮੈਨੂੰ ਇਹ ਸਭ ਕੁਝ ਕਹਿਣਾ ਪੈ ਰਿਹਾ ਹੈ। ਕਿਉਂਕਿ ਜੇ ਮੈਂ ਇਹ ਨਹੀਂ ਕਹਿੰਦਾ ਤਾਂ ਮੈਂ ਆਪਣੀ ਪਾਰਟੀ ਪ੍ਰਤੀ ਵਫਾਦਾਰ ਹੋਣ ਦਾ ਦਾਅਵਾ ਨਹੀਂ ਕਰ ਸਕਦਾ । ਸ਼ੇਅਰ ਹੈ ਕਿ:—

"ਹਕ ਬਾਤ ਤਹੇ ਤੇਗ ਸਰੇ ਦਾਰ ਕਹੇਂਗੇ।
ਗਰ ਜੁਰਮ ਹੈ ਯੇ, ਤੋ ਏਕ ਬਾਰ ਨਹੀਂ ਸੌ ਬਾਰ ਕਰੇਂਗੇ॥"

ਸਰਦਾਰ ਸ਼ਸ਼ਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਹੈਡ ਆਫ ਦੀ ਸਟੇਟ ਦੇ ਮੁਤੱਲਿਕ ਇਹ ਕਹਿਣਾ ਕਿ ਉਸ ਦੀ ** ** ** ਇਹ ਸ਼ੋਭਾ ਨਹੀਂ ਦਿੰਦਾ । ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣੇ ਚਾਹੀਦੇ ਹਨ।

ਸ਼੍ਰੀ ਸਭਾਪਤੀ : ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ।

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਅਕਾਲੀ ਐਜੀਟੇਸ਼ਨ ਕਪੂਰੀ ਤੋਂ ਸ਼ੁਰੂ ਹੋਈ। ਇਤਿਹਾਸ ਸਾਖਸ਼ੀ ਹੈ ਕਿ 24 ਤਾਰੀਖ ਨੂੰ Sharing of ਵਾਟਰ ਡਿਸਪਿਊਟ ਕਰਕੇ ਉਹ ਮੋਰਚਾ ਸ਼ੁਰੂ ਹੋਇਆ। ਇਹ ਮੋਰਚਾ ਬਾਦ ਵਿਚ ਅੰਮ੍ਰਿਤਸਰ ਵਿਖੇ ਚਲਾ ਗਿਆ ਜਦੋਂ ਇਹ ਦੇਖਿਆ ਗਿਆ ਕਿ ਹੁਣ ਮੋਰਚਾ ਖਤਮ ਹੁੰਦਾ ਜਾ ਰਿਹਾ ਹੈ। ਅੰਮ੍ਰਿਤਸਰ ਵਿਚ ਐਕਸਟਰੀਮਿਸਟਸ ਵਲੋਂ ਪਹਿਲਾਂ ਹੀ ਮੋਰਚਾ ਲਗਾਇਆ ਹੋਇਆ ਸੀ। ਉਸ ਮੋਰਚੇ ਦਾ ਸਬੰਧ ਅੱਤਵਾਦੀਆਂ ਨੂੰ ਭੜਕਾਉਣਾ ਸੀ। ਦਰਅਸਲ ਇਹ ਉਦੋਂ ਤੋਂ ਹੀ ਸ਼ੁਰੂ ਹੋ ਗਿਆ ਸੀ ਜਦ ਕਿ 1978 ਵਿਚ ਅਕਾਲੀਆਂ ਦਾ ਅਤੇ ਨਿਰੰਕਾਰੀਆਂ ਦਾ ਆਪਸ ਵਿਚ ਅਕਾਲੀ ਸਰਕਾਰ ਵੇਲੇ ਝਗੜਾ ਹੋਇਆ। ਜਿਥੇ ਐਕਸਟਰੀ–ਮਿਸਟਾਂ ਦਾ ਡੇਰਾ ਸੀ, ਉਥੇ ਅਕਾਲੀਆਂ ਨੇ ਆਪਣੇ ਮੋਰਚੇ ਦਾ ਦਫਤਰ ਜਾ ਲਗਾਇਆ । ਉਥੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਫਤਰ ਸੀ। ਇਹ ਇਕ ਸਚਾਈ ਹੈ ਕਿ ਉਥੇ ਹੀ ਆਰਮਜ਼ ਇਕੱਠੇ ਹੁੰਦੇ ਰਹੇ ਅਤੇ ਉਹ ਥਾਂ ਆਰਸੱਨਲ ਬਣ ਗਈ।

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ : ਪੁਆਇੰਟ ਆਫ ਆਰਡਰ, ਸਰ। ਇਕ ਪਾਸੇ ਤਾਂ ਇਹ ਮਾਹੌਲ ਨੂੰ ਖਰਾਬ ਨਾ ਕਰਨ ਦੀਆਂ ਗੱਲਾਂ ਕਰਦੇ ਹਨ ਪਰ ਦੂਸਰੇ ਪਾਸੇ ਇਹ ਇਹੋ ਜਿਹੀਆਂ ਗੱਲਾਂ ਕਰਦੇ ਹਨ। ਇਨ੍ਹਾਂ ਦੇ ਕਹਿਣ ਦਾ ਭਾਵ ਇਹ ਹੈ ਕਿ ਕਪੂਰੀ ਦਾ ਮੋਰਚਾ ਗਲਤ ਸੀ। ਚੇਅਰਮੈਨ ਸਾਹਿਬ, ਜਿਸ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਪ੍ਰਧਾਨ ਮੰਤਰੀ ਨੇ ਸਮਝੌਤਾ ਕੀਤਾ, ਉਸ ਮੋਰਚੇ ਨੂੰ ਗਲਤ ਕਿਵੇਂ ਕਿਹਾ ਜਾ ਸਕਦਾ ਹੈ ?

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਮੋਰਚੇ ਦੀ ਯਾਦ ਅਕਾਲੀ ਪਾਰਟੀ ਨੂੰ ਉਦੋਂ ਹੀ ਆਉਂਦੀ ਹੈ, ਜਦੋਂ ਇਨ੍ਹਾਂ ਦੇ ਕੋਲ ਰਾਜ ਭਾਗ ਨਾ ਹੋਵੇ। (ਸ਼ੋਰ)

ਸਰਦਾਰ ਬਲਦੇਵ ਸਿੰਘ ਖਿਆਲਾ : ਚੇਅਰਮੈਨ ਸਾਹਿਬ, ਇਹ ਕਹਿ ਰਹੇ ਹਨ ਕਿ ਜੋ ਮੋਰਚਾ ਅੰਮ੍ਰਿਤਸਰ ਵਿਚ ਲੱਗਾ ਸੀ, ਉਹ ਅੱਤਵਾਦੀਆਂ ਵੱਲੋਂ ਲਗਾਇਆ ਗਿਆ ਸੀ। ਦੂਜੇ ਪਾਸੇ ਦੇਸ਼ ਦੇ ਹੁਣ ਦੇ ਪ੍ਰਧਾਨ ਮੰਤਰੀ ਨੇ ਅੰਬਾਲੇ ਵਿਚ ਕਿਹਾ ਸੀ ਕਿ ਸੰਤ ਭਿੰਡਰਾਂਵਾਲੇ ਇਕ ਮਹਾਨ ਸੰਤ ਹਨ, ਧਾਰਮਿਕ ਆਗੂ ਹਨ। ਇਨ੍ਹਾਂ ਦੋਨਾਂ ਵਿਚੋਂ ਦਰੁਸਤ ਕੌਣ ਹੈ ?

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਕੇਵਲ ਕ੍ਰਿਸ਼ਨ: ਚੇਅਰਮੈਨ ਸਾਹਿਬ, ਮੈਂ ਇਹ ਜ਼ਿਕਰ ਇਸ ਕਰਕੇ ਕੀਤਾ ਹੈ ਕਿਉਂਕਿ ਪੰਜਾਬ ਵਿਚ ਸੈਂਕੜੇ ਭੈਣਾ ਵਿਧਵਾ ਹੋਈਆਂ ਔਰ ਹਜ਼ਾਰਾਂ ਬੱਚੇ ਯਤੀਮ ਹੋਏ। ਹਿੰਦੂ ਵੀ ਮਰੇ ਅਤੇ ਸਿੱਖ ਵੀ ਮਰੇ। ਸੈਂਕੜੇ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਪੰਜਾਬ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਇਕ ਵੇਲਾ ਐਸਾ ਆਇਆ ਕਿ ਹਿੰਦੁਸਤਾਨ ਦੀ ਅਖੰਡਤਾ ਨੂੰ ਖਤਰਾ ਪੈਦਾ ਹੋ ਗਿਆ। ਕੁੱਝ ਦਿਨਾਂ ਦੀ ਹੀ ਗੱਲ ਸੀ ਅਗਰ ਉਸ ਵੇਲੇ ਸ਼੍ਰੀਮਤੀ ਇੰਦਰਾ ਗਾਂਧੀ ਹਾਲਾਤ ਨੂੰ ਨਾ ਸੰਭਾਲਦੇ ਤਾਂ, ਚੇਅਰਮੈਨ ਸਾਹਿਬ, ਅੱਜ ਪੰਜਾਬ ਹਿੰਦੁਸਤਾਨ ਦਾ ਹਿੱਸਾ ਨਾ ਹੁੰਦਾ ਔਰ ਪੰਜਾਬ ਦੀ ਧਰਤੀ ਤੇ ਲਾਸ਼ਾਂ ਹੀ ਲਾਸ਼ਾਂ ਪਈਆਂ ਹੁੰਦੀਆਂ। ਸ਼੍ਰੀਮਤੀ ਇੰਦਰਾ ਗਾਂਧੀ ਨੇ ਉਸ ਨਾਜ਼ਕ ਸਮੇਂ ਵਿਚ ਸਥਿਤੀ ਨੂੰ ਦਲੇਰੀ ਨਾਲ ਸੰਭਾਲਿਆ ਅਤੇ ਪੰਜਾਬ ਨੂੰ ਹਿੰਦੁਸਤਾਨ ਤੋਂ ਅਲੱਗ ਹੋਣ ਤੋਂ ਬਚਾਇਆ।

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ: ਪੁਆਇੰਟ ਆਫ ਆਰਡਰ, ਸਰ। ਜੋ ਦਰਬਾਰ ਸਾਹਿਬ ਤੇ ਹਮਲਾ ਹੋਇਆ, ਉਸ ਵਿਚ ਹਜ਼ਾਰਾਂ ਗਭਰੂ ਸ਼ਹੀਦ ਕੀਤੇ ਗਏ। ਖੂਨ ਦੀਆਂ ਹੋਲੀਆਂ ਖੇਡੀਆਂ ਗਈਆਂ। ਇਹ ਉਸ ਹਮਲੇ ਨੂੰ ਸਹੀ ਸਾਬਤ ਕਰਨਾ ਚਾਹੁੰਦੇ ਹਨ। ਇਹ ਚੀਜ਼ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਦੇ ਉਲਟ ਹੈ। ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ।

ਡਾਕਟਰ ਕੇਵਲ ਕ੍ਰਿਸ਼ਨ: ਸ਼੍ਰੀਮਤੀ ਇੰਦਰਾ ਗਾਂਧੀ ਨੇ ਇਹ ਸਾਰਾ ਕੁਝ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਕੀਤਾ ਔਰ ਉਨ੍ਹਾਂ ਨੂੰ ਇਸ ਵਾਸਤੇ ਆਪਣੀ ਸ਼ਹਾਦਤ ਵੀ ਦੇਣੀ ਪਈ ਪਰ ਇਹ ਲੋਕ ਉਸ ਨੂੰ ਸ਼ਹੀਦ ਦਾ ਦਰਜਾ ਨਹੀਂ ਦੇਣਾ ਚਾਹੁੰਦੇ। ਇਨ੍ਹਾਂ ਲੋਕਾਂ ਨੇ ਅੱਤਵਾਦ ਅਤੇ ਵੱਖਵਾਦ ਦੀ ਨਿੰਦਾ ਨਹੀਂ ਕੀਤੀ। ਇਨ੍ਹਾਂ ਦੀਆਂ ਅੱਖਾਂ ਉਦੋਂ ਖੁਲ੍ਹੀਆਂ ਜਦੋਂ ਸ਼੍ਰੀਮਤੀ ਇੰਦਰਾ ਗਾਂਧੀ ਦੀ ਸ਼ਹੀਦੀ ਤੋਂ ਬਾਦ ਦੰਗੇ ਫਸਾਦ ਹੋਏ। ਉਸ ਵੇਲੇ ਇਨ੍ਹਾਂ ਨੂੰ ਪਤਾ ਲੱਗਾ ਇਹ ਅੱਤਵਾਦ ਸਾਨੂੰ ਸਾਰਿਆਂ ਨੂੰ ਖਤਮ ਕਰ ਦੇਵੇਗਾ। ਇਸ ਤੋਂ ਬਾਦ ਹੀ ਇਨ੍ਹਾਂ ਦੇ ਕੁਝ ਨੇਤਾਵਾਂ ਨੇ ਅੱਤਵਾਦ ਅਤੇ ਵੱਖਵਾਦ ਦੇ ਵਿਰੁਧ ਬਿਆਨ ਦਿੱਤੇ। ਮੈਂ ਉਨ੍ਹਾਂ ਨੇਤਾਵਾਂ ਦਾ ਮਸ਼ਕੂਰ ਹਾਂ।

ਸਰਦਾਰ ਹਰਭਜਨ ਸਿੰਘ ਸੰਧੂ: ਚੇਅਰਮੈਨ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਇਨ੍ਹਾਂ ਕੋਲੋਂ ਕਿ ਜਿਹੜਾ ਗੁਰਿੰਦਰ ਸਿੰਘ ਮਾਰਿਆ ਗਿਆ ਸੀ, ਉਸ ਦਾ ਸਬੰਧ ਅਕਾਲੀ ਪਾਰਟੀ ਨਾਲ ਸੀ ਜਾਂ ਇਨ੍ਹਾਂ ਦੀ ਪਾਰਟੀ ਨਾਲ ਸੀ ? (ਸ਼ੋਰ)

ਡਾਕਟਰ ਕੇਵਲ ਕ੍ਰਿਸ਼ਨ: ਚੇਅਰਮੈਨ ਸਾਹਿਬ, ਜੇ ਇਹ ਭਰਾ ਇਹ ਸਮਝਦੇ ਹਨ ਕਿ ਲੋਕਾਂ ਨੇ ਡਰ ਕਰਕੇ ਇਨ੍ਹਾਂ ਲੋਕਾਂ ਨੂੰ ਵੋਟਾਂ ਦੇ ਕੇ ਤਾਕਤ ਦਿੱਤੀ ਹੈ ਤਾਂ ਇਹ ਗਲਤ ਗੱਲ ਹੈ। ਲੋਕਾਂ ਨੇ ਡਰ ਕਰਕੇ ਇਨ੍ਹਾਂ ਨੂੰ ਵੋਟਾਂ ਨਹੀਂ ਦਿੱਤੀਆਂ, ਨਾ ਉਨ੍ਹਾਂ ਨੇ ਪੰਥ ਨੂੰ ਜਾਂ ਧਾਰਮਿਕ ਜੱਥੇਬੰਦੀ ਨੂੰ ਵੋਟਾਂ ਦਿੱਤੀਆਂ ਹਨ ਅਤੇ ਨਾ ਹੀ ਧਰਮ ਦੇ ਵਿਚ ਰਾਜਨੀਤੀ ਮਿਲਾਉਣ ਦੀ ਵਜ੍ਹਾ ਕਰਕੇ ਵੋਟਾਂ ਦਿੱਤੀਆਂ ਹਨ। ਲੋਕਾਂ ਨੇ ਵੋਟਾਂ ਦਿੱਤੀਆਂ ਹਨ ਪੰਜਾਬ ਦੇ ਅਮਨ ਵਾਸਤੇ ਅਤੇ ਅੱਤਵਾਦ ਅਤੇ ਵੱਖਵਾਦ ਖਤਮ ਕਰਨ ਲਈ।

ਬਹੁਤ ਜਗ੍ਹਾ ਕਿਹਾ ਗਿਆ (ਘੰਟੀ) ਸਾਨੂੰ ਰਾਜੀਵ ਜੀ ਦਾ ਹੁਕਮ ਸੀ ਕਿ ਪੰਜਾਬ ਦੀ ਆਪਸੀ ਸਦਭਾਵਨਾ ਲਈ ਇਨ੍ਹਾਂ ਅੱਠ ਪੁਆਇੰਟਾਂ ਤੋਂ ਬਾਹਰ ਨਹੀਂ ਜਾਣਾ ਲੇਕਿਨ ਮੈਂ ਕਹਿ ਸਕਦਾ ਹਾਂ ਕਿ ਅਕਾਲੀ ਪਾਰਟੀ ਵੱਲੋਂ ਬਲਿਊ ਸਟਾਰ ਓਪਰੇਸ਼ਨ ਅਤੇ ਦਿੱਲੀ ਵਿਚ ਜੋ ਘਟਨਾਵਾਂ ਹੋਈਆਂ ਉਨ੍ਹਾਂ ਬਾਰੇ ਕਿਹਾ ਗਿਆ। ਇਹ ਵੀ ਇਨ੍ਹਾਂ ਵਲੋਂ ਕਿਹਾ ਗਿਆ ਕਿ ਜੇਕਰ ਕਤਲ ਕਰਾਉਣੇ ਹੋਣ ਤਾਂ ਕਾਂਗਰਸ ਨੂੰ ਵੋਟਾਂ ਦਿਓ। ਕਈ ਪਿੰਡਾਂ ਵਿਚ ਲੋਕਾਂ ਨੂੰ ਵੋਟਾਂ ਪਾਉਣ ਤੋਂ ਹਿੰਦੂ ਹਰੀਜਨਾਂ ਨੂੰ ਰੋਕਿਆ ਗਿਆ। ਅਸੀਂ ਸਮਝਦੇ ਹਾਂ ਕਿ ਜਿਹੜਾ ਅਕਾਰਡ ਹੋਇਆ ਹੈ ਇਹ ਪਵਿੱਤਰ ਚੀਜ਼ ਹੈ। ਇਸ ਦੀ ਸਪਿਰਟ ਨੂੰ

Original with;
Punjab Vidhan Sabha
Digitized by;
Panjab Digital Library

ਕੋਈ ਸੱਟ ਨਹੀਂ ਵਜਣੀ ਚਾਹੀਦੀ ਹੈ। ਇਸ ਬਾਰੇ ਮੈਂ ਥੋੜ੍ਹਾ ਜਿਹਾ ਜ਼ਿਕਰ ਹੋਰ ਕਰਨਾ ਚਾਹਾਂਗਾ। ਇੱਕ ਗਲ ਮੈਂ ਹੋਰ ਇਥੇ ਕਹਾਂਗਾ ਜੋ ਕਿ ਇਲਸਟ੍ਰੇਟਿਡ ਵੀਕਲੀ ਵਿਚ ਛਪੀ ਹੈ ਅਤੇ ਆਪਣੀ ਸੁਜੈਸ਼ਨ ਵੀ ਦਿਆਂਗਾ। ਇਲਸਟ੍ਰੇਟਿਡ ਵੀਕਲੀ ਵਿਚ ਇਹ ਲਿਖਿਆ ਹੈ :--

In the illustrated Weekly, of October, 1985 Arun Shorie a noted journalist, has said in the article. The Man who broke up India' as under:

"...Jinah certainly was not religious —come to embody the resentments and hatred of a religiously inflamed community? By what marks can we recognise a Jinah? How may we forestall them? Will the galloping recourse to religion in politics again tear our country apart ?".

ਸ਼੍ਰੀ ਸਭਾਪਤੀ : ਇਹ ਰੈਲੇਵੈਂਟ ਨਹੀਂ ਹੈ।

ਡਾਕਟਰ ਕੇਵਲ ਕ੍ਰਿਸ਼ਨ : ਧਰਮ ਦੇ ਨਾਂ ਤੇ ਲੋਕਾਂ ਦਾ ਕਤਲ ਕੀਤਾ ਜਾ ਰਿਹਾ ਹੈ ਅਤੇ ਤੁਸੀਂ ਕਹਿੰਦੇ ਹੋ ਕਿ ਇਹ ਰੈਲੇਵੈਂਟ ਨਹੀਂ ਹੈ। ਧਰਮ ਦੇ ਨਾਂ ਤੇ ਗਲਾਂ ਕਰਨ ਵਾਲਿਆਂ ਨੇ ਪਹਿਲਾਂ ਪਾਕਿਸਤਾਨ ਬਣਾ ਦਿੱਤਾ ਸੀ ਅਤੇ ਹੁਣ ਜੇਕਰ ਫਿਰ ਧਰਮ ਦੇ ਨਾਂ ਤੇ ਗਲਾਂ ਕਰਦੇ ਰਹੇ ਤਾਂ ਫਿਰ ਪਤਾ ਨਹੀਂ ਇਥੇ ਕੀ ਹੋ ਜਾਏ। ਵੱਖ-ਵਾਦ ਅਤੇ ਅੱਤ-ਵਾਦ ਦੇ ਨਾਹਰੇ ਅੱਜ ਵੀ ਲਗ ਰਹੇ ਹਨ। ਕਾਂਗਰਸ ਪਾਰਟੀ ਦੇਸ਼ ਦੀ ਅਖੰਡਤਾ ਵਾਸਤੇ ਕੰਮ ਕਰਦੀ ਹੈ ਅੌਰ ਇਨ੍ਹਾਂ ਦੇ ਬੰਦਿਆਂ ਨੂੰ ਚੁਣ ਚੁਣ ਕੇ ਮਾਰਿਆ ਜਾ ਰਿਹਾ ਹੈ (ਸ਼ੇਮ, ਸ਼ੇਮ)

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਨ੍ਹਾਂ ਨੇ, ਡਾਕਟਰ ਸਾਹਿਬ ਨੇ ਆਪਣੀ ਸਾਰੀ ਤਕਰੀਰ ਵਿਚ ਕਿੰਨੀਆਂ ਹੀ ਗਲਤ ਬਿਆਨੀਆਂ ਕੀਤੀਆਂ ਹਨ ਪਰ ਉਨ੍ਹਾਂ ਵਿਚੋਂ ਮੈਂ ਇਕ ਪੁਆਇੰਟ ਬਾਰੇ ਹੀ ਕਹਿਣਾ ਚਾਹਾਂਗਾ। ਉਨ੍ਹਾਂ ਨੇ ਅੱਤ-ਵਾਦ ਅਤੇ ਵੱਖ-ਵਾਦ ਨੂੰ ਅਕਾਲੀ ਦਲ ਨਾਲ ਜੋੜਿਆ ਹੈ (ਵਿਘਨ) ਸ਼੍ਰੀ ਅਰੁਨ ਸ਼ੋਰੀ ਇਕ ਵੈਲ-ਨੋਨ ਜਰਨੈਲਿਸਟ ਹੈ। (ਵਿਘਨ) ਅੱਤ-ਵਾਦ ਅਤੇ ਵੱਖ-ਵਾਦ ਨੂੰ ਅਕਾਲੀ ਦਲ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਡਾਕਟਰ ਸਾਹਿਬ ਇਸ ਤਰ੍ਹਾਂ ਕਰਕੇ ਹਾਊਸ ਨੂੰ ਮਿਸਲੀਡ ਕਰ ਰਹੇ ਹਨ। ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਜੀ ਦੀਆਂ ਪਾਲਿਸੀਆਂ ਦੇਸ਼ ਤੋਂ ਵੱਖ ਹੋਣ ਦੀਆਂ ਨਹੀਂ ਰਹੀਆਂ। ਜਿਨਾਹ ਦਾ ਰੈਫਰੈਂਸ ਇਸ ਹਾਊਸ ਵਿਚ ਦੇਣਾ ਠੀਕ ਨਹੀਂ ਹੈ। ਇਨ੍ਹਾਂ ਨੂੰ ਇਸ ਲਈ ਮੁਆਫੀ ਮੰਗਣੀ ਚਾਹੀਦੀ ਹੈ।

Doctor Kewal Krishan : Arun Shorie has said that Religion is poison. I also say that religion is poison in politics.

ਸ਼੍ਰੀ ਸਭਾਪਤੀ : ਮੈਂ ਬੇਨਤੀ ਕਰਾਂਗਾ ਕਿ ਤੁਸੀਂ ਸੀਨੀਅਰ ਮੈਂਬਰ ਹੋ, ਤੁਸੀਂ ਪ੍ਰੋਵੋਕ ਹੋ ਕੇ ਮਾਹੌਲ ਨੂੰ ਖਰਾਬ ਕਰ ਦਿੱਤਾ ਹੈ। ਤੁਸੀਂ ਸੀਨੀਅਰ ਮੈਂਬਰ ਹੋ, ਤੁਸੀਂ ਸਪੀਕਰ ਵੀ ਰਹੇ ਹੋ, ਤੁਹਾਨੂੰ ਮਾਹੌਲ ਨੂੰ ਠੀਕ ਰੱਖਣਾ ਚਾਹੀਦਾ ਹੈ।

ਡਾਕਟਰ ਕੇਵਲ ਕ੍ਰਿਸ਼ਨ : ਬਰਨਾਲਾ ਸਾਹਿਬ ਨੇ ਚੰਦਰ ਮੋਹਣ ਨੂੰ ਇੰਟਰਵਿਊ ਦਿੱਤੀ ਹੈ ਅੌਰ ਇਨ੍ਹਾਂ ਦੀ ਫੋਟੋ ਵੀ ਛਪੀ ਹੈ। ਮੈਨੂੰ ਅਫਸੋਸ ਹੈ ਕਿ ਬਰਨਾਲਾ ਸਾਹਿਬ ਨੇ ਕਾਂਗਰਸ ਪ੍ਰਤੀ ਜੋ ਸ਼ਬਦ ਕਹੇ ਹਨ ਉਹ ਅੱਛੀ ਸੈਂਸ ਵਿਚ ਨਹੀਂ ਹਨ। ਉਨ੍ਹਾਂ ਨੇ ਕਿਹਾ ਹੈ :--

> "ਫਿਰ ਕਾਂਗਰਸ ਪਾਰਟੀ ਆਪਣੀ ਕਰਤੂਤੋਂ ਅੌਰ ਅਸਫਲਤਾਉਂ ਕੇ ਕਾਰਣ ਲੋਗੋਂ ਕੇ ਸਾਹਮਣੇ ਨੰਗੀ ਹੋ ਗਈ ਹੈ। ਲੋਗ ਨਹੀਂ ਚਾਹਤੇ ਕਿ ਕਾਂਗਰਸ ਕੋ ਦੁਬਾਰਾ ਮੌਕ ਦੀਆ ਜਾਏ।"

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਮੈਂ ਇਹ ਕਹਿਣਾ ਚਾਹਾਂਗਾ ਕਿ ਬਰਨਾਲਾ ਸਾਹਿਬ, ਚੀਫ ਮਨਿਸਟਰ ਸਾਹਿਬ, ਤੇ ਸਾਡੀਆਂ ਬਹੁਤ ਸਾਰੀਆਂ ਉਮੀਦਾਂ ਸਨ ਅਤੇ ਇਨ੍ਹਾਂ Surya Journal ਵਿਚ ਛਪੇ Onker Singh ਦੀ interview ਨਾਲ ਇਹ ਸ਼ਬਦ ਕਹੇ ---

"We have to wipe all tears and replace with hopes and cheers."

ਬਰਨਾਲਾ ਸਾਹਿਬ ਨੇ ਕਿੰਨੇ ਅੱਛੇ ਲਫਜ਼ ਕਹੇ ਹਨ । ਮੈਂ ਬਰਨਾਲਾ ਸਾਹਿਬ ਨੂੰ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਤਰਾਜ਼ ਵਾਲੇ ਲਫਜ਼ ਕਹਿਣ ਤੋਂ ਇਨ੍ਹਾਂ ਨੂੰ ਸੰਕੋਚ ਕਰਨਾ ਚਾਹੀਦਾ ਹੈ। ਅਕਾਰਡ ਦੇ ਮੁਤਾਬਿਕ ਸਾਨੂੰ ਪੰਜਾਬ ਦਾ ਚੰਗਾ ਮਹੌਲ ਬਣਾਉਣਾ ਚਾਹੀਦਾ ਹੈ। ਇਹੋ ਜਿਹੇ ਸ਼ਬਦ ਨਹੀਂ ਕਹਿਣੇ ਚਾਹੀਦੇ ਜਿਸ ਨਾਲ ਕਿ ਪੁਰਾਣੀ ਕੁੜੱਤਣ ਜਾਗੇ (ਘੰਟੀ)।

ਇਨ੍ਹਾਂ ਸ਼ਬਦਾਂ ਨਾਲ ਇਸ ਗਵਰਨਰ ਐਡਰੈਸ ਵਿਚ ਜਿਹੜੀਆਂ ਗਲਾਂ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਨੂੰ ਵੇਖਦਾ ਹੋਇਆ ਮੈਂ ਅੱਜ ਮੇਰੀ ਪਾਰਟੀ ਇਸ ਦਾ ਵਿਰੋਧ ਕਰਦੀ ਹੈ।

ਸਰਦਾਰ ਬਲਦੇਵ ਸਿੰਘ ਮਾਨ : ਆਨ ਏ ਪੁਆਇੰਟ ਆਫ ਆਰਡਰ (ਵਿਘਨ)।

ਸ੍ਰੀ ਸਭਾਪਤੀ : ਤੁਸੀਂ ਆਪਣੀ ਸੀਟ ਤੇ ਬੈਠੋ ਜੀ। (ਇਸ ਵੇਲੇ ਸ੍ਰੀ ਓਮ ਪ੍ਰਕਾਸ਼ ਗੁਪਤਾ ਵੱਲੋਂ ਵੀ ਪੁਆਇੰਟ ਆਫ ਆਰਡਰ ਦੀ ਮੰਗ ਕੀਤੀ ਜਾ ਰਹੀ ਸੀ)

ਗੁਪਤਾ ਜੀ, ਤੁਸੀਂ ਵੀ ਬੈਠੋ।

ਸ੍ਰੀ ਪ੍ਰੇਮ ਗੁਪਤਾ (ਰਾਜਪੁਰਾ) : ਚੇਅਰਮੈਨ ਸਾਹਿਬ, ਗਵਰਨਰ ਐਡਰੈਸ ਤੇ ਮੋਸ਼ਨ ਆਫ ਥੈਂਕਸ ਹਾਊਸ ਦੇ ਸਾਹਮਣੇ ਹੈ। ਜੋ ਮੋਸ਼ਨ ਸਰਦਾਰ ਸੁਖਦੇਵ ਸਿੰਘ ਢਿਲੋਂ ਵਲੋਂ ਰਖੀ ਗਈ ਹੈ ਮੈਂ ਉਸ ਦੀ ਤਾਈਦ ਕਰਨ ਵਾਸਤੇ ਖੜਾ ਹੋਇਆ ਹਾਂ। ਗਵਰਨਰ ਸਾਹਿਬ ਨੇ ਐਡਰੈਸ ਦੀਆਂ ਓਪਨਿੰਗ ਲਾਈਨਜ਼ ਵਿਚ 9ਵੀਂ ਵਿਧਾਨ ਸਭਾ ਦਾ ਇਹ ਹਿਸਟਾਰਿਕ ਸੈਸ਼ਨ ਦਸਿਆ ਹੈ। ਇਹ ਹਿਸਟਾਰਿਕ ਸੈਸ਼ਨ ਦੇ ਸ਼ਬਦ ਦਾ ਇਸਤੇਮਾਲ ਕਰਨ ਦੀ ਕਿਉਂ ਲੋੜ ਪਈ, ਇਸ ਬਾਰੇ ਅੱਜ ਸਾਰਾ ਪੰਜਾਬ ਜਾਣਦਾ ਹੈ ਅੱਰ ਸਾਰਾ ਹਿੰਦੁਸਤਾਨ ਜਾਣਦਾ ਹੈ। ਮੈਂ ਕੁਝ ਗਲਾਂ ਵਿਚ ਜਾਣਾ ਨਹੀਂ ਚਾਹੁੰਦਾ ਸੀ ਪਰ ਪਿਛਲੇ ਪੰਜ ਸਾਲਾਂ ਬਾਰੇ ਬੜਾ ਰੈਫਰੈਂਸ ਆਇਆ ਹੈ। ਇਸ ਬਾਰੇ ਬੜਾ ਜ਼ਿਕਰ ਕੀਤਾ ਗਿਆ ਹੈ। ਮੈਂ ਮਹੀਨਾ ਜੂਨ, 1980 ਤੋਂ ਸ਼ੁਰੂ ਕਰਾਂਗਾ । ਜੂਨ, 1980 ਨੂੰ ਚੇਅਰਮੈਨ ਸਾਹਿਬ, ਹਿੰਦੁਸਤਾਨ ਦੇ ਇਤਿਹਾਸ ਵਿਚ, ਪੰਜਾਬ ਦੇ ਇਤਿਹਾਸ ਵਿਚ ਇੱਕ ਮਨਹੂਸ ਮਹੀਨਾ ਵਜੋਂ ਯਾਦ ਕੀਤਾ ਜਾਏਗਾ ਜਦੋਂ ਉਹ ਸਰਕਾਰ ਬਣੀ ਜਿਹੜੀ ਕਿ ਲੋਕਾਂ ਨੇ ਲਿਤਾੜ ਕੇ ਅੱਜ ਸਾਹਮਣੇ ਬਿਠਾ ਦਿੱਤੀ। ਉਸ ਦੇ ਬਾਅਦ ਉਨ੍ਹਾਂ ਦਾ ਕੋਈ ਵੀ ਵਜ਼ੀਰ ਸਵਾਏ ਡਾਕਟਰ ਸਾਹਿਬ ਦੇ ਇਥੇ ਤਸ਼ਰੀਫ ਨਹੀਂ ਲਿਆ ਸਕੇ। ਇਸ ਲਈ ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪਿਛਲੇ ਪੰਜ ਸਾਲ ਦਾ ਪੀਰੀਅਡ ਹਿੰਦੁਸਤਾਨ ਦੀ ਹਿਸਟਰੀ ਵਿਚ ਅੱਰ ਪੰਜਾਬ ਦੀ ਹਿਸਟਰੀ ਵਿਚ ਇੱਕ ਬਲੈਕਿਸਟ ਪੀਰੀਅਡ ਵਜੋਂ ਰਿਕਾਰਡ ਹੋਏਗਾ। ਇਸ ਪੀਰੀਅਡ ਵਿਚ ਕੀ ਕੁਝ ਨਹੀਂ ਹੋਇਆ। ਇਸ ਵਿਚ ਹੈਵਾਨੀਅਤ ਵਾਲੇ ਕੰਮ ਹੋਏ ਹਨ। ਮੈਂ ਸ਼ੁਰੂ ਲਾਲਾ ਜਗਤ ਨਾਰਾਇਣ ਦੇ ਕਤਲ ਤੋਂ ਕਰਾਂਗਾ ਉਸ ਤੋਂ ਬਾਅਦ ਜੋ ਕੁਝ ਹੋਇਆ ਸਾਰਿਆਂ ਨੂੰ ਪਤਾ ਹੈ। ਇਥੇ ਇੰਦਰਾ ਦਾ ਕਤਲ ਹੋਇਆ। ਇਥੇ ਫਸਾਦ ਵੀ ਹੋਏ, ਇਥੇ ਹਿੰਦੂ ਸਿਖ ਮਾਰੇ ਵੀ ਗਏ। ਇਥੇ ਘਰ ਵੀ ਲੁੱਟੇ ਗਏ। ਇਥੇ ਔਰਤਾਂ ਵਿਧਵਾ ਵੀ ਹੋਈਆਂ। ਮਾਸੂਮ ਬੱਚਿਆਂ ਦੇ ਮਾਂ ਪਿਓ ਵੀ ਮਾਰੇ ਗਏ। ਸੰਤ ਲੌਂਗੋਵਾਲ ਨੂੰ ਸ਼ਹਾਦਤ ਦੇਣੀ ਪਈ। ਗਵਰਨਰ

Original with;
Punjab Vidhan Sabha
Digitized by;
Panjab Digital Library

ਸਾਹਿਬ ਦੇ ਐਡਰੈਸ ਵਿਚ ਆਇਆ ਹੈ ਕਿ ਸਾਨੂੰ ਇਹ ਸਾਰੀਆਂ ਗੱਲਾਂ ਭੁੱਲਣੀਆਂ ਚਾਹੀਦੀਆਂ ਹਨ। ਜੇ ਅਸੀਂ ਇਹ ਗਲਾਂ ਭੁਲਾ ਵੀ ਦੇਈਏ ਤਾਂ ਵੀ ਇਹ ਗੱਲਾਂ ਇਤਿਹਾਸ ਦੀ ਗੋਦ ਵਿਚ ਪੈ ਗਈਆਂ ਹਨ, ਇਤਿਹਾਸਕਾਰਾਂ ਨੇ ਇਸ ਨੂੰ ਲਿਖ ਲਿਆ ਹੈ। ਇਸ ਨੂੰ ਆਉਣ ਵਾਲੀ ਜੈਨਰੇਸ਼ਨ ਪੜ੍ਹੇਗੀ ਕਿ ਇਥੇ ਪੰਜ ਸਾਲਾਂ ਦਾ ਸਮਾਂ ਕਿਹੋ ਜਿਹਾ ਸਮਾਂ ਸੀ, ਇਥੇ ਕਿਹੋ ਜਿਹੀ ਹਕੂਮਤ ਸੀ, ਕਿਹੋ ਜਿਹਾ ਰਾਜ ਸੀ ਜਿਨ੍ਹਾਂ ਦੇ ਸਮੇਂ ਵਿਚ ਇਹ ਸਾਰਾ ਕੁਝ ਹੋਇਆ। ਇਥੇ ਪੰਡਿਤ ਜੀ ਬੈਠੇ ਹਨ, ਇਹ ਗਲ ਹੋਰ ਬੋਲੇ ਸਨ। ਲੀਡਰ ਆਫ ਦੀ ਆਪੋਜ਼ੀਸ਼ਨ ਵੀ ਬੋਲੇ ਹਨ ਲੇਕਿਨ ਡਾਕਟਰ ਸਾਹਿਬ ਇਸ ਤਰ੍ਹਾਂ ਬੋਲੇ ਹਨ ਜਿਸ ਤਰ੍ਹਾਂ ਹਨੇਰੇ ਵਿਚ ਕੋਈ ਹੱਥ ਮਾਰਦਾ ਹੁੰਦਾ ਹੈ। ਉਨ੍ਹਾਂ ਨੂੰ ਹੋਰ ਕੋਈ ਗੱਲ ਨਹੀ ਲੱਭੀ ਉਨ੍ਹਾਂ ਨੇ ਕਿਹਾ ਕਿ ਗਵਰਨਰ ਐਡਰੈਸ ਵਿਚ ਪਰਪੋਜ਼ਲਜ਼ ਹਨ। ਉਨ੍ਹਾਂ ਨੂੰ ਸਿਰਫ ਇਹ ਗੱਲ ਲੱਭੀ ਹੈ। ਮੈਂ ਕਹਿੰਦਾ ਹਾਂ ਕਿ ਜੇ ਕੋਈ ਗੱਲ ਪਰਪੋਜ਼ ਨਹੀਂ ਕਰੋਗੇ ਤਾਂ ਕਰੋਗੇ ਕੀ। ਸੋਚ ਕੇ ਪਰਪੋਜ਼ ਕੀਤਾ ਜਾਂਦਾ ਹੈ। ਫਿਰ ਅਚੀਵਮੈਂਟ ਕੀਤੀ ਜਾਂਦੀ ਹੈ। ਪਰ ਡਾਕਟਰ ਸਾਹਿਬ ਹੋਰਾਂ ਨੇ ਨਾ ਪਰਪੋਜ਼ ਕੀਤਾ ਅਤੇ ਨਾ ਕੁਝ ਸੋਚਿਆ। ਇਨ੍ਹਾਂ ਦੀ ਸਰਕਾਰ 1980 ਤੋਂ 1983 ਤਕ ਰਹੀ, ਜੇ ਇਨ੍ਹਾਂ ਦੇ ਸਮੇਂ ਦੀ ਡਿਵੈਲਪਮੈਂਟ ਦੀ ਗਲ ਕਰੀਏ ਤਾਂ ਮੈਂ ਕਹਿ ਸਕਦਾ ਹਾਂ ਕਿ ਇਕ ਇੱਟਾਂ ਦਾ ਖੇਤਾ ਪੰਜਾਬ ਵਿਚ ਢੋਹਿਆ ਨਹੀਂ ਗਿਆ।

ਸ਼੍ਰੀ ਸ਼ਿਵ ਚੰਦ ਮਲੋਟ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ਼੍ਰੀ ਪ੍ਰੇਮ ਗੁਪਤਾ : ਮੈਂ ਇਨ੍ਹਾਂ ਦਾ ਧੰਨਵਾਦੀ ਹਾਂ, ਇਨ੍ਹਾਂ ਨੇ ਮੈਨੂੰ ਗਲ ਯਾਦ ਕਰਵਾ ਦਿੱਤੀ ਹੈ। ਮੈਂ ਗੱਲ ਭੁੱਲਣੀ ਚਾਹੁੰਦਾ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਡਾਕਟਰ ਸਾਹਿਬ ਜਿਹੜੀ ਗਲ ਬੋਲੇ ਹਨ ਉਨ੍ਹਾਂ ਦੀ ਗਲ ਪ੍ਰੂੜਤਾ ਕਰਨ ਵਾਲਾ ਇਨ੍ਹਾਂ ਵਿਚ ਕੋਈ ਨਹੀਂ ਹੈ। ਉਨ੍ਹਾਂ ਦੀ ਪ੍ਰੂੜਤਾ ਕਰਨ ਵਾਲੇ ਲੋਕ ਰਹਿ ਗਏ ਹਨ। ਚੇਅਰਮੈਨ ਸਾਹਿਬ, ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਦਾ ਕਿ ਮੈਂ ਕਾਂਗਰਸ ਦਾ ਮੈਂਬਰ ਨਹੀਂ ਸੀ। ਮੈਂ ਇਹ ਗਲ ਕਹਿੰਦਾ ਹਾਂ ਕਿ ਮੈਂ ਕਾਂਗਰਸ ਦਾ ਮੈਂਬਰ ਸੀ ਅਤੇ ਮੈਂ ਕਾਂਗਰਸ ਦੀ ਟਿਕਟ ਮੰਗੀ ਸੀ। ਚੇਅਰਮੈਨ ਸਾਹਿਬ, ਜਦੋਂ ਬਲਿਊ ਸਟਾਰ ਓਪਰੇਸ਼ਨ ਹੋਇਆ।(ਵਿਘਨ) ਚੇਅਰਮੈਨ ਸਾਹਿਬ, ਇਨ੍ਹਾਂ ਨੇ ਟਿਕਟ ਲਈ ਤਰਲੇ ਕੀਤੇ। ਅਸੀਂ ਬਗੈਰ ਐਮ. ਐਲ. ਏ. ਵੀ ਗੁਜ਼ਾਰਾ ਕੀਤਾ ਹੈ। ਪੰਡਿਤ ਜੀ ਗਵਾਹ ਹਨ। ਇਹ ਗਲ 16 ਅਕਤੂਬਰ, 1982 ਦੀ ਹੈ ਜਦੋਂ ਪੰਜਾਬ ਦੇ ਮਸਲੇ ਬਾਰੇ ਅਕਾਲੀ ਪਾਰਟੀ ਅਤੇ ਹਿੰਦੂਆਂ ਦੀ, ਉਸ ਵੇਲੇ ਦੀ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਨਾਲ ਵੱਖ ਵੱਖ ਮੀਟਿੰਗ ਹੋਈ ਸੀ। ਅਕਾਲੀ ਪਾਰਟੀ ਦਾ ਡੇਪੂਟੇਸ਼ਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਉਥੇ ਗਿਆ। ਇਕ ਡੈਪੂਟੇਸ਼ਨ ਜਿਹੜਾ ਅੱਧਾ ਉਦੋਂ ਦੀ ਪੰਜਾਬ ਸਰਕਾਰ ਨੇ ਭੇਜਿਆ ਅਤੇ ਅੱਧੇ ਹੋਰ ਲੋਕ ਸਨ। ਉਸ ਵੇਲੇ ਉਦੋਂ ਦੀ ਪ੍ਰਧਾਨ ਮੰਤਰੀ ਦੇ ਸਾਹਮਣੇ ਮੈਂ ਹਾਜ਼ਰ ਸੀ। ਪੰਡਿਤ ਜੀ ਇਸ ਦੇ ਗਵਾਹ ਹਨ। ਉਥੇ ਸਾਨੂੰ ਪੁੱਛਿਆ ਗਿਆ ਕਿ ਪੰਜਾਬ ਵਿਚ ਅਮਨ ਕਿਵੇਂ ਰਹਿ ਸਕਦਾ ਹੈ, ਪੰਜਾਬ ਵਿਚ ਤਰੱਕੀ ਕਿਵੇਂ ਹੋ ਸਕਦੀ ਹੈ। ਲਾਲਾ ਜਗਤ ਨਰਾਇਣ ਦਾ ਮੁਰਡਰ ਹੋ ਚੁੱਕਾ ਸੀ। ਸ਼੍ਰੀ ਰਮੇਸ਼ ਚੰਦਰ, ਵਰਿੰਦਰ ਅਤੇ ਯਸ਼ ਅਤੇ ਪੰਡਿਤ ਜੀ ਉਸ ਮੀਟਿੰਗ ਵਿਚ ਸ਼ਾਮਿਲ ਸਨ। ਇਸ ਤੋਂ ਇਲਾਵਾ ਹੋਰ ਮੈਂਬਰ ਸਾਹਿਬਾਨ ਜਿਹੜੇ ਕਿ ਹੁਣ ਹਾਊਸ ਵਿਚ ਨਹੀਂ ਹਨ, ਉਸ ਵਿਚ ਸ਼ਾਮਿਲ ਸਨ। ਜਦੋਂ ਸਾਨੂੰ ਇਹ ਸਵਾਲ ਪੁੱਛੇ ਗਏ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਦੀ ਉਸ ਵੇਲੇ ਇਹ ਹਾਲਤ ਸੀ ਕਿ ਇਹ ਦੋ ਧੜਿਆਂ ਵਿਚ ਵੰਡੀ ਹੋਈ ਸੀ। ਇਕ ਧੜਾ ਦੂਜੇ ਧੜੇ ਦੇ ਖਿਲਾਫ ਇਲਜ਼ਾਮ ਲਾਉਣ ਵਾਸਤੇ ਭੇਜਿਆ ਗਿਆ। ਲੇਕਿਨ ਉਸ ਵੇਲੇ ਪ੍ਰਾਈਮ ਮਨਿਸਟਰ ਸਾਹਮਣੇ ਜੋ ਗਲ ਹੋਈ ਅਤੇ ਜਿਸ ਨੂੰ ਪ੍ਰਾਈਮ ਮਨਿਸਟਰ ਨੇ ਆਪਣੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਕਲਮ ਨਾਲ ਰਿਕਾਰਡ ਕੀਤਾ, ਉਹ ਮੈਂ ਦੱਸਦਾ ਹਾਂ ਕਿ ਜਦੋਂ ਮੈਨੂੰ ਪੁੱਛਿਆ ਗਿਆ ਕਿ ਪੰਜਾਬ ਵਿਚ ਕਿਸ ਤਰ੍ਹਾਂ ਅਮਨ ਹੋ ਸਕਦਾ ਹੈ ਤਾਂ ਮੈਂ ਕਿਹਾ ਕਿ ਜਿੰਨਾਂ ਚਿਰ ਮੌਜੂਦਾ ਸਰਕਾਰ ਰਹੇਗੀ ਪੰਜਾਬ ਵਿਚ ਅਮਨ ਨਹੀਂ ਹੋ ਸਕਦਾ । (ਥੰਪਿੰਗ) ਇਹ ਗੱਲ ਰਿਕਾਰਡ ਦੀ ਹੈ । ਉਸ ਦੇ ਬਾਅਦ ਪੰਜਾਬ ਵਿਚ ਸਾਨੂੰ ਇੰਟੈਰੋ-ਗੇਟ ਕੀਤਾ ਗਿਆ । ਉਸ ਵੇਲੇ ਦੀਆਂ ਟੇਪਾਂ ਸਰਕਾਰ ਕੋਲ ਮੌਜੂਦ ਹਨ, ਜੋ ਕੁਝ ਮੈਂ ਕਿਹਾ ਸੀ । ਉਸ ਵੇਲੇ ਮੈਂ ਕਿਹਾ ਸੀ ਕਿ ਪੰਜਾਬ ਦੀ ਮੌਜੂਦਾ ਸਰਕਾਰ ਇਥੇ ਹਿੰਦੂ ਸਿੱਖ ਦਾ ਝਗੜਾ ਕਰਵਾਏਗੀ, ਭਰਾ ਨੂੰ ਭਰਾ ਨਾਲ ਲੜਾਏਗੀ, ਇਸ ਲਈ ਇਸ ਦਾ ਹੱਲ ਕਰੋ। ਫਿਰ ਜਿਹੜਾ ਬਲਿਊ ਸਟਾਰ ਓਪਰੇਸ਼ਨ ਹੋਇਆ, ਮੈਂ ਇਨ੍ਹਾਂ ਕਾਰਨਾਂ ਵਿਚ ਨਹੀਂ ਜਾਂਦਾ । ਮੈਨੂੰ ਇਕ ਗਲ ਦਾ ਬੜਾ ਅਫਸੋਸ ਹੈ ਕਿ ਇਹ ਜੋ ਭਾਵਨਾ ਹੈ ਕਿ ਕਹਿੰਦੇ ਕੁਝ ਅਤੇ ਕਰਦੇ ਕੁਝ ਹਨ, ਇਹ ਠੀਕ ਨਹੀਂ ਹੈ ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ** ** **

ਸ਼੍ਰੀ ਸਭਾਪਤੀ : ਇਹ ਜੋ ਕੁਝ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਗੁਪਤਾ ਜੀ ਗਲਤ ਗਲਾਂ ਕਹਿ ਰਹੇ ਹਨ, ਇਹ ਮੇਰੇ ਖਾਤੇ ਵਿਚ ਨਾ ਪਾਈਆਂ ਜਾਣ ।

ਸ਼੍ਰੀ ਸਭਾਪਤੀ : ਕਿਸੇ ਦੇ ਖਾਤੇ ਵਿਚ ਕੋਈ ਗਲ ਨਹੀਂ ਪੈਂਦੀ ।

ਸ਼੍ਰੀ ਪ੍ਰੇਮ ਗੁਪਤਾ : ਮੈਂ ਗੱਲ ਚੈਲੰਜ ਕਰਦਾ ਹਾਂ ਚਾਹੇ ਹਾਊਸ ਦਾ ਕੋਈ ਮੈਂਬਰ ਹੋਵੇ, ਮੇਰੀ ਕੋਈ ਸਟੇਟਮੈਂਟ ਕਿਸੇ ਕਿਸਮ ਦੀ ਪ੍ਰਸ਼ੰਸਾ ਦੀ ਇਹ ਲਿਆ ਦੇਣ ਤਾਂ ਮੈਂ ਮੈਂਬਰੀ ਤੋਂ ਅਸਤੀਫਾ ਦੇ ਦਿਆਂਗਾ ਪਰ ਜੇ ਉਹ ਸਾਬਤ ਨਾ ਕਰ ਸਕਣ ਤਾਂ ਉਹ ਇਥੋਂ ਅਸੈਂਬਲੀ ਤੋਂ ਅਸਤੀਫਾ ਦੇਣ (ਥੰਪਿੰਗ) ਜੇ ਇਹ ਇਕ ਸ਼ਬਦ ਵੀ ਪ੍ਰਸ਼ੰਸਾ ਦਾ ਕਢਾ ਦੇਣ ਤਾਂ ਮੈਂ ਮੰਨ ਜਾਵਾਂਗਾ । ਲੇਕਿਨ ਮੈਨੂੰ ਇਹ ਗੱਲ ਕਹਿਣ ਵਿਚ ਕੋਈ ਇਤਰਾਜ਼ ਨਹੀਂ ਹੈ ਕਿ ਉਸ ਦਾ ਸਵਾਗਤ ਕਰਨ ਵਾਲਿਆਂ ਨੇ ਟੈਲੀਵੀਜ਼ਨ ਤੇ ਆਪਣੀਆਂ ਫੋਟੋਆਂ ਦੇ ਦੇ ਕੇ ਅਖਬਾਰਾਂ ਵਿਚ ਆਪਣੀਆਂ ਫੋਟੋਆਂ ਦੇ ਕੇ ਆਪਣੇ ਸ਼ੀਸ਼ੇ ਖਰਾਬ ਕਰ ਲਏ। ਉਸ ਵੇਲੇ ਇਥੇ ਅੰਧਕਾਰ ਮਚੀ ਹੋਈ ਸੀ ਅਤੇ ਪੰਜਾਬ ਦੀ ਲੀਡਰਸ਼ਿਪ ਜੇਲ੍ਹਾਂ ਵਿਚ ਬੰਦ ਸੀ। ਜਿਹੜੇ ਕਾਂਗਰਸੀ ਸਨ, ਮੈਂ ਵੀ ਉਦੋਂ ਕਾਂਗਰਸੀ ਸੀ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ, ਕਾਂਗਰਸੀ ਉਦੋਂ ਇਹ ਸਕੀਮਾਂ ਲੜਾ ਰਹੇ ਸਨ ਕਿ ਸਾਡੀ ਪੰਜਾਬ ਵਿਚ ਹਕੂਮਤ ਬਣੇਗੀ ਅਤੇ ਅਸੀਂ ਵਜ਼ੀਰ ਬਣਾਂਗੇ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਕੁਝ ਐਸੇ ਕਾਂਗਰਸੀ ਵੀ ਸਨ ਜਿਵੇਂ ਕਿ ਮਹਾਰਾਜ ਪਟਿਆਲਾ ਕੈਪਟਨ ਅਮਰਿੰਦਰ ਸਿੰਘ, ਜੋ ਕਿ ਅੱਜ ਦੇ ਪੰਜਾਬ ਦੇ ਐਗਰੀਕਲਚਲਚਰ ਮਨਿਸਟਰ ਹਨ, ਜੇ ਉਹ ਉਦੋਂ ਚਾਹੁੰਦੇ ਤਾਂ ਇਨ੍ਹਾਂ ਨੂੰ ਵਜ਼ੀਰੀ ਮਿਲ ਸਕਦੀ ਸੀ। ਪਰ ਉਦੋਂ ਜੋ ਕੁਝ ਹੋ ਰਿਹਾ ਸੀ, ਇਨ੍ਹਾਂ ਨੂੰ ਉਸ ਵੇਲੇ ਦੇਖ ਕੇ ਬੜਾ ਦੁੱਖ ਹੋਇਆ। (ਵਿਘਨ) ਤੁਹਾਡਾ ਤਾਂ ਕੰਮ ਹੈ ਐਵੇਂ ਹਾਹਾਕਾਰ ਕਰੀ ਜਾਣਾ ਹੈ। ਜੇ ਹੁਣ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਸੁਪਰਸੀਡ ਕਰਦੇ ਹਾਂ ਤਾਂ ਤੁਸੀਂ ਫਿਰ ਵੀ ਹਾਹਾਕਾਰ ਕਰਨੀ ਹੈ ਅਤੇ ਕਰ ਰਹੇ ਹੋ। ਤੁਹਾਨੂੰ ਜੋ ਇਥੇ ਵਜ਼ੀਰੀ ਮਿਲੀ ਤਾਂ ਉਹ ਤੁਹਾਨੂੰ ਡਾਈਜੈਸਟ ਨਹੀਂ ਹੋਈ । ਉਸ ਦੇ ਨਾਲ ਨਾਲ ਉਨ੍ਹਾਂ ਨੇ ਉਸ ਵੇਲੇ ਦਲੇਰੀ ਕਰਕੇ ਕਾਂਗਰਸ ਵੀ ਛੱਡੀ, ਉਸ ਵੇਲੇ ਉਨ੍ਹਾਂ ਨੇ ਪਾਰਲੀਮੈਂਟ ਦੀ ਮੈਂਬਰੀ ਵੀ ਛੱਡੀ ਅੌਰ ਅਮਨ ਤੇ ਸ਼ਾਂਤੀ ਵਾਸਤੇ ਪੰਜਾਬ ਦੇ ਪਿੰਡ ਪਿੰਡ ਵਿੱਚ ਗਏ । ਉਨ੍ਹਾਂ ਨਾਲ ਕਈ ਹੋਰ ਦੋਸਤਾਂ ਨੇ ਵਾਇਦੇ ਵੀ ਕੀਤੇ ਸੀ ਲੇਕਿਨ ਉਹ ਦੋਸਤ ਮੁਕਰ ਗਏ । ਇਥੇ ਅੱਜ ਉਨ੍ਹਾਂ ਵਿਚੋਂ ਇਕ ਵੀ ਨਜ਼ਰ ਨਹੀਂ ਆਉਂਦਾ। ਮੈਨੂੰ ਅਫਸੋਸ ਨਾਲ, ਚੇਅਰਮੈਨ ਸਾਹਿਬ, ਕਹਿਣਾ ਪੈਂਦਾ ਹੈ ਕਿ ਇਹ ਪੰਜਾਬ ਦੀ ਮਾੜੀ ਹਾਲਤ ਤਾਂ ਹੋਈ ਕਿ ਜਿਹੜੇ ਚੂਹਿਆਂ ਤੋਂ ਵੀ ਡਰਦੇ ਸਨ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਉਹ ਆਪਣੇ ਆਪ ਨੂੰ ਬੜੇ ਬਹਾਦਰ, ਡਾਕਟਰ ਅਤੇ ਹਕੀਮ ਕਹਾਉਂਦੇ ਫਿਰੀ ਗਏ (ਥੰਪਿੰਗ) ਮੈਂ ਗਰਚਾ ਸਾਹਿਬ ਦੀ ਗਲ ਨਾਲ ਬਿਲਕੁਲ ਸਹਿਮਤ ਹਾਂ ਕਿ ਇਥੇ ਸੜਕਾਂ ਵੀ ਬਣ ਜਾਣਗੀਆਂ, ਟੁੱਟੀਆਂ ਸੜਕਾਂ ਵੀ ਬਣ ਜਾਣਗੀਆਂ, ਤਰੱਕੀ ਵੀ ਹੋ ਜਾਵੇਗੀ, ਜੋ ਉਨ੍ਹਾਂ ਨੇ ਕਿਹਾ ਹੈ ਬਿਲਕੁਲ ਠੀਕ ਕਿਹਾ ਹੈ। ਮੈਂ ਇਸ ਗੱਲ ਵੱਲ ਨਹੀਂ ਜਾਂਦਾ ਕਿ ਸੜਕਾਂ ਪਹਿਲਾਂ ਬਣੀਆਂ ਹਨ ਜਾਂ ਨਹੀਂ ਪਰ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਮੇਰੇ ਨਾਲ ਇਥੋਂ ਮੈਂਬਰ ਸਾਹਿਬ ਕੋਈ ਚੰਡੀਗੜ੍ਹ ਦੇ ਨੇੜੇ ਚਲ ਕੇ ਦੇਖ ਲਵੇ ਅਤੇ ਜੇ ਸੜਕਾਂ ਵਿੱਚ ਅੱਧਾ ਅੱਧਾ ਕਿਲੋਮੀਟਰ ਦੇ ਟੋਏ ਨਾ ਹੋਣ ਤਾਂ ਮੈਨੂੰ ਜੋ ਮਰਜ਼ੀ ਕਹਿ ਦੇਣ।

ਸ਼੍ਰੀ ਰਾਮ ਲਾਲ : ** ** **

ਸ਼੍ਰੀ ਸਭਾਪਤੀ : ਤਸ਼ਰੀਫ ਰਖੋ । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸ਼੍ਰੀ ਪ੍ਰੇਮ ਗੁਪਤਾ : ਚੇਅਰਮੈਨ ਸਾਹਿਬ, ਪੰਜਾਬ ਦਾ ਸ਼ਾਨਦਾਰ ਇਤਹਾਸ ਜੋ ਹੈ, ਪੰਜਾਬ ਦਾ ਜੋ ਸ਼ਾਨਦਾਰ ਸੂਬਾ ਹੈ ਉਸ ਨੂੰ ਪਿਛਲੇ 5 ਸਾਲਾਂ ਵਿੱਚ ਜਿਤਨਾ ਵਿਗਾੜਿਆ ਗਿਆ ਉਸ ਦੇ ਲਈ ਜਿਤਨਾ ਪਛਤਾਵਾ ਕਰ ਸਕੀਏ, ਉਤਨਾ ਹੀ ਥੋੜ੍ਹਾ ਹੈ। ਮੈਂ ਇਕ ਗਲ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ਼੍ਰੀ ਰਘੂ ਨੰਦਨ ਲਾਲ ਭਾਟੀਆ ਜੋ ਸਾਡੇ ਸੂਬੇ ਵਿਚੋਂ ਪਹਿਲਾਂ ਵੀ ਲੋਕ ਸਭਾ ਦੇ ਮੈਂਬਰ ਸਨ ਅੱਜ ਹੁਣ ਵੀ ਲੋਕ ਸਭਾ ਦੇ ਮੈਂਬਰ ਹਨ ਉਨ੍ਹਾਂ ਨੂੰ ਜਦੋਂ ਗੋਲੀ ਲਗੀ ਤਾਂ ਗੋਲੀ ਲਗਣ ਤੋਂ ਬਾਅਦ ਉਨ੍ਹਾਂ ਨੇ ਪ੍ਰਧਾਨ ਮੰਤਰੀ ਜੀ ਨੂੰ ਜੋ ਕਾਂਗਰਸ ਪਾਰਟੀ ਦੇ ਵੀ ਪ੍ਰਧਾਨ ਹਨ ਉਨ੍ਹਾਂ ਨੂੰ ਇਕ ਚਿਠੀ ਲਿਖੀ ਉਹ ਚਿੱਠੀ ਸ਼ਾਇਆ ਕਿਉਂ ਨਹੀਂ ਹੋਈ ? ਇਹ ਹੁਣੇ ਕਿਸੇ ਨੂੰ ਖੜਾ ਕਰਕੇ ਕੁਝ ਕੁਹਾ ਦੇਣਗੇ। ਮੈਂ ਕਿਸੇ ਹੋਰ ਦੀ ਗਲ ਨਹੀਂ ਕਰਦਾ, ਮੈਂ ਆਲ ਇੰਡੀਆ ਕਾਂਗਰਸ ਪਾਰਟੀ ਦੇ ਜੈਨਰਲ ਸੈਕਟਰੀ ਦੀ ਗਲ ਕਰਦਾ ਹਾਂ । ਇਹ ਇਕ ਰਿਕਾਰਡ ਦੀ ਚਿੱਠੀ ਹੈ। ਉਸ ਚਿਠੀ ਨੂੰ ਸ਼ਾਇਆ ਕਿਉਂ ਨਹੀਂ ਕੀਤਾ ਗਿਆ ? ਇਹੋ ਜਿਹੀਆਂ ਗਲਾਂ ਅਸੀਂ ਭੁਲਾ ਨਹੀਂ ਸਕਦੇ ।

Shri Ashwani Sekhri: Mr. Chairman, the hon. member is misleading the House. There is no such letter.

Mr Chairman: Please resume your seat.

ਸ਼੍ਰੀ ਪ੍ਰੇਮ ਗੁਪਤਾ : ਕੀ ਇਹ ਭਾਟੀਆ ਸਾਹਿਬ ਦੇ ਪ੍ਰਾਈਵੇਟ ਸੈਕਟਰੀ ਹਨ ?

ਸ਼੍ਰੀ ਅਸ਼ਵਨੀ ਸੇਖੜੀ : ** ** **

ਸ਼੍ਰੀ ਸਭਾਪਤੀ : ਇਹ ਰਿਕਾਰਡ ਨਾ ਕੀਤਾ ਜਾਵੇ।

ਸ਼੍ਰੀ ਪ੍ਰੇਮ ਗੁਪਤਾ : ਚੇਅਰਮੈਨ ਸਾਹਿਬ, ਜੇ ਇਜਾਜ਼ਤ ਦਿਓ ਤਾਂ ਕੱਲ ਨੂੰ ਮੈਂ ਅਖਬਾਰ ਪੇਸ਼ ਕਰ ਦੇਵਾਂਗਾ ਜਿਸ ਦੀ ਕੋਈ ਕੰਟਰਾਡਿਕਸ਼ਨ ਨਹੀਂ ਆਈ ।

ਚੇਅਰਮੈਨ ਸਾਹਿਬ, ਇਥੇ ਜੋ ਕੁਝ ਪੰਜਾਬ ਵਿਚ ਹੁੰਦਾ ਰਿਹਾ, ਜਦੋਂ ਪੰਜਾਬ ਦੀ ਹਾਲਤ ਖ਼ਰਾਬ ਸੀ ਤਾਂ ਜੋ ਲੋਕ ਇਥੇ ਮੌਜੂਦ ਸਨ ਉਸ ਪਾਰਟੀ ਦੇ, ਉਨ੍ਹਾਂ ਵਿਚ ਦੋ ਕਿਸਮ ਦੀ ਵਿਚਾਰਧਾਰਾ ਦੇ ਲੋਕ ਸਨ, ਕਾਂਗਰਸ ਪਾਰਟੀ ਦੇ ਵਿਚ ਦੋ ਵਿਚਾਰਧਾਰਾ ਰਖਣ ਵਾਲੇ ਲੋਕ ਸਨ। ਇਕ ਵਿਚਾਰਧਾਰਾ ਦੇ ਤਾਂ ਉਹ ਲੋਕ ਸਨ ਜਿਹੜੇ ਚਾਹੁੰਦੇ ਸਨ ਕਿ ਕਨਫ੍ਰੰਟੇਸ਼ਨ ਨਾ ਹੋਵੇ ਅੱਜ ਦਰਬਾਰ ਸਾਹਿਬ ਦੇ ਵਿਚ ਪੁਲਿਸ ਜਾਂ ਫੌਜ ਦਾਖਲ ਨਾ ਹੋਵੇ । ਇਕ ਵਿਚਾਰਧਾਰਾ ਤਾਂ ਇਹ ਸੀ ਕੁਝ ਕੁ ਲੋਕਾਂ ਦੀ ਪਰ ਦੂਸਰੀ ਵਿਚਾਰਧਾਰਾ ਦੇ ਲੋਕ ਇਹ ਚਾਹੁੰਦੇ ਸਨ ਕਿ ਕਨਫ੍ਰੰਟਰੇਸ਼ਨ ਹੋਵੇ ਅਤੇ ਜੋ ਲੋਕ ਹਕੂਮਤ ਕਰਨ ਦੇ ਲਾਇਕ ਨਹੀਂ ਸਨ ਉਹ ਚਾਹੁੰਦੇ ਸਨ ਕਿ ਸਾਡੀ ਹਕੂਮਤ ਕਾਇਮ ਰਹੇ ਅਤੇ ਇਹ ਕੰਮ ਚਲਦਾ ਰਹੇ । ਉਨ੍ਹਾਂ ਨੂੰ ਪਤਾ ਸੀ ਕਿ ਅਸੀਂ ਹਕੂਮਤ ਚਲਾਉਣ ਦੇ ਕਾਬਲ ਨਹੀਂ ਹਾਂ ਪਰ ਉਹ ਲੋਕ ਇਸ ਤਰ੍ਹਾਂ ਕਨਫ੍ਰੰਟੇਸ਼ਨ ਚਾਹੁੰਦੇ ਸਨ ।

**Expunged Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਪ੍ਰੇਮ ਗੁਪਤਾ]

ਫਿਰ ਉਸ ਦੇ ਬਾਅਦ ਸੈਂਟਰ ਦੀ ਸਰਕਾਰ ਨੇ, ਜਿਸ ਦੇ ਪ੍ਰਧਾਨ ਮੰਤਰੀ ਪਾਰਟੀ ਦੇ ਵੀ ਪ੍ਰਧਾਨ ਸੀ ਜਿਸ ਪਾਰਟੀ ਦੀ ਇਥੇ ਸਰਕਾਰ ਸੀ ਉਨ੍ਹਾਂ ਨੇ ਉਸ ਪਾਰਟੀ ਦੀ ਸਰਕਾਰ ਨੂੰ ਨਾ-ਅਹਿਲ ਕਰਕੇ ਡਿਸਮਿਸ ਕੀਤਾ। ਉਸ ਤੋਂ ਬਾਅਦ 19 ਮਹੀਨੇ ਸਿਸਕਦੇ ਰਹੇ ਪੰਜਾਬ ਦੀ ਅਸੈਂਬਲੀ ਦੀ ਉਸ ਕਾਂਗਰਸ ਪਾਰਟੀ ਦੇ ਮੈਂਬਰ ਕਿ ਕਦੋਂ ਸਾਨੂੰ ਨਵੀਂ ਓਥ ਦਿਵਾਈ ਜਾਵੇ, ਕਦੋਂ ਚੌਣਾਂ ਦਾ ਰੈਫਰੈਂਸ ਆਵੇ ਅਤੇ ਅਸੀਂ ਇਥੇ ਆਈਏ। ਚੇਅਰਮੈਨ ਸਾਹਿਬ, ਮੈਂ ਕਾਂਗਰਸ ਪਾਰਟੀ ਤੋਂ ਇਹ ਗਲ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਮੈਂਬਰ ਸਾਹਿਬਾਨ ਤੋਂ ਇਹ ਗਲ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ 21 ਮਹੀਨੇ ਅਸੈਂਬਲੀ ਸਸਪੈਂਡ ਰਹੀ, ਇਨ੍ਹਾਂ ਵਿਚੋਂ ਸੈਂਟਰ ਦੀ ਸਰਕਾਰ ਦੇ ਪ੍ਰਧਾਨ ਮੰਤਰੀ ਨੂੰ ਜੋ ਕਾਂਗਰਸ ਪਾਰਟੀ ਦੇ ਵੀ ਪ੍ਰਧਾਨ ਹਨ ਉਨ੍ਹਾਂ ਨੂੰ ਇਨ੍ਹਾਂ ਵਿਚੋਂ ਜੇ ਕੋਈ ਕਾਬਲ ਨਜ਼ਰ ਆਉਂਦਾ ਤਾਂ ਇਥੇ ਉਸ ਵਕਤ ਕਾਂਗਰਸ ਦੀ ਸਰਕਾਰ ਉਸ ਪੀਰੀਅਡ ਵਿਚ ਜ਼ਰੂਰ ਬਣਦੀ। ਇਨ੍ਹਾਂ ਨੂੰ ਹੁਣ ਵੀ ਕਹਿੰਦੇ ਹਨ ਕਿ ਤੁਸੀਂ ਘੱਟ ਕਿਉਂ ਜਿਤੇ ਹੋ। ਇਸ ਸਦਨ ਵਿੱਚ ਪਹਿਲੇ ਸਪੀਕਰ ਦੇ ਬੈਠੇ ਹਨ। ਇਹ ਕਹਿੰਦੇ ਹੁੰਦੇ ਸਨ ਕਿ 85 ਸੀਟਾਂ ਅਸੀਂ ਜਿਤਾਂਗੇ ਪਰ ਇਹ ਆਏ ਕੇਵਲ 32 ਹਨ। ਮੈਂ ਕਹਿੰਦਾ ਹਾਂ ਕਿ 32 ਵਿਚ ਵੀ 20 ਜ਼ਿਆਦਾ ਹਨ, ਇਹ 12 ਰਹਿਣੇ ਚਾਹੀਦੇ ਸਨ। ਕਿਉਂ 12 ਰਹਿੰਦੇ ਇਹ ਵੀ ਮੈਂ ਤੁਹਾਡੀ ਸੇਵਾ ਵਿਚ ਅਰਜ਼ ਕਰਨੀ ਚਾਹੁੰਦਾ ਹਾਂ। ਬਾਹਰ ਗਲ ਇਹ ਚਲੀ ਕਿ ਸਾਡੀ ਪਾਰਟੀ ਨਹੀਂ ਸੀ ਚਾਹੁੰਦੀ, ਸਾਡੀ ਲੀਡਰਸ਼ਿਪ ਨਹੀਂ ਸੀ ਚਾਹੁੰਦੀ। ਇਹ ਕਹਿੰਦੇ ਸੀ ਕਿ ਅਸੀਂ ਦਿਲੋਂ ਇਲੈਕਸ਼ਨ ਨਹੀਂ ਸੀ ਲੜੇ। ਦਿਲੋਂ ਤੁਸੀਂ ਕਿਉਂ ਨਹੀਂ ਲੜੇ ? ਦਿਲੋਂ ਲੜਨੀ ਸੀ? 5.00 ਵਜੇ ਸ਼ਾਮ ਤੋਂ ਬਾਅਦ ਤਾਂ ਤੁਸੀਂ ਬਾਹਰ ਨਹੀਂ ਸੀ ਨਿਕਲਦੇ ਅਤੇ ਰੈਸਟ ਹਾਊਸਾਂ ਵਿੱਚ ਬੈਠ ਕੇ ਡਿਕਟੇਸ਼ਨਾਂ ਦਿੰਦੇ ਸੀ ਜਿਸ ਤਰ੍ਹਾਂ ਸੋਚਦੇ ਸੀ ਕਿ ਸਾਡੀ ਹਕੂਮਤ ਹੈ, ਗਵਰਨਰੀ ਰਾਜ ਇਥੇ ਨਹੀਂ ਹੈ। ਕਹਿੰਦੇ ਸੀ ਕਿ ਅਕਾਲੀਆਂ ਦੀ ਸਰਕਾਰ ਬਣੇਗੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲੀਆਂ ਦੀ ਸਰਕਾਰ ਤਾਂ ਹੀ ਬਣੇਗੀ ਜੇ ਅਕਾਲੀ ਜਿਤਣਗੇ। ਇਨ੍ਹਾਂ ਦੇ ਤਾਂ ਪੈਰ ਪੰਜਾਬ ਵਿਚੋਂ ਉਖੜੇ ਹੋਏ ਸੀ। ਜਦੋਂ ਪਤਾ ਲਗਾ ਪ੍ਰਧਾਨ ਮੰਤਰੀ ਜੀ ਨੂੰ ਜੋ ਪਾਰਟੀ ਦੇ ਵੀ ਪ੍ਰਧਾਨ ਹਨ ਕਿ ਪਾਰਟੀ ਦੇ ਪੈਰ ਉਖੜੇ ਹੋਏ ਹਨ ਤਾਂ ਇਲੈਕਸ਼ਨਾਂ ਵਿਚ ਕਮਪੇਨ ਵਾਸਤੇ ਚਾਰ ਵਾਰੀ ਪੰਜਾਬ ਵਿਚ ਆਏ। ਇਹ ਰਿਕਾਰਡ ਸਾਡੇ ਸਾਹਮਣੇ ਹੈ ਕਿ ਅਗੇ ਕਦੇ ਵੀ ਪ੍ਰਧਾਨ ਮੰਤਰੀ ਇਸ ਤਰ੍ਹਾਂ 4 ਵਾਰੀ ਕਮਪੇਨ ਵਾਸਤੇ ਇਥੇ ਨਹੀਂ ਆਏ। ਚੇਅਰਮੈਨ ਸਾਹਿਬ, ਇਸ ਕਰਕੇ ਇਹ ਇਥੇ 32 ਆ ਗਏ ਹਨ ਨਹੀਂ ਤਾਂ ਪਤਾ ਨਹੀਂ, ਮੈਂ ਪਹਿਲਾਂ 12 ਕਿਹਾ ਸੀ, ਇਹ 12 ਵੀ ਆਉਂਦੇ ਜਾਂ ਇਸ ਤੋਂ ਵੀ ਘੱਟ ਆਉਂਦੇ। ਇਥੇ ਇਹ ਸਿਲਸਿਲਾ ਚਲਦਾ ਰਿਹਾ। ਰਾਜਪੁਰੇ ਦੀ ਗਲ ਮੈਂ ਤੁਹਾਨੂੰ ਦੱਸਦਾ ਹਾਂ ਕਿ ਰਾਜਪੁਰੇ ਇਨ੍ਹਾਂ ਦੇ ਸਾਰੇ ਲੀਡਰ ਸਾਹਿਬਾਨ ਚਲੇ ਗਏ। ਮੈਂ ਕਿਹਾ ਕਿ ਭਾਣਾ ਹੀ ਮੰਨ ਲਓ, ਜੇ ਹੋਰ ਕਿਸੇ ਨੂੰ ਨਹੀਂ ਮੰਨਦੇ ਤਾਂ ਭਾਣਾ ਹੀ ਮੰਨ ਲਓ। ਡਾਕਟਰ ਸਾਹਿਬ ਇਸ ਗਲ ਨੂੰ ਮੰਨਣ ਜਾਂ ਨਾ ਮੰਨਣ, ਇਹ ਗੱਲ ਭਾਵੇਂ ਇਹ ਹੁਣ ਮੰਨਣ ਜਾਂ ਨਾ ਮੰਨਣ ਲੇਕ ਇਨ੍ਹਾਂ ਤੋਂ ਸੱਤੇ ਹੋਏ ਸੀ। ਇਸੇ ਲਈ 117 ਵਿਚੋਂ 73 ਮੈਂਬਰ ਇਸ ਅਕਾਲੀ ਸਰਕਾਰ ਦੇ ਆਏ ਹਨ। ਡਾਕਟਰ ਸਾਹਿਬ ਭਾਵੇਂ ਜਿੰਨੀਆਂ ਮਰਜ਼ੀ ਫਿਗਰਾਂ ਦੇਈ ਜਾਣ। ਹੁਣ ਲੋਕਾਂ ਨੇ ਇਨ੍ਹਾਂ ਦੀਆਂ ਫਿਗਰਾਂ ਨਹੀਂ ਮੰਨਣੀਆਂ। ਉਹ ਪੁਰਾਣੀਆਂ ਫਿਗਰਜ਼ ਭੁਲ ਜਾਵੋ। ਕਦੇ ਤੁਸੀਂ ਬਜਟ ਸਪੀਚ ਦਾ ਰਿਪਲਾਈ ਕਰਦੇ ਹੁੰਦੇ ਸੀ, ਪਰ ਹੁਣ ਤਾਂ ਤੁਹਾਨੂੰ ਆਪੋਜੀਜ਼ਨ ਦੇ ਤੌਰ ਤੇ ਸਿਰਫ ਸਪਲੀਮੈਂਟਰੀ ਹੀ ਪੁਛਣੇ ਪਿਆ ਕਰਨਗੇ ਆਉਂਦੇ ਪੰਜ ਸਾਲਾਂ ਤਕ। ਅਗੇ ਨੂੰ ਵੀ ਜੋ ਕੁਝ ਹੋਵੇਗੇ ਤੁਹਾਨੂੰ ਵੀ ਪਤਾ ਹੈ ਅਤੇ ਮੈਨੂੰ ਵੀ ਪਤਾ ਹੈ।

ਪੰਜਾਬ ਦੀ ਤਰੱਕੀ ਵਾਸਤੇ ਇਹ ਸਰਕਾਰ ਪੂਰ ਉਮੀਦ ਹੋਈ ਟੁਟੇ ਫੁਟੇ ਅਤੇ ਉਜੜੇ ਹੋਏ ਪੰਜਾਬ ਨੂੰ ਨਿਖਾਰ ਕੇ ਦੁਬਾਰਾ ਬਣਾਉਣ ਵਾਸਤੇ। ਇਕ ਅਜ਼ਮ ਲਿਆ ਹੈ ਹਰ ਘਰ ਵਿਚ ਖੁਸ਼ਹਾਲੀ ਲਿਆਉਣ

Original with;
Punjab Vidhan Sabha
Digitized by;
Panjab Digital Library

ਦਾ, ਖੇਤਾਂ ਵਿਚ ਦੋਬਾਰਾ ਹਰਿਆਲੀ ਲਿਆਉਣ ਦਾ ਅਤੇ ਜਿਹੜੇ ਕਾਰਖਾਨੇ ਬੰਦ ਪਏ ਸਨ, ਉਨ੍ਹਾਂ ਦੀਆਂ ਚਿਮਨੀਆਂ ਵਿਚੋਂ ਦੋਬਾਰਾ ਧੂੰਆਂ ਨਿਕਲਾਉਣ ਦਾ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਜਿਹੜੀ ਨਵੇਂ ਪੰਜਾਬ ਦੀ ਝਲਕ ਦਿਤੀ ਹੈ ਲੋਕਾਂ ਨੂੰ, ਇਸ ਗਲ ਤੇ ਪੰਜਾਬ ਦੀ ਸਰਕਾਰ ਯਤਨਸ਼ੀਲ ਰਹੇਗੀ। ਚੇਅਰਮੈਨ ਸਾਹਿਬ, ਇਕ ਗਲ ਮੈਂ ਇਰੀਗੇਸ਼ਨ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਐਸ.ਵਾਈ.ਐਲ. ਨਹਿਰ ਕਿਥੇ ਜਾਂਦੀ ਹੈ, ਕਿੰਨੀ ਚੌੜੀ ਹੈ, ਕਿੰਨੀ ਛੋਟੀ ਜਾਂਦੀ ਹੈ, ਕਿੰਨਾ ਪਾਣੀ ਜਾਂਦਾ ਹੈ, ਇਹ ਸਰਕਾਰ ਦਾ ਤੁਅੱਲਕ ਹੈ ਇਸ ਬਾਰੇ ਫੈਸਲਾ ਕਰੇ ਲੇਕਿਨ ਜਿਸ ਕਿਸਾਨ ਦੀ ਜ਼ਮੀਨ ਵਿਚੋਂ ਨਹਿਰ ਜਾਂਦੀ ਹੈ, ਉਸ ਦੀ ਜ਼ਮੀਨ ਦੀ ਛਾਤੀ ਫਾੜ ਕੇ ਗਈ ਹੈ। ਜੇ ਉਸ ਨੂੰ ਪਾਣੀ ਨਾ ਮਿਲੇ, ਫਿਰ ਤੁਸੀਂ ਕਿਸਾਨ ਦੇ ਜ਼ਜ਼ਬਾਤ ਦੇਖੋ ਅਤੇ ਅੰਦਾਜ਼ਾ ਲਗਾਓ। ਐਸ.ਵਾਈ.ਐਲ. ਨਿਕਲ ਰਹੀ ਹੈ, ਤੁਸੀਂ ਕਿਸੇ ਇਲਾਕੇ ਵਿਚ ਜਾਂਦੇ ਹੋ; ਉਥੇ ਪਾਣੀ ਦੀ ਕਮੀ ਹੈ ਉਥੇ, ਪਾਣੀ ਦੇਣ ਦਾ ਪ੍ਰਬੰਧ ਜ਼ਰੂਰ ਕੀਤਾ ਜਾਵੇ। ਉਸ ਜ਼ਮੀਨ ਦੀ ਕੀਮਤ ਪਹਿਲਾਂ ਕੁਝ ਕਿਸਾਨਾਂ ਨੂੰ ਦਿਤੀ ਗਈ ਹੈ। ਲੱਖਾਂ ਰੁਪਏ ਨਹੀਂ, ਕਰੋੜਾਂ ਰੁਪਏ ਦਿਤੇ ਗਏ ਹਨ। ਜਿਸ ਤਰ੍ਹਾਂ ਪਾਂਧੀ ਸਾਹਿਬ ਨੇ ਕਿਹਾ ਹੈ, ਮੈਂ ਉਨ੍ਹਾਂ ਨਾਲ ਸਹਿਮਤ ਹਾਂ ਕਿ ਕਿਸ ਤਰ੍ਹਾਂ ਲੁੱਟ ਪਈ, ਸਰਕਾਰ ਇਸ ਦੀ ਇਨਕੁਆਇਰੀ ਕਰਾਏ। ਜਿੰਨਾਂ ਪੈਸਾ ਸਰਕਾਰ ਨੇ ਕਿਸਾਨਾਂ ਲਈ ਦਿੱਤਾ ਹੈ, ਕੀ ਉਹ ਸਾਰੇ ਦਾ ਸਾਰਾ ਕਿਸਾਨਾਂ ਕੋਲ ਪਹੁੰਚ ਗਿਆ ਹੈ ਜਾਂ ਕਿਤੇ ਵਿਚ ਵਿਚੋਲੇ ਤਾਂ ਨਹੀਂ ਖਾ ਗਏ? ਜਿਹੜੀ ਲੁੱਟ ਪਈ ਹੈ, ਉਸ ਨੂੰ ਰੋਕੋ। ਤੁਸੀਂ ਕਿਸਾਨਾਂ ਦੀ ਜ਼ਮੀਨ ਲਈ ਹੈ, ਉਸ ਨੂੰ ਪਾਣੀ ਮਿਲਣਾ ਚਾਹੀਦਾ ਹੈ ਅਤੇ ਉਸ ਨੂੰ ਉਸ ਦੀ ਜ਼ਮੀਨ ਦੇ ਪੂਰੇ ਪੈਸੇ ਨਹੀਂ ਮਿਲੇ। ਇਹ ਉਸ ਦੇ ਨਾਲ ਬਹੁਤ ਵੱਡੀ ਬੇਇਨਸਾਫੀ ਹੈ। ਸਰਕਾਰ ਇਸ ਗਲ ਨੂੰ ਯਕੀਨੀ ਬਣਾਏ ਕਿ ਇਸ ਤਰ੍ਹਾਂ ਉਨ੍ਹਾਂ ਨਾਲ ਬੇ-ਇਨਸਾਫੀ ਨਹੀਂ ਹੋਣ ਦੇਵੇਗੀ।

ਇਕ ਗਲ ਮੈਂ ਰਾਜਪੁਰੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਨਵਾਂ ਪੰਜਾਬ ਬਣਿਆ ਹੈ ਅਤੇ ਨਵਾਂ ਪੰਜਾਬ ਰਾਜਪੁਰੇ ਤੋਂ ਸ਼ੁਰੂ ਹੁਦਾ ਹੈ। ਮੈਂ ਰਾਜਪੁਰੇ ਨੂੰ ਪੰਜਾਬ ਦਾ ਗੇਟਵੇ ਕਹਿੰਦਾ ਹਾਂ। ਜੇ ਕਿਸੇ ਨੇ ਕਸ਼ਮੀਰ ਵੀ ਜਾਣਾ ਹੋਵੇ ਤਾਂ ਵੀ ਰਾਜਪੁਰੇ ਵਿਚੋਂ ਲੰਘਣਾ ਹੈ। ਜਿਹੜਾ ਪਹਿਲਾਂ ਦਰਵਾਜ਼ਾ ਹੁੰਦਾ ਹੈ, ਉਸ ਨੂੰ ਅਸੀਂ ਪੂਰੀ ਤਰ੍ਹਾਂ ਸ਼ਿੰਗਾਰਦੇ ਹਾਂ। ਇਸ ਲਈ ਜਿਹੜਾ ਰਾਜਪੁਰਾ ਹੈ, ਇਸ ਨੂੰ ਵੀ ਉਸ ਤਰੀਕੇ ਨਾਲ ਟਰੀਟ ਕੀਤਾ ਜਾਵੇ। ਇਸ ਦੀ ਖੂਬਸੂਰਤੀ ਵਧਾਈ ਜਾਵੇ। ਇਸ ਦਾ ਬਾਕੀ ਦਾ ਸਾਰਾ ਇਲਾਕਾ ਤਾਂ ਹਰਿਆਣਾ ਨਾਲ ਲਗਦਾ ਹੈ। ਇਸ ਦੇ ਬਾਰੇ ਕਪਤਾਨ ਸਾਹਿਬ ਨੇ ਵੀ ਕਿਹਾ ਹੈ ਕਿ ਸੜਕਾਂ ਦਾ ਬੁਰਾ ਹਾਲ ਹੈ ਅਤੇ ਉਨ੍ਹਾਂ ਦੇ ਇਲਾਕੇ ਵਿਚ ਪੀਣ ਦੇ ਪਾਣੀ ਦੀ ਵੀ ਘਾਟ ਹੈ। ਉਨ੍ਹਾਂ ਦਾ ਇਲਾਕਾ, ਮੇਰਾ ਇਲਾਕਾ ਚੰਡੀਗੜ੍ਹ ਕੈਪੀਟਲ ਦੇ ਨੇੜੇ ਸੀ, ਮੈਂ ਤਾਂ ਸਮਝਦਾ ਸੀ ਕਿ ਬੜੀਆਂ ਚੰਗੀਆਂ ਸੜਕਾਂ ਹੋਣਗੀਆਂ ਪਰ ਇਥੇ ਤਾਂ ਦੇਖਿਆ ਹੈ ਕਿ ਜੀਪ ਤਾਂ ਕੀ ਚਲਣੀ ਹੈ, ਪੈਦਲ ਚਲਣ ਲਈ ਵੀ ਰਸਤਾ ਠੀਕ ਨਹੀਂ, ਇਨ੍ਹਾਂ ਨੇ ਆਪਣੇ ਸਮੇਂ ਵਿਚ ਇਸ ਇਲਾਕੇ ਦੀਆਂ ਸੜਕਾਂ ਤੇ ਸਪੀਡ ਬ੍ਰੇਕਰ ਬਹੁਤ ਬਣਾਏ ਹਨ, ਇਹ ਚੀਜ਼ ਮੇਰੀ ਸਮਝ ਵਿਚ ਨਹੀਂ ਆਈ। ਇਸ ਤਰ੍ਹਾਂ ਲੋਕਾਂ ਦੀਆਂ ਗਡੀਆਂ ਤੋੜਨ ਦੀ ਕੀ ਜ਼ਰੂਰਤ ਪੈ ਗਈ ਸੀ? ਚੇਅਰਮੈਨ ਸਾਹਿਬ, ਮੈਂ ਕਹਾਂਗਾ ਕਿ ਹੁਣ ਦੁਬਾਰਾ ਉਹ ਸਮਾਂ ਨਾ ਆਉਣ ਦਿਓ ਕਿ ਕੋਈ ਆਦਮੀ ਜੁਰੱਤ ਕਰ ਸਕੇ ਹਿੰਦੂ-ਸਿਖ ਨੂੰ ਲੜਾਉਣ ਵਾਸਤੇ ਕਿ ਗਊ ਦਾ ਸਿਰ ਕਟਵਾ ਕੇ ਮੰਦਰਾਂ ਤੇ ਲਟਕਾ ਦੇਵੇ। 1981 ਤੋਂ ਬਾਦ ਹੁਣ ਤਕ ਜਦੋਂ ਵੀ ਇਹ ਗਲ ਸਾਹਮਣੇ ਆਉਣ ਲਗੀ ਕਿ ਪੰਜਾਬ ਦਾ ਮਸਲਾ ਮੁਕਣ ਲਗਾ ਹੈ ਤਾਂ ਉਸੇ ਵੇਲੇ ਮੰਦਰਾਂ ਵਿਚ ਗਊਆਂ ਦੇ ਸਿਰ ਲਟਕਵਾ ਦਿਤੇ ਜਾਂਦੇ ਸਨ। ਉਸ ਵੇਲੇ ਪੰਜਾਬ ਵਿਚ ਕਿਹੜੀ ਸਰਕਾਰ ਸੀ? ਮੈਨੂੰ ਇਸ ਗਲ ਦਾ ਫ਼ਖਰ ਹੈ ਕਿ ਮੈਂ ਅਕਾਲੀ ਪਾਰਟੀ ਵਲੋਂ ਰਾਜਪੁਰੇ ਦਾ ਮੈਂਬਰ ਹਾਂ। ਅੱਜ ਤਕ ਇਹ ਕਹਿੰਦੇ ਰਹੇ ਕਿ ਅਕਾਲੀ ਪਾਰਟੀ ਇਕ ਜਮਾਤ ਦੀ ਰਹਿਨੁਮਾ ਹੈ ਪਰ ਹੁਣ ਜਦੋਂ ਸਾਨੂੰ ਟਿਕਟ ਦੇਣ ਲਗੇ ਤਾਂ ਪਤਾ ਨਹੀਂ ਇਨ੍ਹਾਂ ਦੇ ਚਿਡ ਵਿਚ ਕਿਉਂ ਮਰੋੜ ਪੈਣ ਲਗ ਪਏ। ਸ਼ਿਵ ਚੰਦ ਜੀ ਤੁਸੀਂ ਵੀ ਕਦੇ ਇਸ ਪਾਰਟੀ ਦੇ ਬਹੁਤ ਨੇੜੇ ਰਹੇ ਹੋ।

ਸ਼੍ਰੀ ਸਭਾਪਤੀ : ਗੁਪਤਾ ਜੀ, ਚੇਅਰ ਨੂੰ ਐਡਰੈਸ. ਕਰੋ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਪ੍ਰੇਮ ਗੁਪਤਾ : ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਹਾਊਸ ਵਿਚ ਇਹ ਆਪਣੀ ਆਪਣੀ ਫਿਕਰ ਕਰਨ, ਮੇਰੀ ਬਹੁਤੀ ਚਿੰਤਾ ਨਾ ਕਰਿਆ ਕਰਨ।

ਸ਼੍ਰੀ ਸ਼ਿਵ ਚੰਦ ਮਲੋਟ : ** ** **

ਸ਼੍ਰੀ ਸਭਾਪਤੀ : ਇਹ ਕੋਈ ਪਆਇੰਟ ਆਫ਼ ਆਰਡਰ ਨਹੀਂ ਹੈ।

ਸ਼੍ਰੀ ਪ੍ਰੇਮ ਗੁਪਤਾ : ਚੇਅਰਮੈਨ ਸਾਹਿਬ, ਇਹ ਸਾਰੇ ਸ਼ਬਦ ਐਕਸਪੰਜ ਹੋਣੇ ਚਾਹੀਦੇ ਹਨ। (ਵਿਘਨ) ਚੇਅਰਮੈਨ ਸਾਹਿਬ, ਇਨ੍ਹਾਂ ਕੋਲ ਹੋਰ ਕੋਈ ਕੰਮ ਕਾਰ ਤਾਂ ਹੈ ਨਹੀਂ, ਬਸ ਅਲਫ ਲੈਲਾ ਦੇ ਕਿੱਸੇ ਹੀ ਰਹਿ ਗਏ ਹਨ। ਇਹ ਪੁਰਾਣੀਆਂ ਅਖਬਾਰਾਂ ਦੇ ਬੰਡਲ ਚੁਕੀ ਫਿਰਦੇ ਹਨ। ਮੈਂ ਕਹਿੰਦਾ ਹਾਂ ਕਿ ਕੋਈ ਕੰਮ ਕਰੋ, ਪਿੰਡਾਂ ਵਿਚ ਜਾ ਕੇ ਲੋਕਾਂ ਦਾ ਧੰਨਵਾਦ ਕਰੋ ਜਿਨ੍ਹਾਂ ਨੇ ਤੁਹਾਨੂੰ ਇਥੇ ਚੰਡੀਗੜ੍ਹ ਭੇਜਿਆ ਹੈ ਅੱਰ ਆਪਣੀਆਂ ਆਦਤਾਂ ਬਦਲੋ।

ਚੇਅਰਮੈਨ ਸਾਹਿਬ, ਅਮਨ ਦੀ ਉਮੀਦ ਵਿਚ ਰਾਜੀਵ ਗਾਂਧੀ ਨਾਲ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਸਮਝੌਤਾ ਕੀਤਾ। ਪੰਜਾਬ ਵਿਚ ਅਮਨ ਹੈ, ਸ਼ਾਂਤੀ ਹੈ, ਹਿੰਦੁਸਤਾਨ ਦੀ ਏਕਤਾ ਹੈ ਅੱਰ ਇਨ੍ਹਾਂ ਗਲਾਂ ਤੇ ਆਧਾਰਤ ਅਕਾਲੀ ਪਾਰਟੀ ਨੇ ਇਥੇ ਸਰਕਾਰ ਬਣਾਈ। ਜਿਸ ਦਿਨ ਤੋਂ ਇਸ ਨੇ ਗੁਰੂ ਨਾਨਕ ਦਾ ਪੈਗਾਮ 'ਸਰਬੱਤ ਦਾ ਭਲਾ' ਦਿਤਾ ਤੇ ਤਹੱਈਆ ਕਰ ਲਿਆ ਕਿ ਕਿਸੇ ਨੂੰ ਕੋਈ ਸਾਜ਼ਸ਼ ਨਹੀਂ ਕਰਨ ਦਿਤੀ ਜਾਵੇਗੀ। ਇਸ ਦੇ ਨਾਲ ਮੈਂ ਇਕ ਇਹ ਵੀ ਦਰਖ਼ਾਸਤ ਕਰਾਂਗਾ ਜੇ ਮੁਨਾਸਿਬ ਸਮਝੋ ਕਿਉਂਕਿ ਲੋਕਾਂ ਨੇ ਮੰਗ ਕੀਤੀ ਹੈ ਕਿ ਲਾਲਾ ਜਗਤ ਨਾਰਾਇਣ ਜੀ ਦੇ ਕਤਲ ਤੋਂ ਲੈ ਕੇ ਹੁਣ ਤਕ ਜਿੰਨੇ ਕਤਲ ਹੋਏ ਹਨ, ਉਨ੍ਹਾਂ ਦੀ ਇਨਕੁਆਇਰੀ ਕੀਤੀ ਜਾਵੇ। (ਥੰਪਿੰਗ) ਪਤਾ ਲਗ ਜਾਵੇਗਾ ਕਿ ਕੌਣ ਦੋਸ਼ੀ ਸਨ, ਕਿਸ ਦੀ ਗੋਲੀ ਕਿਸ ਨੂੰ ਲਗੀ, ਕਿਉਂ ਲਗੀ ? ਕੋਈ ਨਾਨ-ਕੰਟਰੋਵਰਸ਼ੀਅਲ ਏਜੰਸੀ ਬਣ ਜਾਏ।

ਦੂਸਰੇ, 1981 ਤੋਂ ਬਾਦ 1985 ਤਕ ਇਹ ਜਿਹੜੀਆਂ ਕਾਰਪੋਰੇਸ਼ਨਾਂ, ਮਿਉਂਸਪਲ ਕਮੇਟੀਆਂ, ਮਾਰਕੀਟ ਕਮੇਟੀਆਂ ਅਤੇ ਜਿਹੜੇ ਸਬੰਧਤ ਮਹਿਕਮਿਆਂ ਨੇ ਲੁਟ ਪਾਈ ਹੋਈ ਸੀ, ਉਸ ਦੀ ਵੀ ਥੋੜ੍ਹੀ ਬਹੁਤੀ ਇਨਕੁਆਰੀ ਕਰਾ ਲਵੋ ਤਾਂਕਿ ਆਉਣ ਵਾਲੇ ਸਮੇਂ ਵਿਚ ਲੁੱਟ ਲੁੱਟ ਕੇ ਆਪਣੀ ਚਿੱਟੀ ਚਾਦਰ ਵਿਖਾਉਣ ਦੀ ਆਦਤ ਨਾ ਰਹੇ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਮੌਕਾ ਦਿਤਾ ਹੈ ਦੋ ਗਲਾਂ ਕਰਨ ਦਾ ਅਤੇ ਇਹ ਜਿਹੜਾ ਐਡਰੈਸ ਹੋਇਆ ਹੈ ਗਵਰਨਰ ਸਾਹਿਬ ਦਾ ਅਤੇ ਇਸ ਦੇ ਉਤੇ ਜਿਹੜਾ ਰੈਜ਼ੋਲਿਊਸ਼ਨ ਪਾਸ ਕਰਨ ਦਾ ਪ੍ਰਸਤਾਵ ਆਇਆ ਹੈ, ਮੈਂ ਇਸ ਦੇ ਉਤੇ ਦੋ ਤਿੰਨ ਗੱਲਾਂ ਕਰਾਂਗਾ। ਬੇਨਤੀ ਇਹ ਹੈ ਕਿ ਨਾ ਮੈਂ ਗਾਲ੍ਹ ਕੱਢਣੀ ਹੈ ਅੱਰ ਨਾ ਆਪਣਾ ਮੂੰਹ ਗੰਦਾ ਕਰਨਾ ਹੈ। ਮੈਂ ਦੋ ਚਾਰ ਗੱਲਾਂ ਕੰਮ ਦੀਆਂ ਦਸਾਂਗਾ। ਇਹ ਜਿਹੜਾ ਰੋਜ਼ ਕਹਿੰਦੇ ਹਨ ਕਿ ਹਾਲਾਤ ਕਿਸ ਤਰ੍ਹਾਂ ਹੋਏ, ਕਿਵੇਂ ਹੋਏ, ਇਹ ਮੈਂ ਦਸਾਂਗਾ ਕਿ ਕਿਵੇਂ ਹੋਏ। ਇਸ ਤੋਂ ਪਹਿਲਾਂ ਇਸ ਪਾਸੇ ਤੋਂ ਵੀ ਇਹ ਗਲ ਆਈ ਹੈ ਕਿ ਇਨਕੁਆਇਰੀ ਕਮਿਸ਼ਨ ਹੋਵੇ, ਕੋਈ ਕਮੇਟੀ ਬਣਾਉਣਾ ਚਾਹੁੰਦੇ ਹਨ। ਅਕਾਲੀ ਸਰਕਾਰ ਆਈ ਹੈ ਅੱਰ ਬੜੀ ਬਰੂਟ ਮੈਜਾਰਿਟੀ ਨਾਲ ਆਈ ਹੈ। ਇਨ੍ਹਾਂ ਨੂੰ ਕੋਈ ਨਹੀਂ ਰੋਕਦਾ ਕਿਸੇ ਦੀ ਕੋਈ ਇਨਕੁਆਇਰੀ ਕਰਾਉਣ, ਇਨ੍ਹਾਂ ਦੀ ਮਰਜ਼ੀ ਹੈ। ਕੋਈ ਕਮਿਸ਼ਨ ਜਾਂ ਕੋਈ ਕਮੇਟੀ ਫਾਰਮ ਕਰਨ, ਜੋ ਮਰਜ਼ੀ ਆਏ ਕਰਨ ਪਰ ਜਿਹੜੀਆਂ ਅਸਲੀਅਤਾਂ ਹਨ ਉਹ ਅਸਲੀਅਤਾਂ ਹੀ ਹਨ। ਇਹ ਵੀ (ਸਰਕਾਰੀ ਬੈਂਚਾਂ ਵਲ ਇਸ਼ਾਰਾ) ਡਰਦੇ ਹਨ ਕਿ ਕਿਤੇ ਅਸਲੀਅਤ ਬਾਹਰ ਨਾ ਆ ਜਾਵੇ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਹ ਇਥੇ ਜਿਹੜੀਆਂ ਗੱਲਾਂ ਕਰਦੇ ਹਨ, ਉਹ ਬਾਹਰ ਨਹੀਂ ਕਰਦੇ । ਮੈਨੂੰ ਖੁਸ਼ੀ ਹੋਈ ਸੀ ਕਿ ਜਦੋਂ ਅਕਾਲੀ ਸਰਕਾਰ ਬਣੀ ਔਰ ਗਵਰਨਰ ਸਾਹਿਬ ਨੇ ਪਹਿਲਾ ਐਡਰੈਸ ਪੇਸ਼ ਕੀਤਾ ਔਰ ਥੋੜ੍ਹੀ ਜਿਹੀ ਜ਼ਖਮਾਂ ਤੇ ਮਲ੍ਹਮ ਲਗਾਉਣ ਦੀ ਕੋਸ਼ਿਸ਼ ਕੀਤੀ ਪਰ ਮੇਰੇ ਪੁਰਾਣੇ ਤੇ ਨਵੇਂ ਅਕਾਲੀ ਵੀਰ ਜੋ ਆਏ ਹਨ ਇਨ੍ਹਾਂ ਨੇ ਕੋਈ ਵੀ ਐਸਾ ਭਾਸ਼ਣ ਨਹੀਂ ਕੀਤਾ ਕਿ ਅਸੀਂ ਹਿੰਦੂ-ਸਿੱਖ ਭਾਈਚਾਰਾ ਰਖਣਾ ਹੈ ਔਰ ਅਸੀਂ ਸਰਕਾਰ ਚਲਾਉਣੀ ਹੈ, ਪਿਛਲੀਆਂ ਗੱਲਾਂ ਨੂੰ ਭੁੱਲ ਕੇ ਨਵੇਂ ਸਿਰਿਉਂ ਤਰੱਕੀ ਕਰਨੀ ਹੈ। ਇਨ੍ਹਾਂ ਨੇ ਤਾਂ ਇਕੋ ਹੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਕਿ ਗਾਲ੍ਹਾਂ ਕੱਢੀ ਜਾਓ । ਹੁਣ ਤੁਹਾਡੇ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਪਾਸ ਸਰਕਾਰ ਹੈ। ਚਾਹੇ ਹਿੰਦੂਆਂ ਨੂੰ ਪੰਜਾਬ ਵਿਚ ਮਾਰ ਦਿਓ, ਚਾਹੇ ਹਿੰਦੁਸਤਾਨ ਦੇ ਹੋਰ ਹਿੰਦੂਆਂ ਨੂੰ ਮਾਰ ਦਿਓ । ਅਸੀਂ ਤੁਹਾਡੇ ਰਹਿਮ ਤੇ ਹਾਂ ਪਰ ਜਿਹੜੀ ਮਨ-ਮਾਨੀ ਕਰੋਗੇ, ਇਹ ਬਰਦਾਸ਼ਤ ਨਹੀਂ ਹੋਣੀ । ਇਹ ਕਦੇ ਵੀ ਬਰਦਾਸ਼ਤ ਨਹੀਂ ਹੋਣੀ । ਚੇਅਰਮੈਨ ਸਾਹਿਬ, ਪਿੱਛੇ ਸੰਨ 1977 ਵਿਚ ਕਾਂਗਰਸ ਹਾਰ ਗਈ ਔਰ ਅਕਾਲੀ ਰਾਜ ਆਇਆ । ਮੈਂ ਉਹ ਗੱਲਾਂ ਨਹੀਂ ਦੁਹਰਾਵਾਂਗਾ ਜਿਹੜੀਆਂ ਡਾਕਟਰ ਸਾਹਿਬ ਨੇ ਕਹੀਆਂ ਹਨ। ਇਨ੍ਹਾਂ ਨੇ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਸੰਨ 1977 ਤੋਂ 1980 ਤਕ ਜਨਤਾ ਪਾਰਟੀ ਨਾਲ ਰਲ ਕੇ ਰਾਜ ਕੀਤਾ । ਹਿੰਦੁਸਤਾਨ ਦੀ ਲੋਕ ਸਭਾ ਵਿਚ ਅਕਾਲੀਆਂ ਦੇ ਦੋ ਤਿੰਨ ਨੁਮਾਇੰਦੇ ਸਨ,ਕੋਈ ਜ਼ਿਆਦਾ ਨਹੀਂ ਸਨ । ਬਾਕੀ ਬੀ.ਜੇ.ਪੀ. ਔਰ ਹੋਰ ਪਾਰਟੀਆਂ ਦੇ ਸਨ । ਉਹ ਹਰ ਵੇਲੇ ਇਸ ਗੱਲ ਦੇ ਪਿੱਛੇ ਰਹਿੰਦੇ ਸਨ ਕਿ ਅਸੀਂ ਕਾਂਗਰਸ ਪਾਰਟੀ ਤੋਂ ਰਾਜ ਖੋਹਣਾ ਹੈ । ਇਨ੍ਹਾਂ ਨੇ ਸੰਨ 1977 ਵਿਚ ਉਹ ਵੀ ਖੋਹ ਲਿਆ ਔਰ ਸੰਨ 1980 ਵਿਚ ਆਪੋਜ਼ੀਸ਼ਨ ਪਾਰਟੀਆਂ ਦੀ ਸਰਕਾਰ ਥੱਲੇ ਆ ਗਈ ਔਰ ਅਕਾਲੀਆਂ ਦਾ ਰਾਜ ਵੀ ਜਾਂਦਾ ਰਿਹਾ।

ਚੇਅਰਮੈਨ ਸਾਹਿਬ, ਕਹਿੰਦੇ ਹਨ ਕਿ ਸੱਪ ਦਾ ਕੱਟਿਆ ਬਚ ਜਾਂਦਾ ਹੈ ਪਰ ਕੁਰਸੀ ਦਾ ਕੱਟਿਆ ਨਹੀਂ ਬਚਦਾ ।

ਸਰਦਾਰ ਬਲਦੇਵ ਸਿੰਘ ਮਾਨ : ਚੇਅਰਮੈਨ ਸਾਹਿਬ, ਇਨ੍ਹਾਂ ਤੋਂ ਪੁੱਛੋ ਕਿ ਕੀ ਇਹ ਗਵਰਨਰ ਐਡਰੈਸ ਹੈ ਜਿਸ ਤੇ ਬੋਲ ਰਹੇ ਹਨ ?

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਹਾਂ, ਇਹ ਗਵਰਨਰ ਐਡਰੈਸ ਹੈ ।

ਸ਼੍ਰੀ ਸਭਾਪਤੀ : ਗੁਪਤਾ ਸਾਹਿਬ, ਤੁਸੀਂ ਚੇਅਰ ਨੂੰ ਐਡਰੈਸ ਕਰੋ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਜਦੋਂ ਦੋ ਸਾਲ ਕਾਂਗਰਸ ਸਰਕਾਰ ਸੀ ਸੰਨ 1980 ਤੋਂ 1982 ਤਕ ਤਾਂ ਇਨ੍ਹਾਂ ਨੇ ਕਿਹਾ ਕਿ ਇਹ ਸਰਕਾਰ ਪੱਕੀ ਹੁੰਦੀ ਜਾਂਦੀ ਹੈ, ਇਸ ਨਾਲ ਅਕਾਲੀ ਨੀਚੇ ਆ ਜਾਣਗੇ । ਇਨ੍ਹਾਂ ਦੇ ਨਾਲ ਦੋ ਤਿੰਨ ਪਾਰਟੀਆਂ ਹੋਰ ਸਨ। ਉਨ੍ਹਾਂ ਨਾਲ ਰਲ ਕੇ ਇਨ੍ਹਾਂ ਨੇ ਐਜੀਟੇਸ਼ਨ ਸ਼ੁਰੂ ਕਰ ਦਿੱਤੀ । ਕਸੂਰ ਇਨ੍ਹਾਂ ਦਾ ਇਕੱਲਿਆਂ ਦਾ ਨਹੀਂ ਹੈ। ਇਹ ਉਨ੍ਹਾਂ ਦੂਸਰਿਆਂ ਦਾ ਕਸੂਰ ਸੀ ਜਿਹੜੇ ਕਿ ਇਨ੍ਹਾਂ ਦੇ ਨਾਲ ਰਲ ਕੇ ਐਜੀਟੇਸ਼ਨਾਂ ਕਰਾਉਂਦੇ ਸਨ। ਜੇਕਰ ਬਿਜਲੀ ਰੇਟ ਵਧੇ ਤਾਂ ਐਜੀਟੇਸ਼ਨ ਸ਼ੁਰੂ ਕਰਵਾ ਦਿੱਤੀ ।

ਮਾਸਟਰ ਮੋਹਨ ਲਾਲ : ਚੇਅਰਮੈਨ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਮੇਰੇ ਮੋਹਤਰਮ ਦੋਸਤ ਕਹਿ ਰਹੇ ਹਨ ਕਿ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਮਿਲ ਕੇ ਅਕਾਲੀ ਮੋਰਚਿਆਂ ਵਿਚ ਸਾਥ ਦਿੰਦੀਆਂ ਰਹੀਆਂ ਹਨ। ਉਹ ਕੰਧੇ ਨਾਲ ਕੰਧਾ ਮਿਲਾ ਕੇ ਸਾਥ ਦਿੰਦੇ ਰਹੇ । ਚੇਅਰਮੈਨ ਸਾਹਿਬ, ਇਸ ਪਵਿੱਤਰ ਹਾਊਸ ਵਿਚ ਬੈਠ ਕੇ ਮੈਂ ਇਹ ਗਵਾਹੀ ਦਿੰਦਾ ਹਾਂ ਕਿ ਸਾਡੀ ਪਾਰਟੀ ਨੇ ਕਿਸੇ

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]
ਵੀ ਐਸੀ ਐਜੀਟੇਸ਼ਨ ਦਾ, ਕਿਸੇ ਵੀ ਐਸੇ ਮੋਰਚੇ ਦਾ, ਜਿਸ ਨਾਲ ਪੰਜਾਬ ਦੀ ਅਖੰਡਤਾ ਨੂੰ, ਦੇਸ਼ ਦੀ ਅਖੰਡਤਾ ਨੂੰ ਧੱਕਾ ਲਗਦਾ ਹੋਵੇ, ਸਮੱਰਥਨ ਨਹੀਂ ਕੀਤਾ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਮੈਂ ਹੁਣ ਉਥੇ ਹੀ ਆਉਂਦਾ ਹਾਂ। ਕਸੂਰ ਇਨ੍ਹਾਂ ਦਾ ਹੀ ਸਾਰਾ ਹੈ। ਜੇਕਰ ਟਰਾਂਸਪਰਟ ਦਾ ਕਿਰਾਇਆ ਵਧਿਆ ਤਾਂ ਇਨ੍ਹਾਂ ਨੇ 'ਬੱਸਾਂ ਰੋਕੋ' ਐਜੀਟੇਸ਼ਨ ਕੀਤੀ । ਇਸ ਵਿਚ ਇਹ ਸਾਰੇ ਹੀ ਸ਼ਾਮਲ ਸਨ, ਤੁਸੀਂ ਰਿਕਾਰਡ ਕਢਾ ਕੇ ਵੇਖ ਲਵੋ, ਇਹ ਵੀ ਗਰਿਫਤਾਰ ਹੋਏ ਹਨ । ਬਿਜਲੀ ਦੇ ਰੇਟਾਂ ਦੀ ਐਜੀਟੇਸ਼ਨ ਵਿਚ ਇਹ ਸ਼ਾਮਲ ਸਨ। ਫਿਰ ਨਹਿਰ ਦਾ ਮੋਰਚਾ ਆ ਗਿਆ। ਕਿਹੜਾ ਪਿੰਡ ਸੀ ਜਿਥੇ ਮੋਰਚਾ ਲਾਇਆ ਸੀ? ਉਸ ਦਾ ਨਾਮ ਹੁਣੇ ਹੀ ਸਰਦਾਰ ਜੀ ਨੇ ਦੱਸਿਆ ਸੀ ....

ਆਵਾਜ਼ਾਂ : ਕਪੂਰੀ, ਕਪੂਰੀ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਹਾਂ ਜੀ, ਫਿਰ ਕਪੂਰੀ ਦੀ ਐਜੀਟੇਸ਼ਨ ਸ਼ੁਰੂ ਕੀਤੀ ਅੱਰ ਉਸ ਵਿਚ ਇਹ ਵੀ ਗਰਿਫਤਾਰ ਹੋਏ । ਸਾਰੇ ਲੀਡਰ ਇਨ੍ਹਾਂ ਦੇ (ਭਾ.ਜ.ਪਾਰਟੀ ਵਲ ਇਸ਼ਾਰਾ) ਉਥੇ ਗਏ ਸਨ। ਚੇਅਰਮੈਨ ਸਾਹਿਬ, ਬੀ.ਜੇ.ਪੀ. ਵਾਲੇ ਜੋ ਹਿੰਦੀ, ਹਿੰਦੂ, ਹਿੰਦੁਸਤਾਨ ਦੀ ਗੱਲ ਕਰਦੇ ਹਨ, ਉਨ੍ਹਾਂ ਨੇ ਹੀ ਸੱਤਿਆਨਾਸ ਕੀਤਾ ਹੈ, ਇਨ੍ਹਾਂ ਨੇ ਲੋਕਾਂ ਕੋਲੋਂ ਲੜਾਈਆਂ ਝਗੜੇ ਕਰਵਾਏ ਹਨ ।

ਮਾਸਟਰ ਮੋਹਨ ਲਾਲ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਗੁਪਤਾ ਸਾਹਿਬ ਸਦਨ ਨੂੰ ਗੁਮਰਾਹ ਕਰ ਰਹੇ ਹਨ ....

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਨ੍ਹਾਂ ਨੇ (ਬੀ.ਜੇ.ਪੀ. ਵੱਲ ਇਸ਼ਾਰਾ) ਅਕਾਲੀ ਵੀਰਾਂ ਨੂੰ ਸਲਾਹ ਦਿੱਤੀ ਕਿ ਤੁਸੀਂ 'ਧਰਮ-ਯੁੱਧ' ਦੇ ਨਾਮ ਤੇ ਲੜਾਈ ਕਰੋ ...

Master Mohan Lal: He is misleading the House, please check him.

ਸ਼੍ਰੀ ਸਭਾਪਤੀ : ਗੁਪਤਾ ਸਾਹਿਬ, ਤੁਹਾਡੇ ਪਾਸ ਇਹ ਇਤਲਾਹ ਕਿੱਥੋਂ ਹੈ ਕਿ ਇਨ੍ਹਾਂ ਨੇ (ਬੀ.ਜੇ.ਪੀ. ਵਲ ਇਸ਼ਾਰਾ) ਸਲਾਹ ਦਿੱਤੀ ?

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਹ ਅਖਬਾਰਾਂ ਵਿਚ ਬਿਆਨ ਆਏ ਹਨ ਜੀ। ਉਹ ਕਢਾ ਲਵੋ। ਚੇਅਰਮੈਨ ਸਾਹਿਬ, ਇਹ ਸਾਡੀਆਂ ਗੱਲਾਂ ਸੁਣਨ, ਅਸੀਂ ਇਨ੍ਹਾਂ ਦੀਆਂ ਸੁਣੀਆਂ ਹਨ।

ਸ਼੍ਰੀ ਸਭਾਪਤੀ : ਤੁਸੀਂ ਵੀ ਕੋਸ਼ਿਸ਼ ਕਰੋ ਕਿ ਗਵਰਨਰ ਐਡਰੈਸ ਤਕ ਹੀ ਮਹਿਦੂਦ ਰਹੋ। (ਥੰਪਿੰਗ) ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਪਰ ਚੇਅਰਮੈਨ ਸਾਹਿਬ, ਥੋੜ੍ਹੀ ਜਿਹੀ ਅਸਲੀਅਤ ਵੀ ਤਾਂ ਦੱਸਣੀ ਚਾਹੀਦੀ ਹੈ । ਅੱਜ ਅਕਾਲੀ ਲੀਡਰਸ਼ਿਪ ਦੇ ਮੋਰਚਿਆਂ ਦੀਆਂ ਗੱਲਾਂ ਕਰਦੇ ਹਨ । ਇਹ ਹਿੰਦੂ ਰਾਜ ਲਿਆਉਣ ਦੀ ਹਿਮਾਇਤ ਕਰਦੇ ਸਨ। ਇਨ੍ਹਾਂ ਦੀ ਸਹਿਮਤੀ ਵੀ ਇਸ ਗੱਲ ਵਿਚ ਸੀ । ਪੰਜਾਬ ਗੌਰਮਿੰਟ ਦੇ ਰਿਕਾਰਡ ਵਿਚ ਹੈ, ਸੈਂਟਰ ਦੇ ਰਿਕਾਰਡ ਵਿਚ ਹੈ ਕਿ ਕਿਹੜੀ ਪਾਰਟੀ ਕੀ ਕੰਮ ਕਰਦੀ ਰਹੀ ਹੈ ।

ਸ਼੍ਰੀ ਰਾਮ ਲਾਲ : ਚੇਅਰਮੈਨ ਸਾਹਿਬ, ਇਹ ਗਲਤ ਬਿਆਨੀ ਕਰ ਰਹੇ ਹਨ । ਸ਼੍ਰੀ ਵਾਜਪਾਈ ਜੀ ਦੀ ਪਾਰਟੀ ਨੇ ਤਾਂ ਦਸ ਵਜੇ ਤੋਂ ਪੰਜ ਵਜੇ ਤਕ ਧਰਨੇ ਰੱਖੇ ਕਿ ਕਤਲ ਬੰਦ ਕਰਵਾਏ ਜਾਣ ਅਸੀਂ । ਬਿਲਕੁਲ ਸਮੱਰਥਨ ਨਹੀਂ ਕੀਤਾ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਮੈਂ ਚਲੋ, ਇਹ ਗੱਲ ਨਹੀਂ ਕਰਦਾ ਪਰ ਬੇਨਤੀ ਹੈ, ਚੇਅਰਮੈਨ ਸਾਹਿਬ, ਕਿ ਇਨ੍ਹਾਂ ਚੀਜ਼ਾਂ ਦੇ ਨਾਲ ਉਥੇ ਅਤਿਵਾਦ ਦਰਬਾਰ ਸਾਹਿਬ ਦੇ ਵਿਚ ਵੜ ਗਿਆ ਅੌਰ ਮੈਂ ਜਾਣਦਾ ਹਾਂ ਕਿ ਅਕਾਲੀ ਪਾਰਟੀ ਦੇ ਮਨ ਵਿਚ ਝਗੜਾ ਕਰਨਾ ਨਹੀਂ ਸੀ ਮਗਰ ਇਨ੍ਹਾਂ ਦੀ ਉਥੇ ਐਸੀ ਮਜਬੂਰੀ ਸੀ ਕਿ ਇਹ ਵਿਚਾਰੇ ਉਸ ਨੂੰ ਹਟਾਉਣ ਜੋਗੇ ਨਹੀਂ ਸੀ ਅੌਰ ਨਾ ਹੀ ਕੁਝ ਕਹਿਣ ਜੋਗੇ ਸਨ। ਨਤੀਜਾ ਇਹ ਹੋਇਆ ਕਿ ਗੱਲ ਵੱਧ ਗਈ, ਕਈ ਘਟਨਾਵਾਂ ਵਾਪਰੀਆਂ ਅੌਰ ਸ਼੍ਰੀਮਤੀ ਇੰਦਰਾ ਗਾਂਧੀ ਜੀ ਦਾ ਕਤਲ ਹੋਇਆ। ਅੌਰ ਬਹੁਤ ਹੀ ਹੋਰ ਭੈੜੀਆਂ ਚੀਜ਼ਾਂ ਹੋਈਆਂ, ਹਿੰਦੁਸਤਾਨ ਵਿਚ ਸਿੱਖ ਭਰਾਵਾਂ ਦਾ ਕਤਲ ਹੋਇਆ। ਬਹੁਤ ਬੁਰਾ ਹੋਇਆ। ਉਸ ਦੇ ਵਾਸਤੇ ਇਨਕੁਆਇਰੀ ਕਮਿਸ਼ਨ ਬਣ ਚੁਕਿਆ ਹੈ। ਉਹ ਫੈਸਲਾ ਕਰੇਗਾ ਅੌਰ ਜਿਸ ਦਾ ਕਸੂਰ ਹੋਵੇਗਾ, ਪਬਲਿਕ ਦੇ ਸਾਹਮਣੇ ਆ ਜਾਵੇਗਾ ਮਗਰ ਇਨ੍ਹਾਂ ਨੇ ਜੋ ਕਿਹਾ ਹੈ, ਮੈਂ ਉਸ ਦਾ ਜ਼ਿਕਰ ਨਹੀਂ ਕਰਦਾ ਪਰ ਇਹ ਕਹਿੰਦਾ ਹਾਂ ਕਿ ਜਦੋਂ ਬਾਅਦ ਵਿਚ ਰਾਜੀਵ ਗਾਂਧੀ ਜੀ ਪ੍ਰਾਈਮ ਮਨਿਸਟਰ ਬਣ ਗਏ ਤਾਂ ਆਪੋਜ਼ੀਸ਼ਨ ਪਾਰਟੀਆਂ ਦੀਆਂ ਸਟੇਟਮੈਂਟਾਂ ਆਉਣੀਆਂ ਸ਼ੁਰੂ ਹੋ ਗਈਆਂ ਕਿ ਇਸ ਪਾਸੋਂ ਸਰਕਾਰ ਨਹੀਂ ਸੰਭਾਲ ਹੋਣੀ, ਇਹ ਅਨਾੜੀ ਹੈ, ਇਸ ਨੂੰ ਸੂਝ-ਬੂਝ ਨਹੀਂ ਹੈ। ਫਿਰ ਕਹਿਣ ਲਗ ਪਏ ਕਿ ਇਸ ਨੇ ਇਲੈਕਸ਼ਨਾਂ ਨਹੀਂ ਕਰਾਉਣੀਆਂ ਅੌਰ ਇਹ ਆਰਡੀਨੈਂਸ ਜਾਰੀ ਕਰੇਗਾ। ਪਰ ਉਨ੍ਹਾਂ ਨੇ ਆਪਣੀ ਮਾਤਾ ਦੇ ਸੁਵਰਗਵਾਸ ਹੋਣ ਦੇ ਕੁਝ ਹੀ ਦਿਨਾਂ ਬਾਅਦ ਹੀ ਇਲੈਕਸ਼ਨਾਂ ਕਰਵਾਈਆਂ ਅੌਰ ਜੋ 'ਹਿੰਦੀ, ਹਿੰਦੂ, ਹਿੰਦੁਸਤਾਨ' ਦੀ ਗੱਲ ਕਰਦੇ ਸਨ, ਇਹ ਦੋ ਹੀ ਆਏ ਹਨ। ਮੇਰੇ ਗੱਲ ਕਹਿਣ ਦਾ ਭਾਵ ਇਹ ਹੈ ਕਿ ਜਿਹੜੀ ਕਮਿਊਨਲ ਪਾਰਟੀ ਹੈ, ਜਿਹੜੀ ਧਰਮ ਦੇ ਨਾਮ ਤੇ ਹਕੂਮਤ ਕਰਨਾ ਚਾਹੁੰਦੀ ਹੈ, ਉਹ ਧਰਮ ਦੇ ਨਾਮ ਤੇ ਹੀ ਖਤਮ ਹੋ ਜਾਵੇਗੀ। (ਵਿਰੋਧੀ ਧਿਰ ਵਲੋਂ ਥੰਪਿੰਗ) ਅੱਜ ਕਈ ਚੀਜ਼ਾਂ ਦੀ ਲੋੜ ਹੈ ਜੋ ਮੈਂ ਬੇਨਤੀ ਕਰ ਰਿਹਾਂ ਹਾਂ।

ਚੇਅਰਮੈਨ ਸਾਹਿਬ, ਉਸ ਤੋਂ ਬਾਅਦ ਇਲੈਕਸ਼ਨ ਕਰਵਾਏ। ਅਸੀਂ ਲੌਂਗੋਵਾਲ ਨੂੰ ਸ਼ਰਧਾਂਜਲੀ ਦਿੰਦੇ ਹਾਂ। ਉਹ ਪੰਜਾਬ ਦੇ ਮਹਾਤਮਾ ਗਾਂਧੀ ਬਣ ਕੇ ਸ਼ਹੀਦ ਹੋ ਗਏ ਹਨ। ਪੰਜਾਬ ਵਿਚ ਪੀਸ ਰੱਖਣ ਵਾਸਤੇ ਉਨ੍ਹਾਂ ਨੇ ਆਪਣੀ ਕੁਰਬਾਨੀ ਦੇ ਦਿੱਤੀ ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਉਹ ਅਤਿ-ਵਾਦ ਦੇ ਹੱਥੋਂ ਮਾਰੇ ਗਏ ਪਰ ਇਨ੍ਹਾਂ ਨੇ ਉਸ ਨੂੰ ਬੁਰਾ ਨਹੀਂ ਕਿਹਾ। ਅੱਜ ਵੀ ਇਹ ਉਨ੍ਹਾਂ ਤੋਂ ਡਰਦੇ ਹਨ। ਅੱਜ ਜੋ ਇਹ ਕੰਮ ਕਰ ਰਹੇ ਹਨ, ਮੈਂ ਸੋਚਦਾ ਹਾਂ ਕਿ ਇਹ ਰਾਜ ਕਿਸ ਤਰ੍ਹਾਂ ਕਰਨਗੇ ? ਅਸੀਂ ਤਾਂ ਚਾਹੁੰਦੇ ਸੀ ਕਿ ਇਨ੍ਹਾਂ ਦਾ ਰਾਜ ਆ ਜਾਏ ਤਾਂ ਹਾਲਾਤ ਠੀਕ ਹੋ ਜਾਣਗੇ ਪਰ ਹੁਣ ਜੋ ਕੁਝ ਹੋ ਰਿਹਾ ਹੈ, ਉਹ ਤੁਹਾਨੂੰ ਵੀ ਪਤਾ ਹੈ। ਅੱਜ ਇਹ ਕਹਿੰਦੇ ਹਨ ਕਿ ਇਹ ਰਾਜ ਜਿਤ ਗਏ ਹਨ ਅੌਰ ਅਸੀਂ ਮੁਕਾਬਲੇ ਵਿਚ ਹਾਰ ਗਏ ਹਾਂ ਪਰ ਅਸਲ ਵਿਚ ਤੁਹਾਨੂੰ ਵੀ ਪਤਾ ਹੈ ਕਿ ਇਨ੍ਹਾਂ ਨੂੰ ਰਾਜ ਰਾਜੀਵ ਗਾਂਧੀ ਹੀ ਦੇ ਗਿਆ ਹੈ, ਨਹੀਂ ਤਾਂ ਇਨ੍ਹਾਂ ਨੇ ਇਲੈਕਸ਼ਨਾਂ ਵਿੱਚ ਢਹਿ ਜਾਣਾ ਸੀ। ਜਿਹੜੀ ਅੰਦਰਲੀ ਗਲ ਹੈ, ਉਹ ਇਨ੍ਹਾਂ ਨੂੰ ਵੀ ਪਤਾ ਹੈ। ਇਹ ਮੈਂ ਨਹੀਂ ਕਹਿ ਰਿਹਾ ਬਲਕਿ ਅਖਬਾਰਾਂ ਵਿਚ ਵੀ ਇਹ ਆਇਆ ਹੈ। ਅਸੀਂ ਇਹ ਕਹਿੰਦੇ ਹਾਂ ਇਹ ਰਾਜ ਕਰਨ। ਇਨ੍ਹਾਂ ਦਾ ਰਾਜ ਕਰਨ ਦਾ ਹੱਕ ਹੈ . . . .

ਸਰਦਾਰ ਸੁਖਦੇਵ ਸਿੰਘ ਢਿਲੋਂ : ਚੇਅਰਮੈਨ ਸਾਹਿਬ, ਜਿਹੜਾ ਇਨਸਾਨ ਹਾਊਸ ਵਿਚ ਹਾਜ਼ਰ ਨਹੀਂ ਹੈ, ਉਸ ਦੇ ਬਾਰੇ ਨਹੀਂ ਕੁਝ ਕਹਿਣਾ ਚਾਹੀਦਾ। ਇਨ੍ਹਾਂ ਨੇ ਕਿਹਾ ਹੈ ਕਿ ਰਾਜੀਵ ਗਾਂਧੀ ਰਾਜ ਦੇ ਗਿਆ। ਇਨ੍ਹਾਂ ਨੂੰ ਪਤਾ ਹੈ ਕਿ ਅਸੀਂ ਰਾਜ ਗੋਡਾ ਦੇ ਕੇ ਲਿਆ ਹੈ (ਥੰਪਿੰਗ) (ਹਾਸਾ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਜੋ ਅਖਬਾਰ ਵਿਚ ਆਇਆ ਹੈ, ਮੈਂ ਤੁਹਾਨੂੰ ਉਹ ਪੜ੍ਹ ਕੇ ਸੁਣਾ ਦਿੰਦਾ ਹਾਂ।

Original with;
Punjab Vidhan Sabha
Digitized by;
Panjab Digital Library

[Shri Om Parkash Gupta]

"Rajiv wins as he loses", said the heading of an editorial in a leading British daily today.

Mr. Gandhi is highly praised by Western commentators for his handling of the Punjab problem, particularly the accord he signed with Sant Harchand Singh Longowal and his decision to go ahead with the elections even after the Sant had been assassinated. The young Indian leader has displayed "unpredicted skill" and "deserves all the credit", The Guardian said in the editorial.

The election result which has given the Akali Dala resounding win is seen by these comentators as acceptance of the peace accord and rejection of the extremists. Mr. Gandhi is unlikely to lose sleep over the result, a British newspaper correspondent reported from New Delhi today.

The Sikhs repudiated terrorism by going to the polls on Wednesday.... The Guardian added that it was a vote for national reconciliation.

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ : ਚੇਅਰਮੈਨ ਸਾਹਿਬ, ਇਹ ਤਾਂ ਦਸ ਦੇਣ ਕਿ ਜਿਹੜਾ ਇਨ੍ਹਾਂ ਨੇ ਪੜ੍ਹਿਆ ਹੈ, ਉਸ ਦੇ ਅਰਥ ਕੀ ਹਨ ? (ਹਾਸਾ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਇਹ ਚੰਗਾ ਹੈ ਕਿ ਇਨ੍ਹਾਂ ਦਾ ਰਾਜ ਆ ਗਿਆ ਹੈ । ਹੁਣ ਇਹ ਜਿਹੜਾ ਕਿਹਾ ਕਰਦੇ ਸਨ, ਇਲੈਕਸ਼ਨਾਂ ਤੋਂ ਪਹਿਲਾਂ ਦੇ ਬਿਆਨ ਸਨ ਕਿ ਜੇ ਇਨ੍ਹਾਂ ਦਾ ਰਾਜ ਆ ਗਿਆ ਤਾਂ ਟੈਰੋਰਿਜ਼ਮ ਖਤਮ ਹੋ ਜਾਵੇਗਾ, ਕੋਈ ਕਿਸੇ ਨੂੰ ਨਹੀਂ ਮਾਰੇਗਾ। ਹੁਣ ਇਨ੍ਹਾਂ ਦਾ ਰਾਜ ਆ ਗਿਆ ਹੈ। ਅਸੀਂ ਇਨ੍ਹਾਂ ਨੂੰ ਕੋਆਪਰੇਟ ਕਰਾਂਗੇ। ਸਾਡੇ ਲੀਡਰ ਨੇ ਵੀ ਇਹੀ ਕਿਹਾ ਹੈ। ਅਸੀਂ ਵੀ ਇਹੀ ਉਮੀਦ ਰਖਦੇ ਸੀ ਕਿ ਹੁਣ ਹਾਲਾਤ ਠੀਕ ਹੋ ਜਾਣਗੇ ਪਰ ਵੇਖਣ ਵਿਚ ਆਇਆ ਹੈ ਕਿ 29 ਤਾਰੀਖ ਤੋਂ ਬਾਅਦ ਜਦੋਂ ਦੀ ਇਨ੍ਹਾਂ ਦੀ ਸਰਕਾਰ ਬਣੀ ਹੈ, ਹੁਣ ਤਕ 10 ਕਤਲ ਹੋ ਚੁੱਕੇ ਹਨ, 10–12 ਜ਼ਖਮੀ ਹੋ ਚੁਕੇ ਹਨ ਅੌਰ ਜਿਹੜੇ ਲੁੱਟਣ ਦੇ ਕੇਸ ਹੋਏ ਹਨ, ਇਨ੍ਹਾਂ ਦੀ ਤਾਂ ਬੜੀ ਲੰਮੀ ਲਿਸਟ ਹੈ। ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਹਾਨੂੰ ਪਤਾ ਹੈ ਕਿ ਪਿਛਲੀ ਸਰਕਾਰ ਕਿਉਂ ਟੁੱਟੀ ਸੀ। ਉਸ ਵੇਲੇ ਵੀ ਇਹੀ ਹਾਲਾਤ ਹੋ ਰਹੇ ਸਨ ਅੌਰ ਉਹ ਨਾ ਰੁਕਣ ਦਾ ਜੋ ਨਤੀਜਾ ਨਿਕਲਿਆ ਸੀ, ਉਹ ਤੁਹਾਨੂੰ ਪਤਾ ਹੀ ਹੈ। ਇਸ ਲਈ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜੇ ਤੁਸੀਂ ਆਪਣਾ ਰਾਜ ਕੰਟੀਨਿਊ ਕਰਨਾ ਹੈ ਤਾਂ ਤੁਹਾਨੂੰ ਹਿੰਦੂ ਸਿੱਖ ਨੂੰ ਇਕੱਠਾ ਕਰਨਾ ਪਵੇਗਾ, ਟੈਰੋਰਿਜ਼ਮ ਦਾ ਮੁਕਾਬਲਾ ਕਰਨਾ ਪਵੇਗਾ। ਲਾਅ ਅੈਂਡ ਆਰਡਰ ਮੇਨਟੇਨ ਕਰਨਾ ਪਵੇਗਾ ਅੌਰ ਜਿਹੜੇ ਕਤਲ ਹੋ ਰਹੇ ਹਨ, ਉਨ੍ਹਾਂ ਨੂੰ ਬੰਦ ਕਰਨਾ ਪਵੇਗਾ। ਹੁਣ ਮੈਂ ਦੋ ਚਾਰ ਗਲਾਂ ਹੋਰ ਆਈਟਮਾਂ ਤੇ ਕਹਿਣਾ ਚਾਹੁੰਦਾ ਹਾਂ । ਅਕਾਰਡ ਤਾਂ ਸਾਰਿਆਂ ਨੇ ਕਿਹਾ ਹੈ ਕਿ ਅਸੀਂ ਅਕਾਰਡ ਦੇ ਨਾਲ ਹਾਂ। ਤੁਸੀਂ ਵੀ ਇਹ ਕਿਹਾ ਹੈ, ਅਸੀਂ ਵੀ ਕਿਹਾ ਹੈ ਪਰ ਅੱਜ ਤੁਹਾਨੂੰ ਪਤਾ ਨਹੀਂ ਕੀ ਹੁੰਦਾ ਜਾ ਰਿਹਾ ਹੈ। ਚੇਅਰਮੈਨ ਸਾਹਿਬ, ਮੈਂ ਇਕ ਅਰਜ਼ ਕਰਨੀ ਚਾਹਵਾਂਗਾ ਕਿ ਪੰਜਾਬ ਵਿਚ ਜਿਹੜੇ ਇਲੈਕ–ਸ਼ਨ ਹੋਏ ਹਨ, ਇਹ ਬਹੁਤ ਪੀਸਫੁਲ ਹੋਏ ਹਨ। ਸਾਰੇ ਪੰਜਾਬ ਵਿਚ ਕੋਈ ਇਕ ਜਾਂ 2 ਕਤਲ ਹੋਏ ਹਨ। ਉਹ ਵੀ ਕੋਈ ਅਤਿਵਾਦ ਦੇ ਕੇਸ ਨਹੀਂ ਸਨ ਬਲਕਿ ਆਪਸੀ ਝਗੜੇ ਦੇ ਸਨ। ਇਸ ਲਈ ਚਾਹੇ ਗਵਰਨਰ ਸਾਹਿਬ ਦੀ ਸਮਝਦਾਰੀ ਸਮਝ ਲਵੋ ਜਾਂ ਇਨ੍ਹਾਂ ਦੀ ਸਮਝਦਾਰੀ ਸਮਝ ਲਵੋ ਜਾਂ ਸਾਡੀ ਸਮਝ ਲਵੋ ਜੋ ਅਸੀਂ ਕਿਹਾ ਕਿ ਹਿੰਦੂ ਸਿੱਖ ਇਕ ਹਾਂ। ਤੁਸੀਂ ਬੇਸ਼ਕ ਕਹੀ ਜਾਓ, ਅਸੀਂ ਅਲੱਗ ਹਾਂ ਪਰ ਅਸੀਂ ਕਹਿੰਦੇ ਹਾਂ ਕਿ ਅਸੀਂ ਅੱਡ ਨਹੀਂ ਹਾਂ। ਅਸੀਂ ਸਭ ਇਕ ਹਾਂ।

ਸਰਦਾਰ ਬਲਦੇਵ ਸਿੰਘ ਮਾਨ (ਬੈਠੇ, ਬੈਠੇ) : ਸ਼ੁਕਰ ਹੈ ਤੁਹਾਨੂੰ ਅਕਲ ਆ ਗਈ ਹੈ। (ਵਿਘਨ)

ਸ਼੍ਰੀ ਸਭਾਪਤੀ : ਚੇਅਰ ਨੂੰ ਅੈਡਰਸ ਕਰੋ। ਤੁਸੀਂ ਉਨ੍ਹਾਂ ਨੂੰ ਨਾ ਕਹੋ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਹ ਵਿਚ ਟੋਕਣ ਲੱਗ ਜਾਂਦੇ ਹਨ। ਇਨ੍ਹਾਂ ਨੂੰ ਰੋਕੋ। ਚੇਅਰਮੈਨ ਸਾਹਿਬ, ਅੱਜ ਪੰਜਾਬ ਦੇ ਅੰਦਰ ਬਿਹਾਰ ਅੌਰ ਯੂ. ਪੀ. ਦਾ ਮਜ਼ਦੂਰ 30–30 ਸਾਲ ਤੋਂ ਟਿਕਿਆ

Original with;
Punjab Vidhan Sabha
Digitized by;
Panjab Digital Library

ਹੋਇਆ ਹੈ, ਉਸ ਨੇ ਜਗ੍ਹਾ ਬਣਾ ਲਈ ਹੈ, ਰਾਸ਼ਨ ਕਾਰਡ ਬਣਾ ਲਏ ਹਨ, ਵੋਟਰ ਲਿਸਟ ਵਿਚ ਸ਼ਾਮਲ ਹੋ ਗਿਆ ਹੈ। ਪੰਜਾਬ ਦੀ ਐਗਰੀਕਲਚਰ ਔਰ ਇੰਡਸਟਰੀ ਵਿਚ ਉਸ ਦਾ ਬਹੁਤ ਜ਼ਿਆਦਾ ਹਿੱਸਾ ਹੈ।

ਸਰਦਾਰ ਕੁਲਦੀਪ ਸਿੰਘ ਵਡਾਲਾ : ** ** **

ਸ਼੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਇਹ ਗਲ ਕਰ ਰਿਹਾ ਸੀ ਕਿ ਅੱਜ ਇੰਡਸਟਰੀ ਦੀ ਹਾਲਤ ਬਹੁਤ ਮਾੜੀ ਹੈ, ਲੇਬਰ ਦੀ ਹਾਲਤ ਬਹੁਤ ਮਾੜੀ ਹੈ। ਜੇ ਜ਼ਿਮੀਦਾਰ ਦਾ ਕੋਈ ਕੁਦਰਤੀ ਆਫ਼ਤਾਂ ਕਰਕੇ ਨੁਕਸਾਨ ਹੋ ਜਾਵੇ ਤਾਂ ਉਸ ਨੂੰ ਤਾਂ ਕੁਝ ਕਲੇਮ ਮਿਲ ਜਾਂਦਾ ਹੈ। ਚਾਹੇ ਇਨ੍ਹਾਂ ਦੀ ਸਰਕਾਰ ਨੂੰ ਆਏ ਥੋੜ੍ਹੇ ਦਿਨ ਹੋਏ ਹਨ ਔਰ ਮੇਜਰ ਸਿੰਘ ਉਬੋਕੇ ਨੇ ਕਲੇਮਜ਼ ਦਾ ਐਲਾਨ ਕੀਤਾ ਹੈ। ਇਹ ਕਲੇਮਜ਼ ਐਗਰੀਕਲਚਰ ਸੈਕਟਰ ਵਿਚ ਹੀ ਮਿਲਦੇ ਹਨ। ਇਹ ਬਾਕੀ ਕਿਸੇ ਹੋਰ ਸੈਕਟਰ ਵਿਚ ਨਹੀਂ ਮਿਲਦਾ ਹੈ। ਪੰਜਾਬ ਦੇ ਵਿਚ ਇੰਡਸਟਰੀਅਲਿਸਟ ਕਲੇਮਜ਼ ਨਹੀਂ ਮੰਗਦਾ ਬਲਕਿ ਉਹ ਚਾਹੁੰਦਾ ਹੈ ਕਿ ਪੰਜਾਬ ਵਿਚ ਸ਼ਾਂਤੀ ਹੋਵੇ ਤਾਂ ਹੀ ਪੰਜਾਬ ਤਰੱਕੀ ਕਰ ਸਕਦਾ ਹੈ। 1977–80 ਤੱਕ ਦੇ ਤੁਸੀਂ ਫਿਗਰਜ਼ ਐਗਰੀਕਲਚਰ ਦੇ ਦੇਖ ਲਵੋ ਤਾਂ ਪਤਾ ਲਗ ਜਾਵੇਗਾ ਅਤੇ ਹੁਣ ਤੱਕ 90% ਜ਼ਮੀਨਾਂ ਡਿਵੈਲਪ ਹੋ ਚੁੱਕੀਆਂ ਹਨ ਅਤੇ ਇਸ ਨੂੰ ਹੋਰ ਡਿਵੈਲਪ ਕਰਨ ਦੀ ਲੋੜ ਹੈ ਤਾਕਿ ਇਸ ਜ਼ਮੀਨ ਵਿਚੋਂ ਪੈਦਾਵਾਰ ਨੂੰ ਮਲਟੀਪਲਾਈ ਕਰ ਸਕੀਏ। ਅਸੀਂ ਰੂਰਲ ਏਰੀਆ ਦੇ ਵਿਚ ਪਾਣੀ ਅਤੇ ਬਿਜਲੀ ਜ਼ਿਆਦਾ ਦਿੱਤੀ ਹੈ। ਪੰਜਾਬ ਦਾ ਕਿਸਾਨ 1% ਹੈ ਜਦ ਕਿ ਸਾਰੇ ਹਿੰਦੁਸਤਾਨ ਦਾ 99% ਕਿਸਾਨ ਬੈਠਾ ਹੈ। ਐਗਰੀਕਲਚਰ ਸੈਕਟਰ ਨੂੰ ਹੋਰ ਡਿਵੈਲਪ ਕਰਨ ਦੀ ਲੋੜ ਹੈ ਅਤੇ ਇਸ ਦੇ ਨਾਲ ਇੰਡਸਟਰੀ ਦੇ ਸੈਕਟਰ ਨੂੰ ਡਿਵੈਲਪ ਕਰਨ ਦੀ ਲੋੜ ਹੈ ਤਾਂ ਹੀ ਸਾਰਾ ਪੰਜਾਬ ਤਰੱਕੀ ਕਰ ਸਕਦਾ ਹੈ। ਅਸੀਂ ਸਿਰਫ ਪੰਜਾਬ ਵਿਚ ਸ਼ਾਂਤੀ ਅਤੇ ਪੀਸ ਚਾਹੁੰਦੇ ਹਾਂ। ਹਾਲਾਤ ਪਿਛੇ ਕਾਫੀ ਸੁਧਰ ਗਏ ਸਨ ਪਰ ਪਿਛਲੇ ਇਕ ਮਹੀਨੇ ਤੋਂ ਹਾਲਾਤ ਫਿਰ ਖਰਾਬ ਹੋਣ ਲਗ ਗਏ ਹਨ। ਲੋਕ ਪਹਿਲੇ ਕੰਮ ਕਰਨ ਲਗ ਗਏ ਸਨ ਅਤੇ ਲੋਕੀਂ ਬਾਹਰੋਂ ਮਾਲ ਲੈ ਕੇ ਆਉਣ ਲਗ ਗਏ ਸਨ ਪਰ ਹੁਣ ਫਿਰ ਉਨ੍ਹਾਂ ਦੇ ਦਿਲਾਂ ਵਿਚ ਡਰ ਪੈਦਾ ਹੋ ਗਿਆ ਹੈ। ਸਰਕਾਰ ਆਪਣੀ ਪਾਰਟੀ ਦਾ ਕਿਸੇ ਆਦਮੀ ਨੂੰ ਭੇਜ ਕੇ ਪਤਾ ਕਰ ਲਵੇ। ਅਗਰ ਪੰਜਾਬ ਵਿਚ ਸ਼ਾਂਤੀ ਹੋਵੇਗੀ ਤਾਂ ਇਨ੍ਹਾਂ ਦੀ ਸਰਕਾਰ ਨੂੰ ਕਰੈਡਿਟ ਜਾਵੇਗਾ, ਨਹੀਂ ਤਾਂ ਡਿਸਕਰੈਡਿਟ ਵਾਲੀ ਗੱਲ ਹੋਵੇਗੀ ਅਤੇ ਵਰਲਡ ਨੂੰ ਦਸੋ ਕਿ ਅਸੀਂ ਸ਼ਾਂਤੀ ਸਥਾਪਿਤ ਕਰ ਦਿੱਤੀ ਹੈ, ਨਹੀਂ ਤਾਂ ਵਰਲਡ ਕਹੇਗਾ ਕਿ ਅਕਾਲੀ ਰਾਜ ਵਿਚ ਆਉਣ ਤੋਂ ਬਾਦ ਵੀ ਪੰਜਾਬ ਵਿਚ ਸ਼ਾਂਤੀ ਪੈਦਾ ਨਹੀਂ ਕਰ ਸਕੇ। ਤੁਸੀਂ ਭਾਵੇਂ ਕੋਈ ਕਮਿਸ਼ਨ ਬਿਠਾ ਲਵੋ, ਚਾਹੇ ਇਹ ਕੁਰੱਪਸ਼ਨ ਦਾ ਹੋਵੇ, ਚਾਹੇ ਇਹ ਐਕਸਟਰੀਮਿਸਟਾਂ ਪ੍ਰਤੀ ਹੋਵੇ ਪਰ ਸਵਾਲ ਸਾਡੇ ਸਾਹਮਣੇ ਸ਼ਾਂਤੀ ਦਾ ਹੈ। ਹੁਣ ਸਰਕਾਰ ਤੁਹਾਡੀ ਹੈ, ਇਸ ਨੂੰ ਪੈਦਾ ਤੁਸੀਂ ਕਰਨਾ ਹੈ ਅਤੇ ਅਸੀਂ ਤੁਹਾਡੇ ਨਾਲ ਹਾਂ। ਗਵਰਨਰ ਸਾਹਿਬ ਦੇ ਐਡਰੈਸ ਵਿਚ ਲੇਬਰ ਵੈਲਫਅਰ ਬਾਰੇ ਕੁਝ ਨਹੀਂ ਕਿਹਾ ਗਿਆ। ਇਸ ਵਕਤ ਪੰਜਾਬ ਵਿਚ 20 ਲੱਖ ਲੇਬਰ ਕੰਮ ਕਰ ਰਹੀ ਹੈ ਅਤੇ 60 ਹਜ਼ਾਰ ਇੰਡਸਟਰੀਅਲ ਯੂਨਿਟਜ਼ ਚਲ ਰਹੇ ਹਨ। ਇਸ ਦੇ ਵਿਚ ਛੋਟੀ ਅਤੇ ਵੱਡੀ ਇੰਡਸਟਰੀ ਸ਼ਾਮਲ ਹੈ। ਤਕਰੀਬਨ ਇਨ੍ਹਾਂ ਇੰਡਸਟਰੀਜ਼ ਉਤੇ 20 ਲੱਖ ਲੋਕ ਗੁਜ਼ਾਰਾ ਕਰ ਰਹੇ ਹਨ। ਇਹ ਸਟੇਟ ਗੌਰਮਿੰਟ ਦਾ ਫਰਜ਼ ਬਣਦਾ ਹੈ ਕਿ ਉਹ ਉਨ੍ਹਾਂ ਦੀ ਰਾਖੀ ਕਰੇ ਅਤੇ ਪੰਜਾਬ ਵਿਚ ਸ਼ਾਂਤੀ ਰੱਖੇ। ਅਸੀਂ ਅਕਾਲੀ ਪਾਰਟੀ ਦੇ ਨਾਲ ਹਾਂ ਅਤੇ ਇਹ ਪੰਜਾਬ ਨੂੰ ਇੰਡੀਆ ਦੀ ਮੇਨ ਸਟਰੀਮ–ਲਾਈਨ ਤੇ ਲਿਆਉਣ। ਜਿਹੜੀ ਐਗਰੀਕਲਚਰਲ ਲੇਬਰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਹੈ। ਇਹ ਸਾਲ ਵਿਚ 2 ਵਾਰੀ ਆਉਂਦੀ ਅਤੇ ਜਾਂਦੀ ਹੈ ਪਰ ਇੰਡਸਟਰੀਅਲ ਸੈਕਟਰ ਦੀ ਲੇਬਰ ਸਾਰਾ ਸਾਲ ਕੰਮ ਕਰਦੀ ਹੈ। ਲੇਬਰ ਵਾਸਤੇ ਵੈਲਫੇਅਰ ਲਾਅ ਬਣੇ ਹੋਏ ਹਨ ਅਤੇ ਇੰਡਸਟਰੀਅਲ ਲੇਬਰ ਦੀ ਅਗਰ ਕਿਸੇ ਦੀ ਬਾਂਹ ਕੱਟੀ ਜਾਵੇ ਜਾਂ ਮਰ ਜਾਵੇ ਅਤੇ ਜ਼ਖਮੀ ਹੋ ਜਾਵੇ ਤਾਂ ਉਸ ਨੂੰ ਕਲੇਮ ਮਿਲਦਾ ਹੈ ਪਰ ਐਗਰੀਕਲਚਰ ਲੇਬਰ ਨੂੰ ਨਹੀਂ ਮਿਲਦਾ ਹੈ। ਇਹ ਇਨ੍ਹਾਂ ਨਾਲ ਜ਼ਿਆਦਤੀ ਹੈ ਅਤੇ ਇਸ ਨੂੰ ਦੂਰ ਕਰਨਾ ਚਾਹੀਦਾ ਹੈ। ਇਸ ਗਵਰਨਰ ਐਡਰੈਸ ਦੇ ਵਿਚ ਲੇਬਰ ਵੈਲਫੇਅਰ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਸਾਡੀ ਇੰਡਸਟਰੀਅਲ ਲੇਬਰ ਰਾਤ ਨੂੰ ਸਟੇਸ਼ਨਾਂ ਤੇ ਸੌਂਦੀ ਹੈ ਕਿਉਂਕਿ ਉਨ੍ਹਾਂ ਕੋਲ ਰਹਿਣ ਵਾਸਤੇ ਕੋਈ ਆਸਰਾ ਨਹੀਂ ਹੈ। ਮੇਰੇ ਲੁਧਿਆਣੇ ਵਿਚ ਇਕ ਸਿਵਿਲ ਹਸਪਤਾਲ ਹੈ ਜਿਸ ਦਾ ਪਿਛਲੇ 2 ਸਾਲ ਹੋਏ ਗਵਰਨਰ ਸਾਹਿਬ ਨੇ ਬੁਨਿਆਦੀ ਪੱਥਰ ਰਖਿਆ ਸੀ ਪਰ ਇਸ ਉਤੇ ਨਾ ਪਿਛਲੀ ਸਰਕਾਰ ਨੇ ਕੋਈ ਪੈਸਾ ਰਖਿਆ ਸੀ ਅਤੇ ਨਾ ਹੀ ਇਸ ਸਰਕਾਰ ਨੇ ਸਪਲੀਮੈਂਟਰੀ ਬਜਟ ਵਿਚ ਕੋਈ ਪੈਸਾ ਰਖਿਆ ਹੈ। ਅਗਰ ਸਰਦਾਰ ਬਸੰਤ ਸਿੰਘ ਇਥੇ ਹੁੰਦੇ ਤਾਂ ਉਨ੍ਹਾਂ ਨੂੰ ਪੁਛਦਾ। ਉਹ ਮੇਰੇ ਨਾਲ ਇਸ ਹਸਪਤਾਲ ਬਾਰੇ ਪਹਿਲੇ ਗੱਲਾਂ ਕਰਦੇ ਰਹੇ ਹਨ । ਤੁਸੀਂ ਇਸ ਬਾਰੇ ਕੁਝ ਸੋਚੋ ਅਤੇ ਪਿੰਡਾਂ ਦੀ ਭਲਾਈ ਵਾਸਤੇ ਵੀ ਕੁਝ ਕਰੋ। ਅਸੀਂ ਤੁਹਾਡੇ ਨਾਲ ਹਾਂ ਪਰ ਅਗਰ ਤੁਸੀਂ ਕਿਸੇ ਥਾਂ ਵਿਤਕਰਾ ਕਰੋਗੇ ਫੇਰ ਅਸੀਂ ਬਰਦਾਸ਼ਤ ਨਹੀਂ ਕਰਾਂਗੇ। ਕਿਉਂਕਿ ਤੁਸੀਂ 1977–80 ਦੇ ਵਿਚ ਸਾਡੇ ਨਾਲ ਵਿਤਕਰਾ ਕਰਦੇ ਰਹੇ ਹੋ ਪਰ ਹੁਣ ਅਸੀਂ ਤੁਹਾਨੂੰ ਵਿਤਕਰਾ ਨਹੀਂ ਕਰਨ ਦੇਣਾ। ਇਸ ਲਈ ਸਰਕਾਰ ਨੂੰ ਵਿਤਕਰੇ ਵਾਲੀ ਪਾਲਿਸੀ ਹੁਣ ਛੱਡ ਦੇਣੀ ਚਾਹੀਦੀ ਹੈ।

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ: ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਥੇ ਇਹ ਇਲਜ਼ਾਮ ਲਗਾਇਆ ਜਾ ਰਿਹਾ ਹੈ ਕਿ 1977–80 ਤਕ ਅਕਾਲੀ ਪਾਰਟੀ ਦੀ ਸਰਕਾਰ ਸ਼ਹਿਰਾਂ ਦੇ ਨਾਲ ਵਿੱਤਕਰਾ ਕਰਦੀ ਰਹੀ ਸੀ। ਪੰਜਾਬ ਵਿਚ 3 ਮਿਉਂਸਪਲ ਕਾਰਪੋਰੇਸ਼ਨਾਂ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਹਨ। ਮੈਂ ਜਲੰਧਰ ਇਮਪਰੂਵਮੈਂਟ ਟਰੱਸਟ ਦਾ ਚੇਅਰਮੈਨ 3 ਸਾਲ ਰਿਹਾ ਹਾਂ। ਉਸ ਸਮੇਂ ਸਰਦਾਰ ਬਲਵੰਤ ਸਿੰਘ, ਫਾਈਨੈਂਸ ਮਨਿਸਟਰ ਰਹੇ ਹਨ । ਸਰਦਾਰ ਬਲਵੰਤ ਸਿੰਘ ਨੇ ਸ਼ਹਿਰਾਂ ਦੀ ਸੀਵਰੇਜ ਦੀ ਡਿਵੈਲਪਮੈਂਟ ਵਾਸਤੇ 68 ਕਰੋੜ ਰੁਪਏ ਦਾ ਇੰਤਜ਼ਾਮ ਕੀਤਾ ਸੀ। ਇਹ ਬਿਲਕੁਲ ਗਲਤ ਬਿਆਨੀ ਕਰ ਰਹੇ ਹਨ ਕਿ ਅਕਾਲੀ ਪਾਰਟੀ ਦੀ ਸਰਕਾਰ ਵੇਲੇ ਸ਼ਹਿਰਾਂ ਦੇ ਨਾਲ ਵਿੱਤਕਰਾ ਕੀਤਾ ਜਾਂਦਾ ਰਿਹਾ ਹੈ। ਉਸ 3 ਸਾਲ ਦੇ ਸਮੇਂ ਵਿਚ ਅਸੀਂ ਜਲੰਧਰ ਵਿਚ 3000 ਪਲਾਟ ਕੱਟ ਕੇ ਲੋਕਾਂ ਵਿਚ ਵੰਡੇ ਸਨ। ਪਰ ਸ਼ਹਿਰਾਂ ਦੀ ਡਿਵੈਲਪਮੈਂਟ ਡਾਕਟਰ ਸਾਹਿਬ ਵੇਲੇ ਬਿਲਕੁਲ ਨਹੀਂ ਹੋਈ ਹੈ।

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮਨ ਸਾਹਿਬ, ਤੁਸੀਂ ਇਨ੍ਹਾਂ ਨੂੰ ਤਕਰੀਰ ਕਰਨ ਦਾ ਮੌਕਾ ਦੇ ਦਿੰਦੇ ਹੋ। ਇਨ੍ਹਾਂ ਨੂੰ ਮੇਰੇ ਬਾਰੇ ਕਹੇ ਲਫਜ਼ ਵਾਪਿਸ ਲੈਣੇ ਚਾਹੀਦੇ ਹਨ। ਇਹ ਪੁਆਇੰਟ ਆਫ ਆਰਡਰ ਦੇ ਵਿਚ ਜੋ ਮਰਜ਼ੀ ਆਵੇ, ਕਹੀ ਜਾਂਦੇ ਹਨ। ਇਸ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ ।

ਸ਼੍ਰੀ ਸਭਾਪਤੀ : ਡਾਕਟਰ ਸਾਹਿਬ, ਇਹ ਨਵੇਂ ਮੈਂਬਰ ਹਨ। ਇਨ੍ਹਾਂ ਨੂੰ ਹੌਲੀ ਹੌਲੀ ਪਤਾ ਲਗ ਜਾਵੇਗਾ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚੇਅਰਮੈਨ ਸਾਹਿਬ, ਤੁਸੀਂ ਇਨ੍ਹਾਂ ਨੂੰ ਟਰੇਨਿੰਗ ਦੇਣ ਲਈ ਇਕ ਸਕੂਲ ਖੋਲ੍ਹ ਦਿਓ ਤਾਕਿ ਇਨ੍ਹਾਂ ਨੂੰ ਪਤਾ ਲਗ ਸਕੇ ਕਿ ਹਾਊਸ ਵਿਚ ਕਿਸ ਤਰ੍ਹਾਂ ਗੱਲ ਕਰੀਦੀ ਹੈ।

ਚੇਅਰਮੈਨ ਸਾਹਿਬ, ਡਰੱਗ ਹਸਪਤਾਲਾਂ ਦੇ ਵਿਚ ਮਿਲਦੀ ਹੀ ਨਹੀਂ ਹੈ ਅਤੇ ਜੇਕਰ ਮਾਰਕਿਟ ਦੇ ਵਿਚ ਮਿਲਦੀ ਹੈ ਤਾਂ ਮਹਿੰਗੇ ਭਾਅ ਵਿਚ ਮਿਲਦੀ ਹੈ। ਗਰੀਬ ਮਰੀਜ਼ ਦਵਾਈ ਮਹਿੰਗੀ ਹੋਣ ਕਰਕੇ

Original with;
Punjab Vidhan Sabha
Digitized by;
Panjab Digital Library

ਖਰੀਦ ਨਹੀਂ ਸਕਦਾ ਅਤੇ ਉਸ ਦਾ ਬੋਲੋ ਰਾਮ ਹੋ ਜਾਂਦਾ ਹੈ। ਸਰਕਾਰ ਨੂੰ ਸਰਕਾਰੀ ਹਸਪਤਾਲਾਂ ਦੇ ਵਿਚ ਦਵਾਈਆਂ ਸਪਲਾਈ ਕਰਨੀਆਂ ਚਾਹੀਦੀਆਂ ਹਨ (ਘੰਟੀ) ਹੁਣ ਮੈਂ ਹਰੀਜਨਾਂ ਬਾਬਤ ਗੱਲ ਕਰਾਂਗਾ।

ਗਿਆਨੀ ਕੁੰਦਨ ਸਿੰਘ ਪਤੰਗ: ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੈਂ ਗੁਪਤਾ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਸ ਗਰੁੱਪ ਦੇ ਨਾਲ ਸਬੰਧ ਰੱਖਦੇ ਹਨ, ਗਿਆਨੀ ਜਾਂ ਦਰਬਾਰਾ ਸਿੰਘ ਗਰੁਪ। ਹਰੀਜਨ ਲਫਜ਼ ਦੀ ਥਾਂ ਸ਼ਡਿਊਲਡ ਕਾਸਟ ਕਹੋ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਚੇਅਰਮੈਨ ਸਾਹਿਬ, ਮੈਂ ਹਰੀਜਨ ਲਫਜ਼ ਵਾਪਸ ਲੈਂਦਾ ਹਾਂ। ਸ਼ਡਿਊਲਡ ਕਾਸਟ ਨੂੰ ਰਿਜ਼ਰਵੇਸ਼ਨ ਸੰਵਿਧਾਨ ਵਿਚ 25% ਦੀ ਮਿਲੀ ਹੋਈ ਹੈ ਪਰ ਇਨ੍ਹਾਂ ਦਾ ਕੋਟਾ ਸਰਵਿਸਿਜ਼ ਵਿਚ ਨਾ ਪਿਛਲੀ ਸਰਕਾਰ ਨੇ ਪੂਰਾ ਕੀਤਾ ਅਤੇ ਨਾ ਹੀ ਹੁਣ ਦੀ ਸਰਕਾਰ ਨੇ ਪੂਰਾ ਕੀਤਾ। ਇਹ ਕੋਟਾ ਕਿਸੇ ਸੈਕਸ਼ਨ ਵਿਚ ਪੂਰਾ ਨਹੀਂ ਕੀਤਾ ਹੈ ਅਤੇ ਨਾ ਹੀ ਗਵਰਨਰ ਸਾਹਿਬ ਦੇ ਐਡਰੈਸ ਦੇ ਵਿਚ ਇਸ ਦਾ ਕੋਈ ਜ਼ਿਕਰ ਹੈ। ਜਿਹੜਾ ਸਰਵਿਸਿਜ਼ ਵਿਚ ਇਨ੍ਹਾਂ ਦਾ ਕੋਟਾ ਡਿਊ ਹੈ, ਉਹ ਪੂਰਾ ਕੀਤਾ ਜਾਵੇ। ਇਸ ਰਿਜ਼ਰਵੇਸ਼ਨ ਨੂੰ ਪੂਰਾ ਕਰਨ ਦਾ ਵਾਅਦਾ ਤੁਸੀਂ ਇਲੈਕਸ਼ਨਾਂ ਦੇ ਵਿਚ ਵੋਟਾਂ ਲੈਣ ਦੀ ਖਾਤਰ ਕਰਕੇ ਆਏ ਹੋ। ਇਨ੍ਹਾਂ ਦੇ ਵੈਲਫੇਅਰ ਪ੍ਰੋਗਰਾਮ ਬਾਰੇ ਗਵਰਨਰ ਐਡਰੈਸ ਦੇ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਚੇਅਰਮੈਨ ਸਾਹਿਬ, ਇਹ ਸਾਡੇ ਅਤੇ ਪੰਜਾਬ ਦੇ ਲੋਕਾਂ ਦੇ ਜ਼ਖਮਾਂ ਤੇ ਨਮਕ ਨਾ ਛਿੜਕਣ। (ਘੰਟੀ) ਬੱਸ ਜੀ, ਮੈਂ ਇਤਨਾ ਕਹਿੰਦਾ ਹੋਇਆ ਬੈਠਦਾ ਹਾਂ।

ਸਰਦਾਰ ਤਾਲਿਬ ਸਿੰਘ ਸੰਧੂ (ਰਾਏਕੋਟ): ਚੇਅਰਮੈਨ ਸਾਹਿਬ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। (ਥੰਪਿੰਗ) ਸਭ ਤੋਂ ਪਹਿਲਾਂ ਤਾਂ ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਲਈ ਸਮਾਂ ਦਿੱਤਾ ਹੈ। ਬਰਨਾਲਾ ਸਾਹਿਬ ਦੀ ਸਰਕਾਰ ਨੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਬਹੁਤ ਸਾਰੀਆਂ ਚੰਗੀਆਂ ਗਲਾਂ ਕਹੀਆਂ ਹਨ। ਸਭ ਤੋਂ ਪਹਿਲਾਂ ਤਾਂ ਅਕਾਰਡ ਵਾਲੀ ਗੱਲ ਹੈ ਜੋ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਜੋ ਕਿ ਬ੍ਰਹਮਗਿਆਨੀ ਅਤੇ ਤਪੱਸਵੀ ਸਨ, ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਜੀ ਨਾਲ ਕੀਤਾ। ਉਸ ਅਕਾਰਡ ਨੂੰ ਸਾਰਿਆਂ ਨੂੰ ਮਿਲ ਕੇ ਸਿਰੇ ਚੜ੍ਹਾਉਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਉਸ ਬ੍ਰਹਮਗਿਆਨੀ ਜੀ ਨੇ ਸ਼ਹੀਦ ਹੋਣ ਤੋਂ ਪਹਿਲਾਂ ਕਿਹਾ ਸੀ ਕਿ ਉਹ ਹਿੰਦੂ ਅਤੇ ਸਿੱਖਾਂ ਨੂੰ ਆਪਸ ਵਿਚ ਇਕ ਦੂਜੇ ਨੂੰ ਜੋੜਨ ਲਈ ਆਪਣੀ ਜਾਨ ਦੀ ਅਹੂਤੀ ਦੇ ਦੇਣਗੇ। ਉਸ ਬ੍ਰਹ ਮਗਿਆਨੀ ਅਤੇ ਤਪੱਸਵੀ ਨੇ ਹਿੰਦੂ ਅਤੇ ਸਿੱਖਾਂ ਨੂੰ ਮਿਲਾਉਣ ਲਈ ਕੁਰਬਾਨੀ ਦਿੱਤੀ।

6.02 P. M. | (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਜਦੋਂ ਪ੍ਰਧਾਨ ਮੰਤਰੀ ਜੀ ਨੇ ਆਪਣੀ ਗਲਤੀ ਮੰਨ ਲਈ ਹੈ ਕਿ ਸਾਡੇ ਕੋਲੋਂ ਗਲਤੀ ਹੋਈ ਹੈ ਤਾਂ ਫਿਰ ਉਹ ਉਸ ਗਲਤੀ ਨੂੰ ਦੂਰ ਕਰਨ ਲਈ ਤਿਆਰ ਕਿਉਂ ਨਹੀਂ ਹਨ। ਮੈਨੂੰ ਇਨ੍ਹਾਂ ਦੀ ਨੀਯਤ ਤੇ ਸ਼ੱਕ ਹੈ ਕਿ ਕਿਤੇ ਮੈਥਿਊ ਕਮਿਸ਼ਨ ਦੀ ਸਿਫਾਰਸ਼ ਤੇ ਇਹ ਕੰਦੂਖੇੜਾ ਅਤੇ ਹੋਰ ਕੁਝ ਪਿੰਡ, ਫਾਜ਼ਿਲਕਾ ਅਤੇ ਅਬੋਹਰ, ਹਰਿਆਣਾ ਨੂੰ ਨਾ ਦੇ ਦੇਣ। ਇਹ ਚੀਜ਼ ਬਹੁਤ ਗਲਤ ਹੋ ਜਾਵੇਗੀ। ਇਹ ਅਕਾਰਡ ਨੂੰ ਫੇਲ੍ਹ ਕਰਨ ਵਾਲੀ ਗੱਲ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਅਤੇ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਦਿੱਲੀ ਜਾ ਕੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਤਾਲਿਬ ਸਿੰਘ ਸੰਧੂ]

ਪ੍ਰਾਈਮ ਮਨਿਸਟਰ ਸਾਹਿਬ ਨੂੰ ਕਹਿਣ ਕਿ ਜੇਕਰ ਗਲਤੀ ਹੋਈ ਹੈ ਤਾਂ ਉਸ ਨੂੰ ਦਰੁਸਤ ਕਰ ਲੈਣ। ਜੇਕਰ, ਸਪੀਕਰ ਸਾਹਿਬ, ਇਹ ਗਲਤੀ ਦਰੁਸਤ ਨਾ ਕੀਤੀ ਗਈ ਤਾਂ ਫਿਰ ਫੈਸਲਾ ਹੋਣ ਤੋਂ ਬਾਅਦ ਕੋਈ ਫਾਇਦਾ ਨਹੀਂ ਹੋਵੇਗਾ। ਮੈਨੂੰ ਪੂਰਨ ਆਸ ਹੈ ਕਿ ਸਾਡੇ ਮੁੱਖ ਮੰਤਰੀ ਬਰਨਾਲਾ ਸਾਹਿਬ ਅਤੇ ਵਿੱਤ ਮੰਤਰੀ ਸਰਦਾਰ ਬਲਵੰਤ ਸਿੰਘ ਜੀ ਖੁਦ ਜਾ ਕੇ ਦਿਲਚਸਪੀ ਲੈ ਕੇ ਰਾਜੀਵ ਗਾਂਧੀ, ਪ੍ਰਾਈਮ ਮਨਿਸਟਰ ਨੂੰ ਮਿਲਣਗੇ ਅਤੇ ਮੈਥਿਊ ਕਮਿਸ਼ਨ ਦੀ ਗਲਤੀ ਨੂੰ ਦੂਰ ਕਰਾਉਣ ਦਾ ਯਤਨ ਕਰਨਗੇ। ਕਿਤੇ ਅਜਿਹਾ ਨਾ ਹੋਵੇ ਕਿ ਮੈਥਿਊ ਕਮਿਸ਼ਨ ਫਾਜ਼ਿਲਕਾ ਅਤੇ ਅਬੋਹਰ ਹਰਿਆਣਾ ਨੂੰ ਦੇ ਦੇਵੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਯਾਦਗਾਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਣਾਉਣੀ ਹੈ, ਉਥੇ ਮੇਰੀ ਬੇਨਤੀ ਇਹ ਹੈ ਕਿ ਹਰ ਸਰਕਾਰੀ ਅਤੇ ਨੀਮ ਸਰਕਾਰੀ ਦਫਤਰ ਵਿਚ ਹੋਰ ਮਹਾਨ ਪੁਰਸ਼ਾਂ ਦੇ ਨਾਲ ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ ਫੋਟੋ ਲਗਾਉਣੀ ਚਾਹੀਦੀ ਹੈ। (ਥੰਪਿੰਗ) ਮੈਨੂੰ ਪੂਰੀ ਆਸ ਹੈ ਕਿ ਮੁੱਖ ਮੰਤਰੀ ਬਰਨਾਲਾ ਸਾਹਿਬ ਦੀ ਸਰਕਾਰ ਇਸ ਤੇ ਅਮਲ ਕਰੇਗੀ। ਕਿਸੇ ਬਹੁਤ ਚੰਗੇ ਆਰਟਿਸਟ ਕੋਲੋਂ ਜਿਸ ਤਰ੍ਹਾਂ ਸੋਭਾ ਸਿੰਘ ਜੀ ਹਨ, ਬਹੁਤ ਵਧੀਆ ਫੋਟੋ ਬਣਵਾ ਕੇ ਹਿੰਦੁਸਤਾਨ ਦੇ ਹੋਰ ਮਹਾਨ ਨੇਤਾਵਾਂ ਦੀ ਤਰ੍ਹਾਂ ਇਨ੍ਹਾਂ ਦੀ ਫੋਟੋ ਵੀ ਨਾਲ ਲਗਾਈ ਜਾਵੇ। ਮੈਂ ਤਾਂ, ਸਪੀਕਰ ਸਾਹਿਬ, ਇਥੋਂ ਤਕ ਕਹਿੰਦਾ ਹਾਂ ਕਿ ਇਥੇ ਹਾਊਸ ਵਿਚ ਇਸ ਬਾਰੇ ਰੈਜ਼ੋਲਿਊਸ਼ਨ ਲਿਆਉਣਾ ਚਾਹੀਦਾ ਹੈ ਅੌਰ ਮੈਨੂੰ ਆਸ ਹੈ ਕਿ ਪੰਜਾਬ ਸਰਕਾਰ ਇਹ ਰੈਜ਼ੋਲਿਊਸ਼ਨ ਲਿਆਏਗੀ। ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਨੌਜਵਾਨ ਜੇਲ੍ਹਾਂ ਵਿਚ * * ਮੁਕੱਦਮੇ ਬਣਾ ਕੇ ਡੱਕੇ ਹੋਏ ਹਨ ਅਤੇ ਉਨ੍ਹਾਂ ਨੌਜਵਾਨਾਂ ਤੇ ਚਾਕੂ, ਛੁਰੀ, ਕਾਰਤੂਸ ਅਤੇ ਪਸਤੌਲ ਆਦਿ ਦੇ * * ਕੇਸ ਬਣਾਏ ਹੋਏ ਹਨ। ਦੋ-ਦੋ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ ਅਤੇ ਧਰਮ ਯੁਧ ਦੇ ਦੌਰਾਨ, ਮੋਰਚੇ ਦੇ ਦੌਰਾਨ, ਜੇਲ੍ਹਾਂ ਵਿਚ ਡੱਕੇ ਹੋਏ ਹਨ, ਉਨ੍ਹਾਂ ਸਭ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ। ਇਸ ਬਾਰੇ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਬਰਨਾਲਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਸਾਰੇ ਬੇਕਸੂਰ ਨੌਜਵਾਨਾਂ ਨੂੰ ਛੱਡ ਦੇਣਾ ਚਾਹੀਦਾ ਹੈ। ਮੇਰੇ ਵੀਰ ਕਾਂਗਰਸੀ ਅਤਿਵਾਦ ਦੀਆਂ ਗੱਲਾਂ ਕਰਦੇ ਹਨ। ਮੈਂ ਸਪੀਕਰ ਸਾਹਿਬ, ਕਹਿੰਦਾ ਹਾਂ ਕਿ ਕੋਈ ਵੀ ਅਤਿਵਾਦ ਦਾ ਹਾਮੀ ਨਹੀਂ ਹੁੰਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਥੇ ਪੰਜਾਬ ਵਿਚ ਜਿਹੜੇ ਹਾਲਾਤ ਖਰਾਬ ਹੋਏ, ਉਸ ਦੀ ਜ਼ਿੰਮੇਂਵਾਰੀ * * ਦੇ ਸਿਰ ਤੇ ਹੈ, ਜਿਸ ਨੇ ਆਪਣੀ ਪੁਲਿਸ ਦੇ ਵੱਡੇ ਵੱਡੇ ਅਫਸਰਾਂ ਰਾਹੀਂ ਬੇਗੁਨਾਹ ਬੰਦਿਆਂ ਨੂੰ ਕਤਲ ਕਰਾਇਆ, ਪੁਲਿਸ ਦਾ ਐਨਕਾਊਂਟਰ ਕਰਾ ਕੇ ਮਰਵਾਇਆ। (ਵਿਘਨ)

ਪੰਡਿਤ ਮੋਹਨ ਲਾਲ: ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜਿਹੜੇ ਮਾਨਯੋਗ ਮੈਂਬਰ ਸਾਹਿਬ ਬੋਲ ਰਹੇ ਹਨ, ਉਨ੍ਹਾਂ ਨੇ [* *] ਦਾ ਨਾਂ ਲਿਆ ਹੈ। ਉਹ ਆਪਣੇ ਆਪ ਨੂੰ ਇਥੇ ਡਿਫੈਂਡ ਨਹੀਂ ਕਰ ਸਕਦੇ। ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ। ਇਹ ਸਪੀਕਰ ਸਾਹਿਬ, ਅਨਪਾਰਲੀਮੈਂਟਰੀ ਹੈ। ਇਹ ਨਾਂ ਕਟਾ ਦਿਓ। (ਵਿਘਨ)

Mr. Speaker: The name of * * should not form part of the proceedings.

ਸਰਦਾਰ ਤਾਲਿਬ ਸਿੰਘ ਸੰਧੂ: ਸਪੀਕਰ ਸਾਹਿਬ, ਇਕ ਪੂਜਾ ਕਰਨ ਵਾਲਾ ਦਰਬਾਰੀ ਵੀ ਹੁੰਦਾ ਹੈ। ਇਹ ਤੁਸੀਂ ਫਾਈਲ ਕਢਵਾ ਕੇ ਵੇਖ ਲਓ, ਕਿਤਨੇ ਕਤਲ ਕਰਾਏ, ਕਿਤਨੇ ਪੁਲਿਸ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਐਨਕਾਊਂਟਰ ਵਿਚ ਸਿੱਖਾਂ ਦੇ ਮੁੰਡਿਆਂ ਨੂੰ ਮਰਵਾਇਆ ਹੈ। ਕਈ ਅਫਸਰਾਂ ਦੀਆਂ ਪਰਮੋਸ਼ਨਾਂ ਰੋਕ ਦਿੱਤੀਆਂ ਗਈਆਂ। ਸਪੀਕਰ ਸਾਹਿਬ, ਸਾਰੇ ਕੇਸਾਂ ਦੀਆਂ ਫਾਈਲਾਂ ਮੰਗਾ ਕੇ ਇਕ ਕਮੇਟੀ ਬਣਾਉਣੀ ਚਾਹੀਦੀ ਹੈ ਜਿਹੜੀ ਕਿ ਪੜਤਾਲ ਕਰੇ। ਤੁਸੀਂ ਬੇਸ਼ਕ ਵੇਖ ਲੈਣਾ, ਜਿਸ ਜ਼ਿਲ੍ਹੇ ਵਿਚ ਵੱਧ ਕਤਲ ਹੋਏ, ਉਸ ਨੂੰ ਪਰਮੋਸ਼ਨ ਦਿੱਤੀ ਪਰ ਜਿਸ ਜ਼ਿਲ੍ਹੇ ਵਿਚ ਕੋਈ ਕਤਲ ਨਹੀਂ ਹੋਇਆ, ਉਸ ਅਫਸਰ ਦੀ ਪਰਮੋਸ਼ਨ ਰੋਕ ਦਿੱਤੀ ਗਈ। ਇਹ ਇਕ ਬਹੁਤ ਵੱਡੀ ਬੇਇਨਸਾਫੀ ਹੋਈ ਹੈ। ਮੈਂ ਸਪੀਕਰ ਸਾਹਿਬ, ਤਹਾਡੇ ਰਾਹੀਂ ਮੁੱਖ ਮੰਤਰੀ, ਬਰਨਾਲਾ ਸਾਹਿਬ, ਤੋਂ ਆਸ ਕਰਦਾ ਹਾਂ ਕਿ ਜਿਨ੍ਹਾਂ ਅਫਸਰਾਂ ਨੇ, ਐਸ.ਐਸ. ਪੀ., ਨੇ ਚੰਗੇ ਕੰਮ ਕੀਤੇ ਹਨ, ਉਨ੍ਹਾਂ ਅਫਸਰਾਂ ਨੂੰ ਪਰਮੋਸ਼ਨਾਂ ਦਿਵਾਉਣਗੇ ਅਤੇ ਜਿਨ੍ਹਾਂ ਨੇ ਕਤਲ ਕਰਵਾਏ ਹਨ, ਉਨ੍ਹਾਂ ਅਫਸਰਾਂ ਤੇ ਮੁਕੱਦਮੇ ਚਲਾਉਣਗੇ।

ਸਪੀਕਰ ਸਾਹਿਬ, ਹਿਟਲਰ ਨੇ 10 ਲੱਖ ਯਹੂਦੀ ਕਤਲ ਕੀਤੇ। ਇਸ ਬਾਰੇ ਨੂਰਮਵਰਗ ਦਾ ਟਰਾਇਲ ਹੋਇਆ।

ਸ਼੍ਰੀ ਸਪੀਕਰ: 10 ਲੱਖ ਨਹੀਂ, 60 ਲੱਖ ਬੰਦੇ ਕਤਲ ਕੀਤੇ ਗਏ ਸਨ।

ਸਰਦਾਰ ਡਾਲਿਬ ਸਿੰਘ ਸੰਧੂ : ਉਸ ਟਰਾਇਲ ਦੇ ਤਹਿਤ ਉਨ੍ਹਾਂ ਸਾਰਿਆਂ ਨੂੰ ਫਾਂਸੀ ਦਿੱਤੀ ਗਈ। ਭੁਟੋ ਨੇ ਸਿਆਸੀ ਕਤਲ ਕਰਵਾਇਆ, ਉਸ ਨੂੰ ਫਾਂਸੀ ਦਿੱਤੀ ਗਈ। ਇਨ੍ਹਾਂ ਕਾਤਲਾਂ ਨੂੰ, * * ਅਤੇ ਉਨ੍ਹਾਂ ਦੇ ਸਾਥੀਆਂ ਨੂੰ ਵੀ ਫਾਂਸੀ ਲੱਗਣੀ ਚਾਹੀਦੀ ਹੈ, ਖੁਲ੍ਹੀ ਅਦਾਲਤ ਵਿਚ ਇਨ੍ਹਾਂ ਤੇ ਮੁਕੱਦਮਾ ਚਲਣਾ ਚਾਹੀਦਾ ਹੈ ਅਤੇ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਇਨਕੁਆਇਰੀ ਕਰਵਾ ਦਿਓ, ਜੋ ਵੀ ਫੈਸਲਾ ਹੋਵੇਗਾ, ਸਾਨੂੰ ਮਨਜ਼ੂਰ ਹੋਵੇਗਾ। ਭਾਵੇਂ ਕੋਈ ਵੱਡੇ ਤੋਂ ਵੱਡਾ ਆਦਮੀ ਕਿਉਂ ਨਾ ਹੋਵੇ, ਜਿਸ ਦਾ ਕਸੂਰ ਹੋਵੇ, ਉਸ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ।

ਇਕ ਗੱਲ ਮੈਂ ਹੋਰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੋ ਸੰਤ ਬਾਬਾ ਹਰਚੰਦ ਸਿੰਘ ਜੀ ਦਾ ਕਤਲ ਹੋਇਆ, ਉਹ ਕੇਸ ਸੀ.ਬੀ.ਆਈ. ਕੋਲ ਹੈ, ਉਸ ਵਿਚ ਪੰਜਾਬ ਸਰਕਾਰ ਦਾ ਕੋਈ ਦਖਲ ਨਹੀਂ ਹੈ। ਪਰ ਮੈਂ ਸੈਂਟਰ ਦੀ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਕਾਤਲਾਂ ਨੂੰ ਨੰਗਾ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਉਣ ਅਤੇ ਇਨ੍ਹਾਂ ਕਾਤਲਾਂ ਨੂੰ ਨੰਗਾ ਕਰਵਾਉਣ। ਸੰਤ ਹਰਚੰਦ ਸਿੰਘ ਜੀ ਅਮਨ ਪਸੰਦ ਸਨ, ਉਹ ਹਰ ਕਤਲ ਦੀ ਨਿਖੇਧੀ ਕਰਦੇ ਸਨ ਅਤੇ ਜੁਡੀਸ਼ਲ ਇਨਕੁਆਇਰੀ ਦੀ ਮੰਗ ਕਰਦੇ ਰਹੇ।

ਹੁਣ ਮੈਂ ਟਰਾਂਸਪੋਰਟ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਹਜ਼ਾਰਾਂ ਨੌਜਵਾਨ ਪਿਛਲੇ ਦਿਨਾਂ ਵਿਚ ਜੇਲ੍ਹਾਂ ਵਿਚ ਰਹੇ ਹਨ ਅਤੇ ਹੁਣ ਉਹ ਬਗੈਰ ਕਿਸੇ ਕੰਮ ਤੋਂ ਹਨ, ਉਨ੍ਹਾਂ ਕੋਲ ਕੋਈ ਨੌਕਰੀ ਨਹੀਂ ਹੈ, ਨਾ ਕੋਈ ਹੋਰ ਧੰਧਾ ਹੈ ਜਿਸ ਨਾਲ ਉਹ ਆਪਣਾ ਗੁਜ਼ਾਰਾ ਕਰ ਸਕਣ। ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਨੂੰ ਮਿਨੀ ਬੱਸਾਂ ਦੇ ਰੂਟ ਪਰਮਿਟ ਦੇਣੇ ਚਾਹੀਦੇ ਹਨ ਅਤੇ ਬੈਂਕਾਂ ਤੋਂ ਬਗੈਰ ਸੂਦ ਦੇ ਕਰਜ਼ੇ ਦਿਵਾਉਣੇ ਚਾਹੀਦੇ ਹਨ। ਇਸ ਤਰ੍ਹਾਂ ਕਰਨ ਨਾਲ ਪੰਜਾਬ ਵਿਚੋਂ ਬੇਰੋਜ਼ਗਾਰੀ ਦੂਰ ਹੋ ਸਕਦੀ ਹੈ।

ਇਕ ਗੱਲ ਹੋਰ ਹੈ, ਉਹ ਹੈ ਕੁਰੱਪਸ਼ਨ ਦੇ ਬਾਰੇ ਜਿਹੜੀ ਕਿ ਪੰਜਾਬ ਰੋਡਵੇਜ਼ ਵਿਚ ਹੋ ਰਹੀ ਹੈ। ਬੱਸਾਂ ਦੇ ਕੰਡਕਟਰ ਅਤੇ ਇਨਸਪੈਕਟਰ ਅਤੇ ਹੋਰ ਅਫਸਰ ਮਿਲ ਕੇ ਟਿਕਟਾਂ ਦੇ ਪੈਸੇ ਖਾ ਜਾਂਦੇ ਹਨ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਟਿਕਟਾਂ ਦੀ ਜਿੰਮੇਵਾਰੀ ਸਵਾਰੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਤਾਲਿਬ ਸਿੰਘ ਸੰਧੂ]

ਦੀ ਹੋਣੀ ਚਾਹੀਦੀ ਹੈ, ਜਿਸ ਤਰ੍ਹਾਂ ਰੇਲਵੇ ਵਿਚ ਹੁੰਦਾ ਹੈ ਅਤੇ ਜੇ ਕਿਸੇ ਕੋਲ ਟਿਕਟ ਨਾ ਹੋਵੇ ਤਾਂ 10 ਗੁਣਾ ਵੱਧ ਕਰਾਇਆ ਚਾਰਜ ਕੀਤਾ ਜਾਵੇ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਜਿਹੜੀਆਂ ਲੋਂਗ ਰੂਟ ਦੀਆਂ ਬੱਸਾਂ ਹਨ, ਉਨ੍ਹਾਂ ਦੀ ਹਾਲਤ ਬਹੁਤ ਹੀ ਚੰਗੀ ਹੋਣੀ ਚਾਹੀਦੀ ਹੈ। ਮੈਂ ਇਹ ਸੁਝਾਓ ਦੇਵਾਂਗਾ ਕਿ ਇਸ ਬਾਰੇ ਇਕ ਟੀਮ ਅਮਰੀਕਾ ਅਤੇ ਕੈਨੇਡਾ ਭੇਜਣੀ ਚਾਹੀਦੀ ਹੈ ਜਿਹੜੀ ਇਸ ਬਾਰੇ ਪਤਾ ਕਰ ਸਕੇ।

ਸ਼੍ਰੀ ਸਪੀਕਰ: ਇਸ ਗੱਲ ਦੀ ਮੈਂ ਵੀ ਤਾਈਦ ਕਰਦਾ ਹਾਂ।

ਸਰਦਾਰ ਤਾਲਿਬ ਸਿੰਘ ਸੰਧੂ: ਬਹੁਤ ਮਿਹਰਬਾਨੀ ਜੀ। ਸਪੀਕਰ ਸਾਹਿਬ, ਬੇਰੋਜ਼ਗਾਰੀ ਨੂੰ ਦੂਰ ਕਰਨ ਵਾਸਤੇ ਮੈਂ ਇਕ ਪਰਪੋਜ਼ਲ ਦੇਣਾ ਚਾਹੁੰਦਾ ਹਾਂ। ਸੈਂਟਰਲ ਪੈਟਰਨ ਤੇ ਪੀ.ਏ.ਪੀ. ਦੀਆਂ ਕੁਝ ਬਟਾਲੀਅਨਾਂ ਹੁੰਦੀਆਂ ਹਨ ਜਿਹੜੀਆਂ ਕਿ ਹਰ ਸਟੇਟ ਵਿਚ ਕੰਮ ਆ ਸਕਦੀਆਂ ਹਨ। ਇਨ੍ਹਾਂ ਬਟਾਲੀਅਨਾਂ ਦਾ ਅੱਧਾ ਖਰਚ ਸੈਂਟਰ ਦੀ ਸਰਕਾਰ ਦਿੰਦੀ ਹੈ ਅਤੇ ਅੱਧਾ ਸਟੇਟ ਗਵਰਨਮੈਂਟ ਦਿੰਦੀ ਹੈ। ਮੈਂ ਮੁੱਖ ਮੰਤਰੀ ਜੀ ਅਤੇ ਸਰਦਾਰ ਬਲਵੰਤ ਸਿੰਘ ਜੀ ਨੂੰ ਇਹ ਕਹਾਂਗਾ ਕਿ ਉਹ ਸੈਂਟਰ ਦੀ ਸਰਕਾਰ ਨਾਲ ਗੱਲਬਾਤ ਕਰਨ। ਜੇ ਇਸ ਬਾਰੇ ਫੈਸਲਾ ਹੋ ਜਾਵੇ ਤਾਂ ਸਾਡੇ 80,000 ਬੰਦੇ ਬੇਰੋਜ਼ਗਾਰੀ ਤੋਂ ਬੱਚ ਸਕਦੇ ਹਨ। ਸੋ ਇਨ੍ਹਾਂ ਬਟਾਲੀਅਨਾਂ ਵਿਚ ਸਾਡੇ ਬੰਦੇ ਲਏ ਜਾਣੇ ਚਾਹੀਦੇ ਹਨ ਅਤੇ ਸੈਂਟਰ ਦੀ ਸਰਕਾਰ ਨਾਲ ਇਸ ਬਾਰੇ ਫੈਸਲਾ ਕਰਨਾ ਚਾਹੀਦਾ ਹੈ।

ਨੌਜਵਾਨਾਂ ਨੂੰ ਬਿਨਾਂ ਸੂਦ ਕਰਜ਼ੇ ਦੇਣੇ ਚਾਹੀਦੇ ਹਨ ਤਾਂ ਜੋ ਉਹ ਕੋਈ ਨਾ ਕੋਈ ਧੰਦਾ ਕਰ ਸਕਣ। ਬੇਸ਼ਕ ਕੋਈ ਵੀ ਹੋਵੇ, ਭਾਵੇਂ ਮੇਰੇ ਪਿਛੜੇ ਵੀਰ ਹੋਣ, ਗਰੀਬ ਹੋਣ, ਉਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਜੇ ਉਨ੍ਹਾਂ ਨੂੰ ਕਰਜ਼ੇ ਵਗੈਰਾ ਬਗੈਰ ਸਦ ਤੋਂ ਦਿਤੇ ਜਾਣ ਤਾਂ ਉਹ ਕੋਈ ਨਾ ਕੋਈ ਕੰਮ ਕਰ ਸਕਣਗੇ। ਨਹੀਂ ਤਾਂ ਸਭ ਜਾਣਦੇ ਹਨ ਕਿ ਭਾਵੇਂ ਕੋਈ ਬੀ.ਏ. ਪਾਸ ਹੋਵੇ ਜਾਂ ਐਮ.ਏ. ਪਾਸ ਹੋਵੇ, ਨੌਕਰੀ ਤਾਂ ਮਿਲਦੀ ਨਹੀਂ ਅਤੇ ਜੇ ਮਿਲਦੀ ਹੈ ਤਾਂ ਉਸ ਕੋਲ ਦੇਣ ਨੂੰ ਪੈਸੇ ਨਹੀਂ ਹੁੰਦੇ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਕਰਜ਼ੇ ਸਰਕਾਰ ਬੇਰੋਜ਼ਗਾਰਾਂ ਨੂੰ ਦਿੰਦੀ ਹੈ, ਉਨ੍ਹਾਂ ਨੂੰ 25,000 ਤੋਂ ਵਧਾ ਕੇ 50,000/- ਰੁਪਏ ਕਰ ਦੇਣਾ ਚਾਹੀਦਾ ਹੈ ਕਿਉਂਕਿ 25,000/- ਰੁਪਏ ਨਾਲ ਤਾਂ ਕੋਈ ਕੰਮ ਚਲਦਾ ਨਹੀਂ। ਇਸ ਪਾਸੇ ਵਲ ਵੀ ਸਰਕਾਰ ਨੂੰ ਵਧੇਰਾ ਧਿਆਨ ਦੇਣਾ ਚਾਹੀਦਾ ਹੈ।

ਇਕ ਛੋਟੀ ਜਿਹੀ ਗੱਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਪਬਲਿਕ ਪਲੇਸਿਜ਼ ਤੇ ਸਮੋਕਿੰਗ ਹੁੰਦੀ ਹੈ, ਉਸ ਨੂੰ ਰੋਕਣਾ ਚਾਹੀਦਾ ਹੈ। ਇਹ ਨੌਜਵਾਨਾਂ ਦੀ ਸਿਹਤ ਨੂੰ ਵੀ ਖ਼ਰਾਬ ਕਰਦੀ ਹੈ ਅਤੇ ਵਾਤਾਵਰਨ ਨੂੰ ਵੀ ਖਰਾਬ ਕਰਦੀ ਹੈ।

ਇਕ ਗੱਲ ਮੈਂ ਝੋਨੇ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਝੋਨੇ ਦੀ ਫਸਲ ਪੈਦਾ ਕਰਨ ਦੇ ਨਾਲ ਨਾਲ ਪਰਾਲੀ ਨੂੰ ਵੀ ਸੰਭਾਲਣਾ ਹੁੰਦਾ ਹੈ। ਇਸ ਬਾਰੇ ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਹਰ ਬਲਾਕ ਲੈਵਲ ਤੇ ਇਕ ਗੱਤਾ ਮਿੱਲ ਲਗਾਉਣੀ ਚਾਹੀਦੀ ਹੈ ਅਤੇ ਇਸ ਪਰਾਲੀ ਨੂੰ ਇਸਤੇਮਾਲ ਵਿਚ ਲਿਆਉਣਾ ਚਾਹੀਦਾ ਹੈ। ਇਸ ਵੇਲੇ ਜੋ ਇਸ ਪਰਾਲੀ ਨੂੰ ਅੱਗ ਲਗਾ ਕੇ ਜਲਾਣਾ ਪੈਂਦਾ ਹੈ ਉਸ ਨਾਲ ਮਾਹੌਲ ਵੀ ਖਰਾਬ ਹੁੰਦਾ ਹੈ ਅਤੇ ਰਾਅ-ਮੈਟੀਰੀਅਲ ਵੀ ਖਰਾਬ ਹੁੰਦਾ ਹੈ, ਇਸ ਗੱਲ ਵਲ ਵੀ ਧਿਆਨ ਸਰਕਾਰ ਨੂੰ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਫਿਰ, ਸਪੀਕਰ ਸਾਹਿਬ, ਸਰਕਾਰ ਨੂੰ ਇਸ ਗੱਲ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ ਕਿ ਜਦੋਂ ਚੰਡੀਗੜ੍ਹ ਪੰਜਾਬ ਨੂੰ ਮਿਲੇਗਾ ਤਾਂ ਜਿਹੜਾ ਇਥੇ ਪੀ.ਜੀ.ਆਈ. ਹੈ, ਉਹ ਵੀ ਪੰਜਾਬ ਨੂੰ ਹੀ ਮਿਲਣਾ ਚਾਹੀਦਾ ਹੈ । ਇਸ ਦੇ ਨਾਲ ਹੀ ਜਿਹੜਾ ਮੈਥਿਊ ਕਮਿਸ਼ਨ ਹੈ, ਉਸ ਅੱਗੇ ਵੀ ਸਾਨੂੰ ਆਪਣਾ ਕੇਸ ਬਹੁਤ ਮਜ਼ਬੂਤੀ ਨਾਲ ਪੇਸ਼ ਕਰਨਾ ਚਾਹੀਦਾ ਹੈ । ਸਾਨੂੰ ਚੰਡੀਗੜ੍ਹ ਮਿਲਣ ਦੇ ਨਾਲ ਨਾਲ ਪੰਜਾਬ ਯੂਨੀਵਰਸਿਟੀ, ਭਾਖੜਾ ਡੈਮ ਅਤੇ ਮੈਨੇਜਮੈਂਟ ਅਤੇ ਪੀ.ਜੀ.ਆਈ. ਪੰਜਾਬ ਨੂੰ ਹੀ ਮਿਲਣੇ ਚਾਹੀਦੇ ਹਨ ।

ਬਿਜਲੀ ਬੋਰਡ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 12 ਤੋਂ 16 ਘੰਟੇ ਬਿਜਲੀ ਜੱਟ ਨੂੰ ਮਿਲਣੀ ਚਾਹੀਦੀ ਹੈ । ਹੋਰ ਕਿਸੇ ਪਾਸੇ ਤੋਂ ਭਾਵੇਂ ਬਿਜਲੀ ਬਚਾ ਲਵੋ ਪਰ ਕਿਸਾਨ ਨੂੰ ਪੂਰੀ ਬਿਜਲੀ ਦੇਣੀ ਚਾਹੀਦੀ ਹੈ । ਬਿਜਲੀ ਦੀ ਘਾਟ ਜ਼ਿੰਮੀਦਾਰ ਨੂੰ ਨਹੀਂ ਹੋਣੀ ਚਾਹੀਦੀ ।

ਮੈਂ ਧੰਨਵਾਦੀ ਹਾਂ ਗਵਰਨਰ ਸਾਹਿਬ ਦਾ ਜਿਨ੍ਹਾਂ ਨੇ ਇਸ ਸਰਕਾਰ ਨੂੰ ਚੰਗੀਆਂ ਸਕੀਮਾਂ ਦੇ ਕੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਸਾਨੂੰ ਇਕ ਸੇਧ ਦਿੱਤੀ ਹੈ। ਮੈਨੂੰ ਪੂਰਨ ਆਸ਼ਾ ਹੈ ਕਿ ਮੰਤਰੀ ਮੰਡਲ ਇਨ੍ਹਾਂ ਗੱਲਾਂ ਵਲ ਧਿਆਨ ਦੇਵੇਗਾ ਅਤੇ ਪੰਜਾਬ ਨੂੰ ਅੱਗੇ ਲੈ ਜਾਵੇਗਾ । ਪੰਜਾਬ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ, ਸਾਨੂੰ ਇਸ ਨੂੰ ਮੁੜ ਕੇ ਸੰਭਾਲਣਾ ਚਾਹੀਦਾ ਹੈ ਅਤੇ ਤਰੱਕੀ ਦੀ ਰਾਹ ਤੇ ਲਿਜਾਣਾ ਚਾਹੀਦਾ ਹੈ ।

ਇਨ੍ਹਾਂ ਅਲਫਾਜ਼ ਦੇ ਨਾਲ ਮੈਂ ਇਕ ਵਾਰੀ ਫਿਰ ਧੰਨਵਾਦ ਕਰਦਾ ਹਾਂ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ (ਅੰਮ੍ਰਿਤਸਰ ਉੱਤਰੀ) : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ। ਉਸ ਬਾਰੇ ਤੁਸੀਂ ਕਿਹਾ ਸੀ ਕਿ ਤੁਹਾਡੇ ਚੈਂਬਰ ਵਿਚ ਆ ਕੇ ਮਿਲ ਲੈਣਾ । ਅਸੀਂ ਤੁਹਾਡੇ ਚੈਂਬਰ ਵਿਚ ਤੁਹਾਡੇ ਨਾਲ ਇਹ ਮਾਮਲਾ ਵਿਚਾਰ ਨ ਲਈ ਗਏ ਪਰ ਤੁਸੀਂ ਉਥੇ ਨਹੀਂ ਸੀ । ਹੁਣ ਇਕ ਸਟੇਟਮੈਂਟ ਸਰਕਾਰ ਵਲੋਂ ਹਾਊਸ ਵਿਚ ਦਿੱਤੀ ਜਾਣੀ ਹੈ, ਇਹ ਚੰਗੀ ਗੱਲ ਹੈ । ਇਸ ਬਾਰੇ ਮੈਂ ਇਕ ਗੱਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਕਾਂਗਰਸ ਪਾਰਟੀ ਹੈ, ਭਾਵੇਂ ਅਕਾਲੀ ਪਾਰਟੀ ਹੈ, ਇਕ ਗੱਲ ਤੇ ਅਸੀਂ ਸਹਿਮਤ ਹਾਂ ਕਿ ਟੈਰੋਰਿਜ਼ਮ ਦੇ ਖਿਲਾਫ ਲੜਨਾ ਹੈ ਅਤੇ ਇਸ ਨੂੰ ਖਤਮ ਕਰਨਾ ਹੈ ।

ਇਹ ਜਿਹੜੇ 3 ਵਾਕਿਆਤ ਹੋਏ ਹਨ, ਇਨ੍ਹਾਂ ਨੇ ਪੰਜਾਬ ਦੀ ਆਤਮਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪਹਿਲਾਂ ਰਾਮ ਲੁਭਾਇਆ ਦਾ ਕਤਲ ਹੋਇਆ ਜੋ ਕਿ ਤਰਨਤਾਰਨ ਮਿਉਂਸਪਲ ਕਮੇਟੀ ਦੇ ਪ੍ਰੈਜ਼ੀਡੈਂਟ ਸਨ , ਮਿਉਂਸਪਲ ਕਮੇਟੀ ਦਾ ਪ੍ਰਧਾਨ ਇਕ ਕਿਸਮ ਦਾ ਐਮ.ਐਲ.ਏ. ਦੇ ਬਰਾਬਰ ਹੁੰਦਾ ਹੈ। ਉਸ ਤੋਂ ਬਾਅਦ ਫਤਹਿਗੜ੍ਹ ਚੂੜੀਆਂ ਵਿਚ ਰਾਜਪਾਲ ਕੱਦ ਦਾ ਕਤਲ ਹੋਇਆ ਔਰ ਕਲ੍ਹ ਯਸ਼ਪਾਲ ਦਾ ਕਤਲ ਹੋ ਗਿਆ । ਮੈਂ ਰਾਮ ਲੁਭਾਇਆ ਦੇ ਮਰਨ ਤੇ ਉਥੇ ਗਿਆ ਸਾਂ । ਹੋਰ ਵੀ ਬਹੁਤ ਸਾਰੇ ਆਦਮੀ ਉਥੇ ਗਏ ਸਨ, ਨਾਲ ਉਨ੍ਹਾਂ ਦੇ ਤਕਰੀਬਨ ਸਾਰੇ ਪਾਰਟੀਆਂ ਦੇ ਨੁਮਾਇੰਦੇ ਵੀ ਸੀ ਅਤੇ ਕਾਫੀ ਸਾਰੇ ਲੋਕਾਂ ਨੇ ਖੁਲ੍ਹੇ ਲਫਜ਼ਾਂ ਵਿਚ ਇਹ ਕਿਹਾ ਸੀ ਕਿ ਕਾਤਲ ਬਾਵਰਦੀ ਆਦਮੀ ਸੀ । ਐਸ.ਐਚ.ਓ. ਬਜਾਏ ਦੋਸ਼ੀ ਲੋਕਾਂ ਨੂੰ ਫੜਨ ਦੇ ਕਹਿਣ ਲੱਗਾ ਕਿ ਔਹ ਕਾਤਲ ਜਾ ਰਹੇ ਹਨ । ਇਹ ਦੋਸ਼ੀ ਪੰਜਾਬ ਦੀ ਪੁਲਿਸ ਦੇ ਆਦਮੀ ਹਨ। ਮੈਂ ਮੁੱਖ ਮੰਤਰੀ ਜੀ ਅਤੇ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਸਰਦਾਰ ਬਲਵੰਤ ਸਿੰਘ ਜੀ ਨੂੰ ਕਹਾਂਗਾ ਕਿ ਉਹ ਸਾਨੂੰ ਇਹ ਦੱਸਣ ਕਿ ਇਸ ਬਾਰੇ ਉਹ ਕੀ ਕਾਰਵਾਈ ਕਰ ਰਹੇ ਹਨ।

Mr. Speaker: I would like to correct you.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਵੈਸੇ ਤਾਂ ਸਰਦਾਰ ਬਲਵੰਤ ਸਿੰਘ ਸਵੇਰੇ ਵੀ ਸਟੇਟਮੈਂਟ ਦੇਣ ਨੂੰ ਤਿਆਰ ਸਨ ਲੇਕਿਨ ਜਿਹੜੀ ਗੱਲ ਤੋਂ ਮੈਂ ਰੋਕ ਰਿਹਾ ਸੀ ਉਹ ਇਹ ਸੀ ਕਿ your Adjournment Motion was out of order.

STATEMENT BY THE FINANCE MINISTER *re.* RECENT KILLINGS IN THE STATE

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਰ, ਮਹਿਰਾ ਸਾਹਿਬ ਨੇ ਇਕ ਬੜਾ ਅਹਿਮ ਇਸ਼ੂ ਰੇਜ਼ ਕੀਤਾ ਹੈ ਜਿਸ ਬਾਰੇ ਅਸੀਂ ਸਾਰੇ ਬੜੇ ਕਨਸਰਨਡ ਫੀਲ ਕਰ ਰਹੇ ਹਾਂ। ਪੰਜਾਬ ਵਿਚ ਇਸ ਕਿਸਮ ਦੀ ਸਿਚੂਏਸ਼ਨ ਪਿਛਲੇ 3-4 ਸਾਲਾਂ ਤੋਂ ਚਲ ਰਹੀ ਹੈ। ਹੁਣ ਜਿਹੜੀਆਂ ਕਿਲਿੰਗਜ਼ ਹੋਈਆਂ ਹਨ, ਸਾਨੂੰ ਇਸ ਦਾ ਬੜਾ ਅਫਸੋਸ ਹੈ। ਇਸ ਕਿਸਮ ਦੇ ਮਰਡਰ ਨਹੀਂ ਹੋਣੇ ਚਾਹੀਦੇ । ਇਨਸਾਨੀ ਖੂਨ ਖਰਾਬੇ ਦੇ ਹਰ ਇਨਸਾਨ ਖਿਲਾਫ ਹੈ, ਹਰ ਸਿਵਲਾਈਜ਼ਡ ਸ਼ਖਸ ਟੱਟਲੀ ਇਸ ਦੇ ਖਿਲਾਫ ਹੈ ਪਰ ਜੇ ਅਸੀਂ ਪਿਛਲੇ ਸਾਲਾਂ ਦੇ ਹਾਲਾਤ ਵੱਲ ਝਾਤੀ ਮਾਰੀਏ ਤਾਂ ਉਸ ਵਕਤ ਨਾਲੋਂ ਹੁਣ ਪੁਜ਼ੀਸ਼ਨ ਬਿਹਤਰ ਹੈ। ਹੁਣ ਅੱਗੇ ਨਾਲੋਂ ਕਾਫੀ ਫਰਕ ਹੈ। ਪਿਛਲੇ ਸਾਲ 9 ਮਹੀਨਿਆਂ ਵਿਚ 253 ਕਤਲ ਹੋਏ। ਇਸ ਸਾਲ ਇਨ੍ਹਾਂ 9 ਮਹੀਨਿਆਂ ਵਿਚ ਹੀ ਸਿਰਫ 46 ਕਤਲ ਹੋਏ । ਜੇ ਅਸੀਂ ਐਵਰੇਜ ਕਢੀਏ ਤਾਂ ਪਿਛਲੇ ਸਾਲ ਇਕ ਮਹੀਨੇ ਵਿਚ ਔਸਤਨ 28 ਮਰਡਰ ਹੋਏ ਔਰ ਹੁਣ ਇਸ ਮਹੀਨੇ ਵਿਚ ਕੁੱਲ 5 ਮਰਡਰ ਹੋਏ । ਅੱਗੇ ਨਾਲੋਂ ਫਰਕ ਜ਼ਰੂਰ ਪਿਆ ਹੈ ਪਰ ਅਜੇ ਵੀ ਸਿਚੂਏਸ਼ਨ ਨਾਰਮਲ ਨਹੀਂ ਹੈ । ਸਾਨੂੰ ਇਸ ਦਾ ਦੁੱਖ ਹੈ ਅਤੇ ਅਸੀਂ ਇਸ ਚੀਜ਼ ਨੂੰ ਠੀਕ ਕਰਨ ਵਾਸਤੇ ਕੋਸ਼ਿਸ਼ ਕਰ ਰਹੇ ਹਾਂ। ਸ਼੍ਰੀ ਰਾਮ ਲੁਭਾਇਆ ਜੀ 16 ਅਕਤੂਬਰ, 1985 ਨੂੰ ਕਤਲ ਹੋਏ ਅਤੇ ਉਨ੍ਹਾਂ ਦੇ ਕਤਲ ਦੇ ਸਿਲਸਿਲੇ ਵਿਚ ਇਕ ਸਿਪਾਹੀ ਪ੍ਰਤਾਪ ਸਿੰਘ ਫੜ ਲਿਆ ਗਿਆ ਹੈ। ਇਹ ਆਦਮੀ ਉਨ੍ਹਾਂ ਦੇ ਘਰ ਵਿਚ ਹੀ ਰਹਿੰਦਾ ਸੀ ਅਤੇ ਸ਼੍ਰੀ ਰਾਮ ਲੁਭਾਇਆ ਦੇ ਰਿਸ਼ਤੇਦਾਰਾਂ ਨੇ ਐਫ.ਆਈ.ਆਰ. ਵਿਚ ਵੀ ਉਸ ਦਾ ਨਾਂ ਲਿਖਾਇਆ ਸੀ। ਜਿਹੜਾ ਸਕੂਟਰ/ ਸਾਈਕਲ ਇਸਤੇਮਾਲ ਕੀਤਾ ਗਿਆ ਸੀ, ਉਹ ਵੀ ਲਭ ਲਿਆ ਗਿਆ ਹੈ। ਇਨਵੈਸਟੀਗੇਸ਼ਨ ਹਾਲੇ ਜਾਰੀ ਹੈ। ਸਟੇਟ ਦੇ ਡਾਇਰੈਕਟਰ ਜਨਰਲ ਪੁਲਿਸ, ਡੀ.ਆਈ.ਜੀ. ਅਤੇ ਐਸ.ਐਸ.ਪੀ. ਉਥੇ ਗਏ ਹਨ। ਇਨਵੈਸਟੀਗੇਸ਼ਨ ਜ਼ੋਰ ਸ਼ੋਰ ਨਾਲ ਚਲ ਰਹੀ ਹੈ । ਮੈਨੂੰ ਪੂਰਾ ਯਕੀਨ ਹੈ ਕਿ ਗੌਰਮਿੰਟ ਜ਼ਰੂਰ ਕਲਪ੍ਰਿਟਸ ਨੂੰ ਲਭ ਲਵੇਗੀ । ਇਸੇ ਤਰ੍ਹਾਂ ਹੀ ਸ਼੍ਰੀ ਰਾਜਪਾਲ ਕੱਦ ਦਾ ਕਤਲ 19 ਅਕਤੂਬਰ, 1985 ਨੂੰ ਹੋਇਆ। ਉਹ ਫਤਿਹਗੜ੍ਹ ਚੂੜੀਆਂ ਦੇ ਸਨ । ਕਤਲ ਦੇ ਵਕਤ ਉਹ ਆਪਣੀ ਦੁਕਾਨ ਵਿਚ ਬੈਠੇ ਸਨ। ਇਹ ਸ਼ਕ ਹੈ ਕਿ ਉਨ੍ਹਾਂ ਨੂੰ ਮਾਰਨ ਵਾਲਾ ਸ਼ਾਇਦ ਸਰਹੱਦ ਤੋਂ ਪਾਰ ਚਲਾ ਗਿਆ ਹੈ। ਇਹ ਸ਼ੱਕ ਹੈ, ਬਾਕੀ ਇਨ-ਵੈਸਟੀਗੇਸ਼ਨ ਜਾਰੀ ਹੈ । ਡਾਇਰੈਕਟਰ ਜਨਰਲ ਪੁਲਿਸ ਨੂੰ ਇਨਕੁਆਇਰੀ ਕਰਨ ਵਾਸਤੇ ਭੇਜਿਆ ਗਿਆ ਹੈ। ਤੀਸਰਾ ਕਤਲ ਯਸ਼ਪਾਲ ਜੀ ਦਾ ਨੁਸ਼ਹਿਰਾ ਪੰਨੂਆਂ ਵਿਖੇ ਹੋਇਆ। ਉਹ ਆਪਣੇ ਸਕੂਟਰ ਤੇ ਦੁਪਹਿਰ ਤੋਂ ਬਾਦ 25,000/- ਰੁਪਏ ਲੈ ਕੇ ਆਪਣੀ ਰਾਈਸ ਮਿੱਲ ਤੋਂ ਵਾਪਸ ਆਪਣੇ ਪਿੰਡ ਨੂੰ ਆ ਰਹੇ ਸਨ। ਰਸਤੇ ਵਿਚ ਦੋ ਆਦਮੀਆਂ ਨੇ ਉਸ ਨੂੰ ਘੇਰ ਲਿਆ ਜਿਨ੍ਹਾਂ ਵਿਚ ਇਕ 35 ਸਾਲ ਦਾ ਫਲੋਇੰਗ ਬਰਡਡ ਆਦਮੀ ਵੀ ਸੀ । ਉਹ ਆਪਸ ਵਿਚ ਗੁਥਮ-ਗੁਥਾ ਹੋ ਗਏ ਅਤੇ ਯਸ਼ਪਾਲ ਨੂੰ ਮਾਰ ਕੇ ਉਸ ਦਾ 25;000/- ਰੁਪਿਆ ਅਤੇ ਸਕੂਟਰ ਲੈ ਕੇ ਫਰਾਰ ਹੋ ਗਏ । ਇਹ ਅਸੀਂ ਰਾਬਰੀ ਦਾ ਕੇਸ ਸਮਝਦੇ ਹਾਂ। ਇਸ ਕੇਸ ਦੀ ਵੀ ਇਨਕੁਆਇਰੀ ਚਲ ਰਹੀ ਹੈ।

ਸਪੀਕਰ ਸਾਹਿਬ, ਪਹਿਲਾਂ ਨਾਲੋਂ ਮਰਡਰ ਹੋਣ ਦੀ ਰਫਤਾਰ ਵਿਚ ਕਮੀ ਹੋਈ ਹੈ । ਸਿਚੂਏਸ਼ਨ ਇਮਪਰੂਵ ਹੋਈ ਹੈ ਪਰ ਇਹ ਇਮਪਰੂਵਮੈਂਟ ਟੱਟਲ ਨਹੀਂ ਹੈ । ਇਸ ਵਿਚ ਹੋਰ ਸੁਧਾਰ ਲਿਆਉਣ ਦੀ ਲੋੜ ਹੈ। ਇਸ ਲਈ ਸਾਰਿਆਂ ਦੀ ਕੋਆਪ੍ਰੇਸ਼ਨ ਦੀ ਲੋੜ ਹੈ। ਸਾਰੀਆਂ ਸਿਆਸੀ ਪਾਰਟੀਆਂ ਦੀ ਪਰਟੀਕੁਲਰ ਅਤੇ ਆਮ ਪਬਲਿਕ ਦੀ ਜਨਰਲ ਕੋਆਪਰੇਸ਼ਨ ਦੀ ਲੋੜ ਹੈ। ਇਸੇ ਸਬੰਧ ਵਿਚ ਪਿਛੇ ਜਿਹੇ ਸੀ.ਐਮ. ਸਾਹਿਬ ਨੇ ਲੁਧਿਆਣੇ ਮੀਟਿੰਗ ਕੀਤੀ ਸੀ । ਸਾਰੇ ਪੁਲਿਸ ਅਫਸਰ ਅਤੇ ਡਿਸਟ੍ਰਿਕਟ ਅਥਾਰਿਟੀਜ਼

Original with;
Punjab Vidhan Sabha
Digitized by;
Panjab Digital Library

ਬੁਲਾਏ ਗਏ ਸਨ। ਉਨ੍ਹਾਂ ਨੂੰ ਲਾਅ ਐਂਡ ਆਰਡਰ ਦੀ ਹਾਲਤ ਬਾਰੇ ਬੜੀ ਤਾੜਨਾ ਕੀਤੀ ਗਈ ਸੀ ਕਿ ਜਿਨ੍ਹਾਂ ਦੇ ਹਲਕਿਆਂ ਵਿਚ ਇਹੋ ਜਿਹੀਆਂ ਘਟਨਾਵਾਂ ਵਾਪਰਨਗੀਆਂ, they will be held responsible and liable. ਸੋ, ਇਸ ਸਿਚੂਏਸ਼ਨ ਨੂੰ ਇਮਪਰੂਵ ਕਰਨ ਲਈ ਸਾਰਿਆਂ ਦੀ ਕੋਆਪਰੇਸ਼ਨ ਦੀ ਲੋੜ ਹੈ, ਸਾਰਿਆਂ ਨੂੰ ਲਾਮਬੰਦ ਕਰਨ ਦੀ ਲੋੜ ਹੈ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਹ ਸ਼ੱਕ ਹੈ ਕਿ ਸ਼੍ਰੀ ਰਾਜਪਾਲ ਦੇ ਕਾਤਲ ਸਰਹੱਦ ਤੋਂ ਪਾਰ ਚਲੇ ਗਏ ਹਨ। ਜੇ ਅਜਿਹੀ ਗੱਲ ਹੈ ਤਾਂ ਇਹ ਇਸ ਚੀਜ਼ ਨੂੰ ਰੋਕਣ ਵਾਸਤੇ ਕਿ ਅੱਗੇ ਤੋਂ ਕੋਈ ਹੋਰ ਕਾਤਲ ਕਤਲ ਕਰਕੇ ਸਰਹੱਦ ਪਾਰ ਨਾ ਕਰ ਜਾਵੇ, ਇਹ ਕੀ ਕਾਰਵਾਈ ਕਰ ਰਹੇ ਹਨ ?

ਵਿੱਤ ਮੰਤਰੀ : ਅਸੀਂ ਬਾਰਡਰ ਤੇ ਸਿਕਿਉਰਿਟੀ ਮਈਅਰਜ਼ ਟਾਈਟ ਕਰ ਰਹੇ ਹਾਂ। ਵੈਸੇ ਇਸ ਚੀਜ਼ ਦੀ ਜ਼ਿਆਦਾ ਜ਼ਿੰਮੇਵਾਰੀ ਸੈਂਟਰ ਸਰਕਾਰ ਦੀ ਹੈ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ . . . . .

Mr. Speaker: You should ask a question and not make a speech.

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਫਤਿਹਗੜ੍ਹ ਚੂੜੀਆਂ ਗਿਆ ਸੀ । ਉਥੇ ਲੋਕ ਕਹਿ ਰਹੇ ਸਨ ਕਿ ਉਥੋਂ ਦੇ ਥਾਣੇ ਵਿਚ 30 ਆਦਮੀਆਂ ਦੀ ਨਫਰੀ ਹੈ। ਪਰ ਜਿਸ ਵੇਲੇ ਵਾਕਿਆ ਹੋਇਆ, ਉਥੇ ਸਿਰਫ 3 ਆਦਮੀ ਮੌਜੂਦ ਸਨ। ਵਾਰਦਾਤ ਹੋਣ ਤੋਂ 2 ਘੰਟੇ ਬਾਦ ਪੁਲਿਸ ਉਥੇ ਪਹੁੰਚੀ। ਐਸ.ਐਚ.ਓ. ਜਿਹੜਾ ਟੈਰੋਰਿਸਟਾਂ ਨਾਲ ਮਿਲਿਆ ਹੋਇਆ ਸੀ ਅਤੇ ਤਬਦੀਲ ਕੀਤਾ ਗਿਆ ਸੀ, ਉਸ ਦੀ ਬੜੀ ਭਾਰੀ ਅਣਗਹਿਲੀ ਹੈ ।

Mr. Speaker : You can inform him personally. There is no point of giving information.

The House stands adjourned till 10.00 A.M. on Thursday, the 31st October, 1985.


*

*6-30 P.M. (*The Sabha then adjourned till* 10.00 *A.M. on Thursday, the* 31*st October*, 1985.)

19786PVS—Govt. Press, U.T. Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library



Original with;
Punjab Vidhan Sabha
Digitized by;
Panjab Digital Library

© 1985.

Published under the authority of the Punjab Vidhan Sabha and printed by Controller, Govt. Press, U.T., Chandigarh.

Original with;
Punjab Vidhan Sabha.
Digitized by;
Panjab Digital Library

PUNJAB VIDHAN SABHA

Debates

31st October, 1985

Vol. I—No. 8

OFFICIAL REPORT

CONTENTS


Thursday, the 31st October, 1985

	Page
Starred Questions and Answers ..	(8) 1
Written Answers to Starred Questions laid on the Table of the House under Rule 38 ..	(8) 24
Unstarred Questions and Answers ..	(8) 33
Call Attention Notices under Rule 66 ..	(8) 35
Papers laid on the Table ..	(8) 39
Resolution *re.* Punjab Accord signed by the Prime Minister Shri Rajiv Gandhi and Sant Harchand Singh Longowal ..	(8) 40
Extension of time of the Sitting ..	(8) 80
Resolution *re.* Punjab Accord signed by the Prime Minister, Shri Rajiv Gandhi and Sant Harchand Singh Longowal (*Resumption*). ..	(8) 80
Appendix ..	(i—ii)

Punjab Vidhan Sabha Secretariat, Chandigarh.

Price : Rs 68-50

Original with
Punjab Vidhan Sabha
Digitized by
Panjab Digital Library



Original with
Punjab Vidhan Sabha
Digitized by:
Panjab Digital Library

ERRATA
TO
PUNJAB VIDHAN SABHA
DEBATES
Dated 31st October,1985

Vol.I-No.8

Read	For	Page	Line
Approximate	cpproximate	(8)1	15th
ਇਨ੍ਹਾਂ	ਢਿੱਨ੍ਹਾਂ	(8)6	10th from below
School	Schoo	(8)8	2nd from below
ਸਰਦਾਰ ਦਲੀਪ ਸਿੰਘ ਪਾਂਧੀ	ਸਰਦਾਰ ਦਲੀਪ ਸਿਘ ਪਾਂਧੀ	(8)19	7th from below
ਮੁੱਖ ਮੰਤਰੀ	ਮੁੱਖ ਮਤਰੀ	(8)19	2nd from below
ਸਰਦਾਰ ਦਲੀਪ ਸਿੰਘ ਪਾਂਧੀ	ਸਰਦਾਰ ਦਲੀਪ ਸਿਘ ਪਾਂਧੀ	(8)20	1st
ਸਰਦਾਰ ਸੁਰਜੀਤ ਸਿੰਘ ਬਰਨਾਲਾ	ਸਰਦਾਰ ਸੁਰਜੀਤ ਿਸਘ ਬਰਨ਼ਾਲਾ	(8)21	5th from below
ਉਤਰ	ਉਤਵ	(8)24	Last
ਚੰਡੀਗੜ੍ਹ	ਚੰਰੀਡ਼ਡ਼	(8)45	5th
ਸ਼੍ਰੀ ਬ੍ਰਿਜ ਭੂਸ਼ਨ ਮਹਿਰਾ	ਸ਼੍ਰੀ ਬ੍ਰਿਜ ਭੂਸ਼ਠ ਮਹਿਰਾ	(8)50	7th
ਸਰਦਾਰ ਦਲੀਪ ਸਿੰਘ ਪਾਂਧੀ	ਸਰਦਾਰ ਦਲੀਪ ਸਿਘ ਪਾਂਧੀ	(8)70	1st
Shri Rajiv Gandhi	Shri Rajvi Gandhi	(8)80	18th

Original with:
Punjab Vidhan Sabha
Digitized by:
Panjab Digital Library

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Thursday, the 31st October, 1985

The Vidhan Sabha met in the Punjab Vidhan Sabha Hall, Vidhan Bhavan, Chandigarh, at 10.00 A.M. of the Clock. Mr. Speaker (Sardar Ravi Inder Singh) in the Chair.

STARRED QUESTIONS AND ANSWERS

Construction of Nanowal Choe in Tehsil Balachaur, District Hoshiarpur

***1. Shri Ram Kishan Kataria :** Will the Chief Minister be pleased to state—

(a) whether a bridge over Nanowal Choe on Sarai Chandiani Khurd Road in Tehsil Balachaur District Hoshiarpur was sanctioned by the Government on the 22nd October, 1978; if so, the progress so far made in the matter ;

(b) the cpproximate date by which the said bridge is likely to be completed ?

Sardar Surjit Singh Barnala : (a) No, the construction of the bridge has not been sanctioned so far.

(b) The question does not arise.

Shri Ram Kishan Kataria : With due deference, I would request the Chief Minister that this reply has been provided by the Department which is totally wrong. This bridge was sanctioned by the then Chief Minister, Sardar Parkash Singh Badal, on the 22nd October, 1978. Seven years have elapsed, but nothing has been done in the matter.

ਇਸ ਦੇ ਉਤੇ ਪੂਰਾ ਪਰੋਸੈਸ ਹੋਇਆ ਹੈ। ਗੌਰਮਿੰਟ ਚੇਂਜ ਹੋਣ ਨਾਲ ਅਫਸਰਾਂ ਨੇ ਆਪਣਾ ਐਟੀਚੂਡ ਚੇਂਜ ਨਹੀਂ ਕੀਤਾ। ਇਸ ਉਤੇ ਲਗਾਤਾਰ ਪਰੋਸੈਸ ਹੋਇਆ ਹੈ, ਡੀਜ਼ਾਈਨ ਬਣਕੇ ਸਾਰਾ ਕੁਝ ਕੰਪਲੀਟ ਬਣ ਗਿਆ ਸੀ। ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਅਗਰ ਇਹ ਪਰਾਜੈਕਟ ਸੈਂਕਸ਼ਨਡ ਹੈ ਔਰ ਇਹ ਪਰੋਸੈਸ ਹੋਇਆ ਹੋਇਆ ਹੈ ਤਾਂ ਕੀ ਆਉਣ ਵਾਲੇ ਸਮੇਂ ਵਿਚ ਤਿਹ ਇਸ ਪੁਲ ਨੂੰ ਸ਼ੁਰੂ ਕਰਾ ਦੇਣਗੇ ?

Chief Minister : Sir, the answer is very clear. It has not yet been decided to construct a bridge on this road. There has not been administrative approval either. The approximate length of the bridge is 200 feet and a sum of Rs. 25,00,000 is needed for construction. Administrative sanction has not yet been accorded.

ਇਸ ਦੀ ਐਪਰੋਕਸੀਮੇਟ ਲੈਂਥ 200 ਫੁਟ ਹੈ ਅਤੇ ਇਸ ਦੀ ਕਾਸਟ ਕੋਈ 25 ਲੱਖ ਰੁਪਿਆ ਹੈ। ਇਸ ਦੀ ਐਡਮਨਿਸਟਰੇਟਿਵ ਸੈਂਕਸ਼ਨ ਨਹੀਂ ਹੋਈ। ਪਹਿਲਾਂ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਮੇਨ ਸੜਕਾਂ ਤੇ ਬ੍ਰਿਜ ਬਣ ਜਾਣ। ਲਿੰਕ ਸੜਕਾਂ ਤੇ ਬ੍ਰਿਜ ਬਣਨੇ ਹਾਲੇ ਪੈਂਡਿੰਗ ਹਨ। ਪਹਿਲਾਂ ਮੇਨ ਸੜਕਾਂ ਤੇ ਬ੍ਰਿਜ ਬਣ ਜਾਣ ਅਤੇ ਉਸ ਤੋਂ ਬਾਅਦ ਫਿਰ ਲਿੰਕ ਸੜਕਾਂ ਤੇ ਬ੍ਰਿਜ ਬਣਾਏ ਜਾਣਗੇ।

Original with;
Punjab Vidhan Sabha
Digitized by;
Panjab Digital Library

Shri Ram Kishan Kataria : Sir, in the absence of this bridge, transport has to cover atleast 50 kilometres more. By constructing this bridge, this distance will be cut short. This will link the adjoining Kandi area with Khera area.

ਮੈਂ ਬੇਨਤੀ ਕਰਾਂਗਾ ਕਿ ਅਗਰ ਉਥੇ ਪੁਲ ਨਹੀਂ ਬਣ ਸਕਦਾ ਤਾਂ ਜੰਮੂ ਜਾਂਦਿਆਂ ਜਿਸ ਤਰ੍ਹਾਂ ਦਾ ਪਰਬੰਧ ਹੋਇਆ ਹੋਇਆ ਹੈ ਉਸੇ ਤਰ੍ਹਾਂ ਦਾ ਪਰਬੰਧ ਇਥੇ ਕਰ ਦੇਣ ?

ਸ਼੍ਰੀ ਸਪੀਕਰ : ਤੁਸੀਂ ਚੀਫ਼ ਮਨਿਸਟਰ ਸਾਹਿਬ ਨਾਲ ਮਿਲ ਕੇ ਇਸ ਬਾਰੇ ਸਲੂਸ਼ਨ ਕੱਢ ਲੈਣਾ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਟਾਰੀਆ ਸਾਹਿਬ ਨੇ ਸੀਰੀਅਸ ਐਲੀਗੇਸ਼ਨਜ਼ ਲਗਾਏ ਹਨ। (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਕੱਲੇ ਬਲਾਚੌਰ ਦਾ ਮਸਲਾ ਨਹੀਂ ਹੈ, ਸਰਹੰਦ ਨੇੜੇ ਨਰਵਾਨਾ ਬਰਾਂਚ ਤੇ ਪਿਛੇ ਜਿਹੇ ਤੁਹਾਨੂੰ ਪਤਾ ਹੈ ਕਿ ਉਥੇ ਬੱਸ ਗਿਰਨ ਨਾਲ 80 ਲਾਸ਼ਾਂ ਨਿਕਲੀਆਂ ਸਨ। ਉਥੇ ਪੁਲਾਂ ਵਾਸਤੇ ਸਾਡੇ ਵਕਤ 1978-79 ਵਿਚ ਕੋਈ 2.75 ਲੱਖ ਰੁਪਏ ਮਨਜ਼ੂਰ ਹੋਏ ਸਨ ਪਰ ਉਥੇ ਹਾਲੇ ਤਕ ਪੁਲ ਨਹੀਂ ਬਣਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਬਾਰੇ ਕੀ ਕਰ ਰਹੇ ਹੋ ? ਇਸੇ ਤਰ੍ਹਾਂ ਭਾਖੜਾ ਮੇਨ ਲਾਈਨ ਤੇ ਛੋਟੇ ਛੋਟੇ ਪੁਲ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਜਿਥੇ ਪੁਲਾਂ ਦੀ ਲੋੜ ਹੈ ਕੀ ਉਥੇ ਸਰਕਾਰ ਪੁਲ ਬਣਾਏਗੀ ?

ਮੁੱਖ ਮੰਤਰੀ : ਮੈਂਬਰ ਸਾਹਿਬ ਕੋਈ ਸਪੈਸੇਫਿਕ ਸਵਾਲ ਕਰਨ ਤਾਂ ਉਸ ਬਾਰੇ ਜਵਾਬ ਦੇ ਦਿੱਤ ਜਾਏਗਾ।

Shri Ram Kishan Kataria : Sir, this bridge was sanctioned by the then Government in 1978. This is a sub-montaneous area. I am representing that constituency. In 1978 sanction was accorded for the construction of bridge. It must be constructed. This road is 12 kms. in length. Even estimates had been prepared for the construction of the bridge.

(ਕੋਈ ਉੱਤਰ ਨਹੀਂ ਆਇਆ)

Culverts/Bridges on a Road in Tehsil Balachaur, Disrict Hoshiarpur

***2. Shri Ram Kishan Kataria :** Will the Chief Minister be pleased to state —

(a) whether culverts/bridges were sanctioned by the Government in the year 1979 for construction on a road in the foothills of Tehsil Balachaur, District Hoshiarpur, from village Bhaddi to Singpur and Tehsil Balachaur, District Hoshiarpur, to make it an all weather road ;

(b) if so, the progress made so far in the matter and the estimated date by which they are likely to be completed ?

Sardar Surjit Singh Barnala : (a & b) Two number culverts on this road were sanctioned and construction of these has since been completed.

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਾਮ ਕਿਸ਼ਨ ਕਟਾਰੀਆ : ਮੈਂ ਬੇਨਤੀ ਕਰਾਂਗਾ ਕਿ ਮੁੱਖ ਮੰਤਰੀ ਜੀ ਨੂੰ ਡਿਪਾਰਟਮੈਂਟ ਵਲੋਂ ਗਲਤ ਜਵਾਬ ਦਿੱਤਾ ਗਿਆ ਹੈ। ਮੈਂ ਉਸ ਕਾਂਸਟੀਚਿਊਐਂਸੀ ਨੂੰ ਰਿਪਰਜ਼ੈਂਟ ਕਰਦਾ ਹਾਂ, ਮੈਨੂੰ ਇਸ ਬਾਰੇ ਪਤਾ ਹੈ। ਅਗਰ ਇਹ ਸੈਂਕਸ਼ਨਡ ਹੋਇਆ ਹੈ ਤਾਂ ਇਸ ਤੇ ਕੰਸਟ੍ਰਕਸ਼ਨ ਜ਼ਰੂਰ ਚਾਲੂ ਕਰ ਦਿੱਤੀ ਜਾਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਰਿਪਲਾਈ ਦੇਣ ਦੀ ਲੋੜ ਨਹੀਂ। ਅਗਲਾ ਸਵਾਲ।

Deal for the sale of Shares of Punjab Spinning Mills, Bhatinda

***16. Sardar Sukhdev Singh Dhillon :** Will the Miniser for Finance be pleased to state —

(a) whether it is a fact that party selected by P.S.I.D.C. for sale of shares of Punjab Spinning Mills, Bhatinda was much inferior and without having experience of running a Spinning Mill in comparison to others who had quoted high rates for shares and were not given a chance by the Chief Minister to quote high value of shares with payment on cash down basis ;

(b) whether it is also a fact that party under reference failed to pay dues to Markfed and no attention was given to this fact by Sardar Darbara Singh while agreeing to sell shares of Company particularly when it was brought to his notice;

(c) whether it is a fact that Dharinder Bramachari was deeply involved in this deal with Sardar Darbara Singh;

(d) whether the same party filed defamation case against P.S.I.D.C. officers now ; if so, their names ;

(e) whether the same party mismanaged the company and swindled crores in purchase of cotton from the private markets and shared commission with yarn dealers ?

Sardar Balwant Singh : (a) The party for the sale of shares of Punjab Spinning & Weaving Mills Ltd. was selected at a joint meeting of the Project Approval Board of the State Government and the Board of Directors of P.S.I.D.C. keeping in view the merits and demerits of various parties who made the offers. It is correct that the party had no experience of running a spinning mill. It is not correct that others were not given chance by the Chief Minister to quote higher value of shares with payment on cash down basis.

(b) It is correct that the party has failed to ensure that Punjab Spinning & Weaving Mills Ltd. repays the amount due to MARKFED on account of purchase of cotton. It is not correct that no attention was given to this fact while agreeing to sell shares of the Company.

(c) The Government does not know anything about it.

(d) Yes the party has filed defamation cases against the Managing Director, Shri J.N.L.Srivastava, the Executive Director & Secretary Shri V.M.Aggarwal and Shri O.P. Taneja, Chairman of the Management Committee of the Mills.

Original with;
Punjab Vidhan Sabha
Digitized by;
Panjab Digital Library

[Finance Minister]

(e) It is correct that the party mismanaged the company. According to the information supplied by the Mills to the P.S.I.D.C., about a crore of rupees is still to be recovered from the parties to whom yarn was supplied in 1983-84.

ਸਰਦਾਰ ਸੁਖਦੇਵ ਸਿੰਘ ਢਿੱਲੋਂ : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿਚ ਪਾਰਟ (ਏ) ਵਿਚ ਮੰਨਿਆ ਹੈ ਕਿ ਇਨ੍ਹਾਂ ਦਾ ਕੋਈ ਐਕਸਪੀਰੀਐਂਸ ਨਹੀਂ ਸੀ। ਇਨ੍ਹਾਂ ਨੇ ਪਾਰਟ (ਬੀ) ਵਿਚ ਮੰਨਿਆ ਹੈ ਕਿ ਜਿਸ ਵੇਲੇ ਉਨ੍ਹਾਂ ਨੇ ਚਾਰਜ ਲਿਆ ਤਾਂ ਮਾਰਕਫੈਡ ਦਾ ਕਰੋੜਾਂ ਰੁਪਿਆ ਕਿਸ ਤਰ੍ਹਾਂ ਨਾਲ ਰਿਕਵਰ ਕੀਤਾ ਜਾਏਗਾ, ਉਹ ਪੈਂਡਿੰਗ ਪਿਆ ਹੈ। ਅਗਲੇ ਪਾਰਟ (ਡੀ) ਵਿਚ ਇਨ੍ਹਾਂ ਨੇ ਕਿਹਾ ਹੈ ਕਿ ਅਫਸਰਾਂ ਤੇ ਡੈਫੇਮੇਸ਼ਨ ਕੇਸਿਜ਼ ਕਰ ਦਿੱਤੇ ਹਨ। ਅੱਗੇ ਇਨ੍ਹਾਂ ਨੇ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਕਰੋੜਾਂ ਰੁਪਏ ਹਾਲੇ ਉਨ੍ਹਾਂ ਬੰਦਿਆਂ ਵਲ ਖੜ੍ਹੇ ਹਨ ਜਿਨ੍ਹਾਂ ਨੇ ਮਾਲ ਵੇਚ ਦਿੱਤਾ ਹੈ। ਇੰਨੀ ਗਲ ਹੋਣ ਦੇ ਬਾਵਜੂਦ ਕੀ ਵਜ੍ਹਾ ਹੈ ਕਿ ਉਸ ਪਾਰਟੀ ਨੂੰ ਜਿਸ ਨੂੰ ਐਕਸਪੀਰੀਐਂਸ ਨਹੀਂ ਸੀ, ਇਹ ਕੰਮ ਦਿੱਤਾ ਗਿਆ ? ਕਿਹੜੀਆਂ ਕਿਹੜੀਆਂ ਸ਼ਰਤਾਂ ਤੇ ਉਨ੍ਹਾਂ ਨੂੰ ਇਹ ਕਬਜ਼ਾ ਦਿੱਤਾ ਗਿਆ ? ਕੀ ਇਨ੍ਹਾਂ ਸ਼ਰਤਾਂ ਦੀ ਵਾਇਉਲੇਸ਼ਨ ਨਹੀਂ ਹੋਈ, ਜੇ ਹੋਈ, ਤਾਂ ਕੀ ਐਕਸ਼ਨ ਲਿਆ ? ਕਰੋੜਾਂ ਰੁਪਏ ਦਾ ਇਹ ਸਕੈਂਡਲ ਹੈ ਜਿਸ ਵਿਚ ਦਰਬਾਰਾ ਸਿੰਘ ਦੀ ਸਰਕਾਰ ਦਾ ਹੱਥ ਹੈ। ਉਸ ਦੇ ਲਈ ਕੀ ਇਹ ਹਾਈ ਪਾਵਰਡ ਕਮੇਟੀ ਬਣਾਉਣਗੇ ਅਤੇ ਇਸ ਸਕੈਂਡਲ ਦੀ ਇਨਕੁਆਇਰੀ ਕਰਾਉਣ ਦੀ ਕ੍ਰਿਪਾ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਇਕ ਸਵਾਲ ਵਿਚ 10--15 ਸਵਾਲ ਕਰ ਦਿਤੇ ਹਨ। ਮੈਂ ਇਸ ਬਾਰੇ ਰਿਕੁਐਸਟ ਕਰਾਂਗਾ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਪੁੱਛਿਆ ਹੈ ਕਿ ਕੰਡੀਸ਼ਨਜ਼ ਕੀ ਸਨ ਅਤੇ ਕੰਡੀਸ਼ਨ ਦੀ ਵਾਇਉਲੇਸ਼ਨ ਤਾਂ ਨਹੀਂ ਹੋਈ, ਇਸ ਬਾਰੇ ਇਸ ਤਰ੍ਹਾਂ ਹੈ ਕਿ ਜਿਹੜੀ ਮਿੱਲ ਵੇਚੀ ਗਈ ਸੀ ਇਹ ਸਰਕਾਰੀ ਮਿੱਲ ਸੀ ਜਿਹੜੀ ਪ੍ਰਾਈਵੇਟ ਪਾਰਟੀ ਨੂੰ ਵੇਚੀ ਗਈ। ਕੰਡੀਸ਼ਨਜ਼ ਇਹ ਸਨ ਕਿ ਉਸ ਨੇ 1/3 ਪੈਸਾ ਫਿਕਸਡ ਡੇਟ ਤੱਕ ਦੇਣਾ ਸੀ ਜੋ ਕਿ 10 ਮਾਰਚ ਤੱਕ ਸੀ। ਉਸ ਦੇ ਬਾਅਦ ਉਸ ਨੇ 2/3 ਪੈਸਾ ਦੇਣਾ ਸੀ। ਪਰ ਅਨਫਾਰਚੂਨੇਟਲੀ ਉਨ੍ਹਾਂ ਨੇ 1/3 ਪੈਸਾ ਜਿਹੜਾ ਸੀ ਉਹ ਵੀ ਕੰਡੀਸ਼ਨ ਦੇ ਮੁਤਾਬਿਕ 10 ਮਾਰਚ ਤੱਕ ਜਮ੍ਹਾਂ ਨਹੀਂ ਕਰਾਇਆ। ਫਿਰ ਉਨ੍ਹਾਂ ਨੇ 1/3 ਦੇ ਦਿਤਾ ਪਰ ਬਾਕੀ ਦਾ 2/3 ਅਜੇ ਤਕ ਨਹੀਂ ਦਿਤਾ। 1/3 ਵੀ ਪੂਰਾ ਨਹੀਂ ਦਿਤਾ ਗਿਆ। ਜਿਹੜਾ ਦਿਤਾ ਉਹ ਕੁਝ ਸਮਾਂ ਪਾ ਕੇ ਦਿਤਾ। ਇਸ ਤਰ੍ਹਾਂ ਵਾਇਉਲੇਸ਼ਨ ਜ਼ਰੂਰ ਹੋਈ ਹੈ ਅਤੇ ਮਿਸਮਨੇਜਮੈਂਟ ਵੀ ਹੋਈ ਹੈ। ਮਾਰਕਫੈਡ ਦਾ ਡੇਢ ਕਰੋੜ ਰੁਪਿਆ ਹੈ, ਮਾਰਕਫੈਡ ਇਕ ਸਰਕਾਰੀ ਅਦਾਰਾ ਹੈ। ਇਸ ਵਿਚ ਮੈਜਾਰਿਟੀ ਸ਼ੇਅਰ ਮਾਰਕਫੈਡ ਦਾ ਹੈ। ਫਿਰ ਇਕ ਕਰੋੜ ਦੇ ਕਰੀਬ ਜਿਹੜਾ ਧਾਗਾ ਵੇਚਿਆ ਉਨ੍ਹਾਂ ਨੇ ਇਹ ਪੈਸੇ ਨਹੀਂ ਦਿਤੇ। ਇਸ ਬਾਰੇ ਕਈ ਮੁਕੱਦਮੇ ਚਲ ਰਹੇ ਹਨ। ਕੋਰਟ ਵਿਚ ਕੇਸ ਹਨ।

ਸਰਦਾਰ ਸੁਖਦੇਵ ਸਿੰਘ ਢਿੱਲੋਂ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੀਆਂ ਸਾਰੀਆਂ ਗੱਲਾਂ ਮੰਨ ਲਈਆਂ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਾਈ ਪਾਵਰਡ ਕਮੇਟੀ ਬਣਾਕੇ ਇਨਕੁਆਇਰੀ ਕਰਾਕੇ ਉਨ੍ਹਾਂ ਦੇ ਖਿਲਾਫ ਕ੍ਰਿਮੀਨਲ ਕੇਸ ਦਰਜ ਕਰਾਉਣਗੇ ?

ਸ਼੍ਰੀ ਸਪੀਕਰ : ਤੁਸੀਂ ਉਨ੍ਹਾਂ ਨੂੰ ਪਰਾਸੀਕਿਊਟ ਕਰੋ।

ਮੰਤਰੀ : ਕੋਰਟ ਵਿਚ ਕੇਸ ਚਲਦੇ ਹਨ। ਮੈਂ ਖੁਦ ਫੀਲ ਕਰਦਾ ਹਾਂ ਕਿ ਇਸ ਦੀ ਹਾਈ ਲੈਵਲ ਇਨਕੁਆਇਰੀ ਕਰਾ ਲੈਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਬੜੇ ਅਦਬ ਨਾਲ ਕਹਿਣਾ ਚਾਹੁੰਦਾ ਹਾਂ, ਅਸੀਂ ਉਸ ਵਕਤ ਇਸ ਅਸੰਬਲੀ ਵਿਚ ਸੀ ਜਦੋਂ ਇਸ ਬਾਰੇ ਪੁਛਿਆ ਜਾਂਦਾ ਸੀ। ਉਦੋਂ ਸਰਕਾਰ ਗਲਤ ਜਵਾਬ ਦਿੰਦੀ ਰਹੀ ਪਰ ਹੁਣ ਇਸ ਸਰਕਾਰ ਨੇ ਠੀਕ ਜਵਾਬ ਦਿਤਾ ਹੈ। ਅਸੀਂ ਉਦੋਂ ਵੀ ਕਹਿੰਦੇ ਸੀ ਅਤੇ ਹੁਣ ਵੀ ਕਹਿੰਦੇ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੇ ਅਸਰ ਰਸੂਖ ਨਾਲ ਇਹ ਸਾਰਾ ਕੁਝ ਹੋਇਆ । ਇਸ ਲਈ ਕੀ ਇਹ ਸਾਰਾ ਰਿਕਾਰਡ ਮੰਗਵਾ ਕੇ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੀ ਇਕ ਕਮੇਟੀ ਬਣਾਕੇ ਇਸ ਦੀ ਇਨਕੁਆਇਰੀ ਕਰਾਉਣਗੇ ? ਦੂਜਾ ਇਹ ਕਿ ਪਾਰਟੀ ਦਾ ਵੇਰਵਾ ਦੱਸਿਆ ਜਾਵੇ ਕਿ ਕਿਹੜੀ ਪਾਰਟੀ ਹੈ ? ਉਹ ਕਿਹੜੇ ਸੱਜਣ ਹਨ ਜਿਨ੍ਹਾਂ ਨੇ ਸਟੇਟ ਨਾਲ ਧੋਖਾ ਕੀਤਾ ? ਕੀ ਸਦਨ ਦੇ ਮੈਂਬਰਾਂ ਦੀ ਕਮੇਟੀ ਬਣਾਕੇ ਇਸ ਸਾਰੇ ਕੇਸ ਦੀ ਇਨਕੁਆਇਰੀ ਕਰਾਉਣ ਲਈ ਅਤੇ ਫਿਰ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨ ਨੂੰ ਇਹ ਤਿਆਰ ਹਨ ?

ਸ਼੍ਰੀ ਸਪੀਕਰ : ਇਸ ਬਾਰੇ ਪਬਲਿਕ ਅੰਡਰਟੇਕਿੰਗਜ਼ ਕਮੇਟੀ ਸਦਨ ਦੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਉਸ ਵਕਤ ਦਾ ਸਾਰਾ ਰਿਕਰਡ ਕਢਾਕੇ ਦੇਖ ਲਵੋ।

ਸ਼੍ਰੀ ਸਪੀਕਰ : ਮੈਂ ਦੱਸਿਆ ਹੈ ਕਿ ਇਸ ਬਾਰੇ ਸਦਨ ਦੀ ਪਬਲਿਕ ਅੰਡਰਟੇਕਿੰਗਜ਼ ਕਮੇਟੀ ਹੈ । ਸਰਦਾਰ ਬਲਵੰਤ ਸਿੰਘ ਜੀ, ਇਹ ਕਹਿੰਦੇ ਹਨ ਕਿ ਤੁਸੀਂ ਇਸ ਦੀ ਇਨਕੁਆਇਰੀ ਜਲਦੀ ਤੋਂ ਜਲਦੀ ਕਰਾਕੇ ਜਿਹੜੇ ਬੰਦੇ, ਪੁਲਿਟੀਕਲ ਬੰਦੇ ਇਸ ਵਿਚ ਇਨਵਾਲਵਡ ਹਨ, ਉਨ੍ਹਾਂ ਤੇ ਐਕਸ਼ਨ ਲਵੋ।

ਮੰਤਰੀ : ਅਸੀਂ ਹਾਈ ਲੈਵਲ ਇਨਕੁਆਇਰੀ ਕਰਾਂਗੇ ਅਤੇ ਜਿਹੜੇ ਵੀ ਪੁਲਿਟੀਕਲ ਬੰਦੇ ਜਾਂ ਹਾਈ-ਅਪਸ ਇਸ ਵਿਚ ਇਨਵਾਲਵਡ ਹੋਣਗੇ Those will not be spared.

ਸਰਦਾਰ ਦਲੀਪ ਸਿੰਘ ਪਾਂਧੀ : ਉਹ ਪਾਰਟੀ ਕਿਹੜੀ ਹੈ, ਉਹ ਬੰਦੇ ਕੌਣ ਹਨ ?

ਸ਼੍ਰੀ ਸਪੀਕਰ : ਕੀ ਉਹ ਹੁਣੇ ਹੀ ਨਾਮ ਲੈ ਦੇਣ ?

ਸਰਦਾਰ ਦਲੀਪ ਸਿੰਘ ਪਾਂਧੀ : ਇਹ ਦੱਸਣ ਕਿ ਉਹ ਆਦਮੀ ਕੌਣ ਹਨ ?

ਸ਼੍ਰੀ ਸਪੀਕਰ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਭਾਵੇਂ ਕੋਈ ਉਚੀ ਤੋਂ ਉਚੀ ਸ਼ਖਸੀਅਤ ਹੋਵੇ, ਉਸ ਉਤੇ ਐਕਸ਼ਨ ਲਿਆ ਜਾਵੇਗਾ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਉਨ੍ਹਾਂ ਨੇ ਕਿਹਾ ਹੈ ਕਿ 1/3 ਹਿੱਸਾ ਦੇਣ ਤੋਂ ਬਗੈਰ ਮੈਨੇਜਮੈਂਟ ਉਨ੍ਹਾਂ ਨੂੰ ਟਰਾਂਸਫਰ ਕਰ ਦਿਤੀ ਗਈ ਅਤੇ ਉਨ੍ਹਾਂ ਨੇ 1/3 ਹਿੱਸਾ ਅਜੇ ਵੀ ਨਹੀਂ ਦਿੱਤਾ। ਫਿਰ 2/3 ਹਿੱਸਾ ਵੀ ਅਜੇ ਦੇਣਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਲੀਗਲ ਕਾਰਵਾਈ ਉਸ ਪਾਰਟੀ ਦੇ ਅਗੇਂਸਟ ਕੀਤੀ ਗਈ ਟੂ ਰੀਕਵਰ ਦੀ ਬੈਲੈਂਸ ਅਮਾਊਂਟ ?

ਮੰਤਰੀ : 1/3 ਹਿੱਸਾ ਜਿਹੜਾ ਹੈ ਇਹ 1 ਕਰੋੜ 26 ਲੱਖ ਰੁਪਿਆ ਬਣਦਾ ਸੀ ਜਿਹੜਾ ਕਿ 10 ਮਾਰਚ ਤਕ ਦੇਣਾ ਸੀ। ਪਰ ਉਨ੍ਹਾਂ ਨੇ ਅਜੇ ਤਕ 1/3 ਹਿੱਸਾ ਪੂਰਾ ਨਹੀਂ ਦਿੱਤਾ। ਉਸ ਦੀ ਰਿਕਵਰੀ ਵਾਸਤੇ ਮੁੱਕਦਮੇ ਚਲ ਰਹੇ ਹਨ। This case has already been going on in the Court.

ਸ਼੍ਰੀ ਰਾਧਾ ਕ੍ਰਿਸ਼ਨ : ਸੈਟਲਮੈਂਟ ਵਿਚ ਕੰਡੀਸ਼ਨਜ਼ ਹੋਣਗੀਆਂ ਅਤੇ ਉਨ੍ਹਾਂ ਕੰਡੀਸ਼ਨਜ਼ ਦੇ ਮੁਤਾਬਿਕ ਪੈਸੇ ਰੀਕਵਰ ਕੀਤੇ ਜਾ ਸਕਦੇ ਸਨ ।

Original with;
Punjab Vidhan Sabha
Digitized by
Panjab Digital Library

ਮੰਤਰੀ : ਸਪੀਕਰ ਸਾਹਿਬ, ਮੈਂ ਪੂਰੀ ਡੀਟੇਲਡ ਇਨਫਰਮੇਸ਼ਨ ਦੇ ਦਿੱਤੀ ਹੈ।

Sale of Punjab Spinning and Weaving Mill, Bhatinda

***17. Sardar Sukhdev Singh Dhillon:** Will the Minister for Finance be pleased to state—

(a) whether it is a fact that PSIDC has sold its company under the name Punjab Spinning and Weaving Mill, Bhatinda, in favour of a Privrate Company of Haryana;

(b) whether it is also a fact that tender notice was given in the papers for out-right sale of shares on cash down basis;

(c) whether it is also a fact that in contravention of the condition of the Notice inviting tender, shares were sold on deferred payment basis against pledge of property without proper check title; if so, the reasons therefor?

Sardar Balwant Singh: (a) The Punjab State Industrial Development Corporation, with the approval of the State Government in the Project Approval Board, had agreed to sell its share-holdings in Punjab Spinning & Weaving Mills Ltd. to a private individual of Hissar.

(b) According to the tender notice which was given in the newspapers, at least 1/3rd of the total consideration money was to be paid within 30 days of the acceptance of the offer and the balance in instalments within a period of five years.

(c) Extension of time for payment of 1/3rd of the total consideration money was given from time to time by the Project Approval Board. However, adequate security of tangible assets has been taken by the Corporation.

ਸਰਦਾਰ ਸੁਖਦੇਵ ਸਿੰਘ ਢਿੱਲੋਂ : ਸਪੀਕਰ ਸਾਹਿਬ, ਢਿੱਲ੍ਹਾਂ ਨੇ ਮੰਨਿਆ ਹੈ ਕਿ ਪ੍ਰਾਈਵੇਟ ਫਰਮ ਹੈ, ਇੰਡੀਵਿਜੁਅਲ ਹੈ ਅਤੇ ਹਿਸਾਰ ਦੇ ਇਕ ਪ੍ਰਾਈਵੇਟ ਵਿਅਕਤੀ ਨੂੰ ਇਹ ਲੁਟਾ ਦਿਤੀ। ਦੂਜਾ ਇਹ ਕਿ ਜਿਹੜੀ 1/3 ਰਕਮ ਦੀ ਪੇਮੈਂਟ ਕਰਨੀ ਸੀ, ਉਸ ਦੀਆਂ ਇਨਸਟਾਲਮੈਂਟਸ ਕਰ ਦਿਤੀਆਂ ਅਤੇ ਇਹ 30 ਦਿਨਾਂ ਦੇ ਅੰਦਰ ਅੰਦਰ ਦੇਣਾ ਸੀ। ਉਹ ਬਾਰ ਬਾਰ ਇਨਸਟਾਲਮੈਂਟਸ ਕਰਦਾ ਰਿਹਾ। ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਸਵਾਲ ਕੀਤਾ ਸੀ ਪਰ ਇਨ੍ਹਾਂ ਨੇ ਕਿਹਾ ਕਿ ਇਸ ਵਿਚ ਪਾਲੇਟੀਸ਼ਨ ਦਾ ਹੱਥ ਨਹੀਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀ ਬੇਜ਼ਾਬਤੀ ਹੋਈ। ਸ਼ੇਅਰ ਪ੍ਰਾਈਵੇਟ ਵਿਅਕਤੀ, ਇੰਡੀਵਿਜੁਅਲ ਨੂੰ ਦੇ ਦਿਤੇ। ਡੇਢ ਕਰੋੜ ਰੁਪਏ ਦਾ ਮਾਰਕੰਫੈਡ ਨੂੰ ਘਾਟਾ ਪਿਆ। ਉਸ ਦੇ ਰਿਸ਼ਤੇਦਾਰਾਂ ਨੂੰ ਪੈਸੇ ਦੇ ਦਿਤੇ। ਜਦ ਕੋਈ ਅਫਸਰ ਉਸ ਕੋਲੋਂ ਪੈਸੇ ਮੰਗਣ ਜਾਂਦਾ ਹੈ ਤਾਂ ਉਸ ਦੇ ਖਿਲਾਫ ਡੈਫੇਮੇਸ਼ਨ ਦਾ ਕੇਸ ਕਰ ਦਿਤਾ ਜਾਂਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਦੇ ਖਿਲਾਫ ਐਸੀ ਕਾਰਵਾਈ ਕੀਤੀ ਜਾਵੇ ਅਤੇ ਉਸ ਨੂੰ ਸਬਕ ਸਿਖਾਇਆ ਜਾਵੇ।

Original with;
Punjab Vidhan Sabha
Digitized by;
Panjab Digital Library

ਮੰਤਰੀ : ਇਹ ਸਹੀ ਹੈ ਕਿ ਮਾਰਕਫੈਡ ਦੇ ਪੈਸੇ ਵਾਪਸ ਨਹੀਂ ਆਏ। ਇਹ ਜਿਹੜਾ ਮਾਰਕਫੈਡ ਦਾ ਡੇਢ ਕਰੋੜ ਰੁਪਿਆ ਹੈ ਇਸ ਉਤੇ ਇੰਟਰੈਸਟ ਕਾਫੀ ਬਣ ਚੁਕਾ ਹੈ ਅਤੇ ਇਸ ਤਰ੍ਹਾਂ ਇਹ ਕੋਈ 2 ਕਰੋੜ ਰੁਪਏ ਬਣ ਚੁੱਕੇ ਹਨ। ਇਹ ਵੀ ਸਹੀ ਹੈ ਕਿ 1 ਕਰੋੜ ਰੁਪਿਆ ਯਾਰਨ ਦਾ ਵਾਪਸ ਨਹੀਂ ਆਇਆ। ਮੈਂ ਹਾਊਸ ਵਿਚ ਐਸ਼ੋਰੈਂਸ ਦਿੰਦਾ ਹਾਂ ਕਿ we will enquire into it ਅਤੇ ਉਸ ਦਾ ਜਿਹੜਾ ਰਿਜ਼ਲਟ ਹੋਵੇਗਾ, ਉਹ ਅਗਲੇ ਸੈਸ਼ਨ ਵਿਚ ਪੇਸ਼ ਕੀਤਾ ਜਾਵੇਗਾ।

ਸ਼੍ਰੀ ਸੇਵਾ ਰਾਮ ਅਰੋੜਾ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਵੀ ਕੋਈ ਐਗਰੀਮੈਂਟ ਹੁੰਦਾ ਹੈ ਤਾਂ ਉਸ ਐਗਰੀਮੈਂਟ ਦੇ ਵਿਚ ਇਕ ਕਲਾਜ਼ ਹੁੰਦੀ ਹੈ, ਉਸ ਕਲਾਜ਼ ਤੋਂ ਬਗੈਰ ਕਦੇ ਐਗਰੀਮੈਂਟ ਨਹੀਂ ਹੁੰਦਾ। ਜੇ ਉਹ ਪਾਰਟੀ ਜਾਂ ਕੋਈ ਪਾਰਟੀ ਉਸ ਕਲਾਜ਼ ਦੇ ਮੁਤਾਬਿਕ ਐਗਰੀਮੈਂਟ ਤੇ ਪੂਰੀ ਨਹੀਂ ਉਤਰਦੀ ਤਾਂ ਫਿਰ ਉਹ ਐਗਰੀਮੈਂਟ ਮਨਸੂਖ ਹੋਇਆ ਸਮਝਿਆ ਜਾਵੇਗਾ। ਇਸ ਦੇ ਮੁਤਾਬਿਕ ਕਿਉਂ ਨਹੀਂ ਉਸ ਵੇਲੇ ਐਕਸ਼ਨ ਲਿਆ ਗਿਆ ?

ਮੰਤਰੀ : ਸਪੀਕਰ ਸਾਹਿਬ, ਇਹੋ ਕੁਐਸਚਨ ਢਿਲੋਂ ਜੀ ਨੇ ਰੇਜ਼ ਕੀਤਾ ਸੀ। ਮੈਂ ਦਸਣਾ ਚਾਹੁੰਦਾ ਹਾਂ ਕਿ ਇਸ ਦੇ ਬਾਵਜੂਦ ਕਿ ਐਗਰੀਮੈਂਟ ਪੂਰਾ ਫੁੱਲਫਿਲ ਨਹੀਂ ਹੋਇਆ, ਮੈਨੇਜਮੈਂਟ ਟਰਾਂਸਫਰ ਕਰ ਦਿਤੀ ਗਈ। ਰਿਕਾਰਡ ਦੇਮੁਤਾਬਿਕ ਅਪਰੂਵਲ ਬੋਰਡ ਨੇ ਫਰਾਮ ਟਾਈਮ ਟੂ ਟਾਈਮ 1/3 ਇਨਸਟਾਲਮੈਂਟ ਦੀ ਐਕਸ ਟੈਨਸ਼ਨ ਦਿਤੀ।

Starred Question No.21

Mr. Speaker: Extension has been asked for in respect of Starred Question Number 21*

Provision of a Middle or a High School

***10. Prof. Kumari Susheel Mahajan** : Will the Minister for Education be pleased to state whether a Middle or a High School has been provided to all the villages and the towns in the State falling in the radius of two kilometres; if not, the reasons therefor ?

ਸਰਦਾਰ ਸੁਖਜਿੰਦਰ ਸਿੰਘ : ਨਹੀਂ। ਅਜੇ ਭੀ ਰਾਜ ਵਿਚ ਅਜਿਹੇ ਇਲਾਕੇ ਹਨ ਜਿਥੇ ਭਾਰਤ ਸਰਕਾਰ ਦੇ ਨਾਰਮ ਅਨੁਸਾਰ 3 ਕਿਲੋਮੀਟਰ ਦੇ ਘੇਰੇ ਵਿੱਚ ਮਿਡਲ ਸਕੂਲ ਅਤੇ 5 ਕਿਲੋਮੀਟਰ ਦੇ ਘੇਰੇ ਵਿੱਚ ਹਾਈ ਸਕੂਲ ਨਹੀਂ ਹਨ। ਅਜਿਹੇ ਇਲਾਕਿਆਂ ਨੂੰ ਕਵਰ ਕਰਨਾ ਹੈ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈਂ ਸਿਖਿਆ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਜਿਨ੍ਹਾਂ ਇਲਾਕਿਆਂ ਵਿੱਚ ਹਾਲੀ ਪ੍ਰਾਇਮਰੀ ਸਕੂਲ ਵੀ ਨਹੀਂ ਹੈ, ਮਿਡਲ ਸਕੂਲ ਵੀ ਨਹੀਂ ਹੈ ਅੌਰ ਹਾਈ ਸਕੂਲ ਵੀ ਨਹੀਂ ਹੈ, ਉਨ੍ਹਾਂ ਦੇ ਲਈ ਕੀ ਪ੍ਰਬੰਧ ਕੀਤਾ ਗਿਆ ਹੈ ? ਦੂਸਰਾ, ਮੈਂ ਇਹ ਰਿਕੁਐਸਟ

---

*For Starred Question No, 21 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ]

ਕਰਾਂਗੀ ਕਿ ਮੈਨੂੰ ਇਸ ਦੇ ਲਈ ਕੋਈ ਟਾਈਮ ਬਾਊਂਡ ਪੀਰੀਅਡ ਦੱਸਿਆ ਜਾਵੇਗਾ ਕਿ ਕਿੰਨੇ ਚਿਰ ਵਿੱਚ ਜਿਥੇ ਜਿਥੇ ਸਕੂਲਾਂ ਦੀ ਨਸੈਸਟੀ ਹੈ ਉਥੇ ਉਥੇ ਉਨ੍ਹਾਂ ਨੂੰ ਖੋਲ੍ਹਣ ਦਾ ਇੰਤਜ਼ਾਮ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਤਾਂ ਪ੍ਰਾਇਮਰੀ ਸਕੂਲ ਖੋਲ੍ਹਣ ਦਾ ਤੱਲਕ ਹੈ, ਇਹ ਸਾਨੂੰ ਜਗ੍ਹਾ ਦਸ ਦੇਣ, ਅਸੀਂ ਹੁਣੇ ਖੋਲ੍ਹ ਦਿੰਦੇ ਹਾਂ। ਜਿਥੋਂ ਤਕ ਮਿਡਲ ਸਕੂਲ ਜਾਂ ਹਾਈ ਸਕੂਲ ਦਾ ਤੱਲਕ ਹੈ ਉਸ ਦੇ ਵਾਸਤੇ ਜਿਵੇਂ ਜਿਵੇਂ ਪੈਸੇ ਮਿਲਦੇ ਜਾਣਗੇ ਤਿਵੇਂ ਤਿਵੇਂ ਅਸੀਂ ਸਕੂਲ ਬਣਾਉਂਦੇ ਚਲੇ ਜਾਵਾਂਗੇ। ਇਸ ਦੇ ਵਾਸਤੇ ਕੋਈ ਟਾਈਮ ਨਹੀਂ ਦਸਿਆ ਜਾ ਸਕਦਾ ਕਿਉਂਕਿ ਇਸ ਦੇ ਲਈ ਪੈਸੇ ਦੀ ਜ਼ਰੂਰਤ ਹੈ। ਸਾਡੀ ਸਕੂਲਾਂ ਦੇ ਮਾਮਲੇ ਵਿੱਚ ਪੋਜ਼ੀਸ਼ਨ ਬਾਕੀ ਦੀਆਂ ਸਾਰੀਆਂ ਸਟੇਟਾਂ ਨਾਲੋਂ ਬੈਟਰ ਹੈ। ਫਿਰ ਵੀ ਇਸ ਲਈ ਜਿਵੇਂ ਜਿਵੇਂ ਪੈਸੇ ਮਿਲਦੇ ਜਾਣਗੇ ਅਸੀਂ ਤਿਵੇਂ ਤਿਵੇਂ ਸਕੂਲ ਬਣਾਉਂਦੇ ਚਲੇ ਜਵਾਂਗੇ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਵਿੱਚ ਪ੍ਰਾਇਮਰੀ ਸਕੂਲਜ਼ ਖੋਲ੍ਹੇ ਹਨ, ਉਥੇ ਕਈ ਥਾਂ ਇਕ ਇਕ ਟੀਚਰ ਲਗਾ ਦਿੱਤਾ ਗਿਆ ਔਰ ਜਿਹੜਾ ਵੀ ਟੀਚਰ ਇਨ੍ਹਾਂ ਥਾਵਾਂ ਤੇ ਲਗਾ ਦਿੱਤਾ ਉਹ ਛੱਡ ਕੇ ਛੁੱਟੀ ਲੈ ਕੇ ਚਲਾ ਜਾਂਦਾ ਹੈ ਔਰ ਬੱਚੇ ਬਗੈਰ ਟੀਚਰ ਦੇ ਬੈਠੇ ਰਹਿੰਦੇ ਹਨ ਜਾਂ ਉਹ ਫਿਰ ਦੂਸਰਿਆਂ ਸਕੂਲਾਂ ਵਿੱਚ ਪੜ੍ਹਨ ਵਾਸਤੇ ਚਲੇ ਜਾਂਦੇ ਹਨ। ਕੀ ਇਸ ਦੇ ਲਈ ਜਲਦੀ ਹੀ ਕੋਈ ਪ੍ਰਬੰਧ ਕੀਤਾ ਜਾਵੇਗਾ, ਜਿਥੇ ਟੀਚਰ ਨਹੀਂ ਉਥੇ ਟੀਚਰ ਪ੍ਰੋਵਾਈਡ ਕੀਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਕੋਈ ਸਪੈਸਿਫਿਕ ਇਨਸਟਾਂਸ ਦੱਸ ਦੇਣ, ਅਸੀਂ ਐਕਸ਼ਨ ਲਵਾਂਗੇ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਗੱਲ ਪੁੱਛਣ ਚਾਹੁੰਦੀ ਹਾਂ ਕਿ ਜਿਨ੍ਹਾਂ ਇਲਾਕਿਆਂ ਵਿੱਚ ਪ੍ਰਾਈਮਰੀ ਸਕੂਲ ਤਾਂ ਹਨ ਲੇਕਿਨ ਉਥੇ ਪਹੁੰਚਣ ਲਈ ਪੁਲਾਂ ਵਗੈਰਾ ਦੀਆਂ ਪ੍ਰਾਬਲਮਜ਼ ਹਨ। ਟੀਚਰਜ਼ ਦੇ 15–15 ਦਿਨ ਸਕੂਲਾਂ ਵਿੱਚ ਨਾ ਜਾਣ ਕਾਰਨ ਬੱਚਿਆਂ ਨੂੰ ਮੁਸੀਬਤ ਹੁੰਦੀ ਹੈ। ਮੈਂ ਮਨਿਸਟਰ ਸਾਹਿਬ ਨੂੰ ਕਹਾਂਗੀ ਕਿ ਜਿਥੇ ਜਿਥੇ ਇਸ ਤਰ੍ਹਾਂ ਦੀਆਂ ਮੁਸੀਬਤਾਂ ਹਨ ਉਥੇ ਟੀਚਰਜ਼ ਦੇ ਰਹਿਣ ਵਾਸਤੇ ਉਥੇ ਹੀ ਜਲਦੀ ਹੀ ਕੋਈ ਇੰਤਜ਼ਾਮ ਕੀਤਾ ਜਾਵੇ ਔਰ ਹਰ ਇਕ ਪ੍ਰਾਈਮਰੀ ਸਕੂਲ ਵਿੱਚ ਬੱਚਿਆਂ ਦੇ ਬੈਠਣ ਵਾਸਤੇ ਸ਼ੈਲਟਰ ਹੋਣੀ ਚਾਹੀਦੀ ਹੈ, ਕਮਰੇ ਹੋਣੇ ਚਾਹੀਦੇ ਹਨ।

Mr. Speaker : Thank you for your suggestion.

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ: ਸਪੀਕਰ ਸਾਹਿਬ, ਇਥੇ ਪ੍ਰਾਇਮਰੀ ਸਕੂਲਾਂ ਦੀ ਗਲ ਕੀਤੀ ਗਈ ਹੈ। ਮੇਰੇ ਇਲਾਕੇ ਵਿੱਚ ਇਕ ਪਿੰਡ ਮਲ੍ਹੀ ਨੰਗਲ ਹੈ, 37 ਸਾਲ ਹੋ ਗਏ ਸੁਤੰਤਰਤਾ ਮਿਲੀ ਨੂੰ ਪਰ ਹਾਲੀ ਤਕ ਉਥੇ ਕੋਈ ਪ੍ਰਾਇਮਰੀ ਸਕੂਲ ਨਹੀਂ ਖੋਲ੍ਹਿਆ ਗਿਆ। ਸਾਡੇ ਇਸ ਪਿੰਡ ਦੇ 36 ਬੱਚੇ ਹਨ ਜਿਹੜੇ ਨਾਲ ਲਗਦੇ 2 ਪਿੰਡਾਂ ਵਿੱਚ ਸਕੂਲਾਂ ਵਿੱਚ ਪੜ੍ਹਨ ਵਾਸਤੇ ਜਾਂਦੇ ਹਨ। ਕੀ ਉਥੇ ਕੋਈ ਪ੍ਰਾਈਮਰੀ ਸਕੂਲ ਖੋਲ੍ਹ ਦੇਣਗੇ ?

ਸ਼੍ਰੀ ਸਪੀਕਰ : ਇਸ ਗਲ ਦਾ ਜਵਾਬ ਪਹਿਲਾਂ ਹੀ ਆ ਚੁਕਾ ਹੈ।

Provision of more facilities to Government Employees Serving in Dhar Block

***20. Master Mohan Lal:** Will the Minister for Education be pleased to state—

(a) whether the Government is aware of the fact that the schoo teachers and other Government employees are generally

Original with;
Punjab Vidhan Sabha
Digitized by;
Panjab Digital Library

reluctant to serve in the Dhar Block area of Pathankot sub-division for which a large number of schools and other posts are lying vacant;

(b) whether it is due to the fact that the area is secluded and the employees there get lesser allowances and facilities as compared to the employees serving in the towns and border areas of the Sub-Division;

(c) whether the Government has any proposal under consideration to improve the working conditions of the employees posted in Dhar Block so that the area may not suffer due to the employees?

ਸਰਦਾਰ ਸੁਖਜਿੰਦਰ ਸਿੰਘ : (ੳ) ਨਹੀਂ ਜੀ । ਸਕੂਲਾਂ ਵਿਚ ਕੁਲ 627 ਪੋਸਟਾਂ ਵਿਚੋਂ ਕੇਵਲ 28 ਪੋਸਟਾਂ ਖਾਲੀ ਹਨ ।

(ਅ) ਨਹੀਂ ਜੀ ।

(ਏ) ਨਹੀਂ ਜੀ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਉਨ੍ਹਾਂ ਟੀਚਰਜ਼ ਦੀ ਜਿਹੜੇ ਉਥੇ ਕੰਮ ਕਰਦੇ ਹਨ, ਉਨ੍ਹਾਂ ਦੀ ਹਾਲਤ ਸੁਧਾਰਨ ਵਾਸਤੇ ਕੀ ਕਰ ਰਹੀ ਹੈ ਅੌਰ ਜਿਹੜੀਆਂ ਪੋਸਟਾਂ ਖਾਲੀ ਪਈਆਂ ਹਨ ਉਹ ਹੁਣ ਤਕ ਕਿਉਂ ਨਹੀਂ ਭਰੀਆਂ ਗਈਆਂ ?

ਮੰਤਰੀ : ਸਪੀਕਰ ਸਾਹਿਬ, 627 ਪੋਸਟਾਂ ਵਿਚੋਂ 28 ਪੋਸਟਾਂ ਖਾਲੀ ਰਹਿਣਾ ਤਾਂ ਆਰਡੀਨਰੀ ਗੱਲ ਹੈ। ਕੋਈ ਬੀਮਾਰ ਹੋ ਗਿਆ, ਕੋਈ ਛੁੱਟੀ ਚਲਾ ਗਿਆ, ਕੋਈ ਰਿਟਾਇਰ ਹੋ ਗਿਆ। ਫਿਰ ਵੀ ਸਾਰਾ ਕੁਝ ਦੇਖ ਕੇ ਇਸ ਦਾ ਪ੍ਰਬੰਧ ਕਰਾਂਗੇ ਪਰ ਇਤਨੀਆਂ ਪੋਸਟਾਂ ਦਾ ਇਤਨੇ ਵਡੇ ਨੰਬਰ ਵਿਚੋਂ ਖਾਲੀ ਰਹਿਣਾ ਇਕ ਆਰਡੀਨਰੀ ਗਲ ਹੈ।

Master Mohan Lal: Since long these posts are lying vacant? The students are suffering since long. What the Government is doing in this regard?

ਮੰਤਰੀ : ਮੈਂ ਤਾਂ, ਸਪੀਕਰ ਸਾਹਿਬ, ਪਹਿਲਾਂ ਹੀ ਕਹਿ ਦਿੱਤਾ ਹੈ ਕਿ ਅਸੀਂ ਸਾਰਾ ਕੁਝ ਦੇਖ ਕੇ ਜਲਦੀ ਹੀ ਪ੍ਰਬੰਧ ਕਰ ਦੇਵਾਂਗੇ। ਅਸੀਂ ਪਿਛਲੀ ਗਲ ਨਹੀਂ ਰਹਿਣ ਦੇਣੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਸ਼ਹਿਰਾਂ ਦੇ ਵਿੱਚ ਬਹੁਤ ਸਾਰੇ ਮਾਸਟਰ ਸਰਪਲੱਸ ਹਨ ਅੌਰ ਪਿੰਡਾਂ ਵਿੱਚ ਉਹ ਜਾਂਦੇ ਨਹੀਂ। ਮੈਂ ਲੁਧਿਆਣੇ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਉਥੇ 300 ਦੇ ਕਰੀਬ ਮਾਸਟਰ ਆਪਣੀਆਂ ਪੋਸਟਾਂ ਨਾਲ ਹੀ ਟਰਾਂਸਫਰ ਹੋ ਕੇ ਆਏ ਹਨ ਅੌਰ ਉਹ ਸ਼ਹਿਰਾਂ ਵਿੱਚ ਹੀ ਬੈਠੇ ਹਨ ਤੇ ਪਿੰਡਾਂ ਦੇ ਸਕੂਲ ਖਾਲੀ ਪਏ ਹਨ। ਕੀ ਐਜੂਕੇਸ਼ਨ ਮਨਿਸਟਰ ਸਾਹਿਬ ਇਸ ਚੀਜ਼ ਨੂੰ ਥਾਰੋਲੀ ਚੈਕ ਕਰਕੇ ਕਿ ਜਿਹੜੇ ਸਕੂਲਾਂ ਵਿੱਚ ਮਾਸਟਰ ਸਰਪਲੱਸ ਹਨ ਕੀ ਉਨ੍ਹਾਂ ਨੂੰ ਪਿੰਡਾਂ ਵਿੱਚ ਜਿਥੇ ਉਨ੍ਹਾਂ ਦੀ ਜ਼ਰੂਰਤ ਹੈ' ਭੇਜੇ ਜਾਣਗੇ ?

Original with;
Punjab Vidhan Sabha
Digitized by
Panjab Digital Library

ਮੰਤਰੀ: ਸਪੀਕਰ ਸਾਹਿਬ, ਇਹ ਬੜਾ ਅੱਛਾ ਸਵਾਲ ਹੈ ਭਾਵੇਂ ਇਸ ਸਵਾਲ ਨਾਲ ਰੈਲੇਵੈਂਟ ਤਾਂ ਨਹੀਂ ਹੈ। ਪਹਿਲਾਂ ਜਦੋਂ ਅਕਾਲੀ ਦਲ ਦੀ ਸਰਕਾਰ ਆਈ ਸੀ ਉਸ ਨੇ ਪਿੰਡਾਂ ਵਿੱਚ ਟੀਚਰਜ਼ ਭੇਜੇ ਸਨ। ਫਿਰ ਜਦੋਂ ਉਹ ਸੱਤਾ ਵਿੱਚ ਨਾ ਰਹੀ ਤਾਂ ਦੂਸਰੀ ਸਰਕਾਰ ਨੇ ਆ ਕੇ ਇਸ ਤਰ੍ਹਾਂ ਕਰ ਦਿੱਤਾ ਅਤੇ ਸਿਫਾਰਸ਼ਾਂ ਨਾਲ ਉਨ੍ਹਾਂ ਨੂੰ ਸ਼ਹਿਰਾਂ ਵਿੱਚ ਰਖਦੀ ਰਹੀ । ਹੁਣ ਰੈਸ਼ਨੇਲਾਈਜ਼ ਕਰਕੇ ਉਨ੍ਹਾਂ ਨੂੰ ਵਾਪਸ ਭੇਜਾਂਗੇ। ਮੈਂ, ਸਪੀਕਰ ਸਾਹਿਬ, ਹਾਊਸ ਨੂੰ ਯਕੀਨ ਦੁਆਉਂਦਾ ਹਾਂ ਕਿ ਜੋ ਟੀਚਰਜ਼ ਸ਼ਹਿਰਾਂ ਵਿੱਚ ਇਸ ਤਰ੍ਹਾਂ ਬੈਠੇ ਹਨ ਉਨ੍ਹਾਂ ਨੂੰ ਵਾਪਸ ਕਰਕੇ ਪਿੰਡਾਂ ਵਿੱਚ ਭੇਜਾਂਗੇ।

ਸਰਦਾਰ ਦਲੀਪ ਸਿੰਘ ਪਾਂਧੀ: ਬੜੀ ਮਿਹਰਬਾਨੀ ਹੈ ਕਿ ਮਨਿਸਟਰ ਸਾਹਿਬ ਨੇ ਅਸ਼ੋਰੈਂਸ ਦਿੱਤੀ ਹੈ। ਸਪੀਕਰ ਸਾਹਿਬ, ਕਾਫੀ ਸਮੇਂ ਤੋਂ ਪਿੰਡਾਂ ਵਿੱਚ ਸਕੂਲ ਖਾਲੀ ਪਏ ਹਨ ਅੌਰ ਟੀਚਰਜ਼ ਦੀ ਸ਼ਾਰਟੇਜ ਵੀ ਹੈ। ਸਕੂਲਾਂ ਵਿੱਚ ਬੱਚਿਆਂ ਦੀ ਸੰਖਿਆ ਦੇ ਮੁਤਾਬਿਕ ਟੀਚਰਜ਼ ਪਿੰਡਾਂ ਅੌਰ ਸ਼ਹਿਰਾਂ ਵਿੱਚ ਨਹੀਂ ਹਨ। ਕੀ ਨਵੀਂ ਭਰਤੀ ਵੇਲੇ ਬੱਚਿਆਂ ਦੀ ਸੰਖਿਆ ਦਾ ਵੀ ਧਿਆਨ ਰਖਿਆ ਜਾਵੇਗਾ ਅੌਰ ਜਿਹੜੀਆਂ ਦੁਕਾਨਾਂ ਖੁਲ੍ਹ ਗਈਆ ਹਨ ਸਕੂਲਾਂ ਦੇ ਰੂਪ ਵਿੱਚ, ਜਿਹੜੇ ਬੱਚਿਆਂ ਨੂੰ ਕੋਈ ਲਿਖਾਉਂਦੇ ਪੜ੍ਹਾਉਂਦੇ ਹੀ ਨਹੀਂ ਉਨ੍ਹਾਂ ਵਲ ਵੀ ਧਿਆਨ ਰਖਦੇ ਹੋਏ ਆਪਣੇ ਸਕੂਲਾਂ ਵਿੱਚ ਬੱਚਿਆਂ ਦੀ ਸੰਖਿਆ ਦੇ ਮੁਤਾਬਿਕ ਟੀਚਰਜ਼ ਰਖੇਂਗੇ ਤਾਕਿ ਐਜੂਕੇਸ਼ਨ ਵਿੱਚ ਕੁਝ ਇਮਪਰੂਵਮੈਂਟ ਹੋਵੇ ?

Mr. Speaker: This does not arise from this question.

Sardar Dalip Singh Pandhi: My question is also about rationalisation.

Mr. Speaker: This does not arise from this question. Sardar Sukhjinder Singh.

ਮੰਤਰੀ: ਸਪੀਕਰ ਸਾਹਿਬ, ਪਾਂਧੀ ਸਾਹਿਬ ਮੇਰੇ ਦੋਸਤ ਹਨ। ਮੈਂ ਤਾਂ ਪਹਿਲਾਂ ਹੀ ਇਸ ਗਲ ਦਾ ਵਿਸ਼ਵਾਸ ਦੁਆ ਚੁੱਕਾ ਹਾਂ ਕਿ ਐਜੂਕੇਸ਼ਨ ਦੀ ਕੁਆਲਿਟੀ ਨੂੰ ਇਮਪਰੂਵ ਕਰਨ ਵਾਸਤੇ ਅਸੀਂ ਸਾਰੇ ਯਤਨ ਕਰਾਂਗੇ। ਐਜੂਕੇਸ਼ਨ ਦੀ ਇਮਪਰੂਵਮੈਂਟ ਵਾਸਤੇ ਜੇ ਇਹ ਕੋਈ ਸੁਜੈਸ਼ਨ ਦੇਣਗੇ ਤਾਂ ਅਸੀਂ ਜ਼ਰੂਰ ਮੰਨਾਂਗੇ।

ਪੰਡਿਤ ਸਰਵਣ ਰਾਮ ਮਨਸੋਵਾਲੀਆ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗੜ੍ਹਸ਼ੰਕਰ ਦਾ ਕੰਡੀ ਏਰੀਆ ਜੋ ਹੈ ਉਸ ਦੇ ਵਿੱਚ ਜਿੰਨੇ ਸਕੂਲ ਹਨ, ਉਨ੍ਹਾਂ ਵਿੱਚ ਮਾਸਟਰਾਂ ਦੀ ਸ਼ਾਰਟੇਜ ਹੈ, ਆਇਆ ਇਹ ਉਥੇ ਮਾਸਟਰ ਲਾਉਣਗੇ ਤਾਕਿ ਬੱਚਿਆਂ ਦੀ ਪੜ੍ਹਾਈ ਖਰਾਬ ਨਾ ਹੋਵੇ ?

ਮੰਤਰੀ: ਸਪੀਕਰ ਸਾਹਿਬ, ਇਹੀ ਤਾਂ ਮੈਂ ਕਿਹਾ ਹੈ ਕਿ ਇਹ ਸਿਫਾਰਸ਼ਾਂ ਕਰਕੇ ਉਨ੍ਹਾਂ ਨੂੰ ਸ਼ਹਿਰਾਂ ਵਿੱਚ ਲੈ ਆਉਂਦੇ ਹਨ ਅਤੇ ਸਾਡੇ ਵਾਸਤੇ ਫਿਰ ਕੋਈ ਮੁਸੀਬਤ ਖੜੀ ਕਰ ਦਿੰਦੇ ਹਨ। ਹੁਣ ਮੈਂ ਕਹਿ ਦਿੱਤਾ ਹੈ ਕਿ ਵਾਪਸ ਕਰਾਂਗੇ। ਨਾਲ ਹੀ ਮੈਂ ਇਹ ਕਹਾਂਗਾ ਕਿ ਫਿਰ ਇਹ ਸਿਫਾਰਸ਼ਾਂ ਨਾ ਕਰਨ।

ਸਰਦਾਰ ਬਲਵੰਤ ਸਿੰਘ ਸਰਹਾਲ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਕੂਲਾਂ ਵਿੱਚ ਸ਼ਡਿਊਲਡ ਕਾਸਟਸ ਵਿਦਿਆਰਥੀਆਂ ਨੂੰ ਹੁਣ ਤਕ ਕਿਤਾਬਾਂ ਫਰੀ ਨਹੀਂ ਮਿਲੀਆਂ, ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਨ੍ਹਾਂ ਨੂੰ ਕਦੋਂ ਤਕ ਕਿਤਾਬਾਂ ਦੇ ਦੇਣਗੇ ?

ਸ਼੍ਰੀ ਸਪੀਕਰ: ਇਹ ਰੈਲੇਵੈਂਟ ਸਵਾਲ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

Functioning of Glucose Saline plant at Guru Nanak Dev Hospital, Amritsar

***14. Prof. Darbari Lal:** Will the Minister for Health and Family Welfare be pleased to state whether a Glucose Saline Plant is functioning at Guru Nanak Dev Hospital, Amritsar, if so, its daily capacity of production?

ਸਰਦਾਰ ਬਸੰਤ ਸਿੰਘ ਖਾਲਸਾ : ਗੁਰੂ ਨਾਨਕ ਦੇਵ ਹਸਪਤਾਲ, ਅੰਮ੍ਰਿਤਸਰ, ਵਿਖੇ ਤਜਵੀਜ਼ੀ ਗਲੂਕੋਜ ਸੈਲਾਈਨ ਯੂਨਿਟ ਨੇ ਅਜੇ ਕੰਮ ਕਰਨਾ ਸ਼ੁਰੂ ਨਹੀਂ ਕੀਤਾ ਹੈ ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਪ੍ਰੋਪੋਜ਼ ਹੋਇਆ ਅਤੇ ਅੱਜ ਤਕ ਇਸ ਨੇ ਕਿਉਂ ਨਹੀਂ ਕੰਮ ਕਰਨਾ ਸ਼ੁਰੂ ਕੀਤਾ ?

ਮੰਤਰੀ : ਸਪੀਕਰ ਸਾਹਿਬ, ਇਹ ਪ੍ਰੋਪੋਜ਼ ਹੋਏ ਨੂੰ ਕਾਫੀ ਸਮਾਂ ਹੋ ਗਿਆ ਹੈ ਲੇਕਿਨ ਬਹੁਤ ਦੇਰ ਤੋਂ ਇਹ ਬਿਲਡਿੰਗ ਬਣ ਰਹੀ ਹੈ। ਪਿਛਲੇ ਸਮੇਂ ਵਿੱਚ ਕੁਝ ਰੁਪਿਆ ਉਸ ਵੇਲੇ ਦੀ ਸਰਕਾਰ ਨੇ ਮਨਜ਼ੂਰ ਕੀਤਾ ਸੀ ਅੌਰ ਲਿਖ ਦਿੱਤਾ ਸੀ ਗੁਰੂ ਤੇਗ ਬਹਾਦਰ ਹਸਪਤਾਲ ਅਤੇ ਗੁਰੂ ਨਾਨਕ ਹਸਪਤਾਲ ਦੀ ਜਿਹੜੀ ਬਿਲਡਿੰਗ ਹੈ ਉਹ ਇਕੋ ਕਮਪਲੈਕਸ ਵਿੱਚ ਹੈ । ਉਸ ਦੇ ਲਈ 50 ਲੱਖ ਰੁਪਏ ਦੇ ਕਰੀਬ ਮਨਜ਼ੂਰ ਕੀਤੇ ਲੇਕਿਨ ਉਸ ਵੇਲੇ ਜੋ ਬਜਟ ਪ੍ਰਿੰਟ ਕੀਤਾ ਉਸ ਦੇ ਵਿੱਚ ਕਿਤੇ 50 ਹਜ਼ਾਰ ਲਿਖ ਦਿੱਤਾ। ਹਾਲੀਂ ਇਹ ਫੈਸਲਾ ਹੀ ਨਹੀਂ ਹੋਇਆ ਕਿ ਕਿਹੜੀ ਅਮਾਊਂਟ ਮਿਲਣੀ ਹੈ। ਇਸ ਲਈ ਇਹ ਬਿਲਡਿੰਗ ਇਨਕਮ-ਪਲੀਟ ਪਈ ਹੈ। ਜਦੋਂ ਸਾਨੂੰ ਚਾਰਜ ਮਿਲ ਜਾਵੇਗਾ, ਉਦੋਂ ਹੀ ਅਸੀਂ ਸ਼ੁਰੂ ਕਰ ਦੇਵਾਂਗੇ ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਇਹ ਜਿਹੜਾ ਗਲੂਕੋਜ਼ ਸੈਲਾਈਨ ਪਲਾਂਟ ਹੈ ਇਹ ਸ਼੍ਰੀ ਗੁਰੂ ਨਾਨਕ ਦੇਵ ਹਸਪਤਾਲ ਅਤੇ ਗੁਰੂ ਤੇਗ ਬਹਾਦਰ ਹਸਪਤਾਲ ਵਾਸਤੇ ਹੈ। ਗਰੀਬ ਆਦਮੀ ਜਿਹੜੇ ਹਸਪਤਾਲਾਂ ਵਿਚ ਦਾਖਲ ਹੁੰਦੇ ਹਨ ,ਉਨ੍ਹਾਂ ਨੂੰ 14 , 15 ਰੁਪਏ ਦੀ ਬੋਤਲ ਲਿਆਉਣੀ ਪੈਂਦੀ ਹੈ, ਜਦਕਿ ਜਿਹੜਾ ਪਲਾਂਟ ਲਗਣਾ ਹੈ ਉਸ ਦੀ ਬੋਤਲ ਦੀ ਕੀਮਤ ਬਹੁਤ ਘੱਟ ਹੋਣੀ ਹੈ। ਜਾਣ ਬੁਝ ਕੇ ਇਹ ਪਲਾਂਟ ਉਸ ਜਗ੍ਹਾ ਤੇ ਨਹੀਂ ਲਗਾਉਣ ਦਿਤਾ ਗਿਆ। ਕੀ ਮੰਤਰੀ ਜੀ ਦੱਸਣਗੇ ਕਿ ਇਹ ਦੇਰ ਕਿਉਂ ਹੋਈ ਅਤੇ ਗਰੀਬਾਂ ਨਾਲ ਇਨਜਸਟਿਸ ਕਿਉਂ ਹੋਇਆ ?

ਮੰਤਰੀ : ਇਹ ਠੀਕ ਹੈ ਕਿ ਗਰੀਬਾਂ ਲਈ ਇਸ ਦੀ ਬਹੁਤ ਲੋੜ ਹੈ ਲੇਕਿਨ ਇਸ ਦੀ ਇਨਕੁਆਇਰੀ ਕਾਹਦੇ ਨਾਲ ਸ਼ੁਰੂ ਕਰੀਏ ਕਿਉਂਕਿ ਮੈਂ ਤਾਂ ਪਹਿਲਾਂ ਹੀ ਦਸਿਆ ਹੈ ਕਿ ਇਸ ਦੇ ਲਈ 50 ਲੱਖ ਰੁਪਿਆ ਮਨਜ਼ੂਰ ਕੀਤਾ ਸੀ ਅੌਰ ਬਜਟ ਪ੍ਰਿੰਟ ਵਿਚ 50 ਹਜ਼ਾਰ ਰੁਪਿਆ ਲਿਖਿਆ ਗਿਆ, ਉਸ ਦਾ ਫੈਸਲਾ ਹਾਲੇ ਤਕ ਨਹੀਂ ਹੋ ਸਕਿਆ। ਜਿਹੜਾ ਨਵਾਂ ਸਪਲੀਮੈਂਟਰੀ ਬਜਟ ਆਏਗਾ, ਉਸ ਵਿਚ ਇਹ ਚੀਜ਼ ਤਜਵੀਜ਼ ਕਰਾਂਗੇ, ਪੈਸਾ ਰਖਿਆ ਜਾਵੇਗਾ ਅਤੇ ਇਸ ਨੂੰ ਕੰਪਲੀਟ ਕੀਤਾ ਜਾਵੇਗਾ।

ਪ੍ਰੋਫੈਸਰ ਦਰਬਾਰੀ ਲਾਲ : ਸਰ, 50 ਲੱਖ ਅੌਰ 50 ਹਜ਼ਾਰ ਰੁਪਏ ਦੀ ਗਲ ਨਹੀਂ। ਇਹ ਇਕ ਸ਼ਰਾਰਤ ਕੀਤੀ ਗਈ ਹੈ ਕਿਉਂਕਿ ਅਗਰ ਗਲੂਕੋਜ਼ ਦਾ ਪਲਾਂਟ ਹਸਪਤਾਲ ਵਿਚ ਲਗਾਇਆ ਜਾਏ ਤਾਂ ਇਕ ਬੋਤਲ ਸਿਰਫ ਇਕ ਰੁਪਏ ਦੀ ਕਾਸਟ ਕਰਦੀ ਹੈ। ਕਈ ਬੰਦੇ ਇਸ ਦੇ ਪਿਛੇ ਹਨ ਅਤੇ ਇਹ ਜਾਣ ਬੁਝ ਕੇ ਡਿਲੇ ਕੀਤਾ ਗਿਆ ਹੈ।

ਮੰਤਰੀ : ਠੀਕ ਹੈ ਜੇਕਰ 50 ਲੱਖ ਰੁਪਏ ਦੀ ਬਜਾਏ 50 ਹਜ਼ਾਰ ਰੁਪਏ ਲਿਖਣ ਦੀ ਸ਼ਰਾਰਤ ਕੀਤੀ ਗਈ ਹੈ ਤਾਂ ਇਹ ਵੀ ਪਤਾ ਕਰ ਲਵਾਂਗੇ।

Original with;
Punjab Vidhan Sabha
Digitized by:
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਪਟਿਆਲਾ ਹਸਪਤਾਲ ਵਿਚ ਇਕ ਗਲੂਕੋਜ਼ ਪਲਾਂਟ ਲਗਾਇਆ ਸੀ ਪਰ ਉਹ ਬੰਦ ਹੋ ਗਿਆ ਸੀ। ਸਾਡੀ ਕਮੇਟੀ ਉਥੇ ਗਈ ਸੀ ਅਤੇ ਉਸ ਨੇ ਇਹ ਚੀਜ਼ ਵੇਖੀ ਕਿ ਪ੍ਰੋਡਕਸ਼ਨ ਨਹੀਂ ਹੋ ਰਹੀ। ਕੀ ਹੁਣ ਉਥੇ ਪ੍ਰੋਡਕਸ਼ਨ ਹੋ ਰਹੀ ਹੈ ਜਾਂ ਨਹੀਂ ? ਜਿਹੜਾ ਬਾਜ਼ਾਰ ਵਿਚ ਗਲੂਕੋਜ਼ ਮਿਲਦਾ ਹੈ, ਉਹ ਮਹਿੰਗਾ ਤੇ ਨਿਕੰਮਾ ਮਿਲਦਾ ਹੈ।

ਮੰਤਰੀ : ਇਸ ਦਾ ਪਤਾ ਕਰ ਲਵਾਂਗੇ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 50 ਲੱਖ ਦੀ ਬਜਾਏ 50 ਹਜ਼ਾਰ ਰੁਪਏ ਲਿਖੇ ਗਏ ਸਨ, ਇਹ ਸਪਲੀਮੈਂਟਰੀ ਡਿਮਾਂਡਜ਼ ਵਿਚ ਦਰੁਸਤ ਕਰ ਦਿਆਂਗੇ। ਇਹ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਸਰਕੂਲੇਟ ਹੋਈਆਂ ਹਨ ਇਨ੍ਹਾਂ ਵਿਚ ਤਾਂ ਇਹ ਚੀਜ਼ ਨਹੀਂ ਆਈ। ਕੀ ਇਹ ਆਉਣ ਵਾਲੇ ਬਜਟ ਵਿਚ ਹੋਵੇਗਾ ?

ਮੰਤਰੀ : ਹਾਂ ਜੀ, ਆਉਣ ਵਾਲੇ ਬਜਟ ਵਿਚ ਹੋਵੇਗਾ।

Malaria Cases in the State

***25. Doctor Sat Pal Prashar** : Will the Minister for Health and Family Welfare be pleased to state the total number of Malaria cases registered in the State from 1st January, 1985 to date alongwith the number of deaths caused thereby during that period and the steps proposed to be taken by the Government in this regard?

ਸਰਦਾਰ ਬਸੰਤ ਸਿੰਘ ਖਾਲਸਾ : (ੳ) ਜਨਵਰੀ, 1985 ਤੋਂ 22 ਅਕਤੂਬਰ, 1985 ਤਕ ਪਾਏ ਗਏ ਮਲੇਰੀਆ ਕੇਸਾਂ ਦੀ ਗਿਣਤੀ 1,78,760 ਹੈ ਅਤੇ ਇਸ ਸਮੇਂ ਦੌਰਾਨ ਮਲੇਰੀਆ ਨਾਲ ਮੌਤਾਂ ਦੀ ਗਿਣਤੀ 28 ਹੈ।

(ਅ) (i) ਹੋਰ ਉਪਰਾਲੇ ਰਾਸ਼ਟਰੀ ਮਲੇਰੀਆ ਅਨਮੂਲਨ ਪਰੋਗਰਾਮ ਦੀ ਅਗਵਾਈ ਹਰ ਮਹੀਨੇ ਪ੍ਰਾਂਤ ਪੱਧਰ ਤੇ ਸੈਕਟਰੀ ਹੈਲਥ ਸਾਹਿਬ, ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪ੍ਰਾਂਤ ਮਲੇਰੀਆਲੋਜਿਸਟ ਆਦਿ ਕਰਦੇ ਹਨ ਅਤੇ ਜ਼ਿਲ੍ਹਾ ਪੱਧਰ ਤੇ ਇਸ ਕਾਰਜ ਦੀ ਜ਼ਿਮੇਵਾਰੀ ਸਿਵਲ ਸਰਜਨ ਅਤੇ ਜਿਲ੍ਹਾ ਐਪੀਡੀ-ਮੀਆਲੋਜਿਸਟ ਤੇ ਆਉਂਦੀ ਹੈ।

(ii) ਜਿਥੇ ਮਲੇਰੀਆ ਪੀ. ਫਾਲਸੀਪੈਰਮ ਦਾ ਕੇਸ ਨਿਕਲਦਾ ਹੈ, ਉਸ ਘਰ ਵਿਚ ਅਤੇ ਉਸ ਦੇ ਆਲੇ ਦੁਆਲੇ ਦੇ ਘਰਾਂ ਵਿਚ ਫੌਰਨ ਸਪਰੇ ਕੀਤਾ ਜਾਂਦਾ ਹੈ।

(iii) ਜਿਸ ਮੁਹੱਲੇ ਵਿਚ ਪੀ. ਫਾਲਸੀਪੈਰਮ ਦੇ ਕੇਸ ਨਿਕਲਦੇ ਹਨ, ਉਥੇ ਮਾਸ ਅਤੇ ਕੰਟੈਕਟ ਸਰਵੇ ਕੀਤਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

ਡਾਕਟਰ ਸੱਤ ਪਾਲ ਪਰਾਸ਼ਰ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦੱਸਿਆ ਹੈ ਕਿ 28 ਮੌਤਾਂ ਹੋਈਆਂ ਹਨ ਅੰਰ 1,78,760 ਕੇਸਿਜ਼ ਡਿਟੈਕਟ ਹੋਏ ਹਨ। ਇਹ ਬੜੀ ਅਲਾਰਮਿੰਗ ਸਿਚੂਏਸ਼ਨ ਹੈ। ਇਹ ਜਿਹੜੇ ਕੇਸਿਜ਼ ਡਿਟੈਕਟ ਹੋਏ ਹਨ ਇਹ ਤਾਂ ਥੋੜ੍ਹੇ ਹਨ, ਹੋਏ ਜ਼ਿਆਦਾ ਹਨ। ਮਲੇਰੀਆ ਦੀ ਰੋਕਥਾਮ ਲਈ ਬਹੁਤ ਘੱਟ ਮਈਅਰਜ਼ ਲਏ ਗਏ ਹਨ। ਜਿਸ ਨੂੰ ਮਲੇਰੀਆ ਹੁੰਦਾ ਹੈ ਉਸ ਦੇ ਬਾਦ ਉਸ ਵਿਚ ਖ਼ੂਨ ਦੀ ਕਮੀ ਹੋ ਜਾਂਦੀ ਹੈ ਅਤੇ ਬਹੁਤ ਕਮਜ਼ੋਰੀ ਹੋ ਜਾਂਦੀ ਹੈ। ਕੀ ਹੈਲਥ ਡਿਪਾਰਟਮੈਂਟ ਵਾਲੇ ਜਦੋਂ ਮਲੇਰੀਆ ਹਟ ਜਾਂਦਾ ਹੈ, ਮਰੀਜ਼ਾਂ ਦੀ ਕਮਜ਼ੋਰੀ ਦੂਰ ਕਰਨ ਲਈ ਕੋਈ ਇਲਾਜ ਕਰਦੇ ਹਨ ਅਤੇ ਦਵਾਈਆਂ ਵਗੈਰਾ ਦਿੰਦੇ ਹਨ ?

ਮੰਤਰੀ : ਸਪੀਕਰ ਸਾਹਿਬ, ਇਸ ਦਾ ਇੰਤਜ਼ਾਮ ਹਰ ਪੱਧਰ ਤੇ ਕੀਤਾ ਜਾਂਦਾ ਹੈ। ਟੈਸਟ ਕਰਨ ਤੇ ਜਿਥੇ ਕਿਤੇ ਪਤਾ ਲਗਦਾ ਹੈ ਕਿ ਮਲੇਰੀਆ ਹੈ ਅਸੀਂ ਉਥੇ ਸਾਰੇ ਸਪਰੇ ਕਰਦੇ ਹਾਂ ਅਤੇ ਸਲਾਈਡਜ਼ ਵੀ ਬਣਾਉਂਦੇ ਹਾਂ ਅਤੇ ਉਥੇ ਫੈਂਜੀ ਪੱਧਰ ਤੇ ਇੰਤਜ਼ਾਮ ਕਰਦੇ ਹਾਂ। ਇਹ ਇਕ ਖਤਰਨਾਕ ਗਲ ਹੈ ਅੰਰ ਇਹ ਸਾਡੇ ਪੰਜਾਬ ਵਿੱਚ ਬਹੁਤ ਜ਼ਿਆਦਾ ਹੈ ਸਪੈਸ਼ਲੀ ਸੰਗਰੂਰ ਅਤੇ ਪਟਿਆਲਾ ਵਿਚ। ਇਹ ਬੁਖਾਰ ਦਿਮਾਗ ਤੇ ਚੜ੍ਹ ਜਾਂਦਾ ਹੈ। ਮੈਂ ਪ੍ਰਾਸ਼ਰ ਸਾਹਿਬ ਨੂੰ ਯਕੀਨ ਦਿਲਾਉਂਦਾ ਹਾਂ ਕਿ ਅਸੀਂ ਇਹ ਕੰਮ ਜਦੋਂ ਫੈਂਜੀ ਪੱਧਰ ਤੇ ਕਰਾਂਗੇ ਤਾਂ ਉਨ੍ਹਾਂ ਨੂੰ ਵੀ ਪਤਾ ਲਗ ਜਾਏਗਾ।

ਡਾਕਟਰ ਸੱਤ ਪਾਲ ਪ੍ਰਾਸ਼ਰ : ਸਪੀਕਰ ਸਾਹਿਬ, ਇਹ ਜਿਹੜਾ ਮਲੇਰੀਆ ਹੈ ਇਹ ਮੈਡੀਕਲ ਤੌਰ ਤੇ ਬਰਸਾਤਾਂ ਅਤੇ ਗਰਮੀਆਂ ਵਿਚ ਹੁੰਦਾ ਹੈ ਲੇਕਿਨ ਪਹਿਲੀ ਜਨਵਰੀ ਤੋਂ ਹੁਣ ਤਕ ਜਿਸ ਨੂੰ ਹੈਲਦੀ ਸੀਜ਼ਨ ਕਿਹਾ ਜਾਂਦਾ ਹੈ, ਹੁਣ ਵੀ ਘਰ ਘਰ ਕੇਸਿਜ਼ ਹਨ। ਜਿਹੜੀ ਸਲਾਈਡਜ਼ ਦੀ ਗਲ ਮੰਤਰੀ ਜੀ ਨੇ ਕਹੀ ਹੈ ਕੋਈ ਟੈਸਟਸ ਵਗੈਰਾ ਨਹੀਂ ਕਰਦੇ, ਸਾਰਾ ਮੈਟੀਰੀਅਲ ਸਿਵਿਲ ਹਸਪਤਾਲਾਂ ਵਿਚ ਪਿਆ ਰਹਿੰਦਾ ਹੈ ਅਤੇ ਕਾਗਜ਼ਾ ਵਿਚ ਭਰ ਦਿਤਾ ਜਾਂਦਾ ਹੈ। ਥਾਂ ਥਾਂ ਤੇ ਪਾਣੀ ਖੜਾ ਹੈ, ਇਸ ਵਿਚ ਮਿਉਂਸਪੈਲਟੀਆਂ ਅਤੇ ਕਾਰਪੋਰੇਸ਼ਨਾਂ ਦਾ ਵੀ ਮੇਜਰ ਪਾਰਟ ਹੁੰਦਾ ਹੈ, ਜੇ ਕਰ ਉਹ ਠੀਕ ਤਰੀਕੇ ਨਾਲ ਸਫਾਈ ਦਾ ਪ੍ਰਬੰਧ ਕਰਨ ਤਾਂ ਇਹ ਚੀਜ਼ ਫੈਲੇ ਹੀ ਨਾ। ਕੀ ਮੰਤਰੀ ਸਾਹਿਬ ਇਹ ਆਸਵਾਸ਼ਨ ਦੇਣਗੇ ਕਿ ਜਿਥੇ ਮਲੇਰੀਆ ਦੀ ਰੋਕਥਾਮ ਵਾਸਤੇ ਸਪਰੇ ਕਰਦੇ ਹਨ ਉਥੈ ਮੈਡੀਸਨਜ਼ ਵੀ ਪ੍ਰੋਵਾਈਡ ਕਰਨਗੇ ?

ਸ਼੍ਰੀ ਸਪੀਕਰ : ਮੰਤਰੀ ਸਾਹਿਬ, ਪਿਛੇ ਮਾੜਾ ਇੰਤਜ਼ਾਮ ਰਿਹਾ ਹੈ, ਇਹ ਉਸ ਦੀ ਗਲ ਕਰ ਰਹੇ ਹਨ। ਹੁਣ ਤੁਸੀਂ ਠੀਕ ਕਰ ਦਿਉਗੇ, ਇਹ ਦਸ ਦਿਓ ?

ਮੰਤਰੀ : ਅਸੀਂ ਕਰਾਂਗੇ ਅੰਰ ਸਪੈਸ਼ਲ ਕੰਪੇਨ ਚਲਾਵਾਂਗੇ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਇਹ ਗਲ ਸੱਚੀ ਹੈ ਕਿ ਇਕ ਵਾਰੀ ਮਲੇਰੀਆ ਇਰੈਡੀਕੇਟ ਹੋ ਗਿਆ ਸੀ ਹੁਣ ਫਿਰ ਸਪਰੈਡ ਹੋ ਗਿਆ ਹੈ, ਇਸ ਦੇ ਕੀ ਕਾਰਨ ਹਨ, ਕੀ ਅਫਸਰਾਂ ਨੇ ਕੰਮ ਕਰਨਾ ਬੰਦ ਕਰ ਦਿਤਾ ਹੈ ?

ਮੰਤਰੀ : ਅਸੀਂ ਹੁਣ ਫਿਰ ਕੰਮ ਕਰਨਾ ਸ਼ੁਰੂ ਕਰ ਦਿਆਂਗੇ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਜਦੋਂ ਮਲੇਰੀਆ ਹੁੰਦਾ ਹੈ ਇਹ ਦਿਮਾਗ ਤੇ ਚੜ੍ਹ ਜਾਂਦਾ ਹੈ। ਇਸ ਦਾ ਇਲਾਜ ਪੀ. ਜੀ. ਆਈ. ਵਿਚ ਹੋਰ ਹੈ ਅਤੇ ਜੇ ਕਰ ਪਿੰਡਾਂ ਵਿਚ ਕਰਵਾਈਏ ਤਾਂ ਹੋਰ ਇਲਾਜ ਹੈ। ਇਹ ਬਹੁਤ ਸੀਰੀਅਸ ਬੀਮਾਰੀ ਹੈ। ਕੀ ਮੰਤਰੀ ਸਾਹਿਬ ਦੱਸਣਗੇ ਕਿ ਆਇਆ ਹੈਲਥ ਡਿਪਾਰਟਮੈਂਟ ਕੋਲ ਕੋਈ ਰਿਕਾਰਡ ਹੈ ਕਿ ਇਹ ਜਿਹੜੀਆਂ ਮੌਤਾਂ ਹੋਈਆਂ ਹਨ ਇਹ ਪੀ. ਫਾਲਸੀਪੈਰਮ ਨਾਲ

Original with;
Punjab Vidhan Sabha
Digitized by;
Punjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਹੋਈਆਂ ਹਨ ਜਾਂ ਦੂਸਰੇ ਤੌਰ ਤੇ ? ਇਸ ਤੋਂ ਇਲਾਵਾ ਜਿਹੜੀ ਬਾਹਰਲੀ ਲੇਬਰ ਆਉਂਦੀ ਹੈ ਉਹ ਵੀ ਬੀਮਾਰੀਆਂ ਫੈਲਾਉਂਦੀ ਹੈ। ਹੈਲਥ ਡਿਪਾਰਟਮੈਂਟ ਵਾਲੇ ਕਿਹਾ ਕਰਦੇ ਸਨ ਕਿ 'ਮੱਛਰ ਰਹੇਗਾ, ਮਲੇਰੀਆ ਨਹੀਂ'। ਕੀ ਹੁਣ ਇਹ ਕੋਈ ਸੈਟਿਸਫਾਈਡ ਇਲਾਜ਼ ਕਰਨਗੇ ਤਾਂ ਕਿ ਲੋਕਾਂ ਦਾ ਭਲਾ ਹੋ ਸਕੇ ?

ਸ਼੍ਰੀ ਸਪੀਕਰ: ਇਹ ਸਵਾਲ ਤਾਂ ਮਲੇਰੀਏ ਦੇ ਬਾਰੇ ਸੀ ਅੱਰ ਤੁਸੀਂ ਹੋਰ ਜਗਾਹ ਚਲੇ ਗਏ।

Loss of Human life and Crops etc. in Flash Floods

***4. Doctor. Kewal Krishan:** Will the Minister for Revenue and Rehabilitation be pleased to state. whether it is a fact that heavy damage to human life, property and standing crops etc. was caused due to flash floods in Districts of Hoshiarpur, Jullundur, Kapurthala and Ropar during the month of July, 1985, if so, the details of relief given to the persons affected thereby?

ਸਰਦਾਰ ਮੇਜਰ ਸਿੰਘ ਉਬੋਕੇ: ਹਾਂ ਜੀ। ਪ੍ਰਭਾਵਿਤ ਹੋਏ ਲੋਕਾਂ ਨੂੰ ਵੰਡੀ ਗਈ ਰਾਹਤ ਦੇ ਜ਼ਿਲ੍ਹੇ ਵਾਰ ਵੇਰਵੇ ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ।

1. ਹੁਸ਼ਿਆਰਪੁਰ ਜ਼ਿਲ੍ਹਾ

ਲੜੀ ਨੰ.	ਮੰਤਵ ਜਿਸ ਲਈ ਰਕਮ ਵੰਡੀ ਗਈ		ਕੁਲ ਵੰਡੀ ਗਈ ਰਕਮ
			ਰੁਪਏ
(ੳ)	ਫਸਲਾਂ ਦੇ ਨੁਕਸਾਨ ਵਜੋਂ	...	65,20,994
(ਅ)	ਮਕਾਨਾਂ ਦੇ ਨੁਕਸਾਨ ਵਜੋਂ	...	2,07,91,756
(ੲ)	ਜਾਨੀ ਨੁਕਸਾਨ ਵਜੋਂ	..	2,90,000
(ਸ)	ਪਸ਼ੂਆਂ ਦੇ ਮਰਨ ਵਜੋਂ	...	3,47,500
(ਹ)	ਮੁਰਗੀਆਂ ਦੇ ਨੁਕਸਾਨ ਵਜੋਂ	...	48,400
(ਕ)	ਘਰੇਲੂ ਸਮਾਨ/ਬਰਤਨ ਆਦਿ ਦੇ ਨੁਕਸਾਨ ਵਜੋਂ	...	1,350
	ਜੋੜ	...	2,80,00,000

Original with;
Punjab Vidhan Sabha
Digitized by;
Panjab Digital Library

ਲੜੀ ਨੰ :	ਮੱਤਵ ਜਿਸ ਲਈ ਰਕਮ ਵੰਡੀ ਗਈ		ਕੁੱਲ ਵੰਡੀ ਗਈ ਰਕਮ
	2. ਜਲੰਧਰ ਜ਼ਿਲ੍ਹਾ		ਰੁਪਏ
(ੳ)	ਫਸਲਾਂ ਦੇ ਨੁਕਸਾਨ ਵਜੋਂ	...	48,80,000
(ਅ)	ਮਕਾਨਾਂ ਦੇ ਨੁਕਸਾਨ ਵਜੋਂ	...	7,14,55,0 00
(ੲ)	ਜਾਨੀ ਨੁਕਸਾਨ ਵਜੋਂ	...	4,70,000
(ਸ)	ਪਸ਼ੂਆਂ ਦੇ ਜਾਨੀ ਨੁਕਸਾਨ ਵਜੋਂ	...	7,84,000
(ਹ)	ਟੈਂਪਰੇਰੀ ਸ਼ੈਲਟਰ (ਤਿਰਪਾਲਾਂ ਆਦਿ) ਵਜੋਂ	...	8,05,830
(ਕ)	ਸਾਂਝੇ ਲੰਗਰ/ਰਾਸ਼ਨ ਵਜੋਂ	...	21,49,208
(ਖ)	ਗੁਜ਼ਾਰੇ ਭੱਤੇ ਵਜੋਂ	...	2,15,000
	ਜੋੜ	...	8,07,59,038
	3. ਕਪੂਰਥਲਾ ਜ਼ਿਲ੍ਹਾ		
(ੳ)	ਫਸਲਾਂ ਦੇ ਨੁਕਸਾਨ ਵਜੋਂ	...	95,90,130
(ਅ)	ਮਕਾਨਾਂ ਦੇ ਨੁਕਸਾਨ ਵਜੋਂ	...	1,25,37,731
(ੲ)	ਜਾਨੀ ਨੁਕਸਾਨ ਵਜੋਂ	...	50,000
(ਸ)	ਪਸ਼ੂਆਂ ਦੇ ਜਾਨੀ ਨੁਕਸਾਨ ਵਜੋਂ	...	65,5 00
(ਹ)	ਚਾਰੇ ਦੀ ਗਰਾਂਟ ਵਜੋਂ	...	9,63,980
(ਕ)	ਟੈਂਪਰੇਰੀ ਸ਼ੈਲਟਰ (ਤਿਰਪਾਲਾਂ ਆਦਿ)	...	25,150
(ਖ)	ਗੁਜ਼ਾਰੇ ਭੱਤੇ ਵਜੋਂ	...	1,48,080
	ਜੋੜ	...	2,33,80,571

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

1	2		3
	4. ਰੂਪ ਨਗਰ ਜ਼ਿਲ੍ਹਾ		ਰੁਪਏ
(ੳ)	ਫਸਲਾਂ ਦੇ ਨੁਕਸਾਨ ਵਜੋਂ	...	ਕੋਈ ਨਹੀਂ
(ਅ)	ਮਕਾਨਾਂ ਦੇ ਨੁਕਸਾਨ ਵਜੋਂ	...	58,500
(ੲ)	ਜਾਨੀ ਨੁਕਸਾਨ ਵਜੋਂ	...	ਕੋਈ ਨਹੀਂ
(ਸ)	ਡੰਗਰਾਂ ਦੇ ਨੁਕਸਾਨ ਵਜੋਂ	...	ਕੋਈ ਨਹੀਂ
(ਹ)	ਚਾਰੇ ਦੀ ਗਰਾਂਟ ਵਜੋਂ	...	12,240
	ਜੋੜ	...	70,740 ਰੁਪਏ

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹਵਾਂਗਾ ਕਿ 12 ਕਰੋੜ 22 ਲੱਖ ਦੇ ਕਰੀਬ ਇਹ ਰਿਲੀਫ ਦਿਤੀ ਗਈ ਹੈ ਅੌਰ ਸੈਂਟਰ ਨੇ ਕੋਈ 35 ਕਰੋੜ ਪੰਜਾਬ ਸਰਕਾਰ ਨੂੰ ਵੰਡਣ ਲਈ ਦਿੱਤਾ ਹੈ ਰਿਲੀਫ ਲਈ ਕੁੱਲ ਕਲੇਮੈਂਟ ਕਿਤਨੇ ਹਨ ਜਿਨ੍ਹਾਂ ਨੂੰ ਰੀਲੀਫ ਮਿਲਣਾ ਸੀ ਅੌਰ ਕੀ ਸਾਰਿਆਂ ਨੂੰ ਰਿਲੀਫ ਮਿਲ ਗਿਆ ਹੈ, ਜੇਕਰ ਨਹੀਂ , ਤਾਂ ਬਾਕੀ ਕਿਤਨੇ ਰਹਿੰਦੇ ਹਨ ਜਿਨ੍ਹਾਂ ਨੂੰ ਅਜੇ ਰੀਲੀਫ ਮਿਲਣੀ ਹੈ ਅੌਰ ਰਿਲੀਫ ਵੰਡਣ ਦਾ ਕੰਮ ਕਿਤਨੇ ਦਿਨਾਂ ਵਿਚ ਕੰਪਲੀਟ ਹੋ ਜਾਵੇਗਾ।

ਮੰਤਰੀ : ਸਪੀਕਰ ਸਾਹਿਬ, ਸੈਂਟਰ ਕੋਲ ਪੰਜਾਬ ਸਰਕਾਰ ਨੇ 464 ਕਰੋੜ 99 ਲੱਖ ਦੇ ਨੁਕਸਾਨ ਦਾ ਅੰਦਾਜ਼ਾ ਲਗਾ ਕੇ ਪੈਸੇ ਦੀ ਮੰਗ ਕੀਤੀ ਸੀ ਜਿਸ ਵਿਚੋਂ ਕੇਵਲ 35 ਕਰੋੜ ਰੁਪਿਆ ਕੇਂਦਰ ਨੇ ਦਿੱਤਾ ਹੈ। ਬਹੁਤ ਸਾਰੇ ਜ਼ਿਲ੍ਹਿਆਂ ਨੂੰ ਰਕਮਾਂ ਦਿੱਤੀਆਂ ਗਈਆਂ ਹਨ ਅੌਰ ਤਕਰੀਬਨ ਸਾਰੇ ਹੀ ਜ਼ਿਲ੍ਹਿਆਂ ਨੂੰ ਜਿਨ੍ਹਾਂ ਨੂੰ ਰਕਮਾਂ ਦਿੱਤੀਆ ਗਈਆਂ ਸਨ ਉਹ ਪੈਸੇ ਵੰਡੇ ਜਾ ਰਹੇ ਹਨ। ਰਲੀਫ ਦਾ ਕੰਮ ਤੇਜ਼ੀ ਨਾਲ ਹੋ ਰਿਹਾ ਹੈ ਅੌਰ ਹਦਾਇਤ ਕੀਤੀ ਗਈ ਹੈ ਕਿ ਉਹ ਜਲਦੀ ਤੋਂ ਜਲਦੀ ਰਲੀਫ ਦਾ ਕੰਮ ਕੀਤਾ ਜਾਵੇ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਇਹ ਪੁੱਛਣ ਦੀ ਕੋਸ਼ਿਸ਼ ਕੀਤੀ ਸੀ ਕਿ ਕੁੱਲ ਕਲੇਮੈਂਟ ਕਿਤਨੇ ਹਨ ਅੌਰ ਕਿਤਨਿਆਂ ਨੂੰ ਰਲੀਫ ਦਿੱਤਾ ਗਿਆ ਹੈ ਅੌਰ ਕਿਤਨੇ ਸਮੇਂ ਵਿਚ ਟੋਟਲ ਰਲੀਫ ਦੇਣ ਦਾ ਕੰਮ ਹੋ ਜਾਵੇਗਾ ? ਮੈਂ ਜਾਨਣਾ ਚਾਹਵਾਂਗਾ ਮਨਿਸਟਰ ਸਾਹਿਬ ਤੋਂ ਕਿ ਟੋਟਲ ਕਲੇਮੈਂਟ ਰੀਲੀਫ ਲਈ ਕਿਤਨੇ ਹਨ ਅੌਰ ਸਾਰਿਆਂ ਨੂੰ ਰਿਲੀਫ ਕਦੋਂ ਤਕ ਮਿਲ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਚਾਰ ਜ਼ਿਲ੍ਹਿਆਂ ਦਾ ਵੇਰਵਾ ਪੁਛਿਆ ਸੀ ਅੌਰ ਉਹ ਦਿੱਤਾ ਗਿਆ ਹੈ। ਇਹ ਗੱਲ ਇਨ੍ਹਾਂ ਦੀ ਠੀਕ ਹੈ ਕਿ ਬਹੁਤ ਸਾਰੇ ਲੋਕ ਅਜੇ ਰਹਿੰਦੇ ਹਨ।

ਡਾਕਟਰ ਕੇਵਲ ਕ੍ਰਿਸ਼ਨ : ਕਿਤਨੇ ਰਹਿੰਦੇ ਹਨ, ਇਹ ਦਸੋ ?

ਮੰਤਰੀ : ਇਹ ਤਾਂ ਤੁਸੀਂ ਸਵਾਲ ਵਿਚ ਨਹੀਂ ਸੀ ਪੁਛਿਆ ਕਿ ਕਿਤਨੇ ਰਹਿੰਦੇ ਹਨ, ਇਸ ਲਈ ਜ਼ਿਲ੍ਹਿਆਂ ਤੋਂ ਇਹ ਡੀਟੇਲ ਨਹੀਂ ਮੰਗੀ ਗਈ। ਲੇਕਿਨ ਜਿਤਨੇ ਰੁਪਏ ਦਿੱਤੇ ਗਏ ਇਹ ਤੁਹਾਨੂੰ ਹਰ ਇਕ ਜ਼ਿਲ੍ਹੇ ਬਾਰੇ ਵੇਰਵਾ ਦਿੱਤਾ ਗਿਆ ਹੈ ਅੌਰ ਬਾਕੀ ਜਿਹੜੇ ਲੋਕ ਰਹਿੰਦੇ ਹਨ ਉਨ੍ਹਾਂ ਬਾਰੇ ਕਲ੍ਹ ਮੈਂ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਦੌਰਾਨ ਵੀ ਕਿਹਾ ਸੀ ਕਿ ਬਾਕੀ ਰਹਿੰਦੇ ਲੋਕਾਂ ਨੂੰ ਰੀਲੀਫ ਜਲਦੀ ਦਿੱਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਨਣਾ ਚਾਹੁੰਦਾ ਹਾਂ ਕਿ ਜੋ ਮਕਾਨਾਂ ਵਾਸਤੇ ਪੈਸਾ ਵੰਡਿਆ ਗਿਆ ਹੈ, ਸੈਂਟਰ ਨੇ ਦਿੱਤਾ ਸੀ, ਉਸ ਵਿਚ ਜੋ ਘਪਲੇਬਾਜ਼ੀ ਹੋਈ ਹੈ, ਉਹ ਪੈਸਾ ਇਲੈਕਸ਼ਨਾਂ ਵਿਚ ਵੱਡਿਆ ਗਿਆ ਹੈ ਅੱਰ ਗਰੀਬਾਂ ਨੂੰ ਉਹ ਪੈਸਾ ਨਹੀਂ ਮਿਲਿਆ, ਅਮੀਰਾਂ ਨੂੰ ਦੇ ਦਿੱਤਾ ਗਿਆ ਹੈ, ਜਿਨ੍ਹਾਂ ਦੇ ਮਕਾਨ ਨਹੀਂ ਸਨ ਢੱਠੇ। ਕੀ ਇਸ ਚੀਜ਼ ਦੀ ਇਨਕੁਆਇਰੀ ਕਰਵਾਕੇ ਦੋਸ਼ੀ ਲੋਕਾਂ ਨੂੰ ਸਜ਼ਾਵਾਂ ਦੇਣਗੇ, ਜਿਨ੍ਹਾਂ ਨੇ ਘਪਲੇਬਾਜ਼ੀ ਕੀਤੀ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਗੱਲ ਵਿਚ ਕੋਈ ਸ਼ਕ ਨਹੀਂ ਹੈ ਕਿ ਰਲਿਫ ਦੀ ਵੰਡ ਸਬੰਧੀ ਬਹੁਤ ਜ਼ਿਆਦਾ ਸ਼ਕਾਇਤਾਂ ਹਨ। ਇਸ ਸਬੰਧੀ ਪੜਤਾਲ ਕਰਕੇ ਜੋ ਵੀ ਗੁਨਾਹਗਾਰ, ਦੋਸ਼ੀ ਸੱਜਣ ਪਾਏ ਗਏ, ਉਨ੍ਹਾਂ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਇਹ ਪਤਾ ਕਰਨਾ ਚਾਹੁੰਦਾ ਹਾਂ ਕਿ ਰਲਿਫ ਦੀ ਵੰਡ ਇਲੈਕਸ਼ਨਾਂ ਵਿਚ ਕੀਤੀ ਜਾ ਰਹੀ ਸੀ ਜਾਂ ਕਿ ਬੰਦ ਕੀਤੀ ਗਈ ਸੀ ?

(ਕੋਈ ਉੱਤਰ ਨਹੀਂ ਆਇਆ)

Postponement of P.C.S. Examination

***6. Doctor Kewal Krishan :** Will the Chief Minister be pleased to state whether it is a fact that the Government has recommended to the Punjab Public Service Commission that the examination for the Punjab Civil Service (Executive Branch) and the allied services scheduled to be held on October 14, 1985 be postponed indefinitely if so, the reasons therefor ?

Sardar Surjit Singh Barnala: Yes, please. The examination has been postponed for some time but not indefinitely. The Government had received a large number of requests for its postponement on the ground that the candidates had not been able to prepare themselves fully for the examination due to disturbed conditions prevalent in the State in the past. The recent Assembly elections also adversely affected their preparation for the examintion particularly in respect of State Government employees, who were to appear in the examination but remained busy with election duties.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਤੋਂ ਜਾਨਣਾ ਚਾਹਵਾਂਗਾ ਕਿ ਮਾਰਚ, 1983 ਵਿਚ ਕੋਈ ਤਿੰਨ ਹਜ਼ਾਰ ਕੈਂਡੀਡੇਟਸ ਨੇ ਇਮਤਿਹਾਨ ਦਿੱਤਾ ਸੀ ਜਦੋਂ ਕਿ ਪੰਜਾਬ ਵਿਚ ਡਿਸਟਰਬਡ ਕੰਡੀਸ਼ਨਜ਼ ਸਨ। ਕੀ ਇਹ ਜਿਹੜੀ ਇਮਤਿਹਾਨ ਦੀ ਪੋਸਟਪੋਨਮੈਂਟ ਹੋਈ ਹੈ ਉਹ ਪੁਲੀਟੀਕਲੀ motivated ਹੈ ?

ਮੁੱਖ ਮੰਤਰੀ : ਇਹ ਪੋਸਟਪੋਨਮੈਂਟ ਕਿਸੇ ਪੁਲੀਟੀਕਲ ਪ੍ਰੈਸ਼ਰ ਥੱਲੇ ਨਹੀਂ ਹੋਈ ਬਲਕਿ ਬਹੁਤ ਸਾਰੀਆਂ ਆਰਗੇਨਾਈਜ਼ੇਸ਼ਨਜ਼ ਨੇ, ਇੰਡੀਵਿਜੁਅਲਜ਼ ਨੇ, ਸੰਸਥਾਵਾਂ ਨੇ ਰੈਜ਼ੋਲਿਊਸ਼ਨਜ਼ ਪਾਸ ਕਰਕੇ ਸਾਡੇ ਪਾਸ ਭੇਜੇ ਹਨ ਕਿ ਇਸ ਦੀ ਪੋਸਟਪੋਨਮੈਂਟ ਹੋਣੀ ਚਾਹੀਦੀ ਹੈ। ਬਹੁਤ ਸਾਰੇ ਗੌਰਮਿੰਟ ਇੰਪਲਾਈਜ਼ ਨੇ ਇਲੈਕਸ਼ਨ ਡਿਊਟੀ ਵਿਚ ਸਮਾਂ ਗੁਜ਼ਾਰਿਆ ਅੱਰ ਉਸ ਪਾਸੇ ਤਵੱਜੋ ਲਗੀ ਰਹੀ। ਯੂਨੀਵਰਸਿਟੀਆਂ ਦੇ ਵਿਦਿਆਰਥੀ ਵੀ ਇਸ ਪਾਸੇ ਲੱਗੇ ਰਹੇ। ਇਸ ਕਰਕੇ ਇਹ ਪੋਸਟਪੋਨਮੈਂਟ ਕੀਤੀ ਗਈ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਜਾਨਣਾ ਚਾਹਵਾਂਗਾ ਕਿ ਕਿਤਨੇ ਕੈਂਡੀਡੇਟਸ ਐਸੇ ਹਨ ਜਿਨ੍ਹਾਂ ਨੇ ਇਹ ਰੀਪਰਜ਼ੈਂਟੇਸ਼ਨ ਕੀਤੀ ਹੈ ਕਿ ਪੋਸਟਪੋਨਮੈਂਟ ਕੀਤੀ ਜਾਵੇ ਅਤੇ ਇਮਤਿਹਾਨ ਵਿਚ ਬੈਠਣ ਵਾਲੇ ਕਿੰਨੇ ਸਨ ?

Original with;
Punjab Vidhan Sabha
Digitized by;
Panjab Digital Library

ਮੁਖ ਮੰਤਰੀ : ਸਪੀਕਰ ਸਾਹਿਬ, ਇਹ ਅਲੱਗ ਸਵਾਲ ਕਰ ਦੇਣ, ਮੈਂ ਜਵਾਬ ਦੇ ਦੇਵਾਂਗਾ।

ਨਿਸ਼ਾਨਵਾਲਾ ਪ੍ਰਸ਼ਨ ਨੰ . 7

ਸ਼੍ਰੀ ਸਪੀਕਰ : ਪ੍ਰਸ਼ਨ ਨੰ. 7 ਵਲੋਂ ਸਰਦਾਰ, ਕਿਰਪਾਲ ਸਿੰਘ ਜੀ। (ਇਸ ਸਮੇਂ ਸਬੰਧਤ ਮਾਨਯੋਗ ਮੈਂਬਰ ਸਰਦਾਰ ਕਿਰਪਾਲ ਸਿੰਘ ਜੀ ਸਦਨ ਵਿਚ ਹਾਜ਼ਰ ਨਹੀਂ ਸਨ।) ਹਾਂ ਜੀ, ਬਰਨਾਲਾ ਸਾਹਿਬ, ਜਵਾਬ ਦਿਓ।

Complaint Against the Work ing of Punjab Public Service Commission.

*7. **Sardar Kirpal Singh :** Will the Chief Minister be pleased to state whether the Government have received any complaints against the working of the Punjab Public Service Commission; if so, the steps intended to be taken in the matter?

Sardar Surjit Singh Barnala : Yes please, the Government has received complaints but no steps could be taken in this regard because the Government cannot interfere in the internal working of the Commission.

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਤੁਸੀਂ ਕਿਸ ਤਰ੍ਹਾਂ ਕੁਐਸਚਨ ਪੁੱਟ ਕਰ ਸਕਦੇ ਹੋ, ਤੁਸੀਂ ਤਾਂ ਸਪੀਕਰ ਹੋ ?

Mr. Speaker: I can direct the Minister to give a reply of the qustion. It is not out of order.

Doctor Kewal Krishan : You are not a Member but a Speaker.

Mr. Speaker . I can direct the Government to give reply of a question.

Doctor Kewal Krishan: But under which rule ? (Interruption) I challenge it. The Speaker cannnot ask questions.

ਸ਼੍ਰੀ ਸਪੀਕਰ : ਡਾਕਟਰ ਸਾਹਿਬ ਸਪੀਕਰ ਰਹੇ ਹਨ ਪਰ ਇਨ੍ਹਾਂ ਨੇ ਸ਼ਾਇਦ ਰੂਲਜ਼ ਦੀ ਕਿਤਾਬ ਨਹੀਂ ਪੜ੍ਹੀ।

For his information, I draw attention to rule 45(3) where it has been stated that the Speaker

"at the request of any Member may direct that the answer to it be given."

ਮੈਨੂੰ ਗਿਆਨੀ ਅਰਜਨ ਸਿੰਘ ਲਿੱਟ ਨੇ ਰਿਟਨ ਰਿਕੁਐਸਟ ਭੇਜੀ ਸੀ, ਇਸ ਕਰਕੇ ਮੈ ਸਵਾਲ ਅਲਾਓ ਕੀਤਾ ਸੀ।

Production of Sugar by Cooperative Sugar Mills in the State

*27. **Shri Jagjit Singh** . Will the Chief Minister be pleased to state the quantum of sugar produced by the Co-operative Sugar Mills, Bhogpur, Morinda, Batala and Nawanshahar during 1984 crushing season together with the extent of profits earned by each of the said Mills ?

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ ਬਰਨਾਲਾ : ਮਿੱਲਵਾਰ ਸਾਲ 1984 ਵਿਚ ਖੰਡ ਦੇ ਉਤਪਾਦਨ ਅਤੇ ਕਮਾਏ ਗਏ ਮੁਨਾਫੇ ਸਬੰਧੀ ਸੂਚਨਾ ਹੇਠ ਲਿਖੇ ਅਨੁਸਾਰ ਹੈ :—

ਨੰ:	ਮਿੱਲ ਦਾ ਨਾਂ	ਖੰਡ ਉਤਪਾਦਨ	ਮੁਨਾਫਾ
1.	ਭੋਗਪੁਰ	1.56 ਲੱਖ ਕੁਇੰਟਲ	36.60 ਲੱਖ ਰੁਪਏ
2.	ਮੋਰਿੰਡਾ	2.94 ਲੱਖ ਕੁਇੰਟਲ	223.50 ਲੱਖ ਰੁਪਏ
3.	ਬਟਾਲਾ	1.80 ਲੱਖ ਕੁਇੰਟਲ	68.98 ਲੱਖ ਰੁਪਏ
4.	ਨਵਾਂ ਸ਼ਹਿਰ	2.15 ਲੱਖ ਕੁਇੰਟਲ	109.59 ਲੱਖ ਰੁਪਏ
	ਕੁਲ ਜੋੜ	8.45 ਲੱਖ ਕੁਇੰਟਲ	438.67 ਲੱਖ ਰੁਪਏ

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਮੁਨਾਫਾ ਹੋਇਆ ਹੈ ਉਹ ਸ਼ੇਅਰ ਹੋਲਡਰਜ਼ ਨੂੰ ਵੰਡਿਆ ਜਾਵੇਗਾ, ਔਰ ਜੇਕਰ ਵੰਡਿਆ ਜਾਵੇਗਾ ਤਾਂ ਕਦੋਂ ਤਕ ?

ਮੁੱਖ ਮੰਤਰੀ: ਕੁਝ ਮਿੱਲਾਂ ਨੇ ਫੈਸਲਾ ਕੀਤਾ ਹੈ ਕਿ ਮੁਨਾਫਾ ਵੰਡਿਆ ਜਾਵੇਗਾ। ਦੂਸਰੀਆਂ ਮਿੱਲਾਂ ਬਾਰੇ ਅਸੀਂ ਵੇਰਵਾ ਇਕੱਠਾ ਕਰਾਂਗੇ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮੁਨਾਫਾ ਹੋਇਆ ਹੈ, ਕੀ ਇਸ ਵਿਚੋਂ ਕਿਸਾਨਾਂ ਨੂੰ ਗੰਨੇ ਦੇ ਚੰਗੇ ਬੀਜਾਂ ਵਾਸਤੇ, ਗੰਨੇ ਦੀਆਂ ਬਿਮਾਰੀਆਂ ਨੂੰ ਦੂਰ ਕਰਨ ਵਾਸਤੇ, ਕੋਈ ਸਬਸਿਡੀ ਵੀ ਦਿੱਤੀ ਜਾਵੇਗੀ ਔਰ ਕੀ ਗੰਨੇ ਦਾ ਭਾਅ ਸਮੇਂ ਸਿਰ ਮਿਥਿਆ ਜਾਵੇਗਾ ? ਇਸ ਦੇ ਵਾਸਤੇ ਪੰਜਾਬ ਸਰਕਾਰ ਨੇ ਕੀ ਉਪਰਾਲਾ ਕੀਤਾ ਹੈ ?

ਮੁੱਖ ਮੰਤਰੀ: ਗੰਨੇ ਦਾ ਭਾਅ ਮਿਥਣ ਵਾਸਤੇ ਬਹੁਤ ਯਤਨ ਕੀਤੇ ਗਏ ਹਨ ਪਰ ਹਾਲੇ ਤਕ ਸੈਂਟਰ ਵਲੋਂ ਭਾਅ ਨਹੀਂ ਮਿਥੇ ਗਏ। ਇਸ ਕਰਕੇ ਅਸੀਂ ਇਹ ਕਰ ਦਿੱਤਾ ਸੀ ਕਿ ਜੋ ਪਿਛਲੇ ਸਾਲ ਦਾ ਭਾਅ ਹੈ ਉਸੇ ਭਾਅ ਤੇ ਖਰੀਦ ਕਰ ਲਈ ਜਾਵੇ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਈ ਜਗ੍ਹਾ ਤੇ ਤਾਂ ਗੰਨਾ ਚੁਕਿਆ ਜਾ ਰਿਹਾ ਹੈ ਪਰ ਕਈ ਜਗ੍ਹਾ ਜਿਹੜੀਆਂ ਕਿ ਮਿੱਲਾਂ ਤੋਂ ਦੂਰ ਹਨ ਜਿਵੇਂ ਕਿ ਸੁਮਨਪੁਰ ਫੋਕਲ ਪੁਆਇੰਟ ਤੇ ਹੈ, ਉਨ੍ਹਾਂ ਨੂੰ ਮਿੱਲਾਂ ਦੂਰ ਪੈਣ ਨਾਲ ਉਨ੍ਹਾਂ ਦੇ ਗੰਨੇ ਦਾ ਕੋਈ ਪ੍ਰਬੰਧ ਨਹੀਂ ਹੋ ਰਿਹਾ। ਕੀ ਸਰਕਾਰ ਉਨ੍ਹਾਂ 'ਦੂਰ ਵਾਲੀਆਂ ਜਗ੍ਹਾ ਤੋਂ ਵੀ ਗੰਨਾ ਚੁਕਣ ਦਾ ਪ੍ਰਬੰਧ ਕਰੇਗੀ ਤਾਕਿ ਕਿਸਾਨਾਂ ਨੂੰ ਮੁਸ਼ਕਲ ਨਾ ਆਵੇ ?

ਮੁੱਖ ਮਤਰੀ: ਕੋਈ ਸਪੈਸਿਫਿਕ ਏਰੀਆ ਦੱਸ ਦੇਣ ਤਾਂ ਮੈਂ ਜਵਾਬ ਦੇ ਦੇਵਾਂਗਾ।

Mr. Speaker : Next Question

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿਘ ਪਾਂਧੀ : ਸਪੀਕਰ ਸਾਹਿਬ, ਮੈਂ ਸਪੈਸਿਫਿਕ ਏਰੀਆ ਤਾਂ ਦੱਸ ਦਿੱਤਾ ਹੈ।

(ਕੋਈ ਉੱਤਰ ਨਹੀਂ ਆਇਆ)

Provision of Drinking Water Taps in the Primary Schools in the Garhshankar Constituency

*19. **Pandit Sarwan Ram Mansowalia.** Will the Chief Minister be to pleased state—

(a) the number of primary schools in the Garhshankar Assembly Constituency (Garhshankar and Mahilpur Block-wise) which have been provided with drinking water taps alongwith water tanks according to the declared Government Policy ;

(b) the number of such Primary Schools which have not so far been provided with water taps and tanks and the reasons thereof ;

(c) the number of Middle schools and High Schools in the Garhshankar Assembly constituency (Garhshankar and Mahilpur Blockwise) ;

(d) the number of such schools which have been provided with drinking water taps and tanks under the declared Government policy;

(e) the number of such schools which have so far not been provided with such water taps and tanks and the reasons therefor?

ਸਰਦਾਰ ਸੁਖਜਿੰਦਰ ਸਿੰਘ (ਸਿਖਿਆ ਮੰਤਰੀ) :

	ਬਲਾਕ	ਨਲਕੇ (ਟੈਪਸ)	ਹੈਂਡ ਪੰਪ	ਟੈਂਕ
(ੳ)	ਗੜ੍ਹ ਸ਼ੰਕਰ	62	26	—
	ਮਹਿਲਪੁਰ	14	29	—
(ਅ)	ਗੜ੍ਹ ਸ਼ੰਕਰ	11 ਸਕੂਲ		
	ਮਹਿਲਪੁਰ	1 ਸਕੂਲ		

Original with;
Punjab Vidhan Sabha
Digitized by;
Panjab Digital Library

ਕਾਰਨ :— ਪੰਚਾਇਤਾਂ/ਸਕੂਲਾਂ ਕੋਲ ਫੰਡ ਨਾ ਹੋਣ ਕਰਕੇ ।

	ਬਲਾਕ	ਮਿਡਲ ਸਕੂਲ	ਹਾਈ ਸਕੂਲ	ਹਾਇਰ ਸਕੈਂਡਰੀ ਸਕੂਲ
(ਏ)	ਗੜ੍ਹ ਸ਼ੰਕਰ	11	12	1
	ਮਹਿਲਪੁਰ	6	6	1
(ਸ਼)	ਗੜ੍ਹ ਸ਼ੰਕਰ	10	12	1
	ਮਹਿਲਪੁਰ	3	5	1
(ਹ)	ਗੜ੍ਹਸ਼ੰਕਰ	1	—	—
	ਮਹਿਲਪੁਰ	3	—	—

ਕਾਰਨ :—ਪੰਚਾਇਤਾਂ/ਸਕੂਲਾਂ ਕੋਲ ਫੰਡ ਨਾ ਹੋਣ ਕਰਕੇ ।

ਪੰਡਿਤ ਸਰਵਣ ਰਾਮ ਮਾਨਸੋਵਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਬਾਕੀ ਸਕੂਲ ਰਹਿ ਗਏ ਹਨ, ਉਥੇ ਇਹ ਕਿੰਨੀ ਜਲਦੀ ਪਾਣੀ ਦੇ ਨਲਕੇ ਲਗਵਾ ਦੇਣਗੇ ਕਿਉਂਕਿ ਇਹ ਕੰਡੀ ਏਰੀਆ ਹੈ ਅੱਰ ਉਨ੍ਹਾਂ ਨੂੰ ਪੀਣ ਦੇ ਪਾਣੀ ਦੀ ਤੰਗੀ ਹੈ। ਸਰਕਾਰ ਨੇ ਇਸ ਨੂੰ ਪ੍ਰਾਇਰਿਟੀ ਵੀ ਦਿੱਤੀ ਹੈ ਪਰ ਫਿਰ ਵੀ ਕਈ ਸਕੂਲ ਰਹਿ ਗਏ ਹਨ।

ਸਿਖਿਆ ਮੰਤਰੀ : ਸਪੀਕਰ ਸਾਹਿਬ, ਟਾਈਮ ਤਾਂ ਫਿਕਸ ਨਹੀਂ ਕੀਤਾ ਜਾ ਸਕਦਾ ਪਰ ਕੋਸ਼ਿਸ਼ ਕੀਤੀ ਜਾ ਰਹੀ ਹੈ ।

Removal of Air and Water Pollution from Ludhiana Town

***26. Doctor. Sat Pal Prasher** : Will the Chief Minister be pleased to state—

(a) whether the Government propose to take steps for removing of Air and Water Pollution from Ludhiana Town; if so, details thereof ;

(b) whether the Government propose to instal treatment plant on Budha Nala in which the polluted water of sewerage of Ludhiana Town falls, if so, the date of its start and completion ?

ਸਰਦਾਰ ਸੁਰਜੀਤ ਸਿਘ ਬਰਨਾਲਾ : (ਉ) ਹਾਂ ਜੀ । ਵਿਸਥਾਰ-ਪੂਰਵਕ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਜੀ ਹਾਂ, ਇਹ ਪ੍ਰਾਜੈਕਟ ਵਿਸ਼ਵ ਬੈਂਕ ਸਹਾਇਤਾ ਲਈ ਤਿਆਰੀ ਅਧੀਨ ਹੈ, ਇਸ ਤੇ ਕੰਮ ਸਾਲ 1986 ਦੇ ਅੰਤ ਤੋਂ ਪਹਿਲਾਂ ਅਰੰਭ ਹੋਣ ਦੀ ਸੰਭਾਵਨਾ ਹੈ ਅਤੇ ਇਸ ਨੂੰ ਮੁਕੰਮਲ ਹੋਣ ਨੂੰ ਲਗਭਗ 5 ਸਾਲ ਲੱਗਣਗੇ।

Original with;
Punjab Vidhan Sabha
Digitized by
Panjab Digital Library

[ਮੁੱਖ ਮੰਤਰੀ]

ਸਟੇਟਮੈਂਟ

(ੳ) ਰਾਜ ਵਿਚ ਜਲਦੂਸ਼ਣ ਰੋਕਥਾਮ ਦਾ ਕੰਮ 1974 ਦੇ ਐਕਟ ਦੇ ਅਧੀਨ ਜਲ ਦੂਸ਼ਣ ਰੋਕਥਾਮ ਬੋਰਡ ਦੇ ਰਾਹੀਂ ਕੀਤਾ ਜਾਂਦਾ ਹੈ। ਇਸ ਬੋਰਡ ਨੂੰ ਹਵਾ ਦੂਸ਼ਣ ਦੀ ਰੋਕਥਾਮ ਦਾ ਕੰਮ ਵੀ 1981 ਵਿੱਚ ਸੌਂਪਿਆ ਗਿਆ। ਸਾਰਾ ਰਾਜ ਪੰਜਾਬ ਜਲਦੂਸ਼ਣ ਬੋਰਡ ਦੇ ਅਧੀਨ ਆਉਂਦਾ ਹੈ।

ਸਿਰਫ ਲੁਧਿਆਣਾ ਸ਼ਹਿਰ ਵਿੱਚ ਬੋਰਡ ਨੇ 598 ਉਦਯੋਗਿਕ ਇਕਾਈਆਂ ਨੂੰ ਜਲਦੂਸ਼ਣ ਕਰਨ ਸਮੱਰਥ ਪਾਇਆ ਹੈ। ਇਨ੍ਹਾਂ ਵਿਚੋਂ 258 ਇਕਾਈਆਂ ਨੂੰ ਦੂਸ਼ਿਤ ਪਾਣੀ ਦਾ ਅਜਿਹਾ ਸੋਧ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ, ਜਿਸ ਨਾਲ ਇਹ ਗੰਦਾ ਪਾਣੀ ਸੀਵਰ ਵਿੱਚ ਪਾਉਣ ਲਈ ਜਾਂ ਸਿੰਚਾਈ ਲਈ ਵਰਤਣ ਲਈ ਬੋਰਡ ਵੱਲੋਂ ਨਿਯਤ ਲਿਮਟ ਅਨੁਸਾਰ ਯੋਗ ਹੋ ਜਾਵੇ। 71 ਹੋਰ ਇਕਾਈਆਂ, ਜਿਨ੍ਹਾਂ ਦਾ ਪਾਣੀ ਸੀਵਰ ਵਿੱਚ ਪਾਉਣ ਯੋਗ ਸੀ, ਨੂੰ ਬਿਨਾਂ ਕਿਸੇ ਸ਼ਰਤ ਦੇ ਸਹਿਮਤੀ ਦੇ ਦਿੱਤੀ ਗਈ। 59 ਉਦਯੋਗਿਕ ਇਕਾਈਆਂ ਨੇ ਸੋਧ ਸਹੂਲਤਾਂ ਦਾ ਪ੍ਰਬੰਧ ਕਰ ਲਿਆ ਹੈ। 24 ਇਕਾਈਆਂ ਅਜਿਹਾ ਕਰਨ ਹੀ ਵਾਲੀਆਂ ਹਨ। 27 ਇਕਾਈਆਂ ਨੇ ਅਜਿਹੇ ਢੰਗ ਅਪਣਾ ਲਏ ਹਨ, ਜਿਸ ਨਾਲ ਉਦਯੋਗ ਵਿਚੋਂ ਆ ਰਿਹਾ ਪਾਣੀ ਨਿਯਮਿਤ ਪੱਤਾ ਤੇ ਅੰਦਰ ਆ ਗਿਆ।

ਬੋਰਡ ਨੇ ਹੋਰ ਕੋਈ ਚਾਰਾ ਨਾ ਵੇਖ ਕੇ 230 ਉਦਯੋਗਿਕ ਇਕਾਈਆਂ, ਜੋ ਬੋਰਡ ਦੀ ਸਹਿਮਤੀ ਲੈਣ ਤੋਂ ਅਸਮੱਰਥ ਰਹੀਆਂ ਜਾਂ ਜਿਨ੍ਹਾਂ ਨੇ ਬੋਰਡ ਦੇ ਹੁਕਮਾਂ ਦੀ ਉਲਘੰਣਾ ਕੀਤੀ ਹੈ, ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਹੈ।

ਬੋਰਡ ਨੇ ਲੁਧਿਆਣਾ ਨਗਰ ਕਾਰਪੋਰੇਸ਼ਨ ਨੂੰ ਵੀ ਕਿਹਾ ਹੈ ਕਿ ਉਹ ਸ਼ਹਿਰ ਦੇ ਗੰਦੇ ਪਾਣੀ ਨੂੰ ਬੁਢੇ ਨਾਲੇ ਵਿੱਚ ਸੁੱਟਣ ਤੋਂ ਪਹਿਲਾਂ ਪ੍ਰਾਇਮਰੀ ਟ੍ਰੀਟਮੈਂਟ ਪਲਾਂਟ ਲਗਾ ਕੇ ਸਾਫ ਕਰਨ।

ਹਵਾ-ਦੂਸ਼ਣ ਦੀ ਰੋਕਥਾਮ ਲਈ ਕੰਮ ਬੋਰਡ ਨੇ 1984 ਤੋਂ ਤੇਜ਼ੀ ਨਾਲ ਸ਼ੁਰੂ ਕੀਤਾ, ਜਦੋਂ ਪੰਜਾਬ ਸਰਕਾਰ ਨੂੰ ਹਵਾ ਦੂਸ਼ਣ ਰੋਕਥਾਮ ਹੱਦਬੰਦੀਆਂ ਗਜ਼ਟ ਵਿੱਚ ਪ੍ਰਕਾਸ਼ਿਤ ਕੀਤੀਆਂ। ਬੋਰਡ ਨੇ ਲੁਧਿਆਣਾ ਵਿਖੇ 150 ਵੱਡੀਆਂ ਇਕਾਈਆਂ ਹਵਾ ਦੂਸ਼ਣ ਸਮੱਰਥ ਪਾਈਆਂ ਹਨ, ਇਨ੍ਹਾਂ ਉਦਯੋਗਿਕ ਇਕਾਈਆਂ ਨੂੰ ਉਚਿਤ ਮਸ਼ੀਨਰੀ ਜਾਂ ਲਗੀਆਂ ਭੱਠੀਆਂ ਦੀ ਪੁਨਰ-ਉਸਾਰੀ ਕਰਨ ਅਤੇ ਹਵਾ ਦੂਸ਼ਣ ਰੋਕਥਾਮ ਸਾਜ ਸਮਾਨ/ਜੰਤਰ ਲਗਾਣ ਲਈ ਕਿਹਾ ਗਿਆ ਹੈ। 90 ਉਦਯੋਗਿਕ ਇਕਾਈਆਂ ਨੇ ਹਵਾ ਦੂਸ਼ਣ ਘਟਾਉਣ ਲਈ ਗਰੇਵਟੀ ਸੈਪਰੇਸ਼ਨ ਚੈਂਬਰ ਲਗਾ ਲਏ ਹਨ। ਪਰ ਬੋਰਡ ਇਨ੍ਹਾਂ ਇਕਾਈਆਂ ਨੂੰ ਜ਼ੋਰ ਪਾ ਰਿਹਾ ਹੈ ਕਿ ਉਹ ਉਚਿਤ ਹਵਾ ਦੂਸ਼ਣ ਰੋਕਥਾਮ ਜੰਤਰ ਲਗਾਉਣ।

ਡਾਕਟਰ ਸੱਤ ਪਾਲ ਪਰਾਸ਼ਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਇਕ ਪਰਾਜੈਕਟ ਪਲਾਂਟ ਵਰਲਡ ਬੈਂਕ ਦੀ ਸਹਾਇਤਾ ਨਾਲ 1986 ਵਿਚ ਸ਼ੁਰੂ ਹੋਣ ਦੀ ਸੰਭਾਵਨਾ ਹੈ। ਲੇਕਿਨ ਉਸ ਇਲਾਕੇ ਵਿਚ ਪੀਣ ਦੇ ਪਾਣੀ ਦੀ ਬਹੁਤ ਮੁਸ਼ਕਲ ਹੈ। ਨਲਕਿਆਂ ਵਿਚ ਪੀਲਾ ਪਾਣੀ ਆ ਰਿਹਾ ਹੈ। ਕੀ ਸਰਕਾਰ ਉਦੋਂ ਤਕ ਉਸ ਇਲਾਕੇ ਵਿਚ ਪੀਣ ਦੇ ਪਾਣੀ ਦਾ ਇੰਤਜ਼ਾਮ ਕਰੇਗੀ ?

ਮੁੱਖ ਮੰਤਰੀ : ਇਹ ਤਾਂ ਮੈਂ ਪਰਾਜੈਕਟ ਦੀ ਗੱਲ ਕੀਤੀ ਹੈ ਜਿਹੜਾ ਪੋਲੂਸ਼ਨ ਨੂੰ ਰੋਕਣ ਵਾਸਤੇ ਲਗਣਾ ਹੈ। ਬਾਕੀ ਪਾਣੀ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ। ਬਹੁਤ ਸਾਰੀਆਂ ਇੰਡਸਟਰੀਜ਼ ਨੂੰ ਵੀ ਨੋਟਿਸ ਦਿੱਤੇ ਗਏ ਹਨ ਅਤੇ ਕਈ ਕੇਸ ਰਜਿਸਟਰ ਵੀ ਹੋ ਗਏ ਹਨ।

Original with;
Punjab Vidhan Sabha
Digitized by;
Panjab Digital Library

ਡਾਕਟਰ ਸੱਤ ਪਾਲ ਪਰਾਸ਼ਰ : ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇੰਤਜ਼ਾਮ ਹੋ ਰਿਹਾ ਹੈ ਪਰ ਹੁਣ ਤਕ ਉਥੇ ਕੋਈ ਇੰਤਜ਼ਾਮ ਨਹੀਂ ਹੋਇਆ। ਇਹ ਜਿਹੜਾ ਏਰੀਆ ਹੈ ਇਹ ਮੇਰੀ ਕਾਂਸਟੀਚਿਉਐਂਸੀ ਵਿਚ ਪੈਂਦਾ ਹੈ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਉਥੇ ਕੋਈ ਇੰਤਜ਼ਾਮ ਨਹੀਂ ਹੋਇਆ। ਦੂਸਰਾ ਜਿਹੜੇ ਇੰਡਸਟਰੀਜ਼ ਨੂੰ ਨੋਟਿਸ ਦਿੱਤੇ ਗਏ ਹਨ ਇਸ ਨਾਲ ਕੋਈ ਫਰਕ ਨਹੀਂ ਪਿਆ। ਹੁਣ ਵੀ ਏਅਰ ਪੋਲੂਸ਼ਨ ਦੇ ਨਾਲ ਲੋਕਾਂ ਦੀਆਂ ਅੱਖਾਂ ਖਰਾਬ ਹੋ ਰਹੀਆਂ ਹਨ ਅਤੇ ਨਮੂਨੀਆ ਵਗੈਰਾ ਹੋ ਰਿਹਾ ਹੈ। ਉਥੇ ਇਕ ਬੁੱਢਾ ਨਾਲਾ ਹੈ। ਸਾਰਾ ਸੀਵਰੇਜ ਦਾ ਪਾਣੀ ਉਸ ਵਿਚ ਪੈਣਾ ਸੀ ਪਰ ਹੁਣ ਤਕ ਉਸ ਨਾਲੇ ਦੇ ਕਿਨਾਰੇ ਵੀ ਪੱਕੇ ਨਹੀਂ ਕੀਤੇ ਗਏ। ਕੀ ਸਰਕਾਰ ਇਸ ਵਾਸਤੇ ਕੋਈ ਪ੍ਰਬੰਧ ਕਰੇਗੀ ?

ਮੁੱਖ ਮੰਤਰੀ : ਇਨ੍ਹਾਂ ਨੇ ਲੁਧਿਆਣਾ ਦਾ ਸਵਾਲ ਕੀਤਾ ਸੀ, ਕਿਸੇ ਖਾਸ ਬਸਤੀ ਦਾ ਸਵਾਲ ਨਹੀਂ ਕੀਤਾ ਸੀ। ਪਰ ਮੈਂ ਦੱਸਦਾ ਹਾਂ ਕਿ ਹੁਣ ਤਕ 258 ਇੰਡਸਟਰੀਜ਼ ਨੂੰ ਮਿਉਂਨਸਿਪਲ ਸੀਵਰੇਜ ਵਿਚ ਪਾਉਣ ਦੀ ਇਜਾਜ਼ਤ ਦਿੱਤੀ ਹੈ। ਇਸ ਤੋਂ ਇਲਾਵਾ 71 ਹੋਰ ਇੰਡਸਟਰੀਜ਼ ਹਨ ਜਿਨ੍ਹਾਂ ਨੂੰ ਹੁਣ ਇਜਾਜ਼ਤ ਮਿਲੀ ਹੈ ਸੀਵਰੇਜ ਵਿਚ ਪਾਉਣ ਦੀ, ਤਾਕਿ ਉਹ ਪਾਣੀ ਖੇਤਾਂ ਵਲ ਨੂੰ ਜਾ ਸਕੇ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਇਹ ਸਵਾਲ ਏਅਰ ਪੋਲੂਸ਼ਨ ਨੂੰ ਰੀਲੇਟ ਕਰਦਾ ਹੈ। ਬਹੁਤ ਸਾਰੀ ਇੰਡਸਟਰੀਜ਼ ਬ੍ਰੁਆਇਲਰਜ਼ ਵਿਚ ਹਸਕ ਦਾ ਇਸਤੇਮਾਲ ਕਰਦੀਆਂ ਹਨ ਜਿਸ ਨਾਲ ਕਾਫੀ ਏਅਰ ਪੋਲੂਸ਼ਨ ਹੁੰਦੀ ਹੈ। ਇਸ ਵਾਸਤੇ ਲੁਧਿਆਣਾ ਯੂਨੀਵਰਸਿਟੀ ਨੇ ਗਰੈਵੀਟੇਸ਼ਨ ਚੈਂਬਰ ਲਾਉਣ ਲਈ ਐਡਵਾਈਜ਼ ਕੀਤਾ ਸੀ। ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਉਹ ਚੈਂਬਰ ਕਾਰਖਾਨਿਆਂ ਵਿਚ ਲਾਉਣ ਦਾ ਇੰਤਜ਼ਾਮ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਗਰੈਵੀਟੇਸ਼ਨ ਸੈਪੇਰੇਸ਼ਨ ਚੈਬਰਜ਼ ਹਨ। ਇਹ 15 ਇੰਡਸਟਰੀਜ਼ ਵਿਚ ਇਨਸਟਾਲ ਕੀਤੇ ਗਏ ਹਨ। ਬਾਕੀ ਇੰਡਸਟਰੀਜ਼ ਵਿਚ ਇਸ ਦਾ ਇੰਤਜ਼ਾਮ ਕੀਤਾ ਜਾ ਰਿਹਾ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇਕ ਬਰਸਾਤੀ ਨਾਲਾ ਹੈ ਮਗਰ ਇਹ ਜਿਹੜਾ ਪੋਲੂਸ਼ਨ ਦਾ ਪਾਣੀ ਹੈ, ਇਹ ਸਾਰਾ ਸੀਵਰੇਜ ਵਿਚ ਪਾਇਆ ਜਾ ਰਿਹਾ ਹੈ ਜਿਸ ਨਾਲ ਕਿ ਸੀਵਰੇਜ ਵੀ ਖਰਾਬ ਹੋ ਰਿਹਾ ਹੈ। ਕੀ ਸਰਕਾਰ ਇਹ ਪੋਲੂਸ਼ਨ ਦਾ ਪਾਣੀ ਉਸ ਨਾਲੇ ਵਿਚ ਜਿਹੜਾ ਕਿ ਉਸ ਇਲਾਕੇ ਵਿਚ ਹੈ, ਪਾਉਣ ਲਈ ਇੰਤਜ਼ਾਮ ਕਰੇਗੀ ?

ਮੁੱਖ ਮੰਤਰੀ : ਜਿਹੜੇ ਨਾਲੇ ਦਾ ਇਹ ਜ਼ਿਕਰ ਕਰ ਰਹੇ ਹਨ, ਇਹ ਪਤਾ ਕਰ ਲਵਾਂਗੇ।

Shifting of Butchery from Nawankot, Amritsar

*13. **Prof. Darbari Lal** : Will the Chief Minister be pleased to state whether the Government has any proposal under consideration for the present Butchery situated at Nawankot, a thickly populated area in Amritsar, if so, the time by which it is likely to be shifted ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਨਹੀਂ ਜੀ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 30 ਸਾਲ ਦੇ ਕਰੀਬ ਹੋ ਗਏ ਹਨ ਉਥੇ ਬੁਚਰੀ ਦੇ ਕੰਮ ਹੁੰਦਿਆਂ ਨੂੰ ਅੌਰ ਉਥੇ ਜਿਹੜੇ ਜਾਨਵਰ ਹਨ ਕੁੱਤੇ ਵਗੈਰਾ ਆਦਿ

Original with;
Punjab Vidhan Sabha
Digitized by;
Panjab Digital Library

[ਪ੍ਰੋ: ਸਰ ਦਰਬਾਰੀ ਲਾਲ]

ਜਗ੍ਹਾ ਜਗ੍ਹਾ ਤੇ ਮੀਟ ਮੂੰਹ ਵਿਚ ਪਾਈ ਫਿਰਦੇ ਹਨ ਜਿਸ ਨਾਲ ਕਿ ਉਥੇ ਦਾ ਵਾਤਾਵਰਣ ਖਰਾਬ ਹੋ ਚੁੱਕਾ ਹੈ। ਇਨ੍ਹਾਂ ਨੇ ਜਵਾਬ ਦਿੱਤਾ ਹੈ, 'ਨਹੀਂ ਜੀ'। ਕੀ ਸਰਕਾਰ ਉਸ ਜਗ੍ਹਾਂ ਦਾ ਵਾਤਾਵਰਣ ਠੀਕ ਕਰਨ ਲਈ ਕੋਈ ਇੰਤਜ਼ਾਮ ਕਰੇਗੀ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਨੂੰ ਸ਼ਿਫਟ ਕਰਨ ਦੀ ਹਾਲੇ ਕੋਈ ਮੂਵ ਨਹੀਂ ਹੈ। ਕਿਉਂਕਿ ਇਸ ਵਾਸਤੇ 15-20 ਲੱਖ ਰੁਪਿਆ ਲਗਣਾ ਹੈ ਜੇ ਕਾਰਪੋਰੇਸ਼ਨ ਜ਼ਮੀਨ ਦੇਵੇ, ਜੇ ਜ਼ਮੀਨ ਵੀ ਐਕੁਆਇਰ ਕਰਨੀ ਪਈ ਤਾਂ ਫਿਰ ਹੋਰ ਵੀ ਜ਼ਿਆਦਾ ਪੈਸੇ ਲਗਣਗੇ। ਪੈਸੇ ਦਾ ਪ੍ਰਬੰਧ ਨਾ ਹੋਣ ਕਰਕੇ ਸ਼ਿਫਟ ਨਹੀਂ ਕੀਤਾ ਗਿਆ। ਬਾਕੀ ਇਹ ਯਤਨ ਕੀਤਾ ਜਾ ਰਿਹਾ ਹੈ ਕਿ ਕੁੱਤੇ ਵਗੈਰਾ ਇਸ ਤਰ੍ਹਾਂ ਨਾ ਫਿਰਦੇ ਰਹਿਣ ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ। ਇਸ ਵਾਸਤੇ ਉਥੇ ਜਾਲੀ ਵਗੈਰਾ ਲਾਉਣ ਦਾ ਪ੍ਰਬੰਧ ਕੀਤਾ ਗਿਆ ਹੈ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Posting Orders of Sub-Divisional Officers

*5. **Sardar Kirpal Singh**. Will the Chief Minister be pleased to state whether any assurance was given on the floor of the House during the Budget Session in 1983, regarding issuing of posting orders as Sub-Divisional Officers to 150 Civil promotees; if so, why this assurance has not been carried out upto now?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹਾਂ ਜੀ। ਸਾਲ 1983 ਦੇ ਬਜਟ ਸੈਸ਼ਨ ਦੌਰਾਨ ਵਿਧਾਨ ਸਭਾ ਦੇ ਸਦਨ ਵਿਚ ਦੱਸਿਆ ਗਿਆ ਸੀ ਕਿ 156 ਜੂਨੀਅਰ ਇੰਜੀਨੀਅਰ (ਸਿਵਲ) ਜਿਹੜੇ ਕਿ ਆਰਜ਼ੀ ਤੌਰ ਤੇ ਆਫੀਸ਼ੀਏਟਿੰਗ ਐਸ. ਡੀ. ਓ. ਪਦ-ਉਨਤ ਹੋਏ ਹੋਏ ਹਨ, ਨੂੰ ਸਾਲ 1983-84 ਲਈ ਵੱਖ ਵੱਖ ਪ੍ਰਾਜਕਟਾਂ ਅਤੇ ਸਕੀਮਾਂ ਲਈ ਹੋਏ ਬਜਟ ਉਪਬੰਧਾਂ ਨੂੰ ਵੇਖ ਕੇ ਪੋਸਟਿੰਗ ਆਰਡਰ ਜਾਰੀ ਕੀਤੇ ਜਾ ਸਕਦੇ ਹਨ।

ਉਪਰੋਕਤ ਆਸ਼ਵਾਸਨ ਦੇ ਉੱਤਰ ਵਿਚ ਸਕੱਤਰ, ਪੰਜਾਬ ਵਿਧਾਨ ਸਭਾ ਨੂੰ ਪਹਿਲਾਂ ਹੀ ਜਨਵਰੀ, 1985 ਵਿਚ ਸਚਿਤ ਕਰ ਦਿਤਾ ਸ਼ੀ ਕਿ ਸਾਲ 1983-84 ਲਈ ਮੁਕੇਰੀਆਂ ਹਾਈਡਲ ਪ੍ਰਾਜੈਕਟ ਅਤੇ ਥੀਨ ਡੈਮ ਲਈ ਕੀਤੇ ਫੰਡਾਂ ਦੀ ਘਾਟ ਕਾਰਨ, ਸਿੰਜਾਈ ਵਿਭਾਗ ਵਿਚ ਲਗਭਗ 89 ਸਬ ਡਿਵੀਜ਼ਨਲ ਅਫਸਰਾਂ ਦੀਆਂ ਆਸਾਮੀਆਂ ਘਟਾ ਦਿੱਤੀਆਂ ਗਈਆਂ ਹਨ। ਸਤਲੁਜ ਯਮਨਾ ਲਿੰਕ ਪ੍ਰਾਜੈਕਟ ਦੀ ਕਾਂਟੀ ਛਾਂਟੀ ਕਾਰਨ 38 ਕਾਰਜਕਾਰੀ ਇੰਜੀਨੀਅਰ ਰਿਵਰਟ ਕੀਤੇ ਗਏ ਹਨ। ਇਸ ਤੋਂ ਇਲਾਵਾ ਐਸ. ਵਾਈ. ਐਲ. ਵਿਚ 86 ਐਸ. ਡੀ ਓ. ਦੀਆਂ ਆਸਾਮੀਆਂ ਵਾਪੂ ਕਰਾਰ ਦੇ ਦਿਤੀਆਂ ਗਈਆਂ ਹਨ। ਇਸ ਲਈ ਉਪਰ ਵਰਣਤ ਆਸ਼ਵਾਸਨ ਦਾ ਉਤਵ

Original with;
Punjab Vidhan Sabha
Digitized by;
Panjab Digital Library

ਭੇਜਦੇ ਹੋਏ ਇਹ ਪਹਿਲਾਂ ਹੀ ਦਸ ਦਿਤਾ ਗਿਆ ਸੀ ਕਿ ਹਾਲ ਦੀ ਘੜੀ ਕਿਸੇ ਵੀ ਆਰਜ਼ੀ ਤੌਰ ਤੇ ਪਦ ਉਨਤ ਹੋਏ ਜੂਨੀਅਰ ਇੰਜੀਨੀਅਰ ਨੂੰ ਉਨ੍ਹਾਂ ਦੇ ਹਿੱਸੇ ਆਉਂਦੀਆਂ ਆਸਾਮੀਆਂ ਅਤੇ ਕੰਮ ਕਾਜ ਦੀ ਲੋੜਾਂ ਨੂੰ ਮੁੱਖ ਰੱਖਦਿਆ ਹੋਇਆਂ ਬਤੌਰ ਐਸ. ਡੀ. ਓਜ਼ ਪੋਸਟਿੰਗ ਆਰਡਰ ਦੇਣ ਦੀ ਕੋਈ ਭਵਿੱਖ ਵਿਚ ਉਮੀਦ ਨਹੀਂ ਹੈ।

Amount spent under Special Component Plan

*28. **Shri Jagjit Singh.** Will the Chief Minister be pleased to state—

(a) the total amount spent on the Scheduled Castes during the year 1984-85 and upto 13th October, 1985 under the Special Component Plan ;

(b) the name of the schemes under which the amount mentioned in part (a) above was spent together with the details of the amount which could not be spent under the above mentioned schemes?

Sardar Surjit Singh Barnala. (a) The total amount spent under Special Component Plan during1984-85 was Rs. 21.66 crores. The amount spent upto October 13th, 1985 cannnot be supplied as the information is compiled on quarterly basis and not on the day to day basis. The tentative amount spent till the end of 30th September, 1985 is 2.388 crores.

(b) There are 129 schemes on which the amount under Special Component Plan is spent. The list of schemes and Department-wise allocation and expenditure are placed on the Table of the House.

Original with;
Punjab Vidhan Sabha
Digitized by;
Panjab Digital Library

[Chief Minister]

ANNEXURE-A

Statement showing the Department-wise details of funds provided and amount utilised during 1984-85 and 1985-86 under Special Component Plan for Scheduled Castes

(Rs. in lacs)

Serial No.	Name of Department	1984-85		1985-86	
		Funds Provided under S.C.P.	Amount utilised	Funds provided under S.C.P.	Amount spent upto 30-9-85
1	Agriculture ..	168·60	77·24	180·75	8·15
2	Horticulture ..	1·10	0·59	1·10	0·34
3	Soil Conservation ..	24·11	18·36	20·00	3·00
4	Animal Husbandry ..	28·75	23·32	37·44	11·27
5	Dairy Development ..	5·22	3·76	4·76	0·15
6	Fisheries ..	0·85	0·34	0·90	0·24
7	Forest ..	19·00	15·33	10·00	..
8	Community Development and Panchayats/IRDP ..	518·99	609·36	265·56	61·08
9	Co-operation ..	5·16	4·44	3·46	..
10	Irrigation and Flood Control ..	..	..	44·00	..
11	Power ..	140·00	174·00	427·20	..
12	Industries and Minerals ..	152·60	46·31	113·67	6·24
13	Roads and Bridges ..	..	..	57·60	..
14	General Education ..	2·10	0·99	5·33	..
15	Technical Education ..	0·50	0·45	1·00	..
16	Health and Family Welfare ..	248·00	228·67	306·15	..
17	Ayurvedic ..	6·35	..	1·62	..
18	Homoeopathy ..	4·13	..	2·50	..
17	Rural Water Supply ..	250·00	247·47	250·00	19·33
20	Housing ..	163·41	100·29	92·63	..
21	Urban Development ..	71·35	71·35	129·25	18·30
22	Welfare of SC/BC ..	431·00	454·16	440·00	79·11
23	Social Welfare ..	..	..	8·10	..
24	Nutrition ..	19·00	19·00	100·00	..
25	N.R.E.P. ..	73·00	71·10	85·32	31·60
26	Urban Water Supply & Sewerage ..	..	..	55·00	..
	Total ..	2333·22	2166·53	2643·34	238·81

Original with;
Punjab Vidhan Sabha
Digitized by;
Panjab Digital Library

List of Schemes implemented under Special Component Plan during 1984-85 and 1985-86

Serial No.	Name of the Scheme
1	2
	AGRICULTURE
(P)5.5	Efficient Utilization of inputs use of Micro Nutrients.
A(P)6.1	Ground Spraying of Crops/Mobile ground spray. Units.
A(P)6.3	Scheme for the intensification of Plant Protection work.
A(P)6.4	Control of Pests/diseases of agr. importance in endemic areas including weed control.
A(P)8.1	Development of Sugarcane.
A(P)8.3	Intensive Cotton Development Programme including schemes for production of nucleous seed of cotton (sharing basis).
A(P)8.4	Intensive Pulses Development Programme. (Sharing Basis).
A(P)8.5	Intensive Oilseed Development Programme.
A(P)9.1	Dryland Farming (Sharing Basis).
A(P)10.1	Reclamation of Kallar Lands in Punjab.
A(P)11.1	.. .. ..
A(P)11.5	Farmer Training and Education in HYVP running of farmers training Centres in the State.
A(P)17.1	Support of Ordinary and Special Debentures for M.I. (1) Agriculture.
A(P)17.2	Purchase of Debentures of SCLMB for the purchase of tractors and Agricultural implements.
A(P)17.3	ARC Scheme for the reclamation of Alkaline saline Soils
A(P)17.5	Bio Gas Gobar Gas Plants debentures Supports.
A(P)18.1	Assistance to Small Marginal Farmers on IRDP pattern (sharing basis).
A(P)19.3	Scheme regarding Bee Keeping.
A(P)19.4	Setting up of Machinery. Hiring Units.
	HORTICULTURE
A(P)21.1	Development of Horticulture in the State.
A(P)21.2	Development of Horticulture in Kandi Area (World Bank).

Original with;
Punjab Vidhan Sabha
Digitized by;
Panjab Digital Library

SOIL CONSERVATION

1	2
SC(A)3.1	Pilot Project for Development of Kandi Area with World Bank assistance.
SC(A)3.2	Soil Conservation on Water shed basis.
SG(A)3.3	Scheme for Soil Conservation Programme in other area of the State.
	ANIMAL HUSBANDRY
AH2.4	Prophylactic vaccination against foot and mouth.
AH2.7	Centrally Sponsored Scheme –Foot and Mouth Disease control. Programme Project for vaccination of cattle and buffaloes in selected areas.
AH5.3	Centrally Sponsored Scheme—Assistance to Small and Marginal Farmers and Agriculture Labours for rearing cross breed heifers.
AH5.8	Centrally Sponsored Scheme Implementation of Poultry, Piggery and Sheep Production Programme through small marginal farmers. and agricultural Labourers.
AH7.1	Supply of exotic/cross bred rams for cross breeding at Sheep and Wool extension Centres and to bonafide sheep breeders.
AH9.2	Kandi Watershed and area Development Project.
AH10.3	Production and popularisation of newly evolved fodder varieties.
	DAIRY DEVELOPMENT
DM2.2	Establishment of Extension Unit for intensification of Milk Production.
DM2.4	Special Employment drive Scheme for the introduction of Scientific Commercialized Production in the State.
DM4.1	Supply of Subsidized Milk to the weaker section of society
DM4.2	Intensification of Milk Production providing of subsidy for the construction of Model cattle sheds to Small and Marginal Farmers.
DM2.9	Scheme for providing Self Employment to Widows by introduction Scientific/Commercialized Milk Production.
DM2.8	Scheme for the Re-Settlement of Ex-servicemen.
	FISHERIES DEPARTMENT
FH.7.1	Promotion of Extensive Fish Culture by Providing Assistance to promote Co-operative Section.
FH.7.3	Assistance to Fish Farmers Development, Gurdaspur, Jalandhar, Amritsar, Ludhiana, Sangrur.
	FOREST DEPARTMENT
FT.3.1	Raising of Industrial plantation on community Lands.
FT3.2	Social Forestry including rural Fuel Wood Plantation.
FT3.7	Farm Forestry.

Original with;
Punjab Vidhan Sabha
Digitized by;
Panjab Digital Library

1	2
	COMMUNITY DEVELOPMENT AND PANCHAYAT
CD1.1(a)	Staff for IRDP at the State Headquarter.
(b)	Staff for Monitoring Cell.
CD2.1	Study tours of non-official.
CD3.3	Pavement of streets and construction of drains.
CD3.4	Assistance to Panchayats for construction of P/G.
CD4.1	Assistance to district Rural Development Agencies and under IRDP State Share.
CD4.2	Development of Women and Children.
CD4.3	Interest subsidy on loan to be advanced to E.W.S. in rural areas.
CD4.4	Strengthening of infrastructure under TRYSEM
	CO-OPERATION
CN10.1	Participation in the Share Capital of Industrial Co-operation including Fedration/Unions and Projects in the Co-operation Sector.
CN10.2	Participation in the Share Capital of Apex Handloom and Pry. H/L Weavers Co-operative Societies.
CN10.3	Subsidy to Central Co-operative Bank for advancing loans to Ind. Co-oprative including H/L Weavers Co-operative Societies at concessional rate of interest.
CN12.1	Assistance to Punjab Co-operative Unions for Education research training and Publicity.
	IRRIGATION AND FLOOD CONTROL
2.	Lining of Water Courses.
	POWER
	A—Normal Development Works
(i)	Provision for General Connections
(ii)	Industrial Service connection
B	Rural Electrification
(i)	Energisation of Agricultural Pumpsets.
(ii)	Electrification of Harijan Basties.
C	Labour Component for S.C.'s on various projects under power sector
D	Thein Dam Project
	INDUSTRIES AND MINERALS
IN2.1	District Industries Centre.

Original with;
Punjab Vidhan Sabha
Digitized by;
Panjab Digital Library

1	2
I.N.2.2	Grant of Subsidy for the purchase of Generating Sets.
I.N.2.4	Training of Technical Staff and visit to Industries in other States.
I.N.2.9	Modernisation of Small Scale Industrics.
I.N.2.15	Incentives for quality Certification of SSI products.
I.N.2.18	Promotion of Industries based on Utilisation of Agriculture waste/Residue.
1.N.2.19	Entreprenurial Training Programme with I.D.O.Assistance.
I.N.3.2	PUNTEX
I.N.4.1	Punjab State Leather Development Corporation.
I.N.5.1	Development of Handicraft Industry.
I.N.6.1	Development of Sericulture Industries.
I.N.11.1	1 Focal Growth Point :—
	(i) Interest free loan
	(ii) Land Subsidy
	Programme of Handloom
(iii)	Training of Weavers
(iv)	Training cum-production Centre in sub-Mountaine Area.
	P.W.D.
	Roads and Bridges.
	GENERAL EDUCATION
(ii)E.D. 1.7.	Non-Formal (B) Education 6—11 age group.
(iii)E.D.2.4	Non Formal Education
(iv)E.D.3.8	Adult Education.
	Technical Education
7.5.T.B.	Book Bank for poor Students.
	Public Health and Sanitation
P.H.1.1	Opening of PHCs by upgrading SHC (Dispensaries).
P.H.1.2	Opening the Sub-Centre Multipurpose workers Scheme.
P.H.1.3	Opening the Subsidiary Centres in Rural Areas.
P.H.3.1	Opening the New Dispensaries in Urban Slum Areas.
P.H.4.2	National Malaria Eradication Programme (Rural).

Original with;
Punjab Vidhan Sabha
Digitized by;
Panjab Digital Library

1	2
P.H.4.2	National Malaria Eradication Programme (Anti-larvel)
P.H.4.3	National T.B. Control Programme.
P.H.4.7	Provision of Lab technician at each PHC.
P.H.5.10	Expanded Programme on Immunization.
P.H.5.12	Hospital treatment of diarrhoeal diseases by oral rehyderation therapy.
P.H.5.13	Grant of additional incentive/compensation out of States funds to accepts of sterilisation.
P.H.20	Strengthening of School Health Clinics.
AY1.2	Open ing of ISM Dispensaries (Ayurvedic).
HM1.2	Opening of Homoeopathic Dispen saries.
	SEWERAGE AND WATER SUPPLY
R.S.W.I.	Rural Water Supply
U.S.I.	Urban Water Supply and Sewerage.
	HOUSING
H.G.2.2	Construction of Houses for Rural Homeless.
H.G.2.3	Loans for Low Income Group Housing.
H.G.2.5	Loans for Building Houses in Urban Estate.
H.G.2.6	Middle income Group Houses.
H.G.2.7	Village Housing Project Scheme
H.G.3.1	Contribution to Housing Board.
	URBAN DEVELOPMENT
U.D.I	Urban Development.
U.D.2.6	Environmental Improvement of Slums (Local Government Department).
	WELFARE OF SCHEDULED CASTES
SC.1.1	Free Books and Stationery to S.C. Students
SC1.2	Grant for the purchase of :—
(a)	Medical and Engg., books (State Share).
(b)	Law Books.
SC1.3(a)	Technical Training in Industrial Trades.
(b)	Construction of an advance I.T.I.

Original with;
Punjab Vidhan Sabha
Digitized by;
Panjab Digital Library

1	2
SC1.4	Grants to Scheduled Castes girls students studying in Post-Matric and Post-Graduate Classes.
SC1.5	Coaching and allied schemes :—
(a)	Coaching for IAS and allied services/LIC and Banking Services (State Share).
(b)	Coaching for Stenography. (State Share)
(c)	Construction of a residential Institute.
SC1.6	Girls Hostels (State Share)
SC1.7	Imparting of Industrial Training to S.C. women
SC1.8	Grants to students studying in Medical and Engg. Colleges.
SC1.9	Awards to brilliant S.C. students.
SC1.10	Grant to Primary Students belonging to Vulnerable Groups and Vimukat Jatis (State Share).
SC1.12	Pre-Matric Coaching to Students.
SC1.13	Opportunity Cost for Pry. Girl students.
	2. ECONOMIC UPLIFT
SC2.1	Subsidy for the purchase of :—
(a)	Agricultural Land/Wells/Stamp duty.
(b)	Land for fodder and small industrial units.
SC.2.3	Share Capital contribution to the Punjab Scheduled Castes Land Dev. & Finance Corpn.
SC2.4	Interest Subsidy :—
(a)	Scheduled Castes.
SC2.5	Issue of Yellow Cards.
	3. HEALTH HOUSING AND OTHER PROGRAMMES
SC3.1	Construction of Dharamshalas/Chaupals.
SC3.2	Environmental Improvement of Harijan Basties including drinking water units.
SC3.3	Grants to Sweepers, Scavangers, Flyers and Tanners for construction of Houses.
SC3.5	Removal of Untouchability (State Share).
SC3.8	Legal Aid.
SC3.9	Assistance to Scheduled Castes for manurial pits.
SC4.1	Grants to Vimukat Jatis for the construction of houses.

Original with;
Punjab Vidhan Sabha
Digitized by;
Panjab Digital Library

1	2
	SOCIAL WELFARE
S.W.2.1.	Financial Assistance to dependent children.
S.W.2.4	Financial Assistance to widow and destitute women.
S.W.3.3.	Financial Assistance to disabled persons.
	NUTRITION
N.1.1	Programme for Pre School Children.
	N.R.E.P.
N.R.E.P.1.1	Farm Forestry.
N.R.E.P.3.1	Pavement of Streets & Con struction of Drain s.

UNSTARRED QUESTIONS AND ANSWERS

Sugar Depot at village Chakwal, District Hoshiarpur

1. **Doctor Kewal Krishan:** Will the Chief Minister be pleased to state whether it is a fact that at present there is no depot for the distribution of Levy Sugar at Village Chakwal of block Mukerian, District Hoshiarpur if so the reasons therefor and the time by which a depot for the purpose is likely to be allotted to that Village ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਪਿੰਡ ਚਕਵਾਲ ਬਲਾਕ ਮੁਕੇਰੀਆ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਅਸਲ ਵਿਚ ਇਕ ਡਿਪੂ ਚਲਦਾ ਹੈ ਜੋ ਕਿ ਸ਼੍ਰੀ ਰਘਬੀਰ ਸਿੰਘ ਪੁਤਰ ਸਰਦਾਰ ਸੁੰਦਰ ਸਿੰਘ ਨੂੰ ਪਿੰਡ ਵਿਚ ਪੰਚਾਇਤ ਦੀ ਸਿਫਾਰਸ਼ ਤੇ ਮਿਤੀ 24-10-85 ਨੂੰ ਅਲਾਟ ਕੀਤਾ ਹੈ। ਇਸ ਤੋਂ ਪਹਿਲਾਂ ਇਸ ਪਿੰਡ ਵਿਚ ਸ਼੍ਰੀ ਅਸ਼ੋਕ ਕੁਮਾਰ ਡਿਪੂ ਚਲਾਉਂਦਾ ਸੀ ਅਤੇ ਅਤੇ ਉਸ ਦੇ ਅਸਤੀਫਾ ਦੇਣ ਤੇ ਡਿਪੂ ਕੈਂਸ਼ਲ ਕਰ ਦਿਤਾ ਗਿਆ ਸੀ।

Taking over of Public High School, Dhanoa District Hoshiarpur

2. **Doctor Kewal Krishan :** Will the Minister for Education be pleased to state—

(a) whether it is a fact that the case of taking over the Public High School, Dhanoa of Block Mukerian, District Hoshiarpur is under consideration of the Government;

(b) whether it is also a fact that the Director of Public Instructions(s) has recommended taking over the said school; if so, the time by which a decision regarding taking over the same is likely to be taken?

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਜਿੰਦਰ ਸਿੰਘ : (ੳ) ਹਾਂ ਜੀ ; ਸਿਧਾਂਤਕ ਤੌਰ ਤੇ ਟੇਕ ਓਵਰ ਕਰਨ ਦਾ ਫੈਸਲਾ ਹੋ ਗਿਆ ਹੈ।

(ਅ) ਹਾਂ ਜੀ ; ਅਮਲੀ ਤੌਰ ਤੇ ਟੇਕ ਓਵਰ ਕਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਜਲਦੀ ਫੈਸਲਾ ਕਰ ਦਿਤਾ ਜਾਵੇਗਾ।

Loss Suffered in Tehsil Sultanpur Lodhi due to floods

3. Doctor Kewal Krishan : Will the Minister for Revenue and Rehabilitation be pleased to state—

(a) the details of loss suffered, village-wise, in Tehsil Sultanpur Lodhi, due to floods during July, August, 1985;

(b) whether the flood sufferers referred to in para (a) have been disbursed/given any amount of relief according to norms/criteria laid down by the Government, if so the details thereof in each case be laid on the Table of the House, if not, the reasons therefor?

ਸਰਦਾਰ ਮੇਜਰ ਸਿੰਘ ਉਬੋਕੇ : (ੳ ਤੇ ਅ) ਸੁਲਤਾਨਪੁਰ ਲੋਧੀ ਦੇ 120 ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਸਨ। ਹੜ੍ਹ ਰਾਹਤ ਸਰਕਾਰ ਵਲੋਂ ਨਿਰਧਾਰਤ ਦਰਾਂ ਅਨੁਸਾਰ ਵੰਡੀ ਜਾ ਰਹੀ ਹੈ। ਸੁਲਤਾਨਪੁਰ ਲੋਧੀ ਤਹਿਸੀਲ ਵਿੱਚ, ਮਿਤੀ 26 ਅਕਤੂਬਰ, 1985 ਤੱਕ 85,84,255 ਰੁਪਏ ਰਾਹਤ ਵਜੋਂ ਵੰਡੇ ਜਾ ਚੁੱਕੇ ਹਨ। ਪਿੰਡਾਂ ਵਿੱਚ ਹੋਏ ਨੁਕਸਾਨ ਅਤੇ ਵੰਡੀ ਗਈ ਰਾਹਤ ਬਾਰੇ, ਹਰ ਕੇਸ ਵਿੱਚ ਵਿਸਥਾਰ ਪੂਰਵਕ ਸੂਚਨਾਂ ਇੱਕਠੀ ਕਰਨ ਵਿਚ ਲਗਦਾ ਸਮਾਂ ਅਤੇ ਮਿਹਨਤ, ਪ੍ਰਾਪਤ ਕੀਤੇ ਜਾਣ ਵਾਲੇ ਕਿਸੇ ਲਾਭ ਦੇ ਸਮਾਨ ਨਹੀਂ ਹੋਵੇਗੀ।

Unstarred Question No. 4

Mr. Speaker: Extension has been asked for in respect of Unstarred Question No. 4*.

ਸਰਦਾਰ ਦਲੀਪ ਸਿੰਘ ਪਾਂਧੀ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਤੁਸੀਂ ਇਹ ਗੱਲ ਗਵਰਨਰ ਐਡਰੈਸ ਤੇ ਬਹਿਸ ਦੇ ਦੌਰਾਨ ਵੀ ਕਹਿ ਸਕਦੇ ਹੋ।

Doctor Kewal Krishan : Sir, Rule 147 of the Rules of Procedure and Conduct of Business in the Punjab Vidhan Sabha says :—

---

*For Unstarred Question No. 4 and reply thereto, please see Appendix to this Debate.

**Expunged as ordered by the Chair.

Original with;
Punjab Vidhan Sabha
Digitized by;
Panjab Digital Library

[Doctor Kewal Krishan]

"A member other than a Minister who wishes to move a resolution shall give not less than fifteen clear days notice of his intention and shall submit, together with the notice, the text of the resolution which he wishes to move"

ਸਪੀਕਰ ਸਾਹਿਬ, ਇਸ ਦੇ ਵਿਚ 15 ਦਿਨ ਦਾ ਨੋਟਿਸ ਚਾਹੀਦਾ ਹੈ। ਅੱਜ ਇਸ ਹਾਉਸ ਦੇ ਵਿਚ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ। ਇਸ ਦੇ ਵਿਚ 15 ਦਿਨ ਦੇ ਨੋਟਿਸ ਦੀ Condition ਨੂੰ ਵੇਵ ਆਫ ਕੀਤਾ ਗਿਆ ਹੈ ਅਤੇ ਸਵਾਲ 15 ਦਿਨ ਦੇ ਨੋਟਿਸ ਤੋਂ ਬਾਦ ਐਡਮਿਟ ਕੀਤੇ ਹਨ ਪਰ ਤੁਸੀਂ ਇਸ ਰੈਜ਼ੋਲਿਊਸ਼ਨ ਉਤੇ ਖਾਸ ਮਿਹਰਬਾਨੀ ਕੀਤੀ ਹੈ ਅਤੇ ਮੈਂ ਸਮਝਦਾ ਹਾਂ ਕਿ ਇਹ ਰੂਲਜ਼ ਦੀ ਵਾਇਉਲੇਸ਼ਨ ਹੈ।

ਸ਼੍ਰੀ ਸਪੀਕਰ: ਮੈਂ ਬੇਨਤੀ ਕਰਾਂਗਾ ਕਿ ਰੂਲਜ਼ 147 ਦਾ ਪਰਵੀਜ਼ੋ ਬੜਾ ਇਸ ਸਬੰਧ ਵਿਚ ਕਲੀਅਰ ਹੈ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਸਬਮਿਸ਼ਨ ਕਰਾਂਗਾ ਕਿ ਜਿਹੜੇ ਇਹੋ ਜਿਹੇ ਸਵਾਲ ਹੈਣ, ਉਹ ਤੁਸੀਂ ਮੇਰੇ ਚੈਂਬਰ ਵਿੱਚ ਆਕੇ ਵੀ ਨਿਪਟਾ ਸਕਦੇ ਹੋ ਅਤੇ ਡਿਸਕਸ ਕਰ ਸਕਦੇ ਹੋ। ਇਸ ਤਰ੍ਹਾਂ ਹਾਊਸ ਦਾ ਟਾਈਮ ਜ਼ਾਇਆ ਕਰਨ ਦੀ ਲੋੜ ਨਹੀਂ ਹੈ।

ਡਾਕਟਰ ਕੇਵਲ ਕ੍ਰਿਸ਼ਨ: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਤੁਸੀਂ ਜਿਹੜਾ ਰੂਲ ਕੋਟ ਕੀਤਾ ਹੈ, ਇਸ ਦੇ ਵਿਚ ਸਪੀਕਰ ਨੂੰ ਇਜਾਜ਼ਤ ਨਹੀਂ ਹੈ ਕਿ ਉਹ ਆਪ ਮੈਂਬਰ ਦੀ ਤਰਫੋਂ ਕੁਐਸ਼ਚਨ ਕਰੇ। ਇਸ ਲਈ ਇਹ ਰੂਲਜ਼ ਦੀ ਵਾਇਉਲੇਸ਼ਨ ਹੈ।

ਸ਼੍ਰੀ ਸਪੀਕਰ: ਡਾਕਟਰ ਸਾਹਿਬ, ਇਸ ਦੇ ਵਿਚ ਕੋਈ ਰੂਲਜ਼ ਦੀ ਵਾਇਉਲੇਸ਼ਨ ਨਹੀਂ ਹੈ।

CALL ATTENTION NOTICES UNDER RULE 66

(ਕ੍ਰਮ ਨੰ: 31)

ਸਰਦਾਰ ਦਲੀਪ ਸਿਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਪਿਛਲੇ ਸਾਲ ਤੋਂ ਸਰਕਾਰ ਨੇ ਸਹਿਕਾਰੀ ਸਭਾਵਾਂ ਵਿਚ ਚੋਣਾਂ ਬੰਦ ਕਰ ਦਿੱਤੀਆਂ ਹਨ ਤੇ ਲੋਕਤੰਤਰ ਦਾ ਗਲਾ ਘੁੱਟ ਕੇ ਪ੍ਰਬੰਧਕਾਂ ਰਾਹੀਂ ਅਦਾਰੇ ਚਲਾਏ ਜਾ ਰਹੇ ਹਨ। ਕਾਨੂੰਨ ਦੀਆਂ ਧੱਜੀਆਂ ਉਡਾਕੇ ਐਗਜ਼ੈਕਟਿਵ ਹੁਕਮ ਰਾਹੀਂ ਚੋਣਾਂ ਬੰਦ ਕੀਤੀਆਂ ਗਈਆਂ। ਅਜਿਹਾ ਗਲਤ ਫੈਸਲਾ ਹੋਣ ਕਰਕੇ ਸਹਿਕਾਰਤਾ ਪ੍ਰੇਮੀਆਂ 'ਚ ਖਾਸ ਕਰਕੇ ਲੋਕਾਂ ਵਿਚ ਆਮ ਕਰਕੇ ਰੋਸ ਤੇ ਗੁੱਸਾ ਹੈ। ਸਹਿਕਾਰਤਾ ਮੰਤਰੀ ਸਦਨ ਵਿਚ ਸ਼ੀਘਰ ਬਿਆਨ ਦੇਣ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਪੰਜਾਬ ਰਾਜ ਵਿਚ ਕਾਨੂੰਨ ਅਤੇ ਪ੍ਰਬੰਧਕੀ ਸਥਿਤੀ ਨੂੰ ਮੁੱਖ ਰਖਦਿਆਂ ਹੋਇਆਂ ਸਹਿਕਾਰੀ ਸਭਾਵਾਂ ਦੀਆਂ ਹੋਣ ਵਾਲੀਆਂ ਚੋਣਾਂ ਮਿਤੀ 28 ਨਵੰਬਰ, 1984 ਨੂੰ ਮੁਲਤਵੀ ਕਰ ਦਿੱਤੀਆਂ ਗਈਆਂ ਸਨ। ਹੁਣ ਮੌਜੂਦਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਰਕਾਰ ਨੇ ਮਿਤੀ 16 ਅਕਤੂਬਰ, 1985 ਨੂੰ ਨੀਚੇ ਦਿੱਤੀਆਂ ਕਿਸਮ ਦੀਆਂ ਸਹਿਕਾਰੀ ਸਭਾਵਾਂ ਦੀਆਂ ਚੋਣਾਂ ਕਰਾਉਣ ਦਾ ਹੁਕਮ ਦਿੱਤਾ ਹੈ :—

1. ਪ੍ਰਾਇਮਰੀ ਇੰਡਸਟਰੀਅਲ ਸਹਿਕਾਰੀ ਸਭਾਵਾਂ,
2. ਪ੍ਰਾਇਮਰੀ ਦੁੱਧ ਪ੍ਰੋਡਿਊਸਰਜ਼ ਸਹਿਕਾਰੀ ਸਭਾਵਾਂ ,
3. ਪ੍ਰਾਇਮਰੀ ਕਿਰਤ ਅਤੇ ਕਨਸਟਰਕਸ਼ਨ ਸਹਿਕਾਰੀ ਸਭਾਵਾਂ, ਅਤੇ
4. ਪ੍ਰਾਇਮਰੀ ਮੁਰਗੀ ਪਾਲਣ ਸਹਿਕਾਰੀ ਸਭਾਵਾਂ ।

ਬਾਕੀ ਦੀਆਂ ਸਹਿਕਾਰੀ ਸਭਾਵਾਂ ਦੀਆਂ ਚੋਣਾਂ ਆਉਣ ਵਾਲੇ ਸਮੇਂ ਵਿਚ ਕਰਵਾ ਦਿੱਤੀਆਂ ਜਾਣਗੀਆਂ। ਸਰਕਾਰ ਲੋਕਰਾਜੀ ਨਿਯਮਾਂ ਨੂੰ ਰਾਜ ਵਿਚ ਹਰ ਪੱਖ ਕਾਇਮ ਰੱਖਣ ਲਈ ਉਤਸਕ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਸਮੇਂ ਕਾਨੂੰਨ ਦੀਆਂ ਧੱਜੀਆਂ ਉਡਾ ਦਿੱਤੀਆਂ ਸਨ। ਪਰ ਹੁਣ ਸਰਕਾਰ ਨੇ ਇਨ੍ਹਾਂ ਸਹਿਕਾਰੀ ਸਭਾਵਾਂ ਦੀਆਂ ਕੁਝ ਇਲੈਕਸ਼ਨਾਂ ਕਰਵਾਉਣ ਦਾ ਫੈਸਲਾ ਕਰ ਲਿਆ ਹੈ ਅਤੇ ਹਾਲਾਤ ਹੁਣ ਠੀਕ ਹੋ ਗਏ ਹਨ। ਸਰਕਾਰ ਇਸ ਗੱਲ ਦਾ ਉਪਰਾਲਾ ਕਰੇ ਕਿ ਕੋਈ ਏ. ਆਰ. ਇਲੈਕਟਿਡ ਸਹਿਕਾਰੀ ਸਭਾਵਾਂ ਨੂੰ ਆਪਣੀ ਮਰਜ਼ੀ ਨਾਲ ਤੋੜ ਨਾ ਸਕੇ ਅਤੇ ਇਨ੍ਹਾਂ ਸਹਿਕਾਰੀ ਸਭਾਵਾਂ ਨੂੰ ਫਰੀਲੀ ਕੰਮ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਬਾਕੀ ਜਿਹੜੀਆਂ ਸਹਿਕਾਰੀ ਸਭਾਵਾਂ ਦੀਆਂ ਚੋਣਾਂ ਰਹਿੰਦੀਆਂ ਹਨ ਉਥੇ ਵੀ ਇਲੈਕਸ਼ਨਾਂ ਦਾ ਐਲਾਨ ਛੇਤੀ ਕੀਤਾ ਜਾਵੇ । ਇਸ ਦੇ ਵਿਚ ਜਿਹੜੀ ਬੇਈਮਾਨੀ ਹੁੰਦੀ ਸੀ ਉਸ ਨੂੰ ਬੰਦ ਕੀਤਾ ਜਾਵੇ ।

ਮੁੱਖ ਮੰਤਰੀ : ਸਪੀਕਰ ਸਾਹਿਬ, ਪਹਿਲੇ ਇਨ੍ਹਾਂ ਸਹਿਕਾਰੀ ਸਭਾਵਾਂ ਦੀਆਂ ਚੋਣਾਂ ਨਹੀਂ ਹੋ ਰਹੀਆਂ ਸਨ ਪਰ ਅਸੀਂ ਹੁਣ ਆਕੇ ਇਸ ਦੀਆਂ ਚੋਣਾਂ ਕਰਵਾ ਰਹੇ ਹਾਂ ਤਾਕਿ ਇਹ ਲੋਕਰਾਜੀ ਢੰਗ ਨਾਲ ਕੰਮ ਕਰ ਸਕਣ ਅਤੇ ਜਿਹੜੀ ਪਹਿਲੇ ਇਨ੍ਹਾਂ ਸਹਿਕਾਰੀ ਸਭਾਵਾਂ ਦੇ ਵਿਚ ਬੇਈਮਾਨੀ ਹੁੰਦੀ ਰਹੀ ਹੈ ਉਹ ਨਹੀਂ ਹੋਣ ਦੇਵਾਂਗੇ ।

(ਕ੍ਰਮ ਨੰ. 36)

ਕਾਮਰੇਡ ਮਹਿਤਾਬ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਸਿੰਚਾਈ ਵਿਭਾਗ ਦੇ 155 ਉਪ ਮੰਡਲ ਅਫਸਰ ਜੋ 1982 ਵਿਚ ਮਹਿਕਮੇ ਅੰਦਰੋਂ ਤਰੱਕੀ ਦੇ ਕੇ ਐਸ.ਡੀ.ਓ. ਬਣਾਏ ਗਏ ਸਨ, ਦਾ ਬਿਲਾ ਵਜ੍ਹਾ ਤੇ 27 ਸਤੰਬਰ, 1985 ਵਾਲੇ ਦਿਨ ਤੋਂ ਮੁੜ ਸੈਕਸ਼ਨ ਅਫਸਰ ਬਣਾ ਦਿੱਤਾ ਜਾਣਾ ਅਤੇ ਉਹਨਾਂ ਦੀ ਥਾਂ ਤੇ ਬਾਹਰੋਂ 100 ਦੇ ਕਰੀਬ ਇੰਜੀਨੀਅਰ ਐਡਹਾਕ ਭਰਤੀ ਕਰਨਾ । ਸਰਕਾਰ ਦੇ ਇਸ ਫੈਸਲੇ ਨਾਲ ਸਿੰਚਾਈ ਵਿਭਾਗ ਦੇ ਇੰਜਨੀਅਰਾਂ ਵਿਚ ਗੁੱਸਾ ਤੇ ਰੋਸ ਪਾਇਆ ਜਾਂਦਾ ਹੈ । ਬਹੁਤ ਬੇਚੈਨੀ ਵੱਧ ਰਹੀ ਹੈ । ਵਿਸ਼ੇ ਦੀ ਮਹੱਤਤਾ ਨੂੰ ਸਮਝ ਕੇ ਸਰਕਾਰ ਇਸ ਮਾਮਲੇ ਸਬੰਧੀ ਤੁਰਤ ਇਸ ਸਦਨ ਵਿਚ ਬਿਆਨ ਦੇਣ ਦੀ ਕਿਰਪਾਲਤਾ ਕਰੇ ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਸਾਲ 1982 ਦੌਰਾਨ ਸਤਲੁਜ ਜਮਨਾ ਲਿੰਕ ਨੰਹਿਰ ਪ੍ਰਾਜੈਕਟ ਜਿਸ ਦੀ ਉਸਾਰੀ ਹਰਿਆਣਾ ਸਰਕਾਰ ਦੇ ਖਰਚੇ ਤੇ ਕੀਤੀ ਜਾਣੀ ਸੀ ਦਾ ਕੰਮ 2 ਸਾਲਾਂ ਦੇ ਨਿਰਧਾਰਤ ਸਮੇਂ ਵਿਚ ਪੂਰਾ ਕਰਨ ਦੇ ਟੀਚੇ ਨਾਲ ਬੜੇ ਜੋਰ ਸ਼ੋਰ ਨਾਲ ਸ਼ੁਰੂ ਕੀਤਾ ਗਿਆ ਸੀ। ਇਸ ਯੋਜਨਾ ਦੀ ਪੂਰਤੀ ਲਈ ਬਹੁਤ ਸਾਰੇ ਐਸ.ਡੀ.ਓਜ਼. ਦੀਆਂ ਨਵੀਆਂ ਅਸਾਮੀਆਂ ਰਚੀਆਂ ਜਾਣ ਦੀ ਆਸ ਸੀ, ਉਹਨਾਂ ਰਚੀਆਂ ਜਾਣ ਵਾਲੀਆਂ ਆਸਾਮੀਆਂ ਨੂੰ ਭਰਨ ਲਈ 155 ਭਾਗ ਅਫਸਰਾਂ (ਸਿਵਲ) ਦੀ ਬਤੌਰ ਕਾਇਮ ਮੁਕਾਮ ਉਪ ਮੰਡਲ ਅਫਸਰ ਪਦ ਉਨਤੀ ਕੀਤੀ ਗਈ ਸੀ ਤਾਂ ਜੋ ਇਹਨਾਂ ਨੂੰ ਨਵੀਆਂ ਆਸਾਮੀਆਂ ਵਿਰੁਧ ਨਿਯੁਕਤ ਕੀਤਾ ਜਾ ਸਕੇ ਪਰ ਇਸ ਤੋਂ ਪਹਿਲਾਂ ਕਿ ਇਹਨਾਂ ਪਦ ਉਨਤ 155 ਜੂਨੀਅਰ ਇੰਜੀਨੀਅਰਾਂ (ਸਿਵਲ) ਨੂੰ ਬਤੌਰ ਉਪ ਮੰਡਲ ਅਫ਼ਸਰ ਪੋਸਟਿੰਗ ਆਰਡਰ ਜਾਰੀ ਕੀਤੇ ਜਾਂਦੇ, ਹਰਿਆਣਾ ਸਰਕਾਰ ਨੇ ਸਤਲੁਜ ਜਮਨਾ ਲਿੰਕ ਨਹਿਰ ਪਰਾਜੈਕਟ ਲਈ ਨਿਰਧਾਰਤ ਕੀਤੇ ਫੰਡਾਂ ਵਿਚ ਸਖਤ ਕੱਟ ਲਗਾ ਦਿੱਤੀ, ਜਿਸ ਦੇ ਫਲਸਰੂਪ ਇਸ ਪ੍ਰਾਜੈਕਟ ਦੇ ਬਹੁਤ ਸਾਰੇ ਸਰਕਲ ਅਤੇ ਦਫਤਰ ਬੰਦ ਕਰਨੇ ਪਏ ਅਤੇ ਸਿੱਟੇ ਵਜੋਂ 38 ਕਾਰਜਕਾਰੀ ਇੰਜੀਨੀਅਰਾਂ ਅਤੇ 86 ਉਪ ਮੰਡਲ ਅਫਸਰਾਂ ਦੀਆਂ ਆਸਾਮੀਆਂ ਘੱਟ ਗਈਆਂ। ਆਨੰਦਪੁਰ ਸਾਹਿਬ ਹਾਈਡਲ ਪਰਾਜੈਕਟ ਦੇ ਅਪ੍ਰੈਲ–ਮਈ, 1985 ਵਿਚ ਪੂਰਾ ਹੋਣ ਨਾਲ ਸਿੰਚਾਈ ਵਿਭਾਗ ਦੇ ਕਈ ਉਸਾਰੀ ਸਰਕਲ ਬੰਦ ਕੀਤੇ ਗਏ ਹਨ। ਦੂਜੇ ਪਾਸੇ ਮੁਕੇਰੀਆਂ ਹਾਈਡਲ ਪਰਾਜੈਕਟ ਅਤੇ ਥੀਨ ਡੈਮ ਪਰਾਜੈਕਟਾਂ ਦੇ ਕੰਮਾਂ ਵਿਚ ਅਸਲ ਵਾਧਾ ਇਸ ਹੱਦ ਤੱਕ ਨਹੀਂ ਹੋਇਆ ਕਿ ਐਸ. ਡੀ.ਓਜ਼. ਦੀਆਂ ਆਸਾਮੀਆਂ ਵਿਚ ਵਾਧਾ ਹੋ ਜਾਂਦਾ । ਉਪਰ ਦਸੇ ਤੱਥਾਂ ਕਾਰਨ ਇਹਨਾਂ 155 ਪਦ ਉਨਤ ਹੋਏ ਇਨ੍ਹਾਂ ਜੂਨੀਅਰ ਇੰਜੀਨੀਅਰਾਂ (ਸਿਵਲ) ਨੂੰ ਬਤੌਰ ਉਪ ਮੰਡਲ ਅਫਸਰ ਪੋਸਟਿੰਗ ਆਰਡਰ ਜਾਰੀ ਨਾ ਹੋ ਸਕੇ । ਇਸੇ ਦੌਰਾਨ ਹੀ ਕਈ ਹੋਰ ਸੀਨੀਅਰ ਭਾਗ ਅਫਸਰਾਂ ਨੇ ਤਰੱਕੀ ਲਈ ਵਿਭਾਗੀ ਇਮਤਿਹਾਨ ਪਾਸ ਕਰਨ ਉਪਰੰਤ ਇਹਨਾਂ 155 ਉਪ ਮੰਡਲ ਪਦ ਉਨਤ ਹੋਏ ਭਾਗ ਅਫਸਰਾਂ ਤੋਂ ਪਹਿਲਾਂ ਪਦ ਉਨਤੀ ਲਈ ਪ੍ਰਤੀ ਬੇਨਤੀਆਂ ਦਿੱਤੀਆਂ ਹਨ। ਤਿੰਨ ਤਿੰਨ ਕੈਟਾਗਰੀਆਂ ਦੇ ਯੋਗਤਾ ਪ੍ਰਾਪਤ ਕਰਮਚਾਰੀਆਂ ਦੁਆਰਾ ਐਸ.ਡੀ.ਓ. ਦੇ ਰੈਂਕ ਵਿਚ ਭਰੀਆਂ ਹੋਈਆਂ ਆਸਾਮੀਆਂ ਦਾ ਵਿਵਰਣ ਇਹ ਦਰਸਾਉਂਦਾ ਹੈ ਕਿ ਜੂਨੀਅਰ ਇੰਜੀਨੀਅਰ (ਸਿਵਲ) ਸ਼੍ਰੇਣੀ ਦੇ ਕਰਮਚਾਰੀ ਅਤੇ ਸਰਕਾਰ ਵਲੋਂ ਸਮੇਂ ਸਮੇਂ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਨਿਰਧਾਰਤ ਕੋਟੇ ਨਾਲੋਂ ਕਿਤੇ ਜ਼ਿਆਦਾ ਲਗੇ ਹੋਏ ਹਨ । ਸਿੰਚਾਈ ਵਿਭਾਗ ਵਿਚ ਇਹ ਜੂਨੀਅਰ ਇੰਜੀਨੀਅਰ (ਸਿਵਲ) ਦੀ ਸ਼੍ਰੇਣੀ ਆਪਣਾ 18 ਪ੍ਰਤੀਸ਼ਤ ਕੋਟੇ ਦੇ ਸਨਮੁਖ ਲਗਭਗ 30.8 ਪ੍ਰਤੀਸ਼ਤ ਸਬ ਡਵੀਜ਼ਨ ਅਫਸਰਾਂ ਦੀਆਂ ਆਸਾਮੀਆਂ ਦੇ ਵਿਰੁਧ ਕੰਮ ਕਰ ਰਹੇ ਹਨ ।

ਉਪਰੋਕਤ ਸਥਿਤੀ ਦੇ ਸਨਮੁਖ ਵਿਭਾਗ ਪਾਸ ਇਹਨਾਂ 155 ਜੂਨੀਅਰ ਇੰਜੀਨੀਅਰ (ਸਿਵਲ) ਦੇ ਪਦ ਉਨਤੀ ਦੇ ਹੁਕਮ ਵਾਪਸ ਲੈਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਸੀ । ਇਥੇ ਇਹ ਵੀ ਦਸ ਦੇਣਾ ਉਚਿਤ ਜਾਪਦਾ ਹੈ ਕਿ ਇਹ ਰਿਵਰਸ਼ਨ ਦਾ ਕੇਸ ਨਹੀਂ ਹੈ ਬਲਕਿ ਇਹ ਕੇਵਲ ਪਦ ਉਨਤੀ ਦੇ ਹੁਕਮ ਜਿਹੜੇ ਕਿ ਇਸ ਜੂਨੀਅਰ ਇੰਜੀਨੀਅਰ (ਸਿਵਲ) ਦੀ ਕੈਟੇਗਰੀ ਲਈ ਆਪਣੇ ਕੋਟੇ ਅਨੁਸਾਰ ਉਪਲਭਦ ਆਸਾਮੀਆਂ ਦੀ ਘਾਟ ਕਾਰਨ ਅਮਲ ਵਿੱਚ ਨਹੀਂ ਲਿਆਂਦੇ ਜਾ ਸਕੇ ਸਨ, ਨੂੰ ਵਾਪਸ ਲੈਣ ਦਾ ਕੇਸ ਹੈ । ਇਹ 155 ਜੂਨੀਅਰ ਇੰਜੀਨੀਅਰਾਂ ਨੂੰ ਕਦੇ ਵੀ ਐਸ.ਡੀ.ਓ. ਦਾ ਚਾਰਜ ਨਹੀਂ ਦਿੱਤਾ ਗਿਆ ਅਤੇ ਇਹ ਬਤੌਰ ਜੂਨੀਅਰ ਇੰਜੀਨੀਅਰ ਹੀ ਕੰਮ ਕਰ ਰਹੇ ਸਨ।

ਜਿਥੋਂ ਤਕ 100 ਤਦ-ਅਰਥ ਅਧਾਰ ਤੇ ਆਰਜੀ ਇੰਜੀਨੀਅਰਾਂ ਦੀ ਭਰਤੀ ਦਾ ਸਬੰਧ ਹੈ ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਕੁਝ ਬੀ.ਐਸ.ਸੀ. ਇੰਜੀਨੀਅਰ ਢੰਗ ਦੀ ਯੋਗਤਾ ਰਖਦੇ ਆਰਜ਼ੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਇੰਜੀਨੀਅਰਾਂ ਨੂੰ ਵਿਭਾਗ ਦਾ ਕੁਝ ਅਰਸੇ ਲਈ ਕੰਮ ਚਲਾਉਣ ਲਈ ਅਤੇ ਵਖ ਵਖ ਮਿਤੀ ਬੱਧ ਪਰਾਜੈਕਟਾਂ (ਐਸ.ਵਾਈ.ਐਲ. ਕੰਡੀ ਏਰੀਆ ਡਿਵੈਲਪਮੈਂਟ ਅਤੇ ਥੀਨ ਡੈਮ) ਦੇ ਡਿਜ਼ਾਇਨਾਂ ਨੂੰ ਮਿਥੇ ਸਮੇਂ ਵਿਚ ਪੂਰਾ ਕਰਨ ਦੇ ਟੀਚੇ ਨਾਲ, ਭਰਤੀ ਕਰਨ ਦਾ ਸੁਝਾਓ ਹੈ, ਡਿਜ਼ਾਇਨ ਦਾ ਕੰਮ ਕੇਵਲ ਬੀ.ਐਸ.ਸੀ. ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਗਰੇਜੂਏਟ ਇੰਜੀਨੀਅਰ ਹੀ ਨਿਪੁੰਨਤਾ ਨਾਲ ਕਰ ਸਕਦੇ ਹਨ। ਜੂਨੀਅਰ ਇੰਜੀਨੀਅਰ (ਡਿਪਲੋਮਾ ਹੋਲਡਰ) ਭਾਵੇਂ ਉਹ ਸਿਵਲ ਹੋਣ ਜਾਂ ਮਕੈਨੀਕਲ, ਦੀਆਂ ਸ਼੍ਰੇਣੀਆਂ ਵਿਚੋਂ ਪਦ ਉਨਤ ਹੋਏ, ਕਰਮਚਾਰੀ ਡਿਜ਼ਾਈਨ ਦੇ ਇਸ ਵਿਸ਼ੇਸ਼ ਕੰਮ ਨੂੰ ਸੁਚੱਜੇ ਢੰਗ ਨਾਲ ਨਹੀਂ ਚਲਾ ਸਕਏ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਇਹ ਜਿਹੜੇ ਐਸ.ਡੀ.ਓਜ਼. ਨੂੰ ਰਿਵਰਟ ਕਰਕੇ ਐਸ.ਓਜ਼. ਬਣਾਇਆ ਗਿਆ ਹੈ, ਸੀ.ਐਮ. ਸਾਹਿਬ ਨੇ ਜਵਾਬ ਵੀ ਦੇ ਦਿਤਾ ਹੈ, ਇਹ ਐਸ.ਡੀ ਓਜ਼. ਕਈ ਸਾਲਾਂ ਤੋਂ ਪ੍ਰਾਜੈਕਟ ਤੇ ਕੰਮ ਕਰ ਰਹੇ ਸਨ। ਹੋਰ ਕਈ ਨਵੇਂ ਪ੍ਰਾਜੈਕਟ ਵੀ ਬਣ ਰਹੇ ਹਨ, ਉਨ੍ਹਾਂ ਨੂੰ ਉਥੇ ਐਡਜਸਟ ਕਰਨਾ ਚਾਹੀਦਾ ਸੀ ਅਤੇ ਹਟਾਉਣਾ ਨਹੀਂ ਸੀ ਚਾਹੀਦਾ। ਉਨ੍ਹਾਂ ਐਸ. ਡੀ.ਓਜ਼. ਨੂੰ ਮਾਰਕੀਟਿੰਗ ਬੋਰਡ ਜਾਂ ਜਿਥੇ ਹੋਰ ਨਵੇਂ ਪ੍ਰਾਜੈਕਟ ਬਣ ਰਹੇ ਹਨ, ਐਡਜਸਟ ਕੀਤਾ ਜਾਵੇ ਤਾਕਿ ਉਨ੍ਹਾਂ ਦੀ ਹੈਰਾਸਮੈਂਟ ਖਤਮ ਹੋ ਸਕੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਨੂੰ ਹਟਾਇਆ ਨਹੀਂ ਸੀ ਗਿਆ ਬਲਕਿ ਲਗਾਇਆ ਨਹੀਂ ਜਾ ਸਕਿਆ। ਉਹ ਉਸ ਵੇਲੇ ਮੁਮਕਿਨ ਨਹੀਂ ਸੀ।

(ਕ੍ਰਮ ਨੰ: 37)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਦਾ ਹਾਂ, ਅਰਥਾਤ, ਕਿ ਗੋਬਿੰਦਗੜ੍ਹ ਨਗਰਪਾਲਿਕਾ'ਚ ਗੁਰੂ ਕੀ ਨਗਰੀ ਵਾਰਡ 2 ਤੇ 3 ਵਿਚ ਗੰਦਾ ਪਾਣੀ ਹੀ ਪਾਣੀ ਲੰਬੇ ਸਮੇਂ ਤੋਂ ਖੜਾ ਹੈ। ਪਾਲਿਕਾ ਇਸ ਨੂੰ ਨਿਕਾਸ ਕਰਨ ਵਿਚ ਅਸਫਲ ਰਹੀ ਹੈ। ਜਲ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਤੇ ਮੌਜੂਦਾ ਪ੍ਰਬੰਧ ਨਾਕਸ ਹੋਣ ਕਾਰਨ ਪੂਰਾ ਨਿਕਾਸ ਨਹੀਂ ਕਰ ਰਿਹਾ। ਗੁਰੂ ਕੀ ਨਗਰੀ ਦਾ ਸਾਰਾ ਪ੍ਰਬੰਧ ਹੀ ਪਾਲਿਕਾ ਕੋਲ ਹੈ ਜਦੋਂ ਕਿ ਦੂਸਰੇ ਸ਼ਹਿਰੀ ਹਿੱਸੇ ਦਾ ਪ੍ਰਬੰਧ ਅੱਧਾ ਅੱਧਾ ਸੀਵਰੇਜ ਬੋਰਡ ਕੋਲ ਹੈ। ਜੇ ਸ਼ੀਘਰ ਪਾਣੀ ਨਾ ਕੱਢਿਆ ਗਿਆ ਤਾਂ ਸ਼ਹਿਰ ਵਿਚ ਖਾਸ ਕਰਕੇ ਤੇ ਇਰਦ ਗਿਰਦ ਆਮ ਕਰਕੇ ਬਿਮਾਰੀ ਫੈਲਣ ਦਾ ਸ਼ੀਘਰ ਡਰ ਹੈ। ਲੋਕਾਂ ਦੀ ਮੰਗ ਮੰਨੀ ਨਹੀਂ ਜਾ ਰਹੀ। ਸ਼ਹਿਰੀਆਂ ਦੀ ਫੌਰੀ ਨਿਕਾਸ ਦੀ ਮੰਗ ਹੈ। ਸਥਾਨਕ ਸਰਕਾਰ ਮੰਤਰੀ ਸ਼ੀਘਰ ਸਦਨ ਵਿਚ ਬਿਆਨ ਦੇਣ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਨਗਰਪਾਲਕਾ ਗੋਬਿੰਦ-ਗੜ੍ਹ ਵਿਖੇ ਜੋ ਇਲਾਕਾ ਗੁਰੂ ਦੀ ਨਗਰੀ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ ਉਹ ਰੇਲਵੇ ਲਾਇਨ ਤੋਂ ਪਾਰ ਹੈ। ਗੰਦੇ ਪਾਣੀ ਦੇ ਪੱਕੇ ਤੌਰ ਤੇ ਨਿਕਾਸ ਲਈ ਇਸ ਇਲਾਕੇ ਨੂੰ ਸੀਵਰ ਰਾਹੀਂ ਜੋੜਨ ਦੀ ਤਜਵੀਜ਼ ਹੈ, ਪਰ ਇਸ ਸੀਵਰ ਦੀ ਲੰਬਾਈ ਲਗਭਗ 3 ਕਿਲੋਮੀਟਰ ਹੈ ਜਿਸ ਤੇ 65,00,000 ਰੁਪਏ ਦਾ ਖਰਚਾ ਆਉਣ ਦੀ ਸੰਭਾਵਨਾ ਹੈ। ਹਾਲ ਦੀ ਘੜੀ ਸੀਵਰ ਦੀ ਅਲਾਇਨਮੈਂਟ ਉਪਰ ਆਰਜ਼ੀ ਡਿਸਪੋਜ਼ਲ ਵਰਕਸ ਅਨਾਜ ਮੰਡੀ ਤੋਂ ਅਗਾਂਹ ਤੱਕ ਪਾਉਣ ਲਈ ਪੰਜਾਬ ਰਾਜ ਸੀਵਰੇਜ ਬੋਰਡ ਵਲੋਂ ਤਖਮੀਨੇ ਮੰਗਵਾ ਲਏ ਗਏ ਹਨ। ਬੋਰਡ ਵਲੋਂ ਇਸ ਆਰਜ਼ੀ ਨਿਕਾਸ ਦੇ ਕਾਰਜ

Original with;
Punjab Vidhan Sabha
Digitized by;
Panjab Digital Library

ਲਈ 27.51 ਲੱਖ ਰੁਪਏ ਦਾ ਐਸਟੀਮੈਟ ਬਣਾਇਆ ਗਿਆ ਹੈ ਜਿਸ ਦੀ ਪ੍ਰਵਾਨਗੀ ਦੇ ਦਿੱਤੀ ਜਾਵੇਗੀ। ਇਸ ਤਜਵੀਜ਼ ਦੇ ਸਿਰੇ ਚੜ੍ਹਨ ਤੇ ਆਉਣ ਵਾਲੇ 10—15 ਸਾਲ ਲਈ ਇਹ ਔਕੜ ਦੂਰ ਹੋ ਸਕੇਗੀ। ਲੋੜ ਪੈਣ ਉਤੇ ਇਸੇ ਸੀਵਰ ਲਾਈਨ ਨੂੰ ਮੁੱਖ ਸੀਵਰ ਲਾਈਨ, ਮੇਨ ਸੀਵਰ ਲਾਈਨ ਨਾਲ ਜੋੜਿਆ ਜਾ ਸਕਦਾ ਹੈ। ਵਾਧੂ ਖਰਚਾ ਨਗਰਪਾਲਕਾ ਕੋਲੋਂ ਹੀ ਲਿਆ ਜਾਵੇਗਾ। ਇਸ ਤਰ੍ਹਾਂ ਇਹ ਕੰਮ ਦੋ ਕਦਮਾਂ, ਸਟੇਜਿਜ਼ ਵਿਚ ਕੀਤਾ ਜਾਵੇਗਾ। ਪਹਿਲੀ ਸਟੇਜ ਡੇਢ ਸਾਲ ਵਿੱਚ ਮੁਕੰਮਲ ਹੋ ਜਾਵੇਗੀ ਅਤੇ ਦੂਸਰੀ ਨੂੰ ਤਿੰਨ ਸਾਲ ਲੱਗ ਸਕਦੇ ਹਨ। ਕਮੇਟੀ ਕੋਲ ਇਸ ਕਾਰਜ ਲਈ ਵਿੱਤੀ ਸਾਧਨ ਹਨ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਜਿਹੜਾ ਸੀ.ਐਮ. ਸਾਹਿਬ ਨੇ ਜਵਾਬ ਦਿਤਾ ਹੈ ਉਨ੍ਹਾਂ ਨੂੰ ਅਫਸਰਾਂ ਨੇ ਬਣਾ ਕੇ ਭੇਜਿਆ ਹੈ। ਮੈਂ ਉਸ ਕਾਂਸਟੀਚਿਉਐਂਸੀ ਦਾ ਨੁਮਾਇੰਦਾ ਹਾਂ। ਅਫਸਰ ਸਾਹਿਬਾਨ ਨੇ ਇਨ੍ਹਾਂ ਨੂੰ ਗਲਤ ਬਿਆਨੀ ਕੀਤੀ ਹੈ। ਕੀ ਸੀ.ਐਮ. ਸਾਹਿਬ ਇਸ ਮਾਮਲੇ ਦੀ ਪੜਤਾਲ ਕਰਵਾਉਣਗੇ ? ਇਹ ਕੰਮ ਭਾਰਤ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਹੀ ਸ਼ੁਰੂ ਕਰ ਦਿਤਾ ਗਿਆ ਅਤੇ ਫਿਰ ਫਾਰੈਸਟ ਡਿਪਾਰਟਮੈਂਟ ਵਾਲਿਆਂ ਨੇ ਰੋਕ ਦਿਤਾ। ਸਪੀਕਰ ਸਾਹਿਬ, ਜਲ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਹੈ। ਕੋਈ ਜ਼ਮੀਨ ਦੇਣ ਨੂੰ ਤਿਆਰ ਨਹੀਂ ਅਤੇ ਬੜਾ ਨੁਕਸਾਨ ਹੋ ਰਿਹਾ ਹੈ। ਮਨਜ਼ੂਰੀ ਤੋਂ ਬਿਨਾਂ ਕੰਮ ਕਿਉਂ ਸ਼ੁਰੂ ਕੀਤਾ ਗਿਆ ਹੈ ? ਅਧਿਕਾਰੀਆਂ ਨੇ ਐਸਾ ਕਿਉਂ ਕੀਤਾ ਹੈ ? ਪਹਿਲਾਂ ਮਨਜ਼ੂਰੀ ਕਿਉਂ ਨਹੀਂ ਲਿਤੀ ਗਈ ? ਇਸ ਲਈ ਸਰਕਾਰ ਫੌਰਨ ਕੀ ਉਪਰਾਲੇ ਕਰੇਗੀ ? ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਭਾਰਤ ਸਰਕਾਰ ਤੋਂ ਮਨਜ਼ੂਰੀ ਲੈਣ, ਜਿਨ੍ਹਾਂ ਨੇ ਕਾਨੂੰਨ ਦੀ ਉਲੰਘਣਾ ਕੀਤੀ ਹੈ, ਉਨ੍ਹਾਂ ਨੂੰ ਸਜ਼ਾ ਦੇਣ। ਸਪੀਕਰ ਸਾਹਿਬ, ਇਸ ਬਾਰੇ ਜਲਦੀ ਤੋਂ ਜਲਦੀ ਉਪਰਾਲੇ ਕੀਤੇ ਜਾਣ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਲਈ ਪੈਸੇ ਦੀ ਮਨਜ਼ੂਰੀ ਹੋ ਗਈ ਹੈ। ਇਸ ਨੂੰ ਸੀਵਰ ਲਾਈਨ ਨਾਲ ਜੋੜਿਆ ਜਾ ਸਕਦਾ ਹੈ ਔਰ ਇਹ ਮੁਕੰਮਲ ਵੀ ਹੋ ਜਾਵੇਗਾ, ਜੇਕਰ ਫਿਰ ਵੀ ਕਿਸੇ ਤਰ੍ਹਾਂ ਦੀ ਦਿਕਤ ਹੋਵੇ ਤਾਂ ਮੈਂਬਰ ਸਾਹਿਬਾਨ ਮੇਰੇ ਨਾਲ ਡਿਸਕਸ ਕਰ ਲੈਣ ਅਤੇ ਪਰਸਨਲੀ ਦੱਸ ਦੇਣ, ਐਡਜਸਟ ਕਰਨ ਦਾ ਯਤਨ ਕਰਾਂਗੇ।

PAPERS LAID ON THE TABLE

Education Minister (Sardar Sukhjinder Singh): Sir, I beg to lay on the Table:—

(i) the Annual Report of the Punjab Small Industries and Export Corporation Limited, for the year 1980-81, as required under Section 619-A(3)(b) of the Companies Act, 1956;

(ii) the Annual Report and Accounts of the Punjab Small Industries and Export Corporation Limited for the years 1981-82 and 1982-83 as required under Section 619-A(3)(b) of the Companies Act, 1956;

(iii) the 31st and 32nd Annual Reports of the Punjab Financial Corporation for the years 1983-84 and 1984-85, as required under Section 38(3) of the State Financial Corporation Act, 1951; and

(iv) the Punjab Public Service Commission (Limitation of Functions) (First Amendment) Regulations, 1985, as required under Article 320(5) of the Constitution of India.

Original with;
Punjab Vidhan Sabha
Digitized by:
Panjab Digital Library

RESOLUTION *re.* PUNJAB ACCORD SIGNED BY THE PRIME MINISTER, SHRI RAJIV GANDHI AND SANT HARCHAND SINGH LONGOWAL

Mr. Speaker : Non-Official Resolution. S. Baldev Singh Maan.

Sardar Baldev Singh Maan (Dirba) : Sir, I beg to move—

> **In the Punjab Accord signed by the Prime Minister, Shri Rajiv Gandhi and Sant Harchand Singh Longowal, it was agreed that Hindi Speaking areas of Punjab be considered for transfer to Haryana in lieu of Chandigarh. Such areas will be identified on the principles of linguistic affinity and contiguity taking village as a unit. However, in the terms of reference of the 'Mathew Commission', in addition to the above mentioned three principles the Commission has been authorised to take into consideration by any other factors as are deemed appropriate. This unlimited widening and extension of the terms of reference of the said Commission has caused great apprehensions in the minds of people of Punjab, who are concerned at possible damage to the true implementation of the Accord.**
>
> **This House, therefore, resolves that the State Government should approach the Goverament of India to rectify the terms of reference of the Commission deleting the clause added beyond the scope of the Punjab Accord as it would prejudicially affect the interests of Punjab and set at naught the great effort which went into the bringing of peace and goodwill in this strife torn State. (Interruptions)**

ਸਪੀਕਰ ਸਾਹਿਬ, ਮੈਂ ਤਾਂ ਕਹਾਂਗਾ ਕਿ ਪੰਜਾਬ ਦੇ ਲੋਕਾਂ ਦੀ ਤੇ ਵਿਸ਼ੇਸ਼ ਤੌਰ ਤੇ ਸਿੱਖ ਕੌਮ ਦੀ ਇਹ ਬਦਕਿਸਮਤੀ ਰਹੀ ਹੈ ਕਿ ਜੋ ਵੀ ਸੰਧੀ ਕਿਸੇ ਨੇ ਅੱਜ ਤੱਕ ਪੰਜਾਬ ਦੇ ਲੋਕਾਂ ਨਾਲ ਕੀਤੀ, ਸਿੱਖ ਕੌਮ ਨਾਲ ਕੀਤੀ ਉਸੇ ਦੀ ਉਲੰਘਣਾ ਹੁੰਦੀ ਰਹੀ । ਇਸ ਦੀ ਸ਼ੁਰੂਆਤ ਹੋਈ ਸਿੱਖ ਕੌਮ ਦੇ ਬਾਨੀ ਗੁਰੂ ਗੋਬਿੰਦ ਸਿੰਘ ਜੀ ਤੋਂ, ਜਿਨ੍ਹਾਂ ਨੇ ਇਸ ਦੇਸ਼ ਨੂੰ ਬਚਾਉਣ ਲਈ, ਮੁਗਲ ਸਾਮਰਾਜ ਨਾਲ ਟਾਕਰਾ ਕਰਨ ਲਈ, ਇਥੋਂ ਦੇ ਧਰਮ ਦੀ ਰੱਖਿਆ ਕਰਨ ਲਈ ਆਪਣੇ ਪਿਤਾ ਨੂੰ ਵੀ ਵਾਰ ਦਿੱਤਾ ਅਤੇ ਜਦੋਂ ਆਨੰਦਪੁਰ ਸਾਹਿਬ ਦੀ ਧਰਤੀ ਤੇ ਉਹ ਜ਼ਾਲਮ ਸਾਮਰਾਜ ਦਾ ਟਾਕਰਾ ਕਰਨ ਲਈ ਬੈਠੇ ਸਨ, ਲੜ ਰਹੇ ਸਨ ਤਾਂ ਬਾਈਧਾਰ ਦੇ ਰਾਜਿਆਂ ਨੇ ਇਕ ਪਾਂਧਾ ਭੇਜਿਆ ਤੇ ਆਟੇ ਦੀ ਗਊ ਬਣਾ ਕੇ ਉਸਦੀ ਸੌਂਹ ਖਾਧੀ ਤੇ ਕਿਹਾ ਕਿ ਤੁਸੀਂ ਇਹ ਕਿਲਾ ਛੱਡ ਕੇ ਚਲੇ ਜਾਓ ਅਤੇ ਅਸੀਂ ਵੀ ਤੁਹਾਡੀ ਮਦਦ ਕਰਾਂਗੇ ਅਤੇ ਤੁਹਾਡਾ ਵਾਲ ਵੀ ਵਿੰਗਾ ਨਹੀਂ ਹੋਣ ਦਿਆਂਗੇ । ਪਰ, ਸਪੀਕਰ ਸਾਹਿਬ, ਹਾਲੇ ਉਸ ਆਟੇ ਦੀ ਗਊ ਦਾ ਆਟਾ ਅੱਠਰਿਆ ਤੱਕ ਨਹੀਂ ਸੀ ਤੇ ਜਦੋਂ ਹਾਲੇ ਗੁਰੂ ਸਾਹਿਬ 20 ਕਿਲੋਮੀਟਰ ਤੱਕ ਵੀ ਨਹੀਂ ਚਲੇ ਸਨ ਕਿ ਬਾਧੀਧਾਰ ਦੇ ਰਾਜਿਆਂ ਨੇ ਸੌਂਹ ਭੁਲਾ ਦਿਤੀ ਅਤੇ ਉਸ਼ਦੀ ਉਲੰਘਣਾ ਕਰਦੇ ਹੋਏ ਗੁਰੂ ਸਾਹਿਬ ਤੇ ਹਮਲਾ ਕਰਨ ਲਈ ਪਹੁੰਚ ਗਏ । ਇਤਿਹਾਸ ਵੀ ਇਸ ਗੱਲ ਦਾ ਗਵਾਹ ਹੈ ਕਿ ਖੈਬਰ ਤੱਕ ਤੋਂ ਲੋਕੀਂ ਆ ਕੇ ਹਮਲਾ ਕਰਦੇ ਰਹੇ, ਇਥੋਂ ਦੀ ਦੌਲਤ ਲੁੱਟਦੇ ਰਹੇ ਅਤੇ ਅਸਮਤ ਵੀ ਲੁੱਟ ਕੇ ਜਾਂਦੇ ਰਹੇ । ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪੈਰੋਕਾਰ ਉਨ੍ਹਾਂ ਨਾਦਰਸ਼ਾਹੀ ਅਤੇ ਅਬਦਾਲੀ ਤਾਕਤਾਂ ਦਾ ਮੁਕਾਬਲਾ ਕਰਦੇ ਰਹੇ ਅਤੇ ਇਸ ਦੇਸ਼ ਦੀ ਰਖਿਆ ਕਰਦੇ ਰਹੇ, ਉਨ੍ਹਾਂ ਰਾਹੀਂ ਲੁੱਟੀ ਗਈ ਦੌਲਤ ਵੀ ਵਾਪਸ ਕਰਾਉਂਦੇ ਰਹੇ, ਇਸ ਦੇਸ਼ ਦੀਆਂ ਬਹੂ ਬੇਟੀਆਂ ਨੂੰ ਉਨ੍ਹਾਂ ਦੇ ਘਰੋ-ਘਰੀ ਪਹੁੰਚਾਂਦੇ ਰਹੇ । ਉਨ੍ਹਾਂ ਹੀ ਗੁਰੂ

Original with;
Punjab Vidhan Sabha
Digitized by;
Panjab Digital Library

ਗੋਬਿੰਦ ਸਿੰਘ ਜੀ ਦੇ ਪੈਰੋਕਾਰਾਂ ਨੇ ਹਿੰਦੁਸਤਾਨ ਦੇ ਬਿਲਕੁਲ ਦਰਵਾਜੇ ਤੇ ਆਪਣਾ ਰਾਜ ਸਥਾਪਿਤ ਕੀਤਾ ਅਤੇ ਉਹ ਰਾਜ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਜਿਹੜਾ ਦਰਾ ਖੈਬਰ ਤੋਂ ਵੀ ਪਰਲੇ ਪਾਰ ਗਿਆ ਅਤੇ ਉਹ ਲੋਕ ਜਿਹੜੇ ਉਥੋਂ ਆ ਕੇ ਇਸ ਦੇਸ਼ ਨੂੰ ਲੁੱਟਦੇ ਸਨ, ਉਹ ਵੀ ਇਸ ਰਾਜ ਥੱਲੇ ਆ ਗਏ । ਪਰ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ਾਂ ਨੇ ਉਨ੍ਹਾਂ ਦੇ ਨਾਲ ਕੀਤੀ ਸੰਧੀ ਨੂੰ ਭੁਲਾ ਦਿੱਤਾ ਅਤੇ ਉਹ ਲੋਕ ਵੀ ਜਿਨ੍ਹਾਂ ਦੀ ਇਨ੍ਹਾਂ ਗੁਰੂ ਦੇ ਪੈਰੋਕਾਰਾਂ ਨੇ ਰੱਖਿਆ ਕੀਤੀ ਸੀ, ਅੰਗਰੇਜ਼ ਸਾਮਰਾਜ ਨਾਲ ਰਲ ਗਏ । ਉਹ ਲੋਕ ਭੁਲ ਗਏ ਕਿ ਇਨ੍ਹਾਂ ਨੇ ਸਾਡੀ ਉਨ੍ਹਾਂ ਹਮਲਾਵਰਾਂ ਤੋਂ ਰਖਿਆ ਕੀਤੀ ਸੀ ਜਿਹੜੇ ਹਮਲਾਵਰ ਸੋਮਨਾਥ ਤੱਕ ਅਤੇ ਕੰਨਿਆ ਕੁਮਾਰੀ ਤੱਕ ਵੀ ਪਹੁੰਚ ਜਾਂਦੇ ਸਨ। ਉਨ੍ਹਾਂ ਹਮਲਾਵਰਾਂ ਦੇ ਸਿਖ ਕੌਮ ਨੇ ਸਦਾ ਲਈ ਰਸਤੇ ਬੰਦ ਕਰ ਦਿੱਤੇ।

11.25 ਪੂਰਵ ਦੁਪਹਿਰ (ਇਸ ਸਮੇਂ ਸਰਦਾਰ ਜਸਦੇਵ ਸਿੰਘ ਸੰਧੂ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਚੇਅਰਮੈਨ ਸਾਹਿਬ, ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਮਹਾਰਾਜਾ ਦਲੀਪ ਸਿੰਘ ਨਾਲ ਅੰਗਰੇਜ਼ ਨੇ ਵੀ ਸੰਧੀ ਕੀਤੀ ਅਤੇ ਉਸ ਸੰਧੀ ਦੀ ਹਾਲੇ ਸਿਆਹੀ ਵੀ ਸੁੱਕਣ ਨਹੀਂ ਦਿਤੀ ਕਿ 1846 ਵਿੱਚ ਇਸ ਸੰਧੀ ਨੂੰ ਤੋੜ ਦਿੱਤਾ ਅਤੇ 1849 ਨੂੰ ਪੰਜਾਬ ਦੀ ਧਰਤੀ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਉਦੋਂ ਜਦੋਂ ਸਾਰਾ ਦੇਸ਼ ਸੁੱਤਾ ਪਿਆ ਸੀ, ਅੰਗਰੇਜ਼ ਅੱਗੇ ਲੰਬਾ ਪੈਂਦਾ ਜਾ ਰਿਹਾ ਸੀ ਅਤੇ ਅੰਗਰਜ਼ੀ ਸਾਮਰਾਜ ਵਧਦਾ ਜਾ ਰਿਹਾ ਸੀ, ਤਾਂ ਇਨ੍ਹਾਂ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰਾਂ ਨੇ ਆਪਣੇ ਨਾਲ ਹੋਏ ਜ਼ੁਲਮ ਦੇ ਖਿਲਾਫ ਟਾਕਰਾ ਕਰਨ ਲਈ ਆਪਣੇ ਆਪ ਨੂੰ ਤਿਆਰ ਕੀਤਾ ਅਤੇ ਜ਼ੁਲਮ ਦੇ ਵਿਰੁਧ ਆਵਾਜ਼ ਬੁਲੰਦ ਕੀਤੀ।

ਚੇਅਰਮੈਨ ਸਾਹਿਬ, ਕੱਲ ਇਥੇ ਜਲਿਆਂ ਵਾਲੇ ਬਾਗ ਦਾ ਜ਼ਿਕਰ ਆਇਆ। ਉਸ ਵੇਲੇ ਵੀ ਸ਼ਹੀਦ ਹੋਣ ਵਾਲੇ ਕੌਣ ਸਨ? ਸ਼ਹੀਦ ਹੋਣ ਵਾਲੇ ਜ਼ਿਆਦਾ ਗਿਣਤੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪੈਰੋਕਾਰ ਸਨ। ਅਸੀਂ ਉਨ੍ਹਾਂ ਸ਼ਹੀਦਾਂ ਦੀ ਕਦਰ ਹੀ ਨਹੀਂ ਕਰਦੇ, ਬਲਕਿ ਉਨ੍ਹਾਂ ਦੇ ਨਕਸ਼ੇ ਕਦਮ ਤੇ ਚੱਲਣ ਦਾ ਯਤਨ ਵੀ ਕਰਦੇ ਹਾਂ। ਇਥੇ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਕਿ ਮੁੱਖ ਮੰਤਰੀ ਸਾਹਿਬ ਜਲਿਆਂ ਵਾਲੇ ਬਾਗ ਤਕ ਨਹੀਂ ਗਏ। ਪਰ ਮੈਂ ਤਾਂ ਇਹ ਕਹਿੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ, ਸਰਦਾਰ ਬਰਨਾਲਾ ਦੀ ਸਰਕਾਰ ਉਨ੍ਹਾਂ ਸ਼ਹੀਦਾਂ ਦੀ ਕਦਰ ਹੀ ਨਹੀਂ ਕਰਦੀ, ਬਲਕਿ ਉਨ੍ਹਾਂ ਦੁਆਰਾ ਬਣਾਏ ਗਏ ਰਸਤੇ ਤੇ ਚਲਣ ਦਾ ਵੀ ਯਤਨ ਕਰਦੀ ਹੈ। ਇਹ ਦੂਜੇ ਬੈਂਚਾਂ ਵਾਲੇ ਲੋਕ ਤਾਂ ਉਨ੍ਹਾਂ ਸ਼ਹੀਦਾਂ ਦੀਆਂ ਲਾਸ਼ਾਂ ਤੇ ਰਾਜ ਹੀ ਕਰ ਸਕਦੇ ਹਨ, ਉਨ੍ਹਾਂ ਦੇ ਆਦਰਸ਼ਾਂ ਤੇ ਨਹੀਂ ਚਲ ਸਕਦੇ। (ਆਪੋਜ਼ੀਸ਼ਨ ਬੈਂਚਾਂ ਵਲੋਂ ਸ਼ੋਰ)

ਚੇਅਰਮੈਨ ਸਾਹਿਬ, ਮੈਂ ਇਹ ਗੱਲ ਕਹਿੰਦਾ ਹਾਂ ਕਿ ਇਹ ਹਰੇਕ ਸਰਕਾਰ ਦੀ ਕੋਸ਼ਿਸ਼ ਰਹੀ ਹੈ ਕਿ ਜੇ ਉਹ ਸਿੰਘਾਂ ਨੂੰ ਨਹੀਂ ਹਰਾ ਸਕੀ, ਤਾਂ ਉਹ ਉਸਦੇ ਧਰਮ ਨੂੰ ਹਾਨੀ ਪਹੁੰਚਾਉਂਦੀ ਰਹੀ ਹੈ। ਅੰਗਰੇਜ਼ਾਂ ਨੇ ਵੀ ਇਹ ਯਤਨ ਕੀਤਾ। 1920 ਤੋਂ 1925 ਤੱਕ ਚਲੀ ਗੁਰਦਵਾਰਾ ਸੁਧਾਰ ਲਹਿਰ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੀ ਜਾਵੇਗੀ। ਜਦੋਂ ਸਿਖਾਂ ਨੇ ਇਸ ਲਈ ਪੂਰਾ ਸਟਰਗਲ ਕੀਤਾ ਅਤੇ ਉਸ ਸਮੇਂ ਅੰਗਰੇਜ਼ ਸਾਮਰਾਜ ਦੇ ਵੀ ਗੋਡੇ ਟੇਕ ਦਿਤੇ ਸਨ ਅਤੇ ਉਹ ਸਾਮਰਾਜ ਵੀ ਹਾਰ ਮੰਨਿਆ ਸੀ। ਉਸ ਵਕਤ ਦੇ ਆਜ਼ਾਦੀ ਦੇ ਉਘੇ ਨੇਤਾ ਮਹਾਤਮਾ ਗਾਂਧੀ ਨੇ ਅਕਾਲੀ ਦਲ ਦੇ ਉਸ ਵਕਤ ਦੇ ਪ੍ਰਧਾਨ ਬਾਬਾ ਖੜਕ ਸਿੰਘ ਨੂੰ ਤਾਰ ਭੇਜ ਕੇ ਕਿਹਾ ਸੀ ਕਿ ਇਹ ਆਜ਼ਾਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਦੀ ਲਹਿਰ ਵਿੱਚ ਪਹਿਲੀ ਫਤਹਿ ਹੋਈ ਹੈ । ਇਸ ਗੱਲ ਤੋਂ ਹੀ ਪ੍ਰਭਾਵਤ ਹੋ ਕੇ ਸ਼ਾਇਦ ਇਸ ਦੇਸ਼ ਦੇ ਉਨ੍ਹਾਂ ਲੀਡਰਾਂ ਨੇ ਜੂਨ, 1929 ਵਿੱਚ ਰਾਵੀ ਦੇ ਕੰਢੇ ਤੇ ਇਤਿਹਾਸਿਕ ਮਤਾ ਪਾਸ ਕੀਤਾ ਅਤੇ ਉਸ ਮਤੇ ਵਿੱਚ ਪੰਜਾਬ ਦੇ ਲੋਕਾਂ, ਪੰਜਾਬ ਦੇ ਬਹਾਦਰ ਨੌਜਵਾਨਾਂ ਨੂੰ ਇਹ ਯਕੀਨ ਦਿਵਾਇਆ ਗਿਆ ਕਿ ਜਦੋਂ ਇਹ ਦੇਸ਼ ਆਜ਼ਾਦ ਹੋਵੇਗਾ ਤਾਂ ਉੱਤਰੀ ਭਾਰਤ ਵਿੱਚ ਇਕ ਅਜਿਹਾ ਖਿੱਤਾ ਕਾਇਮ ਕੀਤਾ ਜਾਵੇਗਾ ਜਿਸ ਵਿੱਚ ਸਿੱਖ ਵੀ ਆਜ਼ਾਦੀ ਦਾ ਆਨੰਦ ਮਾਣ ਸਕਣਗੇ। ਉਸੇ ਆਸ਼ੇ ਤੇ ਮਨਸ਼ੇ ਨੂੰ ਸਾਹਮਣੇ ਰੱਖ ਕੇ ਇਹ ਸਿੱਖ ਕੌਮ ਜੂਝਦੀ ਚਲੀ ਆਈ। ਜੇ ਕੁਰਬਾਨੀਆਂ ਦਾ ਜ਼ਿਕਰ ਕਰਨ ਲਗੀਏ ਤਾਂ ਬੜਾ ਲੰਬਾ ਸਮਾਂ ਲਗ ਜਾਵੇਗਾ ਅਤੇ ਜੇ ਇਹ ਗੱਲ ਨਾ ਦੱਸੀਏ ਤਾਂ ਵੀ ਠੀਕ ਨਹੀਂ ਹੋਵੇਗਾ ਕਿ ਆਜ਼ਾਦੀ ਲੈਣ ਵਿੱਚ ਸਿੱਖ ਕੌਮ ਦਾ ਕਿੰਨਾ ਹਿੱਸਾ ਹੈ। ਆਜ਼ਾਦੀ ਲੈਣ ਵਿੱਚ 90 ਫੀਸਦੀ ਤੋਂ ਵੀ ਜ਼ਿਆਦਾ ਸਿੱਖ ਕੌਮ ਨੇ ਹਿੱਸਾ ਪਾਇਆ ਹੈ। ਕੁਰਬਾਨੀਆਂ ਦੇਣ ਸਮੇਂ, ਜੁਰਮਾਨੇ ਦੇਣ ਸਮੇਂ ਅਤੇ ਮੁਸੀਬਤਾਂ ਝੱਲਣ ਸਮੇਂ ਸਿੱਖ ਕੌਮ ਹਮੇਸ਼ਾ ਅੱਗੇ ਹੀ ਰਹੀ ਹੈ । ਦੇਸ਼ ਆਜ਼ਾਦ ਹੋਇਆ ਅਤੇ ਆਜ਼ਾਦ ਹੋਣ ਤੋਂ ਬਾਅਦ ਫੇਰ ਸੰਧੀ ਦੀ ਉਲੰਘਣਾ ਕੀਤੀ ਗਈ। ਜਦੋਂ ਇਨ੍ਹਾਂ ਨੇ ਇਹ ਕਿਹਾ ਕਿ ਇਸ ਦੇਸ਼ ਨੂੰ ਬੋਲੀ ਦੇ ਆਧਾਰ ਦੇ ਉਤੇ ਸੂਬਿਆਂ ਵਿੱਚ ਵੰਡਿਆ ਜਾਵੇਗਾ ਤਾਂ ਸਾਰੇ ਸੂਬੇ ਉਸੇ ਮੁਤਾਬਿਕ ਬਣਾ ਦਿੱਤੇ ਪਰ ਪੰਜਾਬੀ ਸੂਬੇ ਨੂੰ ਬੋਲੀ ਦੇ ਆਧਾਰ ਤੇ ਬਨਾਉਣ ਤੋਂ ਮੁਨਕਰ ਹੋ ਗਏ। ਇਨ੍ਹਾਂ ਦੇਸ਼ ਨੂੰ ਆਜ਼ਾਦ ਕਰਾਉਣ ਵਾਲਿਆਂ ਨਾਲ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਜੰਗ ਲੜੀ ਸੀ, ਉਨ੍ਹਾਂ ਨਾਲ ਇਹ ਵਾਸਤਾ ਪਾਉਣ ਵਾਲੇ ਲੋਕ ਮੁਨਕਰ ਹੋ ਗਏ, ਜਿਨ੍ਹਾਂ ਨੇ ਇਹ ਗੱਲ ਕਹੀ ਸੀ ਕਿ ਅਸੀਂ ਇਕ ਆਜ਼ਾਦ ਖਿੱਤਾ ਬਣਾਵਾਂਗੇ। ਇਨ੍ਹਾਂ ਵਿੱਚ ਫਿਰਕਾਪ੍ਰਸਤੀ ਕੂਟ-ਕੂਟ ਕੇ ਭਰੀ ਹੋਈ ਹੈ ਅਤੇ ਇਸੇ ਕਰਕੇ ਇਹ ਪੰਜਾਬੀ ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬਾ ਬਨਾਉਣ ਤੋਂ ਮੁਨਕਰ ਹੋ ਗਏ । ਇਹ ਲੋਕ ਬਰਦਾਸ਼ਤ ਨਹੀਂ ਕਰ ਸਕਦੇ ਸਨ ਕਿ ਪੰਜਾਬੀ ਸੂਬੇ ਦੀ ਗੱਲ ਵੀ ਹੋਵੇ ਕਿਉਂਕਿ ਉਸ ਨਾਲ ਸਿੱਖ ਕੌਮ ਦੀ ਗੱਲ ਵੀ ਹੋਵੇਗੀ। ਇਸ ਲਈ ਫੇਰ ਜੱਦੋ ਜਹਿਦ ਕੀਤੀ ਗਈ । ਚੇਅਰਮੈਨ ਸਾਹਿਬ, ਤੁਸੀਂ ਵੀ ਇਸ ਵਿੱਚ ਹਿੱਸਾ ਪਾਇਆ ਹੈ ਅਤੇ ਕਈ ਹੋਰ ਬਹਾਦਰ ਲੋਕਾਂ ਨੇ ਇਸ ਵਿੱਚ ਹਿੱਸਾ ਪਾਇਆ। 1955 ਤੋਂ 1966 ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਜੇਲ੍ਹਾਂ ਵਿੱਚ ਗਏ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਸ਼ਹੀਦ ਹੋਏ, ਜੁਰਮਾਨੇ ਭਰੇ ਗਏ ਅਤੇ ਮਰਨਵਰਤ ਰਖੇ ਗਏ ਤਾਂ ਕਿਧਰੇ ਜਾ ਕੇ ਪੰਜਾਬੀ ਸੂਬਾ ਹੋਂਦ ਵਿੱਚ ਆਇਆ। ਜਦੋਂ ਹਿੰਦੁਸਤਾਨ ਦੀ ਪ੍ਰਧਾਨ-ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬੀ ਸੂਬਾ ਦੇਣ ਦਾ ਐਲਾਨ ਕੀਤਾ, ਉਨ੍ਹਾਂ ਉਦੋਂ ਵੀ ਇਹੋ ਵਾਇਦਾ ਕੀਤਾ ਸੀ ਕਿ ਪੰਜਾਬੀ ਬੋਲੀ ਬੋਲਦੇ ਇਲਾਕੇ ਸਾਰੇ ਦੇ ਸਾਰੇ ਪੰਜਾਬ ਵਿੱਚ ਸ਼ਾਮਲ ਕਰ ਦਿਤੇ ਜਾਣਗੇ। ਅਸੀਂ ਇਸੇ ਭਰੋਸੇ ਤੇ ਬੈਠੇ ਰਹੇ ਕਿ ਜਦੋਂ ਉਨ੍ਹਾਂ ਨੇ ਸੰਧੀ ਕੀਤੀ ਹੈ, ਤਾਂ ਉਸੇ ਹੀ ਪ੍ਰਿੰਸੀਪਲਾਂ ਤੇ ਚਲਿਆ ਜਾਵੇਗਾ ਅਤੇ ਫੈਸਲਾ ਕੀਤਾ ਜਾਵੇਗਾ। ਪਰ ਜਦੋਂ ਪੰਜਾਬੀ ਸੂਬੇ ਦੀ ਲੀਕ ਮਾਰਨ ਲਗੇ ਤਾਂ ਚੰਡੀਗੜ੍ਹ ਸਮੇਤ ਹੋਰ ਕਈ ਪੰਜਾਬੀ ਬੋਲੀ ਬੋਲਦੇ ਇਲਾਕੇ ਵੀ ਖੋਹ ਲਏ ਗਏ ਅਤੇ ਪੰਜਾਬੀਆਂ ਰਾਹੀਂ ਬਣਾਏ ਗਏ ਡੈਮ ਅਤੇ ਪਾਣੀ ਦਾ ਕੰਟਰੋਲ ਵੀ ਖੋਹ ਲਿਆ ਗਿਆ। ਇਸ ਗੱਲ ਵਿਰੁਧ ਜਦੋ-ਜਹਿਦ ਫਿਰ ਸ਼ੁਰੂ ਹੋ ਗਈ। ਇਸ ਜਦੋ-ਜਹਿਦ ਵਿੱਚ ਸੰਤ ਬਾਬਾ ਫਤਿਹ ਸਿੰਘ ਜੀ ਨੇ ਆਪਣਾ ਯੋਗਦਾਨ ਪਾਇਆ ਅਤੇ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ। ਦਰਸ਼ਨ ਸਿੰਘ ਫੇਰੂਮਾਨ ਜੀ ਅਤੇ ਹੋਰ ਕਈ ਸੈਂਕੜੇ ਲੋਕ ਸ਼ਹੀਦ ਹੋਏ, ਅਨੇਕਾਂ ਜੇਲ੍ਹਾਂ ਵਿਚ ਗਏ ਪਰ ਸਰਕਾਰ ਟਸ ਤੋਂ ਮਸ ਨਾ ਹੋਈ। ਸੋ, ਇਨ੍ਹਾਂ ਵਿਤਕਰਿਆਂ ਨੂੰ ਦੂਰ ਕਰਾਉਣ ਲਈ ਅਤੇ 1929 ਵਿੱਚ ਹੋਏ ਉਸ ਵਾਇਦੇ ਨੂੰ ਪੂਰਾ ਕਰਾਉਣ ਲਈ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਜੀ ਦੀ ਅਗਵਾਈ ਹੇਠ ਧਰਮ ਯੁੱਧ ਦਾ ਮੋਰਚਾ 4 ਅਗਸਤ, 1982 ਨੂੰ ਅੰਮ੍ਰਿਤਸਰ ਦੀ ਧਰਤੀ ਤੇ ਸ਼ੁਰੂ ਕੀਤਾ ਗਿਆ। ਉਸ ਮੋਰਚੇ ਦਾ ਆਗਾਜ਼ ਅਗਸਤ, 1982 ਨੂੰ ਅੰਮ੍ਰਿਤਸਰ ਦੀ ਧਰਤੀ ਤੇ ਉਦੋਂ ਹੋਇਆ ਜਦੋਂ ਪੰਜਾਬ ਦੇ ਸਾਬਕਾ ਮੁਖ

Original with;
Punjab Vidhan Sabha
Digitized by;
Panjab Digital Library

ਮੰਤਰੀ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਆਪਣਾ ਪਹਿਲਾ ਜਥਾ ਲੈ ਕੇ ਗਏ ਅਤੇ, ਚੇਅਰਮੈਨ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਪੰਜਾਬ ਦੇ ਬਹਾਦਰ ਲੋਕਾਂ ਨੇ ਕਿਵੇਂ ਜੇਲ੍ਹਾਂ ਭਰੀਆਂ। ਇਨ੍ਹਾਂ ਦੇ ਮੁੱਖ ਮੰਤਰੀ ਕਹਿੰਦੇ ਰਹੇ ਕਿ 5,000 ਤੋਂ ਵੱਧ ਲੋਕ ਨਹੀਂ ਹੋਣਗੇ ਅਤੇ ਅਕਾਲੀ ਐਜੀਟੇਸ਼ਨ ਫੇਲ੍ਹ ਹੋ ਜਾਏਗੀ। ਇਹ ਸੈਂਟਰ ਨੂੰ ਗੁਮਰਾਹ ਕਰਦੇ ਰਹੇ। ਦਿੱਲੀ ਦੀ ਸਰਕਾਰ ਇਨ੍ਹਾਂ ਦੇ ਆਖੇ ਲਗਦੀ ਗਈ । ਅਕਾਲੀ ਐਜੀਟੇਸ਼ਨ ਵਧਦੀ ਗਈ ਅਤੇ ਇਨ੍ਹਾਂ ਨੂੰ ਜੇਲ੍ਹਾਂ ਦੇ ਦਰਵਾਜੇ ਖੋਲ੍ਹਣੇ ਪਏ । ਅਕਾਲੀ ਐਜੀਟੇਸ਼ਨਾਂ ਦਾ ਜ਼ੋਰ ਵੇਖ ਕੇ ਅਖੀਰ ਦਿੱਲੀ ਦੀ ਸਰਕਾਰ ਨੂੰ ਸਮਝੌਤੇ ਬਾਰੇ ਸੋਚਣਾ ਪਿਆ ਅਤੇ 18 ਨਵੰਬਰ, 1982 ਨੂੰ ਸਮਝੌਤੇ ਦੀ ਗੱਲ ਤਕਰੀਬਨ ਸਿਰੇ ਲਗ ਚੁੱਕੀ ਸੀ ਪਰ ਪਤਾ ਨਹੀਂ ਇਨ੍ਹਾਂ ਦੀ ਸਰਕਾਰ ਨੂੰ ਇਹ ਕਿਉਂ ਨਹੀਂ ਭਾਇਆ । ਗੱਲ ਸਿਰੇ ਲਗਦੀ ਲਗਦੀ ਫਿਰ ਰੁਕ ਗਈ। ਇਹ ਹਮੇਸ਼ਾ ਗਲ ਕਰਕੇ ਮੁੱਕਰ ਜਾਂਦੇ ਸਨ। ਉਸ ਤੋਂ ਬਾਦ ਫਿਰ ਕਈ ਵਾਰੀ ਸਮਝੌਤੇ ਦੀ ਗਲ ਹੁੰਦੀ ਰਹੀ ਪਰ ਸਮਝੌਤਾ ਸਿਰੇ ਕੋਈ ਨਹੀਂ ਚੜ੍ਹੀਆ ਜਿਸ ਦਾ ਨਤੀਜਾ ਅੱਜ ਸਾਡੇ ਸਾਹਮਣੇ ਹੈ। ਪੰਜਾਬ ਦੀ ਧਰਤੀ ਤੇ ਅਤੇ ਸਿੱਖਾਂ ਦੇ ਧਾਰਮਿਕ ਸਥਾਨਾਂ ਤੇ ਜਿਹੜੇ ਉਨ੍ਹਾਂ ਨੂੰ ਆਪਣੀ ਜਾਨ ਤੋਂ ਵੀ ਜ਼ਿਆਦਾ ਪਿਆਰੇ ਹਨ, ਫੌਜਾਂ ਚਾੜ੍ਹ ਦਿੱਤੀਆਂ ਗਈਆਂ। ਇਹ ਇਨ੍ਹਾਂ ਨੇ ਆਪਣੀ ਸੱਤਾ ਨੂੰ ਕਾਇਮ ਰਖਣ ਵਾਸਤੇ ਕੀਤਾ। ਹਜ਼ਾਰਾਂ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡੀ ਗਈ। ਇਥੇ ਡਾਕਟਰ ਸਾਹਿਬ ਕਹਿ ਰਹੇ ਸਨ ਕਿ ਸਰਕਾਰ ਨੇ ਉਸ ਵੇਲੇ ਜੋ ਕੁਝ ਕੀਤਾ, ਠੀਕ ਹੀ ਕੀਤਾ ਸੀ। ਮੈਨੂੰ ਇਸ ਗਲ ਦਾ ਬੜਾ ਦੁੱਖ ਹੈ। ਡਾਕਟਰ ਸਾਹਿਬ ਨੇ ਕਿਹਾ ਕਿ ਜੇ ਸਰਕਾਰ ਉਸ ਵੇਲੇ ਇਹ ਨਾ ਕਰਦੀ ਤਾਂ ਪੰਜਾਬ ਅੱਜ ਹਿੰਦੁਸਤਾਨ ਦਾ ਹਿੱਸਾ ਨਾ ਹੁੰਦਾ। ਮੈਨੂੰ ਬਹੁਤ ਅਫਸੋਸ ਹੈ ਅਤੇ ਮੈਂ ਸਮਝਦਾ ਹਾਂ ਕਿ ਇਹੋ ਜਿਹੇ ਕਤਲੇ-ਆਮ ਦੀ ਹਮਾਇਤ ਕਰਨ ਵਾਲੇ ਇਹੋ ਜਿਹੇ ਲੋਕਾਂ ਨੂੰ ਇਸ ਸਦਨ ਵਿਚ ਬੈਠਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਤੁਸੀਂ ਦੇਸ਼ ਦੇ ਟੋਟੇ ਹੋਣ ਦੀਆਂ ਗਲਾਂ ਕਰਦੇ ਹੋ। ਮਾਸਟਰ ਤਾਰਾ ਸਿੰਘ ਜੀ ਨੇ ਦੇਸ਼ ਨੂੰ ਵੰਡਣ ਵੇਲੇ, ਦੇਸ਼ ਦੇ ਟੋਟੇ ਹੋਣ ਵੇਲੇ ਆਪਣੀ ਤਲਵਾਰ ਨਾਲ ਝੰਡਾ ਪਾੜ ਕੇ ਦੇਸ਼ ਦੀ ਏਕਤਾ ਨੂੰ ਨਸ਼ਟ ਹੋਣ ਤੋਂ ਬਚਾਇਆ ਸੀ ਅਤੇ ਇਹ ਉਦੋਂ ਦੀ ਗਲ ਹੈ ਜਦੋਂ ਡਾਕਟਰ ਸਾਹਿਬ ਤੁਸੀਂ ਅਜੇ ਆਰ. ਐਸ. ਐਸ. ਦਾ ਕੱਛਾ ਪਾਈ ਫਿਰਦੇ ਸੀ (ਥੰਪਿੰਗ) । ਮਾਸਟਰ ਤਾਰਾ ਸਿੰਘ ਨੇ ਕਿਹਾ ਸੀ ਕਿ ਮੈਂ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਹਾਮੀ ਹਾਂ, ਅਸੀਂ ਇਸ ਦੇਸ਼ ਦੇ ਟੋਟੇ ਨਹੀਂ ਹੋਣ ਦਿਆਂਗੇ। ਅਸੀਂ ਉਨ੍ਹਾਂ ਲੋਕਾਂ ਦੇ ਖਿਲਾਫ ਹਾਂ ਜਿਹੜੇ ਦੇਸ਼ ਦੀ ਵੰਡ ਕਰਨਾ ਚਾਹੁੰਦੇ ਹਨ। ਇਨ੍ਹਾਂ ਲੋਕਾਂ ਨੇ ਦੇਸ਼ ਦੀ ਸਰਕਾਰ ਨੂੰ ਗੁਮਰਾਹ ਕੀਤਾ । ਆਪਣੀਆਂ ਵੋਟਾਂ ਲੈਣ ਵਾਸਤੇ ਇਨ੍ਹਾਂ ਲੋਕਾਂ ਨੇ ਸਰਕਾਰ ਨੂੰ ਅਤੇ ਲੋਕਾਂ ਨੂੰ ਗੁਮਰਾਹ ਕੀਤਾ । ਸਰਕਾਰ ਨੂੰ ਗੁਮਰਾਹ ਕਰਨ ਦੀ ਵਜ੍ਹਾ ਪਹਿਲੇ ਹੀ ਓਪਰੇਸ਼ਨ ਬਲਿਊ ਸਟਾਰ ਹੋਇਆ ਅਤੇ ਉਸ ਨਾਲ ਲੋਕਾਂ ਦੇ ਜਜ਼ਬਾਤਾਂ ਨੂੰ ਐਨੀ ਠੇਸ ਪੁੱਜੀ ਹੈ ਕਿ ਸ਼ਾਇਦ ਆਉਣ ਵਾਲਾ ਸਮਾਂ ਕਦੀ ਵੀ ਇਸ ਨੂੰ ਦਰੁਸਤ ਨਾ ਕਰ ਸਕੇ। ਇਥੇ ਹੀ ਬਸ ਨਹੀਂ, ਇਹ ਹਾਲੇ ਵੀ ਜ਼ਹਿਰ ਉਗਲੀ ਜਾਂਦੇ ਹਨ। ਇਹ ਜ਼ਖਮਾਂ ਤੇ ਮਲ੍ਹਮ ਲਾਉਣ ਦੀ ਗੱਲ ਨਹੀਂ ਕਰਦੇ। ਜ਼ਖਮਾਂ ਤੇ ਮਲ੍ਹਮ ਲਾਉਣ ਦੀ ਗਲ ਕੀਤੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ। ਉਹ 9 ਮਹੀਨੇ ਤੱਕ ਕਾਲ ਕੋਠੜੀਆਂ ਵਿਚ ਡੱਕੇ ਰਹੇ। ਜੇਲ੍ਹ ਵਿਚੋਂ ਬਾਹਰ ਆਉਣ ਤੇ ਉਨ੍ਹਾਂ ਕਿਹਾ –

ਹਿੰਦੂ ਮੁਸਲਿਮ ਸਿੱਖ ਇਸਾਈ,
ਮਿਲ ਬੈਠੋ ਸਭ ਭਾਈ ਭਾਈ,
ਗੱਦੀਓਂ ਲਾਹੁਣ ਦੇਸ਼ ਕਸਾਈ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਉਹ ਕਹਿੰਦੇ ਸਨ ਕਿ ਜਿਹੜੇ ਦੇਸ਼ ਦੇ ਦੁਸ਼ਮਣ ਹਨ, ਅਸੀਂ ਉਨ੍ਹਾਂ ਨੂੰ ਗੱਦੀਆਂ ਤੋਂ ਲਾਹੁਣਾ ਹੈ। ਉਨ੍ਹਾਂ ਨੇ ਥਾਂ ਥਾਂ ਤੇ ਜਾ ਕੇ ਪ੍ਰਚਾਰ ਕੀਤਾ। ਆਖਰ ਉਨ੍ਹਾਂ ਦੀ ਚੜਤ ਦੇ ਅੱਗੇ ਦਿਲੀ ਦੀ ਸਰਕਾਰ ਟਿਕ ਨਾ ਸਕੀ ਅਤੇ ਉਸ ਨੂੰ ਸਮਝੌਤੇ ਦਾ ਰੁੱਖ ਅਖਤਿਆਰ ਕਰਨਾ ਪਿਆ। ਮੈਂ ਇਹ ਗੱਲ ਕਹੇ ਬਿਨਾ ਨਹੀਂ ਰਹਿ ਸਕਦਾ ਕਿ ਹਿੰਦੁਸਤਾਨ ਦੇ ਮੌਜੂਦਾ ਪ੍ਰਧਾਨ ਮੰਤਰੀ ਨੇ ਵੀ ਦਲੇਰੀ ਤੋਂ ਕੰਮ ਲਿਆ ਅਤੇ ਇਨ੍ਹਾਂ ਦੀਆਂ ਚਾਲਾਂ ਤੋਂ ਗੁਮਰਾਹ ਨਾ ਹੋਏ। ਜੇ ਉਹ ਇਨ੍ਹਾਂ ਦੇ ਆਖੇ ਲਗਦੇ ਰਹਿੰਦੇ ਜਿਸ ਤਰ੍ਹਾਂ ਕਿ ਇੰਦਰਾ ਗਾਂਧੀ ਲਗਦੀ ਰਹੀ ਹੈ, ਤਾਂ ਇਹ ਸਮਝੌਤਾ ਕਦੇ ਵੀ ਸਿਰੇ ਨਾ ਚੜ੍ਹਦਾ। ਕਿਉਂਕਿ ਇਹ ਲੋਕ ਕਦੇ ਨਹੀਂ ਚਾਹੁੰਦੇ ਕਿ ਪੰਜਾਬ ਸ਼ਾਂਤ ਹੋਏ ਬਲਕਿ ਇਹ ਤਾਂ ਚਾਹੁੰਦੇ ਹਨ ਕਿ ਪੰਜਾਬ ਵਿਚ ਅੱਗ ਲੱਗੀ ਰਹੇ, ਤਾਂ ਹੀ ਸਾਡੀਆਂ ਗੱਦੀਆਂ ਕਾਇਮ ਰਹਿ ਸਕਦੀਆਂ ਹਨ। ਸਮਝੌਤਾ ਕਰਨ ਦੇ ਵਕਤ ਸਾਡੇ ਮੁੱਖ ਮੰਤਰੀ ਬਰਨਾਲਾ ਜੀ ਅਤੇ ਸਰਦਾਰ ਬਲਵੰਤ ਸਿੰਘ ਵੀ ਨਾਲ ਸਨ। ਇਨ੍ਹਾਂ ਕਾਂਗਰਸੀ ਭਾਈਆਂ ਨੇ ਸਮਝੌਤੇ ਨੂੰ ਤਾਰਪੀਡੋ ਕਰਨ ਦੀ ਬੜੀ ਕੋਸ਼ਿਸ਼ ਕੀਤੀ ਪਰ ਪ੍ਰਧਾਨ ਮੰਤਰੀ ਨੇ ਇਨ੍ਹਾਂ ਦੀ ਕੋਈ ਗੱਲ ਨਹੀਂ ਸੁਣੀ। ਮੈਂ ਇਸ ਗੱਲ ਦੀ ਪ੍ਰਧਾਨ ਮੰਤਰੀ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਜੇ ਉਹ ਇਨ੍ਹਾਂ ਦੇ ਆਖੇ ਲਗ ਜਾਂਦੇ ਤਾਂ ਇਹ ਸਮਝੌਤਾ ਬਿਲਕੁਲ ਨਹੀਂ ਸੀ ਹੋਣਾ। ਸਪੀਕਰ ਸਾਹਿਬ, ਮੇਰੇ ਕੋਲ ਇਹ ਆਰਟੀਕਲ ਆਫ ਮੈਮੋਰੰਡਮ ਹੈ। ਇਹ ਸਮਝੌਤਾ ਲਿਖਤੀ ਰੂਪ ਵਿਚ ਹੋਇਆ ਹੋਇਆ ਹੈ ਅਤੇ ਇਸ ਤੋਂ ਇਹ ਲੋਕ ਮੁਕਰ ਨਹੀਂ ਸਕਦੇ। ਇਸ ਤੋਂ ਪਹਿਲਾਂ ਇਹ ਹਰ ਵਾਰ ਗੱਲ ਕਰਕੇ ਮੁੱਕਰ ਜਾਂਦੇ ਸੀ। ਇਸ ਤੋਂ ਪਹਿਲਾਂ ਇਨ੍ਹਾਂ ਨੇ, ਇਨ੍ਹਾਂ ਦੀ ਸਰਕਾਰ ਨੇ ਵੱਡੇ ਵੱਡੇ ਵਾਇਦੇ ਕੀਤੇ ਪਰ ਫਿਰ ਮੁੱਕਰ ਗਏ। ਹੁਣ ਇਸ ਮੈਮੋਰੰਡਮ ਤੇ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਦੇ ਦਸਤਖਤ ਹਨ। ਇਹ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਹੁਤ ਵਡੀ ਜਿੱਤ ਸੀ ਇਸ ਸਮਝੌਤੇ ਵਿਚ ਕੀ ਲਿਖਿਆ ਹੈ, ਮੈਂ ਇਸ ਦੀ ਧਾਰਾ 7.1 ਪੜ੍ਹ ਕੇ ਸੁਣਾ ਦਿਦਾ ਹਾਂ:—

"The capital project area of Chandigarh will go to Punjab. Some adjoining areas wh ich were previously part of Hindi or the Punjabi regions were included in the union territory. With the capital region goin g to Punjab the areas which were added to the Union territory from the Punjabi region of the erstwhile State of Punjab will be transferred to Punjab and those from Hindi region to Haryana. The entire Sukhna Lake will be kept as part of Chandigarh and will thus go to Punjab."

ਇਸ ਵਿਚ ਇਹ ਮੰਨਿਆ ਗਿਆ ਕਿ ਚੰਡੀਗੜ੍ਹ ਪੰਜਾਬ ਦਾ ਹੈ। ਇਹ ਬਹੁਤ ਵਡੀ ਜਿੱਤ ਸੀ। ਇਸ ਤੋਂ ਇਹ ਪਤਾ ਲਗਦਾ ਹੈ ਕਿ ਅਬੋਹਰ ਤੇ ਫਾਜ਼ਿਲਕਾ ਵੀ ਪੰਜਾਬ ਦਾ ਹੈ। ਜੇ ਅਬੋਹਰ ਤੇ ਫਾਜ਼ਿਲਕਾ ਪੰਜਾਦ ਦਾ ਨਾ ਹੁੰਦਾ ਤਾਂ ਅੱਜ ਸ਼੍ਰੀ ਰਾਧਾ ਕ੍ਰਿਸ਼ਨ ਜੀ ਸਾਡੇ ਵਿਚਕਾਰ ਨਾ ਬੈਠੇ ਹੁੰਦੇ। (ਥੰਪਿੰਗ) ਧਾਰਾ 7.2 ਵਿਚ ਕਿਹਾ ਹੈ:

"It had always been maintained by Smt. Indira Gandhi that when Chandigarh is to go to Punjab some Hindi-speaking territories in Punjab will go to Haryana. A commission will be constituted to determine the specific Hindi-speakin g areas of Punjab which should go to Haryana in lieu of Chandigarh.

The principle of contiguity and linguistic affinity with a village as a unit will be the basis of such determination."

ਭਾਸ਼ਾ ਅੰਰ ਜੁੜਵਾਂ ਇਲਾਕਾ ਅੰਰ ਇਕ ਪਿੰਡ ਨੂੰ ਇਕਾਈ ਮੰਨ ਕੇ ਧਰਤੀ ਦੀ ਵੰਡ ਕੀਤੀ ਜਾਏਗੀ। ਚੰਡੀਗੜ੍ਹ ਦੇ ਨੇੜੇ ਜਿਹੜਾ ਹਿੰਦੀ ਸਪੀਕਿੰਗ ਏਰੀਆ ਹੈ, ਉਹ ਕਮਿਸ਼ਨ ਦੇ ਰਾਹੀਂ ਹਰਿਆਣੇ ਨੂੰ ਦਿਤਾ ਜਾਏਗਾ। ਸਪੀਕਰ ਸਾਹਿਬ, ਇਨ੍ਹਾਂ ਭਰਾਵਾਂ ਦੀ ਮਨਸ਼ਾ ਪੂਰੀ ਨਹੀਂ ਹੋਈ। ਇਨ੍ਹਾਂ ਦਾ ਵੱਸ ਚਲਦਾ ਤਾਂ ਇਹ ਆਪਣਾ ਇਲਾਕਾ ਵੀ ਚੁੱਕ ਕੇ ਕਿਤੇ ਹੋਰ ਲੈ ਜਾਂਦੇ। ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਇਕ ਆਵਾਜ਼ ਹੋ ਕੇ, ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਪੰਜਾਬ ਦੇ ਹਿੱਤਾਂ ਦੀ ਗੱਲ ਕਰਨ। ਇਹ ਹੋਰ ਹੋਰ ਗੱਲਾਂ ਕਰਦੇ ਹਨ।

Original with;
Punjab Vidhan Sabha
Digitized by;
Panjab Digital Library

ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪੰਜਾਬ ਦੇ ਲੋਕਾਂ ਨਾਲ ਗੱਦਾਰੀ ਨਹੀਂ ਹੈ। ਇਹ ਜੋ ਟਰਮਜ਼ ਆਫ਼ ਰੈਂਫਰੈਂਸ ਦਿੱਤੇ ਹਨ ਇਸ ਦੇ ਉਤੇ "ਅਦਰ ਫੈਕਟਰਜ਼" ਉਸ ਵਿਚ ਪਾ ਦਿੱਤਾ ਹੈ। ਇਸ ਨੂੰ ਕਿਸੇ ਪਾਸੇ ਵੀ ਮੋੜ ਕੇ ਲਿਜਾਇਆ ਜਾ ਸਕਦਾ ਹੈ। ਇਸ ਐਗਰੀਮੈਂਟ ਵਿਚ ਲਿਖਿਆ ਹੈ ਬਾਊਂਡਰੀ ਅਤੇ ਦੂਜਾ ਹੋਰ ਕਮਿਸ਼ਨ ਬਣੇਗਾ, ਉਹ ਕਮਿਸ਼ਨ ਇਸ ਅਸੂਲ ਦੇ ਅਧਾਰ ਤੇ ਫੈਸਲਾ ਕਰੇਗਾ। ਚੰਗੀਡੜ੍ਹ ਬਾਰੇ ਜਦੋਂ ਫੈਸਲਾ ਹੋਣਾ ਹੋਵੇ ਉਦੋਂ ਮੈਥੀਊ ਕਮਿਸ਼ਨ ਦੀ ਗਲ ਨਹੀਂ ਹੁੰਦੀ। ਅਬੋਹਰ ਔਰ ਫਾਜ਼ਿਲਕਾ ਪੰਜਾਬ ਦਾ ਪਾਰਟ ਹੈ ਸਿਰਫ ਚੰਡੀਗੜ੍ਹ ਨਾਲ ਲਗਦਾ ਇਲਾਕਾ ਜਿਹੜਾ ਹਿੰਦੀ ਬੋਲਦਾ ਇਲਾਕਾ ਹੈ ਜਿਹੜਾ ਇਸ ਪ੍ਰਿੰਸੀਪਲ ਥਲੇ ਆਉਣਾ ਹੈ ਉਹ ਹਰਿਆਣਾ ਨੂੰ ਜਾਣਾ ਹੈ। ਪਰ ਇਹ "ਅਦਰ ਫੈਕਟਰਜ਼" ਲਿਖਣ ਨਾਲ ਸਾਨੂੰ ਖਦਸ਼ਾ ਹੈ ਕਿ ਜਿਸ ਤਰ੍ਹਾਂ ਨਾਲ ਪਹਿਲਾਂ ਪੰਜਾਬ ਨਾਲ ਸੰਧੀ ਦੀ ਉਲੰਘਣਾ ਹੋਈ ਹੈ ਕਿਤੇ ਹੁਣ ਵੀ ਸੰਧੀ ਦੀ ਉਲੰਘਣਾ ਨਾ ਹੋ ਜਾਏ। ਇਸ ਚੀਜ਼ ਦਾ ਸਾਨੂੰ ਖਤਰਾ ਹੈ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਾਰੇ ਹਾਊਸ ਦੇ ਮੈਂਬਰਾਂ ਨੂੰ ਇਹ ਗੁਜ਼ਾਰਿਸ਼ ਕਰਾਂਗਾ ਕਿ ਇਸ ਸਮੁੱਚੇ ਰੈਜੋਲਿਊਸ਼ਨ ਨੂੰ ਪਾਸ ਕਰਕੇ ਪੰਜਾਬ ਸਰਕਾਰ ਨੂੰ ਮਜ਼ਬੂਤ ਕਰੀਏ ਤਾਂਕਿ ਉਹ ਅੱਗੇ ਕੇਂਦਰ ਸਰਕਾਰ ਨੂੰ ਇਹ "ਅਦਰ ਫੈਕਟਰਜ਼" ਵਾਲੀ ਟਰਮ ਹਟਾਉਣ ਬਾਰੇ ਜ਼ੋਰ ਪਾਏ। ਜਿੰਨਾ ਚਿਰ ਇਹ 'ਅਦਰ ਫੈਕਟਰਜ਼' ਵਾਲੀ ਟਰਮ ਇਸ ਵਿਚੋਂ ਕੱਢੀ ਨਹੀਂ ਜਾਂਦੀ ਉਨੀ ਦੇਰ ਤਕ ਪੰਜਾਬ ਦੇ ਲੋਕਾਂ ਨਾਲ ਇਨਸਾਫ ਨਹੀਂ ਹੋਏਗਾ। ਮੈਂ ਫਿਰ ਬੇਨਤੀ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

Mr. Chairman : Motion moved—

In the Punjab Accord signed by the Prime Minister, Shri Rajiv Gandhi and Sant Harchand Singh Longowal, it was agreed that Hindi speaking areas of Punjab be considered for transfer to Haryana in lieu of Chandigarh. Such areas will be identified on the principles of linguistic affinity and contiguity taking village as a unit. However, in the terms of reference of the Mathew Commission' in addition to the above mentioned three principles the Commission has been authorised to take into consideration any other factors as are deemed appropriate. This unlimited widening and extension of the terms of reference of the said Commission has caused great apprehensions in the minds of people of Punjab, who are concerned at possible damage to the true implementation of the Accord.

This House, therefore, resolves that the State Government should approach the Government of India to rectify the terms of reference of the Commission deleting the clause added beyond the scope of the Punjab Accord as it would prejudicially affect the interests of Punjab and set at naught the great effort which went into the bringing of peace and good-will in this strife torn State.

ਸ਼੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ) : ਚੇਅਰਮੈਨ ਸਾਹਿਬ, ਜੋ ਮਤਾ ਮਾਨ ਸਾਹਿਬ ਨੇ ਰਖਿਆ ਹੈ, ਮੈਂ ਉਸ ਦੀ ਪੁਰਜ਼ੋਰ ਪ੍ਰੋੜ੍ਹਤਾ ਕਰਨ ਲਈ ਖੜ੍ਹਾ ਹੋਇਆ ਹਾਂ। ਇਹ ਕਲਾਜ਼ ਜੋ ਹੁਣ ਇਸ ਰੈਫਰੈਂਸ ਵਿਚ ਐਨੀ ਅਦਰ ਫੈਕਟਰ, ਨਾਲ ਐਡ ਹੋਈ ਹੈ, ਇਹ ਬੜੀ ਸਿਗਨੀਫਿਕੈਂਟ ਹੈ। ਇਹ ਕਲਾਜ਼ ਜਦੋਂ ਤਕ ਰਿਮੂਵ ਨਹੀਂ ਹੁੰਦੀ ਸਾਨੂੰ ਪ੍ਰੋਟੈਸਟ ਕਰਨਾ ਚਾਹੀਦਾ ਹੈ ਔਰ ਇਥੋਂ ਤਕ ਕਿ ਇਸ ਲਈ ਬਾਈਕਾਟ ਕਰਨਾ ਚਾਹੀਦਾ ਹੈ (ਥੰਪਿੰਗ)। ਇਹ ਸਮਝੌਤਾ ਬੜਾ ਹਿਸਟਾਰੀਕਲ ਸਮਝੌਤਾ ਹੈ ਜੋ ਇੱਕ ਸਟੇਟ ਦੀ ਸਿਆਸੀ ਪਾਰਟੀ ਨਾਲ ਸੈਂਟਰ ਦੀ ਸਰਕਾਰ ਨੇ ਕੀਤਾ ਹੈ। ਇਸ ਸਮਝੌਤੇ ਨਾਲ ਪੰਜਾਬ ਨੂੰ ਰਾਹਤ ਮਿਲੀ ਹੈ ਔਰ ਪੰਜਾਬੀਆਂ ਨੂੰ ਅਮਨ ਮਿਲਿਆ ਹੈ। ਪੰਜਾਬ ਨੂੰ ਉਹ ਮੰਗਾਂ ਪਰਾਪਤ ਹੋਈਆਂ ਹਨ ਜੋ ਸਾਡੇ ਸਾਰੇ ਪੰਜਾਬੀਆਂ ਵਾਸਤੇ ਠੀਕ ਹਨ। ਇਹ ਮੰਗਾਂ ਅਪਰੈਲ,

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਕਿਸ਼ਨ ਕਟਾਰੀਆ]

1982 ਵਿਚ ਰਖੀਆਂ ਗਈਆਂ ਸਨ, ਉਹ ਗੱਲਾਂ ਹੁਣ ਮੰਨੀਆਂ ਗਈਆਂ ਹਨ। ਅਗਰ ਇਹ ਗੱਲਾਂ ਪਹਿਲਾਂ ਮੰਨ ਲਈਆਂ ਜਾਂਦੀਆਂ ਤਾਂ ਸਾਨੂੰ 1984 ਦੀਆਂ ਦੁਖਾਂਤ ਘਟਨਾਵਾਂ ਪੰਜਾਬ ਨੂੰ ਔਰ ਸਾਰੇ ਦੇਸ਼ ਨੂੰ ਮਹਿਸੂਸ ਕਰਨ ਵਿਚ ਨਾ ਆਉਂਦੀਆਂ। ਇਹ ਘਟਨਾਵਾਂ ਦਾ ਜ਼ਿਕਰ ਜਿਤਨੇ ਵੀ ਦੁੱਖ ਨਾਲ ਕੀਤਾ ਜਾਏ, ਉਤਨਾ ਹੀ ਥੋੜ੍ਹਾ ਹੈ। ਚੇਅਰਮੈਨ ਸਾਹਿਬ, ਅਗਰ ਇਹ ਮੰਗਾਂ ਪਹਿਲਾਂ ਮੰਨ ਲਈਆਂ ਜਾਂਦੀਆਂ ਤਾਂ ਪੰਜਾਬ ਵਿਚ ਐਡਾ ਵੱਡਾ ਵਿਤਕਰਾ ਪੈਦਾ ਨਾ ਹੁੰਦਾ, ਪੰਜਾਬੀ ਆਪਣੇ ਆਪ ਨੂੰ ਦੇਸ਼ ਦੇ ਹੋਰ ਸੂਬਿਆਂ ਵਿਚ ਓਪਰਾ ਮਹਿਸੂਸ ਨਾ ਕਰਦੇ। ਪੰਜਾਬੀ ਭਰਾ ਆਪਣੇ ਆਪ ਨੂੰ ਆਪਣੇ ਘਰ ਵਿਚ ਹੀ ਓਪਰਾ ਮਹਿਸੂਸ ਨਾ ਕਰਦੇ। ਜੇਕਰ ਸਾਰੀਆਂ ਦੁੱਖਦਾਇਕ ਘਟਨਾਵਾਂ ਦਾ ਜ਼ਿਕਰ ਕਰਾਂ ਤਾਂ ਬਹੁਤ ਸਮਾਂ ਲਗ ਜਾਏਗਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਲਈ ਜ਼ਿਮੇਂਵਾਰ ਕੌਣ ਹੈ ? ਇਸ ਦੀ ਜ਼ਿਮੇਂਵਾਰੀ ਉਸ ਤੇ ਪਾਉਣੀ ਚਾਹੀਦੀ ਹੈ ਜਿਸ ਨੇ ਪੰਜਾਬ ਵਿਚ ਐਡਾ ਵੱਡਾ ਪਾੜਾ ਪਾਇਆ, ਜਿਸ ਨੇ ਹਿੰਦੂ ਸਿੱਖ ਦੇ ਦਰਮਿਆਨ ਐਡੀ ਵੱਡੀ ਖਾਈ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਮੰਦਰਾਂ ਵਿਚ ਗਊਆਂ ਦੀਆਂ ਪੂਛਲਾਂ ਸਿਟਵਾਈਆਂ ਗਈਆਂ ਔਰ ਗੁਰਦਵਾਰਿਆਂ ਵਿਚ ਸਿਗਰਟਾਂ ਸਿਟਵਾਈਆਂ ਗਈਆਂ। ਇਸ ਪਿਛੇ ਕਿਸ ਦਾ ਹੱਥ ਸੀ ? ਪਰ ਸ਼ਾਬਾਸ਼ੇ ਪੰਜਾਬੀਆਂ ਦੇ, ਇਨ੍ਹਾਂ ਨੇ ਦੁਨੀਆਂ ਵਿਚ ਇੱਕ ਮਿਸਾਲ ਪੈਦਾ ਕਰ ਦਿੱਤੀ ਅਤੇ ਐਨੀ ਪਰੋਵੋਕੇਸ਼ਨ ਹੋਣ ਦੇ ਬਾਵਜੂਦ ਵੀ ਪੰਜਾਬ ਵਿਚ ਇੱਕ ਵੀ ਕਮਿਊਨਲ ਘਟਨਾ ਨਹੀਂ ਹੋਈ। (ਖ਼ਿੰਪਿੰਗ) ਨਵੰਬਰ, 1984 ਵਿਚ ਘਟਨਾਵਾਂ ਹੋਈਆਂ, ਇਹ ਕਿਸ ਨੇ ਕਰਾਈਆਂ ? ਪਰ ਪੰਜਾਬ ਤੋਂ ਬਾਹਰ ਦੇ ਸੂਬਿਆਂ ਵਿਚ ਹਿੰਦੂਆਂ ਨੇ ਆਪਣੀਆਂ ਜਾਨਾਂ ਤੇ ਖੇਡ ਕੇ ਆਪਣੇ ਭਰਾ ਸਿੱਖਾਂ ਦੀ ਰਾਖੀ ਕੀਤੀ। ਇਹ ਮਹੱਤਵ ਪੂਰਨ ਗੱਲਾਂ ਹਨ। ਇਹ ਪਰਸ਼ੰਸਾਯੋਗ ਗਲਾਂ ਹਨ। ਇਹ ਅਕਾਰਡ ਦੇ ਸਿਰੇ ਨਾ ਚੜ੍ਹਦਾ ਅਗਰ ਮੌਜੂਦਾ ਪਰਧਾਨ ਮੰਤਰੀ ਪਹਿਲੇ ਸਲਾਹਕਾਰਾਂ ਤੋਂ ਸਲਾਹ ਲੈਂਦੇ। ਇਹ ਉਨ੍ਹਾਂ ਨੇ ਆਪਣੀ ਸੂਝ ਬੂਝ ਦਾ ਸਬੂਤ ਦਿੱਤਾ ਹੈ। ਸੰਤ ਬਾਬਾ ਹਰਚੰਦ ਸਿੰਘ ਜੀ ਨੂੰ ਬੁਲਾ ਕੇ ਇਕੱਲਿਆਂ ਨਾਲ ਡਿਸਕਸ਼ਨ ਕੀਤੀ ਔਰ ਫਿਰ ਸਾਰੀਆਂ ਗੱਲਾਂ ਨੂੰ ਜਾਇਜ਼ ਸਮਝਦੇ ਹੋਏ ਇਹ ਅਕਾਰਡ ਕੀਤਾ ਗਿਆ। ਪਰ ਇਹ ਕਲਾਜ਼ ਜੋ 'ਐਨੀ ਅਦਰ ਫੈਕਟਰਜ਼' ਵਾਲੀ ਹੈ, ਇਹ ਰਿਮੂਵ ਹੋਨੀ ਚਾਹੀਦੀ ਹੈ। ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਅਕਾਰਡ ਨੂੰ ਸਿਰੇ ਚੜ੍ਹਾਉਣਾ ਚਾਹੀਦਾ ਹੈ। ਇਹ ਬੜਾ ਪਵਿੱਤਰ ਸਮਝੌਤਾ ਹੈ। ਇਸ ਦੀਆਂ ਜਿਤਨੀਆਂ ਵੀ ਕਲਾਜ਼ਿਜ਼ ਹਨ, ਉਨ੍ਹਾਂ ਨੂੰ ਸਿਰੇ ਚੜ੍ਹਾਉਣ ਵਾਸਤੇ ਸਾਰਿਆਂ ਨੂੰ ਸਹਿਯੋਗ ਦੇਣਾ ਚਾਹੀਦਾ ਹੈ।

ਅੰਤ ਵਿਚ ਚੇਅਰਮੈਨ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਅਕਾਰਡ ਦੀਆਂ ਜਿੰਨੀਆਂ ਵੀ ਮੱਦਾਂ ਹਨ, ਉਨ੍ਹਾਂ ਨੂੰ ਸਿਰੇ ਚੜ੍ਹਾਉਣ ਵਾਸਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਸੈਂਟਰ ਤੇ ਪਰੈਸ਼ਰ ਪਾਉਣਾ ਚਾਹੀਦਾ ਹੈ। ਜਦੋਂ ਇਹ ਵੀਰ ਗੱਲਾਂ ਕਰਦੇ ਹਨ ਤਾਂ 'ਸਾਡਾ ਸੈਂਟਰ' ਵਾਲੀ ਗਲ ਕਹਿੰਦੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਸੈਂਟਰ ਸਾਰਿਆਂ ਦਾ ਹੈ ਅਤੇ ਇਨ੍ਹਾਂ ਇਕੱਲਿਆਂ ਦਾ ਨਹੀਂ ਹੈ। ਇਹ ਕਾਂਸਟੀਚਿਊਸ਼ਨਲ ਸਿਸਟਮ ਹੈ। ਅਗਰ ਕੋਈ ਗਲ ਸੈਂਟਰ ਨੂੰ ਕਹਿਣ ਵਾਲੀ ਹੈ ਤਾਂ ਉਸ ਲਈ ਸੈਂਟਰ ਨੂੰ ਕਹਿਣਾ ਹੀ ਪੈਂਦਾ ਹੈ। ਅੰਤ ਵਿਚ ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਹ 'ਅਦਰ ਫੈਕਟਰਜ਼' ਵਾਲੀ ਕਲਾਜ਼ ਰਿਮੂਵ ਨਹੀਂ ਹੁੰਦੀ ਹੈ ਤਾਂ ਸਾਨੂੰ ਮੈਥੀਊ ਕਮਿਸ਼ਨ ਦਾ ਬਾਈਕਾਟ ਕਰਨਾ ਚਾਹੀਦਾ ਹੈ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ (ਅੰਮ੍ਰਿਤਸਰ ਉਤਰੀ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਆਭਾਰੀ ਹਾਂ ਕਿ ਤੁਸੀਂ ਮੈਨੂੰ ਇਸ ਰੈਜ਼ੋਲਿਊਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ ਜੋ ਕਿ ਮਾਨ ਜੀ ਨੇ ਪੇਸ਼

Original with;
Punjab Vidhan Sabha
Digitized by;
Panjab Digital Library

ਕੀਤਾ ਹੈ। ਮਾਨ ਜੀ ਨੇ ਲੰਬੇ ਇਤਿਹਾਸ ਦੀਆਂ ਗੱਲਾਂ ਕੀਤੀਆਂ ਹਨ। ਮੈਂ ਉਸ ਇਤਿਹਾਸ ਵਲ ਬਾਅਦ ਵਿਚ ਆਵਾਂਗਾ। ਪਹਿਲਾਂ ਮੈਂ ਇਸ ਸਦਨ ਨੂੰ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਸ਼੍ਰੀ ਰਾਜੀਵ ਗਾਂਧੀ ਔਰ ਸੰਤ ਲੌਂਗੋਵਾਲ ਦੇ ਅਕਾਰਡ ਦਾ ਸਵਾਲ ਹੈ, ਉਸ ਸਬੰਧੀ ਮੇਰੀ ਪਾਰਟੀ ਔਰ ਸਾਰਾ ਪੰਜਾਬ ਇਸ ਅਕਾਰਡ ਨੂੰ ਇਮਾਨਦਾਰੀ ਨਾਲ ਸਿਰੇ ਚੜ੍ਹਾਏਗਾ। ਪਹਿਲਾਂ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਦੀ ਜ਼ਰੂਰਤ ਨਹੀਂ ਸੀ। ਇਹ ਰੈਜ਼ੋਲਿਊਸ਼ਨ ਅਨ ਕਾਲਡ ਫਾਰ ਹੈ। ਇਸ ਦੀ ਕੋਈ ਆਵੱਸ਼ਕਤਾ ਨਹੀਂ ਸੀ। ਇਸ ਬਾਰੇ ਮੈਂ ਤੁਹਾਨੂੰ ਰੀਜ਼ਨਜ਼ ਅਤੇ ਦਲੀਲਾਂ ਦੇ ਕੇ ਦਸਾਂਗਾ। ਸਰਦਾਰ ਬਲਦੇਵ ਸਿੰਘ ਮਾਨ ਨੇ ਇਤਿਹਾਸ ਦੀਆਂ ਗੱਲਾਂ ਕੀਤੀਆਂ ਹਨ। ਮੈਂ ਇਨ੍ਹਾਂ ਨੂੰ ਲਿਜਾਣਾ ਚਾਹੁੰਦਾ ਹਾਂ ਜਦੋਂ ਕਿ ਪੰਜਾਬੀ ਸੂਬਾ ਬਣਿਆ ਨਹੀਂ ਸੀ। 1947 ਵਿਚ ਜਦੋਂ ਹਿੰਦੁਸਤਾਨ ਆਜ਼ਾਦ ਹੋਇਆ। ਬਾਅਦ ਵਿਚ ਸਾਰਿਆਂ ਨੇ ਮੰਨਿਆ ਕਿ ਭਾਸ਼ਾ ਦੇ ਆਧਾਰ ਤੇ ਸੂਬੇ ਬਣਨ ਅਤੇ ਲਿੰਗੁ-ਇਸਟਿਕ ਰੀਆਰਗੇਨਾਈਜ਼ੇਸ਼ਨ ਹੋਈ। ਉਸ ਵੇਲੇ ਦੇ ਮਹਾਨ ਸਪੂਤ ਸਰਦਾਰ ਪ੍ਰਤਾਪ ਸਿੰਘ ਕੈਰੋਂ ਜਿਹੜੇ ਕਿ ਅਕਸਰ ਕਿਹਾ ਕਰਦੇ ਸਨ ਕਿ ਮੇਰਾ ਕਿਸਾਨ ਜ਼ਮੀਨ ਦਾ ਭੁੱਖਾ ਹੈ, ਮੇਰਾ ਵਿਉ-ਪਾਰੀ ਵਿਉਪਾਰ ਦਾ ਭੁੱਖਾ ਹੈ। ਉਹ ਕਹਿੰਦੇ ਸਨ ਕਿ ਪੰਜਾਬ ਨੂੰ ਐਨਾ ਵੱਡਾ ਕਰ ਦਿਓ ਕਿ ਨਾਰਥ ਜ਼ੋਨ ਬਣਾ ਦਿਓ। ਅਗਰ ਉਨ੍ਹਾਂ ਦੀ ਗਲ ਮੰਨੀ ਜਾਂਦੀ, ਖੈਰ ਇਹ ਇਤਿਹਾਸ ਦੀਆਂ ਗੱਲਾਂ ਹਨ। ਪਰ ਇਹ ਗੱਲ ਨਹੀਂ ਮੰਨੀ ਗਈ। ਪੰਜਾਬੀ ਦੇ ਵਿਚ ਬੜੀ ਹਿੰਮਤ ਹੈ, ਦਿਮਾਗ ਹੈ ਅਤੇ ਦਲੇਰੀ ਹੈ। ਔਰ ਉਹ ਕਹਿੰਦੇ ਸਨ ਕਿ ਪੰਜਾਬ ਪੰਜਾਬੀਆਂ ਦੀ ਤਾਕਤ ਵਾਸਤੇ ਬਹੁਤ ਛੋਟਾ ਹੈ। ਉਸ ਵੇਲੇ ਲਾਹੌਲ ਸਪਿਤੀ ਤਕ ਅਤੇ ਦਿੱਲੀ ਤਕ ਪੰਜਾਬ ਦੀਆਂ ਹੱਦਾਂ ਸਨ। ਲੇਕਿਨ ਇਨ੍ਹਾਂ ਨੇ ਪੰਜਾਬੀ ਸੂਬਾ ਮੰਗਿਆ ਅਤੇ ਇਸ ਤਰ੍ਹਾਂ ਪੰਜਾਬ ਛੋਟਾ ਹੋ ਗਿਆ। ਚੇਅਰਮੈਨ ਸਾਹਿਬ, ਕਾਂਗਰਸ ਪਾਰਟੀ ਕਦੇ ਵੀ 1966 ਤੋਂ ਲੈ ਕੇ ਇਸ ਗੱਲ ਉਤੇ ਨਹੀਂ ਮੰਨੀ ਕਿ ਪੰਜਾਬ ਦੇ ਜਿਹੜੇ ਹਿੱਸੇ ਬਾਹਰ ਰਹਿ ਗਏ ਹਨ, ਪੰਜਾਬੀ ਬੋਲਣ ਵਾਲੇ ਜਿਹੜੇ ਹਿੱਸੇ ਬਾਹਰ ਰਹਿ ਗਏ ਹਨ, ਉਹ ਪੰਜਾਬ ਵਿਚ ਸ਼ਾਮਲ ਨਹੀਂ ਹੋਣੇ ਚਾਹੀਦੇ। ਕਾਂਗਰਸ ਪਾਰਟੀ, ਮੇਰੀ ਪਾਰਟੀ 1966 ਤੋਂ ਲੈ ਕੇ ਅੱਜ ਤਕ, ਜਿਥੋਂ ਤੱਕ ਚੰਡੀਗੜ੍ਹ ਦਾ ਸਵਾਲ ਹੈ, ਉਹ ਪੰਜਾਬ ਵਿਚ ਆਉਣਾ ਹੈ ਅਤੇ ਕਾਂਗਰਸ ਪਾਰਟੀ ਹਮੇਸ਼ਾ ਇਸ ਗਲ ਉਪਰ ਬੜੀ ਮਜ਼ਬਤੀ ਨਾਲ ਖੜੀ ਰਹੀ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ।

ਇਹ ਜਿਹੜੀ ਅਕਾਰਡ ਦੀ ਗਲ ਕਰਦੇ ਹਨ, ਮੈਂ ਇਕ ਦੋ ਗੱਲਾਂ ਵਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਜਿਸ ਵੇਲੇ ਇਹ ਮੋਰਚਾ ਚਲ ਰਿਹਾ ਸੀ, ਅਸੀਂ ਉਦੋਂ ਵੀ ਹਾਈ ਕਮਾਂਡ ਕੋਲ ਜਾਂਦੇ ਸੀ ਅਤੇ ਪ੍ਰਾਈਮ ਮਨਿਸਟਰ ਨਾਲ ਮੀਟਿੰਗਾਂ ਕਰਦੇ ਸੀ। ਪਰ ਮੇਰੀ ਜਿਹੜੀ ਗੱਲ ਉਸ ਵੇਲੇ ਪ੍ਰਾਈਮ ਮਨਿਸਟਰ ਨਾਲ ਹੋਈ, ਮੈਂ ਉਸ ਗੱਲ ਦਾ ਹਵਾਲਾ ਦੇਣਾ ਚਾਹੁੰਦਾ ਹਾਂ। ਸ਼੍ਰੀਮਤੀ ਇੰਦਰਾ ਗਾਂਧੀ ਜੀ ਇਕ ਮਹਾਨ ਲੀਡਰ ਸਨ। 1982 ਵਿਚ ਜਦ ਮੈਂ ਨਾਸਕ ਜਾ ਰਿਹਾ ਸੀ ਤਾਂ ਮੈਂ ਉਨ੍ਹਾਂ ਦੇ ਦਰਸ਼ਨ ਕਰਨ ਗਿਆ। ਮੈਂ ਕਿਹਾ ਭੈਣ ਜੀ, ਚੰਡੀਗੜ੍ਹ ਪੰਜਾਬ ਦਾ ਹੈ। ਉਹ ਕਹਿਣ ਲੱਗੇ, ਫਾਜ਼ਿਲਕਾ ਅਤੇ ਅਬੋਹਰ ਨਾਲ ਕਿਸ ਤਰ੍ਹਾਂ ਡੀਲ ਕਰਾਂਗੇ। ਮੈਂ ਕਿਹਾ, ਫਾਜ਼ਿਲਕਾ ਅਤੇ ਅਬੋਹਰ ਪੰਜਾਬ ਦਾ ਉਤਨਾ ਹੀ ਹਿੱਸਾ ਹਨ ਜਿੰਨਾ ਜਲੰਧਰ ਅਤੇ ਅੰਮ੍ਰਿਤਸਰ। (ਥੰਪਿੰਗ) ਉਹ ਮੈਨੂੰ ਕਹਿਣ ਲੱਗੇ ਕਿ ਅਕਾਰਡ ਉਪਰ ਅਕਾਲੀ ਪਾਰਟੀ ਦੇ ਦਸਤਖਤ ਹਨ। ਮੈਂ ਕਿਹਾ ਭੈਣ ਜੀ ਇਹ ਗਲ ਪੁਰਾਣੀ ਹੋ ਗਈ ਹੈ। ਉਹ ਕਹਿਣ ਲੱਗੇ ਕਿ ਅਕਾਲੀ ਪਾਰਟੀ ਨੇ ਇਸ ਬਾਰੇ ਰੈਜ਼ੋਲਿਊਸ਼ਨ ਕੀਤਾ ਹੈ ਅਤੇ ਉਨ੍ਹਾਂ ਦੇ ਇਸ ਉਤੇ ਦਸਤਖਤ ਹਨ ਅਤੇ ਉਨ੍ਹਾਂ ਨੇ ਇਸ ਨੂੰ ਮੰਨਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਦਸਤਖਤ ਕਰਨ ਲੱਗੇ ਨਹੀਂ ਸੋਚਦੇ ਕਿ ਕਿਸ ਚੀਜ਼ ਤੇ ਦਸਤਖਤ ਕੀਤੇ ਹਨ। ਅਗਰ ਪੰਜਾਬ ਦੀ ਕਿਸਮਤ ਦਾ ਭੈੜਾ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬ੍ਰਿਜ ਭੂਸ਼ਨ ਮਹਿਰਾ]

ਹਾਲ ਕੀਤਾ ਹੈ ਤਾਂ ਇਹ ਅਕਾਲੀ ਪਾਰਟੀ ਨੇ ਕੀਤਾ ਹੈ। (ਖ਼ੈ ਪਿੰਗ) ਇਹ ਸੋਚ ਕੇ ਦਸਤਖਤ ਕਰਿਆ ਕਰਨ। ਹੁਣ ਇਹ ਜਿਹੜੀ ਗਲ ਕਰ ਰਹੇ ਹਨ, ਸੰਧੂ ਜੀ ਬੈਠੇ ਹਨ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕੋਸ਼ਿਸ਼ ਕਰਦੇ ਰਹੇ ਹਾਂ ...

ਸਰਦਾਰ ਕੁਲਦੀਪ ਸਿੰਘ ਵਡਾਲਾ : ਪੁਆਇੰਟ ਆਫ ਆਰਡਰ, ਸਰ । ਮੈਂ ਕਹਿਣਾ ਚਾਹੁੰਦਾ ਹਾਂ ਕਿ ਉਸ ਰੈਜ਼ੋਲਿਊਸ਼ਨ ਤੇ ਅਕਾਲੀਆਂ ਦੇ ਦਸਤਖਤ ਨਹੀਂ ਹੋਏ । ਅਸੀਂ ਉਸ ਵੇਲੇ ਰੈਜ਼ੋਲਿਊਸ਼ਨ ਕੀਤਾ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ । ਚੇਅਰਮੈਨ ਸਾਹਿਬ, ਇਹ ਬਿਲਕੁਲ ** ਬੋਲ ਰਹੇ ਹਨ ।

ਸ਼੍ਰੀ ਸਭਾਪਤੀ : ** ਦਾ ਲਫਜ਼ ਠੀਕ ਨਹੀਂ ਹੈ। ਇਹ ਅਨਪਾਰਲੀਮੈਂਟਰੀ ਲਫ਼ਜ਼ ਹੈ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : **ਅਨਪਾਰਲੀਮੈਂਟਰੀ ਵਰਡ ਹੈ। ਚੇਅਰਮੈਨ ਸਾਹਿਬ, ਇਹ ਵੀ ** ਬੋਲ ਰਹੇ ਹਨ ।

ਸ਼੍ਰੀ ਸਭਾਪਤੀ : ** ਲਫਜ਼ ਅਨਪਾਰਲੀਮੈਂਟਰੀ ਹੈ, ਇਸ ਲਈ ਇਹ ਦੋਨਾਂ ਪਾਸਿਆਂ ਤੋਂ ਕਿਹਾ ਗਿਆ ਲਫਜ਼ ਰਿਕਾਰਡ ਵਿਚੋਂ ਕੱਢ ਦਿਤਾ ਜਾਵੇ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਉਸ ਅਵਾਰਡ ਨੂੰ ਮੰਨਿਆ ਅਤੇ ਉਸ ਨੂੰ ਮੰਨਦੇ ਹੋਏ ਸੰਤ ਫਤਿਹ ਸਿੰਘ ਨੇ ਜਿਹੜਾ ਮਰਨ ਵਰਤ ਰਖਿਆ ਹੋਇਆ ਸੀ, ਉਹ ਉਨ੍ਹਾਂ ਨੇ ਮਰਨ ਵਰਤ ਖੋਲ੍ਹਿਆ। ਇਨ੍ਹਾਂ ਨੇ ਪੰਜਾਬ ਵਿਚ 1 ਨਵੰਬਰ ਨੂੰ ਪੰਜਾਬ ਡੇਅ ਮਨਾਇਆ। ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਇਤਿਹਾਸ ਦਾ ਪਤਾ ਨਹੀਂ ਹੈ, ਇਨ੍ਹਾਂ ਨੂੰ ਕੁਝ ਦੱਸੋ ।

ਦੂਸਰੀ ਗਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਸ ਗਲ ਦੇ ਉਪਰ ਬਿਲਕੁਲ ਪੁਖਤਾ ਇਰਾਦੇ ਨਾਲ ਖੜ੍ਹੇ ਹਾਂ ਕਿ ਪੰਜਾਬੀ ਬੋਲਣ ਵਾਲੇ ਹਿੱਸੇ ਪੰਜਾਬ ਵਿਚ ਆਉਣੇ ਚਾਹੀਦੇ ਹਨ ਅਤੇ ਉਸ ਨੂੰ ਪੰਜਾਬ ਵਿਚ ਸ਼ਾਮਲ ਕਰਨ ਵਾਸਤੇ ਅਸੀਂ ਪੂਰੀ ਤਰ੍ਹਾਂ ਲੜਾਂਗੇ । ਫਾਜ਼ਿਲਕਾ ਅਤੇ ਅਬੋਹਰ ਬਾਰੇ ਮੈਂ ਪਹਿਲਾਂ ਹੀ ਕਿਹਾ ਹੈ ਕਿ ਇਹ ਪੰਜਾਬ ਦੇ ਉਤਨੇ ਹੀ ਹਿੱਸੇ ਹਨ ਜਿੰਨੇ ਕਿ ਜਲੰਧਰ ਅਤੇ ਅੰਮ੍ਰਿਤਸਰ ਹਨ। (ਖੰਪਿੰਗ) ਉਸ ਦੇ ਵਾਸਤੇ ਕਾਂਗਰਸ ਪਾਰਟੀ ਨੂੰ ਜੋ ਵੀ ਉਪਰਾਲਾ ਕਰਨਾ ਪਵੇਗਾ, ਜੋ ਵੀ ਕੋਸ਼ਿਸ਼ ਕਰਨੀ ਪਵੇਗੀ, ਜੋ ਵੀ ਜੱਦੋ ਜਹਿਦ ਕਰਨੀ ਪਵੇਗੀ, ਕਰੇਗੀ ਅਤੇ ਅਸੀਂ ਅਕਾਲੀ ਪਾਰਟੀ ਨਾਲੋਂ ਇਕ ਕਦਮ ਅੱਗੇ ਚਲਾਂਗੇ ।

ਜਿਹੜੀ ਅਕਾਰਡ ਦੀ ਗੱਲ ਹੈ, ਉਹਦੇ ਤਿੰਨ ਪੱਖ ਹਨ। ਪਹਿਲਾ ਪੱਖ ਇਹ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ, ਉਹ ਮਿਲ ਗਿਆ ਹੈ। ਇਸ ਦੀ ਜਿਹੜੀ ਮਹੱਤਵਪੂਰਨ ਗੱਲ ਹੈ, ਉਹ ਇਹ ਹੈ ਕਿ 26 ਜਨਵਰੀ, 1986 ਤੱਕ ਇਸ ਨੂੰ ਪੰਜਾਬ ਨੂੰ ਟਰਾਂਸਫਰ ਕਰ ਦੇਣਾ ਹੈ, ਉਦੋਂ ਤੱਕ ਇਹ ਟਰਾਂਸਫਰ ਕਰ ਦੇਣਾ ਚਾਹੀਦਾ ਹੈ। ਦੂਜੀ ਗੱਲ ਇਹ ਹੈ ਕਿ ਕੁਝ ਹਿੰਦੀ ਬੋਲਦੇ ਇਲਾਕੇ ਜਿਹੜੇ ਹਰਿਆਣਾ ਨਾਲ ਲਗਦੇ ਹਨ ਉਹ ਹਰਿਆਣਾ ਨੂੰ ਦੇਣੇ ਹਨ ਇਨ ਲਿਊ ਆਫ ਚੰਡੀਗੜ੍ਹ । ਇਸ ਦੇ ਵਿਚ ਜਿਹੜੇ ਤਿੰਨ ਪ੍ਰਿੰਸੀਪਲ ਹਨ, ਉਨ੍ਹਾਂ ਵਿਚੋਂ ਇਹ ਹੈ ਬੋਲੀ ਦਾ, ਦੂਜਾ ਕੰਟੀਗਿਉਇਟੀ ਦਾ ਅਤੇ ਤੀਸਰਾ ਵਿਲੇਜ ਐਜ਼ਏ ਯੂਨਿਟ । ਇਹ ਜਿਹੜੇ ਤਿੰਨ ਪ੍ਰਿੰਸੀਪਲ ਜਾਂ ਕਲਾਜ਼ਾਂ ਮੈਂ ਦੱਸੀਆਂ ਹਨ, ਇਹ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਐਗ਼ਰੀਮੈਂਟ ਵਿਚ ਹਨ ਜੋ ਕਿ ਮੈਥਿਊ ਕਮਿਸ਼ਨ ਨੂੰ ਰੈਫਰ ਹੋਇਆ ਹੈ। ਇਹ ਟਰਮਜ਼ ਆਫ ਰੈਫਰੈਂਸ ਦੇ ਬਾਰੇ ਇਤਰਾਜ਼ ਕਰਦੇ ਹਨ। ਰੈਜ਼ੋਲਿਊਸ਼ਨ ਵਿਚ ਇਨ੍ਹਾਂ ਨੇ ਲਿਖਿਆ ਹੈ :—

Such areas will be identified on the priciples of linguistic affinity and contiguity taking village as a unit. However, in the terms of reference of the 'Mathew Commission' in addition to the above mentioned three principles the Commission has been authorised to take into consideration any other factors as are deemed appropriate."

ਇਨ੍ਹਾਂ ਨੇ ਵਕੀਲਾਂ ਨਾਲ ਗੱਲ ਕੀਤੀ, ਵਕੀਲਾਂ ਨਾਲ ਸਲਾਹ ਕੀਤੀ ਪਰ ਗੱਲ ਇਕ ਹੈ— ਉਹ ਇਹ ਕਿ ਜਿਹੜੀਆਂ ਐਪਰੋਪਰੀਏਟ ਕੰਡੀਸ਼ਨਜ਼ ਹਨ, ਉਹ ਕੁਆਲੀਫਾਈ ਕਰਦੇ ਹਨ। ਤਿੰਨ ਬੇਸਿਕ ਪ੍ਰਿੰਸੀਪਲ ਜਿਹੜੇ ਰੈਫਰ ਹੋਏ ਹਨ ਉਹ ਹਨ ਕੰਟੀਗਿਉਇਟੀ, ਲੈਂਗੂਏਜ ਐਂਡ ਵਿਲੇਜ ਐਜ਼ ਯੂਨਿਟ। ਚੇਅਰਮੈਨ ਸਾਹਿਬ, ਜਿਹੜਾ ਅਕਰਾਡ ਹੋਇਆ, ਉਸ ਦੇ ਵਿਚ ਤਿੰਨ ਕਲਾਜ਼ਾਂ ਮੈਨਸ਼ਨ ਕੀਤੀਆਂ ਹਨ ਜੋ ਕਿ ਕਮਿਸ਼ਨ ਨੂੰ ਰੈਫਰ ਕੀਤੀਆਂ ਹਨ।

Sardar Karnail Singh Doad: It can be questioned.

Shri Brij Bhushan Mehra: It can not be questioned.

ਸ਼੍ਰੀ ਰਾਜੀਵ ਗਾਂਧੀ ਸਾਡੇ ਪ੍ਰਾਈਮ ਮਨਿਸਟਰ ਹਨ। ਉਨ੍ਹਾਂ ਨੇ ਹਿੰਦੁਸਤਾਨ ਵਿਚ ਕੀ, ਸਾਰੀ ਦੁਨੀਆਂ ਵਿਚ ਵੱਡੇ ਵੱਡੇ ਲੀਡਰਾਂ ਵਿਚ ਵਿਸ਼ਵਾਸ ਪੈਦਾ ਕੀਤਾ ਹੈ। ਜਦੋਂ ਇਨ੍ਹਾਂ ਨੇ ਸ਼ੱਕ ਜ਼ਾਹਿਰ ਕੀਤਾ ਕਿ ਇਸ ਵਿਚ ਕੋਈ ਟਵਿਸਟ ਨਾ ਹੋ ਜਾਵੇ ਤਾਂ ਉਨ੍ਹਾਂ ਨੇ ਕਿਹਾ ਕਿ ਕੋਈ ਵੀ ਇਸ ਦਾ ਨਾਜਾਇਜ਼ ਫਾਇਦਾ ਨਾ ਉਠਾਏ। ਉਸ ਦੇ ਬਾਅਦ ਸਾਡੇ ਚੀਫ ਮਨਿਸਟਰ ਸਾਹਿਬ ਨੇ ਬਿਆਨ ਦਿਤਾ ਕਿ ਮੇਰੀ ਪੂਰੀ ਤਸੱਲੀ ਹੋ ਗਈ ਹੈ ਪਰ ਉਸ ਦੇ ਬਾਅਦ ਇਹ ਰੈਜ਼ੋਲਿਊਸ਼ਨ ਲਿਆਉਣਾ, it is in bad taste. ਇਹ ਅਕਾਰਡ ਦੇ ਅਗੇਂਸਟ ਗੱਲ ਜਾਂਦੀ ਹੈ। ਜੋ ਉਨ੍ਹਾਂ ਨੇ ਕੌਮ ਨਾਲ ਵਾਅਦਾ ਕੀਤਾ ਸੀ ਕਿ ਮੈਂ ਪੰਜਾਬ ਨੂੰ ਪਹਿਲ ਦਿਆਂਗਾ, ਉਨ੍ਹਾਂ ਨੇ ਇਸ ਗਲ ਨੂੰ ਸਿਰੇ ਚੜ੍ਹਾ ਦਿੱਤਾ ਹੈ। ਸ਼੍ਰੀ ਰਾਜੀਵ ਗਾਂਧੀ ਜੀ ਨੇ ਹਿੰਦੁਸਤਾਨ ਦੇ ਸਾਰੇ ਮਸਲੇ ਹੱਲ ਕਰ ਦਿਤੇ ਹਨ ਚਾਹੇ ਉਹ ਆਸਾਮ ਦਾ ਮਸਲਾ ਸੀ ਅਤੇ ਚਾਹੇ ਮੀਜ਼ੋਰਮ ਦਾ ਮਸਲਾ ਸੀ। ਇਥੇ ਹੀ ਬਸ ਨਹੀਂ, ਸ਼੍ਰੀ ਰਾਜੀਵ ਗਾਂਧੀ ਜਿਸ ਨੂੰ ਦੁਨੀਆ ਦੇ ਪੱਧਰ ਉਪਰ ਐਨਾ ਵਿਸ਼ਵਾਸ ਮਿਲਿਆ ਹੈ, ਉਨ੍ਹਾਂ ਨੇ ਪਿਛਲੇ ਚਾਰ ਪੰਜ ਮਹੀਨਿਆਂ ਵਿਚ ਦੋ ਵਾਰੀ ਰੀਗਨ ਨਾਲ ਗਲ ਬਾਤ ਕੀਤੀ, ਫਿਰ ਗਾਰਬਾਚੇਵ ਨਾਲ ਗਲ ਕੀਤੀ। ਉਨ੍ਹਾਂ ਨੇ ਸੁਪਰ ਪਾਵਰਾਂ ਨਾਲ ਗਲ ਕੀਤੀ। ਉਨ੍ਹਾਂ ਵਿਚ ਇਕ ਐਸੀ ਰੌਸ਼ਨੀ ਦੀ ਕਿਰਨ ਹੈ ਜਿਹੜੀ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਦੀ ਹੈ। ਰੀਗਨ ਜਿਹੇ ਲੀਡਰ ਨੂੰ ਜਿਸ ਨੂੰ ਮਿਲਣ ਲਈ ਸਾਲ ਬਾਅਦ ਵਾਰੀ ਨਹੀਂ ਆਉਂਦੀ, ਉਨ੍ਹਾਂ ਨਾਲ ਸ਼੍ਰੀ ਰਾਜੀਵ ਗਾਂਧੀ ਨੇ ਮੀਟਿੰਗ ਕੀਤੀ। ਅੱਜ ਉਹ ਦੁਨੀਆਂ ਦੇ ਮਸਲੇ ਹੱਲ ਕਰ ਰਹੇ ਹਨ। ਇਨ੍ਹਾਂ ਦੀ ਪਾਰਟੀ ਦੀ ਸੋਚ ਕਿਸ ਤਰ੍ਹਾਂ ਦੀ ਹੈ ਕਿ ਸ਼੍ਰੀ ਰਾਜੀਵ ਗਾਂਧੀ ਦੇ ਬਿਆਨ ਤੋਂ ਬਾਅਦ ਫਿਰ ਵੀ ਇਹ ਸ਼ੱਕ ਕਰਨ ਲਗ ਪਏ ਹਨ ਜਦ ਕਿ ਸ਼੍ਰੀ ਬਰਨਾਲਾ ਜੋ ਕਿ ਹਾਊਸ ਦੇ ਲੀਡਰ ਹਨ, ਇਸ ਗਲ ਨੂੰ ਐਕਸੈਪਟ ਕਰਦੇ ਹਨ ਕਿ ਮੈਂ ਸੈਟਿਸਫਾਈਡ ਹਾਂ। ਜਦ ਪਾਰਟੀ ਦਾ ਲੀਡਰ ਸੈਟਿਸਫਾਈਡ ਹੋਵੇ ਪਰ ਮੈਂਬਰ ਸੈਟਿਸਫਾਈਡ ਨਾ ਹੋਣ ਤਾਂ ਇਸ ਦਾ ਮਤਲਬ ਹੈ ਕਿ ਇਨ੍ਹਾਂ ਵਿਚ ਕਨਫਿਊਜ਼ਨ ਹੈ। (ਥੈਪਿੰਗ) ਮੈਂ ਇਕ ਗਲ ਕਹਿੰਦਾ ਹਾਂ ਕਿ ਅਕਾਲੀ ਪਾਰਟੀ ਮੈਥਿਊ ਕਮਿਸ਼ਨ ਕੋਲ ਜਦੋਂ ਗਈ ਤਾਂ ਉਸ ਦਾ ਪਹਿਲਾ ਫਰਜ਼ ਬਣਦਾ ਸੀ ਕਿ ਉਹ ਸਾਰੇ ਹਾਊਸ ਨੂੰ, ਸਾਰੀਆ ਪੌਲੀਟੀਕਲ ਪਾਰਟੀਆਂ ਨੂੰ ਕਾਨਫੀਡੈਂਸ ਵਿੱਚ ਲੈਂਦੀ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਮਹਿਰਾ ਸਾਹਿਬ ਨੇ ਬੜਾ ਗਲਤ ਕਿਹਾ ਹੈ, ਇਨ੍ਹਾਂ ਨੇ ਫੈਕਟ ਨੂੰ ਗਲਤ ਪੇਸ਼ ਕੀਤਾ ਹੈ ਕਿ ਮੈਥਿਊ ਕਮਿਸ਼ਨ ਦੇ ਅਗੇ ਅਕਾਲੀ ਪਾਰਟੀ ਗਈ ਹੈ। ਮੈਥਿਊ ਕਮਿਸ਼ਨ ਕੋਲ ਪੰਜਾਬ ਗੌਰਮਿੰਟ ਐਜ਼ ਸੱਚ ਗਈ ਔਰ ਪੰਜਾਬ ਗੌਰਮਿੰਟ ਵਲੋਂ ਉਨ੍ਹਾਂ ਦਾ ਵਕੀਲ ਸੋਰਾਬਜੀ ਪੇਸ਼ ਹੋਇਆ। ਅਕਾਲੀ ਪਾਰਟੀ ਕੋਈ ਕੇਸ ਪੇਸ਼ ਨਹੀਂ ਕਰ ਰਹੀ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣੇ ਲਫਜ਼ ਵਾਪਸ ਲੈਣ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ: ਚੇਅਰਮੈਨ ਸਾਹਿਬ, ਜਿਸ ਵੇਲੇ ਪੰਜਾਬ ਸਰਕਾਰ ਦੀ ਗਲ ਆਉਂਦੀ ਹੈ ਤਾਂ ਗਲ ਉਸ ਵੇਲੇ ਇਹ ਵੀ ਆਉਂਦੀ ਹੈ ਕਿ ਅੱਜ ਪੰਜਾਬ ਸਰਕਾਰ ਅਕਾਲੀ ਪਾਰਟੀ ਦੀ ਹੈ, ਅਕਾਲੀ ਪਾਰਟੀ ਪੰਜਾਬ ਸਰਕਾਰ ਨੂੰ ਰਨ ਕਰ ਰਹੀ ਹੈ ਔਰ ਜਿਹੜੇ ਫੈਸਲੇ ਪੰਜਾਬ ਸਰਕਾਰ ਦੇ ਹਨ, ਉਹ ਇਕ ਕਿਸਮ ਦੇ ਅਕਾਲੀ ਪਾਰਟੀ ਦੇ ਫੈਸਲੇ ਹਨ। ਜਿਸ ਵੇਲੇ ਕਹੀਏ ਕਿ ਅਕਾਲੀ ਪਾਰਟੀ ਰਨ ਕਰ ਰਹੀ ਹੈ ਪੰਜਾਬ ਸਰਕਾਰ ਨੂੰ ਤਾਂ ਇਹ ਪੰਜਾਬ ਸਰਕਾਰ ਦਾ ਫਰਜ਼ ਹੈ ਕਿ ਉਹ ਸਾਰੀਆਂ ਪੌਲੀਟੀਕਲ ਪਾਰਟੀਆਂ ਨੂੰ ਕਾਨਫੀਡੈਂਸ ਵਿੱਚ ਲਵੇ। ਮੈਂ ਇਹ ਮੰਗ ਕਰਦਾ ਹਾਂ ਇਸ ਰੈਜ਼ੋਲਿਊਸ਼ਨ ਦੀ ਡਿਸਕਸ਼ਨ ਥਲੇ ਕਿ ਸਾਰੀਆਂ ਪਾਰਟੀਆਂ ਦਾ ਇਕ ਇਕ ਨੁਮਾਇੰਦਾ ਲਿਆ ਜਾਵੇ ਜਿਹੜਾ ਇਸ ਮਾਮਲੇ ਵਿਚ ਮੈਥਿਊ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤਾ ਜਾਵੇ ਤਾਕਿ ਫਿਰ ਕੋਈ ਐਸੀ ਗਲਤੀ ਨਾ ਰਹਿ ਜਾਵੇ ਕਿਉਂਕਿ ਅੱਜ ਸਮੁੱਚਾ ਪੰਜਾਬ ਇਸ ਗਲ ਤੇ ਦ੍ਰਿੜ੍ਹ ਹੈ ਔਰ ਪੱਕਾ ਹੈ ਕਿ ਕੋਈ ਵੀ ਪੰਜਾਬੀ ਬੋਲਦਾ ਹਿੱਸਾ ਪੰਜਾਬ ਤੋਂ ਬਾਹਰ ਨਾ ਜਾਵੇ। ਅਸੀਂ ਤਾਂ ਇਹ ਵੀ ਚਾਹੁੰਦੇ ਹਾਂ ਕਿ ਪੰਜਾਬ ਦਾ ਜਿਹੜਾ ਇਲਾਕਾ ਬਾਹਰ ਹੈ, ਉਹ ਵੀ ਪੰਜਾਬ ਦੇ ਵਿੱਚ ਆਵੇ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਕਰਨਾਲ ਤਕ ਹੋ ਜਾਵੇ। ਇਹ ਤਾਂ ਹੀ ਹੋ ਸਕਦਾ ਹੈ ਜੇ ਇਸ ਦੇ ਵਿੱਚ ਸਾਰਿਆਂ ਦਾ ਸਹਿਯੋਗ ਹੋਵੇ। ਇਹ ਸਮਝਣ ਕਿ ਇਹ ਪੰਜਾਬ ਅਕਾਲੀਆਂ ਦਾ ਹੈ ਤਾਂ ਇਹ ਇਨ੍ਹਾਂ ਦਾ ਭੁਲੇਖਾ ਹੈ ਅਤੇ ਇਸ ਭੁਲੇਖੇ ਨੇ ਇਨ੍ਹਾਂ ਨੂੰ ਪਹਿਲਾਂ ਵੀ ਮਾਰਿਆ ਹੈ ਅਤੇ ਹੁਣ ਫਿਰ ਮਾਰੇਗਾ। ਚੇਅਰਮੈਨ ਸਾਹਿਬ, ਮੈਂ ਮਾਨ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਰੈਜ਼ੋਲਿਊਸ਼ਨ ਨੂੰ ਵਿਦ-ਡਰਾਅ ਕਰਨ ਕਿਉਂਕਿ ਇਹ ਬੈਡ ਟੇਸਟ ਵਿੱਚ ਹੈ। ਜਿਸ ਪ੍ਰਧਾਨ ਮੰਤਰੀ ਸਾਹਿਬ ਦਾ ਕਿਹਾ ਸਾਰੀ ਦੁਨੀਆ ਮੰਨਦੀ ਹੈ, ਜੇ ਤੁਹਾਨੂੰ ਉਨ੍ਹਾਂ ਤੇ ਯਕੀਨ ਨਹੀਂ ਤਾਂ ਫਿਰ ਤੁਹਾਨੂੰ ਕਿਸ ਤੇ ਯਕੀਨ ਹੋ ਸਕਦਾ ਹੈ? ਇਹ ਬੜੀ ਦੁਖਦਾਇਕ ਗਲ ਹੈ ਅਤੇ ਮੇਰੀ ਪਾਰਟੀ ਇਹ ਸਮਝਦੀ ਹੈ ਕਿ ਇਹ ਰੈਜ਼ੋਲਿਊਸ਼ਨ ਬੈਡ ਟੇਸਟ ਵਿਚ ਹੈ ਔਰ ਇਹ ਅਕਾਰਡ ਜੋ ਹੋਇਆ ਹੈ, ਉਸ ਦੇ ਮਾਹੌਲ ਵਿਚ ਨਹੀਂ ਹੈ। ਅੱਜ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਸ਼ਹੀਦ ਹੋਏ ਹਨ ਔਰ 24 ਜੁਲਾਈ ਨੂੰ ਜੋ ਉਨ੍ਹਾਂ ਵਿਚ ਅਤੇ ਸਾਡੇ ਪ੍ਰਧਾਨ ਮੰਤਰੀ ਸਾਹਿਬ ਵਿਚ ਅਕਾਰਡ ਹੋਇਆ ਸੀ, ਉਸ ਅਕਾਰਡ ਦੇ ਮਾਹੌਲ ਅਨੁਸਾਰ ਇਹ ਰੈਜ਼ੋਲਿਊਸ਼ਨ ਨਹੀਂ ਹੈ। ਉਹ ਅਕਾਰਡ ਜਦੋਂ ਪਾਰਲੀਮੈਂਟ ਵਿਚ ਪੇਸ਼ ਹੋਇਆ ਸੀ ਤਾਂ ਪਾਰਲੀਮੈਂਟ ਦੇ ਸਾਰੇ ਮੈਂਬਰ ਸਾਹਿਬਾਨ ਨੇ, ਸਾਰੀਆਂ ਪਾਰਟੀਆਂ ਨੇ ਥੱਪ ਥੱਪਾ ਕੇ ਇਸ ਦਾ ਵੈਲਕਮ ਕੀਤਾ ਸੀ। ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਇਸ ਅਕਾਰਡ ਦਾ ਵੈਲਕਮ ਹੋਇਆ। ਅੱਜ ਜਿਸ ਅਕਾਰਡ ਤੇ ਸਾਰਾ ਦੇਸ਼ ਔਰ ਸਾਰੀ ਕੌਮ ਬਝੀ ਹੋਈ ਹੈ, ਸ਼੍ਰੀ ਰਾਜੀਵ ਗਾਂਧੀ ਜੋ ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਹਨ ਜਿਸ ਤੇ ਸਾਰੇ ਹਿੰਦੁਸਤਾਨ ਨੂੰ ਇਤਬਾਰ ਹੈ, ਜਿਸ ਤੇ ਪੰਜਾਬ ਦੇ ਸਭ ਤੋਂ ਵਡੇ ਨੇਤਾ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ ਇਤਬਾਰ ਸੀ ਲੇਕਿਨ ਅਫਸੋਸ ਹੈ ਕਿ ਉਨ੍ਹਾਂ ਦੇ ਚੇਲਿਆਂ ਨੂੰ ਸ਼੍ਰੀ ਰਾਜੀਵ ਗਾਂਧੀ ਜੀ ਤੇ ਇਤਬਾਰ ਨਹੀਂ। ਰੱਬ ਦੇ ਵਾਸਤੇ ਉਸ ਇਤਬਾਰ ਨੂੰ ਕਾਇਮ ਰਖੋ ਅਤੇ ਇਹ ਰੈਜ਼ੋਲਿਊਸ਼ਨ ਵਾਪਸ ਲੈ ਲਓ। ਹਰ ਚੀਜ਼ ਜ਼ਿੰਦਗੀ ਦੇ ਵਿੱਚ ਗਰੇਸ ਨਾਲ ਹੁੰਦੀ ਹੈ। ਗਰੇਸਫੁਲੀ ਗੱਲ ਕਰੋ। ਇਸ ਰੈਜ਼ੋਲਿਊਸ਼ਨ ਨਾਲ ਕੋਈ ਫਰਕ ਨਹੀਂ ਪੈਣਾ। ਮੈਥਿਊ ਕਮਿਸ਼ਨ ਵਿੱਚ ਆਰਗੂਮੈਂਟਸ ਹੋ ਗਈਆਂ ਹਨ, ਕਾਊਂਟਰ ਆਰਗੂਮੈਂਟਸ

Original with;
Punjab Vidhan Sabha
Digitized by;
Panjab Digital Library

ਹੋ ਗਈਆਂ ਹਨ, ਦੋਨੋਂ ਪਾਰਟੀਆਂ ਉਸ ਦੇ ਸਾਹਮਣੇ ਬੋਲ ਚੁੱਕੀਆਂ ਹਨ, ਇਸ ਲਈ ਇਸ ਦੀ ਹੁਣ ਕੋਈ ਲੀਗਲ ਵੈਲੀਡਿਟੀ ਨਹੀਂ ਹੈ। ਜਦੋਂ ਪ੍ਰੈਸ ਦੇ ਵਿੱਚ ਇਹ ਰੈਜ਼ੋਲਿਊਸ਼ਨ ਜਾਵੇਗਾ ਤਾਂ ਪੰਜਾਬ ਦੇ, ਸਾਰੇ ਹਿੰਦੁਸਤਾਨ ਦੇ ਔਰ ਬਾਹਰ ਦੇ ਜਦੋਂ ਲੀਗਲ ਲਿਊਮੀਨਰੀਜ਼ ਦੇਖਣਗੇ ਤਾਂ ਇਸ ਦੇ ਨਾਲ ਸਾਡਾ ਸਿਰ ਝੁਕੇਗਾ। ਰੱਬ ਦੇ ਵਾਸਤੇ ਸਦਨ ਦੀ ਮਰਯਾਦਾ ਦੀ ਖਾਤਰ ਇਹ ਰੈਜ਼ੋਲਿਊਸ਼ਨ ਵਾਪਸ ਲੈ ਲਓ ਜਾਂ, ਚੇਅਰਮੈਨ ਸਾਹਿਬ, ਇਸ ਨੂੰ ਟਾਕ ਆਊਟ ਕਰ ਦੇਣਾ, ਇਸ ਨੂੰ ਪਾਸ ਨਾ ਕਰਨਾ। ਜੈ ਹਿੰਦ ।

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ (ਡਕਾਲਾ) : ਚੇਅਰਮੈਨ ਸਾਹਿਬ, ਜੋ ਇਹ ਮਤਾ ਹਾਊਸ ਦੇ ਸਾਹਮਣੇ ਪੇਸ਼ ਹੋਇਆ ਹੈ, ਉਸ ਦੀ ਪ੍ਰੋੜਤਾ ਕਰਨ ਲਈ ਮੈਂ ਖੜਾ ਹੋਇਆ ਹਾਂ। ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਇਸ ਜਲ ਰਹੇ ਸੜਦੇ ਪੰਜਾਬ ਨੂੰ ਬਚਾਉਣ ਲਈ ਬੜੀ ਦਿੜ੍ਹਤਾ ਅਤੇ ਦਲੇਰੀ ਦਿਖਾ ਕੇ ਆਪਣੀ ਸਿਆਣਪ ਨਾਲ ਅਕਾਰਡ ਕੀਤਾ। ਉਸ ਅਕਾਰਡ ਦੀ ਸਪਿਰਟ ਨੂੰ ਖਤਮ ਕਰਨ ਲਈ ਜੋ ਅਫਸਰਸ਼ਾਹੀ ਵਲੋਂ ਇਹ ਮੈਥਿਊ ਕਮਿਸ਼ਨ ਦੇ ਟਰਮਜ਼ ਆਫ਼ ਰੈਫਰੈਂਸ ਬਦਲੇ ਗਏ, ਉਹ ਪੰਜਾਬ ਲਈ ਬੜੇ ਘਾਤਕ ਹਨ। ਚੇਅਰਮੈਨ ਸਾਹਿਬ, ਮੈਨੂੰ ਅਫਸੋਸ ਹੈ ਕਿ ਉਹ ਲੋਕ ਜੋ ਪੰਜਾਬ ਦੇ ਹਿੱਤਾਂ ਦੀ ਗਲ ਕਰਨਾ ਚਾਹੁੰਦੇ ਹਨ, ਉਹ ਇਕ ਪਾਸੇ ਤਾਂ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਜਦੋਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ ਤਾਂ ਉਨ੍ਹਾਂ ਦੇ ਬਾਰੇ ਟਿੱਪਣੀ ਕਰ ਸਕਦੇ ਹਨ ਕਿ ਉਹ ਜਲਿਆਂ ਵਾਲੇ ਬਾਗ ਨਹੀਂ ਗਏ ਪਰ ਦੂਸਰੇ ਪਾਸੇ ਉਨ੍ਹਾਂ ਦੀ ਜ਼ਬਾਨ ਨੂੰ ਜੰਦਰਾ ਲਗ ਜਾਂਦਾ ਹੈ ਜਦੋਂ ਪੰਜਾਬ ਦੇ ਹੱਕ ਨੂੰ ਖਤਮ ਕਰਨ ਲਈ, ਪੰਜਾਬ ਦੀ ਜੋ ਕਲਚਰ ਹੈ, ਉਸ ਨੂੰ ਖਤਮ ਕਰਨ ਲਈ ਮੈਥਿਊ ਕਮਿਸ਼ਨ ਦੀ ਟਰਮਜ਼ ਆਫ਼ ਰੈਫਰੈਂਸ ਵਿੱਚ 'ਅਦਰ ਫੈਕਟਰਜ਼' ਕੰਸਿਡਰ ਕਰਨ ਦੀ ਗਲ ਪਾ ਦਿੱਤੀ ਤਾਂ ਉਸ ਵੇਲੇ ਇਨ੍ਹਾਂ ਦੇ ਮੂੰਹ ਸੀਤੇ ਗਏ ਅਤੇ ਇਹ ਕੁਝ ਨਹੀਂ ਬੋਲੇ। ਚੇਅਰਮੈਨ ਸਾਹਿਬ, ਬੜੇ ਜ਼ੋਰ ਨਾਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਥਿਊ ਕਮਿਸ਼ਨ ਦੀਆਂ ਟਰਮਜ਼ ਆਫ਼ ਰੈਫਰੈਂਸ ਵਿੱਚ 'ਅਦਰ ਫੈਕਟਰਜ਼' ਕੰਸਿਡਰ ਕਰਨ ਦੀ ਗਲ ਜੋ ਕੀਤੀ ਗਈ ਹੈ, ਉਸ ਦੇ ਨਾਲ ਪੰਜਾਬ ਵਿੱਚ ਜੋ ਪੰਜਾਬੀ ਬੋਲਦੇ ਇਲਾਕੇ ਹਨ, ਇਸ ਗਲ ਨਾਲ ਉਸ ਨੂੰ ਸੱਟ ਵੱਜ ਸਕਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਫਾਜ਼ਿਲਕਾ ਔਰ ਅਬੋਹਰ ਦੇ ਇਲਾਕੇ ਨੂੰ ਵੀ ਪੰਜਾਬੀ ਇਲਾਕੇ ਕਰਾਰ ਦਿੱਤਾ ਗਿਆ ਹੈ ।

12.08 ਬਾਅਦ ਦੁਪਹਿਰ (ਇਸ ਵਕਤ ਸ਼੍ਰੀ ਰਾਮ ਕਿਸ਼ਨ ਕਟਾਰੀਆ, ਮੈਂਬਰ, ਪੈਨਲ ਆਫ਼ ਚੇਅਰਮੈਨ ਨੇ ਸਦਨ ਦੀ ਕੁਰਸੀ ਸੰਭਾਲੀ)

ਬੜੇ ਅਫ਼ਸੋਸ ਦੀ ਗਲ ਹੈ ਕਿ ਅੱਜ ਫਿਰ ਉਸ ਦੀ ਚਰਚਾ ਚੰਡੀਗੜ੍ਹ ਦੇਣ ਦੇ ਬਦਲੇ ਕੀਤੀ ਗਈ ਹੈ। ਜੋ ਮਤਾ ਇਸ ਵੇਲੇ ਹਾਊਸ ਵਿਚ ਰਖਿਆ ਗਿਆ ਹੈ, ਮੈਂ ਉਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ। ਜੇ ਪੰਜਾਬ ਦੀ ਕੋਈ ਹਿੱਤ ਦੀ ਗਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਮੈਂ ਕਹਾਂਗਾ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕਰਾਂਗਾ ਕਿ ਉਹ ਕੇਂਦਰ ਦੀ ਸਰਕਾਰ ਨੂੰ ਇਹ ਕਹਿ ਦੇਵੇ, ਉਸ ਦੇ ਲਈ ਇਹ ਐਲਾਨ ਕਰ ਦਿੱਤਾ ਜਾਵੇ ਕਿ ਮੈਥਿਊ ਕਮਿਸ਼ਨ ਨੇ 'ਅਦਰ ਫੈਕਟਰ' ਨੂੰ ਕੰਸਿਡਰ ਕਰਕੇ ਜੋ ਕੋਈ ਫੈਸਲਾ ਦਿੱਤਾ ਤਾਂ ਅਸੀਂ ਉਹ ਮੰਨਣ ਲਈ ਤਿਆਰ ਨਹੀਂ ਹੋਵਾਂਗੇ। ਇਹ ਹੁਣ ਪਾਸ ਹੋਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ]

ਦੂਜੀ ਗਲ ਜਿਹੜੀ ਮੈਂ ਇਥੇ ਕਹਿਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਹਰਿਆਣਾ ਦੇ ਬਾਰਡਰ ਦੇ ਜਿਹੜੇ ਇਲਾਕੇ ਹਨ, ਹਰਿਆਣਾ ਸਰਕਾਰ ਵਲੋਂ ਪਿੰਡਾਂ ਵਿਚ ਵਜ਼ੀਰ ਸਾਹਿਬਾਨ ਭੇਜੇ ਜਾ ਰਹੇ ਹਨ ਅਤੇ ਉਥੋਂ ਦੇ ਲੋਕਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ ਤਾਂ ਕਿ ਉਥੇ ਦੇ ਲੋਕ ਆਪਣੇ ਇਲਾਕੇ ਨੂੰ ਹਿੰਦੀ ਬੋਲਦੇ ਇਲਾਕੇ ਕਰਾਰ ਦੇਣ। ਮੇਰੇ ਹਲਕੇ ਵਿਚ ਜਟਾਲਾ ਹਰਿਆਣਾ ਦੀ ਹੱਦ ਤੇ ਹੈ। ਉਥੇ ਹਰਿਆਣਾ ਦੇ ਅਫਸਰ ਅਤੇ ਵਜ਼ੀਰ ਭੇਜੇ ਗਏ। ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਦੋ ਦਿਨਾਂ ਵਿਚ ਪਿੰਡ ਰੋਡ, ਭਾਬੜਾ ਅਤੇ ਹੋਰ ਕਈ ਪਿੰਡਾਂ ਵਿਚ ਹਰਿਆਣਾ ਪੁਲੀਸ ਵਲੋਂ ਛਾਪੇ ਮਾਰੇ ਗਏ ਅਤੇ ਉਥੇ ਦੇ ਨੌਜਵਾਨਾਂ ਨਾਲ ਬੁਰਾ ਸਲੂਕ ਕੀਤਾ ਗਿਆ। ਇਹ ਚਾਹੁੰਦੇ ਹਨ ਕਿ ਉਨ੍ਹਾਂ ਪਿੰਡਾਂ ਦੇ ਲੋਕ ਡਰ ਨਾਲ, ਸਹਿਮ ਨਾਲ ਕਹਿ ਦੇਣ ਕਿ ਉਹ ਹਿੰਦੀ ਬੋਲਦੇ ਇਲਾਕੇ ਹਨ। ਹਰਿਆਣਾ ਸਰਕਾਰ ਦਬਾ ਪਾ ਕੇ, ਉਥੇ ਦੇ ਲੋਕਾਂ ਵਿਚ ਦਹਿਸ਼ਤ ਫੈਲਾ ਕੇ ਘਿਨਾਉਣੇ ਕੰਮ ਕਰ ਰਹੀ ਹੈ। ਮੈਂ ਹਾਊਸ ਵਿਚ ਮੰਗ ਕਰਾਂਗਾ ਕਿ ਉਨ੍ਹਾਂ ਨੂੰ ਇਸ ਗੱਲੋਂ ਰੋਕਣ ਲਈ ਪੰਜਾਬ ਸਰਕਾਰ ਨੂੰ ਕੇਂਦਰ ਦੀ ਸਰਕਾਰ ਤੇ ਦਬਾਅ ਪਾਉਣਾ ਚਾਹੀਦਾ ਹੈ। ਹਰਿਆਣਾ ਵਾਲਿਆਂ ਵਲੋਂ ਪੰਜਾਬ ਅਖਾਰਡ ਤੇ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਖਰ ਵਿਚ ਮੈਂ ਇਹ ਕਹਾਂਗਾ ਕਿ ਅਗਰ ਕਿਸੇ ਦਬਾਅ ਥਲੇ ਆ ਕੇ ਸੈਥਿਊ ਕਮਿਸ਼ਨ ਨੇ ਅਗਰ 'ਅਦਰ ਫੈਕਟਰਜ਼' ਨੂੰ ਕੰਸਿਡਰ ਕਰਕੇ ਕੋਈ ਫੈਸਲਾ ਦਿਤਾ ਤਾਂ ਪੰਜਾਬ ਸਰਕਾਰ ਉਸ ਨੂੰ ਮੰਨਣ ਲਈ ਪਾਬੰਦ ਨਹੀਂ ਹੋਵੇਗੀ.।

ਸ਼੍ਰੀ ਰਾਧਾ ਕ੍ਰਿਸ਼ਨ (ਫਾਜ਼ਿਲਕਾ) : ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਆਇਆ ਹੈ, ਇਸ ਵਿਚ ਵੈਸੇ ਤਾਂ ਇਨ੍ਹਾਂ ਨੇ ਇਕ ਲਾਈਨ ਦੀ ਤਰਮੀਮ ਕੀਤੀ ਹੈ, ਲੇਕਿਨ ਅਗਰ ਤੁਸੀਂ ਇਸ ਨੂੰ ਗੌਰ ਨਾਲ ਵੇਖੋਗੇ ਤਾਂ ਇਸ ਦੇ ਨਾਲ ਇਕ ਬਹੁਤ ਵੱਡੀ ਤਾਕਤ ਗੌਰਮਿੰਟ ਆਫ਼ ਇੰਡੀਆ ਵਲੋਂ ਸੈਥਿਊ ਕਮਿਸ਼ਨ ਨੂੰ ਦਿੱਤੀ ਗਈ ਹੈ ਜਿਸ ਦੇ ਨਾਲ ਜਿਹੜਾ ਸਮਝੌਤਾ ਸੰਤ ਹਰਚੰਦ ਸਿੰਘ ਜੀ ਦਾ ਅਤੇ ਰਾਜੀਵ ਗਾਂਧੀ, ਪ੍ਰਧਾਨ ਮੰਤਰੀ ਦਾ ਆਪਸ ਵਿਚ ਹੋਇਆ ਸੀ, ਉਸ ਦੇ ਵਿਚ ਇਹ ਬਹੁਤ ਬੜੀ ਗਲ ਹੈ। ਮੈਨੂੰ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਪੰਜਾਬ ਦਾ ਮਸਲਾ ਹਲ ਕਰਨ ਵੇਲੇ ਜਿਸ ਤਰ੍ਹਾਂ ਮਹਿਰਾ ਸਾਹਿਬ ਨੇ ਕਿਹਾ ਹੈ ਅਤੇ ਮੇਰੇ ਦੂਸਰੇ ਸਾਥੀਆਂ ਨੇ ਵੀ ਜ਼ਿਕਰ ਕੀਤਾ ਹੈ ਕਿ 1947 ਤੋਂ ਬਾਦ ਹਿੰਦੁਸਤਾਨ ਵਿਚ ਜਦੋਂ ਜ਼ਬਾਨ ਦੇ ਨਾਂ ਤੇ ਸਟੇਟਸ ਬਣਨ ਲਗੀਆਂ ਸਨ ਤਾਂ ਉਸ ਵੇਲੇ ਵੀ ਇਹ ਮਸਲਾ ਸਾਡੇ ਸਾਹਮਣੇ ਆਇਆ ਸੀ। ਉਸ ਵੇਲੇ ਪੰਜਾਬ ਦੀ ਜ਼ਬਾਨ ਪੰਜਾਬੀ ਕਰਾਰ ਦੇਣ ਦੀ ਬਜਾਏ ਸੱਚਰ ਫਾਰਮੂਲਾ ਲੈ ਆਂਦਾ। ਮੈਂ ਸਮਝਦਾ ਹਾਂ ਕਿ ਸਭ ਤੋਂ ਵੱਡੀ ਗਲਤੀ ਉਸ ਵੇਲੇ ਹੋਈ ਸੀ। ਉਸ ਵੇਲੇ ਜਿਹੜੇ ਸੈਂਟਰ ਵਿਚ ਹਕੂਮਤ ਕਰਦੇ ਸਨ, ਪਤਾ ਨਹੀਂ ਕੀ ਮਸਲਹੱਤ ਸਨ, ਕੀ ਉਦੇਸ਼ ਸਨ ਉਨ੍ਹਾਂ ਦੇ ਸਾਹਮਣੇ ? ਪਰ ਜਦੋਂ ਆਂਧਰਾ ਪ੍ਰਦੇਸ਼ ਬਣਿਆ ਜ਼ਬਾਨ ਦੇ ਆਧਾਰ ਤੇ ਤਾਂ ਉਸ ਵੇਲੇ ਪੰਜਾਬੀ ਜ਼ਬਾਨ ਵਿਚ ਇਸ ਨੂੰ ਬਣਾਉਣ ਵਿਚ ਕੀ ਰਿੱਚ ਹੋ ਸਕਦੀ ਸੀ। ਮੈਂ ਕਹਿੰਦਾ ਹਾਂ ਕਿ ਜਦੋਂ ਇਹ ਵਾਇਦਾ ਕੀਤਾ ਸੀ ਕਿ ਆਜ਼ਾਦ ਹੋਣ ਤੋਂ ਬਾਦ ਜ਼ਬਾਨ ਦੇ ਆਧਾਰ ਤੇ, ਉਹ ਜ਼ਬਾਨ ਜਿਹੜੀ ਪੜ੍ਹੀ ਜਾਂਦੀ ਹੋਵੇਗੀ, ਲਿਖੀ ਜਾਂਦੀ ਹੋਵੇਗੀ ਜਾਂ ਸਮਝੀ ਜਾਂਦੀ ਹੋਵੇਗੀ, ਸੂਬੇ ਬਣਾ ਦਿਆਂਗੇ ਤਾਂ ਫਿਰ ਇਥੇ ਸੱਚਰ ਫਾਰਮੂਲਾ ਲਾਗੂ ਕੀਤਾ ਗਿਆ। ਇਹ ਸੱਜਣ ਜਿਹੜੇ ਉਸ ਵੇਲੇ ਤੁਹਾਡੀ ਜਗ੍ਹਾ ਤੇ ਬੈਠੇ ਸਨ, ਗਲ ਬਾਤ ਕੀਤੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਨੇ ਅਕਾਲੀ ਲੀਡਰਜ਼ ਨਾਲ ਗਲ ਬਾਤ ਕਰਕੇ ਇਹ ਰੀਜਨਲ ਫਾਰਮੂਲਾ ਬਣਾਇਆ ਸੀ। ਇਹ ਸਾਰੀ ਗਲ ਹੋਈ ਸੀ ਕਿ ਕਿਸ ਤਰ੍ਹਾਂ ਦੀ ਅਸੈਂਬਲੀ ਹੋਵੇਗੀ, ਗੌਰਮਿੰਟ ਹੋਵੇਗੀ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਇਕ ਖਿਤਾ ਬਣਾ ਦਿੱਤਾ ਗਿਆ। ਜਿਸ ਵੇਲੇ ਪੰਜਾਬੀ ਵੱਧਣ ਫੁਲਣ ਲਗੀ ਤਾਂ ਸਰਦਾਰ ਪ੍ਰਤਾਪ

Original with;
Punjab Vidhan Sabha
Digitized by;
Panjab Digital Library

ਸਿੰਘ ਕੈਰੋਂ ਇਸ ਦੇ ਖਿਲਾਫ ਸਨ ਅੌਰ ਮਹਿਸੂਸ ਕੀਤਾ ਕਿ ਸੱਚਰ ਫਾਰਮੂਲਾ ਸਾਰੀ ਸਟੇਟ ਵਿਚ ਲਾਗੂ ਕੀਤਾ ਜਾਵੇ ਪਰ ਜੇਕਰ ਸਾਰੀ ਸਟੇਟ ਵਿਚ ਪੰਜਾਬੀ ਲਾਗੂ ਕਰ ਦਿੱਤੀ ਜਾਂਦੀ ਤਾਂ ਕੋਈ ਝਗੜਾ ਹੀ ਨਹੀਂ ਰਹਿਣਾ ਸੀ ਅਤੇ ਸਾਰਾ ਇਹ ਪੰਜਾਬੀ ਸੂਬਾ ਹੀ ਬਣ ਜਾਣਾ ਸੀ ਲੇਕਿਨ ਪੰਜਾਬੀ ਜ਼ਬਾਨ ਦੀ ਬਜਾਏ ਪੰਜਾਬ ਦਾ ਬਟਵਾਰਾ ਹਿੰਦੂ-ਸਿੱਖ ਦੇ ਨਾਂ ਤੇ ਕਰ ਦਿੱਤਾ ਗਿਆ । ਇਹ ਕਿਹਾ ਗਿਆ ਅੌਰ ਮਹਿਰਾ ਸਾਹਿਬ ਨੇ ਵੀ ਜ਼ਿਕਰ ਕੀਤਾ ਸੀ, ਕਾਂਗੜਾ ਕਿਸ ਤਰ੍ਹਾਂ ਹਿਮਾਚਲ ਵਿਚ ਚਲਾ ਗਿਆ ਉਥੇ ਹਿੰਦੂ ਜ਼ਿਆਦਾ ਪੰਜਾਬੀ ਬੋਲਣ ਵਾਲੇ ਸਨ। ਸੈਂਟਰ ਵਾਲਿਆਂ ਨੂੰ ਸਮਝਣਾ ਚਾਹੀਦਾ ਸੀ ਕਿ ਪੰਜਾਬ ਦੇ ਵਿਚ ਕਿਸ ਗਲ ਦਾ ਝਗੜਾ ਚਲ ਰਿਹਾ ਸੀ। ਜ਼ਬਾਨ ਦੇ ਝਗੜੇ ਦੇ ਆਧਾਰ ਤੇ ਹਿੰਦੂ-ਸਿੱਖ ਦਾ ਝਗੜਾ ਬਣਾ ਦਿਤਾ, ਇਹ ਵੀ ਗਲਤ ਕੀਤਾ ਹੈ। ਮੈਨੂੰ ਪੁਰਾਣੇ ਸੈਂਸਿਜ਼ ਦੀ ਗਲ ਯਾਦ ਹੈ, ਲਾਹੌਰ ਵਿਚ ਕੁਝ ਨੇ ਆਪਣੀ ਜ਼ਬਾਨ ਸੰਸਕ੍ਰਿਤ ਲਿਖਵਾਈ ਸੀ । ਇਥੇ ਜ਼ਬਾਨ ਦੇ ਝਗੜੇ ਨੂੰ ਹਿੰਦੂ-ਸਿੱਖ ਦਾ ਝਗੜਾ ਨਹੀਂ ਸੀ ਬਣਾਉਣਾ ਚਾਹੀਦਾ । ਇਕ ਸੈਂਟਰ ਨੇ ਗਲਤੀ ਕੀਤੀ, ਹੋ ਸਕਦਾ ਹੈ ਜਾਣ ਬੁਝ ਕੇ ਕੀਤੀ ਹੋਵੇ ਜਾਂ ਕਿਸੇ ਹੋਰ ਨਜ਼ਰੀਏ ਨਾਲ ਕੀਤੀ ਹੋਵੇ । ਜਿਹੜਾ ਦੁੱਧ ਦਾ ਫੂਕਿਆ ਹੋਇਆ ਹੁੰਦਾ ਹੈ, ਉਹ ਛਾਛ ਨੂੰ ਵੀ ਫੂਕਾਂ ਮਾਰ ਕੇ ਪੀਂਦਾ ਹੈ । ਇਥੇ ਜ਼ਿਕਰ ਵੀ ਹੋਇਆ ਕਿ ਪ੍ਰਧਾਨ ਮੰਤਰੀ ਨੇ ਵੀ ਮੰਨ ਲਿਆ ਹੈ ਕਿ ਸਾਥੋਂ ਗਲਤੀ ਹੋ ਗਈ ਹੈ। ਮੈਂ ਕਹਿੰਦਾ ਹਾਂ ਕਿ ਅਗਰ ਗਲਤੀ ਹੋ ਗਈ ਹੈ ਤਾਂ ਵਿਦਡਰਾ ਕਰ ਲਵੇ (ਥੰਪਿੰਗ) ਕੀ ਫ਼ਰਕ ਪੈਂਦਾ ਹੈ ? ਇਹ ਤਾਂ ਜਿਹੜਾ ਰੈਜ਼ੋਲਿਊਸ਼ਨ ਆਇਆ ਹੈ, ਇਹ ਤਾਂ ਪ੍ਰਧਾਨ ਮੰਤਰੀ ਦੀ ਗਲ ਦੀ ਪ੍ਰੋੜ੍ਹਤਾ ਕਰਦਾ ਹੈ, ਕੋਈ ਖਿਲਾਫ਼ ਨਹੀਂ ਹੈ । ਅਗਰ ਉਹ ਗਲਤੀ ਪੁਆਇੰਟ ਆਊਟ ਕਰਕੇ ਡਿਲੀਟ ਕਰਦੇ ਹਨ ਤਾਂ ਕੀ ਹਰਜ ਹੈ ?

ਸ਼੍ਰੀ ਓਮ ਪ੍ਰਕਾਸ਼ ਗੁਪਤਾ : ** ** **

ਸ਼੍ਰੀ ਸਭਾਪਤੀ : ਉਹ ਆਪਣੀ ਰਾਏ ਦੇ ਸਕਦੇ ਹਨ । ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਸ਼੍ਰੀ ਰਾਧਾ ਕ੍ਰਿਸ਼ਨ : ਕਾਂਗਰਸ ਵਾਲੇ ਵੀ ਉਹੀ ਬੋਲੀ ਬੋਲਦੇ ਹਨ ਜੋ ਬੀ.ਜੇ.ਪੀ. ਵਾਲੇ . . .

ਪੰਡਿਤ ਸਰਵਣ ਰਾਮ ਮਨਸੋਵਾਲੀਆ : ** ** **

ਸ਼੍ਰੀ ਸਭਾਪਤੀ : ਇਹ ਉਨ੍ਹਾਂ ਦੀ ਆਪਣੀ ਰਾਏ ਹੈ। ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

ਸ਼੍ਰੀ ਰਾਧਾ ਕ੍ਰਿਸ਼ਨ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਐਵੇਂ ਪੁਆਇੰਟ ਆਫ਼ ਆਰਡਰ ਬਣਾ ਲਿਆ ਹੈ। ਮੈਂ ਇਹ ਕਹਿਣਾ ਚਾਹਵਾਂਗਾ ਕਿ ਸਾਡੇ ਅਬੋਹਰ ਫ਼ਾਜਿਲਕਾ ਦਾ ਜਿਹੜਾ ਮਸਲਾ ਹੈ, ਅਸੀਂ ਬਿਲਕੁਲ ਇਮਾਨਦਾਰੀ ਨਾਲ ਆਪੋਜ਼ੀਸ਼ਨ ਕੀਤੀ ਹੈ । ਪੰਜਾਬ ਦੀ ਬੀ.ਜੇ.ਪੀ. ਨੇ ਤਾਂ ਰੈਜ਼ੋਲਿਊਸ਼ਨ ਪਾਸ ਕੀਤਾ ਹੈ ਕਿ ਕੋਈ ਇਲਾਕਾ ਪੰਜਾਬ ਤੋਂ ਬਾਹਰ ਨਹੀਂ ਦੇਣਾ ਚਾਹੀਦਾ ਅੌਰ ਚੰਡੀਗੜ੍ਹ ਪੰਜਾਬ ਵਿਚ ਮਿਲਾਉਣਾ ਚਾਹੀਦਾ ਹੈ। ਇਹ ਰੈਜ਼ੋਲਿਊਸ਼ਨ ਹੋ ਚੁਕਾ ਹੈ । ਅਗਰ ਧੱਕੇ ਨਾਲ ਕੱਢ ਦਿਓਗੇ ਤਾਂ ਚਲੇ ਜਾਵਾਂਗੇ, ਨਹੀਂ ਤਾਂ ਅਸੀਂ ਪੰਜਾਬ ਵਿਚ ਹੀ ਰਹਾਂਗੇ ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ** ** **

ਸ਼੍ਰੀ ਸਭਾਪਤੀ : ਉਹ ਆਪਣੀ ਰਾਏ ਦੇ ਰਹੇ ਹਨ। ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਾਧਾ ਕ੍ਰਿਸ਼ਨ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਇਸ ਮਸਲੇ ਤੇ ਕਮਿਸ਼ਨ ਬਣਾਉਣ ਤੇ ਲੋਕ ਬੜੇ ਨਾਰਾਜ਼ ਹਨ ਔਰ ਇਹ ਵੀ ਕਹਿੰਦੇ ਹਨ ਕਿ ਹਰਿਆਣਾ ਦੇ ਵਜ਼ੀਰ ਆਏ ਸਨ । ਤੁਸੀਂ ਸਾਰੀਆਂ ਦੀਆਂ ਸਾਰੀਆਂ ਵੋਟਾਂ ਕਾਂਗਰਸ ਨੂੰ ਦੇ ਕੇ ਜਿਤਾ ਦਿਓ, ਅਸੀਂ ਤੁਹਾਨੂੰ ਹਰਿਆਣੇ ਵਿਚ ਲੈ ਜਾਵਾਂਗੇ ਪਰ ਉਨ੍ਹਾਂ ਨੇ ਇਹ ਫਤਵਾ ਜੋ ਕਾਂਗਰਸ ਦੇ ਖਿਲਾਫ ਦਿੱਤਾ ਹੈ, ਉਹ ਤੁਹਾਡੇ ਸਾਹਮਣੇ ਹੈ। (ਥੰਪਿੰਗ) ਮੈਂ ਇਹ ਕਹਾਂਗਾ ਕਿ ਮੈਥਿਊ ਕਮਿਸ਼ਨ ਦੀ ਤਾਂ ਜ਼ਰੂਰਤ ਹੀ ਨਹੀਂ ਸੀ ਕਿਉਂਕਿ ਸਿੱਧੀ ਗੱਲ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦੇਣਾ ਹੈ। ਹੁਣ ਹਰਿਆਣੇ ਵਾਲੇ ਕਦੇ ਸੰਨ 1961 ਦੀ ਸੈਂਸਿਜ਼ ਦਾ ਸਹਾਰਾ ਲੈਂਦੇ ਹਨ ਤੇ ਕਦੇ ਹੋਰ ਕਿਸੇ ਚੀਜ਼ ਦਾ। ਚੰਡੀਗੜ੍ਹ ਸੰਨ 1961 ਦੀ ਸੈਂਸਿਜ਼ ਵਿਚ ਵੀ ਪੰਜਾਬ ਨੂੰ ਹੀ ਦੇਣਾ ਸੀ । ਇਹ ਗੱਲ ਸਾਬਤ ਹੋਈ ਹੋਈ ਹੈ ਕਿ ਚੰਡੀਗੜ੍ਹ ਪੰਜਾਬ ਵਾਸਤੇ ਬਣਿਆ ਹੈ, ਇਸ ਕਰਕੇ ਇਹ ਪੰਜਾਬ ਨੂੰ ਦਿੱਤਾ ਜਾਂਦਾ ਹੈ, ਇਤਨੀ ਗੱਲ ਹੀ ਕਰਨ ਵਾਲੀ ਸੀ ਪਰ ਇਹ ਮੈਥਿਊ ਕਮਿਸ਼ਨ ਬਣਾ ਕੇ ਝਗੜਾ ਖੜਾ ਕੀਤਾ ਹੈ । ਮੈਂ ਕਹਾਂਗਾ ਕਿ 'ਅਦਰ ਫੈਕਟਰਜ਼' ਦਾ ਜੋ ਸ਼ਬਦ ਟਰਮਜ਼ ਆਫ ਰੈਫਰੈਂਸ ਵਿਚ ਪਾਇਆ ਗਿਆ ਹੈ, ਇਹ ਸਮੁੱਚੇ ਤੌਰ ਤੇ ਕਨਟਿਗੁਇਟੀ ਔਰ ਲੈਂਗੁਏਜ਼ ਦੋਨਾਂ ਚੀਜ਼ਾਂ ਨੂੰ ਹੀ ਖਤਮ ਕਰਕੇ ਰੱਖ ਦਿੰਦਾ ਹੈ। ਸੋ, ਅਸੀਂ ਪ੍ਰਧਾਨ ਮੰਤਰੀ ਨੂੰ ਕਹੀਏ ਕਿ ਤੁਸੀਂ ਇਹ ਗਲਤੀ ਮੰਨੀ ਹੈ, ਹੁਣ ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਸੀਂ ਇਹ ਲਫਜ਼ ਵਾਪਸ ਹੀ ਲੈ ਲਵੋ ਤਾਂਕਿ ਪੰਜਾਬ ਦੇ ਲੋਕ ਇਹ ਮਹਿਸੂਸ ਕਰਨ ਕਿ ਜੋ ਸੰਤ ਜੀ ਨਾਲ ਪ੍ਰਧਾਨ ਮੰਤਰੀ ਦਾ ਫੈਸਲਾ ਹੋਇਆ ਸੀ, ਉਸ ਤੇ ਉਹ ਇਮਾਨਦਾਰੀ ਨਾਲ ਅਮਲ ਕਰਾਉਣਾ ਚਾਹੁੰਦੇ ਹਨ। ਉਸ ਨੂੰ ਲਾਗੂ ਕਰਾਉਣਾ ਚਾਹੁੰਦੇ ਹਨ। ਧੰਨਵਾਦ ।

ਸਰਦਾਰ ਗੁਰਦੇਵ ਸਿੰਘ ਬਾਦਲ (ਪੰਜਗਰਾਈਂ, ਐਸ. ਸੀ): ਚੇਅਰਮੈਨ ਸਾਹਿਬ, ਮੈਂ ਮਾਨ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ ਵੇਲੇ ਸਿਰ ਰੈਜ਼ੋਲਿਊਸ਼ਨ ਲਿਆਂਦਾ ਹੈ ਕਿਉਂਕਿ ਇਸ ਵੇਲੇ ਹਰ ਪੰਜਾਬੀ ਡਰ ਮਹਿਸੂਸ ਕਰਨ ਲਗ ਪਿਆ ਹੈ, ਉਸ ਦੇ ਮਨ ਵਿਚ ਭੈ ਲਗਣ ਲਗ ਪਿਆ ਹੈ ਕਿ ਜਿਹੜਾ ਕਮਿਸ਼ਨ ਬਣਾਇਆ ਗਿਆ ਹੈ ਇਸ ਤੋਂ ਕੋਈ ਇਨਸਾਫ ਦੀ ਆਸ ਨਹੀਂ ਰਹਿ ਗਈ। ਇਹ ਜਿਹੜਾ ਰਾਜ਼ੀਨਾਵਾ ਸੰਤ ਬਾਬਾ ਹਰਚੰਦ ਸਿੰਘ ਜੀ ਲੌਂਗੋਵਾਲ ਦੇ ਔਰ ਪ੍ਰਧਾਨ ਮੰਤਰੀ ਦੇ ਦਰਮਿਆਨ ਹੋਇਆ, ਉਸ ਦੀ ਟਰਮਜ਼ ਆਫ ਰੈਫਰੈਂਸ ਬਾਰੇ ਇਹ ਰੈਜ਼ੋਲਿਊਸ਼ਨ ਹੈ। ਚੇਅਰਮੈਨ ਸਾਹਿਬ, ਵੈਸੇ ਰਾਜ਼ੀਨਾਵੇਂ ਦਾ ਨਾਮ ਹੀ ਐਸਾ ਹੈ ਕਿ ਹਰ ਆਦਮੀ ਇਸ ਦਾ ਨਾਮ ਸੁਣ ਕੇ ਖੁਸ਼ ਹੁੰਦਾ ਹੈ ਔਰ ਰਾਜ਼ੀਨਾਵੇਂ ਦਾ ਨਾਮ ਹੀ ਪਿਆਰਾ ਹੈ। ਸੰਨ 1982 ਵਿਚ ਇਹ ਰਾਜ਼ੀਨਾਵਾਂ ਹੋ ਜਾਣਾ ਚਾਹੀਦਾ ਸੀ, ਇਸ ਵਿਚ ਕੋਈ ਬਹੁਤੀ ਔਕੜ ਨਹੀਂ ਸੀ ਜਿਸ ਨਾਲ ਕਿ ਦੇਸ਼ ਨੂੰ ਮੁਸ਼ਕਲ ਵਿਚ ਨਾ ਪੈਣਾ ਪੈਂਦਾ ਲੇਕਿਨ ਅਫਸੋਸ ਹੈ ਕਿ ਸੰਨ 1982 ਤੋਂ ਬਾਅਦ ਬਹੁਤ ਭਾਰੀ ਨੁਕਸਾਨ ਹੋ ਕੇ ਬਾਅਦ ਵਿਚ ਰਾਜ਼ੀਨਾਵਾਂ ਹੋਇਆ ਹੈ। ਵੈਸੇ ਤਾਂ ਸਾਡੇ ਦੇਸ਼ ਦਾ ਇਤਿਹਾਸ ਹੈ ਕਿ ਅਸੀਂ ਰਾਜ਼ੀਨਾਵਾਂ ਕਰਦੇ ਹੀ ਉਦੋਂ ਹਾਂ ਜਦੋਂ ਸਿਰੋਂ ਪਾਣੀ ਲੰਘ ਜਾਵੇ। ** ** **

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਇਹ ਮੈਥਿਊ ਕਮਿਸ਼ਨ ਤੇ ਬੋਲਦੇ ਹਨ ਔਰ ਫਿਰ ਰਮਾਇਣ ਵਿਚ ਕਿਸੇ ਜਗ੍ਹਾ ਤੇ ਇਹ ਜ਼ਿਕਰ ਨਹੀਂ ਹੈ ਕਿ **। ਇਸ ਤਰ੍ਹਾਂ ਰਿਲੀਜੀਅਸ ਫੀਲਿੰਗਜ਼ ਇੰਜਰ ਹੁੰਦੀਆਂ ਹਨ। ਇਨ੍ਹਾਂ ਨੂੰ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ ।

ਸਰਦਾਰ ਗੁਰਦੇਵ ਸਿੰਘ ਬਾਦਲ : ਚੇਅਰਮੈਨ ਸਾਹਿਬ, ਇਹ ਆਏ ਸਾਲ ** ** **।

ਸ਼੍ਰੀ ਸਭਾਪਤੀ : ਤੁਸੀਂ ਆਪਣੀ ਸਪੀਚ ਮੈਥਿਊ ਕਮਿਸ਼ਨ ਤਕ ਹੀ ਕਨਫਾਈਨ ਰੱਖੋ। (ਇਸ ਸਮੇਂ ਮਾਨਯੋਗ ਮੈਂਬਰ ਡਾਕਟਰ ਕੇਵਲ ਕ੍ਰਿਸ਼ਨ ਅਤੇ ਸਰਦਾਰ ਦਲੀਪ ਸਿੰਘ ਪਾਂਧੀ ਜੀ ਖੜ੍ਹੇ ਸਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਾਕਟਰ ਕੇਵਲ ਕ੍ਰਿਸ਼ਨ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹਵਾਂਗਾ ਕਿ ਮੈਥਿਊ ਕਮਿਸ਼ਨ ਦੇ ਬਾਰੇ ਵਿਚ ਜੋ ਟਰਮਜ਼ ਆਫ ਰੈਫਰੈਂਸ ਹੈ, ਉਸ ਦੇ ਬਾਰੇ ਬਹਿਸ ਹੋ ਰਹੀ ਹੈ। ਇਥੇ ਰਾਮਾਇਣ ਜੋ ਕਿ ਇਕ ਬਹੁਤ ਪਵਿਤਰ ਇਤਿਹਾਸਕ ਗ੍ਰੰਥ ਹੈ, ਉਸ ਦੇ ਬਾਰੇ ਵਿਚ ਤੱਥਾਂ ਨੂੰ ਤੋੜ ਮਰੋੜ ਕੇ ਦੱਸਣਾ ਕਿ** ** ਇਹ ਸਚਾਈ ਦੇ ਉਲਟ ਹੈ। ਇਹ ਚੀਜ਼ਾਂ ਪਾਰਟ ਆਫ ਦੀ ਪ੍ਰੋਸੀਡਿੰਗਜ਼ ਨਹੀਂ ਬਣਨੀਆਂ ਚਾਹੀਦੀਆਂ। ਇਹ ਰੀਲੀਜੀਅਸ ਸੈਂਟੀਮੈਂਟਸ ਨਾਲ ਸਬੰਧ ਰਖਦੀਆਂ ਹਨ, ਇਹ ਕਿਤੇ ਨਹੀਂ ਲਿਖਿਆ ਗਿਆ ਹੈ ਕਿ ** ** ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ।

ਸ਼੍ਰੀ ਸਭਾਪਤੀ : ਉਹ ਤਾਂ ਰੈਫਰੈਂਸ ਹੀ ਦੇ ਰਹੇ ਹਨ।

Prof. Darbari Lal : Either these words should be expunged or I will walk out.

Doctor Kewal Krishan : These things have not been mentioned in "Ramayana". "Ramayana" is a very religious book. How can we tolerate such irrelevant things. They are contrary to the facts and should be expunged.

ਸਰਦਾਰ ਦਲੀਪ ਸਿੰਘ ਪਾਂਧੀ : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਕ ਮੈਂਬਰ ਸਾਹਿਬ ਬੋਲ ਰਹੇ ਹਨ, ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰੂੰਗਾ ਕਿ ਇਹ ਸਪੀਕਰ ਵੀ ਰਹੇ ਹਨ, ਇਹ ਵਿੱਤ ਮੰਤਰੀ ਵੀ ਰਹੇ ਹਨ, ਇਕ ਮੈਂਬਰ ਸਾਹਿਬ ਆਪਣੇ ਵਿਚਾਰ ਪ੍ਰਗਟ ਕਰ ਰਹੇ ਹਨ, ਫਿਰ ਇਨ੍ਹਾਂ ਨੇ ਬੋਲਣਾ ਹੈ, ਇਹ ਆਪਣੇ ਵਿਚਾਰ ਪ੍ਰਗਟ ਕਰ ਲੈਣ । ਮਾਨਯੋਗ ਸਭਾਪਤੀ ਜੀ ਚੇਅਰ ਤੇ ਬੈਠੇ ਹਨ, ਅਸੀਂ ਹਾਊਸ ਦਾ ਡੈਕੋਰਮ ਕਾਇਮ ਰਖਣਾ ਹੈ । ਇਸ ਲਈ ਮੈਂ ਅਰਜ਼ ਕਰੂੰਗਾ ਕਿ ਹਰ ਮੈਂਬਰ ਦਾ ਅਧਿਕਾਰ ਹੈ ਬੋਲਣ ਦਾ । ਅਗਰ ਕੋਈ ਗਲਤ ਗਲ ਕਹੀ ਜਾਂਦੀ ਹੈ ਤਾਂ ਇਹ ਦਰੁਸਤ ਕਰ ਦੇਣਗੇ । ਸੋ, ਅਸੀਂ ਇਸ ਨੁਕਤਾਚੀਨੀ ਵਿਚ ਨਾ ਪਈਏ ਕਿ ਮੈਂਬਰ ਸਾਹਿਬ ਕਿਉਂ ਇਸ ਤਰ੍ਹਾਂ ਕਹਿ ਰਹੇ ਹਨ। ਅਗਰ ਗਲਤ ਕਹਿ ਦਿਤਾ ਗਿਆ ਤਾਂ ਅਸੀਂ ਮੁਆਫੀ ਵੀ ਮੰਗ ਲਵਾਂਗੇ, ਮੈਂ ਮੰਗ ਲਵਾਂਗਾ ਪਰ ਹਰ ਮੈਂਬਰ ਨੂੰ ਆਪਣੀ ਗਲ ਕਹਿਣ ਦਾ ਅਧਿਕਾਰ ਹੈ। ਅਸੀਂ ਕਾਨੂੰਨਾਂ ਦੇ ਅੜਿਕੇ ਦੀ ਗੱਲ ਨਾ ਕਰੀਏ। ਕਾਨੂੰਨਾਂ ਨੇ ਹੀ ਅੱਗੇ ਸਾਨੂੰ ਮਾਰਿਆ ਹੈ। ਮੈਂਬਰ ਨੂੰ ਬੋਲਣ ਦਿਓ। (ਇਸ ਸਮੇਂ ਡਾਕਟਰ ਕੇਵਲ ਕ੍ਰਿਸ਼ਨ ਜੀ ਪੁਆਇੰਟ ਆਫ ਆਰਡਰ ਰੇਜ਼ ਕਰਨ ਦੀ ਆਗਿਆ ਮੰਗ ਰਹੇ ਸਨ।)

ਸਰਦਾਰ ਗੁਰਦੇਵ ਸਿੰਘ ਬਾਦਲ : ਚੇਅਰਮੈਨ ਸਾਹਿਬ, ਡੰਗਰ ਡਾਕਟਰ ਨੂੰ ਕੁਝ ਸਮਝਾਓ ਜੀ।(ਹਾਸਾ)

Doctor Kewal Krishan : Rules are very clear. I quote Rule 93(1) of the Rules of Procedure and Conduct of Business in the Punjab Vidhan Sabha (Punjab Legislative Assembly) which reads as under:—

> "The matter of every speech shall be strictly relevant to the matter before the House."

ਔਰ ਪੁਆਇੰਟ ਆਫ ਆਰਡਰ ਨਾਲ ਚੀਜ਼ਾਂ ਉਠਾ ਕੇ ਬੋਲਣ ਵਾਲੇ ਨੂੰ ਰੋਕਿਆ ਜਾ ਸਕਦਾ ਹੈ ਜਿੱਥੇ ਕਿ ਲੈਂਗੂਏਜ ਉਫੈਂਸਿਵ ਹੋਵੇ, ਅਨਪਾਰਲੀਮੈਂਟਰੀ ਹੋਵੇ। ਇਹ ਅਕਾਰਡਿੰਗ ਟੂ ਰੂਲਜ਼ ਪੁਆਇੰਟ ਆਫ ਆਰਡਰ ਉਠਾਇਆ ਗਿਆ ਹੈ ਔਰ ਤੁਸੀਂ ਉਹ ਲਫਜ਼ ਐਕਸਪੰਜ ਕਰੋ।

**Expunged as ordered by the Chair.

Original with;
Punjab Vidhan Sabha
Digitized by:
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਅਸੀਂ ਕਹਿੰਦੇ ਹਾਂ ਕਿ ਰਾਮਾਇਣ ਦੇ ਤੱਥਾਂ ਨੂੰ ਇਸ ਤਰ੍ਹਾਂ ਹਾਊਸ ਵਿਚ ਪੇਸ਼ ਕਰਨਾ ਠੀਕ ਨਹੀਂ ਹੈ। ਇਹ ਸਾਡੇ ਸੈਂਟੀਮੈਂਟਸ ਨੂੰ ਇੰਜਰ ਕਰਦੇ ਹਨ ਅੌਰ ਇਹ ਅੈਕਸਪੰਜ ਹੋਣੇ ਚਾਹੀਦੇ ਹਨ। ਤੁਸੀਂ ਆਪਣੀ ਰੂਲਿੰਗ ਦਿਓ।

ਸ਼੍ਰੀ ਸਭਾਪਤੀ : ਰਾਮਾਇਣ ਸਭ ਵਾਸਤੇ, ਦੇਸ਼ ਵਾਸੀਆਂ ਵਾਸਤੇ ਇਕ ਧਾਰਮਿਕ ਗ੍ਰੰਥ ਹੈ। ਅਸੀਂ ਸਾਰੇ ਇਸ ਦਾ ਸਤਿਕਾਰ ਕਰਦੇ ਹਾਂ, ਮਾਣ ਕਰਦੇ ਹਾਂ। ਉਹ ਸ਼ਬਦ ਜਿਨ੍ਹਾਂ ਵਿਚ ਇਹ ਰੈਫਰੈਂਸ ਹੈ Those stand expunged.

ਸਰਦਾਰ ਗੁਰਦੇਵ ਸਿੰਘ ਬਾਦਲ : ਚੇਅਰਮੈਨ ਸਾਹਿਬ, ਮੈਂ ਕੋਈ ਅੈਸੀ ਗੱਲ ਨਹੀਂ ਕਰਨੀ ਚਾਹੁੰਦਾ ਜਿਸ ਨਾਲ ਇਨ੍ਹਾਂ ਨੂੰ ਦੁੱਖ ਹੋਵੇ ਪਰ ਜਿਹੜੀ ਰਾਮਾਇਣ ਲਿਖੀ ਗਈ ਹੈ, ਇਸ ਬਾਰੇ ਤਾਂ ਡਾਕਟਰ ਸਾਹਿਬ ਨੂੰ ਨਹੀਂ ਪਤਾ ਕਿ ਕਦੋਂ ਲਿਖੀ ਗਈ ਹੈ ਅੌਰ ਕਿਸ ਨੇ ਲਿਖੀ ਹੈ, ਇਹ ਤਾਂ, ਸਾਡੇ ਹੀ ਬਜ਼ੁਰਗਾਂ ਨੇ ਲਿਖੀ ਹੈ। ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਇਸ ਦਾ ਪਰਚਾਰ ਕਰੀਏ। ਜੇਕਰ ਇਨ੍ਹਾਂ ਨੂੰ ਨਹੀਂ ਅਕਲ ਤਾਂ ਅਸੀਂ ਕੀ ਕਰ ਸਕਦੇ ਹਾਂ ? ਇਹ ਸਾਡੇ ਬਜ਼ੁਰਗਾਂ ਨੇ ਲਿਖੀ ਹੈ, ਅਸੀਂ ਇਸ ਦਾ ਪਰਚਾਰ ਕਰਨਾ ਹੈ। ਇਹ ਲਿਖਿਆ ਹੋਇਆ ਹੈ ਕਿ ** ** ** ਇਹ ਜਿਹੜਾ *** ਹੈ ਇਹ ਵਿਚ ਵਕਾਲਤ ਕਰੇਗਾ। ਇਹ ਪੁਸਤਕ ਦੇ ਵਿਚ ਲਿਖਿਆ ਹੋਇਆ ਹੈ। ਮੈਂ ਕੋਈ ਆਪੋਂ ਨਹੀਂ ਕਹਿ ਰਿਹਾ। (ਵਿਘਨ) ਚਲੋ ਮੈਂ ਦੂਜੀ ਗਲ ਕਰ ਲੈਂਦਾ ਹਾਂ। ਚੇਅਰਮੈਨ ਸਾਹਿਬ, ਰਾਜੀਨਾਵੇਂ ਤਾਂ ਹੁੰਦੇ ਰਹੇ ਹਨ। ਗੁਰੂ ਨਾਨਕ ਨੇ ਵੀ ਕੀਤਾ। ਗੁਰੂ ਹਰਗੋਬਿੰਦ ਸਿੰਘ ਨੇ ਵੀ ਜਹਾਂਗੀਰ ਨਾਲ ਕੀਤਾ। ਇਸੇ ਤਰ੍ਹਾਂ ਰਾਮ ਤੇ ਰਾਵਣ ਦੇ ਵਿਚਕਾਰ ਵੀ ਸਮਝੌਤੇ ਦੀ ਗਲ ਚਲੀ ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਡਾਕਟਰ ਸਾਹਿਬ ਨੂੰ ਇਹ ਸਮਝੌਤੇ ਦੀ ਗਲ ਕਿਉਂ ਚੁਭਦੀ ਹੈ। ਮੈਂ ਤਾਂ ਪੂਰਾ ਸਤਿਕਾਰ ਕਰਦਾ ਹਾਂ। ਤੁਸੀਂ ਵੇਖੋ ਦੁਸ਼ਹਿਰੇ ਤੇ ਰਾਮ ਦੇ ਅਵਤਾਰ ਵਿਚ ਮਨੁੱਖ ਬਣਦੇ ਹਨ, ਮੈਨੂੰ ਤਾਂ ਇਹ ਗਲ ਚੰਗੀ ਨਹੀਂ ਲਗਦੀ। ਪਤਾ ਨਹੀਂ ਇਹ ਕਿਸ ਤਰ੍ਹਾਂ ਇਕ ਮਨੁਖ ਨੂੰ ਰਾਮ ਦਾ ਅਵਤਾਰ ਬਣਾ ਦਿੰਦੇ ਹਨ। (ਵਿਘਨ)

ਪੰਡਿਤ ਸਰਵਣ ਰਾਮ ਮਨਸੋਵਾਲੀਆ : ਚੇਅਰਮੈਨ ਸਾਹਿਬ, ਇਕ ਅਨਪੜ੍ਹ ਆਦਮੀ ਪੜ੍ਹੇ ਲਿਖਿਆਂ ਨੂੰ ਇਹ ਗੱਲਾਂ ਸਮਝਾ ਰਿਹਾ ਹੈ, ਜਿਸ ਨੂੰ ਕੁਝ ਨਹੀਂ ਪਤਾ। ਇਸ ਨੂੰ ਕਹੋ ਇਹ ਰੈਜ਼ੋਲਿਊਸ਼ਨ ਤੇ ਬੋਲੇ।

ਸ਼੍ਰੀ ਸਭਾਪਤੀ : ਤੁਸੀਂ ਰੈਲੇਵੈਂਟ ਰਹੋ।

ਸਰਦਾਰ ਗੁਰਦੇਵ ਸਿੰਘ ਬਾਦਲ : ਚੇਅਰਮੈਨ ਸਾਹਿਬ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਹਨੂਮਾਨ ਨੇ ਜ਼ੋਰ ਲਾਇਆ ਕਿ ਤੁਸੀਂ ਸਮਝੌਤਾ ਕਰ ਲਓ। (ਵਿਘਨ) ਪਰ ਰਾਵਣ ਨੇ ਅੈਨਾ ਚਿਰ ਸਮਝੌਤਾ ਨਾ ਕੀਤਾ ਜਦ ਤਕ ਉਸ ਦੀ ਸੋਨੇ ਦੀ ਲੰਕਾ ਸੜ ਕੇ ਸੁਆਹ ਨਾ ਹੋ ਗਈ। ਇਸੇ ਤਰ੍ਹਾਂ ਕੌਰਵਾਂ ਪਾਂਡਵਾਂ ਦੇ ਵਿਚਕਾਰ ਵੀ ਸ਼੍ਰੀ ਕ੍ਰਿਸ਼ਨ ਭਗਵਾਨ ਨੇ ਰਾਜ਼ੀਨਾਵਾਂ ਕਰਾਉਣ ਲਈ ਕਿਹਾ। ਕ੍ਰਿਸ਼ਨ ਭਗਵਾਨ ਨੇ ਕਿਹਾ ਕਿ ਪਾਂਡਵਾਂ ਨੂੰ 5 ਪਿੰਡ ਰਹਿਣ ਵਾਸਤੇ ਦੇ ਦਿਓ ਪਰ ਕੌਰਵਾਂ ਨੇ ਸੂਈ ਦੇ ਨੱਕੇ ਜਿੰਨੀ ਵੀ ਜਗ੍ਹਾ ਦੇਣ ਤੋਂ ਨਾਹ ਕਰ ਦਿੱਤੀ। ਇਸੇ ਤਰ੍ਹਾਂ ਰਾਮ ਚੰਦਰ ਵੇਲੇ ਸਮਝੌਤਾ ਨਾ ਹੋਇਆ ਅਤੇ 18 ਖੂਨੀ ਸੈਨਾ ਦਾ ਨਾਸ ਹੋ ਗਿਆ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਪਤਾ ਤਾਂ ਹੈ ਨਹੀਂ। ਰਾਮ ਚੰਦਰ ਦੇ ਵੇਲੇ ਕ੍ਰਿਸ਼ਨ ਨਹੀਂ ਸਨ। (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਦੇਵ ਸਿੰਘ ਬਾਦਲ: ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਤਾਂ ਸਿਰਫ਼ ਇਹ ਪਤਾ ਹੈ ਕਿ ਸੀਮਿੰਟ ਦੇ 15 ਹਜ਼ਾਰ ਰੁਪਏ ਲੈਣੇ ਹਨ ਅਤੇ ਬਜਰੀ ਦੇ 12 ਹਜ਼ਾਰ ਲੈਣੇ ਹਨ। ਹੋਰ ਇਨ੍ਹਾਂ ਨੂੰ ਕੁਝ ਨਹੀਂ ਪਤਾ। ਕਿਹੜਾ ਮਹਿਕਮਾ ਕਿੰਨੇ ਪੈਸੇ ਦੇ ਸਕਦਾ ਹੈ, ਇਨ੍ਹਾਂ ਨੂੰ ਤਾਂ ਸਿਰਫ਼ ਇਹ ਪਤਾ ਹੈ। ਇਨ੍ਹਾਂ ਨੂੰ ਹੋਰ ਕੁਝ ਨਹੀਂ ਪਤਾ। (ਵਿਘਨ) ਚਲੋ ਮੈਂ ਮੈਥਿਊ ਕਮਿਸ਼ਨ ਦੀ ਗੱਲ ਕਰਦਾ ਹਾਂ। ਚੇਅਰਮੈਨ ਸਾਹਿਬ, ਜਿਹੜਾ ਸਮਝੌਤਾ ਹੋਇਆ, ਉਹ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਹਿੰਦੁਸਤਾਨ ਦੀ ਨਬਜ਼ ਤੇ ਹੱਥ ਰਖ ਕੇ ਵੇਲੇ ਸਿਰ ਠੀਕ ਸਮਝੌਤਾ ਕੀਤਾ। ਸਮਝੌਤਾ ਗੁਰੂ ਗੋਬਿੰਦ ਸਿੰਘ ਨੇ ਵੀ ਕੀਤਾ ਸੀ ਪਰ ਉਸ ਨੇ ਵੀ ਉਹ ਸਮਝੌਤਾ ਔਰੰਗਜ਼ੇਬ ਨਾਲ ਨਹੀਂ ਕੀਤਾ ਸੀ ਬਲਕਿ ਉਸ ਦੇ ਪੁੱਤ ਬਹਾਦਰਸ਼ਾਹ ਨਾਲ ਕੀਤਾ ਸੀ ਔਰ ਉਸ ਸਮਝੌਤੇ ਵਿਚ 14 ਸ਼ਰਤਾਂ ਰਖੀਆਂ ਸਨ। ਇਸੇ ਤਰ੍ਹਾਂ ਸੰਤ ਹਰਚੰਦ ਸਿੰਘ ਨੇ ਸਮਝੌਤਾ ਕਰਨ ਵੇਲੇ ਸ਼ਰਤਾਂ ਰਖੀਆਂ ਔਰ ਇਹ ਸਮਝੌਤਾ ਇੰਦਰਾਂ ਗਾਂਧੀ ਨਾਲ ਨਹੀਂ ਕੀਤਾ ਬਲਕਿ ਉਸ ਦੇ ਪੁੱਤ ਨਾਲ ਕੀਤਾ।

ਪ੍ਰੋਫੈਸਰ ਦਰਬਾਰੀ ਲਾਲ: ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਕਹੋ ਕਿ 14 ਸ਼ਰਤਾਂ ਵਿਚੋਂ ਇਹ ਇਕ ਵੀ ਸ਼ਰਤ ਦੱਸ ਦੇਣ। (ਹਾਸਾ)

ਸਰਦਾਰ ਗੁਰਦੇਵ ਸਿੰਘ ਬਾਦਲ : ਚੇਅਰਮੈਨ ਸਾਹਿਬ, ਮੈਂ ਦੱਸ ਦਿੰਦਾ ਹਾਂ। ਉਨ੍ਹਾਂ ਦੀ ਪਹਿਲੀ ਸ਼ਰਤ ਤਾਂ ਇਹ ਸੀ ਕਿ ਜਿਹੜਾ ਕਸੂਰਵਾਰ ਬੰਦਾ ਹੈ, ਉਹ ਉਨ੍ਹਾਂ ਨੂੰ ਸੌਂਪ ਦਿਓ। ਇਸੇ ਤਰ੍ਹਾਂ ਅਸੀਂ ਕਹਿੰਦੇ ਹਾਂ ਕਿ ਸਰਦਾਰ ਦਰਬਾਰਾ ਸਿੰਘ ਨੂੰ ਜਿਸ ਨੇ ਕਤਲ ਕਰਵਾਏ, ਸਾਡੇ ਹਵਾਲੇ ਕਰ ਦਿਓ। ਦੂਜੀ ਸ਼ਰਤ ਇਹ ਸੀ ਕਿ ਜਿਹੜੇ ਸੁੱਚਾ ਨੰਦ ਸਰਹੰਦ ਵਾਲੇ ਹਨ ਉਨ੍ਹਾਂ ਤੇ ਜਿਹੜੇ ਫਤਵੇ ਲਗੇ ਹਨ, ਉਹ ਆਦਮੀ ਵੀ ਸਾਨੂੰ ਵਾਪਸ ਕਰ ਦਿਓ। ਇਸੇ ਤਰ੍ਹਾਂ ਹੁਣ ਜਿਹੜੇ ਲੋਕਾਂ ਨੂੰ ਫਤਵੇ ਮਿਲੇ ਹਨ, ਉਹ ਬਰਨਾਲਾ ਜੀ ਦੇ ਹਵਾਲੇ ਕਰ ਦੇਣ। (ਵਿਘਨ) ਚੇਅਰਮੈਨ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਮੈਨੂੰ ਸ਼ਾਂਤੀ ਨਾਲ ਸੁਣਨਾ ਨਹੀਂ ਚਾਹੁੰਦੇ। ਇਹ ਮੈਨੂੰ ਛੇੜ ਦਿੰਦੇ ਹਨ ਔਰ ਫਿਰ ਜੇ ਮੈਂ ਇਨ੍ਹਾਂ ਨੂੰ ਕੁਝ ਕਹਿੰਦਾ ਹਾਂ ਤਾਂ ਇਹ ਔਖੇ ਹੁੰਦੇ ਹਨ। ਮੈਂ ਅਰਜ਼ ਕਰ ਰਿਹਾ ਸੀ ਰਾਜ਼ੀਨਾਵੇਂ ਬਾਰੇ ਜਿਹੜਾ ਇੰਦਰਾ ਗਾਂਧੀ ਦੇ ਪੁੱਤ ਰਾਜੀਵ ਗਾਂਧੀ ਨਾਲ ਹੋਇਆ। ਅੱਜ ਸੰਤ ਬਾਬਾ ਹਰਚੰਦ ਸਿੰਘ ਗੁਰੂ ਨੂੰ ਪਿਆਰੇ ਹੋ ਗਏ ਹਨ। ਉਹ ਇਸ ਸੰਸਾਰ ਵਿਚ ਨਹੀਂ ਰਹੇ ਪਰ ਉਨ੍ਹਾਂ ਨੇ ਜਿਹੜਾ ਸਮਝੌਤਾ ਕੀਤਾ ਸੀ, ਉਹ ਰਾਜੀਵ ਗਾਂਧੀ ਨਾਲ ਕੀਤਾ ਸੀ ਪਰ ਸੈਂਟਰ ਦੀ ਸਰਕਾਰ ਨੇ ਬਾਅਦ ਵਿਚ ਉਹ ਸਮਝੌਤਾ ਇਕ ਕਮਿਸ਼ਨ ਦੇ ਹਵਾਲੇ ਕਰ ਦਿੱਤਾ। ਮੈਨੂੰ ਲਗਦਾ ਹੈ ਇਹ ਸਮਝੌਤੇ ਤੋਂ ਦੂਰ ਹੋ ਰਹੇ ਹਨ। ਕਲ੍ਹ ਅਖਬਾਰਾਂ ਵਿਚ ਆਇਆ ਹੈ ਕਿ ਜਿਹੜੇ ਫਾਜ਼ਿਲਕਾ ਔਰ ਅਬੋਹਰ ਦੇ ਹਿੰਦੀ ਬੋਲਦੇ ਇਲਾਕੇ ਹਨ, ਉਹ 105 ਪਿੰਡ ਹਰਿਆਣੇ ਨੂੰ ਜਾ ਰਹੇ ਹਨ ਅਤੇ ਕੁਝ ਹੋਰ ਪਿੰਡ ਮਿਲਾ ਕੇ 135 ਪਿੰਡਾਂ ਦਾ ਜ਼ਿਕਰ ਕੀਤਾ ਹੈ ਜਿਹੜੇ ਕਿ ਹਰਿਆਣੇ ਨੂੰ ਦੇਣ ਲਈ ਅਖਬਾਰਾਂ ਵਿਚ ਆਇਆ ਹੈ। ਮੈਂ ਇਹ ਕਹਿੰਦਾ ਹਾਂ ਕਿ ਰਾਜੀਵ ਗਾਂਧੀ ਸ਼ਾਂਤੀ ਤੋਂ ਕੰਮ ਲੈਣ। ਜਿਵੇਂ ਬਹਾਦਰਸ਼ਾਹ 14 ਸ਼ਰਤਾਂ ਤੋਂ ਮੁਕਰ ਗਿਆ ਸੀ, ਸਾਨੂੰ ਰਾਜੀਵ ਗਾਂਧੀ ਵੀ ਆਪਣੀਆਂ ਸ਼ਰਤਾਂ ਤੋਂ ਮੁਕਰਦਾ ਨਜ਼ਰ ਆ ਰਿਹਾ ਹੈ। ਚੇਅਰਮੈਨ ਸਾਹਿਬ, ਜਦੋਂ ਇਕ ਸਮਝੌਤਾ ਆਹਮਣੇ-ਸਾਹਮਣੇ ਬੈਠ ਕੇ ਹੋ ਗਿਆ ਤਾਂ ਫਿਰ ਕਮਿਸ਼ਨ ਬਿਠਾਉਣ ਦੀ ਕੀ ਲੋੜ ਸੀ ? ਇਸ ਸਮਝੌਤੇ ਦੇ ਵਿਚਕਾਰ ਹੋਰ ਬੰਨ੍ਹ ਲਾਉਣ ਦੀ ਕੀ ਲੋੜ ਸੀ ? ਇਮਾਨਦਾਰੀ ਨਾਲ ਉਸ ਸਮਝੌਤੇ ਤੇ ਅਮਲ ਕਰਨਾ ਚਾਹੀਦਾ ਹੈ। ਇਹ ਇੰਜ ਲਗਦਾ ਹੈ ਕਿ ਜਾਣ ਬੁਝ ਕੇ ਸਮਝੌਤੇ ਦੇ ਵਿਚ ਬੰਨ੍ਹ ਲਾ ਰਹੇ ਹਨ। ਰੁਕਾਵਟ ਪਾ ਰਹੇ ਹਨ। ਇਸ ਤਰ੍ਹਾਂ ਸੰਤ ਜੀ ਦਾ ਜਿਹੜਾ ਸਮਝੌਤਾ ਸੀ, ਉਹ ਬੜਾ ਸੋਚ ਸਮਝ ਕੇ ਲੋਕਾਂ ਦੇ ਭਲੇ ਵਾਸਤੇ ਕੀਤਾ ਗਿਆ ਸੀ।

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਇਹ ਜਿਹੜਾ ਬੰਨ੍ਹ ਬਣਾਇਆ ਜਾ ਰਿਹਾ ਹੈ ਇਸ ਦੇ ਨਾਲ ਇਲਾਕੇ ਵਿਚ ਬਹੁਤ ਵੱਡੇ ਫਲੱਡਜ਼ ਆਉਣ ਦਾ ਖਤਰਾ ਹੈ। ਜਿਸ ਨੂੰ ਪੰਜਾਬ ਦੇ ਲੋਕ ਬਰਦਾਸ਼ਤ ਨਹੀਂ ਕਰ ਸਕਦੇ। ਜਿਹੜਾ ਫਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਹਰਿਆਣੇ ਨੂੰ ਦਿਤਾ ਜਾ ਰਿਹਾ ਹੈ ਅਤੇ ਇਹ ਬੜੇ ਵਿੰਗੇ ਟੇਢੇ ਢੰਗ ਨਾਲ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਇਸ ਨੂੰ ਪੰਜਾਬ ਦੇ ਲੋਕ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਨਾ ਹੀ ਕਰਨਗੇ ਅਤੇ ਸਾਡੇ ਪੰਜਾਬੀ ਸਪੀਕਿੰਗ ਇਲਾਕੇ ਵੀ ਹਰਿਆਣਾ ਵਾਲੇ ਕਲੇਮ ਕਰ ਰਹੇ ਹਨ ਜਿਸ ਨੂੰ ਪੰਜਾਬ ਦੇ ਲੋਕ ਮੰਨਣ ਲਈ ਤਿਆਰ ਨਹੀਂ ਹਨ। ਸੈਂਟਰ ਦੀ ਸਰਕਾਰ ਮਹਿਸੂਸ ਕਰਦੀ ਹੈ ਕਿ ਪੰਜਾਬ ਦੇ ਹਾਲਾਤ ਕਿਉਂ ਠੀਕ ਹੋ ਗਏ ਹਨ ? ਅਗਰ ਸਾਡੇ ਨਾਲ ਕੋਈ ਜ਼ਿਆਦਤੀ ਕੀਤੀ ਗਈ ਤਾਂ ਇਸ ਨੂੰ ਅਸੀਂ ਮੰਨਣ ਲਈ ਤਿਆਰ ਨਹੀਂ ਹੋਵਾਂਗੇ ਅਤੇ ਇਸ ਦੀ ਸਾਰੀ ਜ਼ਿੰਮੇਵਾਰੀ ਸੈਂਟਰ ਦੀ ਸਰਕਾਰ ਤੇ ਹੋਵੇਗੀ। ਪੰਜਾਬ ਦੇ ਹਾਲਾਤ ਫੇਰ ਖਰਾਬ ਹੋ ਜਾਣਗੇ ਅਤੇ ਜਿਹੜਾ ਪਾੜਾ ਹਿੰਦੂ ਅਤੇ ਸਿੱਖ ਵਿਚਕਾਰ ਪਹਿਲੇ ਪਾਇਆ ਗਿਆ ਸੀ, ਇਹ ਫੇਰ ਪਾਉਣ ਦੀ ਕੋਸ਼ਿਸ਼ ਕਰਨਗੇ। ਇਸ ਦੀ ਸਾਰੀ ਜ਼ਿੰਮੇਵਾਰੀ ਰਾਜੀਵ ਗਾਂਧੀ ਤੇ ਹੋਵੇਗੀ। ਇਸ ਲਈ ਮੈਂ ਬਰਨਾਲਾ ਸਾਹਿਬ ਨੂੰ ਕਹੂੰਗਾ ਕਿ ਉਹ ਪ੍ਰਾਈਮ ਮਨਿਸਟਰ ਸਾਹਿਬ ਨੂੰ ਦੁਬਾਰਾ ਇਸ ਸਬੰਧੀ ਮਿਲਣ ਅਤੇ ਜਿਹੜਾ ਸਮਝੌਤਾ ਹੋਇਆ ਸੀ, ਉਸ ਤੇ ਪੱਕੇ ਰਹਿਣ ਕਿਉਂਕਿ ਸੰਤ ਜੀ ਹੁਣ ਸਾਡੇ ਵਿਚ ਨਹੀਂ ਰਹੇ ਅਤੇ ਇਹ 2 ਮਨੁੱਖ ਹੀ ਉਸ ਸਮੇਂ ਮੌਜੂਦ ਸਨ ਜਿਸ ਵਕਤ ਪ੍ਰਾਈਮ ਮਨਿਸਟਰ ਦੇ ਨਾਲ ਸਮਝੌਤਾ ਹੋਇਆ ਸੀ। ਇਸ ਨੂੰ ਸਰਦਾਰ ਬਲਵੰਤ ਸਿੰਘ ਅਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਅੱਛੀ ਤਰ੍ਹਾਂ ਜਾਣਦੇ ਹਨ ਜਿੰਨਾ ਸਾਡੇ ਸੰਤ ਜੀ ਜਾਣਦੇ ਸਨ। ਇਤਨੇ ਲਫਜ਼ਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਇਸ ਮਤੇ ਦੀ ਪ੍ਰੋੜਤਾ ਕਰਦਾ ਹੋਇਆ ਆਪਣੀ ਸੀਟ ਲੈਂਦਾ ਹਾਂ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ ਕੇਂਦਰੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਮਾਨ ਸਾਹਿਬ ਦੇ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਅਕਾਰਡ ਕੁਝ ਸਮੇਂ ਪਹਿਲੇ ਸਾਡੇ ਪ੍ਰਾਈਮ ਮਨਿਸਟਰ ਰਾਜੀਵ ਗਾਂਧੀ ਅਤੇ ਸੰਤ ਜੀ ਦੇ ਵਿਚਕਾਰ ਹੋਇਆ ਸੀ। ਇਸ ਗੱਲ ਦੇ ਵਿਚ ਕੋਈ ਸ਼ੱਕ ਨਹੀਂ ਹੈ ਕਿ ਭਾਰਤ ਦੇ ਇਤਿਹਾਸ ਵਿਚ ਅਤੇ ਪੰਜਾਬ ਦੇ ਵਿਚ ਖਾਸ ਤੌਰ ਤੇ ਅਤੇ ਦਿੱਲੀ ਵਿਚ ਇਹ ਇਕ ਹਿਸਟੋਰੀਕਲ ਡਿਸੀਜ਼ਨ ਹੋਇਆ ਸੀ। ਇਸ ਦੀ ਪ੍ਰਸ਼ੰਸਾ ਪੰਜਾਬ ਦੇ ਤਾਮਾਮ ਪੁਲੀਟੀਕਲ ਲੋਕਾਂ ਨੇ ਅਤੇ ਆਮ ਲੋਕਾਂ ਨੇ ਕੀਤੀ ਸੀ ਅਤੇ ਭਾਰਤ ਦੇ ਹਰ ਇਕ ਇਨਸਾਨ ਨੇ ਇਸ ਅਕਾਰਡ ਦੀ ਪ੍ਰਸ਼ੰਸਾ ਕੀਤੀ ਸੀ। ਪੰਜਾਬ ਦੇ ਵਿਚ ਜਿਹੜੇ ਕੁਝ ਸਮੇਂ ਤੋਂ ਹਾਲਾਤ ਵਿਗੜ ਰਹੇ ਸਨ, ਇਨ੍ਹਾਂ ਹਾਲਾਤ ਨੂੰ ਸੁਧਾਰਨ ਲਈ ਅਕਾਰਡ ਹੋਇਆ ਸੀ ਅਤੇ ਉਸ ਅਕਾਰਡ ਨੂੰ ਇੰਪਲੀਮੈਂਟ ਕੀਤਾ ਜਾ ਰਿਹਾ ਹੈ। ਜਿਹੜੀਆਂ ਗੱਲਾਂ ਲਿਖੀਆਂ ਗਈਆਂ ਸਨ ਉਸ ਦੇ ਮੁਤਾਬਿਕ ਇਸ ਅਕਾਰਡ ਦੇ ਕੁਝ ਫੈਸਲਿਆਂ ਦੀ 26 ਜਨਵਰੀ ਨੂੰ ਅਤੇ ਕੁਝ 15 ਅਗਸਤ ਨੂੰ ਇੰਪਲੀਮੈਂਟੇਸ਼ਨ ਹੋਣੀ ਹੈ ਪਰ ਇਸ ਅਕਾਰਡ ਤੋਂ ਬਾਦ ਸੰਤ ਜੀ ਦੀ ਸ਼ਹਾਦਤ ਹੋ ਗਈ। ਇਹ ਜਿਹੜਾ ਮਤਾ ਮਾਨ ਸਾਹਿਬ ਲਿਆਏ ਹਨ, ਇਸ ਦੇ ਵਿਚ ਮੈਥਿਊ ਕਮਿਸ਼ਨ ਦਾ ਜ਼ਿਕਰ ਆਉਂਦਾ ਹੈ ਜਿਸ ਨੇ ਟੈਰੀਟੋਰੀਅਲ ਦੀ ਕੁਝ ਐਡਜਸ਼ਟਮੈਂਟ ਕਰਨੀ ਹੈ ਜਿਸ ਰਾਹੀਂ ਪੰਜਾਬ ਦੇ ਕੁਝ ਇਲਾਕੇ ਹਰਿਆਣੇ ਨੂੰ ਚੰਡੀਗੜ੍ਹ ਦੇ ਬਦਲੇ ਦਿੱਤੇ ਜਾਣੇ ਹਨ ਪਰ ਮੈਨੂੰ ਇਨ੍ਹਾਂ ਦੀ ਗੱਲ ਹੁਣ ਸਮਝ ਨਹੀਂ ਆ ਰਹੀ ਕਿ ਇਹ ਅਕਾਲੀ ਦਲ ਦੀ ਸਰਕਾਰ ਹੁਣ ਚਾਹੁੰਦੀ ਕੀ ਹੈ ਅਤੇ ਹੁਣ ਇਹ ਨਵੀਆਂ ਪ੍ਰਾਬਲਮਜ਼ ਖੜ੍ਹੀਆਂ ਕਰ ਰਹੇ ਹਨ। ਅਗਰ ਇਸ ਤਰ੍ਹਾਂ ਦੀਆਂ ਪ੍ਰਾਬਲਮਜ਼ ਨੂੰ ਤੁਸੀਂ ਪੈਦਾ ਕਰੋਗੇ, ਫੇਰ ਇਹ ਫੈਸਲਾ 26 ਜਨਵਰੀ ਨੂੰ ਇੰਪਲੀਮੈਂਟ ਨਹੀਂ ਕੀਤਾ ਜਾ ਸਕਦਾ। ਇਸ ਮੈਥਿਊ ਕਮਿਸ਼ਨ ਕੋਲ ਅਕਾਲੀ ਦਲ ਦੀ ਸਰਕਾਰ ਆਪਣੀ ਪਾਰਟੀ ਦੀ ਨੀਤੀ ਮੁਤਾਬਿਕ ਪੇਸ਼ ਹੋਈ ਹੈ ਅਤੇ

Original with;
Punjab Vidhan Sabha
Digitized by;
Panjab Digital Library

ਹੁਣ ਕੋਈ ਨਵੀਆਂ ਮੁਸ਼ਕਲਾਂ ਪੈਦਾ ਨਹੀਂ ਕਰਨੀਆਂ ਚਾਹੀਦੀਆਂ। ਬਰਨਾਲਾ ਸਾਹਿਬ ਪ੍ਰਾਈਮ ਮਨਿਸਟਰ ਸਾਹਿਬ ਨੂੰ ਮਿਲ ਚੁੱਕੇ ਹਨ। ਇਨ੍ਹਾਂ ਨੇ ਆਪਣਾ ਵਿਊ ਪੁਆਇੰਟ ਰਖਿਆ ਸੀ ਜਿਸ ਉਤੇ ਪ੍ਰਾਈਮ ਮਨਿਸਟਰ ਸਾਹਿਬ ਨੇ ਆਪਣਾ ਰਿਗਰੈਟ ਵੀ ਸ਼ੋਅ ਕੀਤਾ ਹੈ ਅਤੇ ਉਨ੍ਹਾਂ ਨੇ ਇਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਘਬਰਾਓ ਨਹੀਂ, ਤੁਹਾਡੇ ਨਾਲ ਕੋਈ ਕਿਸੇ ਕਿਸਮ ਦੀ ਬੇਇਨਸਾਫੀ ਨਹੀਂ ਹੋਵੇਗੀ ਅਤੇ ਜਿਹੜੀਆਂ ਗੱਲਾਂ ਦਾ ਫੈਸਲਾ ਸਾਡੇ ਵਿਚਕਾਰ ਸੰਤ ਜੀ ਨਾਲ ਹੋਇਆ ਹੈ, ਉਸ ਤੇ ਅਸੀਂ ਪੱਕੇ ਹਾਂ ਪਰ ਫੇਰ ਵੀ ਇਹ ਲੋਕ ਐਵੇਂ ਇਥੇ ਬੈਠੇ ਉਨ੍ਹਾਂ ਉਤੇ ਸ਼ੱਕ ਕਰੀ ਜਾ ਰਹੇ ਹਨ। ਆਖਿਰ ਅਕਾਲੀ ਦਲ ਦੀ ਸਰਕਾਰ ਚਾਹੁੰਦੀ ਕੀ ਹੈ? ਇਸ ਅਕਾਰਡ ਉਤੇ ਬੋਲਦੇ ਹੋਏ ਮਾਨ ਸਾਹਿਬ ਨੇ ਕੁਝ ਪੁਰਾਣੀ ਹਿਸਟਰੀ ਦਾ ਜ਼ਿਕਰ ਕੀਤਾ ਹੈ ਜਿਹੜੀ ਪੰਜਾਬ ਦੀ ਹਿਸਟਰੀ ਨਾਲ ਸਬੰਧ ਰੱਖਦੀ ਹੈ। ਪੰਜਾਬੀ ਅਤੇ ਹਿੰਦੀ ਹਿੰਦੁਸਤਾਨ ਦੇ ਵਿਚ ਇਕੋ ਬੋਲੀ ਬੋਲੀ ਜਾਂਦੀ ਹੈ। ਦਿੱਲੀ ਤੋਂ ਲੈ ਕੇ ਪੇਸ਼ਾਵਰ ਤੱਕ ਪੰਜਾਬੀ ਬੋਲੀ ਬੋਲੀ ਜਾਂਦੀ ਸੀ ਲੇਕਿਨ ਇਸ ਦੇ ਵਿਚ ਡਾਇਲੈਂਗ ਵਿਚ ਜ਼ਰੂਰ ਫਰਕ ਸੀ ਅਤੇ ਵੱਖ ਵੱਖ ਸਨ। ਪੇਸ਼ਾਵਰ ਅਤੇ ਕਾਂਗੜਾ ਵਿਚ ਹੋਰ ਤਰ੍ਹਾਂ ਬੋਲਦੇ ਸਨ। ਗੁਰੂ ਅੰਗਦ ਵੇਲੇ ਵੀ ਪੰਜਾਬੀ ਬੋਲੀ ਜਾਂਦੀ ਸੀ ਪਰ ਲਿਖੀ ਨਹੀਂ ਜਾਂਦੀ ਸੀ। ਇਸੇ ਤਰ੍ਹਾਂ ਪਸ਼ਤੋ ਬੋਲੀ ਜਾਂਦੀ ਹੈ ਪਰ ਲਿਖੀ ਨਹੀਂ ਜਾਂਦੀ। ਇਸੇ ਤਰ੍ਹਾਂ ਕਸ਼ਮੀਰੀ ਜ਼ਬਾਨ ਵਿਚ ਬੋਲੀ ਜਾਂਦੀ ਹੈ ਪਰ ਲਿਖੀ ਨਹੀਂ ਜਾਂਦੀ। ਮਗਰ ਗੁਰੂ ਅੰਗਦ ਸਾਹਿਬ ਨੇ ਸਭ ਤੋਂ ਪਹਿਲੇ ਪੰਜਾਬੀ ਸਕਰਿਪਟ ਨੂੰ ਸ਼ੁਰੂ ਕੀਤਾ ਸੀ। ਇਸ ਤੋਂ ਬਾਦ ਗੁਰੂ ਗਰੰਥ ਸਾਹਿਬ ਉਨ੍ਹਾਂ ਪੰਜਾਬੀ ਵਿਚ ਰਚਿਆ ਸੀ। ਇਸੇ ਤਰ੍ਹਾਂ ਪੰਜਾਬ ਵਿਚ ਹਰ ਰਹਿਣ ਵਾਲੇ ਹਿੰਦੂ ਅਤੇ ਸਿੱਖ ਦੀ ਜ਼ਬਾਨ ਮਾਂ ਬੋਲੀ ਪੰਜਾਬੀ ਹੈ, ਹੋਰ ਕੋਈ ਨਹੀਂ ਹੈ। ਜਿਸ ਵੇਲੇ ਇਹ ਮੁਲਕ ਆਜ਼ਾਦ ਹੋਇਆ 1947 ਵਿਚ, ਉਸ ਦੌਰਾਨ ਬਹੁਤ ਸਾਰੇ ਲੋਕ ਪਾਕਿਸਤਾਨ ਛੱਡ ਕੇ ਭਾਰਤ ਆਏ ਸਨ। 1949 ਵਿਚ ਪਹਿਲੀ ਵਾਰ ਅਕਾਲੀ ਪਾਰਟੀ ਨੇ ਪਹਿਲਾ ਮੋਰਚਾ ਲਗਾਇਆ ਸੀ। ਉਸ ਤੋਂ ਬਾਦ 1952 ਵਿਚ ਦੂਜੀ ਵਾਰ ਮੋਰਚਾ ਲਗਾਇਆ ਸੀ। ਇਸੇ ਦੌਰਾਨ 1951 ਵਿਚ ਜਨਸੰਘ ਜਮਾਤ ਨੇ ਜਨਮ ਲਿਆ ਜਿਸ ਨੇ ਅਕਾਲੀ ਦਲ ਦਾ ਡਟ ਕੇ ਵਿਰੋਧ ਕੀਤਾ ਅਤੇ ਇਹ ਆਪਸ ਵਿਚ ਵਿਰੋਧ 1951 ਤੋਂ ਲੈ ਕੇ 1967 ਤੱਕ ਚਲਦਾ ਰਿਹਾ। ਅਕਾਲੀ ਦਲ ਪੰਜਾਬ ਵਿਚ ਪੰਜਾਬੀ ਪੜ੍ਹਾਉਣਾ ਚਾਹੁੰਦਾ ਸੀ ਅਤੇ ਜਨ ਸੰਘ ਵਾਲੇ ਹਿੰਦੀ ਪੜ੍ਹਾਉਣਾ ਚਾਹੁੰਦੇ ਸਨ ਅਤੇ ਇਹ ਇਕ ਦੂਸਰੇ ਦਾ ਵਿਰੋਧ ਕਰਦੇ ਰਹੇ। ਮਗਰ ਜਦ 1967 ਦੀਆਂ ਇਲੈਕਸ਼ਨਾਂ ਦੇ ਵਿਚ ਅਕਾਲੀ ਪਾਰਟੀ ਦੀ ਸਰਕਾਰ ਬਣਨ ਦੀ ਵਾਰੀ ਆਈ ਅਤੇ ਜਨਸੰਘ ਦੀ ਮਦੱਦ ਤੋਂ ਬਗੈਰ ਇਹ ਬਣਾ ਨਹੀਂ ਸਕਦੇ ਸਨ ਤਾਂ ਇਹ ਦੋਵੇਂ ਪਾਰਟੀਆਂ ਆਪਸ ਦਾ ਵਿਰੋਧ ਭੁੱਲ ਗਈਆਂ ਅਤੇ ਆਪਸ ਵਿਚ ਗਲੇ ਮਿਲ ਗਏ। ਫੇਰ ਨਾ ਕਿਸੇ ਨੇ ਹਿੰਦੀ ਦੀ ਪਰਵਾਹ ਕੀਤੀ, ਨਾ ਫੇਰ ਕਿਸੇ ਨੇ ਪੰਜਾਬੀ ਦੀ ਪਰਵਾਹ ਕੀਤੀ। ਇਸ ਤੋਂ ਪਤਾ ਲਗਦਾ ਹੈ ਕਿ ਇਹ ਕੁਰਸੀਆਂ ਦੀ ਖਾਤਰ ਮਜ਼ਹਬ ਨੂੰ ਖਤਰੇ ਵਿਚ ਪਾਉਂਦੇ ਹਨ ਜਦ ਕਿ ਪੰਥ ਅਤੇ ਮਜ਼ਹਬ ਕਦੇ ਖਤਰੇ ਵਿਚ ਨਹੀਂ ਹੁੰਦਾ ਅਤੇ ਇਹ ਚਲਦਾ ਰਹਿੰਦਾ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ: ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਹਨੂਮਾਨ ਦੇ ਨਾਂ ਤੋਂ ਚਿੜ ਲਗਦੀ ਸੀ ਪਰ ਜਨ ਸੰਘ ਦੀ ਬੜੀ ਯਾਦ ਆ ਰਹੀ ਹੈ।

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ: ਚੇਅਰਮੈਨ ਸਾਹਿਬ, ਗੁਪਤਾ ਸਾਹਿਬ ਨੇ ਬੈਠੇ ਹੋਏ ਕਿਹਾ ਹੈ ਕਿ ਜਨ ਸੰਘ ਵਾਲੇ ਅਕਾਲੀ ਪਾਰਟੀ ਦੇ ਜਮੂਰੇ ਹਨ। ਇਹ ਬਿਲਕੁਲ ਅਨਪਾਰਲੀਮੈਂਟਰੀ ਲਫਜ਼ ਹੈ। ਸਾਨੂੰ ਐਸੀਆਂ ਗੱਲਾਂ ਇਥੇ ਨਹੀਂ ਕਰਨੀਆਂ ਚਾਹੀਦੀਆਂ।

Original with;
Punjab Vidhan Sabha
Digitized by;
Panjab Digital Library

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਜੋ ਗੱਲ ਬੈਠੇ ਹੋਏ ਕੋਈ ਮੈਂਬਰ ਕਰਦਾ ਹੈ ਉਹ ਰਿਕਾਰਡ ਤੇ ਨਹੀਂ ਆਉਂਦੀ ਹੈ। ਜਨ ਸੰਘ ਕੋਈ ਧਾਰਮਕ ਗਰੰਥ ਨਹੀਂ ਹੈ।

ਸਰਦਾਰ ਕਰਨੈਲ ਸਿੰਘ ਡੋਡ : ਚੇਅਰਮੈਨ ਸਾਹਿਬ, ਹਾਊਸ ਦਾ ਸਮਾਂ ਬੜਾ ਕੀਮਤੀ ਹੈ ਅਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਹਾਲੇ ਬੋਲਣਾ ਹੈ। ਇਨ੍ਹਾਂ ਨੂੰ ਆਪਣੀ ਸਪੀਚ ਮਤੇ ਉਤੇ ਕਰਨੀ ਚਾਹੀਦੀ ਹੈ। ਮਤੇ ਦੇ ਵਿਚ ਸੀਮਿਤ ਰਹਿਣਾ ਚਾਹੀਦਾ ਹੈ, ਨਾ ਕਿ ਇਧਰ ਉਧਰ ਦੀਆਂ ਗੱਲਾਂ ਵਿਚ ਵਕਤ ਜ਼ਾਇਆ ਕਰੀ ਜਾਈਏ। ਇਹ ਪੰਜਾਬ ਦਾ ਇਕ ਅਹਿਮ ਮਸਲਾ ਹੈ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਮਾਨ ਸਾਹਿਬ ਨੇ ਆਪਣੀ ਸਪੀਚ ਕਰਦੇ ਹੋਏ ਪਿਛਲੇ 500 ਸਾਲਾ ਪੁਰਾਣੀ ਹਿਸਟਰੀ ਦਾ ਜ਼ਿਕਰ ਕੀਤਾ ਸੀ ਪਰ ਉਸ ਵਕਤ ਕਿਸੇ ਨੇ ਓਬਜੈਕਸ਼ਨ ਰੇਜ਼ ਨਹੀਂ ਕੀਤਾ ਸੀ। ਕਿਸੇ ਦੇਸ਼ ਵਿਚ ਕਦੇ ਮਜ਼ਹਬ ਖਤਰੇ ਵਿਚ ਨਹੀਂ ਹੁੰਦਾ ਪਰ ਅਕਾਲੀ ਪਾਰਟੀ ਵਾਲੇ ਹਰ ਗੱਲ ਨੂੰ ਮਜ਼ਹਬ ਦੇ ਨਾਲ ਜੋੜ ਲੈਂਦੇ ਹਨ। ਕਿਸੇ ਨੇ ਬੰਨ੍ਹੀ ਸਾੜ੍ਹੀ ਤਾਂ ਪੰਥ ਖਤਰੇ ਵਿਚ, ਕਿਸੇ ਨੇ ਬੰਨ੍ਹੀ ਦਾੜ੍ਹੀ ਤਾਂ ਮਜ਼ਹਬ ਖਤਰੇ ਵਿਚ, ਇਹ ਮਜ਼ਹਬ ਨਾ ਹੋ ਗਿਆ ਕੁਝ ਹੋਰ ਹੀ ਹੋ ਗਿਆ। ਇਹ ਹਰ ਗੱਲ ਨੂੰ ਮਜ਼ਹਬ ਦੇ ਨਾਲ ਜੋੜ ਕੇ ਮਜ਼ਹਬ ਦਾ ਖਤਰਾ ਪੈਦਾ ਕਰ ਦਿੰਦੇ ਹਨ, ਇਹ ਹੀ ਇਨ੍ਹਾਂ ਦੀ ਸਿਆਸਤ ਹੈ।

ਚੇਅਰਮੈਨ ਸਾਹਿਬ, ਇਥੇ ਇਹ ਵੀ ਗੱਲ ਕਹੀ ਗਈ ਕਿ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਵਿਚ ਰੁਕਾਵਟ ਪਾਈ। ਇਹ ਰੁਕਾਵਟ ਪਾਉਣ ਵਾਲੇ ਕੌਣ ਸਨ? ਇਹ ਰੁਕਾਵਟ ਪਾਉਣ ਵਾਲਿਆਂ ਵਿਚ ਸਾਡੇ ਵਿਚੋਂ ਕੋਈ ਨਹੀਂ ਸੀ। ਸਾਹਮਣੇ ਬੈਠੇ ਭਰਾ ਜਦੋਂ ਚਾਬੀਆਂ ਲੈ ਕੇ ਅੰਗਰੇਜ਼ਾਂ ਕੋਲ ਗਏ ਅਤੇ ਕਿਹਾ ਕਿ ਸਾਡਾ ਇਲਾਕਾ ਤੁਸੀਂ ਆਪਣੇ ਨਾਲ ਮਿਲਾ ਲਓ, ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਥੱਲੇ ਨਹੀਂ ਆਉਣਾ ਚਾਹੁੰਦੇ (ਥੰਪਿੰਗ) ਮਹਾਰਾਜਾ ਰਣਜੀਤ ਸਿੰਘ ਨਾਭਾ, ਪਟਿਆਲਾ ਅਤੇ ਮਾਲਵਾ ਥੱਲੇ ਲਿਆਉਣਾ ਚਾਹੁੰਦੇ ਸੀ।

ਸ਼੍ਰੀ ਸਭਾਪਤੀ : ਪ੍ਰੋਫੈਸਰ ਦਰਬਾਰੀ ਲਾਲ ਜੀ, ਹੁਣ ਤੁਸੀਂ ਬੈਠੋ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਮੈਂ ਅਜੇ ਬੋਲਣਾ ਹੈ। ਉਨ੍ਹਾਂ ਨੇ 40 ਸਾਲ ਰਾਜ ਕੀਤਾ ਪਰ ਇਹ ਤਾਂ 5 ਸਾਲ ਵੀ ਰਾਜ ਨਹੀਂ ਕਰ ਸਕਦੇ। ਉਸ ਵੇਲੇ, ਚੇਅਰਮੈਨ ਸਾਹਿਬ, ਜਰਨੈਲ ਦੀਵਾਨ ਚੰਦ ਅਤੇ ਹਰੀ ਸਿੰਘ ਨਲਵਾ ਵਰਗੇ ਉਨ੍ਹਾਂ ਨਾਲ ਸਨ। (ਵਿਘਨ)

ਸਰਦਾਰ ਹਰਦਿਆਲ ਸਿੰਘ ਰਾਜਲਾ : ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਨੂੰ ਪਤਾ ਨਹੀਂ ਹੈ ਔਰ ਇਨ੍ਹਾਂ ਨੇ ਇਥੇ ਹਾਊਸ ਵਿਚ ਕਿਹਾ ਹੈ ਕਿ ਅਸੀਂ ਚਾਬੀਆਂ ਲੈ ਕੇ ਗਏ ਸੀ। ਇਹ ਗਲਤ ਹੈ। ਇਨ੍ਹਾਂ ਨੂੰ ਇਤਿਹਾਸ ਦੀ ਬਿਲਕੁਲ ਵਾਕਫੀਅਤ ਨਹੀਂ ਹੈ। (ਵਿਘਨ)

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਇਥੇ ਮੈਂਬਰ ਸਾਹਿਬ ਵਲੋਂ ਕਿਹਾ ਗਿਆ ਹੈ ਕਿ ਮੈਨੂੰ ਇਤਿਹਾਸ ਦੀ ਵਾਕਫੀਅਤ ਨਹੀਂ ਹੈ। ਇਹ ਸਤਿ ਸ੍ਰੀ ਅਕਾਲ ਦਾ ਮਤਲਬ ਦਸ ਦੇਣ।

ਸਰਦਾਰ ਹਰਦਿਆਲ ਸਿੰਘ ਰਾਜਲਾ : ਚੇਅਰਮੈਨ ਸਾਹਿਬ, ਮੈਂ ਸਭ ਕੁਝ ਜਾਣਦਾ ਹਾਂ। ਸਤਿ ਸ੍ਰੀ ਅਕਾਲ ਦਾ ਮੈਂ ਪੁਜਾਰੀ ਹਾਂ।

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ : ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਪ੍ਰੋਫੈਸਰ ਦਰਬਾਰੀ ਲਾਲ ਕਿਸ ਤਰ੍ਹਾਂ ਦੀ ਸਪੀਚ ਕਰ ਰਹੇ ਹਨ। ਇਨ੍ਹਾਂ ਨੂੰ ਪੂਰੀ ਵਾਕਫੀਅਤ ਨਹੀਂ ਹੈ। ਇਹ ਰੈਜ਼ੋਲਿਊਸ਼ਨ ਨੂੰ ਲਾਈਟਲੀ ਲੈ ਰਹੇ ਹਨ। ਜਿਹੜਾ ਮਤਾ ਅੱਜ ਹਾਊਸ ਦੇ ਸਾਹਮਣੇ ਹੈ, ਉਹ ਮੈਥਿਊ ਕਮਿਸ਼ਨ ਬਾਰੇ ਹੈ। ਇਨ੍ਹਾਂ ਨੂੰ ਉਸ ਤੇ ਬੋਲਣਾ ਚਾਹੀਦਾ ਹੈ। ਇਸ ਤਰ੍ਹਾਂ ਬੋਲ ਕੇ ਸਦਨ ਦਾ ਟਾਈਮ ਵੇਸਟ ਨਾ ਕੀਤਾ ਜਾਵੇ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਸਤਿ ਸ੍ਰੀ ਅਕਾਲ ਤਿੰਨ ਸ਼ਬਦਾਂ ਤੋਂ ਬਣਿਆ ਹੈ । Sat-Sri-Akal means truth which is imperishable, truth which can not be destroyed.

ਚੇਅਰਮੈਨ ਸਾਹਿਬ, ਇਤਿਹਾਸ ਦੀ ਮੈਨੂੰ ਸਾਰੀ ਵਾਕਫੀਅਤ ਹੈ। ਮੈਂ ਹਿਸਟਰੀ ਪੜ੍ਹੀ ਹੈ। ਪੰਜਾਬ ਅੱਜ ਕਿਉਂ ਛੋਟਾ ਹੋ ਗਿਆ ਹੈ? ਪੰਜਾਬ ਨੂੰ ਡਿਸਫਿਗਰਡ ਕਿਸ ਨੇ ਕੀਤਾ, ਪੰਜਾਬ ਨੂੰ ਲੰਗੜਾ ਲੂਲਾ ਕਿਸ ਨੇ ਕੀਤਾ। (ਥੰਪਿੰਗ) ਕਾਂਗਰਸ ਨੇ ਹਮੇਸ਼ਾ ਪੰਜਾਬ ਦੀ ਭਲਾਈ ਦੇ ਕੰਮ ਕੀਤੇ। ਪੰਜਾਬ ਦਿੱਲੀ ਤੋਂ ਲੈ ਕੇ ਮਥਰਾ ਤਕ ਸੀ । ਹਰਿਆਣਾ ਨਾਂ ਦਾ ਕੋਈ ਵੀ ਪਰਾਂਤ ਪਹਿਲਾਂ ਨਹੀਂ ਸੀ। ਇਨ੍ਹਾਂ ਅਕਾਲੀਆਂ ਨੇ ਪੰਜਾਬੀ ਸੂਬਾ ਮੰਗਣਾ ਸ਼ੁਰੂ ਕੀਤਾ ਅਤੇ ਆਪ ਹੀ ਹਰਿਆਣਾ ਵਾਲਿਆਂ ਨੂੰ ਕਹਿ ਦਿਤਾ ਕਿ ਤੁਸੀਂ ਵੀ ਕੁਝ ਮੰਗੋ । ਪੰਜਾਬ ਛੋਟਾ ਹੋਇਆ ਤਾਂ ਇਸ ਦੀ ਜ਼ਿਮੇਵਾਰੀ ਤੁਹਾਡੀ ਹੈ। ਜਿਸ ਦੀ ਮਿਸਾਲ ਅੱਜ ਸਾਡੇ ਸਾਹਮਣੇ ਆਉਂਦੀ ਹੈ। (ਥੰਪਿੰਗ)

ਸ੍ਰੀ ਸਭਾਪਤੀ : ਹੁਣ ਤੁਸੀਂ ਵਾਈਂਡ ਅਪ ਕਰੋ ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਮੈਥਿਊ ਕਮਿਸ਼ਨ ਜਿਹੜਾ ਅੱਜ ਸਾਡੇ ਸਾਹਮਣੇ ਹੈ, ਇਸ ਵਿਚ ਰੁਕਾਵਟ ਪਾਉਣ ਵਾਸਤੇ ਇਹ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ । ਇਹ ਇਕ ਬੜੀ ਹੀ ਭੈੜੀ ਗੱਲ ਹੈ । ਕੁਝ ਦਿਨ ਪਹਿਲਾਂ, ਚੇਅਰਮੈਨ ਸਾਹਿਬ, ਇਥੇ ਪੈਡੀ ਦਾ ਮਸਲਾ ਉਠਾਇਆ ਗਿਆ ਸੀ ਕਿ ਇਹ ਸਾਰੀ ਜ਼ਿਮੇਵਾਰੀ ਸੈਂਟਰ ਸਰਕਾਰ ਦੀ ਹੈ। ਜੇਕਰ ਸਰਦਾਰ ਦਰਬਾਰਾ ਸਿੰਘ, ਸਾਬਕਾ ਮੁੱਖ ਮੰਤਰੀ 21 ਪ੍ਰਤੀਸ਼ਤ ਤਕ ਮੁਆਇਸਚਰ ਹੁੰਦੇ ਹੋਏ ਵੀ ਪੈਡੀ ਖਰੀਦ ਸਕਦੇ ਸਨ ਤਾਂ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਕਿਉਂ ਨਹੀਂ ਖਰੀਦ ਸਕਦੇ ? (ਥੰਪਿੰਗ) ਇਹ ਸਾਰੀ ਜ਼ਿਮੇਵਾਰੀ ਸੈਂਟਰ ਸਰਕਾਰ ਤੇ ਸੁੱਟੀ ਜਾ ਰਹੇ ਹਨ। ਸਤਲੁਜ-ਯਮਨਾ ਲਿੰਕ ਨਹਿਰ 15 ਅਗਸਤ ਤਕ ਕੰਪਲੀਟ ਕਰਨੀ ਸੀ ਪਰ ਇਹ ਅਕਾਲੀ ਉਸ ਵਿਚ ਵੀ ਰੁਕਾਵਟ ਪੈਦਾ ਕਰ ਰਹੇ ਹਨ ਤਾਕਿ ਅਕਾਰਡ ਸਿਰੇ ਨਾ ਚੜ੍ਹ ਸਕੇ । ਇਸ ਤਰ੍ਹਾਂ ਸਾਰਾ ਕੰਮ ਡੀਲੇਅ ਹੋਵੇਗਾ। ਜਦੋਂ ਪਿਛੇ ਬਾਦਲ ਸਾਹਿਬ ਮੁੱਖ ਮੰਤਰੀ ਸਨ ਅਤੇ ਚੌਧਰੀ ਦੇਵੀ ਲਾਲ ਹਰਿਆਣਾ ਦੇ ਮੁੱਖ ਮੰਤਰੀ ਸਨ ਤਾਂ ਇਕ ਕਰੋੜ ਰੁਪਿਆ ਹਰਿਆਣਾ ਸਰਕਾਰ ਨੇ ਪੰਜਾਬ ਸਰਕਾਰ ਨੂੰ ਦਿੱਤਾ । ਇਹ ਸਤਲੁਜ-ਯਮਨਾ ਲਿੰਕ ਨਹਿਰ ਵਾਸਤੇ ਦਿੱਤਾ ਗਿਆ ਸੀ ਪਰ ਹੁਣ ਦੀ ਸਰਕਾਰ ਜਾਣ-ਬੂਝ ਕੇ ਡੀਲੇਅ ਕਰ ਰਹੀ ਹੈ। ਬਾਦਲ ਸਾਹਿਬ ਅਤੇ ਟੋਹੜਾ ਸਾਹਿਬ ਨੂੰ ਪੁਛ ਲਵੋ ਕਿ ਉਹ ਇਸ ਅਕਾਰਡ ਨਾਲ ਸਹਿਮਤ ਹਨ।

ਸਰਦਾਰ ਕਰਨੈਲ ਸਿੰਘ ਡੋਡ : ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਇਹ ਬੜੇ ਅਫਸੋਸ ਦੀ ਗੱਲ ਹੈ ਕਿ ਪ੍ਰੋਫੈਸਰ ਸਾਹਿਬ ਆਪਣੀ ਵਿਦਵਤਾ ਦਾ ਜਲੂਸ ਕਢੀ ਜਾ ਰਹੇ ਹਨ। ਉਹ ਰੈਲੇਵੈਂਟ ਨਹੀਂ ਬੋਲ ਰਹੇ ਹਨ। (ਵਿਘਨ) ਇਹ ਇਥੇ ਹਾਊਸ ਵਿਚ ਮੈਥਿਊ ਕਮਿਸ਼ਨ ਦਾ ਜੋ ਰੈਜ਼ੋਲਿਊਸ਼ਨ ਹੈ, ਉਸ ਬਾਰੇ ਗੱਲ ਕਰਨ। ਇਨ੍ਹਾਂ ਨੂੰ ਬੋਲਣ ਬੰਦ ਤੋਂ ਕਰੋ।

Original with;
Punjab Vidhan Sabha
Digitized by
Panjab Digital Library

ਸਰਦਾਰ ਗੁਰਦੇਵ ਸਿੰਘ ਬਾਦਲ : ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਪ੍ਰੋਫੈਸਰ ਜੀ ਨੇ ਬਾਦਲ ਸਾਹਿਬ ਦਾ ਅਤੇ ਟੌਹੜਾ ਸਾਹਿਬ ਦਾ ਨਾਂ ਲਿਆ ਹੈ। ਉਹ ਇਥੇ ਬੈਠੇ ਨਹੀਂ ਹਨ ਅਤੇ ਉਹ ਆਪਣੇ ਆਪ ਨੂੰ ਡਿਫੈਂਡ ਨਹੀਂ ਕਰ ਸਕਦੇ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਗੁਰਦਾਸਪੁਰ ਡਿਸਟ੍ਰਿਕਟ ਵਿਚ ਡਲਹੌਜ਼ੀ ਔਰ ਅੰਬਾਲਾ ਡਿਸਟ੍ਰਿਕਟ ਵਿਚ ਪੰਜੌਰ, ਕਾਲਕਾ, ਊਨਾ ਤਹਿਸੀਲ, ਸਰਸਾ, ਕਰਨਾਲ ਆਦਿ, ਇਹ ਸਾਰੇ ਪੰਜਾਬੀ ਬੋਲਦੇ ਇਲਾਕੇ ਸਨ ਜੋ ਕਿ ਸਾਰੇ ਦੇ ਸਾਰੇ ਪੰਜਾਬ ਤੋਂ ਬਾਹਰ ਚਲੇ ਗਏ। ਇਹ ਇਨ੍ਹਾਂ ਦੀ ਜ਼ਿਮੇਵਾਰੀ ਹੈ, ਹੋਰ ਕਿਸੇ ਦੀ ਜ਼ਿਮੇਵਾਰੀ ਨਹੀਂ ਹੈ।

ਸ਼੍ਰੀ ਸਭਾਪਤੀ : ਤੁਹਾਡਾ ਪ੍ਰੋਫੈਸਰ ਸਾਹਿਬ, ਟਾਈਮ ਖਤਮ ਹੋ ਗਿਆ ਹੈ।

ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ : ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ, ਸਰ। 1966 ਵਿਚ ਜਦੋਂ ਸ਼ਾਹ ਕਮਿਸ਼ਨ ਬਣਿਆ ਤਾਂ ਉਸ ਵਿਚ ਕਿਸ ਦੀ ਗਲਤੀ ਸੀ ? ਜੇਕਰ ਉਸ ਸਮੇਂ ਗਲਤ ਵੰਡ ਹੋਈ ਤਾਂ ਤੁਹਾਡੀ ਗਲਤੀ ਕਰਕੇ ਵੰਡ ਹੋਈ ਹੈ। ਇਸ ਵਿਚ ਸਾਡੀ ਕੋਈ ਗਲਤੀ ਨਹੀਂ ਸੀ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਜਿਸ ਵੇਲੇ ਤੱਕ ਅਕਾਲੀ ਦਲ ਦੀ ਕਮਾਂਡ ਮਾਸਟਰ ਤਾਰਾ ਸਿੰਘ ਜੀ ਦੇ ਕੋਲ ਰਹੀ, ਉਸ ਵੇਲੇ ਤੱਕ ਉਹ ਕੁਝ ਮੰਗਾਂ ਤਾਂ ਮੰਗਦੇ ਰਹੇ। ਮੈਂ ਸਾਰੀ ਉਨ੍ਹਾਂ ਦੀ ਹਿਸਟਰੀ ਆਪ ਪੜ੍ਹੀ ਹੈ ਜਿਸ ਵਿੱਚ ਉਨ੍ਹਾਂ ਨੇ ਕਦੇ ਵੀ ਕਿਸੇ ਪੰਜਾਬੀ ਸੂਬੇ ਦੀ ਮੰਗ ਨਹੀਂ ਕੀਤੀ ਸੀ। ਉਹ ਤਾਂ ਚਾਹੁੰਦੇ ਸਨ ਕਿ ਸਿੱਖ ਉਨ੍ਹਾਂ ਦੇ ਮਗਰ ਰਹਿਣ ਅਤੇ ਇਸੇ ਤਰ੍ਹਾਂ ਲੋਕਾਂ ਦੀਆਂ ਮੰਗਾਂ ਪੂਰੀਆਂ ਕਰਦੇ ਰਹੀਏ। ਉਹ ਪੰਜਾਬ ਨੂੰ ਤੋੜਨ ਦੇ ਹੱਕ ਵਿੱਚ ਨਹੀਂ ਸਨ। ਇਸ ਤੋਂ ਬਾਅਦ ਸੰਤ ਫਤਿਹ ਸਿੰਘ ਵੇਲੇ ਪੰਜਾਬ ਨੂੰ ਤੋੜਨ ਦੀ ਸਾਜ਼ਿਸ਼ ਕੀਤੀ ਗਈ ਜਿਸ ਦਾ ਜ਼ਿਕਰ ਮੈਂ ਕੀਤਾ।

ਸ਼੍ਰੀ ਸਭਾਪਤੀ : ਪ੍ਰੋਫੈਸਰ ਦਰਬਾਰੀ ਲਾਲ ਜੀ, ਤੁਸੀਂ ਹੁਣ ਆਪਣੀ ਸੀਟ ਤੇ ਬੈਠ ਜਾਓ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਮੈਥਿਊ ਕਮਿਸ਼ਨ ਵਿੱਚ ਤਿੰਨ ਗੱਲਾਂ ਕਹੀਆਂ ਗਈਆਂ ਹਨ। ਪਹਿਲੀ ਗੱਲ ਹਿੰਦੀ ਬੋਲਦੇ ਇਲਾਕਿਆਂ ਬਾਰੇ, ਦੂਜੀ ਪਿੰਡ ਨੂੰ ਇਕ ਇਕਾਈ ਮੰਨਣ ਬਾਰੇ ਅਤੇ ਤੀਜੀ ਜਿਓਗਰਾਫਿਕਲ ਕਾਂਟੀਗੁਇਟੀ ਬਾਰੇ ਹੈ।

ਸ਼੍ਰੀ ਸਭਾਪਤੀ : ਪ੍ਰੋਫੈਸਰ ਸਾਹਿਬ, ਮੈਂ ਬਾਰ ਬਾਰ ਕਹਿ ਚੁੱਕਾ ਹਾਂ ਕਿ ਤੁਸੀਂ ਬੈਠ ਜਾਓ।

ਪ੍ਰੋਫੈਸਰ ਦਰਬਾਰੀ ਲਾਲ : ਚੇਅਰਮੈਨ ਸਾਹਿਬ, ਇਹ ਕਮਿਸ਼ਨ ਜਿਸ ਨੂੰ ਕਿ ਹੁਣ ਮਿੱਠੂ ਕਮਿਸ਼ਨ ਕਹਿਣਾ ਚਾਹੀਦਾ ਹੈ, ਉਸ ਵਿਚ ਪ੍ਰਾਈਮ ਮਨਿਸਟਰ ਸਾਹਿਬ ਨੇ ਇਹ ਵਿਸ਼ਵਾਸ ਦਿਵਾਇਆ ਹੈ ਕਿ ਪੰਜਾਬ ਨੂੰ ਕਿਸੇ ਤਰ੍ਹਾਂ ਦਾ ਵੀ ਨੁਕਸਾਨ ਨਹੀਂ ਹੋਵੇਗਾ। ਸਾਨੂੰ ਉਨ੍ਹਾਂ ਦੀ ਗੱਲ ਤੇ ਭਰੋਸਾ ਕਰ ਲੈਣਾ ਚਾਹੀਦਾ ਹੈ ਅਤੇ ਹੁਣ ਮੇਰੀ ਰਾਏ ਹੈ ਕਿ ਇਸ ਰੈਜ਼ੋਲਿਊਸ਼ਨ ਨੂੰ ਵਿਦਡਰਾ ਕਰ ਲੈਣਾ ਚਾਹੀਦਾ ਹੈ।

ਸਰਦਾਰ ਸੁਰਜੀਤ ਸਿੰਘ ਮਿਨਹਾਸ, ਐਡਵੋਕੇਟ (ਆਦਮਪੁਰ) : ਚੇਅਰਮੈਨ ਸਾਹਿਬ, ਮੈਂ ਪਹਿਲਾਂ ਵੀ ਕਹਿ ਰਿਹਾ ਸੀ ਕਿ ਇਹ ਬੜਾ ਮਹੱਤਵਪੂਰਨ ਮਸਲਾ ਹੈ ਜਿਸ ਤੇ ਵਿਚਾਰ ਹੋ ਰਿਹਾ ਹੈ। ਇਹ ਜਿਹੜਾ ਮਤਾ ਸਰਦਾਰ ਬਲਦੇਵ ਸਿੰਘ ਮਾਨ ਸਾਹਿਬ ਨੇ ਰਖਿਆ ਹੈ ਇਹ ਪੰਜਾਬ ਵਿਚ ਵਰਤਮਾਨ ਹਾਲਾਤ ਨੂੰ

Original with;
Punjab Vidhan Sabha
Digitized by;
Panjab Digital Library

ਏਖਦੇ ਹੋਏ ਅਮਨ ਅਤੇ ਸ਼ਾਂਤੀ ਲਿਆਉਣ ਲਈ ਬਹੁਤ ਜ਼ਿਆਦਾ ਸਬੰਧਤ ਹੈ। ਇਹ ਜਿਹੜਾ ਸੈਂਟਰ ਨਾਲ ਅਕਾਲੀ ਦਲ ਦਾ ਸਮਝੌਤਾ ਹੋਇਆ ਹੈ ਉਸੇ ਲਈ ਮੈਥਿਊ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਹੈ। ਪਰ ਮੈਨੂੰ ਬੜਾ ਦੁੱਖ ਹੈ ਕਿ ਪ੍ਰੋਫੈਸਰ ਸਾਹਿਬ ਵਰਗੇ ਪੜ੍ਹੇ ਲਿਖੇ ਮੈਂਬਰ ਸਾਹਿਬਾਨ ਨੇ ਸੁਪਰੀਮ ਕੋਰਟ ਦੇ ਇਕ ਮਾਨਯੋਗ ਰਿਟਾਇਰਡ ਜੱਜ ਬਾਰੇ ਮਿੱਠੂ ਸ਼ਬਦ ਪ੍ਰਯੋਗ ਕੀਤਾ ਹੈ । ਇਸ ਤੋਂ ਮੈਨੂੰ ਉਨ੍ਹਾਂ ਦੀ ਵਿਦਵਤਾ ਅਤੇ ਐਕਸਪ੍ਰੈਸ਼ਨ ਦੇ ਮੈਨਰ ਤੇ ਬੜਾ ਅਫਸੋਸ ਹੈ।

ਚੇਅਰਮੈਨ ਸਾਹਿਬ, ਮੁੱਖ ਤੌਰ ਤੇ ਜੋ ਅਕਾਰਡ ਪੜ੍ਹਿਆ ਗਿਆ ਹੈ ਉਸ ਵਿੱਚ ਤਿੰਨ ਗੱਲਾਂ ਹਨ, ਇਕ ਕਾਸ਼ਤਕਾਰੀ ਸਮਾਨਤਾ ਤੇ ਇਹ ਅਧਾਰਤ ਹੋਵੇਗਾ, ਦੂਜੇ, ਲਿੰਗੁਇਸਟਿਕ ਐਂਫਿਨਿਟੀ ਐਂਡ ਜਿਓਗਰਾਫਿਕਲ ਕਾਂਟੀਗੁਇਟੀ ਅਤੇ ਤੀਜੇ, ਪਿੰਡ ਨੂੰ ਇਕ ਯੂਨਿਟ ਮੰਨ ਕੇ ਇਹ ਕਮਿਸ਼ਨ ਫੈਸਲਾ ਕਰੇਗਾ ਕਿ ਕਿਹੜੇ ਇਲਾਕੇ ਪੰਜਾਬ ਵਿਚ ਹਿੰਦੀ ਬੋਲਦੇ ਹਨ ਅਤੇ ਹਰਿਆਣੇ ਨੂੰ ਜਾਣੇ ਚਾਹੀਦੇ ਹਨ। ਪਰ ਟਰਮਜ਼ ਆਫ ਰੈਫਰੈਂਸ ਵਿੱਚ 'ਐਨੀ ਅਦਰ ਫੈਕਟਰਜ਼' ਅੱਖਰ ਗਲਤ ਲਿਖਿਆ ਗਿਆ ਹੈ ਜਿਸ ਦੇ ਬਾਰੇ ਮੇਰੇ ਦੋਸਤ ਅਤੇ ਬਜ਼ੁਰਗ ਅਤੇ ਸਾਬਕਾ ਸਪੀਕਰ ਸਾਹਿਬ ਨੇ ਕਿਹਾ ਸੀ ਕਿ ਇਹ ਤਾਂ ਵੈਸੇ ਹੀ ਲਿਖਿਆ ਗਿਆ ਹੈ, ਇਸ ਵਿੱਚ ਕੋਈ ਏਨੀ ਮਹੱਤਵਪੂਰਨ ਗੱਲ ਨਹੀਂ। ਪਰ ਮੈਂ ਕਹਿੰਦਾ ਹਾਂ ਕਿ ਇਹ ਗੱਲ ਤਾਂ ਪ੍ਰਧਾਨ ਮੰਤਰੀ ਨੂੰ ਵੀ ਸਵੀਕਾਰ ਕਰਨੀ ਪਈ ਕਿ ਇਹ ਗੱਲ ਗਲਤ ਹੋਈ ਹੈ । ਜੇ ਪ੍ਰਧਾਨ ਮੰਤਰੀ ਸਵੀਕਾਰ ਕਰਦੇ ਹਨ ਕਿ ਇਹ ਗੱਲ ਗਲਤ ਹੋਈ ਹੈ ਅਤੇ ਟਰਮਜ਼ ਆਫ ਰੈਫਰੈਂਸ ਅਕਾਰਡ ਦੇ ਮੁਤਾਬਕ ਨਹੀਂ ਅਤੇ ਜੇ ਇਨ੍ਹਾਂ ਨੂੰ ਤਰਮੀਮ ਕਰਨ ਲਈ ਮਤਾ ਰਖਿਆ ਗਿਆ ਹੈ ਤਾਂ ਮੇਰੇ ਕਾਂਗਰਸੀ ਵੀਰਾਂ ਨੂੰ ਕੋਈ ਦੁਖ ਨਹੀਂ ਹੋਣਾ ਚਾਹੀਦਾ। ਸਾਨੂੰ ਇਸ ਗੱਲ ਦਾ ਦੁਖ ਹੈ ਕਿ ਦੇਸ਼ ਦੀ ਵੰਡ ਕਰਨ ਵਾਲੇ ਕਾਂਗਰਸੀ ਨੇਤਾ ਸਨ। ਇਕ ਪੁਸਤਕ ਮੌਲਾਨਾ ਆਜ਼ਾਦ ਦੀ 'ਇੰਡੀਆ ਵਿਨਜ਼ ਫਰੀਡਮ' ਵਿੱਚ ਇਹ ਗੱਲ ਦੱਸੀ ਗਈ ਹੈ ਕਿ ਪੰਡਿਤ ਜਵਾਹਰ ਲਾਲ ਨਹਿਰੂ ਮਹਾਤਮਾ ਗਾਂਧੀ ਕੋਲ ਜਾ ਕੇ ਰੋਏ ਅਤੇ ਕਿਹਾ ਕਿ ਸਾਡੀ ਜਿਨਾਹ ਨਾਲ ਹੁਣ ਨਹੀਂ ਚਲਦੀ ਤੇ ਹੁਣ ਦੇਸ਼ ਦੀ ਵੰਡ ਕਰ ਦੇਣੀ ਚਾਹੀਦੀ ਹੈ। ਇਹ ਵੰਡ ਉਨ੍ਹਾਂ ਨੇ ਕੀਤੀ। ਅਕਾਲੀਆਂ ਨੇ ਤਾਂ ਪੰਜਾਬੀ ਸੂਬਾ ਹੀ ਮੰਗਿਆ ਸੀ, ਦੇਸ਼ ਦੀ ਵੰਡ ਤਾਂ ਨਹੀਂ ਕੀਤੀ ਸੀ। ਫੇਰ ਸ਼ਾਹ ਕਮਿਸ਼ਨ ਤਾਂ ਕੇਂਦਰ ਸਰਕਾਰ ਜਿਹੜੀ ਕਿ ਕਾਂਗਰਸ ਦੀ ਸੀ, ਉਸ ਨੇ ਹੀ ਬਿਠਾਇਆ ਸੀ। ਉਸ ਕਮਿਸ਼ਨ ਦੀ ਰਿਪੋਰਟ ਵਿੱਚ ਇਥੋਂ ਤੱਕ ਕਹਿ ਦਿੱਤਾ ਗਿਆ ਸੀ ਕਿ ਆਨੰਦਪੁਰ ਸਾਹਿਬ ਵਿੱਚ ਸ਼੍ਰੀ ਕੇਸਗੜ੍ਹ ਸਾਹਿਬ ਜਗ੍ਹਾ ਹੈ ਜਿਹੜੀ ਟਰਮਜ਼ ਆਫ ਰੈਫਰੈਂਸ ਮੁਤਾਬਕ ਹਿਮਾਚਲ ਪ੍ਰਦੇਸ਼ ਨੂੰ ਜਾਣੀ ਚਾਹੀਦੀ ਹੈ ਪਰ ਕਿਉਂਕਿ ਇਹ ਜਗ੍ਹਾ ਸਿੱਖਾਂ ਦੇ ਸੈਂਟੀਮੈਂਟਸ ਨਾਲ ਸਬੰਧਤ ਹੈ, ਇਸ ਲਈ ਅਸੀਂ ਇਹ ਰਿਆਇਤ ਦੇ ਤੌਰ ਤੇ ਦੇ ਦਿੰਦੇ ਹਾਂ। ਇਹ ਗਲਤ ਟਰਮਜ਼ ਆਫ ਰੈਫਰੈਂਸ ਕੇਂਦਰੀ ਸਰਕਾਰ ਨੇ ਹੀ ਕਰਵਾਈ ਸੀ।

ਹੁਣ ਇਹ ਜਿਹੜਾ ਅਕਾਰਡ ਸੰਤ ਹਰਚੰਦ ਸਿੰਘ ਜੀ ਅਤੇ ਪ੍ਰਾਈਮ ਮਨਿਸਟਰ ਵਿਚਕਾਰ ਹੋਇਆ ਹੈ ਉਸ ਵਿੱਚ ਤਿੰਨ ਗੱਲਾਂ ਮੁੱਖ ਤੌਰ ਤੇ ਲਿਖੀਆਂ ਗਈਆਂ। ਉਸ ਵਿੱਚ ਕਿਸੇ ਤਹਿਸੀਲ ਜਾਂ ਸਬ-ਤਹਿਸੀਲ ਨੂੰ ਨਹੀਂ ਬਲਕਿ ਪਿੰਡ ਨੂੰ ਇਕਾਈ ਮੰਨ ਕੇ ਚਲਿਆ ਜਾਵੇਗਾ । ਮੁਕਤਸਰ ਤਹਿਸੀਲ ਵਿੱਚ ਇਕ ਪਿੰਡ ਹੈ ਕੰਦੂ ਖੇੜਾ। ਹਰਿਆਣਾ ਸਰਕਾਰ ਦੇ ਵਕੀਲ ਮਿਸਟਰ ਵੇਨੂੰ ਗੋਪਾਲ ਨੇ ਮੈਥਿਊ ਕਮਿਸ਼ਨ ਸਾਹਮਣੇ ਬਹਿਸ ਵਿੱਚ ਕਿਹਾ ਹੈ ਕਿ 36 ਪਿੰਡ ਫਾਜ਼ਿਲਕਾ ਤਹਿਸੀਲ ਵਿਚੋਂ ਕੱਢ ਕੇ ਮੁੱਕਤਸਰ ਤਹਿਸੀਲ ਵਿੱਚ ਪਾਏ ਗਏ ਸਨ । ਕੰਦੂ ਖੇੜਾ ਇਕ ਪੰਜਾਬੀ ਸਪੀਕਿੰਗ ਪਿੰਡ ਹੈ ਜਿਸ ਦਾ ਫੈਸਲਾ 1956 ਤੋਂ ਬਾਅਦ ਹੁਣ 29 ਸਾਲਾਂ ਬਾਅਦ ਹਰਿਆਣਾ ਸਰਕਾਰ ਅਨ-ਡੂ ਕਰਾਉਣਾ ਚਾਹੁੰਦੀ ਹੈ। ਕੰਦੂ ਖੇੜਾ ਦੇ ਨਾਲ ਲਗਦੇ ਪਿੰਡ ਹਰਿਆਣਾ ਸਰਕਾਰ ਮੰਗਦੀ ਹੈ। ਅਗਰ 'ਐਨੀ ਅਦਰ ਫੈਕਟਰਜ਼'

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ]

ਸ਼ਬਦ ਦੇ ਮੁਤਾਬਿਕ ਦੇਖਿਆ ਜਾਣ ਲੱਗਾ ਤਾਂ ਇਹ ਵੀ ਮੰਨ ਲਿਆ ਜਾਵੇਗਾ ਜਿਵੇਂ ਮਿਸਟਰ ਵੇਨੂੰ ਗੋਪਾਲ ਨੇ ਕਿਹਾ ਹੈ ਕਿ ਇਹ ਪਿੰਡ 1956 ਤੋਂ ਪਹਿਲਾਂ ਫਾਜ਼ਿਲਕਾ ਦਾ ਹਿੱਸਾ ਸੀ । ਇਕ ਸ਼ਬਦ 'ਡੀਮਡ ਐਪ੍ਰੋਰੀਏਟ' ਹੈ, ਇਹ ਕੌਣ ਡੀਮ ਕਰੇਗਾ। ਇਹ ਡੀਮ ਕਰਨਾ ਇਸ ਕਮਿਸ਼ਨ ਦੇ ਅਖਤਿਆਰਾਤ ਦੇ ਦਾਇਰੇ ਵਿੱਚ ਨਹੀਂ ਆਉਂਦਾ। ਮੁੱਖ ਫੈਕਟਰਜ਼ ਤਾਂ ਤਿੰਨ ਹੀ ਹਨ। ਮਹਿਰਾ ਸਾਹਿਬ ਨੇ ਕਿਹਾ ਹੈ ਕਿ ਇਹ 'ਐਨੀ ਅਦਰ ਫੈਕਟਰਜ਼' ਸ਼ਬਦ ਲਿਖਤ ਵਿੱਚ ਹੀ ਆ ਗਿਆ ਹੈ ਤਾਂ ਮੈਂ ਇਹ ਕਹਿੰਦਾ ਹਾਂ ਕਿ ਅਗਰ ਇਹ ਬਿਊਰੋਕਰੇਸੀ ਦੀ ਗਲਤੀ ਨਾਲ ਲਿਖਤ ਵਿੱਚ ਆ ਹੀ ਗਿਆ ਹੈ ਤਾਂ ਇਸ ਨੂੰ ਤਰਮੀਮ ਕਰਨਾ ਵਾਜਬ ਹੀ ਹੈ।

ਇਹ ਜਿਹੜਾ ਕਹਿੰਦੇ ਹਨ ਕਿ ਇਹ ਰੈਜ਼ੋਲਿਊਸ਼ਨ ਬੈਡ ਟੇਸਟ ਵਿੱਚ ਲਿਆਂਦਾ ਗਿਆ ਹੈ, ਇਹ ਠੀਕ ਨਹੀਂ ਹੈ। 1960 ਵਿੱਚ ਇਨ੍ਹਾਂ ਭਰਾਵਾਂ ਦੇ ਹੀ ਸਾਬਕਾ ਮੁੱਖ ਮੰਤਰੀ ਨੇ ਇਹ ਪ੍ਰਚਾਰ ਕੀਤਾ ਸੀ ਕਿ ਹਿੰਦੀ ਬੋਲੀ ਲਿਖੀ ਜਾਵੇ। ਜਨਸੰਘ ਤਾਂ ਬਾਅਦ ਵਿੱਚ ਪੈਦਾ ਹੋਈ ਸੀ । ਹੁਣ ਜਿਹੜੀ ਗੱਲ 28 ਤਾਰੀਖ ਨੂੰ ਬਹਿਸ ਵੇਲੇ ਹਰਿਆਣੇ ਵਲੋਂ ਸਾਹਮਣੇ ਆਈ ਹੈ ਉਹ ਇਹ ਹੈ ਕਿ 1981 ਦੀ ਮਰਦਮਸ਼ੁਮਾਰੀ ਨੂੰ ਨਾ ਮੰਨ ਕੇ 1951–61 ਦੀ ਮਰਦਮਸ਼ੁਮਾਰੀ ਨੂੰ ਮੰਨਿਆ ਜਾਵੇ ਜੋ ਕਿ ਗਲਤ ਹੋਈ ਸੀ। ਜੇ ਅਸੀਂ 'ਐਨੀ ਅਦਰ ਫੈਕਟਰਜ਼' ਵਰਡਜ਼ ਨੂੰ ਰਖ ਲਿਆ ਤਾਂ ਇਹ ਵੀ ਇਸ ਦਾਇਰੇ ਵਿੱਚ ਆ ਜਾਵੇਗਾ ਕਿ ਆਇਆ 1961 ਦੀ ਮਰਦਮਸ਼ੁਮਾਰੀ ਨੂੰ ਜਾਂ 1981 ਦੀ ਮਰਦਮਸ਼ੁਮਾਰੀ ਨੂੰ ਠੀਕ ਮੰਨਣਾ ਹੈ। 1881 ਨੂੰ ਤਾਂ ਸਾਂਝਾ ਪੰਜਾਬ ਸੀ। ਤੁਸੀਂ 1931 ਤੱਕ ਦੇਖ ਲਓ ਤਾਂ 95 ਫੀਸਦੀ ਤੋਂ ਵੀ ਵੱਧ ਲੋਕਾਂ ਦੀ ਭਾਸ਼ਾ ਪੰਜਾਬੀ ਮਿਲੇਗੀ। 1940 ਵਿੱਚ ਮੁਸਲਿਮ ਲੀਗ ਨੇ ਜਿਹੜਾ ਪਾਕਿਸਤਾਨ ਬਣਾਉਣ ਦਾ ਮਤਾ ਪਾਸ ਕੀਤਾ, ਉਸ ਦਾ ਹਿੰਦੂ ਅਤੇ ਸਿੱਖਾਂ, ਦੋਵੇਂ ਧਿਰਾਂ ਨੇ ਰਲ ਕੇ ਵਿਰੋਧ ਕੀਤਾ ਅਤੇ 1941 ਦੀ ਮਰਦਮਸ਼ੁਮਾਰੀ ਨਹੀਂ ਹੋਈ। 1951 ਦੀ ਮਰਦਮਸ਼ੁਮਾਰੀ ਵਿੱਚ ਭਾਸ਼ਾ ਗਲਤ ਲਿਖੀ ਗਈ ਜਿਸ ਬਾਰੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਵੀ ਕਹਿਣਾ ਪਿਆ ਕਿ 1951 ਦੇ ਆਂਕੜੇ ਗਲਤ ਹਨ ਅਤੇ ਇਸ ਦਾ ਬੋਲੀ ਵਾਲਾ ਪੋਰਸ਼ਨ ਡਿਲੀਟ ਕੀਤਾ ਜਾਵੇ। 1966 ਵੇਲੇ ਜਦ ਪੰਜਾਬੀ ਸੂਬਾ ਬਣਿਆ ਤਾਂ ਅਕਾਲੀ ਦਲ ਨੇ ਇਹ ਨਹੀਂ ਕਿਹਾ ਸੀ ਕਿ ਪੰਜਾਬ ਨੂੰ ਛੋਟਾ ਕਰ ਦਿਓ, ਉਹ ਤਾਂ ਉਦੋਂ ਦੀ ਕੇਂਦਰ ਦੀ ਸਰਕਾਰ ਨੇ ਹੀ ਕੀਤਾ ਅਤੇ ਸ਼ਾਹ ਕਮਿਸ਼ਨ ਦੀਆਂ ਗਲਤ ਟਰਮਜ਼ ਆਫ ਰੈਫਰੈਂਸ ਫਿਕਸ ਕੀਤੀਆਂ ਜਿਸ ਪਿਛੇ ਸੰਤ ਫਤਹਿ ਸਿੰਘ ਨੇ ਵਰਤ ਰਖੇ। 1970 ਵਿੱਚ ਸ਼੍ਰੀਮਤੀ ਇੰਦਰਾ ਗਾਂਧੀ ਨੇ ਅਵਾਰਡ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ 5 ਸਾਲਾਂ ਬਾਅਦ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇਗਾ। ਅਬੋਹਰ ਫਾਜ਼ਿਲਕਾ ਜਿਸ ਦਾ ਕੋਈ ਝਗੜਾ ਨਹੀਂ ਸੀ, ਸਾਨੂੰ ਸਮਝ ਨਹੀਂ ਆਉਂਦੀ ਕਿਵੇਂ ਨਾਲ ਜੋੜ ਦਿੱਤਾ ਗਿਆ ਸੀ। ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਫੁੱਟ ਪਾਉਣ ਲਈ, ਪੰਜਾਬ ਦਾ ਅਮਨ ਬਰਬਾਦ ਕਰਨ ਲਈ ਇਹ ਅਬੋਹਰ ਫਾਜ਼ਿਲਕਾ ਦਾ ਝਗੜਾ ਖੜ੍ਹਾ ਕਰ ਦਿੱਤਾ ਗਿਆ ਸੀ । ਉਸ ਵੇਲੇ ਇਹ ਫੈਸਲਾ ਕੀਤਾ ਗਿਆ ਸੀ ਕਿ 5 ਸਾਲ ਬਾਦ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇਗਾ। ਹੁਣ ਹਰਿਆਣੇ ਨੇ 408 ਪਿੰਡਾਂ ਦੀ ਮੰਗ ਕੀਤੀ ਹੈ। ਜੇ ਇਹ ਪੰਜਾਬ ਦੇ ਹਿਤਾਂ ਦੇ ਸਮਰਥਕ ਹਨ ਤਾਂ ਇਹ ਖੁਲ੍ਹ ਕੇ ਇਸ ਦਾ ਵਿਰੋਧ ਕਿਉਂ ਨਹੀਂ ਕਰਦੇ। ਸਾਡੇ ਪ੍ਰਧਾਨ ਮੰਤਰੀ ਨੇ ਵੀ ਇਹ ਤਸਲੀਮ ਕਰ ਲਿਆ ਸੀ ਕਿ ਇਹ ਟਰਮਜ਼ ਆਫ ਰੈਫਰੈਂਸ ਠੀਕ ਨਹੀਂ ਹਨ। ਇਹ "ਅਦਰ ਫੈਕਟਰਜ਼" ਵਾਲੀ ਗੱਲ ਬਾਦ ਵਿਚ ਘੜੀ ਹੋਈ ਹੈ। ਅਸੀਂ ਪ੍ਰਧਾਨ ਮੰਤਰੀ ਤੇ ਕੋਈ ਐਸਪਰਸ਼ਨ ਕਾਸਟ ਨਹੀਂ ਕਰਦੇ। ਉਨ੍ਹਾਂ ਨੇ ਟਰਮਜ਼ ਆਫ ਰੈਫਰੈਂਸ ਆਪ ਨਹੀਂ ਘੜੀਆਂ ਹੋਣੀਆਂ। ਜਦ ਬਰਨਾਲਾ ਸਾਹਿਬ ਨੇ ਪ੍ਰਧਾਨ ਮੰਤਰੀ ਦੇ ਨੋਟਿਸ ਵਿਚ ਇਹ ਚੀਜ਼ ਲਿਆਂਦੀ ਤਾਂ ਪ੍ਰਧਾਨ ਮੰਤਰੀ ਨੇ ਇਹ ਤਸਲੀਮ ਕੀਤਾ ਕਿ ਇਸ ਵਿਚ ਗਲਤੀ ਹੋਈ

Original with;
Punjab Vidhan Sabha
Digitized by;
Panjab Digital Library

ਹੈ। ਉਨ੍ਹਾਂ ਨੇ ਨਾਲ ਇਹ ਵੀ ਕਿਹਾ ਕਿ ਮੈਂ ਕਾਂਗਰਸੀ ਸਰਕਾਰਾਂ ਨੂੰ ਆਖਾਂਗਾ ਕਿ ਉਹ ਇਸ ਦਾ ਕੋਈ ਗਲਤ ਫਾਇਦਾ ਨਾ ਉਠਾਉਣ। ਅਗਰ ਪ੍ਰਧਾਨ ਮੰਤਰੀ ਇਹ ਸਮਝਦੇ ਹਨ ਕਿ ਇਸ ਵਿਚ ਗਲਤੀ ਹੋਈ ਤਾਂ ਇਸ ਗਲਤੀ ਵਿਚ ਸੋਧ ਕਿਉਂ ਨਾ ਕੀਤੀ ਜਾਵੇ। ਸੈਂਟਰ ਨੇ ਜੇ ਸਾਨੂੰ ਕੁਝ ਦਿੱਤਾ ਹੈ ਤਾਂ ਇਹ ਸਾਡੇ ਨਾਲ ਰਿਆਇਤ ਨਹੀਂ ਹੈ। ਅਸੀਂ ਤਾਂ ਚਾਹੁੰਦੇ ਹਾਂ ਕਿ ਜੋ ਸਾਡਾ ਹੱਕ ਬਣਦਾ ਹੈ, ਉਹ ਸਾਨੂੰ ਦਿੱਤਾ ਜਾਵੇ। ਅਸੀਂ ਰਿਆਇਤ ਬਿਲਕੁਲ ਨਹੀਂ ਚਾਹੁੰਦੇ। ਜੇ ਪ੍ਰਧਾਨ ਮੰਤਰੀ ਇਸ ਗਲਤੀ ਨੂੰ ਤਸਲੀਮ ਕਰਦੇ ਹਨ ਤਾਂ ਫਿਰ ਇਸ ਟਰਮਜ਼ ਆਫ ਰੈਫਰੈਂਸ ਵਿਚ ਤਰਮੀਮ ਕਰਨ ਵਿਚ ਉਨ੍ਹਾਂ ਨੂੰ ਕੀ ਇਤਰਾਜ਼ ਹੈ। ਇਹ ਜਿਹੜਾ ਮਤਾ ਸਰਦਾਰ ਬਲਦੇਵ ਸਿੰਘ ਮਾਨ ਨੇ ਰਖਿਆ ਹੈ, ਇਹ ਬਿਲਕੁਲ ਦਰੁਸਤ ਹੈ ਅਤੇ ਮੈਂ ਸਮਝਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਇਸ ਦੀ ਹਮਾਇਤ ਕਰਨੀ ਚਾਹੀਦੀ ਹੈ। ਸ਼ਾਡੇ ਇਹ ਵੀਰ ਸੈਂਥਿਊ ਕਮਿਸ਼ਨ ਨੂੰ ਕੋਸੀ ਜਾਂਦੇ ਹਨ। ਅਸੀਂ ਸ਼੍ਰੀ ਦਰਬਾਰੀ ਲਾਲ ਵਾਂਗ ਇਸ ਨੂੰ "ਮਿੱਠੂ ਕਮਿਸ਼ਨ" ਨਹੀਂ ਕਹਿੰਦੇ। ਆਖਿਰ ਉਹ ਸੁਪਰੀਮ ਕੋਰਟ ਦੇ ਰਿਟਾਇਰ ਜੱਜ ਹਨ। ਉਨ੍ਹਾਂ ਨੇ ਤਾਂ ਉਹੀ ਕਰਨਾ ਹੈ ਜੋ ਟਰਮਜ਼ ਆਫ ਰੈਫਰੈਂਸ ਵਿਚ ਲਿਖਿਆ ਹੈ। ਕਮਿਸ਼ਨ ਨੇ ਸਟਰਿਕਟਲੀ ਇਸ ਤੇ ਅਮਲ ਕਰਨਾ ਹੈ। ਸਾਨੂੰ ਚਾਹੀਦਾ ਹੈ ਕਿ ਟਰਮਜ਼ ਆਫ ਰੈਫਰੈਂਸ ਵਿਚ ਸੋਧ ਕਰਨ ਲਈ ਜ਼ੋਰ ਪਾਈਏ। ਜੇ ਇਸ ਤਰ੍ਹਾਂ ਨਾ ਹੋਇਆ ਤਾਂ ਇਹ ਪੰਜਾਬ ਨਾਲ ਧੱਕਾ ਹੋ ਜਾਏਗਾ। ਸੋ, ਮੈਂ ਇਸ ਮਤੇ ਦੀ ਪੁਰਜ਼ੋਰ ਤਾਈਦ ਕਰਦਾ ਹੋਇਆ ਇਹ ਆਸ ਕਰਦਾ ਹਾਂ ਕਿ ਕਾਂਗਰਸੀ ਭਰਾ ਵੀ ਇਸ ਦੀ ਪੁਰਜ਼ੋਰ ਹਮਾਇਤ ਕਰਨ। ਜੋ ਕੁਝ ਉਨ੍ਹਾਂ ਨੇ ਪਿਛੇ ਕੀਤਾ ਹੈ, ਪਿਛੇ ਉਨ੍ਹਾਂ ਨੇ ਜੋ *** ਕੀਤੀ, ਉਹ ਭੁੱਲ ਜਾਣ। ਜੇ ਤੁਹਾਨੂੰ ਪੰਜਾਬ ਨਾਲ ਪਿਆਰ ਹੈ, ਪੰਜਾਬੀ ਬੋਲੀ ਨਾਲ ਪਿਆਰ ਹੈ ਤਾਂ ਇਸ ਮਤੇ ਦੀ ਖੁਲ੍ਹ ਕੇ ਹਮਾਇਤ ਕਰੋ। ਅੱਜ ਅਸੀਂ ਵੇਖਾਂਗੇ ਕਿ ਤੁਸੀਂ *** ਕਰਦੇ ਹੋ ਜਾਂ ਵਫਾਦਾਰੀ।

ਸ਼੍ਰੀ ਸੇਵਾ ਰਾਮ ਅਰੋੜਾ : ਚੇਅਰਮੈਨ ਸਾਹਿਬ, ਇਹ *** ਲਫਜ਼ ਅਨਪਾਰਲੀਮੈਂਟਰੀ ਲਫਜ਼ ਹੈ, ਇਸ ਨੂੰ ਐਕਸਪੰਜ ਕਰਾ ਦੇਣਾ ਚਾਹੀਦਾ ਹੈ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ): ਚੇਅਰਮੈਨ ਸਾਹਿਬ, ਮੈਂ ਸਰਦਾਰ ਬਲਦੇਵ ਸਿੰਘ ਮਾਨ ਦਾ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਗੰਭੀਰ ਮਸਲੇ ਨੂੰ ਰੇਜ਼ ਕੀਤਾ ਹੈ ਅਤੇ ਇਸ ਹਾਊਸ ਵਿਚ ਇਹ ਮਤਾ ਪੇਸ਼ ਕਰਕੇ ਸਾਨੂੰ ਇਸ ਤੇ ਵਿਚਾਰ ਕਰਨ ਦਾ ਮੌਕਾ ਦਿੱਤਾ ਹੈ। ਇਸ ਨਾਲ ਪੰਜਾਬ ਦੀ ਕਿਸਮਤ ਸਬੰਧਤ ਹੈ। ਜਿਹੜੀ "ਅਦਰ ਫੈਕਟਰਜ਼" ਵਾਲੀ ਗੱਲ ਹੈ, ਇਹ ਗਲਤ ਗੱਲ ਹੈ। ਲੈਂਗੁਏਜ, ਕਨਟੀਗੁਇਟੀ ਅਤੇ ਪਿੰਡ ਨੂੰ ਇਕਾਈ ਮੰਨ ਕੇ ਜੇ ਚਲੀਏ ਤਾਂ ਇਸ ਦੇ ਮੁਤਾਬਿਕ ਹਰਿਆਣਾ ਆਪਣਾ ਕੇਸ ਹਾਰ ਚੁੱਕਾ ਹੈ। ਅੱਜ ਦੀ ਟ੍ਰਿਬਿਊਨ ਵਿਚ ਵੀ ਇਸ ਬਾਰੇ ਲਿਖਿਆ ਹੈ, ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ।

It is the Tribune dated 31st March, 1985.

> "Assisted by Mr. Anand Swaroop, a Punjab and Haryana Lawyer, Mr. Venu Gopal contended that Kandu Khera, which both parties admitted was predominently a Punjabi-speaking village, should not be allowed to hinder the transfer of Hindi-speaking villages to Haryana".

ਹਰਿਆਣੇ ਨੇ ਇਹ ਤਸਲੀਮ ਕਰ ਲਿਆ ਹੈ ਕਿ ਕੰਡੂ ਖੇੜਾ ਪੰਜਾਬੀ ਬੋਲਦਾ ਇਲਾਕਾ ਹੈ। ਜੇ ਕਨਟੀਗੁਇਟੀ ਦੇ ਪ੍ਰਿੰਸੀਪਲ ਨੂੰ ਵੇਖੀਏ ਅਤੇ ਅਖਾਰਡ ਦੀਆਂ ਸ਼ਰਤਾਂ ਨੂੰ ਵੇਖੀਏ ਤਾਂ ਉਸ ਦੇ ਮੁਤਾਬਿਕ ਹਰਿਆਣਾ ਆਪਣਾ ਕੇਸ ਹਾਰ ਚੁੱਕਾ ਹੈ। ਹਾਰੇ ਹੋਏ ਕੇਸ ਨੂੰ ਮੁੜ ਸਰਜੀਤ ਕਰਨ ਲਈ ਦਿੱਲੀ ਦੇ ਬਿਊਰੋਕਰੇਟਸ ਨੇ

**Expunged under the orders of the hon. Speaker.

Original with:
Punjab Vidhan Sabha
Digitized by:
Panjab Digital Library

[ਸਰਦਾਰ ਕਰਨੈਲ ਸਿੰਘ ਡੇਡ]

'ਅਦਰ ਫੈਕਟਰਜ਼'' ਦਾ ਲਫਜ਼ ਐਡ ਕਰ ਦਿੱਤਾ ਹੈ। ਇਹ ਇਸ ਕਰਕੇ ਕੀਤਾ ਗਿਆ ਕਿ ਅਬੋਹਰ, ਫਾਜ਼ਿਲਕਾ ਦੇ ਪਿੰਡ ਕਿਸੇ ਨਾ ਕਿਸੇ ਤਰ੍ਹਾਂ ਹਰਿਆਣੇ ਨੂੰ ਦੇ ਦਿੱਤੇ ਜਾਣ। ਇਥੇ ਡਾਕਟਰ ਸਾਹਿਬ ਨੇ ਕਿਹਾ ਹੈ ਕਿ ਇਹ ਇਲਾਕੇ ਅਕਾਲੀਆਂ ਨੇ ਆਪ ਹੀ ਪਹਿਲਾਂ ਹਰਿਆਣੇ ਨੂੰ ਦੇ ਦਿੱਤੇ ਸਨ। ਇਹ ਠੀਕ ਹੈ ਕਿ ਸੰਤ ਫਤਹਿ ਸਿੰਘ ਦੀ ਜਾਨ ਨੂੰ ਬਚਾਉਣ ਲਈ ਉਸ ਵੇਲੇ ਦੇ ਇਕ ਦੋ ਅਕਾਲੀਆਂ ਨੇ ਅਬੋਹਰ ਫਾਜ਼ਿਲਕਾ ਦਾ ਇਲਾਕਾ ਹਰਿਆਣੇ ਨੂੰ ਦੇਣਾ ਮੰਨ ਲਿਆ ਪਰ ਅਸੀਂ ਉਸ ਚੀਜ਼ ਦੇ ਪਾਬੰਦ ਨਹੀਂ। ਪੰਜਾਬ ਦੀ ਕਾਂਗਰਸ ਪਾਰਟੀ ਨੇ ਇਹ ਰੈਜ਼ੋਲਿਊਸ਼ਨ ਵੀ ਪਾਸ ਕਰ ਦਿੱਤਾ ਸੀ ਕਿ ਸਾਨੂੰ ਇਹ ਚੀਜ਼ ਮਨਜ਼ੂਰ ਨਹੀਂ ਕਿ ਅਬੋਹਰ, ਫਾਜ਼ਿਲਕਾ ਦੇ ਇਲਾਕੇ ਹਰਿਆਣੇ ਨੂੰ ਦੇ ਦਿੱਤੇ ਜਾਣ। ਸੋ, ਸਾਨੂੰ ਉਹ ਫੈਸਲਾ ਮਨਜ਼ੂਰ ਨਹੀਂ। ਉਸ ਫੈਸਲੇ ਤੇ ਜਿਹੜੇ ਅਕਾਲੀ ਸੱਜਣਾਂ ਨੇ ਦਸਤਖਤ ਕੀਤੇ, ਉਹ ਅਕਾਲ ਪੁਰਖ ਨੂੰ ਪਿਆਰੇ ਹੋ ਗਏ ਹਨ। ਉਸ ਵੇਲੇ ਸੰਤ ਜੀ ਦੀ ਜਾਨ ਨੂੰ ਬਚਾਉਣ ਲਈ ਇਹ ਸ਼ਰਤ ਨਹੀਂ ਮੰਨਣੀ ਚਾਹੀਦੀ ਸੀ। ਉਨ੍ਹਾਂ ਨੇ ਵੈਸੇ ਵੀ ਇਕ ਦਿਨ ਮਰਨਾ ਹੀ ਸੀ ਅਤੇ ਉਹ 2 ਸਾਲ ਬਾਦ ਮਰ ਵੀ ਗਏ। ਸੋ ਸਾਨੂੰ ਉਸ ਵੇਲੇ ਦਾ ਫੈਸਲਾ ਮਨਜ਼ੂਰ ਨਹੀਂ। ਅਸੀਂ ਉਸ ਦੇ ਪਾਬੰਦ ਨਹੀਂ। ਜੇ ਪੰਡਿਤ ਜਵਾਹਰ ਲਾਲ ਨਹਿਰੂ ਪਲੈਬੀਸਾਈਟ ਤੇ ਪਾਬੰਦ ਨਹੀਂ ਰਹੇ ਤਾਂ ਅਸੀਂ ਵੀ ਉਸ ਫੈਸਲੇ ਦੇ ਪਾਬੰਧ ਨਹੀਂ। ਸੰਤ ਫਤਹਿ ਸਿੰਘ ਦੀ ਨਿਗੂਣੀ ਜਾਨ ਨੂੰ ਬਚਾਉਣ ਲਈ ਉਸ ਵੇਲੇ ਦੀ ਅਕਾਲੀ ਲੀਡਰਸ਼ਿਪ ਨੇ ਉਹ ਸਮਝੌਤਾ ਕਰਕੇ ਪੰਜਾਬ ਦੇ ਹਿਤਾਂ ਨਾਲ ਗੱਦਾਰੀ ਕੀਤੀ ਪਰ ਪੰਜਾਬ ਦੇ ਲੋਕਾਂ ਨੇ ਉਹ ਫੈਸਲਾ ਤਸਲੀਮ ਨਹੀਂ ਕੀਤਾ। ਲੇਟੈਸਟ ਫੈਸਲਾ ਜੋ ਹੋਇਆ, ਉਹ 24 ਜੁਲਾਈ, 1985 ਨੂੰ ਸੰਤ ਹਰਚੰਦ ਸਿੰਘ ਤੇ ਸ਼੍ਰੀ ਰਾਜੀਵ ਗਾਂਧੀ ਵਿਚਕਾਰ ਹੋਇਆ। ਸ਼੍ਰੀ ਰਾਜੀਵ ਗਾਂਧੀ ਜੀ ਬਾਰੇ ਸਾਡੇ ਵਿਚਾਰ ਬਹੁਤ ਅੱਛੇ ਹਨ। ਉਹ ਬੜੇ ਅੱਛੇ ਇਨਸਾਨ ਹਨ। ਉਨ੍ਹਾਂ ਨੇ ਹਿੰਦੁਸਤਾਨ ਦੀਆਂ ਸਾਰੀਆਂ ਗਲਤ ਨੀਤੀਆਂ ਬਦਲ ਦਿੱਤੀਆਂ। ਇੰਦਰਾ ਗਾਂਧੀ ਬੇਸ਼ੱਕ ਉਨ੍ਹਾਂ ਦੇ ਮਾਤਾ ਸਨ ਪਰ ਉਨ੍ਹਾਂ ਨੇ ਉਨ੍ਹਾਂ ਦੀਆਂ ਗਲਤ ਨੀਤੀਆਂ ਨੂੰ ਕਬੂਲ ਨਹੀਂ ਕੀਤਾ। ਉਨ੍ਹਾਂ ਨੇ ਫਰਾਖਦਿਲੀ ਨਾਲ ਹਿੰਦੁਸਤਾਨ ਦੇ ਜੋ ਮਸਲੇ ਸਨ, ਉਨ੍ਹਾਂ ਨੂੰ ਸਹੀ ਅਪ੍ਰੋਚ ਨਾਲ ਹਲ ਕੀਤਾ। ਅੱਜ ਦੀ'ਟ੍ਰਿਬਿਊਨ' ਅਖਬਾਰ ਵਿਚ ਸ਼੍ਰੀ ਕੁਲਦੀਪ ਨਈਅਰ ਜੋ ਕਿ ਹਿੰਦੁਸਤਾਨ ਦੇ ਮੰਨੇ ਪ੍ਰਮੰਨੇ ਜਰਨਲਿਸਟ ਹਨ, ਨੇ ਆਰਟੀਕਲ ਲਿਖਿਆ ਹੈ ਜਿਸ ਵਿਚ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਸ਼੍ਰੀ ਰਾਜੀਵ ਗਾਂਧੀ ਦਾ ਮੁਕਾਬਲਾ ਕੀਤਾ ਗਿਆ ਹੈ। ਉਨ੍ਹਾਂ ਨੇ ਲਿਖਿਆ ਹੈ :-

"But one thing is clear only one year after her death her image has shrunk considerably".

ਕਾਂਗਰਸੀ ਭਾਈਆਂ ਨੇ ਜੇ ਇਹ ਆਰਟੀਕਲ ਨਹੀਂ ਪੜ੍ਹਿਆ ਤਾਂ ਹੁਣ ਪੜ੍ਹ ਲੈਣ ਅਤੇ ਫਿਰ ਆਪ ਫੈਸਲਾ ਕਰਨ ਕਿ ਇੰਦਰਾ ਗਾਂਧੀ ਦੀਆਂ ਨੀਤੀਆਂ ਕੀ ਸਨ ਅਤੇ ਰਾਜੀਵ ਗਾਂਧੀ ਦੀਆਂ ਕੀ ਹਨ। ਸਾਨੂੰ ਰਾਜੀਵ ਗਾਂਧੀ ਦੇ ਵਿਚਾਰਾਂ ਦਾ ਸਤਿਕਾਰ ਹੈ। ਉਨ੍ਹਾਂ ਨੇ ਇਹ ਮੰਨ ਲਿਆ ਸੀ ਕਿ ਟਰਮਜ਼ ਆਫ ਰੈਫਰੈਂਸ ਵਿਚ ਗਲਤੀ ਹੋਈ ਹੈ। ਸੋ ਸਾਨੂੰ ਉਨ੍ਹਾਂ ਨੂੰ ਅਪਰੋਚ ਕਰਨਾ ਚਾਹੀਦਾ ਹੈ ਕਿ ਉਹ ਇਸ ਗਲਤੀ ਨੂੰ ਦਰੁਸਤ ਕਰਵਾ ਦੇਣ। ਇਸ ਵਿਚ ਅਮੈਂਡਮੈਂਟ ਕਰਵਾ ਦੇਣ।

ਜੇਕਰ ਅਮੈਂਡਮੈਂਟ ਨਾ ਕੀਤੀ ਗਈ ਤਾਂ 'ਮਿਸਚੀਫ' ਜੋ ਹੈ 'ਅਦਰ ਫੈਕਟਰ' ਵਾਲੀ ਇਹ 'ਪਲੇ' ਕਰ ਜਾਏਗੀ। (ਵਿਘਨ) ਇਹ ਕਿਹਾ ਜਾਂਦਾ ਹੈ ਕਿ ਅਬੋਹਰ, ਫਾਜ਼ਿਲਕਾ ਹਿੰਦੀ ਸਪੀਕਿੰਗ ਏਰੀਆਜ਼ ਹਨ, ਇਹ ਗਲਤ ਹੈ। ਚੌਧਰੀ ਰਾਧਾ ਕ੍ਰਿਸ਼ਨ ਔਰ ਸ਼੍ਰੀ ਅਰਜਨ ਸਿੰਘ ਦੋਨੋਂ ਹੀ ਅਬੋਹਰ ਫਾਜ਼ਿਲਕਾ ਤੋਂ ਜਿੱਤ ਕੇ ਆਏ ਹਨ ਅਤੇ ਇਥੇ ਹਾਊਸ ਵਿਚ ਪੰਜਾਬੀ ਬੋਲਦੇ ਹਨ। ਜਦੋਂ ਚੋਣਾਂ ਹੋਈਆਂ ਉਦੋਂ ਲੋਕਾਂ ਨੇ ਫਤਵਾ ਦੇ ਦਿੱਤਾ ਕਿ ਇਹ ਇਲਾਕੇ ਪੰਜਾਬੀ ਸਪੀਕਿੰਗ ਹਨ। ਅਬੋਹਰ, ਫਾਜ਼ਿਲਕਾ ਦੇ ਜਿਹੜੇ ਪਿੰਡ ਹਨ ਉਹ ਪੰਜਾਬੀ ਸਪੀਕਿੰਗ ਏਰੀਆਜ਼ ਹਨ। 'ਅਦਰ ਫੈਕਟਰ' ਵਾਲੀ ਜਿਹੜੀ ਗਲ

Original with;
Punjab Vidhan Sabha
Digitized by;
Panjab Digital Library

ਹੈ ਇਹ ਪੰਜਾਬ ਲਈ, ਸਾਰੇ ਦੇਸ਼ ਲਈ ਖਤਰਨਾਕ ਹੈ। ਬਰਨਾਲਾ ਸਾਹਿਬ ਦੀ ਸਰਕਾਰ ਇਸ ਨੂੰ ਤਸਲੀਮ ਕਰਦੀ ਹੈ ਜਾਂ ਨਹੀਂ ਕਰਦੀ ਇਸ ਬਾਰੇ ਮੈਨੂੰ ਨਹੀਂ ਪਤਾ ਹੈ। ਇੱਕ ਗਲ ਮੈਂ ਕਹਿ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਨੇ ਕਦੇ ਵੀ ਇਹ 'ਅਦਰ ਫੈਕਟਰ' ਵਾਲੀ ਗਲ ਨੂੰ ਤਸਲੀਮ ਨਹੀਂ ਕਰਨਾ ਅਤੇ ਇਹ ਨਹੀਂ ਮਨਣਾ ਕਿ ਅਬੋਹਰ, ਫਾਜ਼ਿਲਕਾ ਦੇ ਪਿੰਡ ਹਰਿਆਣਾ ਨੂੰ ਦਿੱਤੇ ਜਾਣ। ਜੇਕਰ ਇਹੋ ਜਿਹਾ ਫੈਸਲਾ ਹੋਇਆ ਤਾਂ ਪੰਜਾਬ ਦੀ ਸਮੁਚੀ ਜਨਤਾ ਇਸ ਨੂੰ ਨਾ ਮਨਜ਼ੂਰ ਕਰੇਗੀ ਅੌਰ ਇਸ ਤਰ੍ਹਾਂ ਹੋਣ ਨਾਲ ਜਿਸ ਤਰ੍ਹਾਂ ਪਿਛਲੇ ਤਿੰਨ ਚਾਰ ਸਾਲਾਂ ਵਿਚ ਜਿਨ੍ਹਾਂ ਹਾਲਾਤ ਵਿਚ ਗੁਜ਼ਰਨਾ ਪਿਆ ਹੈ ਉਨ੍ਹਾਂ ਹਾਲਾਤ ਵਿਚ ਫਿਰ ਗੁਜ਼ਰਨਾ ਪਏਗਾ। ਇਹ ਇਕੱਲੇ ਪੰਜਾਬ ਨੂੰ ਹੀ ਨਹੀਂ ਬਲਕਿ ਸਾਰੇ ਭਾਰਤਵਰਸ਼ ਨੂੰ ਖਤਰਿਆਂ ਦਾ ਸਾਹਮਣਾ ਕਰਨਾ ਪਏਗਾ। ਪੰਜਾਬੀ ਹਰ ਤਰ੍ਹਾਂ ਦੀ ਕੁਰਬਾਨੀ ਦੇ ਸਕਦਾ ਹੈ। ਇਹ ਸਾਰੇ ਪੰਜਾਬ ਦੇ ਸਾਂਝੇ ਮੁਫਾਦ ਦੀ ਗਲ ਹੈ। ਇਹ ਜਿਹੜੇ ਮੇਰੇ ਸੱਜੇ ਪਾਸੇ ਵਲ ਬੈਠੇ ਹਨ ਇਨ੍ਹਾਂ ਦੀ ਪੁਜ਼ੀਸ਼ਨ ਤਾਂ ਉਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਕੁੱਤੇ ਦੇ ਗਲੇ ਵਿਚ ਪਟਾ ਪਾਇਆ ਹੁੰਦਾ ਹੈ। ਇਹ ਦਿੱਲੀ ਸਰਕਾਰ ਦੇ ਖਿਲਾਫ ਕੋਈ ਗਲ ਨਹੀਂ ਕਹਿ ਸਕਦੇ ਅਤੇ ਕੋਈ ਆਵਾਜ਼ ਨਹੀਂ ਉਠਾ ਸਕਦੇ। ਪਾਰਲੀਮੈਂਟ ਵਿਚ ਜਾਂ ਅਸੈਂਬਲੀ ਵਿਚ ਪੰਜਾਬ ਦੇ ਮੁਫਾਦ ਨੂੰ ਇਹ ਲਗਾਤਾਰ ਲਤਾੜਦੇ ਰਹੇ ਅਤੇ ਪੰਜਾਬ ਦੇ ਹੱਕ ਵਿਚ ਕੁਝ ਨਹੀਂ ਬੋਲੇ। ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਵਲੋਂ ਧਰਮ ਯੁੱਧ ਦਾ ਮੋਰਚਾ ਲਗਿਆ ਸੀ। ਅਗਰ ਹੁਣ ਬੇਇਨਸਾਫੀ ਪੰਜਾਬ ਨਾਲ ਕੀਤੀ ਗਈ ਤਾਂ ਉਹ ਮੋਰਚਾ ਫਿਰ ਚਲੇਗਾ। ਪੰਜਾਬ ਵਿਚ ਅੌਰ ਹਿੰਦੁਸਤਾਨ ਵਿਚ ਖਤਰੇ ਦੇ ਹਾਲਾਤ ਫਿਰ ਪੈਦਾ ਹੋਣਗੇ ਅੌਰ ਪੰਜਾਬ ਅੌਰ ਹਿੰਦੁਸਤਾਨ ਦੇ ਅਮਨ ਨੂੰ ਫਿਰ ਅੱਗ ਲਗੇਗੀ। ਇਥੇ ਫਿਰ ਭਾਂਬੜ ਮਚੇਗਾ। ਜਿਹੜੀ ਗਲ ਸਾਡੇ ਪ੍ਰਧਾਨ ਮੰਤਰੀ, ਰਾਜੀਵ ਗਾਂਧੀ ਜੀ, ਤਸਲੀਮ ਕਰਦੇ ਹਨ ਕਿ ਗਲਤ ਹੋਈ ਹੈ, ਉਹ ਗਲਤੀ ਦਰੁਸਤ ਕਰਨੀ ਚਾਹੀਦੀ ਹੈ। ਉਸ ਗਲਤੀ ਦਾ ਫਾਇਦਾ ਅੱਜ ਵੀ ਹਰਿਆਣਾ ਦਾ ਵਕੀਲ ਮੈਥੀਊ ਕਮਿਸ਼ਨ ਵਿਚ ਉਠਾ ਰਿਹਾ ਹੈ। ਉਨ੍ਹਾਂ ਨੇ 'ਅਦਰ ਫੈਕਟਰਜ਼' ਦੇ ਬੇਸ ਤੇ ਅੈਪਲੀਕੇਸ਼ਨ ਦਾਇਰ ਕੀਤੀ ਹੈ। ਰਾਜੀਵ ਗਾਂਧੀ ਨੇ ਜੋ ਕਿਹਾ ਕਿ ਗਲਤੀ ਹੋਈ ਹੈ, ਉਸ ਤੇ ਸ਼ਾਇਦ ਹੋਮ ਮਨਿਸਟਰੀ ਅਤੇ ਭਜਨ ਲਾਲ ਵਰਗੇ ਨੇ ਇਹ ਸਾਜਸ਼ ਕੀਤੀ ਹੈ ਕਿਉਂਕਿ ਉਹ ਲੋਕ ਇਸ ਅਵਾਰਡ ਦੇ ਹੱਕ ਵਿਚ ਨਹੀਂ ਸਨ। ਇਨ੍ਹਾਂ ਦੀ ਚਿੱਕ ਰੋਂਦ ਕੇ ਇਹ ਅਵਾਰਡ ਹੋਇਆ ਸੀ। ਇਸ ਲਈ ਇਹ ਪਰਾਪਰ ਟਾਈਮ ਹੈ ਕਿ ਟਰਮਜ਼ ਆਫ ਰੈਫਰੈਂਸ ਵਿਚ ਇਹ ਤਰਮੀਮ ਹੋ ਜਾਣੀ ਚਾਹੀਦੀ ਹੈ। ਅਗਰ ਇਹ ਨਾ ਹੋਇਆ ਤਾਂ ਮੈਥਿਊ ਕਮਿਸ਼ਨ ਨੂੰ ਵਕੀਲ ਨੇ ਖੜ੍ਹਾ ਕਰ ਲੈਣਾ ਹੈ ਅਤੇ ਇਸ ਦੇ ਦਾਇਰਾਕਾਰ ਤੋਂ ਬਾਹਰ ਜਾਣਾ ਮੁਸ਼ਕਿਲ ਹੋ ਜਾਣਾ ਹੈ। 'ਅਦਰ ਫੈਕਟਰ' ਵਾਲੀ ਗਲ ਦਾਇਰਾਕਾਰ ਵਿਚੋਂ ਕਢ ਦੇਣੀ ਚਾਹੀਦੀ ਹੈ। ਚੰਡੀਗੜ੍ਹ ਦਾ ਜਿੰਨਾ ਏਰੀਆ ਹੈ ਉਹ ਪੰਜਾਬ ਨੂੰ ਦੇ ਦੇਣਾ ਹੈ। ਚੰਡੀਗੜ੍ਹ ਪੰਜਾਬ ਦਾ ਸੀ। ਮੰਨ ਲਓ ਇਹ ਸਾਂਝਾ ਸੀ। ਪਰ ਫਿਰ ਵੀ ਸਾਂਝੇ ਅਸੈਟਸ ਦੀ ਵੰਡ 60:40 ਰੇਸ਼ੋ ਨਾਲ ਸੀ। ਇਸ ਹਿਸਾਬ ਨਾਲ ਵੀ ਵੱਧ ਤੋਂ ਵੱਧ ਚੰਡੀਗੜ੍ਹ ਦਾ 40% ਏਰੀਆ ਹਰਿਆਣਾ ਲੈ ਸਕਦਾ ਹੈ। ਆਪਣੇ ਵਕੀਲਾਂ ਨੂੰ ਇਹ ਸੁਝਾਓ ਦੇਣਾ ਚਾਹੀਦਾ ਹੈ ਕਿ ਚੰਡੀਗੜ੍ਹ ਦਾ ਜੋ ਏਰੀਆ ਹੈ ਉਸ ਦਾ 40% ਹਰਿਆਣਾ ਨੂੰ ਦੇ ਸਕਦੇ ਹਾਂ ਅਤੇ ਇਸ ਤੋਂ ਵੱਧ ਨਹੀਂ ਦੇ ਸਕਦੇ। ਅਗਰ ਇਹ ਤਰਮੀਮ ਨਹੀਂ ਹੁੰਦੀ ਤਾਂ ਮੈਥਿਊ ਕਮਿਸ਼ਨ ਦੀ ਪਰੋਸੀਡਿੰਗਜ਼ ਦਾ ਬਾਈਕਾਟ ਕਰ ਦੇਣਾ ਚਾਹੀਦਾ ਹੈ। ਅਸੀਂ ਉਸ ਦੇ ਪਾਬੰਦ ਨਹੀਂ ਰਹਾਂਗੇ। ਹਾਲਾਤ ਬੜੇ ਖਤਰਨਾਕ ਹੋ ਜਾਣਗੇ। 26 ਜਨਵਰੀ ਨੂੰ ਜਦੋਂ ਕਿ ਮੈਥਿਊ ਕਮਿਸ਼ਨ ਦਾ ਫੈਸਲਾ ਆ ਗਿਆ ਅੌਰ ਉਹ ਪੰਜਾਬ ਦੇ ਹਿੱਤ ਵਿਚ ਨਾ ਹੋਇਆ ਤਾਂ ਪੰਜਾਬ ਦੇ ਲੋਕ ਇਸ ਸਰਕਾਰ ਨੂੰ ਬਰਦਾਸ਼ਤ ਨਹੀਂ ਕਰਨਗੇ। ਮੈਂ ਮੁੱਖ ਮੰਤਰੀ ਜੀ ਨੂੰ ਖਬਰਦਾਰ ਕਰਨਾ ਚਾਹੁੰਦਾ ਹਾਂ ਕਿ ਇਹ ਇਨ੍ਹਾਂ ਦੀ, ਸਰਕਾਰ ਦੀ ਜ਼ਿੰਦਗੀ ਦਾ ਮਸਲਾ ਹੈ। ਜੇਕਰ ਮੈਥਿਊ ਕਮਿਸ਼ਨ ਦੇ ਟਰਮਜ਼

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਡੱਡ]

ਆਫ ਰੈਫਰੈਂਸ ਵਿਚ ਅਮੈਂਡਮੈਂਟ ਨਾ ਹੋਈ ਤਾਂ 'ਅਦਰ ਫੈਕਟਰਜ਼' ਨੂੰ ਪੰਜਾਬ ਦੀ ਜਨਤਾ ਬਰਦਾਸ਼ਤ ਨਹੀਂ ਕਰੇਗੀ।

ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ। ਇਹ ਮਤਾ ਸਾਰੇ ਹਾਊਸ ਨੂੰ ਪਰਵਾਨ ਕਰਨਾ ਚਾਹੀਦਾ ਹੈ। ਅਫਸੋਸ ਦੀ ਗਲ ਹੈ ਕਿ ਕਾਂਗਰਸ ਭਾਈਆਂ ਨੇ ਨਾ ਇਸ ਦੇ ਹੱਕ ਵਿਚ ਅਤੇ ਨਾ ਹੀ ਇਸ ਦੇ ਖਿਲਾਫ਼ ਕਿਹਾ ਹੈ। ਇਨ੍ਹਾਂ ਨੂੰ ਸਾਫ ਤੌਰ ਤੇ ਇਕ ਪਾਸੇ ਹੋ ਕੇ ਵੋਟ ਪਾਉਣੀ ਚਾਹੀਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਮਤੇ ਨੂੰ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

ਕਾਮਰੇਡ ਮਹਿਤਾਬ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ। ਪੈਸੰਜਰ ਟਰਾਂਸਪੋਰਟ ਦੀ ਕੈਪਲੀਟ ਨੈਸ਼ਨੇਲਾਈਜੇਸ਼ਨ ਸਟੇਟ ਵਿਚ ਕਰਨ ਬਾਰੇ ਮੇਰਾ ਮਤਾ ਸੀ। ਉਸ ਦਾ ਕੀ ਬਣਿਆ ?

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ): ਇਹ ਮਤਾ ਜਿਹੜਾ ਹਾਊਸ ਦੇ ਸਾਹਮਣੇ ਪੇਸ਼ ਹੈ ਇਹ ਸਰਵਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ। ਸਮਝੌਤੇ ਦੀ ਕਲਾਜ਼ 7.2 ਵਿਚ ਜ਼ਿਕਰ ਹੈ ਕਿ ਪੰਜਾਬ ਦੇ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦਿੱਤੇ ਜਾਣ। ਇੱਕ ਕਮਿਸ਼ਨ ਨਿਯੁਕਤ ਕੀਤਾ ਜਾਵੇਗਾ। ਅਜਿਹਾ ਨਿਰਣਾ ਕਰਨ ਸਮੇਂ ਪਿੰਡ ਨੂੰ ਇਕਾਈ ਮੰਨ ਕੇ ਇਲਾਕਾਈ ਨੇੜਤਾ ਅਤੇ ਭਾਸ਼ਾਈ ਇਕਸੁਰਤਾ ਦੇ ਅਸੂਲ ਨੂੰ ਆਧਾਰ ਮੰਨਿਆ ਜਾਵੇਗਾ। ਕਮਿਸ਼ਨ ਨੂੰ ਆਪਣਾ ਫੈਸਲਾ 31 ਦਸੰਬਰ, 1985 ਤਕ ਦੇਣਾ ਹੋਵੇਗਾ ਅਤੇ ਇਹ ਦੋਹਾਂ ਧਿਰਾਂ ਲਈ ਬਾਧਕ ਹੋਵੇਗਾ। ਇਸ ਕਮਿਸ਼ਨ ਦਾ ਕੰਮ ਇਸ ਹੱਦ ਤਕ ਹੀ ਸੀਮਤ ਹੋਵੇਗਾ ਅਤੇ ਇਹ ਪੈਰਾ 7.4 ਵਿਚ ਦੱਸੇ ਕਮਿਸ਼ਨ ਤੋਂ ਭਿੰਨ ਹੋਵੇਗਾ ਜੋ ਕਿ ਇਲਾਕਿਆਂ ਵਿਚ ਆਮ ਦਾਅਵਿਆਂ ਬਾਰੇ ਵਿਚਾਰ ਕਰੇਗਾ। ਇਹ ਦੋ ਔਰ ਦੋ ਚਾਰ ਵਾਲੀ ਗਲ ਸੀ ਜੋ ਕਿ ਸਮਝੌਤੇ ਵਿਚ ਹੋਇਆ ਹੈ। ਜਦੋਂ ਨੋਟੀਫੀਕੇਸ਼ਨ 20 ਅਕਤੂਬਰ, 1985 ਨੂੰ ਹੋਇਆ, ਉਸ ਵੇਲੇ ਕਿਹਾ ਗਿਆ ਕਿ :—

It may also take into consideration such other factors as it may deem relevant or appropriate.

ਇਹ ਸਮਝੌਤੇ ਦੀ ਸਪਿਰਟ ਦੇ ਉਲਟ ਹੈ। ਇਸ ਵਿਚ ਜੋ ਲਫਜ਼ 'ਮੇਂ' ਹੈ ਇਹ ਨਹੀਂ ਹੋਣਾ ਚਾਹੀਦਾ ਹੈ। ਚੰਡੀਗੜ੍ਹ ਪੰਜਾਬ ਦਾ ਇਲਾਕਾ ਸਮਝਿਆ ਜਾਂਦਾ ਹੈ। ਇਥੇ ਪੰਜਾਬ ਨੂੰ ਉਜਾੜ ਕੇ ਪੰਜਾਬ ਦੀ ਰਾਜਧਾਨੀ ਬਣਾਈ ਗਈ ਹੈ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਪਤਾ ਨਹੀਂ ਪ੍ਰਧਾਨ ਮੰਤਰੀ ਨਾਲ ਉਹ ਕੀ ਗਲ ਕਰਕੇ ਆਏ ਹਨ। ਸਾਨੂੰ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਕਮਿਸ਼ਨ ਦੇ ਫੈਸਲੇ ਦੇ ਅਸੀਂ ਪਾਬੰਧ ਹੋਵਾਂਗੇ। ਸਾਡੇ ਮਹਾਨ ਨੇਤਾ ਸੰਤ ਹਰਚੰਦ ਸਿੰਘ ਜੀ ਨੇ ਇਸ ਦੀ ਖਾਤਰ ਆਪਣੀ ਕੁਰਬਾਨੀ ਦਿਤੀ। ਉਨ੍ਹਾਂ ਨੇ ਆਪਣੀ ਸ਼ਹਾਦਤ ਦਿਤੀ, ਉਨ੍ਹਾਂ ਨੇ ਜੋ ਇਹ ਕੰਮ ਕੀਤੇ, ਉਨ੍ਹਾਂ ਦੀ ਪੂਜਾ ਹੋਣੀ ਚਾਹੀਦੀ ਹੈ। ਸਾਰਾ ਹਿੰਦੁਸਤਾਨ ਉਨ੍ਹਾਂ ਦੀ ਸ਼ਹਾਦਤ ਤੋਂ ਜਾਣੂੰ ਹੈ। ਉਹ ਹੀਰੋ ਹਨ। ਜਿਸ ਪਰਪਜ਼ ਲਈ ਉਨ੍ਹਾਂ ਨੇ ਸ਼ਹਾਦਤ ਦਿਤੀ, ਉਸ ਸਪਿਰਿਟ ਨੂੰ ਮੱਦੇ ਨਜ਼ਰ ਰੱਖਦੇ ਹੋਏ ਚੱਲਣਾ ਚਾਹੀਦਾ ਹੈ। ਸਾਡੇ ਨਾਲ ਬੇਇਨਸਾਫੀ ਨਹੀਂ ਹੋਣੀ ਚਾਹੀਦੀ। ਅਕਾਰਡ ਦੇ ਮੁਤਾਬਿਕ ਚੰਡੀਗੜ੍ਹ ਪੰਜਾਬ ਨੂੰ ਆਉਣਾ ਹੈ। ਚੰਡੀਗੜ੍ਹ ਪੰਜਾਬ ਨੂੰ ਦੇਣ ਬਾਰੇ ਤੁਹਾਨੂੰ ਪਤਾ ਹੈ ਕਿ ਫੇਰੂਮਾਨ ਨੇ ਆਪਣੀ ਸ਼ਹਾਦਤ ਦਿਤੀ। ਅਸੀਂ ਬੜੀ ਜੱਦੋ ਜਹਿਦ ਕੀਤੀ। ਐਜੀਟੇਸ਼ਨਾਂ ਹੋਈਆਂ। ਐਨਾ ਕੁਝ ਪੰਜਾਬ ਵਿਚ ਹੋਇਆ। ਐਨਾ ਕੁਝ ਕਰਨ ਦੇ ਬਾਅਦ, ਅਕਾਰਡ ਹੋਣ ਦੇ ਬਾਅਦ ਅਗਰ ਫਿਰ ਵੀ ਸਾਡੇ ਨਾਲ ਮੰਦੀ ਭਾਵਨਾ ਨਾਲ ਵਰਤਾਓ ਕਰਨਾ ਹੈ ਤਾਂ ਫਿਰ ਉਸ ਅਕਾਰਡ ਨੂੰ ਇਸ ਨਾਲ ਠੇਸ ਪਹੁੰਚਦੀ ਹੈ। ਮੈਂ ਅਰਜ਼ ਕਰਨੀ ਚਹੁੰਦਾ ਹਾਂ ਸਾਨੂੰ ਅੱਜ ਦੇ ਹਾਊਸ ਵਿਚ ਇਸ ਨੂੰ ਬਿਲਕੁਲ

Original with;
Punjab Vidhan Sabha
Digitized by;
Panjab Digital Library

ਪੁਲਿਟੀਕਲੀ ਨਹੀਂ ਸੋਚਣਾ ਚਾਹੀਦਾ। ਸਾਨੂੰ ਦੋ ਅਤੇ ਦੋ ਚਾਰ ਵਾਲੀ ਗਲ ਲੈਣੀ ਚਾਹੀਦੀ ਹੈ। ਜਿਸ ਉਤੇ ਸਾਡੇ ਦੋਵਾਂ ਨੇਤਾਵਾਂ ਦੇ ਦਸਤਖਤ ਹਨ ਮੈਨੂੰ ਸਮਝ ਨਹੀਂ ਆਉਂਦੀ ਕਿ ਪ੍ਰਧਾਨ ਮੰਤਰੀ ਇਹ ਕਹਿ ਦੇਵੇ ਕਿ ਗਲਤੀ ਹੋ ਗਈ ਹੈ। ਮੈਂ ਸਮਝਦਾ ਹਾਂ ਕਿ ਇਹ ਤਾਂ ਨਾ-ਤਜਰਬੇਕਾਰ ਵਾਲੀ ਗਲ ਹੈ। ਅੱਜ ਦਾ ਦਿਨ ਕਿੰਨਾ ਬਦਕਿਸਮਤੀ ਭਰਿਆ ਹੈ, ਜਿਸ ਦਿਨ ਹਿੰਦੁਸਤਾਨ ਦੀ ਧਰਤੀ ਤੇ ਕਤਲੇਆਮ ਸ਼ੁਰੂ ਹੋਇਆ ? ਪੰਜਾਬ ਵਿਚ ਕੀ ਕੁਝ ਹੋਇਆ? ਉਹ ਕਿੰਨਾ ਬਦਕਿਸਮਤੀ ਵਾਲਾ ਦਿਨ ਹੈ ਜਦੋਂ ਹਜ਼ਾਰਾਂ ਬੇਗੁਨਾਹ ਅਕਾਲੀ ਅੰਦਰ ਹੋਏ ਤੇ ਹਜ਼ਾਰਾਂ ਕਤਲਾਂ ਦਾ ਆਰੰਭ ਹੋਇਆ। ਸਾਡੇ ਵਰਗੇ ਬੇਅੰਤ ਲੋਕਾਂ ਨੂੰ ਅੰਦਰ ਡੱਕ ਦਿਤਾ ਗਿਆ। ਸਾਨੂੰ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਸੁੱਟ ਦਿਤਾ ਗਿਆ। ਇਨ੍ਹਾਂ ਦੀਆਂ ਗਲਤੀਆਂ ਦਾ ਸਿੱਟਾ ਸਾਨੂੰ ਭੁਗਤਣਾ ਪਿਆ। ਮੈਂ ਬੇਨਤੀ ਕਰਾਂਗਾ ਕਿ ਪੰਜਾਬ ਹਿੰਦੁਸਤਾਨ ਦੀ ਸਰਕਾਰ ਦਾ ਕਿਸੇ ਕਿਸਮ ਦਾ ਗਹਿਣਾ ਨਹੀਂ ਹੈ। ਇਥੋਂ ਦੇ ਲੋਕਾਂ ਨੂੰ ਅਧਿਕਾਰ ਹੈ ਕਿ ਪ੍ਰਧਾਨ ਮੰਤਰੀ ਜੇ ਕੋਈ ਗਲਤੀ ਕਰੇ ਤਾਂ ਉਸ ਗਲ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ। ਪੰਜਾਬ ਦੇ ਲੋਕ ਬੇਇਨਸਾਫੀ ਬਰਦਾਸ਼ਤ ਨਹੀਂ ਕਰਨਗੇ। ਜਦੋਂ ਪੰਜਾਬ ਨਾਲ ਕੋਈ ਬੇਇਨਸਾਫੀ ਹੁੰਦੀ ਹੈ ਤਾਂ ਹਜ਼ਾਰਾਂ ਲੋਕ ਗ੍ਰਿਫਤਾਰੀਆਂ ਦਿੰਦੇ ਹਨ। (ਵਿਘਨ) ਅਸੀਂ ਇਥੇ ਚੁਣਕੇ ਆਏ ਹਾਂ। ਅਸੀਂ ਖੂਨੀ ਧਰਤੀ ਦੇਖੀ ਹੈ। ਅਸੀਂ ਅਜਿਹੇ ਹਾਲਾਤ ਵਿਚ ਚੁਣਕੇ ਆਏ ਹਾਂ ਕਿ ਸਾਡੇ ਨਾਲ ਅਗਰ ਕੋਈ ਬੇਇਨਸਾਫੀ ਕਰਨਾ ਚਾਹੇਗਾ ਤਾਂ ਅਸੀਂ ਬਰਦਾਸ਼ਤ ਨਹੀਂ ਕਰਾਂਗੇ। ਇਹ ਬੜਾ ਸੰਗੀਨ ਮਸਲਾ ਹੈ। ਇਹ ਕਹਿੰਦੇ ਹਨ ਕਿ ਗਲਤੀ ਹੋਈ ਹੈ। ਜੇ ਗਲਤੀ ਹੋਈ ਹੈ ਤਾਂ ਕਿਉਂ ਹੋਈ ਹੈ ? ਜੇ ਗਲਤੀ ਹੋਈ ਹੈ ਤਾਂ ਫੌਰਨ ਰੈਟੀਫਿਕੇਸ਼ਨ ਕਰਨੀ ਚਾਹੀਦੀ ਹੈ। ਇਹ ਕਿਹੜਾ ਸੁਪਰੀਮ ਕੋਰਟ ਦਾ ਫੈਸਲਾ ਹੈ ਜਿਸ ਬਾਰੇ ਕੋਈ ਅਪੀਲ ਨਹੀਂ ਹੋ ਸਕਦੀ , ਇਹ ਤਾਂ ਹਮੇਸ਼ਾ ਸਰਕਾਰ ਨੂੰ ਅਧਿਕਾਰ ਹੈ ਕਿ ਜੇ ਕੋਈ ਇਹੋ ਜਿਹੀ ਗਲ ਹੁੰਦੀ ਹੈ (ਵਿਘਨ) ਤੁਹਾਨੂੰ ਪਤਾ ਹੈ ਸੱਚਰ ਫਾਰਮੂਲਾ ਬਣਿਆ ਸੀ। ਉਦੋਂ ਇਥੇ ਪੰਜਾਬੀ ਰਿਜਨ ਵੀ ਬਣਿਆ, ਇਥੇ ਹਿੰਦੀ ਰਿਜਨ ਵੀ ਬਣਿਆ। ਜਿਹੜੇ ਪੰਜਾਬੀ ਬੋਲਦੇ ਇਲਾਕੇ ਹਨ ,ਇਸ ਬਾਰੇ ਉਸ ਵੇਲੇ ਦੇ ਜਿਹੜੇ ਹੋਮ ਮਨਿਸਟਰ , ਸ਼੍ਰੀ ਪਟੇਲ ਸਨ ਅਤੇ ਉਦੋਂ ਦੇ ਜਿਹੜੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਸਨ ਉਨ੍ਹਾਂ ਦੇ ਦਸਖਤ ਹੋਏ। ਪਰ ਜੇ ਅੱਜ ਅਸੀਂ ਇਸ ਦੇ ਖਿਲਾਫ ਚਲੀਏ ਅਤੇ ਪੰਜਾਬੀ, ਹਿੰਦੀ ਦੇ ਇਲਾਕਿਆਂ ਦਾ ਝਗੜਾ ਕਰੀਏ ਤਾਂ ਇਹ ਪੰਜਾਬ ਦੇ ਲੋਕਾਂ ਨਾਲ ਧੋਖਾ ਹੋਵੇਗਾ। ਜੇ ਹਿੰਦੁਸਤਾਨ ਦੀ ਸਰਕਾਰ ਸਾਡੇ ਨਾਲ ਇਨਸਾਫ ਨਹੀਂ ਕਰਦੀ, ਠੀਕ ਫੈਸਲਾ ਨਹੀਂ ਕਰਦੀ ਤਾਂ ਸਾਨੂੰ ਮਜਬੂਰ ਹੋ ਕੇ ਕਦਮ ਉਠਾਉਣਾ ਪਵੇਗਾ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਹ ਬੜਾ ਸੀਰੀਅਸ ਮਸਲਾ ਹੈ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਇਸ ਨੂੰ ਫੌਰਨ ਰੈਕਟੀਫਾਈ ਕਰਨਾ ਚਾਹੀਦਾ ਹੈ ਅਤੇ ਇਹ ਜਿਹੜੀ ਸੁਣਵਾਈ ਹੋ ਰਹੀ ਹੈ, ਇਸ ਨੂੰ ਫੌਰੀ ਤੌਰ ਤੇ ਬੰਦ ਕਰਨਾ ਚਾਹੀਦਾ ਹੈ। ਮੈਂ ਕਹਾਂਗਾ ਕਿ ਸਾਡੀ ਸਰਕਾਰ ਨੂੰ ਇਸ ਦਾ ਬਾਈਕਾਟ ਕਰਨਾ ਚਾਹੀਦਾ ਹੈ। ਸਾਡੇ ਚੀਫ ਮਨਿਸਟਰ ਸਾਹਿਬ ਉਸ ਸਮਝੌਤੇ ਦੇ ਸਮੇਂ ਉਥੇ ਹਾਜ਼ਰ ਸਨ, ਇਨ੍ਹਾਂ ਦੀ ਹਾਜ਼ਰੀ ਵਿਚ, ਇਹ ਸਮਝੌਤਾ ਹੋਇਆ। ਇਹ ਉਸ ਦੇ ਆਈ ਵਿਟਨੈਸ ਹਨ। ਇਸ ਵਿਚ ਕੋਈ ਕਾਨੂੰਨੀ ਮਸਲਾ ਹੈ ਅਸੀਂ ਹਾਈ ਕੋਰਟ, ਸੁਪਰੀਮ ਕੋਰਟ ਵਿਚ ਜਾ ਸਕਦੇ ਹਾਂ, ਇਸ ਬਾਰੇ ਸਾਨੂੰ ਅਧਿਕਾਰ ਹੈ। ਹਰ ਗਲਤ ਗਲ ਨੂੰ, ਬੇਇਨਸਾਫੀ ਨੂੰ ਚੈਲੰਜ ਕਰਨ ਦਾ ਸਾਨੂੰ ਅਧਿਕਾਰ ਹੈ। ਜਿਹੜੀ ਲਿਖਤ ਪੜ੍ਹਤ ਹੋਈ ਹੈ, ਜਿਹੜਾ ਸਮਝੌਤਾ ਹੋਇਆ ਹੈ ਜੇ ਉਸ ਦੇ ਖਿਲਾਫ ਕੋਈ ਗਲ ਹੁੰਦੀ ਹੈ ਤਾਂ ਅਸੀਂ ਚੁੱਪ ਕਰਕੇ ਨਹੀਂ ਬੈਠਾਂਗੇ। ਇਹ ਜਿਹੜੀ ਨੋਟੀਫੀਕੇਸ਼ਨ ਕੀਤੀ ਹੈ। ਇਸ ਨੂੰ ਸਰਕਾਰ ਨੂੰ ਵਾਪਿਸ ਲੈਣਾ ਚਾਹੀਦਾ ਹੈ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਟਰਮਜ਼ ਆਫ ਰੈਫਰੈਂਸ ਦੇ ਮੁਤਾਬਿਕ ਕਮਿਸ਼ਨ ਨਹੀਂ ਬਣਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੀ ਪੈਰਵੀ ਕਰਨ ਲਈ ਸਾਨੂੰ ਪੁਲਿਟੀਕਲ ਆਦਮੀ ਲੈਣੇ ਚਾਹੀਦੇ ਹਨ, ਐਕਸਪਰਟਸ ਲੈਣੇ ਚਾਹੀਦੇ ਹਨ, ਅਕਾਲੀ ਵਰਕਰ ਲੈਣੇ ਚਾਹੀਦੇ ਹਨ, ਜਿਹੜੇ ਇਸ ਨਾਲ ਸਬੰਧਤ ਹਨ ਉਹ ਲੋਕ ਵਿਚ ਲੈਣੇ ਚਾਹੀਦੇ ਹਨ।

Original with;
Punjab Vidhan Sabha
Digitized by
Panjab Digital Library

[ਸਰਦਾਰ ਦਲੀਪ ਸਿਘ ਪਾਂਧੀ]

ਸਬੰਧਤ ਪਿੰਡਾਂ ਦੇ ਲੋਕ ਵੀ ਇਸ ਵਿਚ ਸ਼ਾਮਲ ਕਰਨੇ ਚਾਹੀਦੇ ਹਨ। ਸਾਨੂੰ ਬਹੁਤ ਉਚਾ ਉਠਕੇ ਸੋਚਣਾ ਚਾਹੀਦਾ ਹੈ ਕਿਉਂਕਿ ਬਾਓਂਡਰੀ ਕਮਿਸ਼ਨ ਬਣਾ ਦਿਤੇ ਜਾਣ ਨਾਲ ਸਾਨੂੰ ਹਮੇਸ਼ਾ ਲਈ ਮੁਸੀਬਤ ਗਲ ਪੈ ਜਾਵੇਗੀ। ਤੁਹਾਨੂੰ ਪਤਾ ਹੈ ਕਿ ਅਸੀਂ ਚੀਨ ਨੂੰ ਕਿੰਨਾ ਏਰੀਆ ਦੇ ਦਿਤਾ ਹੈ। ਇਹ ਬਉਾਂਡਰੀ ਦਾ ਝਗੜਾ ਹੈ । ਫਿਰ ਹਿੰਦੁਸਤਾਨ ਦਾ ਪਾਕਿਸਤਾਨ ਨਾਲ ਝਗੜਾ ਹੋ ਰਿਹਾ ਹੈ। ਇਹ ਸਾਰੇ ਬਉਾਂਡਰੀ ਦੇ ਝਗੜੇ ਹਨ। (ਵਿਘਨ) ਇਨ੍ਹਾਂ ਦੀ ਪਾਰਟੀ ਨੇ ਪਾਕਿਸਤਾਨ ਬਣਾਇਆ। ਅਜ ਉਹ ਹਿਸਟਰੀ ਸਾਡੇ ਸਾਹਮਣੇ ਆ ਰਹੀ ਹੈ। ਇਹ ਬੜਾ ਸੰਗੀਨ ਮਸਲੇ ਦਾ ਫੈਸਲਾ ਹੋ ਰਿਹਾ ਹੈ, ਇਨ੍ਹਾਂ ਨੂੰ ਇਸ ਤਰ੍ਹਾਂ ਲਾਈਟਲੀ ਨਹੀਂ ਲੈਣਾ ਚਾਹੀਦਾ। ਇਸ ਵਿਚ ਬੜੇ ਐਕਸਪਰਟਸ ਲੋਕਾਂ ਦੀ ਰਾਏ ਲੈਣੀ ਚਾਹੀਦੀ ਹੈ। ਉਨ੍ਹਾਂ ਨੂੰ ਇਸ ਵਿਚ ਲੈਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਤੁਸੀਂ ਬੜੇ ਪੜ੍ਹੇ ਲਿਖੇ ਹੋ, ਮੈਂ ਤੁਹਾਡਾ ਸਤਿਕਾਰ ਕਰਦਾ ਹਾਂ, ਤੁਹਾਨੂੰ ਪਤਾ ਹੈ ਕਿ ਪੰਜਾਬੀ ਸੂਬੇ ਵੇਲੇ ਕਿਨੀਆਂ ਸ਼ਹਾਦਤਾਂ ਦੇਣੀਆਂ ਪਈਆਂ। ਕਿੱਨੀਆਂ ਕੁਰਬਾਨੀਆਂ ਦੇਣੀਆਂ ਪਈਆਂ। ਪਰ ਉਸ ਸਮੇਂ ਦੀ ਹਕੂਮਤ ਨੇ ਸਾਡੇ ਨਾਲ ਵਿਤਕਰਾ ਕੀਤਾ। ਐਨੀਆਂ ਘਾਲਾਂ ਘਾਲੀਆਂ, ਕਿਨੀਆਂ ਐਜੀਟੇਸ਼ਨਾਂ ਕੀਤੀਆਂ ਪਰ ਸਾਨੂੰ ਪੰਜਾਬੀ ਸੂਬਾ ਛੱਟਾ ਮਿਲਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਰਾਜਿਸਥਾਨ ਵਿਚ ਸਾਡੇ ਨਾਲ ਲਗਦੇ ਜਿਹੜੇ ਪਜਾਬੀ ਬੋਲਦੇ ਪਿੰਡ ਹਨ ਅਤੇ ਇਸੇ ਤਰ੍ਹਾਂ ਹਿਮਾਚਲ ਵਿਚ ਜਿਹੜੇ ਇਲਾਕੇ ਹਨ, ਉਹ ਸਾਨੂੰ ਮਿਲਣੇ ਚਾਹੀਦੇ ਹਨ। ਲੇਕਿਨ ਇਹ ਜਿਹੜੇ ਆਪੋਜ਼ੀਸ਼ਨ ਵਿਚ ਬੈਠੇ ਹਨ। ਇਨ੍ਹਾਂ ਦੀ ਰੂਲਿੰਗ ਪਾਰਟੀ ਨੇ ਹਮੇਸ਼ਾ ਪੰਜਾਬ ਨਾਲ ਦੁਸ਼ਮਣੀ ਭਰਿਆ ਵਰਤਾਓ ਕੀਤਾ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਪਾਵਰਜ਼ ਨੂੰ ਡੀਸੈਂਟਰੇਲਾਈਜ਼ ਕਰਨਾ ਚਾਹੀਦਾ ਹੈ। ਉਸ ਦੇ ਨਾਲ ਲੋਕਾਂ ਨੂੰ ਇਨਸਾਫ ਮਿਲੇਗਾ। ਪੰਜਾਬੀ ਸੂਬਾ ਜੋ ਅਸੀਂ ਮੰਗਦੇ ਸੀ ਉਹ ਪਜਾਬੀ ਬੋਲੀ ਦੇ ਆਧਾਰ ਤੇ ਬਣਿਆ ਹੈ ਪਰ ਮੈਂ ਦਸਣਾ ਚਾਹੁੰਦਾ ਹਾਂ ਕਿ ਉਸ ਵਕਤ ਇਨ੍ਹਾਂ ਸਜਣਾ ਨੇ ਆਪਣੀ ਬੋਲੀ ਹਿੰਦੀ ਲਿਖਵਾਈ ਜਦ ਕਿ ਇਹ ਪੰਜਾਬੀ ਬੋਲਦੇ ਅਤੇ ਪੜ੍ਹਦੇ ਲਿਖਦੇ ਸਨ। ਇਸ ਤਰ੍ਹਾਂ ਇਨ੍ਹਾਂ ਲੋਕਾਂ ਨੇ ਪੰਜਾਬ ਨਾਲ ਧੋਖਾ ਕੀਤਾ।

ਇਹ ਜਿਹੜਾ ਅਕਾਰਡ ਹੋਇਆ ਇਸ ਬਾਰੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਆਪਣੀ ਸ਼ਹਾਦਤ ਦੇ ਦਿਤੀ। ਕੁਝ ਤਾਕਤਾਂ ਇਹ ਅਕਾਰਡ ਨਹੀਂ ਸਨ ਹੋਣ ਦੇਣਾ ਚਾਹੁੰਦੀਆਂ। ਉਹ ਸ਼ਕਤੀਆਂ ਨਹੀਂ ਸੀ ਚਾਹੁੰਦੀਆਂ ਕਿ ਪੰਜਾਬ ਵਿਚ ਅਮਨ ਹੋਵੇ। ਗੁਰਿੰਦਰ ਸਿੰਘ ਕਾਂਡ ਨੇ ਸਾਰੇ ਹਿੰਦੁਸਤਾਨ ਦੀਆਂ ਅਖਾਂ ਖੋਲ੍ਹ ਦਿਤੀਆਂ ਹਨ ਕਿ ਇਸ ਸਾਰੇ ਦੇ ਪਿਛੇ ਕੌਣ ਸਨ। ਇਸ ਲਈ ਮੈਂ ਕਹਾਂਗਾ ਕਿ ਸਾਡੀ ਸਰਕਾਰ ਨੂੰ ਅਖਾਂ ਖੋਲ੍ਹਕੇ ਸੋਚਣਾ ਪਵੇਗਾ। ਸਾਡੇ ਤੇ ਨਜ਼ਰਾਂ ਹਨ, ਸਾਡੇ ਤੇ ਨਿਗਾਹਾਂ ਹਨ। ਇਸ ਲਈ ਅਸੀਂ ਕੋਈ ਐਸਾ ਫੈਸਲਾ ਨਾ ਹੋਣ ਦੇਈਏ, ਹਿੰਦੁਸਤਾਨ ਦੀ ਸਰਕਾਰ ਦੀ ਐਸੀ ਗਲ ਨਾ ਮੰਨ ਲਈਏ ਜਿਸ ਨਾਲ ਸਾਨੂੰ ਅਤੇ ਸਾਡੀ ਆਉਣ ਵਾਲੀ ਜੈਨਰੇਸ਼ਨ ਨੂੰ ਇਸ ਦੇ ਨਤੀਜੇ ਭੁਗਤਣੇ ਪੈਣ। ਲੋਕ ਬੜੇ ਜਾਗ੍ਰਿਤ ਹੋ ਗਏ ਹਨ। ਉਹ ਬੀ. ਬੀ. ਸੀ. ਸੁਣਦੇ ਹਨ, ਅਖਬਾਰਾਂ ਪੜ੍ਹਦੇ ਹਨ। ਸਾਡੇ ਲੋਕਾਂ ਨੂੰ ਬੜਾ ਗਿਆਨ ਹੈ।

ਮੈਂ ਬਹੁਤਾ ਲੰਬਾ ਚੌੜਾ ਨਹੀਂ ਕਹਿਣਾ ਕਿਉਂਕਿ ਹੋਰ ਸਜਣਾ ਨੇ ਵੀ ਬੋਲਣਾ ਹੈ। ਮੈਂ ਤਾਂ ਆਪਣੇ ਵਿਚਾਰ ਬਤੌਰ ਛੋਟੀ ਜਿਹੀ ਇਕ ਕਾਨੂੰਨੀ ਰਾਏ ਰਖਣ ਵਾਲਾ ਅਰਜ਼ ਕਰਨੀ ਚਾਹੁੰਦਾ ਹਾਂ। ਅਜ ਸਾਨੂੰ ਮਜਬੂਰ ਕਰਕੇ ਅਦਾਲਤ ਦੇ ਕੁੰਡੇ ਖੜਕਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਭਾਰਤ ਸਰਕਾਰ ਨੇ ਪਾਣੀ ਦਾ ਜਿਹੜਾ ਫੈਸਲਾ ਕੀਤਾ ਉਸ ਨਾਲ ਸਾਨੂੰ ਪਾਣੀ ਨਹੀਂ ਮਿਲਦਾ। ਸਾਨੂੰ ਮਾਰਿਆ ਜਾ ਰਿਹਾ ਹੈ। ਸਾਡਾ ਗਲਾ ਘੁੱਟਿਆ ਜਾ ਰਿਹਾ ਹੈ। ਸਾਨੂੰ ਤਰਕੀ ਨਹੀਂ ਕਰਨ ਦੇਣਾ ਚਾਹੁੰਦੇ। ਜਦੋਂ ਪੈਸੇ ਦੀ ਮੰਗ ਕਰਦੇ ਹਾਂ ਤਾਂ ਸਾਨੂੰ ਕਹਿੰਦੇ ਹਨ ਕਿ ਤੁਸੀਂ ਕੌਮਪ੍ਰਸਤ ਹੋ। ਦਿਲੀ ਦੀ ਸਰਕਾਰ ਕੀ ਕਹਿੰਦੀ ਹੈ, ਤੁਸੀਂ ਕਹਿੰਦੇ ਹੋ। ਤੁਸੀਂ ਅੰਕੜੇ ਕਢਕੇ ਦੇਖ ਲਓ ਕਿ ਦਿਲੀ ਦੀ ਸਰਕਾਰ ਨੇ ਸਾਡੀ ਕੀ ਮਦਦ ਕੀਤੀ ਹੈ।

Original with;
Punjab Vidhan Sabha
Digitized by;
Panjab Digital Library

ਸੈਂਟਰਲ ਪੂਲ ਵਿਚ ਅਸੀਂ ਅੰਨ ਦਾ ਭੰਡਾਰ ਦਿੰਦੇ ਹਾਂ, ਅਸੀਂ ਡਾਕਖਾਨਿਆਂ ਵਿਚ, ਰੇਲਵੇ ਵਿਚ ਆਪਣੀ ਕੀਤੀ ਮਿਹਨਤ ਦਾ ਪੈਸਾ ਦਿੰਦੇ ਹਾਂ ਲੇਕਿਨ ਇਸ ਦੇ ਮੁਕਾਬਲੇ ਵਿੱਚ ਸਾਨੂੰ ਉਨ੍ਹਾਂ ਤੋਂ ਕੀ ਮਿਲਦਾ ਹੈ ? ਉਨ੍ਹਾਂ ਤੋਂ ਇਸ ਦੇ ਮੁਕਾਬਲੇ ਵਿੱਚ ਸਾਨੂੰ ਮਿਲਦਾ ਹੈ ਵਿਤਕਰਾ। ਤੁਸੀਂ ਕਿਤਾਬਾਂ ਖੋਲ੍ਹ ਕੇ ਦੇਖੋ, ਕੀ ਇਤਿਹਾਸ ਨੇ ਲਿਖਿਆ ਹੈ, ਕੀ ਇਤਿਹਾਸਕਾਰਾਂ ਨੇ ਲਿਖਿਆ ਹੈ ? ਸਾਡੇ ਨਾਲ ਸ਼ੁਰੂ ਤੋਂ ਹੀ ਵਿਤਕਰਾ ਹੋ ਰਿਹਾ ਹੈ। ਅਜੇ ਵੀ ਤੁਸੀਂ ਦੇਖ ਲਓ ਕਿ ਦਿਲੀ ਦੀ ਸਰਕਾਰ ਨੇ 2 ਦਸੰਬਰ, 1985 ਤਕ ਪਾਬੰਦੀ ਲਾ ਦਿੱਤੀ ਕਿ ਕੋਈ ਫਾਰਨਰ ਪੰਜਾਬ ਵਿੱਚ ਨਹੀਂ ਵੜ ਸਕਦਾ। ਅਜੇ ਦਿਲੀ ਦਾ ਕਾਨੂੰਨ ਸਾਡੇ ਤੇ ਕਿਉਂ ਲਗਦਾ ਹੈ। ਕਿਉਂ ਨਹੀਂ ਇਸ ਦੇ ਬਾਰੇ ਕੋਈ ਬੋਲਦਾ। ਇਸ ਗਲ ਦੀ ਵਿਰੋਧਤਾ ਕਰਨੀ ਚਾਹੀਦੀ ਹੈ। ਜਦੋਂ ਇਥੇ ਹਾਲਾਤ ਹੁਣ ਨਾਰਮਲ ਹਨ, ਜਦੋਂ ਇਥੇ ਹੁਣ ਪਾਪੂਲਰ ਸਰਕਾਰ ਬਣ ਗਈ ਹੈ ਤਾਂ ਇਹ ਫਿਰ ਰਿਸਟ੍ਰਿਕਸ਼ਨ ਕਿਉਂ ਹੋਵੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਦਿਲੀ ਦੇ ਸਾਰੇ ਅਸੂਲਾਂ ਨੂੰ; ਦਿਲੀ ਸਰਕਾਰ ਦੇ ਸਚੇ ਕਾਨੂੰਨਾਂ ਨੂੰ ਹੁਣ ਅਸੀਂ ਸਮਝ ਗਏ ਹਾਂ, ਸਾਡਾ ਬੱਚਾ ਬੱਚਾ ਸਮਝ ਗਿਆ ਹੈ ਕਿ ਦਿਲੀ ਦੀ ਸਰਕਾਰ ਸਾਡੇ ਨਾਲ ਹਰ ਗਲ ਵਿੱਚ ਵਿਤਕਰਾ ਕਰ ਰਹੀ ਹੈ। ਉਸ ਵੇਲੇ, ਚੇਅਰਮੈਨ ਸਾਹਿਬ, ਕਿਸੇ ਦਾ ਮੂੰਹ ਨਹੀਂ ਖੁਲ੍ਹਿਆ ਜਦੋਂ ਇਥੇ ਸਾਡੀਆਂ ਧੀਆ, ਭੈਣਾਂ ਦੇ ਕਤਲ ਹੋਏ, ਉਨ੍ਹਾਂ ਨਾਲ ਬੁਰਾ ਸਲੂਕ ਕੀਤਾ ਗਿਆ। ਇੰਡਵੀਜੁਅਲ ਤੌਰ ਤੇ ਭਾਵੇਂ ਇਹ ਵੀ (ਕਾਂਗਰਸ ਪਾਰਟੀ ਵਲ ਇਸ਼ਾਰਾ) ਮਹਿਸੂਸ ਕਰਦੇ ਰਹੇ ਪਰ ਕਿਸੇ ਨੇ ਪਬਲੀਕਲੀ ਕੁਝ ਨਹੀਂ ਕਿਹਾ ਕਿ ਜੋ ਕੁਝ ਹੋ ਰਿਹਾ ਹੈ, ਉਹ ਮਾੜਾ ਹੋਇਆ ਹੈ ਔਰ ਮਾੜਾ ਹੋ ਰਿਹਾ ਹੈ। ਇਸ ਕਰਕੇ, ਚੇਅਰਮੈਨ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਬੜੇ ਅਦਬ ਨਾਲ ਕਿ ਪੰਜਾਬ ਦੇ ਲੋਕ ਆਪਣਾ ਅੰਨ ਪਾਣੀ ਛੱਕਦੇ ਹਨ, ਸਾਡਾ ਦਿੱਲੀ ਨਾਲ ਕੋਈ ਸਬੰਧ ਨਹੀਂ ਹੈ। ਅਸੀਂ ਆਪਣੇ ਘਰ ਨੂੰ ਦੇਖਣਾ ਹੈ ਕਿ ਸਾਡੇ ਲੋਕ ਕੀ ਚਾਹੁੰਦੇ ਹਨ। ਇਹ ਇਕ ਬਦਕਿਸਮਤੀ ਹੈ ਮੁਲਕ ਦੀ ਕਿ ਦਿੱਲੀ ਦੀ ਸਰਕਾਰ ਇਸ ਤਰ੍ਹਾਂ ਦਾ ਸੋਚਦੀ ਹੈ। ਜੇ ਅਸੀਂ ਸਾਰੀਆਂ ਸਪੀਚਾਂ ਪੜ੍ਹੀਏ ਜੋ ਸਰਦਾਰ ਪਟੇਲ ਦੀਆਂ ਸਨ, ਜੋ ਮਹਾਤਮਾ ਗਾਂਧੀ ਜੀ ਦੀਆਂ ਸਨ ਤਾਂ ਪਤਾ ਲਗੇਗਾ ਕਿ ਉਨ੍ਹਾਂ ਨੇ ਦੇਸ਼ ਦੇ ਲਈ ਕੀ ਸੋਚਿਆ ਸੀ ਔਰ ਅੱਜ ਇਹ ਦੇਸ਼ ਕਿਸ ਪਾਸੇ ਨੂੰ ਜਾ ਰਿਹਾ ਹੈ। ਅੱਜ ਚਮਚਾਗੀਰੀ ਕਿਥੋਂ ਤਕ ਪਹੁੰਚ ਗਈ ਹੈ। ਕਦੇ ਮੇਨਕਾ ਗਾਂਧੀ ਸੀ ਉਸ ਦੀ ਚਮਚਾਗੀਰੀ ਹੋ ਰਹੀ ਸੀ, ਹੁਣ ਉਸ ਨੂੰ ਕੋਈ ਪੁੱਛਦਾ ਨਹੀਂ। ਹੁਣ ਚਮਚਾਗੀਰੀ ਨੂੰ ਛੱਡੋ ਅਤੇ ਸਿਧੇ ਰਸਤੇ ਤੇ ਆਓ। ਜਿਸ ਤਰ੍ਹਾਂ ਮੁੱਖ ਮੰਤਰੀ ਸ਼੍ਰੀ ਐਨ. ਟੀ. ਰਾਮਾਰਾਓ ਨੇ ਇਨ੍ਹਾਂ ਦਾ ਦਿਮਾਗ ਸਾਫ ਕਰ ਦਿੱਤਾ ਹੈ ਅਤੇ ਸਾਰੀ ਗਲ ਸਾਹਮਣੇ ਸਪੱਸ਼ਟ ਕਰ ਦਿੱਤੀ ਕਿ ਦਿੱਲੀ ਦੀ ਸਰਕਾਰ ਕਿਸ ਤਰ੍ਹਾਂ ਵਿਤਕਰਾਂ ਕਰਦੀ ਹੈ। ਇਥੇ ਦਿੱਲੀ ਦੀ ਸਰਕਾਰ ਦੀ ਮਰਜ਼ੀ ਨਾਲ ਪੱਤਾ ਝੁਲੇ, ਪੰਜਾਬ ਦੀ ਜਨਤਾ ਹੁਣ ਇਸ ਤਰ੍ਹਾਂ ਨਹੀਂ ਚਾਹੁੰਦੀ। ਹੁਣ ਪੰਜਾਬ ਦੀ ਜਨਤਾ ਚਾਹੁੰਦੀ ਹੈ ਕਿ ਪੰਜਾਬ ਦੀ ਜਨਤਾ ਦਾ ਹੁਕਮ ਚਲੇ। ਸੂਬੇ ਨੂੰ ਇਸ ਗਲ ਦਾ ਅਧਿਕਾਰ ਹੋਣਾ ਚਾਹੀਦਾ ਹੈ ਕਿ ਆਪਣੇ ਰਾਜ ਵਿੱਚ ਉਹ ਆਪਣੀ ਮਨ ਮਰਜ਼ੀ ਨਾਲ ਫੈਸਲੇ ਕਰੇ ਅਤੇ ਉਨ੍ਹਾਂ ਫੈਸਲਿਆਂ ਨੂੰ ਲਾਗੂ ਕਰੇ। ਸੈਂਟਰ ਦੇ ਵਿੱਚ ਕੋਈ ਵੀ ਸਰਕਾਰ ਆਉਂਦੀ ਹੈ ਅਤੇ ਜੇ ਉਹ ਸਰਕਾਰ ਸੂਬੇ ਦੀ ਸਰਕਾਰ ਦੇ ਕੰਮਾਂ ਵਿੱਚ ਕੋਈ ਰੁਕਾਵਟ ਪਾਉਂਦੀ ਹੈ ਤਾਂ ਉਸ ਦੇ ਨਾਲ ਆਪਣੇ ਹੱਕਾਂ ਦੇ ਲਈ ਲੜਨਾ ਚਾਹੀਦਾ ਹੈ, ਝਗੜਾ ਕਰਨਾ ਚਾਹੀਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਐਕਸਪਰਟ ਬੰਦੇ ਸ਼ਾਮਲ ਕਰੋ ਜੋ ਪੰਜਾਬ ਦੇ ਹਿੱਤਾਂ ਦੀ ਰਾਖੀ ਕਰ ਸਕਣ। ਪੰਜਾਬ ਦੇ ਅਫਸਰ ਉਹੀ ਰਖੇ ਹੋਏ ਹਨ, ਇਹ ਉਹੀ ਅਫਸਰ ਹਨ ਜਿਨ੍ਹਾਂ ਨੇ ਐਮਰਜੈਂਸੀ ਲਾਗੂ ਕੀਤੀ, ਇਹ ਉਹ ਅਫਸਰ ਹਨ ਜਿਨ੍ਹਾਂ ਨੇ ਸਰਦਾਰ ਦਰਬਾਰਾ ਸਿੰਘ ਦੀ ਹਕੂਮਤ ਵੇਲੇ ਕਾਨੂੰਨ ਬਣਾਏ ਅਤੇ ਜਿਨ੍ਹਾਂ ਨੇ ਸਾਨੂੰ ਮਾਰਿਆ। ਅਮਰੀਕਨ ਸਿਸਟਮ ਦੇ ਮੁਤਾਬਿਕ ਉਹ ਆਪਣੇ ਬੰਦੇ ਰਖ ਸਕਦੇ ਹਨ ਪਰ ਸਾਡਾ ਇੰਡੀਅਨ ਕੰਸਟੀਚਿਊਸ਼ਨ ਪ੍ਰੋਵਾਈਡ ਨਹੀਂ ਕਰਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਆਪਣੀ ਪਾਰਟੀ ਦੇ ਵਰਕਰਾਂ ਤੇ ਇਤਬਾਰ ਕਰੋ, ਉਨ੍ਹਾਂ ਦੀਆਂ ਗੱਲਾਂ ਮੰਨੋ ਜਿਨ੍ਹਾਂ ਨੇ ਜੇਲ੍ਹਾਂ ਕੱਟੀਆਂ, ਜਿਨ੍ਹਾਂ ਨੇ ਕਸ਼ਟ ਸਹਾਰੇ। ਅੰਮ੍ਰਿਤਸਰ, ਗੁਰਦਾਸਪੁਰ,

Original with;
Punjab Vidhan Sabha
Digitized by
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਜਲੰਧਰ, ਰੋਪੜ, ਪਟਿਆਲੇ ਅਤੇ ਹੋਰ ਜ਼ਿਲ੍ਹਿਆਂ ਵਿੱਚ ਸਾਡਾ ਕਿਵੇਂ ਬੁਰਾ ਹਾਲ ਹੋਇਆ। ਇਹ ਸਾਰਾ ਕੁਝ ਕਰਾਉਣ ਵਾਲੇ ਅੱਜ ਉਧਰ ਬਿਰਾਜਮਾਨ ਹੋਏ ਬੈਠੇ ਹਨ (ਕਾਂਗਰਸ ਪਾਰਟੀ ਵਲ ਇਸ਼ਾਰਾ)। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇੰਡੀਪੈਂਡੈਂਟਲੀ ਫੈਸਲਾ ਲਓ ਅਤੇ ਆਪਣੀ ਪਾਰਟੀ ਦੇ ਵਰਕਰਜ਼ ਤੇ ਇਤਬਾਰ ਕਰੋ। ਇਨ੍ਹਾਂ ਲਫਜ਼ਾਂ ਨਾਲ ਮੈਂ ਇਹ ਕਹਾਂਗਾ ਕਿ ਮਾਨ ਸਾਹਿਬ ਬੈਠੇ ਹਨ ਉਹ ਖੜੇ ਹੋ ਕੇ ਇਸ ਮਤੇ ਨੂੰ ਪੁੱਟ ਕਰਨ, ਰੂਲਜ਼ ਪ੍ਰੋਵਾਈਡ ਕਰਦੇ ਹਨ, ਅਤੇ ਇਸ ਮੱਤੇ ਨੂੰ ਪਾਸ ਕਰਕੇ ਅਸੀਂ ਆਪਣੇ ਘਰਾਂ ਨੂੰ ਜਾਈਏ ਨਹੀਂ ਤਾਂ ਕਿਧਰੇ ਟਾਕ ਆਊਟ ਨਾ ਹੋ ਜਾਵੇ ਕਿਉਂਕਿ ਟਾਈਮ ਬਹੁਤ ਥੋੜ੍ਹਾ ਰਹਿ ਗਿਆ ਹੈ। ਨਾਲੇ ਇਨ੍ਹਾਂ ਦਾ (ਕਾਂਗਰਸ ਪਾਰਟੀ ਵਲ ਇਸ਼ਾਰਾ) ਪਤਾ ਲਗ ਜਾਵੇ ਕਿ ਪੰਜਾਬ ਦੇ ਨਾਲ ਇਨ੍ਹਾਂ ਦਾ ਕਿੰਨਾ ਹਿੱਤ ਹੈ। (ਵਿਘਨ) ਚਾਹੇ ਯਾਰ ਨੂੰ ਰੱਖ ਚਾਹੇ ਸੰਸਾਰ ਨੂੰ ਰੱਖ। ਚੇਅਰਮੈਨ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡੇ ਰਾਹੀਂ ਮਾਨ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਹ ਉਠ ਕੇ, ਖੜੇ ਹੋ ਕੇ ਤੇ ਨੂੰ ਪੁੱਟ ਕਰਨ ਅਤੇ ਪਾਸ ਕਰਕੇ ਅਸੀਂ ਆਪਣੇ ਘਰਾਂ ਨੂੰ ਜਾਈਏ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਕਰੀਏ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਰਾਮ ਪ੍ਰਕਾਸ਼ ਬਾਲੀ (ਨੰਗਲ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਰੈਜ਼ੋਲਿਊਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ ਔਰ ਮੈਂ ਇਹ ਵੀ ਆਸ ਕਰਦਾ ਹਾਂ ਕਿ ਜੋ ਤੁਹਾਡੇ ਹੁਕਮ ਅਨੁਸਾਰ ਮੈਨੂੰ ਬੋਲਣ ਦਾ ਸਮਾਂ ਮਿਲਿਆ ਹੈ ਉਸ ਦੇ ਵਿੱਚ ਇਸ ਹਾਊਸ ਵਿੱਚ ਬੈਠੇ ਮਾਨਯੋਗ ਮੈਂਬਰ ਸਾਹਿਬਾਨ ਮੇਰੀ ਗਲ ਨੂੰ ਧਿਆਨ ਨਾਲ ਸੁਣਨਗੇ ਔਰ ਜਿਸ ਤਰ੍ਹਾਂ ਮੈਂ ਸਾਰਿਆਂ ਦੇ ਵਿਚਾਰ ਬੜੇ ਧਿਆਨ ਨਾਲ ਸੁਣੇ ਹਨ, ਇਸੇ ਤਰ੍ਹਾਂ ਸਾਰੇ ਮੇਰੀ ਵੀ ਗਲ ਸੁਣਨ ਦਾ ਯਤਨ ਕਰਨਗੇ। ਚੇਅਰਮੈਨ ਸਾਹਿਬ, ਜੋ ਮਤਾ ਮਾਨ ਸਾਹਿਬ ਨੇ ਅੱਜ ਇਸ ਹਾਊਸ ਵਿੱਚ ਪੇਸ਼ ਕੀਤਾ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਇਸ ਦੀ ਜ਼ਰੂਰਤ ਨਹੀਂ ਸੀ ਕਿਉਂਕਿ ਸ਼੍ਰੀ ਰਾਜੀਵ ਗਾਂਧੀ ਜੀ ਨੇ ਬੜਾ ਵਡਾ ਦਿਲ ਦਿਖਾ ਕੇ ਅਤੇ ਬਹੁਤ ਵਡੀ ਦਲੇਰੀ ਨਾਲ ਪੰਜਾਬ ਦਾ ਅਕਾਰਡ ਕੀਤਾ। ਇਸ ਗਲ ਦੀ ਮੁਬਾਰਕਬਾਦ ਹੈ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਜੋ ਅੱਜ ਸਾਡੇ ਦਰਮਿਆਨ ਨਹੀਂ ਹਨ, ਇਸ ਦਾ ਸਿਹਰਾ ਸਰਦਾਰ ਸੁਰਜੀਤ ਸਿੰਘ ਬਰਨਾਲਾ ਔਰ ਸਰਦਾਰ ਬਲਵੰਤ ਸਿੰਘ ਦੇ ਸਿਰ ਹੈ, ਇਨ੍ਹਾਂ ਦਾ ਮੈਂ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਵਿੱਚ ਅਮਨ ਔਰ ਸ਼ਾਂਤੀ ਲਈ ਯਤਨ ਕਰਕੇ ਇਸ ਨੂੰ ਮੰਨਿਆ ਹੈ ਪਰ ਮੈਂ, ਚੇਅਰਮੈਨ ਸਾਹਿਬ, ਮਹਿਸੂਸ ਕਰਦਾ ਹਾਂ ਮੇਰੇ ਸਰਕਾਰੀ ਬੈਂਚਾਂ ਤੇ ਬੈਠੇ ਸਾਥੀਆਂ ਨੇ ਜੋ ਸ਼੍ਰੀ ਰਾਜੀਵ ਗਾਂਧੀ ਜੀ ਨੇ ਕਲੈਰੀ - ਫੀਕੇਸ਼ਨ ਦਿੱਤੀ ਹੈ, ਜੋ ਦੁਬਾਰਾ ਭਰੋਸਾ ਦਿੱਤਾ ਹੈ ਉਸ ਉਤੇ ਉਨ੍ਹਾਂ ਨੇ ਯਕੀਨ ਨਹੀਂ ਰਖਿਆ। ਜੇ ਉਨ੍ਹਾਂ ਤੇ ਯਕੀਨ ਨਹੀਂ ਸੀ ਤਾਂ ਕਮ -ਅਜ਼ -ਕਮ ਆਪਣੇ ਹੀ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ, ਜੋ ਸੈਟਿਸਫਾਈਡ ਹੋ ਕੇ ਉਥੋਂ ਆਏ ਸੀ ਔਰ ਜਿਨ੍ਹਾਂ ਨੇ ਉਨ੍ਹਾਂ ਨਾਲ ਸਾਰੀ ਗਲ ਬਾਤ ਕਰ ਲਈ ਔਰ ਪ੍ਰੈਸ ਸਟੇਟਮੈਂਟ ਵੀ ਦਿੱਤੀ, ਉਨ੍ਹਾਂ ਤੇ ਕਮ -ਅਜ਼-ਕਮ ਇਤਬਾਰ ਕਰਕੇ ਮੁੜ ਕੇ ਤਲਖੀ ਦਾ ਮਾਹੌਲ ਪੈਦਾ ਨਹੀਂ ਸੀ ਕਰਨਾ ਚਾਹੀਦਾ।

ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਕੁਝ ਪਿਛਲੀਆਂ ਗਲਾਂ ਕਰਾਂ। ਬੇਸ਼ਕ ਮੈਂ ਦੂਜੀ ਦਫਾ ਇਸ ਹਾਊਸ ਵਿਚ ਆਇਆ ਹਾਂ। ਪਹਿਲੀ ਦਫਾ ਬਾਈ ਇਲੈਕਸ਼ਨ ਵਿਚ ਆਇਆ ਸੀ ਅਤੇ ਥੋੜ੍ਹਾ ਸਮਾਂ ਰਿਹਾ ਕਿਉਂਕਿ ਅਸੈਂਬਲੀ ਸਸਪੈਂਡ ਹੋ ਗਈ ਸੀ। ਮੈਂ ਮਹਿਸੂਸ ਕਰਦਾ ਹਾਂ, ਜਦੋਂ ਮੈ ਇਥੇ ਗਲਾਂ ਸੁਣਦਾ ਹਾਂ, ਮੈਂ ਸਮਝ ਨਹੀਂ ਸਕਦਾ ਕਿ ਜਿਹੜੇ ਲੋਕ ਪੜ੍ਹੇ ਲਿਖੇ ਹੋਣ, ਜਿਨ੍ਹਾਂ ਨੂੰ ਲੱਖਾਂ ਲੋਕਾਂ ਨੇ ਆਪਣੀਆਂ ਵੋਟਾਂ ਪਾ ਕੇ ਚੁਣ ਕੇ ਭੇਜਿਆ ਹੋਵੇ, ਉਹ ਆਪਣੀਆਂ ਕੀਤੀਆਂ ਗਲਾਂ ਨੂੰ ਕੌਂਟਰਾਡਿਕਟ ਕਰਦੇ ਹਨ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਮੈਂ ਜਿਥੇ ਦਾ ਰਹਿਣ ਵਾਲਾ ਹਾਂ ਪਿੰਡ ਕਲਸੇੜ ਉਹ ਤਹਿਸੀਲ ਊਨਾਂ ਦਾ ਪਾਰਟ ਸੀ ਅਤੇ ਅਸੀਂ ਹੁਸ਼ਿਆਰਪੁਰ ਦੇ ਬਸ਼ਿੰਦੇ ਸੀ। 1966-67 ਵਿਚ ਰੀਆਰਗੇਨਾਈਜ਼ੇਸ਼ਨ ਹੋਈ, ਅਸੀਂ ਅਨੰਦਪੁਰੀਏ ਬਣ ਗਏ ਔਰ ਸਾਡਾ ਜ਼ਿਲ੍ਹਾ ਰੋਪੜ ਬਣ ਗਿਆ। ਜਿੰਨੀ ਜਿੰਨੀ ਰੀਆਰਗੇਨਾਈਜ਼ੇਸ਼ਨ ਹੋਈ, ਮੈਂ ਉਸ ਨੂੰ ਚੈਲੰਜ ਨਹੀਂ ਕਰਦਾ ਪਰ ਜੋ ਮੇਰੀ ਆਪਣੀ ਜ਼ਾਤੀ ਜਾਣਕਾਰੀ ਅਤੇ ਤਜਰਬਾ ਹੈ, ਮੈਂ ਉਹ ਪੇਸ਼ ਕਰਨ ਲਗਾ ਹਾਂ। ਮੇਰਾ ਪਿੰਡ ਬਾਉਂਡਰੀ ਕਮਿਸ਼ਨ ਦੀ ਰਿਪੋਰਟ ਵਿਚ ਨਾ ਹਿਮਾਚਲ ਵਿੱਚ ਆਇਆ ਅਤੇ ਨਾ ਹੀ ਪੰਜਾਬ ਵਿਚ ਆਇਆ ਬਾਉਂਡਰੀ ਕਮਿਸ਼ਨ ਦੀ ਰਿਪੋਰਟ ਸ਼ਾਇਆ ਹੋਣ ਦੇ ਬਾਵਜੂਦ। ਮੈਂ ਉਸ ਵਕਤ ਦੀ ਪ੍ਰਾਈਮ ਮਨਿਸਟਰ ਸਾਹਿਬਾ, ਸਤਿਕਾਰ ਯੋਗ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਮਿਲਿਆ ਅਤੇ ਬੇਨਤੀ ਕੀਤੀ ਕਿ ਮੇਰਾ ਪਿੰਡ ਨਾ ਹਿਮਾਚਲ ਵਿਚ ਹੈ ਔਰ ਨਾ ਪੰਜਾਬ ਵਿਚ ਹੈ, ਇਸ ਦੀ ਕਲੈਰੀਫਿਕੇਸ਼ਨ ਕਰਾਈ ਜਾਵੇ। ਉਸ ਵਕਤ ਬਾਉਂਡਰੀ ਕਮਿਸ਼ਨ ਦੀ ਰਿਪੋਰਟ ਸੀਕਰੇਟ ਨਹੀਂ ਰਹਿ ਗਈ ਸੀ, ਉਹ ਸ਼ਾਇਆ ਹੋ ਚੁਕੀ ਸੀ। ਇਸ ਦੇ ਨਾਲ ਹੀ ਜਿੰਨੇ ਵੀ ਕਿਸੇ ਨੇ ਮੈਮੋਰੰਡਮ ਦਿਤੇ ਸਨ, ਉਹ ਵੀ ਪੜ੍ਹੇ ਜਾ ਸਕਦੇ ਸਨ। ਜਦੋਂ ਮੈਂ ਕਲੈਰੀਫਿਕੇਸ਼ਨ ਦੇ ਸਿਲਸਿਲੇ ਵਿਚ ਸ਼੍ਰੀ ਕੇ. ਆਰ. ਪ੍ਰਭੂ ਜੁਆਇੰਟ ਸੈਕਟਰੀ, ਰੀਆਰਗੇਨਾਈਜ਼ੇਸ਼ਨ, ਕੋਲ ਗਿਆ ਤਾਂ ਮੇਰਾ ਕਲੇਜਾ ਕੰਬ ਉਠਿਆ, ਮੇਰਾ ਕਲੇਜਾ ਫਟ ਗਿਆ ਜਦੋਂ ਮੈਂ ਵੇਖਿਆ ਕਿ ਡਾਕਟਰ ਪਰਮਾਰ ਨੇ ਸਿਵਾਏ ਕੁੱਲੂ, ਮਨਾਲੀ, ਸ਼ਿਮਲਾ ਤੋਂ ਇਲਾਵਾ ਹੋਰ ਕੁਝ ਮੰਗ ਹੀ ਨਹੀਂ ਸੀ ਕੀਤੀ। ਅੱਜ ਵੀ ਊਨਾ ਅਤੇ ਕਾਂਗੜਾ ਵਿਚ ਬਹੁਤੀ ਪੰਜਾਬੀ ਬੋਲੀ ਜਾਂਦੀ ਹੈ, ਉਨ੍ਹਾਂ ਪੰਜਾਬੀ ਬੋਲਦਿਆਂ ਹਲਕਿਆ ਬਾਰੇ ਵਾਪਸ ਪੰਜਾਬ ਨੂੰ ਲੈਣ ਬਾਰੇ ਕਮਿਸ਼ਨ ਮੁਕੱਰਰ ਕਰਨ ਦੀ ਮੰਗ ਕੀਤੀ ਗਈ। ਉਸ ਵੇਲੇ ਅਕਾਲੀ ਪਾਰਟੀ ਨੇ ਜੋ ਮੈਮੋਰੰਡਮ ਪੇਸ਼ ਕੀਤੇ ਸਨ, ਸਾਰੇ ਮੈਮੋਰੰਡਮ ਸ਼ਾਇਆ ਕਰਨੇ ਚਾਹੀਦੇ ਹਨ ਜੋ ਉਸ ਵੇਲੇ ਦੀ ਅਕਾਲੀ ਪਾਰਟੀ ਨੇ ਪੇਸ਼ ਕੀਤੇ ਸਨ। ਤੁਸੀਂ ਇਕ ਪਿੰਡ ਦੀ ਗਲ ਕਰਦੇ ਹੋ। ਸਾਡੀ ਕਾਂਗਰਸ ਸਰਕਾਰ ਨੇ, ਸਾਡੀ ਕਾਂਗਰਸ ਦੀ ਪਾਰਟੀ ਨੇ ਰੈਜ਼ੋਲਿਊਸ਼ਨ ਭੇਜਿਆ ਸੀ ਕਿ ਪੰਜਾਬ ਸਾਰਾ ਰਹਿਣਾ ਚਾਹੀਦਾ ਹੈ। ਸਰਦਾਰ ਦਰਬਾਰਾ ਸਿੰਘ, ਗਿਆਨੀ ਜੀ ਨੇ, ਅਤੇ ਢਿਲੋਂ ਸਾਹਿਬ ਨੇ ਕਿਹਾ ਸੀ ਕਿ ਪੰਜਾਬ ਸਾਰਾ ਰਹਿਣਾ ਚਾਹੀਦਾ ਹੈ, ਇਹ ਰਿਕਾਰਡ ਦੀ ਚੀਜ਼ ਹੈ। ਲਾਹੌਲ ਸਪਿਤੀ ਤੋਂ ਹੋਡਲ ਪਰਬਾਲ ਤਕ ਪੰਜਾਬੀ ਪੜ੍ਹਾਈ ਜਾਂਦੀ ਸੀ ਅਤੇ ਪੰਜਾਬ ਸ਼ਾਨਦਾਰ ਸੂਬਾ ਸੀ, ਅਸੀਂ ਸਾਰੇ ਪੰਜਾਬੀ ਕਹਾਉਂਦੇ ਸੀ। ਕਿਸ ਨੇ ਉਪਰਾਲਾ ਕੀਤਾ ਕਿ ਪੰਜਾਬੀ ਸੂਬਾ ਛੋਟਾ ਹੋਣਾ ਚਾਹੀਦਾ ਹੈ? ਇਹ ਤੁਸੀਂ ਜਦੋਂ ਕੀਤਾ ਅਕਾਲੀ ਦਲ ਐਗਰੀ ਕੀਤਾ। ਉਸ ਵਕਤ ਦੇ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਿਹ ਸਿੰਘ ਨੇ ਜਦੋਂ ਬਾਉਂਡਰੀ ਕਮਿਸ਼ਨ ਦੀ ਵੰਡ ਹੋਣ ਲਗੀ, ਉਹ ਵੰਡ ਐਗਰੀ ਕਰਕੇ ਫਾਰਨ ਕੰਟਰੀ ਚਲੇ ਗਏ। ਕਿਉਂ ਨਹੀਂ ਉਸ ਵੇਲੇ ਅਕਾਲੀ ਦਲ ਨੇ ਕਿਹਾ ਕਿ ਸਾਨੂੰ ਇਹ ਛੋਟਾ ਪੰਜਾਬ ਨਹੀਂ ਚਾਹੀਦਾ? ਹਰ ਪੰਜਾਬੀ ਸੈਕੁਲਰਿਜ਼ਮ ਤੇ ਭਰੋਸਾ ਰਖਦਾ ਹੈ। ਤੁਸੀਂ ਅਬੋਹਰ, ਫਾਜ਼ਿਲਕਾ ਦੇ ਬਾਰੇ ਜੋ ਐਗਰੀਮੈਂਟ ਸ਼੍ਰੀਮਤੀ ਇੰਦਰਾ ਗਾਂਧੀ ਨਾਲ ਕਰਕੇ ਆਏ, ਅਗਰ ਤੁਸੀਂ ਉਸ ਵੇਲੇ ਪ੍ਰੋਟੈਸਟ ਕਰਦੇ ਅਸੀਂ ਤੁਹਾਡੇ ਨਾਲ ਸੀ। (ਵਿਘਨ) ਇਸ ਬਾਰੇ ਮੈਨੂੰ ਇਕ ਗਲ ਯਾਦ ਆ ਗਈ ਹੈ। ਇਕ ਲੜਕੇ ਦਾ ਬਾਪ ਬੜਾ ਮੀਟ ਖਾਂਦਾ ਹੁੰਦਾ ਸੀ। ਉਹ ਇਕ ਵਾਰੀ ਮੀਟ ਬਜ਼ਾਰੋਂ ਲੈ ਕੇ ਆ ਗਿਆ ਉਹ ਮੀਟ ਕੁੱਤਾ ਖਾ ਗਿਆ। ਲੜਕੇ ਦੀ ਮਾਂ ਡਰ ਗਈ ਤੇ ਉਸ ਨੇ ਕੁੱਤਾ ਵੱਡ ਕੇ ਬਣਾ ਦਿਤਾ। ਮੁੰਡਾ ਕਹਿਣ ਲਗਾ ਕਿ ਅਗਰ ਮੈਂ ਸੱਚ ਬੋਲਦਾ ਹਾਂ ਤਾਂ ਮਾਂ ਮਾਰੀ ਜਾਵੇਗੀ ਅਤੇ ਜੇ ** ਬੋਲਦਾ ਹਾਂ ਤਾਂ ਬਾਪ ਕੁੱਤਾ ਖਾ ਜਾਏਗਾ। ਇਸ ਲਈ ਮੈਂ ਡਰਦਾ ਹਾਂ। ਜੇ ਸੱਚ ਕਹਿੰਦਾ ਹਾਂ ਤਾਂ ਤੁਸੀਂ ਤੱਲਖੀ ਕਰਦੇ ਹੋ, ਜੇ ਮੈਂ ** ਬੋਲਾਗਾਂ ਤਾਂ ਪੰਜਾਬ ਦੇ ਲੋਕਾਂ ਨਾਲ ਬੇਇਨਸਾਫੀ ਕਰਾਂਗਾ। ਮੈਂ ਲੋਕਾਂ ਨਾਲ ਬੇਇਨਸਾਫੀ ਨਹੀਂ ਕਰਨੀ। ਪੰਜਾਬ ਦਾ ਇਕ ਇਕ ਸਿੱਖ, ਹਿੰਦੂ, ਮੁਸਲਮਾਨ, ਈਸਾਈ, ਜੈਨ ਸੈਂਘ ਪਾਰਟੀ, ਕਾਂਗਰਸ ਪਾਰਟੀ ਇਸ ਗਲ ਦੇ ਹਾਮੀ ਹਨ, ਪੰਜਾਬ ਵੱਡੇ ਤੋਂ ਵੱਡਾ ਹੋਣਾ ਚਾਹੀਦਾ ਹੈ ਔਰ ਪੁਲੀਟੀਕਲ ਤੌਰ ਤੇ ਵੀ ਅਸੀਂ ਇਸ ਗਲ ਦੇ ਹਾਮੀ ਹਾਂ ਕਿ ਪੰਜਾਬ ਵੱਡਾ ਹੋਣਾ ਚਾਹੀਦਾ ਹੈ। ਹੁਣ ਅਬੋਹਰ ਫਾਜ਼ਿਲਕਾ ਦੀ ਗਲ ਕਰਦੇ ਹੋ। ਜਦੋਂ

**Expunged as ordered by the Chair.

Original with;
Punjab Vidhan Sabha
Digitized by
Panjab Digital Library

[ਸ਼੍ਰੀ ਰਾਮ ਪ੍ਰਕਾਸ਼ ਬਾਲੀ]

ਰਾਜੀਵ ਗਾਂਧੀ ਨਾਲ ਸਮਝੌਤਾ ਕੀਤਾ ਤਾਂ ਹਿੰਦੀ ਸਪੀਕਿੰਗ ਏਰੀਆ ਬਾਰੇ ਗਲ ਕੀਤੀ, ਇਹ ਕਿਉਂ ਨਹੀਂ ਕਿਹਾ ਕਿ ਪੰਜਾਬੀ ਸਪੀਕਿੰਗ ਏਰੀਆ, ਊਨਾ, ਕਾਂਗੜਾ ਆਦਿ ਵੀ ਸਾਨੂੰ ਮਿਲਣੇ ਚਾਹੀਦੇ ਹਨ। ਮੈਨੂੰ ਇਸ ਗਲ ਦਾ ਸ਼ੱਕ ਹੈ ਕਿ ਤੁਸੀਂ ਆਪਣਾ ਅੰਦਰੋਂ ਖਾਤੇ ਸਮਝੌਤਾ ਕੀਤਾ ਹੋਇਆ ਹੈ ਕਿ ਪੰਜਾਬੀ ਸੂਬਾ ਐਸਾ ਬਣਾਉਣਾ ਹੈ ਜਿਸ ਵਿਚ ਅਸੀਂ ਕਾਂਗਰਸ ਵਾਲੇ ਮਿਨੌਰਿਟੀ ਵਿਚ ਚਾਰ ਵੀ ਚੁਣ ਕੇ ਨਾ ਆ ਸਕੀਏ। ਤੁਸੀਂ ਪੰਜਾਬੀ ਸਪੀਕਿੰਗ ਏਰੀਆ ਵਾਸਤੇ ਕੁਝ ਨਹੀਂ ਕੀਤਾ। ਮੈਂ ਪਰਮਾਰ ਸਾਹਿਬ ਦੀ ਸਟੇਟਮੈਂਟ ਪੜ੍ਹੀ, ਉਨ੍ਹਾਂ ਨੇ ਕਿਹਾ ਕਿ ਜੋ ਤੁਸੀਂ ਕਿਹਾ ਸੀ, ਮੈਂ ਉਹ ਕਹਿ ਕੇ ਆ ਗਿਆ। ਉਸ ਵੇਲੇ ਤੁਸੀਂ ਕੋਈ ਮੰਗ ਕਿਉਂ ਨਾ ਕੀਤੀ, ਉਸ ਵੇਲੇ ਮੋਰਚਾ ਲਾਉਣਾ ਚਾਹੀਦਾ ਸੀ। ਸਾਨੂੰ ਉਸ ਵੇਲੇ ਇਹ ਚੀਜ਼ ਕਰਨੀ ਚਾਹੀਦੀ ਸੀ। ਅੱਜ ਪੰਜਾਬ ਦੀ ਬੇਹਤਰੀ ਦਿਸਦੀ ਹੈ। ਪਾਂਧੀ ਸਾਹਿਬ ਨੇ ਕਿਹਾ ਕਿ ਇਹ ਸਾਡੀ ਸਰਕਾਰ ਨੇ ਕੀਤਾ ਸੀ। ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੇ ਮਨਜ਼ੂਰ ਨਹੀਂ ਸੀ ਕੀਤਾ। ਫਿਰ 1970 ਤੋਂ 85 ਤਕ ਕਈ ਵਾਰੀ ਅਕਾਲੀ ਸਰਕਾਰਾਂ ਆਈਆਂ, ਸੈਂਟਰ ਵਿਚ ਵੀ ਅਕਾਲੀਆਂ ਦਾ ਹਿੱਸਾ ਰਿਹਾ ਹੈ। ਉਸ ਵਕਤ ਬਾਦਲ ਸਾਹਿਬ ਅਤੇ ਬਰਨਾਲਾ ਸਾਹਿਬ ਸੈਂਟਰ ਦੀ ਸਰਕਾਰ ਵਿੱਚ ਹਿੱਸੇਦਾਰ ਸਨ, ਜਨਤਾ ਪਾਰਟੀ ਵਾਲੇ, ਕਮਿਉਨਿਸਟ ਵੀ ਹਿੱਸੇਦਾਰ ਰਹੇ, ਕਿਸੇ ਨੇ ਕੋਈ ਆਵਾਜ਼ ਨਹੀਂ ਉਠਾਈ ਇਸ ਬਾਊਂਡਰੀ ਕਮਿਸ਼ਨ ਦੇ ਬਾਰੇ, ਕਿਸੇ ਨੇ ਨਹੀਂ ਕਿਹਾ ਕਿ ਪੰਜਾਬ ਨੂੰ ਵੱਡਾ ਕਰੋ, ਤੁਸੀਂ ਮੁਰਾਰ ਜੀ ਡਿਸਾਈ ਦੇ ਸਮੇਂ ਦੇ ਅੰਕੜੇ ਇਕੱਠੇ ਕਰਕੇ ਵੇਖ ਲਵੋ ਕੀ ਦਿਤਾ ਉਸ ਨੇ ਉਸ ਵੇਲੇ ਪੰਜਾਬ ਨੂੰ। ਉਹ ਤਾਂ ਪੰਜਾਬ ਦੀ ਗਲ ਸੁਣਨ ਨੂੰ ਵੀ ਤਿਆਰ ਨਹੀਂ ਸਨ। ਉਹ ਗੁਮਸੁਮ ਹੋਇਆ ਕੁਰਸੀ ਤੇ ਬੈਠਾ ਰਿਹਾ। ਅੱਜ ਸ਼੍ਰੀ ਰਾਜੀਵ ਗਾਂਧੀ ਨੇ ਲੱਖਾਂ ਨਹੀਂ, ਕਰੋੜਾਂ ਨਹੀਂ, ਅਰਬਾਂ ਰੁਪਏ ਦੀ ਮੱਦਦ ਕੀਤੀ ਹੈ, ਪੰਜਾਬ ਦੀ। ਤੁਸੀਂ ਛਾਤੀ ਤੇ ਹੱਥ ਰਖ ਕੇ ਦਸੋ ਉਹ ਪੰਜਾਬ ਦੇ ਨਾਲ ਕਿਤਨਾ ਇਨਸਾਫ ਕਰ ਰਹੇ ਹਨ। ਬਰਨਾਲਾ ਜੀ ਨੇ ਜਦੋਂ ਸੰਤ ਹਰਚੰਦ ਸਿੰਘ ਜੀ ਦਾ ਸਾਥ ਦਿਤਾ ਬੜੀ ਬਹਾਦਰੀ ਦਸੀ ਹੈ, ਮੈਂ ਵਧਾਈ ਦਿੰਦਾ ਹਾਂ ਇੰਨਾਂ ਵੱਡਾ ਫੈਸਲਾ ਕਰਕੇ ਆਏ। ਜੇ ਵਿਸ਼ਵਾਸ ਕੀਤਾ ਤਾਂ ਹੀ ਕੁਝ ਲੈ ਕੇ ਆਏ। ਇਸ ਲਈ ਸਾਡਾ ਫਰਜ਼ ਬਣ ਜਾਂਦਾ ਹੈ ਕਿ ਹੁਣ ਵੀ ਉਨ੍ਹਾਂ ਤੇ ਵਿਸ਼ਵਾਸ ਕਰੀਏ। ਸਾਨੂੰ ਫਲੱਡਜ਼ ਵਾਸਤੇ, ਕੋਚ ਫੈਕਟਰੀਜ਼ ਵਾਸਤੇ ਅਤੇ ਹੋਰ ਤਰੱਕੀ ਦੇ ਕੰਮਾਂ ਵਾਸਤੇ ਅਰਬਾਂ ਰੁਪਏ ਦਿਤੇ। (ਵਿਘਨ) ਮੇਰੀ ਅਰਜ਼ ਹੈ ਕਿ ਮੈਂ ਸਾਰਿਆਂ ਦੀਆਂ ਗਲਾਂ ਸੁਣੀਆਂ, ਮੇਰੀ ਵੀ ਸ਼ਾਂਤੀ ਨਾਲ ਸੁਣੋ। ਰੱਬ ਨੇ ਮੈਨੂੰ ਪੰਜਾਬ ਵਿਚ ਰਖ ਲਿਆ ਨਹੀਂ ਤਾਂ ਬਾਊਂਡਰੀ ਕਮਿਸ਼ਨ ਦੇਖ ਲੈਂਦਾ ਤਾਂ ਤੁਸੀਂ ਹਿਮਾਚਲ ਵਿਚ ਹੀ ਭੇਜ ਦੇਣਾ ਸੀ। ਸਹੀ ਮਆਨਿਆ ਵਿਚ ਸਾਡੀ ਪਾਰਟੀ ਦੋ ਰਾਇਆਂ ਨਹੀਂ ਰਖਦੀ, ਤੁਸੀਂ ਪੁਰਾਣਾ ਰਿਕਾਰਡ ਕਢਾ ਕੇ ਦੇਖ ਲਵੋ। ਇਹ ਤਾਂ ਅਕਾਲੀ ਪਾਰਟੀ ਹੀ ਹੈ ਜਿਸ ਨੇ ਸੂਬੇ ਨੂੰ ਲਾਹੌਲ ਸਪਿਤੀ ਤੋਂ ਹੋਡਲ ਤਕ ਦੀ ਬਜਾਏ ਇਤਨਾ ਛੋਟਾ ਕਰਾ ਦਿਤਾ, ਕੇਵਲ ਰਾਜ ਕਰਨ ਦੀ ਖਾਤਰ। ਸਹੀ ਗਲ ਤਾਂ ਇਹ ਹੈ ਕਿ ਅਕਾਲੀ ਤਾਂ ਇਹ ਚਾਹੁੰਦੇ ਹਨ ਕਿ ਚਾਹੇ ਪੰਜਾਬ ਹੋਰ ਛੋਟਾ ਹੋ ਜਾਏ ਪਰ ਰਾਜ ਅਕਾਲੀ ਪਾਰਟੀ ਦਾ ਰਹੇ। ਮੈਨੂੰ ਹੁਣ ਵੀ ਸ਼ਕ ਹੈ ਕਿ ਇਹ ਪੰਜਾਬ ਨੂੰ ਹੋਰ ਛੋਟਾ ਕਰਨਗੇ ਤਾਂਕਿ ਕਿਤੇ ਕੋਈ ਹੋਰ ਪਾਰਟੀ ਨਾ ਆ ਜਾਏ। ਤੁਸੀਂ ਇਹ ਖਦਸ਼ੇ ਕੱਢ ਦਿਓ। ਤੁਹਾਨੂੰ ਅਗਲੀ ਵਾਰੀ ਪਤਾ ਲਗ ਜਾਏਗਾ ਕਿ ਕਾਂਗਰਸ ਹਾਰੀ ਹੈ ਜਾਂ ਅਕਾਲੀ ਵੀਰ ਜਿਤ ਕੇ ਆਏ ਹਨ। ਮੇਰੀ ਤੁਹਾਡੇ ਅਗੇ ਬੇਨਤੀ ਹੈ ਕਿ ਪੰਜਾਬ ਨੂੰ ਹੋਰ ਛੋਟਾ ਨਾ ਕਰੋ। ਅਸੀਂ ਤੁਹਾਡੇ ਨਾਲ ਹਾਂ, ਇਹ ਹੋਰ ਵੱਡਾ ਹੋਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਕਿਉਂ ਨਹੀਂ ਭਜਨ ਲਾਲ ਦੀ ਸਟੇਟਮੈਂਟ ਦੀ ਤਸਦੀਕ ਕੀਤੀ ਜਦੋਂ ਉਸ ਨੇ ਕਿਹਾ ਸੀ ਕਿ ਸਾਰਾ ਹਰਿਆਣਾ ਪੰਜਾਬ ਵਿਚ ਮਿਲਾ ਦਿਓ ਔਰ ਪੰਜਾਬ ਨੂੰ ਹੋਰ ਵਡਾ ਕਰ ਦਿਤਾ ਜਾਵੇ। ਮੈਂ ਤੁਹਾਨੂੰ ਅਰਜ਼ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਲਿਆ ਕੇ ਤੁਸੀਂ ਅਕਾਰਡ ਦਾ ਮਜ਼ਾਕ ਕਰ ਰਹੇ ਹੋ। ਅਕਾਰਡ ਵਿਚ ਸਾਰੀਆਂ ਚੀਜ਼ਾਂ ਠੀਕ ਹਨ। ਆਪਣਾ ਇਤਿਹਾਸ ਵੇਖੋ, ਡਿਮਾਂਡਜ਼ ਵੇਖੋ, ਫੈਸਲੇ ਵੇਖੋ। ਤੁਸੀਂ ਉਨ੍ਹਾਂ ਫੈਸਲਿਆਂ ਤੇ ਪੰਜਾਬ ਨੂੰ ਹਮੇਸ਼ਾ ਛੋਟਾ ਹੀ ਕਰਦੇ ਰਹੇ ਹੋ।

ਪੰਜਾਬ ਇਤਨਾ ਵੱਡਾ ਸੀ, ਖੁਸ਼ਹਾਲ ਸੀ, ਪੰਜਾਬ ਵਿਚ ਇਤਨੀਆਂ ਬਰਕਤਾਂ ਸਨ, ਅਸੀਂ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਖੋਹ ਬੈਠੇ ਹਾਂ। ਸੋ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਪੰਜਾਬ ਦੀ ਮਾਲੀ ਇਮਦਾਦ

Original with;
Punjab Vidhan Sabha
Digitized by;
Panjab Digital Library

ਦਾ ਸਵਾਲ ਹੈ, ਮੈਂ ਫਖਰ ਨਾਲ ਕਹਿ ਸਕਦਾ ਹਾਂ ਕਿ ਪੰਡਿਤ ਨਹਿਰੂ ਜੀ ਦੇ ਪਰਿਵਾਰ ਤੋਂ ਸਿਵਾਏ ਕਿਸੇ ਨੇ ਪੰਜਾਬ ਦੀ ਇਤਨੀ ਸਹਾਇਤਾ ਨਹੀਂ ਕੀਤੀ। ਨਹਿਰੂ ਜੀ ਨੇ ਭਾਖੜਾ ਡੈਮ, ਨੰਗਲ ਡੈਮ., P.G.I. ਐਗਰੀਕਲਚਰਲ ਯੂਨੀਵਰਸਿਟੀ, ਐਨ. ਐਫ. ਐਲ. ਲਈ ਸਹਾਇਤਾ ਦਿੱਤੀ, ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਥੀਂਨ ਡੈਮ ਆਰ. ਟੀ. ਪੀ. ਰੋਪੜ, ਅਨੰਦਪੁਰ ਹਾਈਡਲ ਕੈਨਾਲ, ਗੁਰੂ ਨਾਨਕ ਥਰਮਲ ਪਲਾਂਟ ਦਿੱਤਾ ਅੋਰ ਸ਼੍ਰੀ ਰਾਜੀਵ ਗਾਂਧੀ ਜੀ ਨੇ ਕਿਤਨੇ ਹੀ ਕਰੋੜਾਂ ਰੁਪਏ ਕੋਚ ਫੈਕਟਰੀ, ਹਰੀਜਨਾਂ ਦੀ ਬੇਹਤਰੀ ਅਤੇ ਕਲਚਰਲ ਸੈਂਟਰ ਪੰਜਾਬ ਨੂੰ ਦਿਤੇ ਹਨ ਤਾਕਿ ਅਸੀਂ ਅੱਗੇ ਚਲੀਏ, ਅੱਗੇ ਵਧੀਏ।

2-05 P.M. (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਇਹ ਇੱਕ ਥਰੈਟਨਿੰਗ ਟੋਨ ਵਿਚ ਗੱਲ ਇਕ ਭਰਾ ਨੇ ਕੀਤੀ ਹੈ, ਉਨ੍ਹਾਂ ਨੇ ਚੈਲਿਨਜਿੰਗ ਟੋਨ ਵਿਚ ਗੱਲ ਕੀਤੀ ਹੈ। ਮੈਂ ਇਕ ਗੱਲ ਦੱਸਦਾ ਹਾਂ। ਇਕ ਵਾਰੀ ਇਕ ਕਿਸਾਨ ਖੇਤ ਵਿਚ ਹਲ ਵਾਹ ਰਿਹਾ ਸੀ। ਉਸ ਨੂੰ ਸਵੇਰ ਦਾ ਨਾਸ਼ਤਾ ਨਹੀਂ ਸੀ ਆ ਇਆ। ਉਸ ਨੂੰ ਭੁੱਖ ਲੱਗੀ ਹੋਈ ਸੀ, ਇਸ ਲਈ ਉਹ ਇਕ ਚੱਕਰ ਦੇਵੇ ਤੇ ਘਰ ਵਾਲੇ ਰਸਤੇ ਵੱਲ ਵੇਖ ਲਵੇ ਕਿ ਸ਼ਾਇਦ ਕੋਈ ਨਾਸ਼ਤਾ ਲੈ ਕੇ ਆ ਰਿਹਾ ਹੋਵੇਗਾ। ਇਸ ਤਰ੍ਹਾਂ ਉਸ ਦੇ ਦੋ ਢਾਈ ਘੰਟੇ ਲੰਘ ਗਏ। ਆਖਿਰ ਨੂੰ 10 ਵਜੇ ਉਸ ਦੀ ਬੱਚੀ ਆਉਂਦੀ ਉਸ ਨੇ ਵੇਖੀ ਪਰ ਨਾਸ਼ਤਾ ਉਸ ਦੇ ਹੱਥ ਵਿਚ ਵੀ ਨਹੀਂ ਸੀ। ਜਦੋਂ ਉਹ ਆਪਣੇ ਪਿਤਾ ਦੇ ਕੋਲ ਆਈ ਤਾਂ ਰੋਂਦੀ ਹੋਈ ਕਹਿਣ ਲੱਗੀ ਕਿ ਜੀਜਾ ਮਰ ਗਿਆ ਹੈ। ਇਸ ਤੇ ਕਿਸਾਨ ਕਹਿਣ ਲੱਗਾ ਤੂੰ ਬੇਟੇ ਕਿਉਂ ਰੋਂਦੀ ਹੈ, ਮੈਂ ਤਾਂ ਲਾਵਾਂ ਵੇਲੇ ਤੋਂ ਹੀ ਭਾਂਪ ਲਿਆ ਸੀ ਕਿ ਉਹ ਕੁਝ ਦਿਨਾਂ ਦਾ ਪ੍ਰਾਹੁਣਾ ਹੈ (ਹਾਸਾ) (ਵਿਰੋਧੀ ਧਿਰ ਵਲੋਂ ਥੰਪਿੰਗ ਤੇ ਵੈਰੀ ਗੁੱਡ ਵੈਰੀ ਗੁੱਡ, ਦੀਆਂ ਆਵਾਜ਼ਾਂ) ਸੋ, ਜੇਕਰ ਤੁਸੀਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਪੰਜਾਬ ਦੀ ਤਰੱਕੀ ਚਾਹੁੰਦੇ ਹੋ, ਅੱਗੇ ਵਧਣਾ ਚਾਹੁੰਦੇ ਹੋ ਤਾਂ ਸਰਕਾਰ ਨੂੰ ਅਸੀਂ ਪੂਰੀ ਮਿਲਵਰਤਣ ਦੇਵਾਂਗੇ। (ਥੰਪਿੰਗ) ਲੇਕਿਨ ਮੈਂ, ਸਪੀਕਰ ਸਾਹਿਬ, ਇਨ੍ਹਾਂ ਨੂੰ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਤੇ, ਪੰਜਾਬ ਤੇ ਸਾਨੂੰ ਰਹਿਮ ਕਰਨਾ ਚਾਹੀਦਾ ਹੈ। ਸਾਨੂੰ ਹਰ ਕੰਮ ਨੂੰ ਸ਼ੱਕ ਦੀ ਨਜ਼ਰ ਨਾਲ ਨਹੀਂ ਵੇਖਣਾ ਚਾਹੀਦਾ। ਬਾਰ ਬਾਰ ਸਾਡੇ ਤੇ ਇਲਜ਼ਾਮ ਨਾ ਲਗਾਓ। ਸੱਚੀ ਗੱਲ ਕਰੋ। ਕਿਸੇ ਸ਼ਾਇਰ ਨੇ ਕਿਹਾ ਹੈ---

"ਸਚਾਈ ਛੁਪ ਨਹੀਂ ਸਕਤੀ ਬਨਾਵਟ ਕੇ ਅਸੂਲੋਂ ਸੇ,
ਖੁਸ਼ਬੂ ਆ ਨਹੀਂ ਸਕਤੀ ਕਾਗਜ਼ ਕੇ ਫੂਲੋਂ ਸੇ।" (ਥੰਪਿੰਗ)

ਤੁਸੀਂ ਆਪਣੀਆਂ ਆਪਣੀਆਂ ਛਾਤੀਆਂ ਤੇ ਹੱਥ ਰੱਖ ਕੇ ਵੇਖ ਲਵੋ ਕਿ ਕਿਤਨੇ ਕਤਲੇ-ਆਮ ਵਿਚ ਤੁਹਾਡਾ ਹੱਥ ਹੈ ਤੇ ਕਿਤਨੇ ਵਿਚ ਹੋਰਨਾਂ ਦਾ ਹੈ। ਇਸ ਗੱਲ ਦਾ ਤੁਸੀਂ ਆਪ ਹੀ ਫੈਸਲਾ ਕਰ ਲਵੋ ਅਸੀਂ ਇਨਸਾਨ ਨੂੰ ਧੋਖਾ ਦੇ ਸਕਦੇ ਹਾਂ ਆਪਣੀਆਂ ਤਕਰੀਰਾਂ ਦੇ ਰਾਹੀਂ, ਆਪਣੇ ਭਾਸ਼ਣਾਂ ਦੇ ਰਾਹੀਂ ਲੇਕਿਨ ਯਾਦ ਰੱਖੋ ਉਸ ਸੱਚੇ ਪਰਮਾਤਮਾ ਨੂੰ ਅਸੀਂ ਧੋਖਾ ਨਹੀਂ ਦੇ ਸਕਦੇ। (ਘੰਟੀ)

ਬੱਸ ਜੀ, ਵਿਦਇਨ ਵਨ ਮਿੰਟ ਮੈਂ ਆਪਣੀ ਸਪੀਚ ਵਾਈਂਡ ਅੱਪ ਕਰਨ ਲਗਾ ਹਾਂ ਜੀ। ਅਗਰ ਕਿਸੇ ਨੇ ਸੱਚੀ ਗੱਲ ਦੱਸੀ ਹੈ, ਕੋਈ ਸੱਚਾ ਸਿੱਖ ਸਾਬਤ ਹੋਇਆ ਹੈ, ਤਾਂ ਉਹ ਸ਼੍ਰੀ ਰਾਜੀਵ ਗਾਂਧੀ ਹੈ। (ਥੰਪਿੰਗ) ਜਿਸ ਦੀ ਕਰਨੀ ਅੋਰ ਕਥਨੀ ਇਕ ਹੈ।

ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਮਸ਼ਕੂਰ ਹਾਂ ਤੇ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਤਰ੍ਹਾਂ ਦੇ ਮਾਹੌਲ ਨੂੰ ਖਤਮ ਕਰੋ ਅੋਰ ਰੈਜ਼ੋਲਿਊਸ਼ਨ ਨੂੰ ਵਿਦਡਰਾਅ ਕਰਵਾਓ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਜੋ ਅੱਜ ਹਾਊਸ ਵਿਚ ਆਇਆ ਹੈ ਤੇ ਜਿਸ ਤੇ ਸਾਰਿਆਂ ਪੱਖਾਂ ਤੋਂ ਬਹਿਸ ਹੋਈ ਹੈ, ਮੈਂ ਉਸ ਬਹਿਸ ਦਾ ਕਾਫੀ ਹਿੱਸਾ ਇਥੇ ਬੈਠ ਕੇ ਸੁਣਦਾ ਰਿਹਾ ਹਾਂ ਅੌਰ ਕੁਝ ਮੈਂ ਆਪਣੇ ਚੈਂਬਰ ਵਿਚ ਬੈਠ ਕੇ ਸੁਣਿਆ ਹੈ । ਇਹ ਮਸਲਾ ਕਿਉਂ ਉਠਿਆ, ਇਸ ਦੀ ਬੈਕਗਰਾਊਂਡ ਕੀ ਹੈ ? ਇਸ ਦੇ ਬਾਰੇ ਮੈਂ ਬਹੁਤਾ ਲੰਬਾ ਸਰਵੇਖਣ ਨਹੀਂ ਕਰਨਾ । ਸਪੀਕਰ ਸਾਹਿਬ, ਇਕ ਸਮਾਂ ਐਸਾ ਆ ਗਿਆ ਜਦੋਂ ਕਿ ਪੰਜਾਬ ਦੇ ਵਿਗੜੇ ਹਾਲਾਤ ਨੂੰ ਸੁਧਾਰਨ ਦੀ ਜ਼ਿੰਮੇਵਾਰੀ ਕਿਸੇ ਦੇ ਸਿਰ ਆ ਗਈ । ਪੰਜਾਬ ਦੇ ਨਾਲ ਜੋ ਪਿਛਲੇ ਸਮੇਂ ਵਿਚ ਬੀਤਿਆ, ਉਹ ਇਤਿਹਾਸ ਵਿਚ ਲਿਖਿਆ ਗਿਆ ਅੌਰ ਲਿਖਿਆ ਜਾਂਦਾ ਰਹੇਗਾ ਅਗਲੇ ਸਮਿਆਂ ਵਿਚ। ਤਿੰਨ ਚਾਰ ਸਾਲਾਂ ਤੋਂ ਪੰਜਾਬ ਦਾ ਐਸਾ ਇਤਿਹਾਸ ਬਣਿਆ ਹੈ ਜਿਸ ਨੂੰ ਲਿਖਾਰੀਆਂ ਨੇ ਆਪਣੇ ਆਪਣੇ ਢੰਗ ਨਾਲ ਲਿਖਣਾ ਹੈ । ਉਸ ਇਤਿਹਾਸ ਵਿਚ ਕੁੜੱਤਣ ਵੀ ਬੜੀ ਹੈ ਅੌਰ ਤੱਥ ਵੀ ਹਨ ਜਿਨ੍ਹਾਂ ਨੂੰ ਆਉਂਦੀਆਂ ਜੈਨਰੇਸ਼ਨਜ਼ ਸੁਣ ਕੇ ਕੰਬ ਜਾਇਆ ਕਰਨਗੀਆਂ । ਐਸੇ ਹਾਲਾਤ ਹੋ ਗਏ ਸਨ ਕਿ ਸੈਂਟਰ ਦੀ ਸਰਕਾਰ ਦੀ ਸੋਚ ਵਿਚ ਫਰਕ ਪਿਆ । ਉਸ ਨੇ ਪਿਛਲੇ ਸਮੇਂ ਵਿਚ ਬੜਾ ਵੇਖਿਆ ਕਿ ਜ਼ਬਰ, ਜ਼ੁਲਮ ਦਾ ਜੋ ਪੰਜਾਬ ਵਿਚ ਤਰੀਕਾ ਅਪਣਾਇਆ ਗਿਆ, ਗੋਲੀਆਂ ਨਾਲ ਲੋਕਾਂ ਨੂੰ ਸਿੱਧੇ ਕਰਨ ਦੀ ਕੋਸ਼ਿਸ਼ ਕੀਤੀ ਗਈ, ਬਹੁਤ ਝੂਠੇ ਕੇਸ ਬਣਾਏ ਗਏ ਪਰ ਗੱਲ ਸਿਰੇ ਨਾ ਲੱਗੀ। ਬੜੇ ਅਤਿਆਚਾਰਾਂ ਦਾ ਲੋਕ ਸ਼ਿਕਾਰ ਹੋਏ । ਇਹ ਇਤਨੀਆਂ ਲੰਬੀਆਂ ਗੱਲਾਂ ਹਨ, ਲੰਬਾ ਇਤਿਹਾਸ ਹੈ ਜਿਸ ਦੇ ਵਰਨਣ ਨਾਲ ਜ਼ਖਮ ਅੱਲੇ ਹੋ ਜਾਂਦੇ ਹਨ । ਇਸ ਲਈ ਮੈਂ ਉਨ੍ਹਾਂ ਨੂੰ ਨਹੀਂ ਦੁਹਰਾਉਣਾ। ਲੇਕਿਨ ਸੈਂਟਰ ਦੀ ਸਰਕਾਰ ਦੀ ਸੋਚ ਵਿਚ ਮੋੜ ਆਇਆ ਅੌਰ ਉਹ ਇਸ ਗੱਲ ਤੇ ਆ ਗਈ ਕਿ ਫੈਸਲਾ ਕਰਨ ਦਾ ਤਰੀਕਾ ਹੀ ਗੱਲ ਬਾਤ ਰਾਹੀਂ ਠੀਕ ਹੋ ਸਕਦਾ ਹੈ। ਫੈਸਲੇ ਰਾਹੀਂ ਸਾਡੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਦੇ ਮਸਲੇ ਨੂੰ ਹੱਲ ਕਰਨਾ ਚਾਹਿਆ । ਚੋਣਾਂ ਤੋਂ ਬਾਅਦ ਉਸ ਨੇ ਐਲਾਨ ਕਰ ਦਿੱਤਾ ਸੀ ਕਿ ਮਸਲਾ ਹੱਲ ਕੀਤਾ ਜਾਵੇਗਾ । ਉਸ ਸਮੇਂ ਅਸੀਂ ਸਾਰੇ ਜੇਲ੍ਹਾਂ ਵਿਚ ਬੈਠੇ ਸਾਂ। ਇਹ ਉਸੇ ਹੀ ਕੜੀ ਦੀ ਇਕ ਗੱਲ ਸੀ ਜੋ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੂੰ ਰਿਹਾਅ ਕੀਤਾ ਗਿਆ । ਉਨ੍ਹਾਂ ਦੇ ਨਾਲ ਹੋਰ ਬੰਦੇ ਰਿਹਾਅ ਹੋਏ ਅਤੇ ਮੈਨੂੰ ਵੀ ਰਿਹਾਅ ਕੀਤਾ ਗਿਆ । ਸੰਤ ਜੀ ਨੇ ਸਦਾ ਤੋਂ ਹੀ ਜਦੋਂ ਤੋਂ ਮੋਰਚਾ ਸ਼ੁਰੂ ਹੋਇਆ ਸੀ ਅੌਰ ਬਲਕਿ ਮੋਰਚੇ ਤੋਂ ਪਹਿਲਾਂ ਵੀ ਐਸੀਆਂ ਗੱਲਾਂ ਕਿਹਾ ਕਰਦੇ ਸਨ ਜਿਨ੍ਹਾਂ ਵਿਚ ਕੋਈ ਘਾਟ ਨਹੀਂ ਸੀ ਹੁੰਦੀ, ਉਨ੍ਹਾਂ ਨੇ ਕੋਈ ਗੱਲ ਗਲਤ ਨਹੀਂ ਸੀ ਆਖੀ । ਇਸ ਕਰਕੇ ਹੀ ਦੇਸ਼ ਦੇ ਲੋਕਾਂ ਨੇ ਵੀ ਉਨ੍ਹਾਂ ਨੂੰ ਪਸੰਦ ਕਰਨਾ ਸ਼ੁਰੂ ਕਰ ਦਿੱਤਾ । ਜੋ ਇਲਜ਼ਾਮ ਅਕਾਲੀ ਦਲ ਦੇ ਖਿਲਾਫ ਲਗਾਏ ਜਾਂਦੇ ਸਨ, ਉਹ ਇਲਜ਼ਾਮ ਖਤਮ ਹੋਣ ਲਗੇ, ਵਾਪਿਸ ਹੋਣ ਲੱਗੇ ਅੌਰ ਸੰਤ ਜੀ ਨੂੰ ਬਾਹਰੋਂ ਨਿਮੰਤਰਣ ਆਉਣ ਲੱਗੇ ਕਿ ਤੁਸੀਂ ਸਾਡੇ ਸੂਬੇ ਵਿਚ ਆਓ। ਮੱਧਪ੍ਰਦੇਸ਼ ਵਿਚੋਂ ਸੱਦਾ ਆਇਆ ਕਿਉਂਕਿ ਉਹ ਤਾਂ ਦੇਸ਼ ਦੀ ਅਖੰਡਤਾ ਦਾ ਪੈਗਾਮ ਲੈ ਕੇ ਚੱਲੇ ਸਨ। ਵੱਖੋ ਵੱਖਰੇ ਧਰਮਾਂ ਦੇ ਲੋਕਾਂ ਨੂੰ ਇਕੱਠੇ ਕਰਨ ਦਾ ਉਨ੍ਹਾਂ ਦਾ ਪ੍ਰੋਗਰਾਮ ਸੀ। ਉਸ ਨੂੰ ਲੈ ਕੇ ਉਹ ਚੱਲੇ ਸਨ। ਇਸ ਲਈ ਐਸੀ ਫਿਜ਼ਾ ਬਣ ਗਈ ਜਿਸ ਦੇ ਅੰਦਰ ਕਿ ਸੈਂਟਰ ਦੀ ਸਰਕਾਰ ਨੂੰ ਸੱਦਾ ਦੇਣਾ ਪਿਆ ਕਿ ਆਓ ਆਪਾਂ ਫੈਸਲਾ ਕਰ ਲਈਏ । ਜਦੋਂ ਨੇਕ-ਨੀਤੀ ਹੋ ਗਈ ਤਾਂ ਸੰਤ ਜੀ ਨੇ ਮਹਿਸੂਸ ਕੀਤਾ ਕਿ ਸੈਂਟਰ ਦੀ ਸਰਕਾਰ ਇਸ ਮੂਡ ਵਿਚ ਹੈ ਕਿ ਗੱਲ ਮੁਕਾ ਦਿੱਤੀ ਜਾਵੇ । ਬੜੇ ਮਸਲੇ ਸਨ ਜਿਨ੍ਹਾਂ ਨੂੰ ਲੈਕੇ ਸੰਤ ਜੀ ਦਿੱਲੀ ਗਏ ਅੌਰ ਕੁਝ ਦੇਰ ਬਾਤ-ਚੀਤ ਤੋਂ ਬਾਅਦ 'ਅਕਾਰਡ' ਜਿਸ ਨੂੰ ਕਿ ਇਹ ਸਮਝੌਤਾ ਕਹਿੰਦੇ ਹਾਂ, ਉਹ ਰੂਪਮਾਨ ਹੋਇਆ । ਗਿਆਰਾਂ ਗੱਲਾਂ ਸਮਝੌਤੇ ਵਿਚ ਸਨ ਅੌਰ ਗਿਆਰਾਂ ਗੱਲਾਂ ਬਾਰੇ ਫੈਸਲਾ ਕਰ ਦਿੱਤਾ ਗਿਆ ਅੌਰ ਉਹ ਲਿਖਿਆ ਗਿਆ ਅੌਰ ਫਿਰ ਲਿਖਣ ਤੋਂ ਬਾਅਦ ਦੋਹਾਂ ਧਿਰਾਂ ਦੇ ਉਸ ਤੇ ਦਸਤਖਤ ਹੋ ਗਏ । ਇਕ ਧਿਰ ਵਲੋਂ ਪ੍ਰਧਾਨ ਮੰਤਰੀ ਅਤੇ ਦੂਸਰੀ ਪੱਖ ਤੋਂ ਸੰਤ ਹਰਚੰਦ ਸਿੰਘ ਜੀ ਦੇ ਦਸਖਤ ਹੋਏ। ਜਿਸ ਤਰ੍ਹਾਂ ਕਿ ਹੁੰਦਾ ਹੈ, ਸਮਝੌਤੇ ਦੀ ਇਕ ਨਕਲ ਪ੍ਰਧਾਨ ਮੰਤਰੀ ਜੀ ਨੂੰ ਅੌਰ ਇਕ ਨਕਲ ਸੰਤ ਜੀ ਨੂੰ ਦੇ ਦਿੱਤੀ ਗਈ, ਜਿਸ ਤਰ੍ਹਾਂ ਕਿ ਸਹੀ ਮਾਅਨਿਆਂ

Original with;
Punjab Vidhan Sabha
Digitized by;
Panjab Digital Library

ਵਿਚ ਐਗਰੀਮੈਂਟ ਲੋਕ ਕਰਿਆ ਕਰਦੇ ਹਨ। ਕੁਝ ਲੋਕਾਂ ਨੇ ਫਿਰ ਸਵਾਲ ਖੜਾ ਕਰ ਦਿੱਤਾ ਕਿ ਇਕ ਪੁਲੀਟੀਕਲ ਲੀਡਰ ਨਾਲ ਸਰਕਾਰ ਨੇ ਸਮਝੌਤਾ ਕਰ ਲਿਆ ਹੈ, ਇਹ ਠੀਕ ਨਹੀਂ ਹੋਇਆ। ਉਹ ਕਹਿਣ ਲਗ ਪਏ ਕਿ ਇਸ ਤਰ੍ਹਾਂ ਅੱਗੇ ਕਦੇ ਨਹੀਂ ਹੋਇਆ ਕਿ ਕੋਈ ਪੁਲੀਟੀਕਲ ਲੀਡਰ ਨਾਲ ਸਮਝੌਤਾ ਸਰਕਾਰ ਕਰੇ ਅੱਰ ਉਸ ਦੀ ਕਾਪੀ ਲਿਖਤੀ ਰੂਪ ਵਿਚ ਉਸ ਨੂੰ ਨਾ ਦਿਤੀ ਜਾਵੇ। ਐਸੇ ਲੋਕਾਂ ਨੂੰ ਇਸ ਗੱਲ ਲਈ ਧਮਕੀਆਂ ਸ਼ੁਰੂ ਕਰ ਦਿੱਤੀਆਂ ਕਿ ਇਹ ਗੱਲਤ ਗੱਲ ਹੋਈ ਹੈ, ਇਹ ਠੀਕ ਨਹੀਂ ਹੋਈ, ਲੇਕਿਨ ਜੋ ਲੋਕ ਚੰਗੀ ਸੋਚ ਵਾਲੇ ਹਨ, ਉਨ੍ਹਾਂ ਨੇ ਸੁਖ ਦਾ ਸਾਹ ਲਿਆ।

ਸਪੀਕਰ ਸਾਹਿਬ, ਉਸ ਵੇਲੇ ਸਿਰਫ਼ ਪੰਜਾਬ ਦੇ ਹੀ ਹਾਲਾਤ ਨਹੀਂ ਵਿਗੜੇ ਸਨ. ਬਲਕਿ ਸਾਰੇ ਦੇਸ਼ ਵਿਚ ਇਕ ਐਸੀ ਸਥਿਤੀ ਪੈਦਾ ਹੋ ਗਈ ਸੀ ਜਿਸ ਨਾਲ ਦੇਸ਼ ਦੀ ਅਖੰਡਤਾ ਨੂੰ ਖਤਰਾ ਹੋ ਗਿਆ ਸੀ। ਭਾਈਚਾਰੇ ਨੂੰ ਖਤਰਾ ਹੋ ਗਿਆ ਸੀ। ਜੋ ਲੋਕ ਸਦੀਆਂ ਤੋਂ ਇਕਠੇ ਰਹਿੰਦੇ ਰਹੇ ਸਨ, ਉਹ ਵੀ ਇਕ ਦੂਜੇ ਦੇ ਵੈਰੀ ਬਣ ਗਏ ਸਨ। ਉਸ ਵੇਲੇ ਇਹ ਸਮਝੌਤਾ ਹੋਇਆ ਅੱਰ ਉਸ ਤੋਂ ਬਾਅਦ ਇਸ ਤੇ ਅਮਲ ਹੋਣਾ ਸੀ ਪਰ ਸੰਤ ਜੀ ਸਾਥੋਂ ਵਿਛੜ ਗਏ। ਉਨ੍ਹਾਂ ਦੀ ਜਾਨ ਸਮਝੌਤੇ ਦੇ ਕਾਰਨ ਹੀ ਗਈ। ਇਹ ਸਮਝੌਤਾ ਕਰਨ ਲਈ ਜਿਸ ਵੇਲੇ ਅਸੀਂ ਦਿੱਲੀ ਜਾ ਰਹੇ ਸੀ ਤਾਂ ਉਸ ਵੇਲੇ ਵੀ ਸੰਤ ਜੀ ਨੇ ਕਿਹਾ ਸੀ ਕਿ ਕੁਝ ਸ਼ਕਤੀਆਂ ਐਸੀਆਂ ਹਨ ਜਿਨ੍ਹਾਂ ਨੂੰ ਇਹ ਸਮਝੌਤਾ ਮਨਜੂਰ ਨਹੀਂ ਹੋਵੇਗਾ। ਇਹ ਸ਼ਕ ਉਨ੍ਹਾਂ ਨੂੰ ਪਹਿਲੇ ਹੀ ਸੀ। ਕਿਉਂਕਿ ਅੱਗੇ ਵੀ ਕਈ ਵਾਰ ਇਸ ਤਰ੍ਹਾਂ ਹੋਇਆ ਹੈ ਕਿ ਜਦੋਂ ਸਮਝੌਤਾ ਹੋਣ ਲਗਿਆ ਅੱਰ ਇਹ ਲਗਦਾ ਸੀ ਹੁਣ ਸਮਝੌਤਾ ਹੋ ਜਾਵੇਗਾ ਅੱਰ ਅੱਜ ਸ਼ਾਮ ਨੂੰ ਦਸਤਖਤ ਕਰਕੇ ਚਲੇ ਜਾਵਾਂਗੇ ਪਰ ਉਸ ਵੇਲੇ ਵੀ ਕੁਝ ਸ਼ਕਤੀਆਂ ਐਸੀਆਂ ਸਨ ਜਿਹੜੀਆਂ ਸਮਝੌਤੇ ਨੂੰ ਬਰਦਾਸ਼ਤ ਨਹੀਂ ਸਨ ਕਰਦੀਆਂ। ਜਦੋਂ ਵੀ ਕੋਈ ਸਮਝੌਤਾ ਨੇੜੇ ਆਇਆ ਤਾਂ ਕੁਝ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਜਿਸ ਨਾਲ ਉਹ ਸਮਝੌਤਾ ਨਾ ਹੋ ਸਕਿਆ। ਚਲੋ ਹੁਣ ਸਮਝੌਤਾ ਹੋ ਗਿਆ। ਚੰਗੀ ਗਲ ਸੀ ਅੱਰ ਇਸ ਤੋਂ ਬਾਅਦ ਇਲੈਕਸ਼ਨਾਂ ਆ ਗਈਆਂ। ਸਾਰੇ ਇਲੈਕਸ਼ਨਾਂ ਵਿਚ ਰੁਝ ਗਏ। ਉਸ ਦੌਰਾਨ 20 ਅਗਸਤ ਨੂੰ ਇਕ ਕਮਿਸ਼ਨ ਬਣ ਗਿਆ। ਜਦੋਂ ਇਸ ਦੇ ਟਰਮਜ਼ ਆਫ਼ ਰੈਫਰੰਸ ਨੂੰ ਅਸੀਂ ਪੜ੍ਹਿਆ, ਭਾਵੇਂ ਅਸੀਂ ਇਲੈਕਸ਼ਨਾਂ ਵਿਚ ਰੁਝੇ ਹੋਏ ਸੀ ਅੱਰ ਬਹੁਤ ਬਿਜ਼ੀ ਸੀ ਪਰ ਸਾਡੇ ਤੇ ਇਕ ਸੱਟ ਜਿਹੀ ਵੱਜੀ। ਉਸ ਤੋਂ ਅਗਲੇ ਦਿਨ ਅਸੀਂ ਇਸ ਤੇ ਰਿਐਕਟ ਕੀਤਾ। ਮੈਂ ਰਿਐਕਟ ਕੀਤਾ, ਸਰਦਾਰ ਬਲਵੰਤ ਸਿੰਘ ਨੇ ਰਿਐਕਟ ਕੀਤਾ ਹੋਰ ਵੀ ਅਕਾਲੀ ਪਾਰਟੀ ਦੇ ਕਈ ਸਾਥੀਆਂ ਨੇ ਰਿਐਕਟ ਕੀਤਾ। ਉਸ ਵੇਲੇ ਜਦੋਂ ਕੋਈ ਸਿਵਾਏ ਇਲੈਕਸ਼ਨਾਂ ਦੇ ਹੋਰ ਕੁਝ ਸੋਚ ਨਹੀਂ ਸਕਦਾ, ਉਸ ਵੇਲੇ ਵੀ ਅਸੀਂ ਇਹ ਕਿਹਾ ਕਿ ਇਹ ਟਰਮਜ਼ ਆਫ਼ ਰੈਫਰੈਂਸ ਵਿਚ ਚੌਥੀ ਗਲ ਪਾਈ ਗਈ ਹੈ। ਇਸ ਨੂੰ ਕਢਣਾ ਚਾਹੀਦਾ ਹੈ। ਸਪੀਕਰ ਸਾਹਿਬ, ਜਿਹੜਾ ਪੈਰਾ 7.2 ਸੀ, ਉਹ ਮੈਂ ਇਥੇ ਪੜ੍ਹਨਾ ਚਾਹਵਾਂਗਾ।

Para 7.2 of the Accord says :

"1. It has always been maintained by Shrimati Indira Gandhi that when Chandigarh is to go to Punjab, some Hindi-speaking territories in Punjab will go to Haryana.

A commission will be constituted to determine the specific Hindi-speaking areas of Punjab, which should go to Haryana in lieu of Chandigarh.

The principles of contiguity and linguistic affinity with village as a unit will be the base for such determination."

ਇਹ ਤਿੰਨ ਗਲਾਂ ਸਨ ਜਿਨ੍ਹਾਂ ਤੇ ਫੈਸਲਾ ਹੋਇਆ ਸੀ ਅੱਰ ਇਹ 3 ਗਲਾਂ ਮੰਨ ਕੇ ਹੀ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਸੀ। ਇਹ ਚੰਡੀਗੜ੍ਹ ਸਾਨੂੰ ਇਕੱਲੇ ਨਹੀਂ ਮਿਲਣਾ ਸੀ ਬਲਕਿ ਪੰਜਾਬ ਨੂੰ ਮਿਲਣਾ ਸੀ ਪਰ ਫਿਰ ਵੀ ਅਸੀਂ ਇਸ ਦੇ ਖਿਲਾਫ ਲੜਦੇ ਰਹੇ ਅੱਰ ਇਸ ਦਾ ਨਤੀਜਾ ਇਹ ਹੋਇਆ ਕਿ ਉਸ ਵੇਲੇ ਇਹ ਚੰਡੀਗੜ੍ਹ ਯੂ.ਟੀ. ਬਣ ਗਿਆ ਅੱਰ ਇਸ ਯੂ.ਟੀ. ਨੂੰ ਪੰਜਾਬ ਵਿਚ ਸ਼ਾਮਲ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕਰਨ ਵਾਸਤੇ ਅਸੀਂ 20 ਸਾਲ ਲੜਦੇ ਰਹੇ, ਜੱਦੋ ਜਹਿਦ ਕਰਦੇ ਰਹੇ। ਇਹ ਸਾਹਮਣੇ ਬੈਠੇ ਸਾਥੀਆਂ ਨੇ ਕਦੇ ਇਸ ਵਿਚ ਕੋਈ ਹਿੱਸਾ ਨਹੀਂ ਪਾਇਆ। ਇਸ ਚੰਡੀਗੜ੍ਹ ਵਾਸਤੇ ਜਿੰਨੀ ਵੀ ਜੱਦੋ ਜਹਿਦ ਕੀਤੀ, ਉਹ ਅਕਾਲੀ ਦਲ ਨੇ ਹੀ ਕੀਤੀ। ਇਨ੍ਹਾਂ ਨੇ ਇਸ ਵਾਸਤੇ ਕੁਝ ਨਹੀਂ ਕੀਤਾ। ਇਸ ਵਾਸਤੇ ਇਕੱਲਾ ਅਕਾਲੀ ਦਲ ਹੀ ਲੜਿਆ ਅੰਰ ਹਾਸਲ ਕਰ ਕੇ ਵੀ ਰਿਹਾ। ਸਪੀਕਰ ਸਾਹਿਬ, ਮੈਂ ਦਸ ਰਿਹਾ ਸੀ ਕਿ ਉਸ ਵੇਲੇ ਦਾ ਜਿਹੜਾ ਫੈਸਲਾ ਸੀ, ਉਹ ਵੀ ਇਹ ਸੀ ਕਿ ਪਿੰਡ ਨੂੰ ਇਕਾਈ ਮੰਨ ਕੇ ਫੈਸਲਾ ਹੋਵੇਗਾ ਪਰ ਉਸ ਵੇਲੇ ਕੀ ਹੋਇਆ, ਕਿਸੇ ਜਗ੍ਹਾਂ ਤੇ ਤਹਿਸੀਲ ਨੂੰ ਇਕਾਈ ਮੰਨ ਲਿਆ ਅਤੇ ਕਿਸੇ ਜਗ੍ਹਾਂ ਕਿਵੇਂ ਹੋਰ ਕਰ ਲਿਆ। ਸਾਡੀ ਉਸ ਵੇਲੇ ਵੀ ਇਹੀ ਗਲ ਸੀ ਕਿ ਵਿਲੇਜ ਐਜ਼ ਏ ਯੂਨਿਟ ਮਨਿਆ ਜਾਵੇ। ਇਸ ਤੋਂ ਬਾਅਦ ਜਦੋਂ 20 ਅਗਸਤ ਨੂੰ ਕਮਿਸ਼ਨ ਬਿਠਾਇਆ ਗਿਆ ਤਾਂ ਉਸ ਵਿਚ ਇਹ ਲਿਖਿਆ ਗਿਆ ਕਿ—

> "In pursuance of the above, the Government of India has decided to appoint a Commission headed by Shri K.K. Mathew, a retired Judge of the Supreme Court of India."

ਇਹ ਕਮਿਸ਼ਨ ਬਿਠਾ ਦਿੱਤਾ ਅੰਰ ਉਸ ਵਿਚ ਕਲਾਜ਼ਾਂ ਦੀ ਗਲ ਛੇੜ ਦਿੱਤੀ। ਉਨ੍ਹਾਂ ਕਲਾਜ਼ਾਂ ਵਿਚ ਇਹ ਲਿਖਿਆ ਗਿਆ—

> "The Commission shall apply the principles of contiguity and linguistic affinity with village as a unit for such determination."

ਇਸ ਤੋਂ ਅੱਗੇ ਇਹ ਵੀ ਲਿੱਖ ਦਿੱਤਾ—

> "The Commission may also take into consideration such other factors as are deemed relevant or appropriate."

ਇਹ ਗਲ ਇਕ ਨਵੀਂ ਐਡ ਕਰ ਦਿੱਤੀ। ਮੇਰੇ ਸਾਹਮਣੇ ਬੈਠੇ ਸਾਥੀਆਂ ਨੇ ਕਿਸੇ ਨੇ ਵੀ ਇਸ ਗਲ ਦਾ ਨੋਟਿਸ ਨਹੀਂ ਲਿਆ। ਅੱਜ ਵੀ ਜਿਹੜਾ ਇਹ ਰੈਜ਼ੋਲਿਊਸ਼ਨ ਆਇਆ ਹੈ, ਮੈਨੂੰ ਬੜੀ ਹੈਰਾਨੀ ਹੋਈ ਹੈ ਕਿ ਇਸ ਰੈਜ਼ੋਲਿਊਸ਼ਨ ਨੂੰ ਖੁਲੇ ਦਿਲ੍ਹ ਨਾਲ ਸਵੀਕਾਰ ਨਹੀਂ ਕੀਤਾ। ਇਹ ਕਿਸੇ ਨੇ ਨਹੀਂ ਕਿਹਾ ਕਿ ਇਹ ਸਰਵਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ। ਸਾਰਾ ਦਿਨ ਸੱਜੇ ਖੱਬੇ ਦੀਆਂ ਗਲਾਂ ਕਰਦੇ ਰਹੇ ਅੰਰ ਡੀਬੇਟ ਦਾ ਸਮਾਂ ਗੁਜ਼ਾਰ ਦਿੱਤਾ। ਸਪੀਕਰ ਸਾਹਿਬ, ਇਹ ਅਕਾਲੀ ਦਲ ਹੀ ਸੀ ਜਿਸ ਨੇ ਇਸ ਗਲ ਤੇ ਇਤਰਾਜ਼ ਕੀਤਾ। ਅਸੀਂ ਇਲੈਕਸ਼ਨ ਜਿਤੇ, ਗੌਰਮਿੰਟ ਬਣੀ ਅੰਰ ਫਿਰ ਪੰਜਾਬ ਗੌਰਮਿੰਟ ਵਲੋਂ ਸੈਂਟਰਲ ਗੌਰਮਿੰਟ ਨੂੰ ਚਿੱਠੀ ਲਿਖੀ ਗਈ ਕਿ ਇਹ ਗਲਤ ਗਲ ਕੀਤੀ ਗਈ ਹੈ। ਇਥੇ ਹੀ ਬਸ ਨਹੀਂ। ਅਸੀਂ ਇਸ ਨੂੰ ਜ਼ਾਤੀ ਤੌਰ ਤੇ ਲਿਆ। ਮੈਂ ਆਪ ਜਾਕੇ ਪ੍ਰਾਈਮ ਮਨਿਸਟਰ ਨਾਲ ਮਿਲ ਕੇ ਗਲ ਕੀਤੀ। ਡਿਟੇਲ ਵਿਚ ਗਲ ਕੀਤੀ। ਇਹ ਕਿਹਾ ਕਿ 3 ਗਲਾਂ ਤੇ ਫੈਸਲਾ ਹੋਇਆ ਸੀ। ਇਹ ਚੌਥੀ ਗਲ ਕਿਸ ਤਰ੍ਹਾਂ ਆ ਗਈ। ਉਹ ਮੇਰੀ ਗਲ ਨਾਲ ਰਾਜ਼ੀ ਹੋਏ ਅਤੇ ਉਨ੍ਹਾਂ ਨੇ ਕਿਹਾ ਕਿ ਇਹ ਠੀਕ ਹੈ ਕਿ ਗਲਾਂ ਤਾਂ ਤਿੰਨ ਹੀ ਸਨ, ਇਹ ਚੌਥੀ ਗਲ ਸ਼ਾਇਦ ਸਪੋਰਟ ਕਰਨ ਵਾਸਤੇ ਪਾ ਦਿੱਤੀ ਹੈ ਲੇਕਿਨ ਕਮਿਸ਼ਨ ਇਸ ਨੂੰ ਗਲਤ ਤਰੀਕੇ ਨਾਲ ਨਹੀਂ ਵਰਤੇਗਾ। ਪਰ ਸਾਨੂੰ ਤਜ਼ਰਬਾ ਹੈ ਕਮਿਸ਼ਨਾਂ ਦਾ। ਜਦੋਂ ਵੀ ਕੋਈ ਕੰਮਿਸ਼ਨ ਬਣਿਆ ਤਾਂ ਪੰਜਾਬ ਦੀ ਵਿਰੋਧਤਾ ਹੀ ਹੋਈ ਹੈ। ਇਸ ਲਈ ਮੈਂ ਕਿਹਾ ਕਿ ਕਮਿਸ਼ਨ ਇਸ ਨੂੰ ਕਿਸੇ ਹੋਰ ਰਸਤੇ ਵੀ ਪਾ ਸਕਦਾ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਅਗਲੇ ਹੀ ਦਿਨ ਪ੍ਰੈਸ ਕਾਨਫਰੰਸ ਵਿਚ ਇਸ ਗਲਤੀ ਨੂੰ ਐਡਮਿਟ ਕੀਤਾ ਕਿ ਸਾਡੇ ਕੋਲੋਂ

Original with;
Punjab Vidhan Sabha
Digitized by;
Panjab Digital Library

ਕੁਝ ਗਲਤੀ ਹੋ ਗਈ ਹੈ। ਜੋ ਉਨ੍ਹਾਂ ਨੇ ਅਗਲੇ ਦਿਨ ਇਸ ਬਾਰੇ ਸਟੇਟਮੈਂਟ ਦਿੱਤੀ, ਉਹ ਮੈਂ ਤੁਹਾਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ—

"The Prime Minister, Mr. Rajiv Gandhi, today admitted that there had been a "drafting error" in the terms of reference of the Mathew Commission constituted to ascertain the areas, which have to be transfered to Haryana from Punjab in lieu of Chandigarh.

ਇਕ ਗੱਲ ਉਨ੍ਹਾਂ ਨੇ ਮੰਨੀ ਕਿ ਡਰਾਫਟਿੰਗ ਏਰਰ ਹੋ ਗਈ ਹੈ । ਪ੍ਰਾਈਮ ਮਨਿਸਟਰ ਸਾਹਿਬ ਦੀ ਬੜੀ ਫਰਾਖ਼ ਦਿਲੀ ਹੈ ਕਿ ਉਨ੍ਹਾਂ ਨੇ ਗਲਤੀ ਨੂੰ ਮੰਨ ਲਿਆ । ਵੈਸੇ ਥੋੜ੍ਹੀ ਕੀਤੇ ਕੋਈ ਪ੍ਰਾਈਮ ਮਨਿਸਟਰ ਆਪਣੀ ਗਲਤੀ ਨੂੰ ਛੇਤੀ ਮੰਨਦਾ ਨਹੀਂ ਹੈ, ਪ੍ਰਾਈਮ ਮਨਿਸਟਰ ਤਾਂ ਕੀ, ਇਕ ਛੋਟਾ ਅਹੁਦੇਦਾਰ ਵੀ ਇਤਨੀ ਜਲਦੀ ਆਪਣੀ ਗਲਤੀ ਨਹੀਂ ਮੰਨਦਾ ਹੈ ਅਤੇ ਉਹ ਇਹ ਹੀ ਕਹੇਗਾ ਕਿ ਮੈਂ ਠੀਕ ਹਾਂ ਤੇ ਹੁਣ ਇਸੇ ਤਰ੍ਹਾਂ ਚਲਣ ਦਿਓ । ਲੇਕਿਨ ਸਾਡੇ ਪ੍ਰਾਈਮ ਮਨਿਸਟਰ ਸਾਹਿਬ ਨੇ ਇਸ ਗਲਤੀ ਨੂੰ ਐਡਮਿਟ ਕਰ ਲਿਆ। Addressing a luncheon meeting at the Press Club at Delhi on 11th October 1985, Mr. Gandhi described the mistake as "unintentional and unfortunate," but explained that it would be difficult to change the terms of reference as the Commission had already begun work, ਪ੍ਰਾਈਮ ਮਨਿਸਟਰ ਸਾਹਿਬ ਦੇ ਨਾਲ ਮੇਰੀ ਗੱਲ ਬਾਤ ਹੋਈ ਤਾਂ ਉਸ ਦਿਨ ਕਮਿਸ਼ਨ ਕੰਮ ਸ਼ੁਰੂ ਕਰ ਚੁੱਕਾ ਸੀ । ਪੰਜਾਬ ਅਤੇ ਹਰਿਆਣਾ ਆਪਣੇ-ਆਪਣੇ ਕਲੇਮਜ਼ ਕਮਿਸ਼ਨ ਕੋਲ ਪੇਸ਼ ਕਰ ਚੁੱਕੇ ਸਨ ਜਿਸ ਕਰਕੇ ਪ੍ਰਾਈਮ ਮਨਿਸਟਰ ਸਾਹਿਬ ਨੇ ਆਪਣੀ ਲਾਚਾਰੀ ਸ਼ੋਅ ਕੀਤੀ ਸੀ । He, however, held out the assurance that no Congress (I) Government would take advantage of this error. The terms of reference have become controversial because they permit the commission to take into account 'any other factors' in determining territorial claims in addition to language, contiguity and village as a unit. The Chief Minister, Mr. Surjit Singh Barnala had brought this to the notice of the Prime Minister ਇਸ ਦੇ ਨਾਲ ਉਨ੍ਹਾਂ ਇਹ ਵੀ ਸਾਨੂੰ ਅਸ਼ੋਰੈਂਸ ਦਿੱਤੀ ਕਿ ਇਸ ਗਲਤੀ ਦਾ ਫਾਇਦਾ ਕਿਸੇ ਕਾਂਗਰਸ ਗੌਰਮਿੰਟ ਨੂੰ ਲੈਣ ਦੀ ਇਜ਼ਾਜ਼ਤ ਨਹੀਂ ਹੋਵੇਗੀ । ਇਸ ਗੱਲ ਬਾਤ ਵਿਚ ਉਨ੍ਹਾਂ ਨੇ ਹਰਿਆਣੇ ਦਾ ਨਾਂ ਨਹੀਂ ਲਿਆ ਪਰ ਕਾਂਗਰਸ ਸਰਕਾਰ ਹਰਿਆਣੇ ਦੀ ਹੈ। ਇਸ ਲਈ ਹਰਿਆਣਾ ਕਹਿਣ ਦੀ ਬਜਾਏ ਉਨ੍ਹਾਂ ਨੇ ਕਾਂਗਰਸ ਸਰਕਾਰ ਕਹਿ ਦਿੱਤਾ ਸੀ । ਇਸ ਤੋਂ ਬਾਦ ਮੈਂ ਅਗਲੇ ਦਿਨ ਵੀ ਰਿਐਕਟ ਕੀਤਾ ਸੀ ।

ਸਪੀਕਰ ਸਾਹਿਬ, ਉਨ੍ਹਾਂ ਨੇ ਗੱਲ ਬੜੀ ਕਲੀਅਰ ਅਤੇ ਸਪੱਸ਼ਟ ਕਰ ਦਿੱਤੀ ਕਿ ਗਲਤੀ ਸਾਡੇ ਕੋਲੋਂ ਹੋਈ ਹੈ ਪਰ ਇਸ ਗਲਤੀ ਨੂੰ ਦੂਰ ਹੁਣ ਨਹੀਂ ਕੀਤਾ ਜਾ ਸਕਦਾ ਕਿਉਂਕਿ ਕਮਿਸ਼ਨ ਨੇ ਕੰਮ ਸ਼ੁਰੂ ਕਰ ਦਿੱਤਾ ਹੈ । There is drafting error in the terms of reference Para 2 of the terms of reference which is as under :

The Commission shall apply the principle of contiguity and linguistic affinity with a village as a unit will be the basis of such determinination.

The Commission may also take into consideration such other factors as are deemed relevant or proper.

These are the only terms of reference.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਜਿਹੜੀਆਂ ਪਹਿਲੀਆਂ ਤਿੰਨ ਗੱਲਾਂ ਹਨ, ਉਸ ਉਤੇ ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਇਸ ਤੋਂ ਬਾਦ ਜਿਹੜੀਆਂ 2 ਲਾਈਨਾਂ ਐਡ ਕੀਤੀਆਂ ਗਈਆਂ ਹਨ, ਉਸ ਉਤੇ ਇਤਰਾਜ਼ ਹੈ ਜਿਨ੍ਹਾਂ ਬਾਰੇ ਪ੍ਰਾਈਮ ਮਨਿਸਟਰ ਸਾਹਿਬ ਨੇ ਐਡਮਿਟ ਕੀਤਾ ਹੈ ਕਿ ਡਰਾਫਟਿੰਗ ਏਰਰ ਹੋ ਗਈ ਹੈ ਇਸ ਨੋਟੀਫੀਕੇਸ਼ਨ ਵਿਚ ਅਕਾਰਡ ਨੂੰ ਮੈਨਸ਼ਨ ਕੀਤਾ ਅਤੇ ਇਸ ਦੇ ਵਿਚ ਪਹਿਲੀਆਂ 3 ਗੱਲਾਂ ਮੰਨੀਆਂ ਹੋਈਆਂ ਹਨ। ਗਲਤੀ ਕੀ ਹੋਈ ਹੈ, ਇਸ ਦੇ ਨਾਲ ਅਦਰ ਫੈਕਟਰ ਲਗਾ ਹੈ।

This is unfortunate. This is unintentional. Now the matter is pending before the Commission. Both sides are arguing their cases.

Mr. Speaker : How much time will you take ?

Chief Minister : Five minutes, Sir.

EXTENSION OF TIME OF THE SITTING

Mr. Speaker : Is it the pleasure of the House that the time of the sitting of the House be extended upto 2.45 P.M. ?

(Voices: Yes, Yes.)

Mr. Speaker : The time of the sitting of the House is extended upto 2.45 P.M.

RESOLUTION *re.* PUNJAB ACCORD SIGNED BY THE PRIME MINISTER, SHRI RAJVI GANDHI AND SANT HARCHAND SINGH LONGOWAL (*Resumption*)

ਮੁੱਖ ਮੰਤਰੀ : ਕਮਿਸ਼ਨ ਦੇ ਅੱਗੇ ਹਰਿਆਣੇ ਨੇ ਵੀ ਆਪਣੇ ਵਿਊਜ਼ ਨੂੰ ਆਰਗੂ ਕਰਨਾ ਹੈ ਅਤੇ ਪੰਜਾਬ ਨੇ ਵੀ ਕਰਨਾ ਹੈ। ਕਮਿਸ਼ਨ ਨੇ 3 ਗੱਲਾਂ ਤੇ ਫੈਸਲਾ ਕਰਨਾ ਹੈ। ਗੌਰਮਿੰਟ ਆਫ ਇੰਡੀਆ ਨੇ ਕਿਹਾ ਕਿ ਸਾਡੇ ਕੋਲੋਂ ਗਲਤੀ ਹੋ ਗਈ ਹੈ ਔਰ ਇਹ ਡਰਾਫਟਿੰਗ ਏਰੱਰ ਹੈ ਅਤੇ ਨਾਲ ਹੀ ਇਹ ਕਿਹਾ ਕਿ ਇਸ ਏਰੱਰ ਦਾ ਕਿਸੇ ਕਾਂਗਰਸ ਸਰਕਾਰ ਨੂੰ ਫਾਇਦਾ ਨਹੀਂ ਲੈਣ ਦਿੱਤਾ ਜਾਵੇਗਾ। ਮੈਂ 30 ਸਾਲ ਵਕੀਲ ਦੇ ਤੌਰ ਤੇ ਪ੍ਰੈਕਟਿਸ ਕੀਤੀ ਹੈ ਅਤੇ ਮੈਂ ਆਪਣੇ ਤਜਰਬੇ ਤੋਂ ਇਹ ਨਤੀਜਾ ਕਢ ਸਕਦਾ ਹਾਂ ਕਿ ਕੋਈ ਕਮਿਸ਼ਨ ਹੋਵੇ, ਉਹ ਡਰਾਫਟਿੰਗ ਏਰੱਰ ਵੱਲ ਜਾ ਨਹੀਂ ਸਕਦਾ ਹੈ ਅਤੇ ਇਸ ਬਾਰੇ ਸਾਡੇ ਕੋਲ ਪ੍ਰਾਈਮ ਮਨਿਸਟਰ ਸਾਹਿਬ ਦੀ ਐਸ਼ੋਰੈਂਸ ਹੈ। ਕਮਿਸ਼ਨ ਇਸ ਸਟੇਟਮੈਂਟ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ। ਮੈਨੂੰ ਆਸ ਹੈ ਕਿ ਇਹ ਮੈਂਬਿਊ ਕਮਿਸ਼ਨ ਜੋ ਇਸ ਗੱਲ ਦੀ ਘੋਖ ਕਰ ਰਿਹਾ ਹੈ, ਉਹ ਇਨ੍ਹਾਂ 3 ਗੱਲਾਂ ਨੂੰ ਸਾਹਮਣੇ ਜ਼ਰੂਰ ਰੱਖੇਗਾ ਅਤੇ ਇਸ ਤੇ ਆਪਣਾ ਫੈਸਲਾ ਦੇਵੇਗਾ। ਹਰਿਆਣਾ ਸਾਡੇ ਕੁਝ ਇਲਾਕੇ ਤੇ ਕਲੇਮਜ਼ ਕਰ ਰਿਹਾ ਹੈ ਜੋ ਪੰਜਾਬੀ ਸਪੀਕਿੰਗ ਇਲਾਕਾ ਹੈ ਅਤੇ ਪੰਜਾਬ ਵਿਚ ਹੈ। ਬਾਕੀ ਜਿਹੜਾ ਹਰਿਆਣੇ ਨੇ ਫਾਜ਼ਿਲਕਾ ਅਤੇ ਅਬੋਹਰ ਤੇ ਕਲੇਮ ਕੀਤਾ ਹੈ, ਕੰਟੀਗੁਇਟੀ ਨੂੰ ਸਾਹਮਣੇ ਰੱਖਦੇ ਹੋਏ ਕਮਿਸ਼ਨ ਨੂੰ ਹਰਿਆਣੇ ਦੇ ਕਲੇਮਜ਼ ਨੂੰ ਰਿਜੈਕਟ ਕਰਨਾ ਪਵੇਗਾ। ਜਿਹੜਾ 'ਅਦਰ ਫੈਕਟਰ' ਗਲਤੀ ਦੇ ਨਾਲ ਆ ਗਿਆ ਹੈ, ਇਸ ਬਾਰੇ ਪ੍ਰਾਈਮ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਕਮਿਸ਼ਨ ਦਾ ਕੰਮ ਸ਼ੁਰੂ ਹੋਣ ਕਰਕੇ ਐਸੀ ਸਿੱਚੂਏਸ਼ਨ ਹੋ ਗਈ ਹੈ ਕਿ ਇਸ ਨੂੰ ਵਾਪਸ ਨਹੀਂ ਲਿਆ ਜਾ ਸਕਦਾ। ਬਾਵਜੂਦ ਇਸ ਗੱਲ ਦੇ ਕਿ ਇਹ ਮਤਾ ਇਸ ਹਾਊਸ ਦੇ ਵਿਚ ਆਇਆ ਹੈ ਅਤੇ ਇਸ ਮਤੇ ਨੂੰ ਕੰਸੈਂਸਿਸ ਨਾਲ ਸਾਰੇ ਮਿਲ ਕੇ ਇਸ ਨੂੰ ਪਾਸ ਕਰੀਏ ਅਤੇ ਇਸ ਦਾ ਨਤੀਜਾ ਇਹ ਨਿਕਲੇਗਾ ਕਿ ਹਾਊਸ ਗੌਰਮਿੰਟ

Original with;
Punjab Vidhan Sabha
Digitized by;
Panjab Digital Library

ਆਫ ਇੰਡੀਆ ਨੂੰ ਰਿਕੁਮੈਂਡ ਕਰੇਗਾ ਕਿ ਸਟੇਟ ਗੌਰਮਿੰਟ ਸੈਂਟਰ ਦੀ ਸਰਕਾਰ ਨਾਲ ਇਹ ਮੈਟਰ ਟੇਕ ਅੱਪ ਕਰੇ ਅੌਰ ਮੈਂ ਇਸ ਬਾਰੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਮਿਲ ਚੁਕਾ ਹਾਂ ਅਤੇ ਇਸ ਮਤੇ ਦੇ ਪਾਸ ਹੋਣ ਤੋਂ ਬਾਦ ਵੀ ਮਿਲਾਂਗਾ ਕਿ ਇਹ ਡਰਾਫਟਿੰਗ ਗਲਤੀ ਜਿਹੜੀ ਹੋ ਗਈ ਹੈ, ਇਸ ਨੂੰ ਦੂਰ ਕੀਤਾ ਜਾਵੇ ਤਾਕਿ ਕਮਿਸ਼ਨ ਅਕਾਰਡ ਦੇ ਮੁਤਾਬਿਕ ਫੈਸਲਾ ਦੇ ਸਕੇ । ਅਗਰ ਕੋਈ ਪੰਜਾਬ ਵਿਚ ਹਿੰਦੀ ਸਪੀਕਿੰਗ ਇਲਾਕਾ ਹੈ ਅਤੇ ਕੰਟੀਗੁਇਟੀ ਬਣਦੀ ਹੈ, ਉਹ ਇਲਾਕਾ ਸਾਨੂੰ ਦੇਣ ਵਿਚ ਕੋਈ ਇਤਰਾਜ਼ ਨਹੀਂ ਹੈ । ਇਸ ਅਕਾਰਡ ਦੇ ਮੁਤਾਬਿਕ ਕੋਈ ਵੀ ਪੰਜਾਬੀ ਬੋਲਦਾ ਇਲਾਕਾ ਬਾਹਰ ਨਹੀਂ ਜਾਵੇਗਾ। ਅਗਰ ਕੋਈ ਹਿੰਦੀ ਸਪੀਕਿੰਗ ਇਲਾਕਾ ਹੈ ਉਹ ਅਸੀਂ ਖੁਸ਼ੀ ਦੇ ਨਾਲ ਦੇਣ ਲਈ ਤਿਆਰ ਹਾਂ ਕਿਉਂਕਿ ਇਸ ਦੇ ਬਦਲੇ ਬਹੁਤ ਸਾਰੇ ਪੰਜਾਬੀ ਸਪੀਕਿੰਗ ਇਲਾਕੇ ਜੋ ਹਰਿਆਣੇ ਵਿਚ ਹਨ, ਉਹ ਪੰਜਾਬ ਵਿਚ ਆਉਣਗੇ । ਕੰਟੀਗੁਇਟੀ ਨੂੰ ਧਿਆਨ ਵਿਚ ਰਖਿਆ ਜਾਵੇ ਪਰ ਜਿਹੜਾ ਕਲੇਮ ਉਹ ਫਾਜ਼ਿਲਕਾ ਅਤੇ ਅਬੋਹਰ ਤੇ ਕਰ ਰਹੇ ਹਨ, ਉਥੋਂ ਦੇ ਪਿੰਡ ਇਨ੍ਹਾਂ ਨੂੰ ਮਿਲ ਨਹੀਂ ਸਕਦੇ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਖਤਮ ਕਰਦਾਂ ਹਾਂ।

Mr. Speaker : I call upon Sardar Baldev Singh Maan to speak.

(At this stage Sardar Baldev Singh Maan stood to speak).

Doctor Kewal Krishan: I seek information from the Chief Minister.

Mr. Speaker : There is no issue. The Chief Minister has given reply.

Doctor Kewal Krishan : I want to seek information from the Chief Minister.

Mr. Speaker : I have called upon Sardar Baldev Singh Mann to speak. I will allow you after Sardar Baldev Singh Mann's speech. Now please take your seat.

Doctor Kewal Krishan : I do not want any information from Mr. Mann.

Mr. Speaker : I will permit you after Mr. Maan. Please sit down now.

ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ) : ਸਪੀਕਰ ਸਾਹਿਬ, ਮੈਨੂੰ ਉਮੀਦ ਸੀ ਕਿ ਪੰਜਾਬ ਦੇ ਸਾਰੇ ਚੁਣੇ ਹੋਏ ਨੁਮਾਇੰਦੇ ਪੰਜਾਬ ਦੇ ਹਿੱਤਾਂ ਦੀ ਖਾਤਰ ਇਸ ਮਤੇ ਦੀ ਪ੍ਰੋੜਤਾ ਕਰਨਗੇ ਪਰ, ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਹੋਇਆ ਹੈ ਕਿ ਜੋ ਸਾਹਮਣੇ ਬੈਠੇ ਬੈਂਚਿਜ਼ ਦੇ ਮੈਂਬਰਜ਼ ਨੇ ਫਿਰਕਾਪ੍ਰਸਤੀ ਤੋਂ ਸਿਵਾਏ ਹੋਰ ਕੋਈ ਗੱਲ ਨਹੀਂ ਕੀਤੀ ਹੈ ਅਤੇ ਫਿਰਕਾਪ੍ਰਸਤੀ ਦਾ ਨੰਗਾ ਨਾਚ ਨਚਾਉਂਦੇ ਰਹੇ ਹਨ। ਇਥੋਂ ਤੱਕ ਕਿ ਉਨ੍ਹਾਂ ਨੇ ਪੰਜਾਬੀ ਸੂਬੇ ਦੀ ਬਣਤਰ ਨੂੰ ਗਲਤ ਦਸਿਆ ਹੈ ਜੋ ਪੰਜਾਬ ਦੀ ਧਰਤੀ ਤੋਂ ਅੰਨ ਖਾਂਦੇ ਹਨ ਅਤੇ ਪਾਣੀ ਪੀਂਦੇ ਹਨ ਅਤੇ ਇਥੋਂ ਤੱਕ ਕਹਿ ਦਿੱਤਾ ਕਿ ਪੰਜਾਬੀ ਸੂਬੇ ਦੀ ਹੋਂਦ ਹੀ ਗਲਤ ਹੈ ਪਰ ਜਦੋਂ ਮਨਿਸਟਰੀ ਦੇ ਵਿਚ ਰਹੇ, ਉਦੋਂ ਇਨ੍ਹਾਂ ਨੇ ਇਹ ਗੱਲ ਨਹੀਂ ਕਹੀ ਹੈ। ਇਹ ਤਾਂ ਅਕਾਰਡ ਦੀ ਸਪਿਰਟ ਦੇ ਖਿਲਾਫ ਜਾਂਦੇ ਰਹੇ ਹਨ। ਸਾਨੂੰ ਇਨ੍ਹਾਂ ਦੀ ਕੰਟਰੋਵਰਸ਼ੀਅਲ ਸਟੇਟਮੈਂਟ ਸਮਝ ਨਹੀਂ ਆਉਂਦੀ । ਅਗਰ ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਨਾਲ ਹਮਦਰਦੀ ਹੁੰਦੀ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰਦੇ ।

Original with;
Punjab Vidhan Sabha
Digitized by
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਸਪੀਕਰ ਸਾਹਿਬ, ਇਹ ਜ਼ਰੂਰੀ ਸੀ ਕਿ ਉਹ ਇਸ ਦਾ ਸਮਰਥਨ ਕਰਦੇ। ਅੱਜ ਮੈਂ ਸੋਚ ਰਿਹਾ ਹਾਂ ਕਿ ਪੰਜਾਬ ਵਿਚ ਜੋ ਦੁਰਘਟਨਾਵਾਂ ਹੋਈਆਂ ਹਨ ਅੱਤ ਪੰਜਾਬ ਵਿਚ ਭਰਾ, ਭਰਾ ਨੂੰ ਦੂਰ ਕਿਉਂ ਲਿਜਾਇਆ ਗਿਆ। ਸਪੀਕਰ ਸਾਹਿਬ, ਅੱਜ ਇਹ ਸਾਫ ਹੋ ਗਿਆ ਹੈ ਕਿ ਸਾਰੀਆਂ ਘਟਨਾਵਾਂ ਬਾਰੇ ਆਪੋਜ਼ੀਸ਼ਨ ਵਿਚ ਬੈਠੇ ਭਰਾਵਾਂ ਦੀ ਜ਼ਿਮੇਵਾਰੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਮਾੜੇ ਹਨ, ਇਨ੍ਹਾਂ ਵਿਚੋਂ ਕੁਝ ਚੰਗੇ ਹਨ। ਸਪੀਕਰ ਸਾਹਿਬ, ਆਪ ਨੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਵੇਖਿਆ ਹੈ। ਇਹ ਮੇਰੇ ਵੀਰ ਕੁਝ ਤਾਂ ਸਮਰਥਨ ਕਰ ਰਹੇ ਹਨ ਅਤੇ ਜਨਰਲ ਸੈਕਟਰੀ ਅਪੋਜ਼ ਕਰ ਰਿਹਾ ਹੈ। ਇਨ੍ਹਾਂ ਦੇ ਕਾਂਗਰਸ ਵਿਚ ਦੋ ਧੜੇ ਹਨ। ਅਸੀਂ, ਸਪੀਕਰ ਸਾਹਿਬ, ਸੋਚਦੇ ਸੀ ਕਿ ਆਪੋਜ਼ੀਸ਼ਨ ਭਰਾ ਕੋਈ ਚੱਜ ਦੀ ਗੱਲ ਕਰਨਗੇ। ਸਪੀਕਰ ਸਾਹਿਬ, ਟਰਮਜ਼ ਆਫ ਰੈਫਰੈਂਸ ਵਿਚ ਗਲਤੀ ਹੋ ਗਈ ਹੈ। ਪ੍ਰਾਈਮ ਮਨਿਸਟਰ ਸਾਹਿਬ ਨੇ ਮੰਨ ਵੀ ਲਿਆ ਹੈ ਕਿ ਗਲਤੀ ਹੋਈ ਹੈ, ਕੀ ਗਲਤੀ ਮੰਨਣ ਤੋਂ ਬਾਅਦ ਦਰੁਸਤ ਨਹੀਂ ਕਰ ਸਕਦੇ? ਉਹ ਚੀਜ਼ ਪੰਜਾਬ ਦੇ ਹਿੱਤਾਂ ਦੇ ਉਲਟ ਜਾ ਸਕਦੀ ਹੈ। ਪ੍ਰਾਈਮ ਮਨਿਸਟਰ ਜੀ ਦਾ ਇਹ ਕਹਿਣਾ ਕਿ ਕਾਂਗਰਸ ਗੌਰਮਿੰਟ ਨੂੰ ਇਸ ਗੱਲ ਦੀ ਇਜ਼ਾਜ਼ਤ ਨਹੀਂ ਦੇਵਾਂਗੇ ਕਿ ਇਸ ਗਲ ਦਾ ਫਾਇਦਾ ਲਵੇ। ਜੋ ਕਾਂਗਰਸ ਦੀ ਹਰਿਆਣਾ ਸਰਕਾਰ ਨੇ ਆਪਣਾ ਕੇਸ ਪਲੀਡ ਕੀਤਾ ਹੈ, ਉਹ ਉਸ ਆਧਾਰ ਤੇ ਹੀ ਕੀਤਾ ਹੈ। ਦੂਸਰੇ ਹੋਰ ਰੂਲ 7.4 ਥੱਲੇ ਕਮਿਸ਼ਨ ਬਣੇ। ਜਿਸ ਨੇ ਡਿਸਪਿਊਟ ਸੈਟਲ ਕਰਨੇ ਹਨ। ਉਹ ਟਰਮਜ਼ ਆਫ ਰੈਫਰੈਂਸ ਦਾ ਪੰਜਾਬ ਨੂੰ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ। ਸਪੀਕਰ ਸਾਹਿਬ, ਮੈਂ ਆਪਣੇ ਵੀਰਾਂ ਨੂੰ ਇਕ ਗੱਲ ਕਹਿਣੀ ਹੈ ਜਿਸ ਨੇ ਪੰਜਾਬ ਦਾ ਮੰਦਾ ਹਾਲ ਕੀਤਾ ਅਤੇ ਪੰਜਾਬ ਵਿਚ ਭਾਈ, ਭਾਈ ਨੂੰ ਲੜਾਇਆ ਅਤੇ ਕਿਤਨੇ ਕਤਲ ਹੋਏ ਹਨ। ਇਹ ਸਾਰੀ ਚੀਜ਼ ਸਭ ਦੇ ਸਾਹਮਣੇ ਆ ਗਈ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਦੀਆਂ ਕੋਠੀਆਂ ਵਿਚੋਂ ਜਾ ਕੇ ਬੰਦੇ ਮਾਰਦੇ ਰਹੇ ਹਨ। ਮੈਂ ਤਾਂ ਕਹਾਂਗਾ ਕਿ ਹਿੰਦੁਸਤਾਨ ਭਰ ਦੇ ਧਾਰਮਿਕ ਸਥਾਨਾਂ ਉਤੇ ਹਿੰਦੁਸਤਾਨ ਦੀ ਸਰਕਾਰ ਨੇ ਫੌਜ ਨੂੰ ਭੇਜਿਆ। ਹੁਣ ਵੀ (ਆਪੋਜ਼ੀਸ਼ਨ ਵੱਲ ਇਸ਼ਾਰਾ) ਇਨ੍ਹਾਂ ਨੂੰ ਸਮਝ ਆਉਣੀ ਚਾਹੀਦੀ ਹੈ। ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਨਾਲ ਪਿਆਰ ਕਰਨਾ ਚਾਹੀਦਾ ਹੈ। ਜੇਕਰ ਇਹ ਹੁਣ ਵੀ ਪੰਜਾਬ ਦੇ ਭਲੇ ਲਈ ਨਹੀਂ ਸੋਚਣਗੇ ਤਾਂ ਇਹ ਬਹੁਤ ਵੱਡੀ ਗੱਦਾਰੀ ਹੋਵੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ, ਸਪੀਕਰ ਸਾਹਿਬ, ਆਸ ਕਰਦਾ ਹਾਂ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਪ੍ਰਾਈਮ ਮਨਿਸਟਰ, ਰਾਜੀਵ ਜੀ ਨਾਲ ਜੋ ਅਕਾਰਡ ਹੋਇਆ ਹੈ, ਉਸ ਨੂੰ ਸਹੀ ਭਾਵਨਾਂ ਦਾ ਪਰਗਟਾਵਾ ਕਰਦੇ ਹੋਏ ਇਹ ਮਤਾ ਸਰਬਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ। ਸਹੀ ਤਰੀਕੇ ਨਾਲ ਸਮਝੌਤੇ ਨੂੰ ਲਾਗੂ ਕਰਨ ਦਾ ਯਤਨ ਕਰੀਏ। (ਥੰਪਿੰਗ) ਸਪੀਕਰ ਸਾਹਿਬ, ਮੈਂ ਇਹ ਰੈਜ਼ੋਲਿਊਸ਼ਨ ਸਰਬਸੰਮਤੀ ਨਾਲ ਪਾਸ ਕਰਨ ਲਈ ਇਜਾਜ਼ਤ ਮੰਗਦਾ ਹਾਂ।

ਡਾਕਟਰ ਕੇਵਲ ਕ੍ਰਿਸ਼ਨ: ਪੁਆਇੰਟ ਆਫ ਕਲੈਰੀਫਿਕੇਸ਼ਨ, ਸਰ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਬਰਨਾਲਾ ਸਾਹਿਬ ਪ੍ਰਾਈਮ ਮਨਿਸਟਰ ਸਾਹਿਬ ਨੂੰ ਮਿਲ ਆਏ ਅਤੇ ਪੂਰੀ ਤਰ੍ਹਾਂ ਸੈਟਿਸਫਾਈ ਹੋ ਗਏ। ਸਪੀਕਰ ਸਾਹਿਬ, ਇਹ ਸਾਰੀ ਚੀਜ਼ ਪੇਪਰਾਂ ਵਿਚ ਵੀ ਆਈ ਹੈ। ਸੈਥਿਊ ਕਮਿਸ਼ਨ ਨੇ 30 ਨਵੰਬਰ ਤਕ ਰਿਪੋਰਟ ਦੇਣੀ ਹੈ। ਇਸ ਤਰ੍ਹਾਂ ਦਾ ਰੈਜ਼ੋਲਿਊਸ਼ਨ ਲਿਆ ਕੇ ਡੀਲੇਅ ਹੋਵੇਗੀ। ਇਸ ਤਰ੍ਹਾਂ ਅਕਾਰਡ ਵਿਚ ਦੇਰੀ ਹੋਣ ਦਾ ਖਦਸ਼ਾ ਹੈ।

ਸ਼੍ਰੀ ਸਪੀਕਰ: ਡਾਕਟਰ ਸਾਹਿਬ, ਤੁਸੀਂ ਇਕ ਸਵਾਲ ਦੀ ਬਜਾਏ ਦੋ ਸਵਾਲ ਕਰ ਦਿੱਤੇ।

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਨੂੰ ਆਸ ਹੈ ਕਿ ਕੋਈ ਡੀਲੇਅ ਨਹੀਂ ਹੋਵੇਗੀ ਅਤੇ ਨਾ ਹੀ, ਸਪੀਕਰ ਸਾਹਿਬ, ਡੀਲੇਅ ਕਰਨ ਦਾ ਸਾਡਾ ਕੋਈ ਇਰਾਦਾ ਹੈ। ਅਸੀਂ ਜਲਦੀ ਤੋਂ ਜਲਦੀ ਚੰਡੀਗੜ੍ਹ

Original with;
Punjab Vidhan Sabha
Digitized by;
Panjab Digital Library

ਨੂੰ ਪੰਜਾਬ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਾਂ ਅੌਰ ਅਸੀਂ ਚਾਹੁੰਦੇ ਹਾਂ ਕਿ ਚੰਡੀਗੜ੍ਹ ਪੰਜਾਬ ਦਾ ਜਲਦੀ ਹੋਵੇ । ਬਾਕੀ, ਸਪੀਕਰ ਸਾਹਿਬ, ਪ੍ਰਾਈਮ ਮਨਿਸਟਰ ਸਾਹਿਬ ਨਾਲ ਜੋ ਗੱਲਬਾਤ ਹੋਈ ਸੀ, ਉਹ ਮੈਂ ਇਥੇ ਪੂਰੀ ਡੀਟੇਲ ਨਹੀਂ ਦੇ ਸਕਦਾ । ਕਈ ਗਲਾਂ ਐਸੀਆਂ ਹਨ ਜੋ ਕਿ ਇਥੇ ਨਹੀਂ ਦੱਸੀਆਂ ਜਾ ਸਕਦੀਆਂ ਅੌਰ ਜਿਹੜੀਆਂ ਗਲਾਂ ਦੱਸਣ ਵਾਲੀਆਂ ਹੁੰਦੀਆਂ ਹਨ, ਉਹ ਮੈਂ ਹਾਉਸ ਵਿਚ ਦੱਸ ਦਿੱਤਆਂ ਹਨ।

Mr. Speaker: Question is—

In the Punjab Accord signed by the Prime Minister, Shri Rajiv Gandhi and Sant Harchand Singh Lon gowal, it was agreed that Hindi speaking areas of Punjab be considered for transfer to Haryana in lieu of Chandigarh. Such areas will be identified on the principles of linguistic affinity and contiguity taking village as a unit. However, in the terms of reference of the 'Mathew Commission' in addition to the above mentioned three principles the Commission has been authorised to take into consideration any other factors as are deemed appropriate. This unlimited widening and extension of the terms of reference of the saidCommission has caused great apprehensions in the minds of people of Punjab. who areconcerned at possible damage to the true implementation of the Accord.

This House, therefore, resolves that the State Government should approach the Government of India to rectify the terms of reference of the Commission deleting the clause added beyond the scope of the Punjab Accord as it would prejudicially affect the interests of Punjab and set at naught the great effort whichwent into the bringing of peace and good will in this strife torn State.

The motion was carried.

Mr. Speaker: The House stands adjourned till 2.00 P. M. on Monday, the 4th November, 1985,

*2.37 P. M. | *(The Sabha then adjourned* till 2.00 P.M. on Monday the 4th November, 1985.)*

Original with;
Punjab Vidhan Sabha
Digitized by
Panjab Digital Library

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Dated 31st October, 1985

Vol. I—No. 8

STARRED QUESTION AND ANSWER

Action against the illegal felling of trees in Dhar Block

*21. **Master Mohan Lal** : Will the Minister for Agriculture and Forests be pleased to state :—

(a) whether it is in the notice of the Government that large scale illegal felling of trees took place in the Government Forests in Dhar Block of Pathankot Sub-Division during the month of June and July, 1985 ;

(b) whether any cases have been registered against persons responsible for the said illegal felling of trees; if so, the action so far against the persons and officials ;

(c) whether the challans have been filled in the court against the accused ;

(d) the number of trees which were felled and removed by the culprits ?

Captain Amarinder Singh : (a) There was no large scale felling of trees from the Government Forest under the control of Forest Department during the months of June and July, 1985, though some illegal felling of trees took place from the Government land under the control of the Revenue Department in village Kot Tika Adyal and from the land in village Patralwan along the road under the control of Zila Parishad.

(b) Two criminal cases stand registered, one at Police Station Sadar Pathankot and the other at Police Station Dhar Kalan about the above illegal felling of trees. The persons involved in these cases were arrested by the police, but were bailed out by the Court.

(c) The challans have not been filed in the court so far as the cases are under investigation with the local police.

Original with
Punjab Vidhan Sabha
Digitized by
Panjab Digital Library

(d) The total nnmber of illegally felled trees is 92. The wood of 84 trees iilegally cut in village Kot Tika Adyal was stored at Pathankot by the culprits whose from the police has taken into possession, where the wood of 8 trees felled in village Patralwan (Dhar Block) was seized by the police from the site.

UNSTARRED QUESTION AND ANSWER

Opening of Primary School at village Miani Malahan, District Hoshiarpur

4. **Doctor Kewal Krishan** : Will the Minister of Education be pleased to state—

(a) whether it is a fact that there is no Government Primary School at village Miani Malahan in Mukerian Block, District Hoshiarpur ;

(b) if the reply to part (a) above in the affirmative, the time by which the Government is likely to open a Primary School there ?

ਸਰਦਾਰ ਸੁਖਜਿੰਦਰ ਸਿੰਘ : (ੳ) ਹਾਂ ਜੀ ।

(ਅ) ਮਿਆਨੀ ਮੱਲ੍ਹਾਂ, ਪਿੰਡ ਮਹਿਤਾਬਪੁਰ ਦੀ ਬਸਤੀ ਹੈ ਅਤੇ ਪਿੰਡ ਮਹਿਤਾਬਪੁਰ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਚਲ ਰਿਹਾ ਹੈ, ਜਿਥੇ ਉਕਤ ਬਸਤੀ ਦੇ ਵਿਦਿਆਰਥੀ ਬੜੀ ਆਸਾਨੀ ਨਾਲ ਪੈਦਲ ਤੁਰ ਕੇ ਜਾ ਸਕਦੇ ਹਨ ।

19785 PVS—Govt. Press, (UT) Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by
Panjab Digital Library

© 1985

Published under the authority of the Punjab Vidhan Sabha and Printed by the Controller, Printing and Stationery Department, (U.T.). Chandigarh.

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Debates

4th November, 1985

Vol. I—No. 9

OFFICIAL REPORT

CONTENTS

Monday, the 4th November, 1985

		Page
Starred Questions and Answers	..	(9)1
Unstarred Questions and Answers	..	(9)21
Question of Privilege	..	(9)24
Call Attention Notices under Rule 66	..	(9)24
Papers Laid on the Table	..	(9)26
Resumption of Discussion on Governor's Address	..	(9)26
Extension of Time of the Sitting	..	(9)68
Resumption of Discussion on Governor's Address	..	(9)68
Third Report of the Business Advisory Committee	..	(9)71

PUNJAB VIDHAN SABHA SECRETARIAT, CHANDIGARH

Price :

Rs 50.00

Original with;
Punjab Vidhan Sabha
Digitized by;
Punjab Digital Library

Original with;
Punjab Vidhan Sabha
Digitized by;
Panjab Digital Library

ERRATA
TO
PUNJAB VIDHAN SABHA
DEBATES
DATED 4th November,1985
Vol.I-No.9

Read	For	Page	Line
People	Peeple	(9)6	16
ਰੌਲਾ	ਰੋਲਾ	(9)20	6ਵੀਂ ਹੇਠੋਂ
ਮੁੱਖ ਮੰਤਰੀ	ਮੱਖ ਮੰਤਰੀ	(9)21	9
ਇੰਪੋਰਟ	ਐਕਸਪੋਰਟ	(9)25	3
ਅਮਕਾਨ	ਅਮਕਾਮ	(9)28	12ਵੀਂ ਹੇਠੋਂ
ਸਰਦਾਰ	ਸਰਕਾਰ	(9)30	10
ਕਰਕੇ	ਕਹਕੇ	(9)38	13ਵੀਂ ਹੇਠੋਂ
ਸਰੇ	ਸਾਰੇ	(9)42	10
occurred	accured	(9)55	19
ਟੂ	ਟ	(9)70	10ਵੀਂ ਹੇਠੋਂ

Original with:
Punjab Vidhan Sabha
Digitized by:
Panjab Digital Library

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Monday, the 4th November, 1985

The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock. Mr. Speaker (Sardar Ravi Inder Singh) in the Chair.

STARRED QUESTIONS AND ANSWERS

Introduction of N.C.E.R.T. Syllabi in the Privately-managed Schools in the State

*23. **Master Mohan Lal** : Will the Minister for Education be pleased to state—

(a) whether the Government has under consideration any proposal to introduce N.C.E.R.T. Syllabi in Government and Privately-managed Schools in the State :

(b) the number of books recommended by the Punjab State Education Board under this scheme ?

ਸਰਦਾਰ ਸੁਖਜਿੰਦਰ ਸਿੰਘ : (ੳ) ਤੇ (ਅ) ਪਿਛਲੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਰਾਜ ਦੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਗੈਰ-ਸਰਕਾਰੀ ਸਕੂਲਾਂ ਵਿਚ ਸੀ.ਬੀ.ਐਸ.ਈ. ਦੇ ਪਾਠ-ਕ੍ਰਮ ਅਨੁਸਾਰ ਐਨ.ਸੀ.ਈ.ਆਰ.ਟੀ. ਦੀਆਂ ਪੁਸਤਕਾਂ ਪਹਿਲੀ ਤੋਂ ਦਸਵੀਂ ਤੱਕ ਪੰਜਾਬ ਸਕੂਲ ਸਿਖਿਆ ਬੋਰਡ ਦੁਆਰਾ ਨੀਯਤ ਕੀਤੀਆਂ ਜਾਣ। ਇਸ ਫੈਸਲੇ ਮੁਤਾਬਿਕ ਸਾਰੀਆਂ 164 ਪੁਸਤਕਾਂ ਦਾ ਰੀਵਿਊ ਕਰਨ ਉਪਰੰਤ, 59 ਪੁਸਤਕਾਂ ਦਾਖਲਾ ਸਾਲ 1985 ਤੋਂ ਲਾਗੂ ਕਰ ਦਿੱਤੀਆਂ ਸਨ ਅਤੇ 39 ਪੁਸਤਕਾਂ ਦਾਖਲਾ ਸਾਲ 1986 ਤੋਂ ਲਾਗੂ ਕੀਤੀਆਂ ਜਾਣੀਆਂ ਸਨ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਐਸਾ ਲਗਦਾ ਹੈ ਕਿ ਜਿਹੜੇ ਆਫਿਸ਼ਲਜ਼ ਨੇ ਜਵਾਬ ਤਜਵੀਜ਼ ਕੀਤਾ ਹੈ, ਉਨ੍ਹਾਂ ਨੇ ਢੰਗੀ ਤਰ੍ਹਾਂ ਸਰਵੇ ਨਹੀਂ ਕੀਤਾ ਲਗਦਾ ਕਿਉਂਕਿ ਸਕੀਮ ਨੂੰ ਲਾਗੂ ਕਰਨ ਤੋਂ ਬਾਅਦ ਸਕੂਲਾਂ ਵਿੱਚ ਬੱਚਿਆਂ ਨੂੰ ਨਾ ਤਾਂ ਕੋਈ ਟੈਕਸਟ-ਬੁਕ ਅਵੇਲੇਬਲ ਹੋਈ ਹੈ ਅਤੇ ਨਾ ਹੀ ਕਿਸੇ ਟੀਚਰ ਨੂੰ ਕਿਸੇ ਤਰ੍ਹਾਂ ਦੀ ਕੋਈ ਟਰੇਨਿੰਗ ਦਿੱਤੀ ਗਈ ਹੈ। ਉਨ੍ਹਾਂ ਦੀ ਜਗ੍ਹਾ ਸਕੂਲਾਂ ਵਿੱਚ ਗਾਈਡਾਂ ਪਹਿਲਾਂ ਪਹੁੰਚ ਗਈਆਂ ਹਨ ਅਤੇ ਟੈਕਸਟ -ਬੁਕਸ ਹਾਲੇ ਤੱਕ ਨਹੀਂ ਆਈਆਂ। ਮੈਂ ਈ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਭ੍ਰਿਸ਼ਟਾਚਾਰ ਨੂੰ ਦੂਰ ਕੀਤਾ ਜਾਵੇ ਅਤੇ ਟੈਕਸਟ-ਬੁਕਸ ਜਲਦੀ ਤੋਂ ਜਲਦੀ ਸਕੂਲਾਂ ਵਿੱਚ ਭੇਜੀਆਂ ਜਾਣ ਤਾਕਿ ਮਾਸਟਰ ਬੱਚਿਆਂ ਨੂੰ ਗਾਈਡਾਂ ਖਰੀਦਣ ਲਈ ਮਜ਼ਬੂਰ ਨਾ ਕਰਨ। It is an undue burden on the parents. What is the policy of the Government to check this malaise?

ਮੰਤਰੀ : ਸਪੀਕਰ ਸਾਹਿਬ, ਇਸ ਸਿਲੇਬਸ ਨੂੰ ਲਾਗੂ ਕਰਨ ਦਾ ਫੈਸਲਾ ਪਿਛਲੀ ਸਰਕਾਰ ਨੇ ਲਿਆ ਸੀ ਜਿਹੜਾ ਅਨਫੋਰਦੂਨੇਟਲੀ ਕਾਫੀ ਲੇਟ ਹੋਇਆ ਸੀ। ਇਸ ਬਾਰੇ ਸਵਾਲ ਦੋਬਾਰਾ ਹੋਰ ਆ ਰਿਹਾ ਹੈ। ਜਿਹੜਾ ਚੀਪ ਪੇਪਰ ਗੌਰਮਿੰਟ ਆਫ ਇੰਡੀਆ ਵਲੋਂ ਪ੍ਰਾਪਤ ਹੁੰਦਾ ਹੈ ਉਹ ਵੀ ਕਾਫੀ ਲੇਟ ਰਿਸੀਵ ਹੋਇਆ ਸੀ। ਅਸੀਂ ਅਗਲੇ ਸਾਲ ਲਈ ਫੈਸਲਾ ਕਰ ਦਿੱਤਾ ਹੈ ਕਿ ਸਕੂਲ ਖੁਲ੍ਹਣ ਤੋਂ ਪਹਿਲਾਂ ਹੀ ਟੈਕਸਟ-ਬੁਕਸ ਸਕੂਲਾਂ ਵਿੱਚ ਅਵੇਲੇਬਲ ਹੋ ਜਾਣਗੀਆਂ।

Original with;
Punjab Vidhan Sabha
Digitized by;
Panjab Digital Library

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਕੀਮ ਤਾਂ ਚਾਲੂ ਕਰ ਦਿੱਤੀ ਪਰ ਟੀਚਰਜ਼ ਨੂੰ ਨਵੇਂ ਸਿਲੇਬਸ ਬਾਰੇ ਕੋਈ ਟਰੇਨਿੰਗ ਨਹੀਂ ਦਿੱਤੀ ਗਈ। ਉਨ੍ਹਾਂ ਨੂੰ ਇਸ ਬਾਰੇ ਕੋਈ ਗਿਆਨ ਹੀ ਨਹੀਂ। ਮੇਰੇ ਵਰਗੇ ਮਾਸਟਰ ਜਿਹੜੇ ਪਹਿਲਾਂ ਹਿਸਾਬ ਪੜ੍ਹਾਉਂਦੇ ਸਨ, ਉਨ੍ਹਾਂ ਨੂੰ ਨਵੇਂ ਦਾ ਗਿਆਨ ਨਹੀਂ। ਇਸੇ ਲਈ ਮਾਸਟਰ ਬੱਚਿਆਂ ਨੂੰ ਗਾਈਡਾਂ ਲੈਣ ਲਈ ਮਜ਼ਬੂਰ ਕਰਦੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਟੀਚਰਜ਼ ਨੂੰ ਟਰੇਨਿੰਗ ਦੇਣ ਵਾਸਤੇ ਇਹ ਕੀ ਕਰ ਰਹੇ ਹਨ ?

ਮੰਤਰੀ: ਸਪੀਕਰ ਸਾਹਿਬ, ਪਹਿਲੀ ਗੱਲ ਕਿ ਨਾਲਾਇਕ ਤਾਂ ਏਥੇ ਕੋਈ ਆਉਂਦੇ ਨਹੀਂ। ਬਾਕੀ ਪਹਿਲਾਂ ਪਹਿਲਾਂ ਥੋਹੜੀ ਬਹੁਤ ਤਾਂ ਔਕੜ ਆਉਂਦੀ ਹੀ ਹੈ। ਅਸੀਂ ਟਰੇਨਿੰਗ ਸਕੂਲਾਂ ਦਾ ਨੰਬਰ ਅੱਗੇ ਨਾਲੋਂ ਵਧਾ ਕੇ ਸਾਰੇ ਟੀਚਰਜ਼ ਨੂੰ ਟਰੇਨਿੰਗ ਦੇਣ ਦੀ ਸਕੀਮ ਲਾਗੂ ਕਰ ਰਹੇ ਹਾਂ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਕੂਲਾਂ ਵਿੱਚ ਜਿਥੇ ਕਿਤਾਬਾਂ ਦੀ ਪਰਾਬਲਮ ਹੈ, ਉਥੇ ਕਾਪੀਆਂ ਵੀ ਨਹੀਂ ਮਿਲਦੀਆਂ। ਪਤਾ ਨਹੀਂ ਸਕੂਲਾਂ ਵਿੱਚ ਸਸਤੇ ਰੇਟ ਤੇ ਕਾਪੀਆਂ ਦੇਣ ਦਾ ਸਿਸਟਮ ਹੀ ਬੰਦ ਹੋ ਚੁੱਕਾ ਹੈ। ਬੱਚਿਆਂ ਨੂੰ ਬੜੇ ਮਹਿੰਗੇ ਰੇਟਸ ਤੇ ਕਾਪੀਆਂ ਖਰੀਦਣੀਆਂ ਪੈਂਦੀਆਂ ਹਨ। ਮਨਿਸਟਰ ਸਾਹਿਬ ਇਸ ਬਾਰੇ ਕੀ ਕਰ ਰਹੇ ਹਨ ?

ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਤਾਂ ਇਹ ਕੋਈ ਅਲਹਿਦਾ ਸਵਾਲ ਕਰ ਦੇਣ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਬੜਾ ਬੇਸਿਕ ਕੁਐਸਚਨ ਹੈ ਕਿ ਨਵਾਂ ਸਿਸਟਮ ਲਾਗੂ ਕਰ ਦਿੱਤਾ ਗਿਆ ਹੈ, ਸਕੂਲਾਂ ਵਿੱਚ ਕਿਤਾਬਾਂ ਨਹੀਂ ਅਤੇ ਟੀਚਰਜ਼ ਨੂੰ ਕੋਈ ਟਰੇਨਿੰਗ ਨਹੀਂ। ਇਨ੍ਹਾਂ ਵਜ੍ਹਾ ਕਰਕੇ ਜਿਹੜਾ ਸਟੂਡੈਂਟ ਕਮਿਊਨਿਟੀ ਨੂੰ ਘਾਟਾ ਪਿਆ ਹੈ, ਉਸਦਾ ਜ਼ਿੰਮੇਵਾਰ ਕੌਣ ਹੈ ਅਤੇ ਇਹ ਕੁਤਾਹੀ ਕਿਸਨੇ ਕੀਤੀ ਹੈ ਤੇ ਇਹ ਉਸਦੇ ਖਿਲਾਫ ਕੀ ਕਾਰਵਾਈ ਕਰਨਗੇ ? ਇਹ ਜਿਹੜੀਆਂ ਕਿਤਾਬਾਂ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਟੈਕਸਟ ਬੁਕ ਬੋਰਡ ਨੇ ਦੇਣੀਆਂ ਹਨ, ਕੀ ਇਸੇ ਤਰ੍ਹਾਂ ਹੋਰ ਕੋਈ ਤਰੀਕੇ ਕੱਢ ਕੇ ਇਸ ਪਾਲਿਸੀ ਨੂੰ ਡੀ-ਸੈਂਟਰੇਲਾਈਜ਼ ਕਰਕੇ ਕਿਤਾਬਾਂ ਜਲਦੀ ਤੋਂ ਜਲਦੀ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਮੈਂ ਇਸ ਬਾਰੇ ਪਹਿਲਾਂ ਵੀ ਬੇਨਤੀ ਕੀਤੀ ਹੈ।

ਸ਼੍ਰੀ ਸਪੀਕਰ : ਤੁਸੀਂ ਹੁਣ ਪਾਂਧੀ ਸਾਹਿਬ ਨੂੰ ਸਮਝਾ ਦਿਓ।

ਮੰਤਰੀ : ਅਸੀਂ ਅਗਲੇ ਸਾਲ ਤੋਂ ਬਿਲਕੁਲ ਕੋਈ ਸ਼ਿਕਾਇਤ ਨਹੀਂ ਆਉਣ ਦਿਆਂਗੇ। ਇਹ ਫੈਸਲਾ ਲੇਟ ਲਿਆ ਗਿਆ ਸੀ ਅਤੇ ਦਿੱਲੀ ਤੋਂ ਕਾਗਜ਼ ਵੀ ਲੇਟ ਪਹੁੰਚਿਆ। ਅੱਗੇ ਤੋਂ ਕਾਗਜ਼ ਵੀ ਬਫਰ ਸਟਾਕ ਵਿੱਚ ਰੱਖਾਂਗੇ।

ਸ਼੍ਰੀ ਸਪੀਕਰ : ਪਾਂਧੀ ਸਾਹਿਬ ਤਾਂ ਪੁੱਛਦੇ ਹਨ ਕਿ ਕੀ ਇਨਕਆਇਰੀ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਇਸਦੀ ਇਨਕੁਆਇਰੀ ਹੋ ਗਈ ਹੈ ਅਤੇ ਸਜ਼ਾ ਮਿਲ ਗਈ ਹੈ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਇਹ ਜਿਹੜੀ ਸਿਲੇਬਸ ਦੀ ਸਿਲੈਕਸ਼ਨ ਹੋਈ ਹੈ ਜਾਂ ਹੋਰ ਕਰਨੀ ਹੈ, ਇਸ ਬਾਰੇ ਕਿਹੜਾ ਕਰਾਈਟੇਰੀਆ ਇਖਤਿਆਰ ਕੀਤਾ ਜਾਵੇਗਾ, ਇਹ ਗੱਲ ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਸਿਲੇਬਸ ਦੀ ਸਿਲੈਕਸ਼ਨ ਵੇਲੇ ਆਪਣੀ ਰੀਜਨਲ ਤੇ ਲੋਕਲ ਕਲਚਰ ਨੂੰ ਸਾਹਮਣੇ ਰਖਿਆ ਜਾਵੇਗਾ। ਜਿਵੇਂ ਸੋਸ਼ਲ ਸਾਇੰਸ ਵਗੈਰਾ ਹੈ, ਉਸ ਵਿੱਚ ਕੋਈ ਖਾਸ ਫਰਕ ਨਹੀਂ ਆਵੇਗਾ।

Construction of New Hospital at Batala

*30. **Shri Ashwani Sekhri :** Will the Minister for Health and Family Welfare be pleased to state—

(a) whether it is a fact that the Government has acquired land for the construction of a new Hospital at Batala, if so, the details thereof ;

(b) the time by which the construction of the said Hospital mentioned in part (a) above is likely to be started ?

Sardar Basant Singh Khalsa : (a) Yes. Land measuring 90 Kanals 6 Marlas has been acquired for the construction of new building for Civil Hospital, Batala.

(b) It is not possible to specify the time by which the construction work of the hospital will start as numerous formalities are to be completed before that.

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਬਟਾਲਾ ਦਾ ਰੂਰਲ ਏਰੀਆ ਹੈ ਉਹ ਬਿਲਕੁਲ ਬੈਕਵਰਡ ਤੇ ਬਾਰਡਰ ਏਰੀਆ ਹੈ ਤੇ ਉਸਦੇ 25 ਕਿਲੋ-ਮੀਟਰ ਦੇ ਇਲਾਕੇ ਵਿੱਚ ਕੋਈ ਸਹੀ ਫੈਸਿਲਿਟੀ ਵਾਲਾ ਹਸਪਤਾਲ ਨਹੀਂ ਹੈ। ਇਸ ਕਰਕੇ ਇਸ ਹਸਪਤਾਲ ਨੂੰ ਟਾਪ ਪਰਾਇਰਿਟੀ ਤੇ ਬਨਾਉਣਾ ਚਾਹੀਦਾ ਹੈ। ਹੁਣ ਕਿਹੜੀਆਂ ਐਸੀਆਂ ਫਾਰ-ਮੈਲਿਟੀਜ਼ ਹਨ ਜਿਨ੍ਹਾਂ ਕਰਕੇ ਇਹ ਡਿਲੇ ਹੋ ਰਹੀ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਜ਼ਮੀਨ ਐਕੁਆਇਰ ਕਰ ਲਈ ਗਈ ਹੈ ਅਤੇ ਇਹ ਵੀ ਠੀਕ ਹੈ ਕਿ ਇਹ ਬੈਕਵਰਡ ਏਰੀਆ ਹੈ ਅਤੇ ਉਥੇ ਹਸਪਤਾਲ ਛੇਤੀ ਬਨਣਾ ਚਾਹੀਦਾ ਹੈ ਲੇਕਿਨ ਹੋਰ ਕਾਰਵਾਈਆਂ ਤੋਂ ਇਲਾਵਾ ਪੈਸੇ ਦੀ ਬੜੀ ਲੋੜ ਹੈ।

ਸ਼੍ਰੀ ਸਪੀਕਰ : ਮੈਂ ਤੁਹਾਨੂੰ ਇੰਟਰਪਟ ਕਰ ਰਿਹਾ ਹਾਂ ਪਰ ਜੇ ਬਟਾਲਾ ਬੈਕਵਰਡ ਏਰੀਆ ਹੈ ਤਾਂ ਫਾਰਵਰਡ ਏਰੀਆ ਕਿਹੜਾ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਉਸ ਇਲਾਕੇ ਦੀ ਗੱਲ ਕਰ ਰਹੇ ਹਨ ਜਿਥੇ ਕੋਈ ਇੰਡਸ-ਟਰੀ ਨਹੀਂ ਅਤੇ ਪਿੰਡਾਂ ਨਾਲ ਵੀ ਪਹਾੜੀ ਜਿਹਾ ਇਲਾਕਾ ਲਗਦਾ ਹੈ। ਇਸੇ ਕਰਕੇ ਇਸਨੂੰ ਪਰਾਇਰਿਟੀ ਦਿੱਤੀ ਜਾਵੇਗੀ।

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਇਹ ਬਿਲਕੁਲ ਬੈਕਵਰਡ ਏਰੀਆ ਹੈ। ਇਸ ਇਲਾਕੇ ਨਾਲ ਜਿਹੜੀਆਂ ਹੋਰ 4 ਕਾਂਸਟੀਚਿਉਐਂਸੀਜ਼ ਲਗਦੀਆਂ ਹਨ, ਉਨ੍ਹਾਂ ਵਿੱਚ ਵੀ ਕੋਈ ਹਸਪਤਾਲ ਨਹੀਂ। ਸਾਰੇ ਲੋਕ ਏਥੇ ਹੀ ਆਉਂਦੇ ਹਨ। ਮੇਰੇ ਕੋਲ ਇਕ ਸਕੀਮ ਹੈ ਜਿਸ ਅਨੁਸਾਰ ਸਰਕਾਰ ਦਾ ਕੋਈ ਪੈਸਾ ਨਹੀਂ ਲਗੇਗਾ ਅਤੇ ਪੈਸੇ ਵੀ ਉਥੋਂ ਹੀ ਜ਼ਮੀਨ ਵਿਚੋਂ ਕਰੀਏਟ ਕਰਕੇ ਹਸਪਤਾਲ ਬਨਾਉਣ ਦਾ ਬੰਦੋਬਸਤ ਕੀਤਾ ਜਾ ਸਕਦਾ ਹੈ। ਜੇ ਸਰਕਾਰ ਚਾਹਵੇਗੀ ਤਾਂ ਮੈਂ ਸਕੀਮ ਇਨ੍ਹਾਂ ਨੂੰ ਦੇ ਸਕਦਾ ਹਾਂ।

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਜ਼ਮੀਨ ਤਾਂ ਖਰੀਦ ਲਈ ਹੈ ਜਦੋਂ ਤੱਕ ਉਥੇ ਬਿਲਡਿੰਗ ਨਹੀਂ ਬਣਦੀ ਉਦੋਂ ਤੱਕ ਨਾ ਤਾਂ ਬਿਲਡਿੰਗ ਵੇਚੀ ਜਾ ਸਕਦੀ ਹੈ ਅਤੇ ਨਾ ਹੀ ਉਸਨੂੰ ਮਾਡਰਨ ਟਾਈਪ ਬਨਾਉਣ ਬਾਰੇ ਕੁਝ ਦੱਸਿਆ ਜਾ ਸਕਦਾ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਕਿੰਨੇ ਹੀ ਹਸਪਤਾਲ ਸਟਾਰਟ ਹੋ ਗਏ ਸਨ। ਜਿਨ੍ਹਾਂ ਦੀ ਬੁਨਿਆਦ ਰੱਖ ਦਿੱਤੀ ਗਈ ਹੈ। ਉਨ੍ਹਾਂ ਵਿਚੋਂ ਕਿਸੇ ਦਾ ਕਮਰਾ ਅਤੇ ਕਿਸੇ ਦੀ ਦੀਵਾਰ ਪੈ ਗਈ ਹੈ। ਕੀ ਇਹ ਉਨ੍ਹਾਂ ਨੂੰ ਪਹਿਲਾਂ ਕੰਪਲੀਟ ਕਰਨ ਦੀ ਕੋਸ਼ਿਸ਼ ਕਰਨਗੇ ? ਲੁਧਿਆਣਾ ਵਿੱਚ ਵੀ ਹਸਪਤਾਲ ਦੀ ਬੁਨਿਆਦ ਰੱਖੀ ਗਈ ਸੀ, ਉਸਦੇ ਬਾਰੇ ਇਹ ਕੀ ਕਰਨਗੇ ? ਸਪਲੀਮੈਂਟਰੀ ਬਜਟ ਵਿੱਚ ਤਾਂ ਐਫ.ਐਮ. ਸਾਹਿਬ ਨੇ ਸਾਰਾ ਫੰਡ ਆਪਣੇ ਏਰੀਏ ਲਈ ਲੈ ਲਿਆ ਹੈ।

ਮੰਤਰੀ : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਇਹ ਹਸਪਤਾਲ ਕਾਫੀ ਦੇਰ ਤੋਂ ਇਨਕੰਪਲੀਟ ਪਿਆ ਹੈ ਅਤੇ ਇਸਦਾ ਬਹੁਤ ਥੋਹੜਾ ਜਿਹਾ ਹਿੱਸਾ ਬਣਿਆ ਹੈ। ਜਿਹੜਾ ਸਾਡੇ ਕੋਲ ਪੈਸਾ ਬਚਦਾ ਹੈ, ਉਸਨੂੰ ਯੂਟੇਲਾਈਜ਼ ਕਰਕੇ ਇਸਨੂੰ ਛੇਤੀ ਤੋਂ ਛੇਤੀ ਬਨਾਉਣ ਦਾ ਯਤਨ ਕਰਾਂਗੇ।

Vacancies of Homoeopathic Physicians

***39. Shri Hari Mitter Hans :** Will the Minister for Health and Family Welfare be pleased to state—

(a) the number of vacancies of Homoeopathic Physicians advertised by the Government during the year 1984-85 alongwith qualifications and experience prescribed for the said posts ;

(b) the number of applications received for the posts referred to in part (a) above ;

(c) the number of applicants out of those referred to in part (b) above who fulfilled the prescribed qualifications ;

(d) the total number of candidates whom interview letters were issued ;

(e) the criteria adopted for the selection of the candidates for the said posts ?

Sardar Basant Singh Khalsa : (a) (i) 12.

(ii) (a) Matric or its equivalent.

(b) Punjabi upto Matric standard.

(c) Degree/Diploma in Homoeopathy from the Institution mentioned in the 2nd and 3rd schedule of the Homoeopathic Central Council Act, 1973.

Original with;
Punjab Vidhan Sabha
Digitized by;
Panjab Digital Library

(d) Registered with the Council of Homoeopathic Systems of Medicine, Punjab.

(b) 259.

(c) 239.

(d) 33.

(e) Selection was based purely on merit and there were no marks for interview.

ਸ਼੍ਰੀ ਹਰੀ ਮਿੱਤਰ ਹੰਸ : ਸਪੀਕਰ ਸਾਹਿਬ, ਜਿਹੜੀਆਂ 259 ਐਪਲੀਕੇਸ਼ਨਜ਼ ਆਈਆਂ, ਉਨ੍ਹਾਂ ਵਾਸਤੇ 15 ਮਾਰਚ, 1985 ਨੂੰ ਇੰਟਰਵਿਊ ਰਖੀ ਗਈ ਅਤੇ ਉਸੇ ਦਿਨ ਹੀ ਬੰਦ ਕਰ ਦਿੱਤੀ ਗਈ। ਉਸ ਤੋਂ ਬਾਦ 5 ਜੁਲਾਈ, 1935 ਨੂੰ ਇੰਟਰਵਿਊ ਕਾਲ ਕੀਤੀ ਗਈ। ਉਸ ਵਿਚੋਂ 33 ਆਦਮੀ ਬੁਲਾਏ ਗਏ ਸਨ। ਇਨ੍ਹਾਂ ਵਿਚੋਂ 12 ਆਦਮੀ ਸਿਲੈਕਟ ਕਰ ਲਏ ਗਏ। ਇਹ ਕਹਿੰਦੇ ਹਨ ਕਿ ਮੈਰਿਟ ਦੇ ਹਿਸਾਬ ਨਾਲ ਸਿਲੈਕਸ਼ਨ ਹੋਈ ਹੈ। ਸਪੀਕਰ ਸਾਹਿਬ, ਮੇਰੇ ਕੋਲ ਉਮੀਦਵਾਰਾਂ ਦੀ ਲਿਸਟ ਹੈ। ਇਸ ਤੋਂ ਪਤਾ ਲਗਦਾ ਹੈ ਕਿ 65% ਮਾਰਕਸ ਵਾਲੇ ਸਿਲੈਕਟ ਨਹੀਂ ਕੀਤੇ ਗਏ ਅਤੇ 52% ਮਾਰਕਸ ਵਾਲੇ ਸਿਲੈਕਟ ਕਰ ਲਏ ਗਏ। ਕੀ ਮਨਿਸਟਰ ਸਾਹਿਬ ਇਸ ਬਾਰੇ ਇਨਕੁਆਇਰੀ ਕਰਵਾਉਣਗੇ ਅਤੇ ਨਾਲ ਹੀ ਇਹ ਦਸਣ ਦੀ ਖੇਚਲ ਕਰਨਗੇ ਕਿ 15 ਤਰੀਕ ਵਾਲੀ ਇੰਟਰਵਿਊ ਕੈਂਸਲ ਕਿਉਂ ਕੀਤੀ ਗਈ ?

ਮੰਤਰੀ : ਸਪੀਕਰ ਸਾਹਿਬ, ਸਾਰੇ ਵੇਰਵੇ ਮੈਂ ਦੇ ਦਿੱਤੇ ਹਨ। ਜਿੰਨੀਆਂ ਐਪਲੀਕੇਸ਼ਨਜ਼ ਆਈਆਂ ਸਨ, ਉਨ੍ਹਾਂ ਵਿਚੋਂ ਸਿਰਫ 33 ਆਦਮੀਆਂ ਨੂੰ ਜਾਇਜ਼ ਸਮਝਿਆ ਗਿਆ ਸੀ ਅਤੇ ਉਨ੍ਹਾਂ ਵਿਚੋਂ 12 ਦੀ ਚੋਣ ਹੋ ਗਈ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਿਲੈਕਸ਼ਨ ਦੀ ਕਸਵੱਟੀ ਕਿਤੇ ਉਹੀ ਤਾਂ ਨਹੀਂ ਵਰਤੀ ਗਈ ਜੋ ਇਨ੍ਹਾਂ ਦੇ ਵੇਲੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਵਰਤੀ ਜਾਂਦੀ ਸੀ, ਸੀਟਾਂ ਵੇਚਣ ਦੀ ? (ਹਾਸਾ)

ਸ਼੍ਰੀ ਹਰੀ ਮਿੱਤਰ ਹੰਸ : ਸਪੀਕਰ ਸਾਹਿਬ, ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਹੜੇ ਆਦਮੀ ਸਿਲੈਕਟ ਕੀਤੇ ਗਏ ਕੀ ਵਾਕਈ ਉਹ ਮੈਰਿਟ ਦੇ ਹਿਸਾਬ ਨਾਲ ਸਿਲੈਕਟ ਕੀਤੇ ਗਏ? 52% ਤੋਂ 58% ਤੱਕ ਮਾਰਕਸ ਵਾਲੇ ਆਦਮੀ ਚੁਣੇ ਗਏ ਪਰ 60% ਮਾਰਕਸ ਵਾਲੇ ਜਾਂ ਇਸ ਤੋਂ ਜ਼ਿਆਦਾ ਮਾਰਕਸ ਵਾਲੇ ਆਦਮੀ ਕਿਉਂ ਨਹੀਂ ਚੁਣੇ ਗਏ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੀ ਇੰਟਰਵਿਊ ਵਾਸਤੇ ਇਕ ਕਮੇਟੀ ਬਣੀ ਹੋਈ ਹੈ। ਉਸ ਵਿਚ ਉਨ੍ਹਾਂ ਨੂੰ ਵੱਖ ਵੱਖ ਯੋਗਤਾਵਾਂ ਵਾਸਤੇ ਵੱਖ ਵੱਖ ਨੰਬਰ ਰੱਖੇ ਹੋਏ ਹਨ ਜਿਵੇਂ ਐਕੈਡੇਮਿਕ ਕੁਆਲੀਫਿਕੇਸ਼ਨ ਦੇ 10, ਪ੍ਰੋਫੈਸ਼ਨਲ ਕੁਆਲੀਫਿਕੇਸ਼ਨ ਦੇ 10, ਐਕਸਪੀਰੀਐਂਸ ਦੇ 5 ਅਤੇ ਐਕਸਟਰਾ ਪ੍ਰੋਫੈਸ਼ਨਲ ਕੁਆਲੀਫਿਕੇਸ਼ਨਜ਼ ਦੇ 5 । ਇਸ ਤਰ੍ਹਾਂ ਨਾਲ ਇਹ ਕੁੱਲ 50 ਨੰਬਰ ਬਣਦੇ ਹਨ ਅਤੇ ਉਨ੍ਹਾਂ ਦੇ ਆਧਾਰ ਤੇ ਹੀ ਸਿਲੈਕਸ਼ਨ ਕੀਤੀ ਜਾਂਦੀ ਹੈ। ਜੇ ਕੋਈ ਗਲਤ ਸਿਲੈਕਸ਼ਨ ਹੋਈ ਹੈ, ਉਸ ਬਾਰੇ ਪਤਾ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਵੈਸੇ ਇਹ ਇੰਟਰਵਿਊ ਹੋਈ ਕਦੋਂ ਹੈ ?

ਮੰਤਰੀ : ਇਹ ਪਹਿਲਾਂ ਦੀ ਹੋਈ ਹੋਈ ਹੈ।

ਸ਼੍ਰੀ ਹਰੀ ਮਿਤਰ ਹੰਸ : ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਇਹ ਸੀ ਕਿ ਜਿਹੜੇ 68% ਮਾਰਕਸ ਵਾਲੇ ਆਦਮੀ ਸਨ, ਉਨ੍ਹਾਂ ਨੂੰ ਕਿਉਂ ਨਹੀਂ ਰਖਿਆ ਗਿਆ ? ਦੂਸਰੇ, ਇੰਟਰਵਿਊ ਕਮੇਟੀ ਵਿਚ ਕੀ ਉਸ ਵਿਭਾਗ ਦਾ ਕੋਈ ਮੈਂਬਰ ਸੀ ਜਿਸ ਵਿਭਾਗ ਦੀਆਂ ਇਹ ਆਸਾਮੀਆਂ ਸਨ ?

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਦਾ ਜਵਾਬ ਦੇ ਚੁੱਕਾ ਹਾਂ। ਫਿਰ ਵੀ ਜੋ ਕੁਝ ਇਨ੍ਹਾਂ ਨੇ ਆਖਿਆ, ਹੈ ਅਸੀਂ ਉਸਦਾ ਪਤਾ ਕਰਕੇ ਤੁਹਾਡੇ ਰਾਹੀਂ ਦਸ ਦਿਆਂਗੇ।

Disbursement of Flood Relief to the Affected People

***29. Shri Jagjit Singh** : Will the Minister for Revenue and Rehabilitation be pleased to state—

(a) the total amount received by the Government as relief from the Central Government for the flood affected people in the State ;

(b) the total amount out of the amount mentioned in part (a) above which has since been disbursed to the flood affected peeple in the State and the time by which the remaining amount is likely to be disbursed ?

ਸਰਦਾਰ ਮੇਜਰ ਸਿੰਘ ਉਬੋਕੇ : (ਉ) ਭਾਰਤ ਸਰਕਾਰ ਨੇ 35.00 ਕਰੋੜ ਰੁਪਏ "ਵੇਜ ਐਂਡ ਮੀਨਜ਼ ਐਡਵਾਂਸ" ਵਜੋਂ ਮਨਜ਼ੂਰ ਕੀਤੇ ਹਨ, ਜਿਹੜੇ ਕਿ ਸਾਲ 1985–86 ਲਈ 60.88 ਕਰੋੜ ਰੁਪਏ ਦੀ ਮਨਜ਼ੂਰ ਕੀਤੀ ਹੜ੍ਹ ਰਾਹਤ ਵਿਚੋਂ ਐਡਜਸਟ ਕੀਤੇ ਜਾਣਗੇ।

(ਅ) ਮਿਤੀ 30 ਅਕਤੂਬਰ, 1985 ਤੱਕ 2646.27 ਲੱਖ ਰੁਪਏ ਦੀ ਰਾਹਤ ਵੰਡੀ ਜਾ ਚੁੱਕੀ ਹੈ। ਰਾਹਤ ਦੀ ਵੰਡ ਜਲਦੀ ਹੀ ਮੁਕੰਮਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ ਜਿਹੜੀ ਹੁਣ ਤੱਕ ਗ੍ਰਾਂਟ ਵੰਡੀ ਗਈ ਹੈ, ਉਹ ਇਨ੍ਹਾਂ ਦੇ ਦੱਸਣ ਦੇ ਮੁਤਾਬਿਕ 26 ਕਰੋੜ 46 ਲੱਖ 27 ਹਜ਼ਾਰ ਰੁਪਏ ਹੈ ਅੌਰ 9 ਕਰੋੜ ਰੁਪਏ ਦੀ ਰਕਮ ਹਾਲੇ ਵੰਡੀ ਨਹੀਂ ਗਈ ਹੈ। ਜ਼ਿਲ੍ਹਿਆਂ ਵਿਚ ਜਦੋਂ ਅਸੀਂ ਪੁਛਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਨੂੰ ਪੈਸਾ ਨਹੀਂ ਮਿਲਿਆ। ਕੀ ਇਹ ਜ਼ਿਲ੍ਹਿਆਂ ਨੂੰ ਪੈਸਾ ਦੇਣਗੇ ਅਤੇ ਇਸ ਵਾਸਤੇ ਕੋਈ ਡੇਟ ਫਿਕਸ ਕਰਨਗੇ ਕਿ ਐਸ ਤਰੀਕ ਤੱਕ ਗ੍ਰਾਂਟ ਦੇ ਦਿੱਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਜਿਹੜੀ 35 ਕਰੋੜ ਰੁਪਏ ਦੀ ਰਕਮ ਲੋਨ ਵਜੋਂ ਦਿੱਤੀ ਗਈ ਸੀ, ਉਸ ਵਿਚੋਂ ਕਿਸਾਨਾਂ ਨੂੰ ਜਾਂ ਹੋਰ ਪਿੰਡਾਂ ਦੇ ਲੋਕਾਂ ਨੂੰ ਕੇਵਲ 17 ਕਰੋੜ ਰੁਪਏ ਦਿੱਤੇ ਜਾਣੇ ਸਨ। ਬਾਕੀ ਰਕਮ ਮੁਖਤਲਿਫ ਮਹਿਕਮਿਆਂ ਜਿਵੇਂ ਐਗਰੀਕਲਚਰ, ਰੋਡਜ਼, ਬਿਲਡਿੰਗਜ਼ ਕੈਨਾਲਜ਼ ਵਗੈਰਾ ਨੂੰ ਦਿੱਤੀ ਜਾਣੀ ਹੈ। ਪੰਜਾਬ ਸਰਕਾਰ 30 ਕਰੋੜ ਰੁਪਏ ਦੀ ਰਕਮ ਪਹਿਲਾਂ ਹੀ ਡਿਪਟੀ ਕਮਿਸ਼ਨਰਾਂ ਦੀ ਡਿਸਪੋਜ਼ਲ ਤੇ ਰੱਖ ਚੁੱਕੀ ਹੈ। 6 ਕਰੋੜ 25 ਲੱਖ ਰੁਪਏ ਦੀ ਮੰਗ ਡਿਪਟੀ ਕਮਿਸ਼ਨਰਾਂ ਨੇ ਹੋਰ ਕੀਤੀ ਜਿਹੜੀ ਉਨ੍ਹਾਂ ਨੂੰ ਰਿਲੀਜ਼ ਕੀਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਰਿਲੀਫ ਹੁਣ ਤੱਕ ਦਿੱਤੀ ਗਈ ਹੈ, ਉਸ ਵਿਚੋਂ ਪੋਲਟਰੀ ਫਾਰਮਰਜ਼ ਨੂੰ ਕੋਈ ਰਿਲੀਫ ਨਹੀਂ ਦਿੱਤੀ ਗਈ। ਇਸ ਤੋਂ ਇਲਾਵਾ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਇੰਡਸਟਰੀ ਬਹੁਤ ਤਬਾਹ ਹੋਈ ਹੈ। ਉਸ ਇੰਡਸਟਰੀ ਨੂੰ ਕੋਈ ਰਿਲੀਫ ਨਹੀਂ ਦਿੱਤੀ ਗਈ। ਕੀ ਇਨ੍ਹਾਂ ਦਾ ਕੋਈ ਐਸਾ ਪ੍ਰੋਗਰਾਮ ਹੈ ਕਿ ਇੰਡਸਟਰੀ ਅਤੇ ਪੋਲਟਰੀ ਫਾਰਮਰਜ਼ ਨੂੰ ਵੀ ਰਿਲੀਫ ਦਿੱਤੀ ਜਾਵੇਗੀ ?

ਮੰਤਰੀ : ਡਿਪਟੀ ਕਮਿਸ਼ਨਰ ਦੇ ਤਸਦੀਕ ਕਰਨ ਤੇ ਉਨ੍ਹਾਂ ਨੂੰ ਰਿਲੀਫ ਦੇਣ ਵਾਸਤੇ ਸੋਚਿਆ ਜਾ ਸਕਦਾ ਹੈ । ਇਸ ਤੋਂ ਇਲਾਵਾ 31 ਅਕਤੂਬਰ, 1985 ਤੱਕ ਜਿਹੜੇ ਆਪਣੇ ਨੁਕਸਾਨ ਦੀਆਂ ਗਿਰਦਾਵਰੀਆਂ ਕਰਵਾ ਦੇਣਗੇ, ਉਨ੍ਹਾਂ ਨੂੰ ਰਿਲੀਫ ਦਿੱਤੀ ਜਾਵੇਗੀ।

ਸਰਦਾਰਨੀ ਗੁਰਬਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਇਹ ਜਿਹੜੀ ਵੰਡ ਹੋਈ ਹੈ, ਇਸ ਤੋਂ ਅਸੀਂ ਬੜੇ ਅਸੰਤੁਸ਼ਟ ਹਾਂ। ਇਹ ਰਕਮ ਦੀ ਵੰਡ ਜਿਹੜੀ ਹੋਈ ਹੈ, ਇਸ ਵਿਚ ਬੜੀ ਧਾਂਦਲੀ ਮਚੀ ਹੋਈ ਹੈ । ਜਿਹੜੇ ਲੋਕਾਂ ਦੇ ਮਕਾਨ ਗਿਰੇ ਨਹੀਂ, ਉਨ੍ਹਾਂ ਨੂੰ ਪੈਸੇ ਦਿੱਤੇ ਗਏ ਹਨ, ਜਿਹੜੇ ਲੋਕਾਂ ਦੇ ਮਕਾਨ ਗਿਰੇ ਹਨ, ਉਨ੍ਹਾਂ ਨੂੰ ਪੈਸੇ ਨਹੀਂ ਮਿਲੇ। ਕੀ ਮਨਿਸਟਰ ਸਾਹਿਬ ਇਸ ਦੀ ਰੀ–ਅਸੈਸਮੈਂਟ ਕਰਵਾਉਣ ਨੂੰ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਜੇ ਕਿਤੇ ਇਸ ਕਿਸਮ ਦੀ ਕੋਈ ਸ਼ਿਕਾਇਤ ਪਾਈ ਗਈ ਤਾਂ ਅਸੀਂ ਉਸ ਦੀ ਪੜਤਾਲ ਕਰਕੇ ਕਸੂਰਵਾਰ ਨੂੰ ਜ਼ਰੂਰ ਸਜ਼ਾ ਦਿਆਂਗੇ।

ਸਰਦਾਰ ਕੁਲਦੀਪ ਸਿੰਘ ਵਡਾਲਾ : ਸਪੀਕਰ ਸਾਹਿਬ, ਇਸ ਤਬਾਹੀ ਵਿਚ ਕਈਆਂ ਦੇ ਖੂਹ ਢਹਿ ਗਏ, ਟਿਊਬਵੈਲ ਬਹਿ ਗਏ। ਉਨ੍ਹਾਂ ਨੂੰ ਕੋਈ ਮੁਆਵਜ਼ਾ ਨਹੀਂ ਮਿਲਿਆ। ਇਸ ਤੋਂ ਇਲਾਵਾ ਜਿਹੜੀ ਗ੍ਰਾਂਟ ਦਿੱਤੀ ਗਈ ਹੈ, ਉਹ ਲਾਲ ਲਕੀਰ ਤੋਂ ਅੰਦਰ ਦਿੱਤੀ ਗਈ। ਲਾਲ ਲਕੀਰ ਤੋਂ ਬਾਹਰ ਵਾਲਿਆਂ ਨੂੰ ਨਹੀਂ ਦਿੱਤੀ ਗਈ। ਇਸ ਦਾ ਕੋਈ ਇੰਤਜ਼ਾਮ ਹੋਣਾ ਚਾਹੀਦਾ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਅਸੀਂ 31 ਅਕਤੂਬਰ ਤੱਕ ਖੁਲ੍ਹ ਦੇ ਦਿੱਤੀ ਹੈ। ਜੇ ਕੋਈ ਆਦਮੀ ਆਪਣੇ ਨੁਕਸਾਨ ਬਾਰੇ 31 ਅਕਤੂਬਰ ਤੱਕ ਵੀ ਸਬੰਧਤ ਅਧਿਕਾਰੀ ਨੂੰ ਦਸ ਦੇਵੇਗਾ, ਉਸ ਨੂੰ ਕੰਪਨਸੇਟ ਕਰਨ ਵਾਸਤੇ ਰਿਲੀਫ ਦਿੱਤੀ ਜਾਵੇਗੀ।

Setting up of Cantonment

*31. **Dr. Kewal Krishan** : Will the Minister for Revenue and Rehabilitation be pleased to state—

(a) whether it is fact that the the Government had given its concurrence for setting up of a Cantoment in District Hoshiarpur on Hoshiarpur-Una Road/Hoshiarpur-Mahilpur Road ;

(b) if the reply to part (a) above be in the the affirmative the area of land to be acquired and the number and names of villages to be dislocated along with the number and names of Government buildings, if any, located in those village to be vacated therefor ;

(c) whether the Government has finalised any proposal for the rehabilitatation of residents of those villages; if so, the details thereof ?

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ): (ਓ) ਜੀ, ਹਾਂ।

(ਅ) 6870 ਏਕੜ ਜ਼ਮੀਨ ਨਿਮਨ-ਲਿਖਤ 15 ਪਿੰਡਾਂ ਵਿਚ ਪ੍ਰਾਪਤ ਕੀਤੀ ਜਾਣੀ ਹੈ:—

ਹੁਸ਼ਿਆਰਪੁਰ ਤਹਿਸੀਲ

(1) ਖੜਕਾਂ, ਹੱਦਬਸਤ ਨੰ: 502

(2) ਚੱਕ ਹਰਨੋਲੀ ਹੱਦਬਸਤ ਨੰ: 503

(3) ਧੀਰੋਵਾਲ ਹੱਦਬਸਤ ਨੰ: 338

(4) ਬਾਠੂਲਾ ਹੱਦਬਸਤ ਨੰ: 318

(5) ਮਾਨਾ ਹੱਦਬਸਤ ਨੰ: 341

ਗੜ੍ਹਸ਼ੰਕਰ ਤਹਿਸੀਲ

(6) ਨਾਸਰਾਂ, ਹੱਦਬਸਤ ਨੰ: 327

(7) ਬਧਨਾ ਹੱਦਬਸਤ ਨੰ: 328

(8) ਤਾਜੇਵਾਲ ਹੱਦਬਸਤ ਨੰ: 329

(9) ਘਕਰਵਾਲ ਹੱਦਬਸਤ ਨੰ: 326

(10) ਪਰਸੋਵਾਲ ਹੱਦਬਸਤ ਨੰ: 325

(11) ਬਾਛੋ ਹੀ ਹੱਦਬਸਤ ਨੰ: 331

(12) ਜੈਡੋਲੀ ਹੱਦਬਸਤ ਨੰ: 324

(13) ਸਾਰੰਗਵਾਲ ਹੱਦਬਸਤ ਨੰ: 330

(14) ਸੂਨਾ ਹੱਦਬਸਤ ਨੰ: 332

15) ਮੈਲੀ ਹੱਦਬਸਤ ਨੰ: 333

ਸਰਕਾਰੀ ਇਮਾਰਤਾਂ ਬਾਰੇ ਸੂਚਨਾਂ ਇਕੱਤਰ ਕੀਤੀ ਜਾ ਰਹੀ ਹੈ।

(ਏ) ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਕਾਨੂੰਨ ਅਨੁਸਾਰ ਬਣਦੇ ਮੁਆਵਜ਼ੇ ਤੋਂ ਇਲਾਵਾ ਮੁੜ ਵਸਾਉਣ ਲਈ ਕੋਈ ਤਜਵੀਜ਼ ਹਾਲੇ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ ਲੋਕਾਂ ਨੂੰ ਮੁੜ ਵਸਾਉਣ ਦਾ ਪਲਾਨ ਅਜੇ ਤਕ ਨਹੀਂ ਬਣਿਆ ਹੈ। ਜਦੋਂ ਉਨ੍ਹਾਂ ਨੇ ਜ਼ਮੀਨ ਦੇਣੀ ਹੈ ਤਾਂ ਫਿਰ ਉਨ੍ਹਾਂ ਨੂੰ ਰੀ-ਹੈਬਲੀਟੇਟ ਕਰਨਾ ਜ਼ਰੂਰੀ ਹੈ। ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੀ ਜ਼ਮੀਨ ਲਈ ਜਾਏਗੀ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਓਨੀ ਦੇਰ ਤਕ ਉਥੋਂ ਉਠਾਇਆ ਨਹੀਂ ਜਾਏਗਾ ਜਿੰਨੀ ਦੇਰ ਤਕ ਰੀਹੈਬਲੀਟੇਟ ਕਰਨ ਲਈ ਉਨ੍ਹਾਂ ਨੂੰ ਕਿਤੇ ਹੋਰ ਜ਼ਮੀਨ ਨਹੀਂ ਦਿੱਤੀ ਜਾਏਗੀ ?

ਮੁੱਖ ਮੰਤਰੀ : ਜਦੋਂ ਲੈਂਡ ਐਕੁਆਇਰ ਕੀਤੀ ਜਾਂਦੀ ਹੈ ਤਾਂ ਆਮ ਤੌਰ ਤੇ ਮੁੜ ਵਸਾਉਣ ਦਾ ਪ੍ਰੋਗਰਾਮ ਨਾਲ ਨਹੀਂ ਹੁੰਦਾ । ਕਿਸੇ ਕਿਸੇ ਥਾਂ ਅਜਿਹਾ ਹੋਇਆ ਹੈ ਕਿਸੇ ਟਾਈਮ ਵਾਸਤੇ ਜ਼ਮੀਨ ਐਕੁਆਇਰ ਕੀਤੀ ਗਈ ਹੋਵੇ ਅੌਰ ਉਸ ਲਈ ਉਨ੍ਹਾਂ ਲਈ ਕੋਈ ਬੰਦੋਬਸਤ ਕੀਤਾ ਗਿਆ ਹੋਵੇ। ਪਰ ਆਮ ਤੌਰ ਤੇ ਮੁਆਵਜ਼ਾ ਹੀ ਦਿੱਤਾ ਜਾਂਦਾ ਹੈ। ਇਸ ਕੇਸ ਵਿਚ ਵੀ ਮੁਆਵਜ਼ਾ ਦਿੱਤਾ ਜਾਣਾ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚ ਐਗਰੀਕਲਚਰਲ ਲੈਂਡ, ਕਲਟੀਵੇਬਲ ਲੈਂਡ ਕਿੰਨੀ ਹੈ ਜਿਹੜੀ ਜੇਰੇ ਕਾਸ਼ਤ ਹੈ ਅਤੇ ਇਹ ਵੀ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਨਾਲ ਕਿੰਨੀਆਂ ਫੈਮਿਲੀਜ਼ ਅਫੈਕਟਿਡ ਹੋਣਗੀਆਂ ?

ਮੁੱਖ ਮੰਤਰੀ : ਇਸ ਵਿਚ 2/3 ਜ਼ਮੀਨ ਬੈਰਾਨੀ ਹੈ ਅਤੇ 1/3 ਜ਼ਮੀਨ ਦੂਜੀ ਹੈ । ਕਿੰਨੀਆਂ ਫੈਮਿਲੀਜ਼ ਇਸ ਨਾਲ ਅਫੈਕਟਿਡ ਹੋਣਗੀਆਂ, ਇਹ ਮੈਂ ਪਤਾ ਕਰਕੇ ਦਸ ਦਿਆਂਗਾ ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਅਖਬਾਰਾਂ ਵਿਚ ਛਪਿਆ ਹੈ ਕਿ ਕਾਬਲੇ ਕਾਸ਼ਤ ਅੱਛੀ ਜ਼ਮੀਨ ਇਸ ਵਿਚ ਜ਼ਿਆਦਾ ਲਈ ਗਈ ਹੈ ਅੌਰ ਬੈਰਾਨੀ ਬੰਜਰ ਜ਼ਮੀਨ ਵੀ ਹੈ। ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਗੱਲ ਦੀ ਇਨਕੁਆਇਰੀ ਕਰਾਏਗੀ ਕਿ ਇਸ ਵਿਚ ਕਾਬਲੇ ਕਾਸ਼ਤ ਜ਼ਮੀਨ ਕਿੰਨੀ ਲਈ ਗਈ ਹੈ ? ਕੀ ਇਸ ਢੰਗ ਨਾਲ ਕੋਈ ਪਰੋਪੋਜ਼ਲ ਬਣਾਈ ਜਾਏਗੀ ਜਿਸ ਨਾਲ ਕਿ ਕਾਬਲੇ ਕਾਸ਼ਤ ਜ਼ਮੀਨ ਬਰਬਾਦ ਨਾ ਹੋਵੇ ?

ਮੁੱਖ ਮੰਤਰੀ : ਇਹ 1982 ਤੋਂ ਮਸਲਾ ਚਲ ਰਿਹਾ ਸੀ। 1982 ਵਿਚ ਸਾਰੇ ਸਬੰਧਤ ਡਿਪਾਰਟਮੈਂਟ ਇਸ ਵਿਚ ਇਨਵਾਲਵ ਕਰਕੇ ਜਿਵੇਂ ਕਿ ਐਗਰੀਕਲਚਰ ਡਿਪਾਰਟਮੈਂਟ, ਫਾਰੈਸਟ ਡਿਪਾਰਟਮੈਂਟ, ਪੀ. ਡਬਲੀਊ.ਡੀ., ਡਿਪਟੀ ਕਮਿਸ਼ਨਰ ਅੌਰ ਕਮਿਸ਼ਨਰ ਉਸ ਵਿਚ ਸਨ, ਇਨ੍ਹਾਂ ਸਾਰਿਆਂ ਨੇ ਬਹੁਤ ਸਾਰੀਆਂ ਥਾਵਾਂ ਦੇਖਣ ਤੋਂ ਬਾਅਦ ਇਹ ਜ਼ਮੀਨ ਲੈਣ ਵਾਸਤੇ ਤਜਵੀਜ਼ ਕੀਤੀ ਗਈ। ਵੱਖੋ ਵੱਖ ਕਮੇਟੀਆਂ ਬੈਠੀਆਂ ਅੌਰ ਅਖੀਰ ਵਿਚ ਫੈਸਲਾ ਇਸ ਜ਼ਮੀਨ ਬਾਰੇ ਕੀਤਾ ਗਿਆ।

Amendment to the Punjab Municipal Corporation Act, 1976 and Punjab Municipal Act, 1911

***24. Shri Brij Bhushan Mehra :** Will the Chief Minister be pleased to state whether there is any proposal under the consideration of the Government to amend the Punjab Municipal Corporation Act, 1976 and the Punjab Municipal Act, 1911 so as to provide that supersession of the said bodies is not extended beyond a period of six months as recommended by the meeting of the Mayors of Corporations recently held at New Delhi ?

Sardar Surjit Singh Barnala : No. The proceedings of the meeting of the Executive Committee of All India Council of Mayors held at New Delhi on 9th and 10th October, 1985, have not been received so far. On receipt of the proceedings, the matter will be considered from every aspect.

Original with;
Punjab Vidhan Sabha
Digitized by;
Panj[illegible] Digital Library

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ : ਸਪੀਕਰ ਸਾਹਿਬ, ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਵਿਚ ਬਣਿਆ ਹੈ ਅੱਤੇ ਇਸ ਗੱਲ ਨੂੰ 9 ਸਾਲ ਹੋ ਗਏ ਹਨ। ਲੋਕਾਂ ਦਾ ਜਮਹੂਰੀ ਹੱਕ ਹੈ ਕਿ ਇਲੈਕਸ਼ਨਜ਼ ਕਰਾਏ ਜਾਣ ਪਰ ਇਥੇ ਇਲੈਕਸ਼ਨਜ਼ ਨਹੀਂ ਕਰਾਏ ਗਏ ਹਨ। ਇਸ ਸਮੇਂ ਦੌਰਾਨ ਅਕਾਲੀ ਸਰਕਾਰ ਆਈ, ਕਾਂਗਰਸ ਸਰਕਾਰ ਵੀ ਆਈ ਅੱਤੇ ਗਵਰਨਰ ਸਾਹਿਬ ਦਾ ਰੂਲ ਵੀ 3 ਸਾਲ ਰਿਹਾ। ਇਹ ਲੋਕਾਂ ਦਾ ਸੰਵਿਧਾਨਿਕ ਹੱਕ ਹੈ, ਇਸ ਲਈ ਸਦਨ ਨੂੰ ਸੂਓ-ਮੋਟੋ ਕੋਸ਼ਿਸ਼ ਕਰਕੇ ਆਪ ਹੀ ਕਾਨੂੰਨ ਬਣਾ ਦੇਣਾ ਚਾਹੀਦਾ ਹੈ ਅੱਤੇ ਇਲੈਕਸ਼ਨਜ਼ ਸਮੇਂ ਸਿਰ ਕਰਾ ਦੇਣੇ ਚਾਹੀਦੇ ਹਨ ।

ਮੁੱਖ ਮੰਤਰੀ : ਮਾਨਯੋਗ ਮੈਂਬਰ ਸਾਹਿਬ, ਆਪ ਸਪੀਕਰ ਰਹਿ ਚੁੱਕੇ ਹਨ। ਇਹ 1977 ਦੀਆਂ ਕਾਰਪੋਰੇਸ਼ਨਾਂ ਬਣੀਆਂ ਹੋਈਆਂ ਹਨ। 8 ਸਾਲ ਹੋ ਗਏ ਹਨ ਕੋਈ ਯਤਨ ਨਹੀਂ ਕੀਤਾ ਗਿਆ ਕਿ ਸਦਨ ਵਲੋਂ ਇਹ ਸੂਓ-ਮੋਟੋ ਇਲੈਕਸ਼ਨਜ਼ ਕਰਾਉਣ ਬਾਰੇ ਕਾਨੂੰਨ ਬਣਾ ਦਿੱਤਾ ਜਾਏ। ਇਨ੍ਹਾਂ ਵੱਲੋਂ ਇਸ ਕਿਸਮ ਦਾ ਕੋਈ ਯਤਨ ਨਹੀਂ ਕੀਤਾ ਗਿਆ।

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ : ਸਪੀਕਰ ਸਾਹਿਬ, ਇਹ ਰਿਕਾਰਡ ਦੱਸੇਗਾ ਕਿ ਜਦੋਂ ਮੈਂ ਤੁਹਾਡੀ ਕੁਰਸੀ ਤੇ ਬੈਠਾ ਹੋਇਆ ਸੀ ਤਾਂ ਉਸ ਵੇਲੇ ਮੈਂ ਬਹੁਤ ਕੋਸ਼ਿਸ਼ ਕੀਤੀ ਅੱਤੇ ਸਰਕਾਰ ਨੂੰ ਵੀ ਇਸ ਸਬੰਧੀ ਕਿਹਾ। (ਵਿਘਨ)

ਸ਼੍ਰੀ ਸਪੀਕਰ : ਮੈਂ ਫਿਰ ਗੁਸਤਾਖੀ ਕਰ ਰਿਹਾ ਹਾਂ ਕਿ ਇਸ ਕੁਰਸੀ ਦਾ ਕੋਈ ਹੱਕ ਨਹੀਂ ਕਿ ਇਸ ਤਰ੍ਹਾਂ ਦੀ ਗਲ ਕਰੇ।

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ : ਇਥੇ ਕੋਈ ਨਾ ਕੋਈ ਮੋਰਚਾ ਚਲਦਾ ਰਿਹਾ ਹੈ । ਪੁਰਾਣੇ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਜਲਦੀ ਇਲੈਕਸ਼ਨਜ਼ ਕਰਾ ਦਿਆਂਗਾ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਲਈ ਕੋਈ ਲੀਗਲ ਪਰੋਵੀਜ਼ਨ ਹੋਣਾ ਚਾਹੀਦਾ ਹੈ ਜਿਸ ਨਾਲ ਕਿ ਲੋਕਾਂ ਦੇ ਅਧਿਕਾਰਾਂ ਦੀ ਰਾਖੀ ਹੋ ਸਕੇ।

ਮੁੱਖ ਮੰਤਰੀ : ਮੈਨੂੰ ਸਮਝ ਨਹੀਂ ਆਈ ਕਿ ਆਇਆ ਇਹ ਪਿਛਲੀ ਸਰਕਾਰ ਦੀ ਤਾਰੀਫ ਕਰ ਰਹੇ ਸੀ ਜਾਂ ਉਸ ਦੀ ਨਲਾਇਕੀ ਬਾਰੇ ਕਹਿ ਰਹੇ ਸੀ। ਹੁਣ ਤਕ ਇਹ ਨਹੀਂ ਕਰ ਸਕੇ ਅੱਤੇ ਹੁਣ ਅਸੀਂ ਜ਼ਰੂਰ ਕਰਾਂਗੇ ।

ਮਾਸਟਰ ਮੋਹਨ ਲਾਲ : ਇਹ ਕੰਮ ਕਦੋਂ ਤਕ ਕਰ ਦਿੱਤਾ ਜਾਏਗਾ ?

ਮੁੱਖ ਮੰਤਰੀ : ਇਸ ਬਾਰੇ ਕੋਈ ਖਾਸ ਤਾਰੀਖ ਫਿਕਸ ਨਹੀਂ ਕੀਤੀ ਜਾ ਸਕਦੀ।

ਸ਼੍ਰੀ ਓਮ ਪ੍ਰਕਾਸ ਗੁਪਤਾ : ਸਾਡੀ ਕਾਰਪੋਰੇਸ਼ਨ ਦੇ ਐਡਮਨਿਸਟਰੇਟਰ ਸ਼੍ਰੀ ਗਿੱਲ ਸਾਹਿਬ ਨੂੰ ਚੀਫ ਮਨਿਸਟਰ ਸਾਹਿਬ ਨੇ ਇਥੇ ਸੱਦ ਲਿਆ ਹੈ। ਕੀ ਉਨ੍ਹਾਂ ਦੀ ਬਜਾਏ ਉਥੇ ਜਿਥੇ ਕਿ ਪੋਸਟ ਹਾਲੇ ਤਕ ਖਾਲੀ ਪਈ ਹੈ ਕੋਈ ਅੱਛਾ ਐਡਮਨਿਸਟ੍ਰੇਟਰ ਜਲਦੀ ਤੋਂ ਜਲਦੀ ਭੇਜ ਦੇਣਗੇ ?

ਮੁੱਖ ਮੰਤਰੀ : ਮੈਂ ਯਤਨ ਕਰਾਂਗਾ ਕਿ ਜਲਦੀ ਤੋਂ ਜਲਦੀ ਬਹੁਤ ਵਧੀਆ ਅਫਸਰ ਉਥੇ ਲਗਾਇਆ ਜਾ ਸਕੇ ।

Election to Municipal Corporations and other Local Bodies in the State

***8. Sardar Kirpal Singh :** Will the Chief Minister be pleased to state whether the Government is aware of the fact that elections to Municipal Corporations and other local bodies in the State are long overdue ; if so, the time by which the said elections are likely to be held ?

Original with;
Punjab Vidhan Sabha
Digitized by
Panjab Digital Library

Sardar Surjit Singh Barnala : (1) Yes.

(2) The Government would arrange to hold elections to all the three Municipal Corporations and the Municipal Committees in due course.

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਜੇਕਰ ਕਿਸੇ ਮਿਉਂਸਪਲ ਕਾਰਪੋਰੇਸ਼ਨ ਦੀ ਹੱਦ ਵਧ ਜਾਂਦੀ ਹੈ ਤਾਂ ਕੀ ਉਸ ਦੀ ਹੱਦ ਪੁਰਾਣੀ ਹੀ ਰੱਖੀ ਜਾਏਗੀ ਜਾਂ ਉਸ ਦੀ ਹੱਦ ਵਧਾਉਣ ਬਾਰੇ ਕੋਈ ਕਾਰਵਾਈ ਕੀਤੀ ਜਾ ਸਕਦੀ ਹੈ ?

ਮੁੱਖ ਮੰਤਰੀ : ਅਗਰ ਕਿਸੇ ਕਾਰਪੋਰੇਸ਼ਨ ਦੀ ਹੱਦ ਵਧ ਜਾਂਦੀ ਹੈ ਤਾਂ ਜ਼ਰੂਰ ਉਸ ਬਾਰੇ ਸੋਚਿਆ ਜਾ ਸਕਦਾ ਹੈ।

ਡਾਕਟਰ ਕੇਵਲ ਕ੍ਰਿਸ਼ਨ : ਇਨ੍ਹਾਂ ਨੇ ਉਚਿਤ ਸਮੇਂ ਬਾਰੇ ਕਿਹਾ ਹੈ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਚਿਤ ਸਮਾਂ ਇਸੇ ਸਾਲ ਵਿਚ ਹੀ ਆ ਸਕਦਾ ਹੈ ਜਾਂ ਫਿਰ ਅਗਲੇ ਸਾਲ ਦੇ ਅੱਧ ਤਕ ਹੋ ਸਕਦਾ ਹੈ ?

ਸ੍ਰੀ ਸਪੀਕਰ : ਇਸ ਦਾ ਜਵਾਬ ਦੇਣਾ ਕੋਈ ਜ਼ਰੂਰੀ ਨਹੀਂ ਹੈ।

ਸਰਦਾਰ ਦਲੀਪ ਸਿੰਘ ਪਾਂਧੀ : ਬਹੁਤ ਸਮੇਂ ਤੋਂ ਪੰਜ ਸਾਲਾਂ ਦਾ ਸਮਾਂ ਲੰਘ ਗਿਆ ਹੈ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਨਹੀਂ ਕਰਾਈਆਂ ਗਈਆਂ ਹਨ। ਕੀ ਕੋਈ ਅਜਿਹਾ ਫੂਲਪਰੂਫ ਤਰੀਕਾ ਬਣਾਇਆ ਜਾਏਗਾ ਜਿਸ ਨਾਲ ਕਿ ਜੇਕਰ ਕੋਈ ਸਰਕਾਰ ਜ਼ਿਆਦਤੀ ਕਰਦੀ ਰਹੀ ਹੈ ਤਾਂ ਉਹ ਐਕਟ, 1911 ਦੀ ਪਰੋਵੀਜ਼ਨ ਹੈ ਉਸ ਅਧਾਰ ਤੇ ਉਹ ਆਟੋਮੈਟੀਕਲੀ ਉਹ ਕਮੇਟੀ ਸੀਜ਼ ਹੋ ਜਾਏ। ਜਿਹੜੀਆਂ ਮਿਉਂਸਪਲ ਕਮੇਟੀਆਂ ਜਾਂ ਕਾਰਪੋਰੇਸ਼ਨਾਂ ਦੀਆਂ ਚੋਣਾਂ ਕਾਫੀ ਦੇਰ ਤੋਂ ਨਹੀਂ ਹੋਈਆਂ। ਕੀ ਉਨ੍ਹਾਂ ਦੀਆਂ ਚੋਣਾਂ ਕਰਾਉਣ ਵਾਸਤੇ ਇਹ ਕੋਈ ਤਾਰੀਖ ਨਿਸ਼ਚਿਤ ਕਰ ਸਕਦੇ ਹਨ ? ਜਿਸ ਮਿਉਂਸਪਲ ਕਮੇਟੀ ਜਾਂ ਕਾਰਪੋਰੇਸ਼ਨ ਵਿਚ ਪਿਛੇ ਗਲਤ ਕੰਮ ਹੋਇਆ ਹੋਵੇ, ਕੀ ਉਥੇ ਇਨਕੁਆਇਰੀ ਕਰਾਕੇ ਕਸੂਰਵਾਰਾਂ ਨੂੰ ਫਾਂਸੀ ਲਗਾਉਣਗੇ, ਉਨ੍ਹਾਂ ਨੂੰ ਸਜ਼ਾ ਦੇਣਗੇ ?

ਮੁੱਖ ਮੰਤਰੀ: ਫਾਂਸੀ ਲਗਾਉਣ ਦਾ ਅਖਤਿਆਰ ਸਾਨੂੰ ਨਹੀਂ ਹੈ। ਹਾਂ ਇਹ ਕਹਿ ਸਕਦੇ ਹਾਂ ਕਿ ਜੇਕਰ ਕੋਈ ਅਜਿਹੀ ਤਜਵੀਜ਼ ਇਥੇ ਦਿੱਤੀ ਜਾਏਗੀ ਤਾਂ ਵਿਚਾਰ ਕਰ ਲਿਆ ਜਾਏਗਾ।

Homoeopathic Physicians sent for Training

***40. Shri Hari Mitter Hans :** Will the Minister for Health and Family Welfare be pleased to state—

(a) the number of Homoeopathic Physicians sent to Ghaziabad for Training at the Government expense by the Department during the year 1984-85 ;

(b) the details of qualifications prescribed for the training referred to in part (a) above ;

(c) whether the persons referred to in part (a) above fulfilled the prescribed qualifications ?

Sardar Basant Singh Khalsa : (a) None, Sir.

(b) (i) working as drug Analyst or Drug Inspector in the State Govt./State Govt. Laboratories.

(ii) B.Sc. or B. Pharm.

(c) In view of nil reply in (a) question does not arise.

Original with;
Punjab Vidhan Sabha
Digitized by;
Panj

ਸ਼੍ਰੀ ਹਰੀ ਮਿੱਤਰ ਹੰਸ : ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਲ 1985–86 ਵਿਚ ਕਿੰਨੇ ਪੈਰਾਮਿਉਪੈਥਿਕ ਫਿਜ਼ੀਸ਼ੀਅਨਜ਼ ਗਾਜ਼ੀਆਬਾਦ ਟਰੇਨਿੰਗ ਲੈਣ ਲਈ ਭੇਜੇ ?

ਮੰਤਰੀ : ਇਨ੍ਹਾਂ ਨੇ ਸਾਲ 1984-85 ਲਈ ਪੁਛਿਆ ਸੀ।

50-Bed Hospital at Balachaur, District Hoshiarpur

*44. **Shri Ram Kishan Kataria :** will the Minister for Health and Family Welfare be pleased to state whether a 50-bed hospital for Balachaur proper, District Hoshiarpur, stands sanctioned, if so, the present position thereof ?

Sardar Basant Singh Khalsa : No, please.

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸਵਾਲ ਪੈਦਾ ਨਹੀਂ ਹੁੰਦਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਇਹ ਹਸਪਤਾਲ ਮਨਜ਼ੂਰ ਨਹੀਂ ਸੀ ਹੋਇਆ ਤਾਂ ਇਹ ਜ਼ਮੀਨ ਕਿਸ ਵਾਸਤੇ ਗੌਰਮਿੰਟ ਨੇ ਐਕੁਆਇਰ ਕੀਤੀ ਸੀ। ਇਹ ਪਰਾਪਰ ਪਲੇਸ ਨਹੀਂ ਸੀ ਕੀ ਇਸ ਕਰਕੇ ਇਹ ਕੰਮ ਛੱਡਿਆ ਗਿਆ ? ਕੀ ਇਹ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਹੈ ? ਇਸ ਨੂੰ ਪੰਜ ਸਤ ਸਾਲ ਹੋ ਗਏ ਹਨ, ਮਨਿਸਟਰ ਸਾਹਿਬ ਕਹਿੰਦੇ ਹਨ ਕਿ ਹਸਪਤਾਲ ਮਨਜ਼ੂਰ ਨਹੀਂ ਹੋਇਆ, ਇਸ ਬਾਰੇ ਮਨਿਸਟਰ ਸਾਹਿਬ ਦੱਸਣ ?

ਮੰਤਰੀ : ਇਸ ਬਾਰੇ ਇਹ ਸੈਪਰੇਟ ਸੇਵਾਲ ਕਰ ਦੇਣ, ਇਸ ਦਾ ਵੀ ਪਤਾ ਕਰ ਲਵਾਂਗੇ।

Repair of G. T. Road

*45. **Shri Ashwani Sekhri :** Will the Chief Minister be pleased to state whether the Government proposes to repair the G.T. Road passing through Batala Town, District Gurdaspur ; if so, the details thereof ?

Sardar Surjit Singh Barnala : Yes Sir. A part of the work of improvement of this road has already been done.

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਜਿਹੜੀ ਇਹ ਸੜਕ ਬਣਾ ਰਹੇ ਹਨ ਜਾਂ ਬਣਦੀ ਹੈ ਉਸ ਨੂੰ ਕਾਫੀ ਸਮਾਂ ਲਗ ਜਾਂਦਾ ਹੈ ਅਤੇ ਇੰਪਾਰਟੈਂਟ ਰਸਤੇ ਤੇ ਸੜਕ ਨਹੀਂ ਬਣਦੀ। ਇਸ ਲਈ ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਵੀ ਸੜਕ ਬਣਾਉਂਦੇ ਹਨ ਅਤੇ ਜਿਨ੍ਹਾਂ ਨੂੰ ਉਸ ਦਾ ਕੰਟਰੈਕਟ ਦਿੰਦੇ ਹਨ, ਕੀ ਉਸ ਬਾਰੇ ਟਾਈਮ ਬਾਊਂਡ ਕਰਨਗੇ ਕਿ ਐਨੇ ਫਿਕਸਡ ਸਮੇਂ ਵਿਚ ਉਹ ਕੰਪਲੀਟ ਹੋ ਜਾਵੇ, ਇਸ ਬਾਰੇ ਇਹ ਦੱਸ ਦੇਣ ?

ਮੁੱਖ ਮੰਤਰੀ : ਉਹ ਸੜਕਾਂ ਜਿਹੜੀਆਂ ਮਿਊਂਸੀਪਲ ਕਮੇਟੀ ਦੀ ਹਦ ਵਿਚ ਆਉਂਦੀਆਂ ਹਨ ਉਨ੍ਹਾਂ ਬਾਰੇ ਕੁਝ ਮੁਸ਼ਕਲ ਪੇਸ਼ ਆਉਂਦੀ ਹੈ ਕਿਉਂਕਿ ਮਿਉਂਸੀਪਲ ਕਮੇਟੀ ਆਪਣੇ ਹਿੱਸੇ ਦੇ ਪੈਸੇ ਨਹੀਂ ਦਿੰਦੀ। ਇਹੀ ਮੁਸ਼ਕਲ ਇਸ ਬਟਾਲੇ ਵਾਲੀ ਸੜਕ ਬਾਰੇ ਵੀ ਹੈ ਕਿਉਂਕਿ ਮਿਉਂਸੀਪਲ ਕਮੇਟੀ ਨੇ ਕਾਫੀ ਰਕਮ ਅਜੇ ਤਕ ਨਹੀਂ ਦਿੱਤੀ।

ਸ਼੍ਰੀ ਅਸ਼ਵਨੀ ਸੇਖੜੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਟਾਈਮ ਲਿਮਿਟ ਰੱਖਣਗੇ ਕਿ ਐਨੇ ਸਮੇਂ ਵਿਚ ਤਿਆਰ ਹੋ ਜਾਵੇ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਜਿਹੜੇ ਠੇਕੇਦਾਰ ਹੁੰਦੇ ਹਨ ਉਹ ਇਤਰਾਜ਼ ਕਰਦੇ ਹਨ ਕਿ ਪੈਸਾ ਨਹੀਂ ਦਿੰਦੇ। ਮੈਂ ਤਾਂ ਪਹਿਲਾਂ ਹੀ ਦੱਸਿਆ ਹੈ ਕਿ ਮਿਉਂਸੀਪਲ ਕਮੇਟੀ ਵਾਲੇ ਪੈਸਾ ਨਹੀਂ ਦਿੰਦੇ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਇਹ ਸੜਕ ਡਰੇਨੇਜ ਪਰਾਪਰ ਨਾ ਹੋਣ ਕਰਕੇ ਟੁੱਟ ਗਈ। ਕੀ ਮੁੱਖ ਮੰਤਰੀ ਜੀ ਐਸ਼ੋਰੈਂਸ ਦੇਣਗੇ ਕਿ ਹੁਣ ਇਸ ਨੂੰ ਜਲਦੀ ਤੋਂ ਜਲਦੀ ਬਣਾਕੇ ਨਾਲ ਹੀ ਪਰਾਪਰ ਡਰੇਨੇਜ ਦਾ ਵੀ ਪ੍ਰਬੰਧ ਕੀਤਾ ਜਾਵੇਗਾ ?

ਮੁੱਖ ਮੰਤਰੀ : ਇਸ ਦੇ ਨਾਲ ਹੀ ਸਟਰੈਂਗ ਵਾਟਰ ਚੈਨਲ ਵੀ ਬਣਾਈ ਜਾ ਰਹੀ ਹੈ। ਉਸ ਉਤੇ ਤਕਰੀਬਨ 7 ਲੱਖ 93 ਹਜ਼ਾਰ ਦੇ ਕਰੀਬ ਖਰਚ ਆਵੇਗਾ। ਉਸ ਦੀ ਪਰੋਵੀਜ਼ਨ ਰੱਖੀ ਗਈ ਹੈ।

ਰਾਜਾ ਨਰਿੰਦਰ ਸਿੰਘ : ਇਹ ਜਿਹੜੀ ਸੜਕ ਹੈ ਕੀ ਇਹ ਹਾਈ-ਵੇ ਦਾ ਪਾਰਟ ਨਹੀਂ ਹੈ ?

ਮੁੱਖ ਮੰਤਰੀ : ਇਹ ਮਿਉਂਸੀਪਲ ਕਮੇਟੀ ਦੀ ਹੱਦ ਦੇ ਵਿਚ ਹੈ ਅਤੇ ਇਸ ਤਰ੍ਹਾਂ ਦੀ ਸੜਕ ਨੈਸ਼ਨਲ ਹਾਈ-ਵੇ ਦਾ ਹਿੱਸਾ ਨਹੀਂ ਹੁੰਦੀ।

Construction of a Bridge outside Pathankot Town

*22. **Master Mohan Lal :** Will the Chief Minister be pleased to state—

(a) whether it is in the notice of the Government that a road bridge called Kath Ka Pull or "Nalua Bridge" outside the town of Pathankot connecting Pathankot with Gurdaspur, Dhariwal, Batala and Amritsar gave away about a month back dislocating vehicular traffic for Gurdaspur and Amritsar side ;

(b) if the reply to part (a) above be in the affirmative, the action taken by the Government to reconstruct the said bridge ?

Sardar Surjit Singh Barnala : (a) Yes, but the traffic on Pathankot, Gurdaspur, Batala, Amritsar route has not been dislocated. A diversion is available through Pathankot bye-pass.

(b) An alternative High Level Bridge over Nalwa Nallah, at a point near the damaged bridge, is under construction.

ਮਾਸਟਰ ਮੋਹਨ ਲਾਲ : ਇਹ ਜਿਹੜਾ ਪੁਲ ਟੁੱਟਿਆ ਹੈ ਇਹ 16 ਸਾਲ ਦਾ ਪੁਲ ਬਣ ਰਿਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 16 ਸਾਲ ਤੋਂ ਇਸ ਤਰ੍ਹਾਂ ਚਲੇ ਆ ਰਹੇ ਪੁਲ ਨੂੰ ਠੀਕ ਕਰਨ ਵਾਸਤੇ ਕੁਝ ਕੀਤਾ ਹੈ ? ਮੁੱਖ ਮੰਤਰੀ ਸਾਹਿਬ ਨੇ ਜਵਾਬ ਵਿਚ ਦੱਸਿਆ ਹੈ ਕਿ ਕਮਜ਼ੋਰ ਪੁਲ ਦੇ ਨਜ਼ਦੀਕ ਇਕ ਹੋਰ ਨਵਾਂ ਉਚਾ ਪੁਲ ਨਲਵਾ ਨਾਲਾ ਦੇ ਉਪਰ ਉਸਾਰੀ ਅਧੀਨ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ 16 ਸਾਲ ਦੀ ਲੈਪਸ ਹੈ ਅਤੇ ਉਹ ਪੁਲ ਕੰਪਲੀਟ ਨਹੀਂ ਹੋ ਸਕਿਆ, ਇਸ ਦੇ ਕੌਣ ਅਫਸਰ ਜ਼ਿਮੇਵਾਰ ਹਨ ਅਤੇ ਉਨ੍ਹਾਂ ਦੇ ਖਿਲਾਫ਼ ਕੀ ਐਕਸ਼ਨ ਲਿਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਬਾਰਡਰ ਰੋਡਜ਼ ਸਕੀਮ ਅਧੀਨ ਇਸ ਦਾ ਡੀਫੈਂਸ ਅਥਾਰਿਟੀਜ਼ ਨਾਲ ਤੁਅੱਲਕ ਹੈ ਅਤੇ ਇਸ ਦਾ ਬਹੁਤ ਸਾਰਾ ਹਿੱਸਾ ਉਨ੍ਹਾਂ ਅੰਡਰ ਹੈ। ਇਹ ਕੰਮ ਉਨ੍ਹਾਂ ਨੇ ਕਰਨਾ ਹੈ। ਉਨ੍ਹਾਂ ਨੇ ਕੋਈ ਐਸਟੀਮੇਟ ਬਣਾਇਆ ਅਤੇ ਹੁਣ ਉਹ ਕੁਝ ਪੈਸਾ ਪੰਜਾਬ ਗੌਰਮਿੰਟ ਕੋਲੋਂ ਮੰਗ ਰਹੇ ਹਨ। ਪੰਜਾਬ ਗੌਰਮਿੰਟ ਨੇ ਕਿਹਾ ਹੈ ਕਿ ਤੁਹਾਨੂੰ ਇਸ ਦਾ ਖਰਚ ਬਰਦਾਸ਼ਤ ਕਰਨਾ ਚਾਹੀਦਾ ਹੈ। ਇਸ ਦੀ ਸਿਲੈਕਸ਼ਨ ਦਾ ਵੀ ਝਗੜਾ ਰਿਹਾ ਹੈ ਅਤੇ ਤਾਂ ਹੀ ਦੇਰੀ ਹੁੰਦੀ ਹੈ। ਇਸ ਨੂੰ ਉਨ੍ਹਾਂ ਨੇ ਬਣਾਉਣਾ ਹੈ ਅਤੇ ਇਸ ਲਈ ਉਨ੍ਹਾਂ ਦੀ ਹੀ ਜ਼ਿਮੇਵਾਰੀ ਹੈ।

ਮਾਸਟਰ ਮੋਹਨ ਲਾਲ : ਇਸ ਨਾਲ ਲੋਕਾਂ ਨੂੰ ਬੜੀ ਇਨਕਨਵੀਨੀਐਂਸ ਹੈ ਅਤੇ ਲੋਕਾਂ ਨੂੰ ਆਉਣ ਜਾਣ ਵਿਚ 60 ਮੀਲ ਦਾ ਐਕਸਟਰਾ ਬਰਡਨ ਹੈ। ਉਨ੍ਹਾਂ ਕੋਲੋਂ ਕਿਰਾਇਆ ਜ਼ਿਆਦਾ ਵਸੂਲ ਕੀਤਾ ਜਾਂਦਾ ਹੈ। ਇਸ ਲਈ ਇਹ ਦੱਸਣ ਕਿ ਕਿੰਨੀ ਜਲਦੀ ਲੋਕਾਂ ਦੀ ਇਹ ਇਨਕਨਵੀਨੀਐਂਸ ਦੂਰ ਕਰ ਦੇਣਗੇ ਅਤੇ ਇਹ ਜਿਹੜਾ ਉਨ੍ਹਾਂ ਕੋਲੋਂ ਕਿਰਾਇਆ ਜ਼ਿਆਦਾ ਲਿਆ ਜਾਂਦਾ ਹੈ ਇਹ ਮੁਆਫ ਕਰ ਦੇਣਗੇ ?

ਮੁੱਖ ਮੰਤਰੀ : ਇਸ ਬਾਰੇ ਫਿਰ ਗੌਰਮਿੰਟ ਆਫ ਇੰਡੀਆ ਨੂੰ ਪੈਸੇ ਦੇਣ ਵਾਸਤੇ ਲਿਖਿਆ ਹੈ। ਉਹ ਪੈਸੇ ਦੇਣਗੇ ਫਿਰ ਇਸ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕੇਗੀ, ਮੁਕੰਮਲ ਕੀਤਾ ਜਾ ਸਕੇਗਾ।

Lift Irrigation Scheme for Kandi Area of Tehsil Balachaur

***3. Shri Ram Kishan Kataria :** Will the Chief Minister be pleased to state whether a lift irrigation scheme for Garhi and Lohat was proposed for the Kandi area of Balachaur Tehsil in district Hoshiarpur during the year 1978-79; if so, the progress so far made in this respect, the aproximate date by which it is likely to be started and the target date of its completion ?

Sardar Surjit Singh Barnala : Yes. Lift Irrigation Schemes for Garhi and Lohat area were proposed from channels offtaking from Bist Doab Canal for Kandi area of Balachaur Tehsil in district Hoshiarpur. Later on, the Kandi Canal which was to end near Hoshiarpur was extended upto Balachaur as the 2nd Phase of the Kandi Canal Project, thereby covering the areas proposed to be served by the Garhi and Lohat lift irrigation schemes. As regards the progress and the target date of completion, the progress of Kandi Canal Phase-I itself has been slow because of paucity of funds. With the present level of allotment of funds, the Ist phase is likely to be completed not earlier than 1989-90 and the 2nd Phase of the project could be implemented only thereafter.

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਬੜੇ ਸਤਿਕਾਰ ਨਾਲ ਸੀ.ਐਮ. ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਚੀਜ਼ ਦੀ ਇਨ੍ਹਾਂ ਨੂੰ ਜਾਣਕਾਰੀ ਹੈ ਕਿ ਇਹ ਕੈਨਾਲ ਬਲਾਚੌਰ ਦੇ ਇਲਾਕੇ ਦੇ ਵਿਚ ਦੀ ਜਾਂਦੀ ਹੈ ਅਤੇ ਉਸ ਨਹਿਰ ਦਾ ਪਾਣੀ ਬਲਾਚੌਰ ਨੂੰ ਬਿਲਕੁਲ ਨਹੀਂ ਦਿੱਤਾ ਜਾ ਰਿਹਾ ? 1978 ਵਿਚ ਉਸ ਵੇਲੇ ਦੇ ਮੁੱਖ ਮੰਤਰੀ ਨੇ ਲਗਾਤਾਰ 10 ਘੰਟੇ ਟੂਰ ਕਰਕੇ ਅਤੇ ਆਪਣੇ ਨਾਲ ਸਾਰੇ ਚੀਫ ਇੰਜੀਨੀਅਰਜ਼ ਨੂੰ ਨਾਲ ਲੈ ਕੇ ਟੂਰ ਕਰਕੇ ਇਹ ਸਕੀਮ ਬਣਾਈ ਸੀ। ਇਹ ਫਿਜ਼ੀਬਲ ਨਹੀਂ ਹੈ, ਬਗੈਰ ਲਿਫਟ ਇਰੀਗੇਸ਼ਨ ਸਕੀਮ ਦੇ ਇਸ ਕੰਡੀ ਇਲਾਕੇ ਨੂੰ ਪਾਣੀ ਦੇਣਾ ਫਿਜ਼ੀਬਲ ਨਹੀਂ ਹੈ। ਜੋ ਕੰਡੀ ਨਹਿਰ ਆ ਰਹੀ ਹੈ ਉਸ ਏਰੀਆ ਵਿਚ ਵੀ ਕੰਡੀ ਏਰੀਆ ਨੂੰ ਪਾਣੀ ਨਹੀਂ ਮਿਲ ਸਕਣਾ। ਉਸ ਵਿਚ ਵੀ ਲਿਫਟ ਇਰੀਗੇਸ਼ਨ ਸਕੀਮ ਪਰਪੋਜ਼ ਕੀਤੀ ਹੈ। ਇਹ ਬਲਾਚੌਰ ਦਾ

Original with;
Punjab Vidhan Sabha
Digitized by;
Panjab Digital Library

ਪਾਣੀ ਲਿਫਟ ਕਰਕੇ ਬਲਾਚੌਰ ਨੂੰ ਦੇਣਾ ਹੈ। ਇਹ ਸਕੀਮ ਉਸ ਵੇਲੇ ਦੀ ਸਰਕਾਰ ਨੇ ਬਣਾਈ ਸੀ ਕੀ ਇਸ ਕਰਕੇ ਇਸ ਨੂੰ ਖੂੰਡੇ ਲਾਈਨ ਲਾ ਦਿੱਤਾ ਹੈ ਵਰਨਾ ਇਸ ਵਿਚ ਕੋਈ ਜਸਟੀਫੀਕੇਸ਼ਨ ਨਹੀਂ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਸਕੀਮ ਜਿਹੜੀ ਢਾਈ ਸਾਲਾਂ ਵਿਚ ਕੰਪਲੀਟ ਹੋ ਜਾਣੀ ਸੀ ਆਇਆ ਉਸਨੂੰ ਲਾਗੂ ਕਰਨਗੇ ? ਇਹ ਸਾਡੇ ਇਲਾਕੇ ਤੇ ਸੀ.ਐਮ. ਸਾਹਿਬ ਦੀ ਬੜੀ ਕ੍ਰਿਪਾ ਹੋਵੇਗੀ ।

ਮੁੱਖ ਮੰਤਰੀ : ਸਪੀਕਰ ਸਾਹਿਬ, ਸਤੰਬਰ, 1980 ਵਿਚ ਉਦੋਂ ਦੇ ਚੀਫ ਮਨਿਸਟਰ ਸਾਹਿਬ ਉਥੇ ਗਏ ਅਤੇ ਉਦੋਂ ਉਸ ਇਲਾਕੇ ਦੇ ਲੋਕਾਂ ਨੇ ਅਤੇ ਉਥੇ ਦੇ ਐਮ.ਐਲ.ਏਜ਼ ਨੇ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਪਾਣੀ ਮਿਲ ਸਕਦਾ ਹੈ ਜੇ ਕੰਡੀ ਕੈਨਾਲ ਦੀ ਐਕਸਟੈਨਸ਼ਨ ਕੀਤੀ ਜਾਵੇ । ਉਨ੍ਹਾਂ ਨੇ ਉਥੇ ਬਹੁਤ ਸਾਰੇ ਘੰਟੇ ਲਾਏ। ਸਾਰੇ ਅਫਸਰ ਉਨ੍ਹਾਂ ਨਾਲ ਸਨ। ਉਨ੍ਹਾਂ ਨੈ ਮੰਨਿਆਂ ਕਿ ਹੁਸ਼ਿਆਰਪੁਰ ਤੋਂ ਅੱਗੇ ਇਸ ਨੂੰ ਗੜ੍ਹਸ਼ੰਕਰ ਤੱਕ ਵਧਾ ਦਿੱਤਾ ਜਾਵੇਗਾ । ਲੇਕਿਨ ਇਸ ਵਿਚ ਹੁਣ ਜੋ ਇਹ ਕਹਿੰਦੇ ਹਨ ਕਿ ਉਥੇ ਸਾਨੂੰ ਪਹਿਲੀ ਨਹਿਰ ਤੋਂ ਪਾਣੀ ਮਿਲ ਸਕਦਾ ਹੈ, ਸ਼ਾਇਦ ਇਹ ਇਸ ਸਕੀਮ ਨੂੰ ਬਦਲਕੇ ਪਹਿਲੀ ਸਕੀਮ ਚਾਹੁੰਦੇ ਹਨ ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਮੇਰੇ ਕਹਿਣ ਦਾ ਭਾਵ ਇਹ ਹੈ ਕਿ ਗੜ੍ਹੀ ਅਤੇ ਲੋਹਟ ਦੇ ਇਲਾਕੇ ਵਿਚ ਲਿਫਟ ਇਰੀਗੇਸ਼ਨ ਸਕੀਮ ਬਣਕੇ ਤਿਆਰ ਹੋ ਚੁੱਕੀ ਸੀ। ਇਸ ਲਈ ਇਸ ਸਕੀਮ ਨੂੰ ਹੀ ਕਿਉਂ ਨਾ ਲਾਗੂ ਕੀਤਾ ਜਾਵੇ। ਬਲਾਚੌਰ ਦਾ ਪਾਣੀ ਚੁੱਕ ਕੇ ਬਲਾਚੌਰ ਦੇ ਇਲਾਕੇ ਨੂੰ ਦੇਣਾ ਹੈ। ਇਹ ਦੱਸ ਦੇਣ ਕਿ ਜਦ ਸਕੀਮ ਤਿਆਰ ਹੋ ਚੁੱਕੀ ਹੈ ਤਾਂ ਉਥੇ ਪਾਣੀ ਦੇ ਦਿੱਤਾ ਜਾਵੇ ? ਉਥੇ ਨਹਿਰ ਦੇ ਰਾਹੀਂ ਪਾਣੀ ਨਹੀਂ ਲਗ ਸਕਦਾ।

ਮੁੱਖ ਮਤਰੀ : ਮੈਂ ਅਰਜ਼ ਕਰਦਾ ਹਾਂ ਕਿ ਸਕੀਮ ਜ਼ਰੂਰ ਬਣੀ ਅਤੇ ਪਾਣੀ ਉਥੇ ਲਿਫਟ ਨਾਲ ਮਿਲਣਾ ਸੀ , ਉਹ ਸ਼ਾਇਦ ਇਨ੍ਹਾਂ ਨੂੰ ਮਨਜ਼ੂਰ ਨਹੀਂ ਸੀ। ਸੀ.ਐਮ. ਨੂੰ ਉਥੇ ਲਿਜਾਕੇ ਉਹ ਸਕੀਮ ਕੈਂਸਲ ਕਰਵਾਕੇ ਨਵੀਂ ਚਾਲੂ ਕਰਵਾਈ। ਉਸ ਵਿਚ ਦੇਰੀ ਲਗ ਰਹੀ ਹੈ। ਇਹ ਉਸ ਵਾਸਤੇ ਕਹਿੰਦੇ ਹਨ। ਅਸੀਂ ਐਗਜ਼ਾਮਿਨ ਕਰ ਲਵਾਂਗੇ ਕਿ ਆਇਆ ਅਸੀਂ ਪਹਿਲੀ ਸਕੀਮ ਨੂੰ ਮੁੜ ਚਾਲੂ ਕਰ ਲਵਾਂਗੇ ਕਿ ਨਹੀਂ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਨੰਗਲ ਤੋਂ ਦੜੋਲੀ ਲਿਫਟ ਇਰੀਗੇਸ਼ਨ ਸਕੀਮ ਬਣੀ ਸੀ। ਉਸ ਬਾਰੇ ਪਲਾਨਿੰਗ ਹੋ ਚੁੱਕੀ ਹੈ, ਬਜਟ ਵਿਚ ਪੈਸਾ ਵੀ ਰਖਿਆ ਹੈ। ਉਸ ਨੂੰ ਕਦੋਂ ਤਕ ਚਾਲੂ ਕਰਨਗੇ ਅਤੇ ਲੋਕਾਂ ਨੂੰ ਪਾਣੀ ਮਿਲਣ ਲਗ ਜਾਵੇਗਾ ?

ਮੁੱਖ ਮੰਤਰੀ : ਇਹ ਸਵਾਲ ਦੇ ਦੇਣ, ਉਸ ਦਾ ਜਵਾਬ ਮਿਲ ਜਾਵੇਗਾ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕੰਡੀ ਕੈਨਾਲ ਹੈ ਇਹ ਹਾਲੀ ਤਕ ਹੁਸ਼ਿਆਰਪੁਰ ਤੋਂ ਬਹੁਤ ਪਿਛੇ ਹੈ। ਇਸ ਦੀ ਅਲਾਈਨਮੈਂਟ ਜਾਂ ਇਸ ਦਾ ਜੋ ਨਕਸ਼ਾ ਵਗੈਰਾ ਹੈ ਉਹ ਮੈਂ ਦੇਖਿਆ ਹੈ ਔਰ ਇਸ ਦੇ ਬਾਰੇ ਗਵਰਨਰ ਸਾਹਿਬ ਨੂੰ ਵੀ ਲਿਖਿਆ ਸੀ। ਪਹਿਲਾਂ ਇਹ 300 ਕਿਊਸਿਕ ਫੁੱਟ ਡੀਜ਼ਾਇਨ ਹੋਈ ਸੀ ਔਰ ਬਾਅਦ ਵਿੱਚ ਇਹ 500 ਕਿਊਸਿਕ ਫੁੱਟ ਕਰ ਦਿੱਤੀ। ਕੀ ਇਹ ਕੰਡੀ ਕੈਨਾਲ ਜਿਸ ਦੇ ਬਾਰੇ ਕਟਾਰੀਆ ਸਾਹਿਬ ਨੇ ਜ਼ਿਕਰ ਕੀਤਾ ਹੈ ਇਹ ਗੜ੍ਹਸ਼ੰਕਰ ਆਦਿ ਦੇ ਏਰੀਏ ਤੋਂ ਲੰਘ ਕੇ ਬਲਾਚੌਰ ਤਕ ਜਾਵੇਗੀ ਔਰ ਇਹ ਕੈਨਾਲ ਕਿਨੇ ਚਿਰ ਵਿੱਚ ਪਾਣੀ ਦੇ ਦੇਵੇਗੀ ?

Original with;
Punjab Vidhan Sabha
Digitized by
Panjab Digital Library

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਨਹਿਰ ਨੇ ਬਲਾਚੌਰ ਤਕ ਆਉਣਾ ਹੈ ਅੌਰ ਉਸ ਰਸਤੇ ਤੋਂ ਹੀ ਆਉਣਾ ਹੈ ਅਤੇ ਉਥੋਂ ਕੁਝ ਲਿਫਟ ਕਰਕੇ ਪਾਣੀ ਪਾਉਣਾ ਹੈ ਲੇਕਿਨ ਕਿੰਨੇ ਚਿਰ ਵਿਚ ਇਹ ਮੁਕੰਮਲ ਹੋਵੇਗੀ, ਇਹ ਨਹੀਂ ਦੱਸਿਆ ਜਾ ਸਕਦਾ।

Bye-Elections

*9. **Sardar Kirpal Singh :** Will the Chief Minister be pleased to state when does the Government intend to hold-bye-elections in two constituencies of Jalandhar which were countermanded due to the death of an independent candidate ?

Sardar Surjit Singh Barnala : The State Government has decided to hold the elections from 30-Jullundur North and 31-Jullundur Central Assembly constituencies in December, 1985. The notification under Section 30 of the Representation of the People Act, 1951, (regarding election programme) is to be issued by the Election Commission of India, who has been informed about the decision of the State Government.

Post of Chief Electrical Inspector

*42. **Sardar Baldev Singh Maan :** Will the Chief Minister be pleased to state the date since when the post of the Chief Electrical Inspector has not been filled on regular basis and the reasons therefor alongwith the date by which the said post is likely to be filled up on regular basis ?

Sardar Surjit Singh Barnala : The post of Chief Electrical Inspector has not been filled up on regular basis since 1st January, 1983. The Service Rules for Electrical Inspectorate Class I are under revision and regular recruitment against the post of Chief Electrical Inspector will be made through Punjab Public Service Commission after finalisation of the Rules.

ਸਰਦਾਰ ਬਲਦੇਵ ਸਿੰਘ ਮਾਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਬੰਦਾ ਡਿਪਟੀ ਚੀਫ ਇਲੈਕਟਰੀਕਲ ਇਨਸਪੈਕਟਰ ਕੰਮ ਕਰ ਰਿਹਾ ਹੈ ਉਹ 12 ਸਾਲ ਤੋਂ ਕੰਮ ਕਰ ਰਿਹਾ ਹੈ ਅੌਰ ਉਸ ਦਾ ਚੈਨਲ ਆਫ਼ ਪ੍ਰੋਮੋਸ਼ਨ ਵੀ ਇਹੀ ਸੀ, ਉਸ ਦੇ ਨਾਲ ਪ੍ਰੈਜ਼ੀਡੈਂਟ ਰੂਲ ਵਿੱਚ ਧੱਕਾ ਹੋਇਆ ਹੈ ਅੌਰ ਉਸ ਨੂੰ ਉਸ ਤੋਂ ਕਈ ਬਹਾਨੇ ਬਣਾਕੇ ਵਾਂਝਿਆ ਰਖਿਆ ਗਿਆ ਹੈ, ਕੀ ਇਹ ਉਸ ਦੇ ਕੇਸ ਤੇ ਵਿਚਾਰ ਕਰਨਗੇ ?

ਮੁੱਖ ਮੰਤਰੀ : ਇਹ ਕੋਈ ਰੀਪ੍ਰੈਜ਼ੈਂਟੇਸ਼ਨ ਦੇ ਦੇਣ, ਉਸ ਤੇ ਵਿਚਾਰ ਕਰ ਲਵਾਂਗੇ।

ਸਰਦਾਰ ਦਲੀਪ ਸਿਘ ਪਾਂਧੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਪੋਸਟ ਦਾ ਬਿਜਲੀ ਬੋਰਡ ਤੇ ਸੁਪਰ ਚੈਕ ਹੈ। ਇਸ ਬੰਦੇ ਦੇ ਬਾਰੇ ਬਹੁਤ ਸਾਰੀਆਂ ਸ਼ਿਕਾਇਤਾਂ ਹਨ। ਮੈਂ ਮੌਜੂਦਾ ਗਵਰਨਰ ਸਾਹਿਬ ਨੂੰ ਅਰਜ਼ੀ ਵੀ ਭੇਜੀ ਸੀ। ਡੀ.ਐਸ.ਪੀ. (ਸੀ.ਆਈ.ਡੀ.) ਦੀ ਇਨਕੁਆਇਰੀ ਨਿਯੁੱਕਤ ਕਰ ਦਿੱਤੀ ਗਈ। ਇਹ ਇਲੈਕਟ੍ਰੀਸਿਟੀ ਬੋਰਡ ਦਾ ਬੰਦਾ ਹੈ। ਇਹ ਬਿਜਲੀ ਬੋਰਡ ਵਿੱਚ ਕੋਈ ਬੇਜ਼ਾਬਤੀਆਂ ਨੂੰ ਦੇਖ ਨਹੀਂ ਸਕਦਾ। ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੀ ਪੰਜਾਬ ਸਰਕਾਰ ਆਪਣਾ ਕੋਈ ਬੰਦਾ ਨਿਯੁੱਕਤ ਕਰੇਗੀ ? 12—13 ਐਸ.ਓਜ਼., ਐਸ.ਡੀ.ਓਜ਼., ਐਕਸੀਅਨ ਵਗੈਰਾ ਦੀਆਂ ਅਸਾਮੀਆਂ ਖਾਲੀ ਪਈਆਂ ਹਨ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਕੁਐਸ਼ਚਨ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਬਿਜਲੀ ਬੋਰਡ ਵਲੋਂ ਕਈ ਥਾਂ ਲਾਈਨਾਂ ਵਿੱਛ ਗਈਆਂ ਹਨ ਪਰ ਇਹ ਚੈਕਿੰਗ ਨਹੀਂ ਕਰਦਾ। ਬਿਜਲੀ ਬੋਰਡ ਲਾਈਨ ਦੇ ਦਿੰਦਾ ਹੈ ਪਰ ਜਿੰਨਾ ਚਿਰ ਉਹ ਚੈੱਕ ਨਹੀਂ ਕਰਦਾ, ਲਾਈਨ ਚਾਲੂ ਨਹੀਂ ਹੋ ਸਕਦੀ।

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਕੁਐਸ਼ਚਨ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਬਿਜਲੀ ਬੋਰਡ ਵਿੱਚ ਇਸ ਬੰਦੇ ਨੂੰ ਵਾਪਸ ਭੇਜ ਦੇਵੇਗੀ ਔਰ ਕੋਈ ਡੀਪਾਰਟਮੈਂਟ ਦਾ ਬੰਦਾ ਲਗਾਏਗੀ ?

ਮੁੱਖ ਮੰਤਰੀ : ਜੇ ਮਹਿਕਮੇ ਦਾ ਬੰਦਾ ਕੁਆਲੀਫੀਕੇਸ਼ਨਜ਼ ਪੂਰੀਆਂ ਕਰਦਾ ਹੋਵੇਗਾ ਤਾਂ ਜ਼ਰੂਰ ਲਾ ਦਿੱਤਾ ਜਾਵੇਗਾ।

Micro-Hydel Projects

***15. Prof. Darbari Lal :** Will the Chief Minister be pleased to state whether the Government is considering any proposal to instal Micro-Hydel Projects in the State ; if so, the names of the places at which the said projects are proposed to be installed ?

Sardar Surjit Singh Barnala : Yes. A statement is laid on the Table of the House.

Places where Projects are under execution and Power Houses under construction

(i) 1. Nidampur RD 55000 Ghaggar Br.
2. Daudhar RD 213000 Abohar Br.
3. Rohti RDO Ghaggar Br.
4. Thuhi RD 23000 Ghaggar Br.
5. Dhariwal RD 42825 Main Br. Upper (UBDC)

(ii) **Places where investigation work is being carried out and Project reports are being prepared :**
1. Chanuwal, RD 289000, Abohar Branch.
2. Ralla, RD 26900, Kotla Branch.
3. Ranewali RD 96000 Lahore Branch.
4. Chupki RD 47000, Abohar Branch.
5. Harangwal RD 69500, Abohar Branch.
6. Kanganwal, RD 87500, Bhatinda Branch.
7. Chak Bhai RD 18500, Bhatinda Branch.
8. Sahoke RD 215000, Kotla Branch.
9. Sullar RD135000, Ghaggar Branch.

Original with;
Punjab Vidhan Sabha
Digitized by;
Panjab Digital Library

[Chief Minister]

10. Chanarthal RD 192425 B.H.L.

11. Sudhar RD 105000 Abohar Branch.

12. Tugal RD 128000 Abohar Branch.

13. Dalla RD 180000 Abohar Branch.

14. Gholia RD 254000 Abohar Branch.

15. Sidhana RD 307000 Bhatinda Branch.

16. Dolowal RD 15000 Kotla Branch.

17. Salar RD 35650 Kotla Branch.

18. Babanpur RD 86320 Kotla Branch.

19. Kila RD 145955 Kotla Branch.

20. Dialpura RD 172000 Ghaggar Branch.

21. Dhablan RD 100400 B.M.L.

22. Daburji RD 101200 M.B.L.

23. Gill RD 59000
and
Ludhiana RD 70000
Sidhwan Branch.

24. Jawaddi RD 72580
and
Barowal RD 88000
Sidhwan Branch.

25. Raowal RD 169000
and
Bangsipur RD 180000
Sidhwan Branch.

26. Bhinderkalan RD 248260
and
Lohgarh RD 255260 Sidhwan Branch.

27. Aur RD 41000 Nawan Shahar Branch
and
Lasora RD 65000 Nawan Shahar Branch.

28. Kalabilla RD 11700 and
Kalusohal RD 29540, Kasur Branch
Lower (UBDC System).

29. Rampur Dhima RD 46288
and Panj Garrian RD 75850
(Kasur Branch Lower).

30. Pakhoke RD 178150
and
Jandiala RD 195760 (Kasur Br. Lower).

31. Tughalwala RD 34860 and
Hardhowal RD 53960
Sabraon Br.

Original with;
Punjab Vidhan Sabha
Digitized by;
Panjab Digital Library

32. Ladha Mahba Attwal RD 94780
and
Butter RD 114750 (Sabraon Br.).

33. Gaggar Bhana RD 127250
and
Rayya RD 155750 Sabraon Branch.

34. Bhatinda Branch Mohali RD 109000
and
Logarh fall at RD 128000

35. Bhatinda Branch RD 390000 (Bibiwala)
and
Fall at RD 411229 (Bhatinda).

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀ ਕਿਹੜੀ ਜਗ੍ਹਾ ਮਾਈਕਰੋ–ਹਾਈਡਲ ਪ੍ਰੋਜੈਕਟ ਕੰਮ ਕਰ ਰਹੇ ਹਨ ਅੱਰ ਆਉਣ ਵਾਲੇ ਸਮੇਂ ਵਿੱਚ ਕਿੰਨੇ ਕੰਮ ਕਭਨਾ ਸ਼ੁਰੂ ਕਰ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਵੇਲੇ 5 ਸਕੀਮਾਂ ਹਨ । ਮਾਈਕਰੋ–ਹਾਈਡਲ ਪ੍ਰੋਜੈਕਟ ਦੀਆਂ ਜਿਹੜੀਆਂ ਅੰਡਰ ਕੰਸਟ੍ਰਕਸ਼ਨ ਸਮਝੀਆਂ ਜਾ ਸਕਦੀਆਂ ਹਨ। ਇਕ ਨਿਦਾਮਪੁਰ ਹੈ ਜਿਹੜੀ ਮੁਕੰਮਲ ਹੋਣਵਾਲੀ ਹੈ। ਦੂਸਰੀ ਦਹੁਦਰ ਹੈ, ਤੀਸਰੀ ਰੋਹਟੀ ਹੈ, ਚੌਥੀ ਬੂਹੀ ਹੈ ਅੱਰ ਪੰਜਵੀਂ ਧਾਰੀਵਾਲ ਹੈ। ਇਨ੍ਹਾਂ ਪੰਜਾਂ ਵਿੱਚ ਨਦਾਮਪੁਰ ਅੰਡਰ ਕੰਸਟ੍ਰਕਸ਼ਨ ਹੈ ਅੱਰ ਉਹ ਮੁਕੰਮਲ ਹੋਣ ਵਾਲੀ ਹੈ, ਬਾਕੀ ਸਕੀਮਾਂ ਅਜੇ ਬਣ ਰਹੀਆਂ ਹਨ।

ਪ੍ਰੋਫੈਸਰ ਦਰਬਾਰੀ ਲਾਲ : ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਇਕ ਮਾਈਕਰੋ–ਹਾਈਡਲ ਪ੍ਰੋਜੈਕਟ ਤੇ ਕਿੰਨਾ ਖਰਚ ਹੁੰਦਾ ਹੈ ਅੱਰ ਉਸ ਤੋਂ ਕਿੰਨੀ ਬਿਜਲੀ ਜੈਨਰੇਟ ਹੋਵੇਗੀ ਜਿਹੜੀ ਅਸੀਂ ਟਿਊਬ–ਵੈਲਜ਼ ਨੂੰ ਦੇ ਸਕਾਂਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮਾਈਕਰੋ–ਹਾਈਡਲ ਦੇ ਨਾਮ ਤੋਂ ਹੀ ਪਤਾ ਲਗਦਾ ਹੈ ਕਿ ਇਹ ਇਕ ਬਹੁਤ ਛੋਟਾ ਜਿਹਾ ਪ੍ਰੋਜੈਕਟ ਹੈ। ਇਸ ਤਰ੍ਹਾਂ ਦੀਆਂ ਇਹ 40 ਸਕੀਮਾਂ ਹਨ ਅੱਰ ਇਨ੍ਹਾਂ 40 ਸਕੀਮਾਂ ਵਿਚੋਂ 48.67 ਮੈਗਾਵਾਟ ਬਿਜਲੀ ਪੈਦਾ ਹੋਣੀ ਹੈ। ਇਕ ਮਾਈਕਰੋ–ਹਾਈਡਲ ਸਟੇਸ਼ਨ ਤੋਂ ਕਿਸੇ ਤੋਂ ਇਕ ਅਤੇ ਕਿਸੇ ਤੋਂ ਸਵਾ ਮੈਗਾਵਾਟ ਬਿਜਲੀ ਪੈਦਾ ਹੋਣੀ ਹੈ ਅੱਰ ਕਿਸੇ ਤੇ 2 ਕਰੋੜ ਰੁਪਿਆ ਅੱਰ ਕਿਸੇ ਤੇ ਪੌਣੇ 2 ਕਰੋੜ ਰੁਪਿਆ ਖਰਚ ਹੁੰਦਾ ਹੈ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਬਾਰੇ ਜਿਹੜੀਆਂ ਪ੍ਰਾਇਰਟੀਜ਼ ਫਿਕਸ ਕੀਤੀਆਂ ਹਨ, ਇਹ ਬਿਜਲੀ ਬੋਰਡ ਨੇ ਕੀਤੀਆਂ ਹਨ ਜਾਂ ਪੰਜਾਬ ਸਰਕਾਰ ਦੀ ਕੋਈ ਸ਼ੈਅ ਹੈ ਕਿ ਉਹ ਪ੍ਰਾਇਰਟੀ ਚੇਂਜ ਕਰ ਸਕਦੀ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਨੂੰ ਇਹ ਗਿਲਾ ਕਿਉਂ ਹੈ ? ਬੂਹੀ ਅੱਰ ਰੋਹਟੀ ਤਾਂ ਬਿਲਕੁਲ ਇਨ੍ਹਾਂ ਦੇ ਨੇੜੇ ਪੈਂਦੇ ਹਨ। ਫਿਰ ਪਤਾ ਨਹੀਂ ਅਜੇ ਵੀ ਇਨ੍ਹਾਂ ਨੂੰ ਕਿਉਂ ਗਿਲਾ ਹੈ, ਇਸ ਗੱਲ ਦੀ ਸਮਝ ਨਹੀਂ ਆਉਂਦੀ।

Grants for the construction of a Harijan Dharamshala

***32. Shri Jagjit Singh :** Will the Chief Minister be pleased to state—

(a) whether the Government proposes to raise the present limit of grant for the construction of Dharamshala for Harijans from Rs. 10,000 to Rs. 20,000 in the State ; if so, the approximate date by which it is likely to be raised ;

Original with;
Punjab Vidhan Sabha
Digitized by;
Panjab Digital Library

[Shri Jagjit Singh]

(b) whether the Government also proposes to raise the limit of grant for the repairs of a Harijan Dharamshala from Rs. 3,000 to Rs. 5,000 if so, the approximate date by which it is likely to be raised ;

Sardar Surjit Singh Barnala : (a) and (b) Yes. The matter is under consideration of Government.

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 10 ਹਜ਼ਾਰ ਰੁਪਏ ਤੋਂ 20 ਹਜ਼ਾਰ ਰੁਪਏ ਕਰਨ ਦੀ 'ਹਾਂ' ਕੀਤੀ ਹੈ .....

ਸ਼੍ਰੀ ਸਪੀਕਰ : 'ਹਾਂ' ਤਾਂ ਨਹੀਂ ਕੀਤੀ ।

ਸ਼੍ਰੀ ਜਗਜੀਤ ਸਿੰਘ : ਵਿਚਾਰ ਅਧੀਨ ਮੰਨਿਆ ਹੈ ਜੀ । ਮੈਂ ਤੁਹਾਡੀ ਮਾਰਫਤ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ 31 ਮਾਰਚ ਤਕ ਕਰ ਦੇਣਗੇ ਤਾਂਕਿ ਜਿਹੜੇ ਪਿੰਡਾਂ ਨੂੰ 10 ਹਜ਼ਾਰ ਰੁਪਿਆ ਮਿਲਿਆ ਸੀ ਅੱਰ ਉਹ ਅਧੂਰੀਆਂ ਪਈਆਂ ਹਨ ਉਹ ਕੰਪਲੀਟ ਹੋ ਸਕਣ ? ਜਿਹੜੀਆਂ ਪੁਰਾਣੀਆਂ ਧਰਮਸ਼ਾਲਾਵਾਂ ਹਨ ਉਨ੍ਹਾਂ ਦੀ ਹਾਲਤ ਵੀ ਖ਼ਰਾਬ ਹੈ ਅੱਰ ਬਹੁਤ ਸਾਰੀਆਂ ਰਿਪੇਅਰ ਹੋਣ ਵਾਲੀਆਂ ਹਨ ਅੱਰ ਉਨ੍ਹਾਂ ਦੀ ਰਿਪੇਅਰ ਲਈ 3,000 ਰੁਪਏ ਦੀ ਅਮਾਊਂਟ ਥੋੜ੍ਹੀ ਹੈ। ਕੀ ਉਹ ਅਮਾਊਂਟ ਵੀ 3,000 ਰੁਪਏ ਤੋਂ 5,000 ਰੁਪਏ ਕਰ ਦੇਣਗੇ ? ਕੀ ਇਹ 31 ਮਾਰਚ ਤਕ ਕਰ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਸੁਜੈਸ਼ਨ ਅੱਛਾ ਹੈ। ਸਾਡੇ ਵਲੋਂ ਯਤਨ ਹੋਵੇਗਾ ਕਿ ਜਲਦੀ ਕਰ ਦੇਈਏ। ਜੇ ਹੋ ਸਕਿਆ ਤਾਂ 31 ਮਾਰਚ ਤਕ ਕਰ ਦੇਵਾਂਗੇ।

ਸ਼੍ਰੀ ਜਗਜੀਤ ਸਿੰਘ : ਮੈਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਲੰਧਰ ਅੱਰ ਕਪੂਰਥਲਾ ਵਿੱਚ ਜਿਹੜੇ ਹੜ੍ਹ ਆਏ ਹਨ ਉਨ੍ਹਾਂ ਹੜ੍ਹਾਂ ਕਾਰਨ ਬਹੁਤ ਸਾਰੀਆਂ ਧਰਮਸ਼ਾਲਾਵਾਂ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ। ਜੇ ਬਾਕੀ ਦੀਆਂ ਗਲਾਂ ਵਾਸਤੇ ਅਰਥਾਤ ਫਸਲਾਂ ਵਾਸਤੇ ਜਾਂ ਹੋਰ ਗੱਲਾਂ ਵਾਸਤੇ ਗਰਾਂਟ ਦਿੱਤੀ ਜਾਂਦੀ ਹੈ ਤਾਂ ਕੀ ਜਿਹੜੀਆਂ ਧਰਮਸ਼ਾਲਾਵਾਂ ਹੜ੍ਹਾਂ ਦੀ ਮਾਰ ਵਿੱਚ ਆ ਗਈਆਂ ਹਨ ਉਨ੍ਹਾਂ ਵਾਸਤੇ ਵੀ ਕੋਈ ਗਰਾਂਟ ਵਗੈਰਾ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਨਾਮ ਲੈ ਕੇ ਕੋਈ ਸਪੈਸੀਫਿਕ ਦੱਸ ਦੇਣ। ਐਸਾ ਲਗਦਾ ਹੈ ਕਿ ਕੋਈ ਐਸੀ ਹੈ ਨਹੀਂ। ਜੇ ਕੋਈ ਐਸੀ ਗੱਲ ਹੁੰਦੀ ਤਾਂ ਸਰਦਾਰ ਮੇਜਰ ਸਿੰਘ ਉਬੋਕੇ ਆਪ ਹੀ ਇਸ ਦੇ ਬਾਰੇ ਦੱਸਦੇ ਕਿਉਂਕਿ ਬਾਕੀ ਹੋਰ ਗੋਲਾਂ ਬਾਰੇ ਉਹ ਦੱਸ ਦਿੰਦੇ ਹਨ, ਇਸ ਦੇ ਬਾਰੇ ਵੀ ਉਹ ਆਪ ਹੀ ਦਸ ਦਿੰਦੇ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੋ ਗਰੀਬਾਂ ਦੀਆਂ ਧਰਮਸ਼ਾਲਾਵਾਂ ਹਨ ਇਸ ਤੇ ਵਿਚਾਰ ਕਰਨ ਦੀ ਬਹੁਤੀ ਲੋੜ ਨਹੀਂ ਪੈਣੀ ਕਿਉਂਕਿ ਧਰਮਸ਼ਾਲਾਵਾਂ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ। ਇਸ ਕਰਕੇ ਦੱਸ ਦੇਣ ਕਿ ਛੇਤੀ ਤੋਂ ਛੇਤੀ ਕਿੰਨੀ ਤਾਰੀਖ ਤਕ ਪੈਸੇ ਦੇ ਦੇਣਗੇ ?

Original with;
Punjab Vidhan Sabha
Digitized by;
Panjab Digital Library

ਸ਼੍ਰੀ ਬਾਲਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਧਰਮਸ਼ਾਲਾਵਾਂ ਦੀ ਰਕਮ ਦਸ ਹਜ਼ਾਰ ਤੋਂ 20 ਹਜ਼ਾਰ ਰੁਪਏ ਕਰ ਦਿੱਤੀ ਹੈ, ਇਸ ਦੇ ਵਿਚ ਕਈਆਂ ਦੀ ਸੈਂਕਸ਼ਨ ਪਿਛਲੇ ਸਾਲ ਵਿਚ ਹੋ ਚੁਕੀ ਹੈ ਅੌਰ ਕਈਆਂ ਦੀ 7 ਹਜ਼ਾਰ ਰੁਪਏ ਦੀ ਹੈ ਪਰ ਉਨ੍ਹਾਂ ਨੇ ਪੈਸਾ ਹਾਲੇ ਤਕ ਨਹੀਂ ਲਿਆ। ਕੀ ਹੁਣ ਇਹ ਉਨ੍ਹਾਂ ਨੂੰ ਵੀ 20 ਹਜ਼ਾਰ ਰੁਪਿਆ ਸੈਂਕਸ਼ਨ ਕਰ ਦੇਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਵਾਬ ਸੁਣਿਆ ਨਹੀਂ। ਅਸੀਂ ਅਜੇ ਕੀਤਾ ਨਹੀਂ, ਕਰਨ ਦਾ ਵਿਚਾਰ ਹੈ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਦੋ ਅੈਸੀਆਂ ਧਰਮਸ਼ਾਲਾਵਾਂ ਹਨ ਜਿਹੜੀਆਂ ਬਿਲਕੁਲ ਗਿਰ ਗਈਆਂ ਹਨ। ਕੀ ਮੱਖ ਮੰਤਰੀ ਜੀ ਉਨ੍ਹਾਂ ਨੂੰ ਜਲਦੀ ਟੇਕ ਅੱਪ ਕਰ ਲੈਣਗੇ ?

ਸ਼੍ਰੀ ਸਪੀਕਰ : ਤੁਸੀਂ ਨੋਟਿਸ ਦੇ ਦਿਓ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਸਾਰੇ ਪਿੰਡਾਂ ਦੇ ਹਰੀਜਨਾਂ ਦੀ ਗਲ ਕਰੀ ਜਾਂਦੇ ਹਨ, ਸਾਰੀਆਂ ਧਰਮਸ਼ਾਲਾਵਾਂ ਪਿੰਡਾਂ ਵਿਚ ਦਿੱਤੀ ਜਾਂਦੇ ਹਨ ਸਾਡੇ ਸ਼ਹਿਰਾਂ ਵਿਚ ਕੋਈ ਨਹੀਂ। ਕੀ ਚੀਫ਼ ਮਨਿਸਟਰ ਸਾਹਿਬ ਸ਼ਹਿਰਾਂ ਵਿਚ ਜਿਹੜੀਆਂ ਹਰੀਜਨ ਬਸਤੀਆਂ ਹਨ ਉਨ੍ਹਾਂ ਲਈ ਵੀ ਕੋਈ ਧਰਮਸ਼ਾਲਾਵਾਂ ਦੇਣਗੇ। ਸਾਡੇ ਲੁਧਿਆਣਾ ਵਿਚ ਬੜੀ ਲੋੜ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਜਿਥੇ ਸਪੈਸੀਫ਼ੀਕਲੀ ਦਸਣਗੇ, ਜ਼ਰੂਰ ਕਰ ਦਿਆਂਗੇ।

Mr. Speaker : Question Hour is over.

UNSTARRED QUESTIONS AND ANSWERS

Setting up/Upgradation of depot of PRTC at Sultanpur Lodhi

6. Sardar Bachan Singh : Will the Chief Minister be pleased to state whether there is any proposal under the consideration of the Government to up-grade the depot of Pepsu Road Transport Corporation at Sultanpur Lodhi as full fledged depot ; if so, the approximate time by which that is likely to be done ?

Sardar Surjit Singh Barnala : As there is no depot of Pepsu Road Transport Corporation at Sultanpur Lodhi, question of its up-gradation does not arise.

Construction of Dhussi Bund along with river Beas

7. Sardar Bachan Singh : Will the Chief Minister be pleased to state whether there is any proposal under the consideration of the Government to construct Dhussi Bund alongwith the River Beas from Dhillwan to Alli Khurd and Alli Kalan, district Kapurthala ; if so, the details thereof and the approximate time by which that is likely to be done ?

Original with;
Punjab Vidhan Sabha
Digitized by;
Panjab Digital Library

Sardar Surjit Singh Barnala : (a) Yes, Sir.

(b) There is an approved scheme for construction of an advance bund connecting tip of spur at RD 97920 to RD 1,17,000 Flood Protection Bund D/S Dhillwan to Village Alli. Upto 1982-83, Rs. 10.02 lacs had been spent on this scheme.

(c) In view of the scarcity of funds, the precise time for taking up remaining works cannot be indicated at present.

---

12 Villages of Pond area of Tehsil Sultanpur Lodhi affected by floods

8. Sardar Bachan Singh : Will the Minister for Revenue and Rehabilitation be pleased to state whether it is a fact that 12 villages of Pond area of tehsil Sultanpur Lodhi have been affected due to the recent floods ; if so, the details thereof and the steps taken or proposed to be taken for giving compensation to the affected people ?

Sardar Major Singh Uboke : Yes, Sir. The number of villages affected is 13. The names of villages are as follows :—

1. Sheikh Manga
2. Sarupwal
3. Jhugian Gamu
4. Ramgarh Daleli
5. Mand Inderpur
6. Takia
7. Bharoana
8. Shahwala Naki
9. Mand Indrisa
10. Tibbi
11. Chananwindi
12. Ahli Kalan
13. Ahli Khurd.

Gratuitous relief is being disbursed to the affected persons according to scales laid down by Government.

Facilities to Freedom Fighters

9. Sardar Bachan Singh : Will the Chief Minister be pleased to state the details of the facilities given by the State Government to the Freedom Fighters in the State ?

Sardar Surjit Singh Barnala : The requisite information is as per annexure.

ANNEXURE

FACILITIES TO FREEDOM FIGHTERS BY PUNJAB GOVERNMENT

1. Punjab Government Pension to Freedom Fighters has been raised from Rs. 100 P.M. to Rs. 150 P. M. with effect from 15th August, 1985.

2. Free travelling in Punjab and Pepsu Roadways buses in the State of Punjab and Union Territory of Chandigarh uptill a distance of 6000 Kms. per annum has been provided.

Original with;
Punjab Vidhan Sabha
Digitized by;
Panjab Digital Library

3. 2% seats in direct recruitment in State Services have been reserved with effect from 3rd March, 1983for the Children/grandchildren (Potras and Potrees) of the Freedom Fighters in 100 point Roster point. Number 23 and 63 have thus been reserved for this purpose.

4. 2% residential plots each in the schemes of improvement Trusts and Urban Estates as also 2% houses in the Housing Board Colonies built by Punjab Housing Development Board have been reserved for Freedom Fighters and their dependents on reserved price.

5. 2% seats for admission to Medical Colleges, I.T.I's and 5% in B.E.D. classes have been reserved for the children/grand children of Freedom Fighters.

6. Freedom Fighters whose income from all sources does not exceed Rs. 4,800 per annum have been exempted from the payment of House Tax.

7. Freedom Fighters are eligible for re-employment in Government service up to the age of 60 years.

8. Freedom Fighters while under treatment in the State Government Hospitals/Dispensaries, including P.G.I. at Chandigarh as indoor patients are re-imbursed the cost of medicines prescribed for them and which are not available in these Hospitals/P.G.I.

9. Education facilities in the form of stipends, book grants and Hostel fee are paid to the children and grand children of Freedom Fighters (grand children in case of pre-deceased parents only).

10. On the Death of a Freedom Fighter, the Financial Assistance being given to him is transferred in favour of his widow at the same rate.

11. The Chief Minister as President of the National Workers (Relief and Rehabilitation) Board may also sanction Lumpsum grants out of the National Workers' Relief Fund in hard and deserving cases.

12. A target for the release of 50 Tubewell connection to the Freedom Fighters on priority basis has been fixed during the year 1985-86.

13. Instructions have been issued to all Government Officers in the State to extend proper courtesies to Freedom Fighters who happen to visit the State Government Offices, and that their genuine and legitimate grievances are redressed on top priority basis.

14. The Freedom Fighters are extended invitations in all State and District level functions including independence Day and Republic Day celebrations.

Teacher in Government Primary School Jhang Distict Hoshiarpur

5. **Dr. Kewal Krishan :** Will the Minister for Education be pleased to state—

(a) whether it is a fact that only one teacher is working in Government Primary School Jhang of Block Mukerian, District Hoshiarpur against its strength of sixty students ; if so, the reasons therefor;

(b) whether there is any proposal to provide additional teacher/ teachers in the said school; if so, the time by which additional teacher/teachers is/are likely to be provided ?

Sardar Sukhjinder Singh : (a) Yes. One post of teacher was sanctioned for Government Primary School, Jhang Block Mukerian, District Hoshiarpur being single teacher school.

(b) One more teacher has been sent there taking into consideration the Number of students.

Original with;
Punjab Vidhan Sabha
Digitized by;
Panjab Digital Library

QUESTION OF PRIVILEGE

Mr. Speaker : I have received a notice of Privilege Motion from Dr. Kewal Krishan. I am having the matter examined and will give my ruling later on.

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਦਿੱਤੀ ਸੀ.....(ਵਿਘਨ)

ਸ਼੍ਰੀ ਸਪੀਕਰ : ਉਹ ਰੂਲ ਆਊਟ ਕਰ ਦਿੱਤੀ ਗਈ ਹੈ। (ਵਿਘਨ)

ਸ਼੍ਰੀ ਹਰੀ ਮਿੱਤਰ ਹੰਸ : ਸਪੀਕਰ ਸਾਹਿਬ, ਉਥੇ ਸਟਰਾਈਕ ਹੋਈ ਹੋਈ ਹੈ..... (ਵਿਘਨ)

(ਇਸ ਸਮੇਂ ਮਾਸਟਰ ਮੋਹਨ ਲਾਲ ਜੀ ਵੀ ਕੁਝ ਬੋਲ ਰਹੇ ਸਨ, ਪਰ ਸ਼ੋਰ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ ਕਿਉਂਕਿ ਕਈ ਮਾਨਯੋਗ ਮੈਂਬਰ ਸਾਹਿਬ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ।)

ਸ਼੍ਰੀ ਸਪੀਕਰ : ਤੁਸੀਂ ਮੇਰੇ ਕੋਲ ਆ ਕੇ ਗਲ ਕਰ ਲੈਣਾ। ਕਾਲ ਅਟੈਨਸ਼ਨ ਨੋਟਿਸਿਜ਼।

CALL ATTENTION NOTICES UNDER RULES 66

(ਕ੍ਰਮ ਨੰ: 42)

ਸਰਦਾਰ ਬਲਵਿੰਦਰ ਸਿੰਘ ਭੁੰਦੜ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਨਰਮੇਂ, ਕਪਾਹ ਦੀ ਫਸਲ ਮੰਡੀਆਂ ਵਿਚ ਇਕ ਮਹੀਨੇ ਤੋਂ ਆ ਰਹੀ ਹੈ। ਸੈਂਟਰ ਸਰਕਾਰ ਨੇ ਅਜੇ ਤੱਕ ਸਹਾਇਕ-ਕੀਮਤ ਮੁਕੱਰਰ ਨਹੀਂ ਕੀਤੀ । ਕਾਟਨ ਕਾਰਪੋਰੇਸ਼ਨ, ਮਾਰਕਫੈਡ ਮੰਡੀਆਂ ਵਿਚ ਖਰੀਦ ਨਹੀਂ ਕਰ ਰਹੀਆਂ। ਇਸ ਕਰਕੇ ਭਾਅ ਬਹੁਤ ਹੀ ਗਿਰ ਗਏ ਹਨ। ਪਿਛਲੇ ਸਾਲ 600 ਰੁਪਏ ਦੇ ਲਗਭਗ ਸਨ ਇਸ ਸਾਲ 470 ਦੇ ਕਰੀਬ ਚਲ ਰਹੇ ਹਨ। ਕਿਸਾਨ ਲੁਟਿਆ ਜਾ ਰਿਹਾ ਹੈ। ਲੋਕਾਂ ਵਿਚ ਬਹੁਤ ਹਾਹਾਕਾਰ ਹੈ। ਪੰਜਾਬ ਸਰਕਾਰ ਮਾਰਕ-ਫੈਡ ਨੂੰ 30 ਵੱਡੀਆਂ ਮੰਡੀਆਂ ਵਿਚ ਭੇਜੇ ਅਤੇ ਕਾਟਨ ਕਾਰਪੋਰੇਸ਼ਨ ਨੂੰ ਤੁਰੰਤ ਸਾਰੀਆਂ ਮੰਡੀਆਂ ਵਿਚ ਦਾਖਲ ਹੋਣ ਲਈ ਕਹੇ। ਸਬੰਧਤ ਵਜ਼ੀਰ ਸਾਹਿਬ ਹਾਊਸ ਵਿਚ ਬਿਆਨ ਦੇਣ।

Agriculture and Forest Minister (Captain Amarinder Singh) : Sir, the State Government has demanded a support price of Rs. 580 per quintal in respect of the cotton crop Kharif 1985-86 from the Central Government. Despite repeated reminders at the highest level, the latest being on 30th October, 1985, the Government of India has not so far announced the support price of cotton.

2. The Cotton Corporation of India has already entered into 8 markets and is not purchasing cotton in all the Mandis presumably on the ground that it is also waiting for the announcement of the support price of cotton. Markfed is not a support price purchase agency for the purchase of cotton. Markfed share in the cotton purchase each year varies from 7 to 10 per cent. Markfed purchased 1,04,000 bales of cotton last year and it will also enter into the Mandis this year at the appropriate time.

ਸਰਦਾਰ ਬਲਦੇਵ ਸਿੰਘ ਖਿਆਲਾ: ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਪੰਜਾਬੀ ਵਿਚ ਜਵਾਬ ਦਿਆ ਕਰਨ ।

ਸ਼੍ਰੀ ਸਪੀਕਰ : ਮੰਤਰੀ ਜੀ, ਅੱਗੇ ਨੂੰ ਪੰਜਾਬੀ ਵਿਚ ਜਵਾਬ ਦੇ ਦਿਆ ਕਰੋ ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਹ ਭਰੋਸਾ ਦੇਣਗੇ ਕਿ ਇਹ ਜਿਹੜਾ ਕਾਟਨ ਦਾ ਭਾਅ ਨੀਚੇ ਆਇਆ ਹੈ ਕਿ ਦੋ ਲੱਖ ਗੱਠਾਂ ਐਕਸਪੋਰਟ ਕਰ ਲਈਆਂ ਗਈਆਂ ਹਨ। ਪਹਿਲਾਂ ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਇਹ ਇੰਪੋਰਟ ਨਹੀਂ ਕਰਾਂਗੇ ਅਤੇ ਫਿਰ ਕਿਹਾ ਕਿ ਬਫਰ ਸਟੌਕ ਰਖਾਂਗੇ, ਇਹ ਜਿਹੜੀਆਂ ਗੱਠਾਂ ਪਾਕਿਸਤਾਨ ਵਿਚੋਂ ਆਈਆਂ ਹਨ ਇਨ੍ਹਾਂ ਨੂੰ ਬੰਦ ਰੱਖਣ ਅਤੇ ਹੋਰ ਨਾ ਲਈਆਂ ਜਾਣ।

ਦੂਸਰਾ ਇਹ ਕਿ ਇਹ ਛੇਤੀ ਰੇਡ ਕਰਨ ਅਤੇ ਮਾਰਕਫੈਡ ਨੂੰ ਸਾਰੀਆਂ 30 ਮੰਡੀਆਂ ਵਿਚ ਐਂਟਰ ਕਰਨ ਕਿਉਂਕਿ ਕਾਟਨ ਕਾਰਪੋਰੇਸ਼ਨ ਪਹਿਲਾਂ 30 ਮੰਡੀਆਂ ਵਿਚ ਹੀ ਦਾਖਲ ਹੁੰਦੀ ਸੀ। ਇਸ ਤੋਂ ਇਲਾਵਾ ਜਿਹੜੀ ਘੱਟ ਤੋਂ ਘੱਟ ਕੀਮਤ ਹੈ ਉਹ 580 ਰੁਪਏ ਹੋਵੇ ਜਾਂ 550 ਰੁਪਏ, ਪਰ ਹੁਣ ਤਾਂ 470 ਰੁਪਏ ਤੇ ਆ ਗਈ ਹੈ। ਕੀ ਭਰੋਸਾ ਦਵਾਉਣਗੇ ਕਿ ਇਹ ਲੁਟ ਹੁਣ ਹੋਰ ਬਹੁਤ ਦੇਰ ਤੁਕ ਨਹੀਂ ਚਲੇਗੀ ?

ਮੰਤਰੀ : ਸਰ, ਇਹ ਸਹੀ ਗਲ ਹੈ ਕਿ ਸੈਂਡਰ ਨੇ ਦੋ ਲੱਖ ਕਾਟਨ ਗੱਠਾਂ ਪਾਕਿਸਤਾਨ ਤੋਂ ਖਰੀਦਣ ਦਾ ਫੈਸਲਾ ਕੀਤਾ ਹੈ ਅੌਰ 70 ਹਜ਼ਾਰ ਗੱਠਾਂ ਆ ਚੁੱਕੀਆਂ ਹਨ, ਇਸ ਦਾ ਅਸਰ ਸਾਡੀਆਂ ਮੰਡੀਆਂ ਤੇ ਪਏਗਾ। ਪਿਛਲੇ ਸਾਲ 12 ਲੱਖ ਗੱਠਾਂ ਮੰਡੀਆਂ ਵਿਚ ਆਈਆਂ ਸਨ ਇਸ ਸਾਲ 15 ਲੱਖ ਆਉਣ ਦੀ ਉਮੀਦ ਹੈ। ਇਸ ਵੇਲੇ ਤਕ ਬਹੁਤ ਘੱਟ ਨਰਮਾ ਮੰਡੀਆਂ ਵਿਚ ਪਹੁੰਚਿਆ ਹੈ। ਇਹ ਤਾਂ ਦਸੰਬਰ ਦੇ ਪਹਿਲੇ ਹਫ਼ਤੇ ਤਕ ਚਲੇਗਾ। ਮੁੱਖ ਮੰਤਰੀ ਜੀ ਨੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਵੀ ਚਿੱਠੀ ਲਿਖੀ ਹੈ ਅਤੇ ਮੈਂ ਵੀ ਕਮਰਸ ਮਨਿਸਟਰ ਨੂੰ ਮਿਲਿਆ ਸੀ ਅਤੇ ਅਸੀਂ ਤਾਰਾਂ ਤੇ ਚਿੱਠੀਆਂ ਬਹੁਤ ਭੇਜੀਆਂ ਹਨ ਕਿ ਜਿਹੜੀ ਸਪਲਾਈ ਪਾਕਿਸਤਾਨ ਤੋਂ ਆਉਣੀ ਹੈ ਇਹ ਰੋਕੀ ਜਾਏ। ਦੂਸਰੀ ਗਲ ਇਹ ਹੈ ਕਿ ਕਾਟਨ ਕਾਰਪੋਰੇਸ਼ਨ ਇਸ ਵਕਤ ਤਕ 8 ਮੰਡੀਆਂ ਵਿਚ ਆ ਚੁਕੀ ਹੈ। ਪਿਛਲੇ ਸਾਲ 30 ਮੰਡੀਆਂ ਵਿਚ ਪਰਚੇਜ਼ ਹੋਈ ਸੀ ਇਸ ਵਾਰੀ 20 ਮੰਡੀਆਂ ਵਿਚ ਕਰੇਗੀ ਅੌਰ ਸਾਡੀ ਮਾਰਕਫੈਡ 17 ਮੰਡੀਆਂ ਵਿਚ। ਜਿਹੜੀ ਕਾਟਨ ਕਾਰਪੋਰੇਸ਼ਨ ਦੇ ਆਉਣ ਦੀ ਗਲ ਹੈ ਇਸ ਗਲ ਤੇ ਮੁਨਹਸਰ ਕਰਦੀ ਹੈ ਕਿ ਪਹਿਲਾਂ ਸਪੋਰਟ ਪ੍ਰਾਈਸ ਫਿਕਸ ਕੀਤੀ ਜਾਵੇ, ਸਾਡੇ ਇਹ ਯਤਨ ਹਨ ਕਿ ਪਹਿਲਾਂ ਸਪੋਰਟ ਪ੍ਰਾਈਸ ਅਨਾਊਂਸ ਕੀਤੀ ਜਾਵੇ।

(ਕ੍ਰਮ ਨੰ: 43)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਰਾਜਭਰ ਵਿਚ ਖਾਸ ਕਰਕੇ ਜ਼ਿਲ੍ਹਾ ਪਟਿਆਲਾ ਵਿਚ ਰਾਤ ਨੂੰ ਖਾਸ ਕਰਕੇ ਰਾਤ ਦੇ 12 ਵਜੇ ਤੋਂ ਪਹਿਲਾਂ ਖਤਰਨਾਕ ਕਿਸਮ ਦੀ ਧੁੰਦ ਜਹੀ ਛਾ ਜਾਂਦੀ ਹੈ ਜਿਸ ਕਾਰਨ ਆਵਾਜਾਈ ਵਿਚ ਰੁਕਾਵਟ ਪੈਂਦੀ ਹੈ। ਜੀਰੀ ਦੀ ਫੂਸ ਦੇ ਧੂਏਂ ਤੇ ਸ਼ਹਿਰ ਵਿਚ ਮਿਲ ਦੇ ਧੂੰਏਂ ਕਰਕੇ ਅਜਿਹਾ ਹੋ ਰਿਹਾ ਹੈ। ਇਸ ਗੰਧਲੇ ਹਨੇਰੀਆਂ ਰਾਤਾਂ ਕਰਕੇ ਅਕਸਰ ਪਰਿਵਹਿਨ ਹਾਦਸੇ ਹੋ ਰਹੇ ਹਨ। ਜਿਸ ਕਰਕੇ ਰਾਤ ਯਾਤਰੀ ਖਾਸ ਕਰਕੇ ਦੁਖੀ ਤੇ ਪ੍ਰੇਸ਼ਾਨ ਹਨ। ਮੁੱਖ ਮੰਤਰੀ ਸ਼ੀਘਰ ਸਦਨ ਵਿਚ ਬਿਆਨ ਦੇਣ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ): ਜੀਰੀ ਦਾ ਫੂਸ ਅਤੇ ਪਰਾਲੀ ਦੇ ਜਲਨ ਕਾਰਨ ਪੈਦਾ ਹੁੰਦਾ ਧੂੰਆਂ ਅਤੇ ਮਿੱਲਾਂ ਦੇ ਧੂੰਏਂ ਦੇ ਕਾਰਣ ਪੈਦਾ ਹੁੰਦੀ ਸਮਸਿਆ ਤੋਂ ਸਰਕਾਰ ਭਲੀ ਭਾਂਤ ਜਾਣੂੰ ਹੈ ਅਤੇ ਇਸਦਾ ਹੱਲ ਲੱਭਣ ਲਈਲੋੜੀਂਦੇ ਉਪਰਾਲੇ ਕੀਤੇ ਜਾ ਰਹੇ ਹਨ ਪਰ ਇਸ ਨੂੰ ਕੁਝ ਸਮਾਂ ਲੱਗੇਗਾ ਕਿਉਂਕਿ ਇਹ ਆਪਣੇ ਹੀ ਤਰ੍ਹਾਂ ਦੀ ਨਵੀਂ ਸਮੱਸਿਆ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਇਸ ਤਰ੍ਹਾਂ ਦਾ ਧੂੰਏਂ ਦਾ ਮਸਲਾ ਬਠਿੰਡਾ ਥਰਮਲ ਪਲਾਂਟ ਦਾ ਸਰਕਾਰ ਨੇ ਹਲ ਕਰ ਦਿਤਾ ਹੈ ? ਕਾਰਖਾਨੇ ਸ਼ਹਿਰਾਂ ਵਿਚ ਲਗੇ ਹੋਏ ਹਨ, ਗੋਬਿੰਦਗੜ੍ਹ ਵਿਚ ਰੋਲਿੰਗ ਮਿਲਾਂ ਸ਼ਹਿਰ ਦੇ ਵਿਚ ਹਨ। ਸਾਡੇ ਕੋਲ ਜਿਹੜੀ ਪਾਲੂਸ਼ਨ ਨੂੰ ਦੂਰ ਕਰਨ ਦਾ ਜਿਹੜਾ ਮਹਿਕਮਾ ਹੈ ਉਹ ਇਨਐਕਟਿਵ ਹੈ। ਇਸ ਦੇ ਨਾਲ ਹਾਦਸੇ ਵੀ ਹੁੰਦੇ ਹਨ ਅੱਰ ਕਈ ਕਿਸਮ ਦੀਆਂ ਬੀਮਾਰੀਆ ਦਾ ਲੋਕ ਸ਼ਿਕਾਰ ਹੁੰਦੇ ਹਨ ਸਪੈਸ਼ਲੀ ਜਿਹੜੇ ਲੋਕ ਕੋਠਿਆਂ ਦੇ ਉਤੇ ਸੌਂਦੇ ਹਨ। ਕੀ ਕੋਈ ਐਕਸਪਰਟ ਕਮੇਟੀ ਫੌਰੀ ਤੌਰ ਤੇ ਬਣਾਉਣ ਲਈ ਤਿਆਰ ਹਨ. ਜੇਕਰ ਤਿਆਰ ਹਨ ਤਾ ਕਦੋਂ ਤਕ ਬਣਾ ਦਿਤੀ ਜਾਏਗੀ ਅੱਰ ਇਹ ਜਿਹੜੀ ਪਾਲੂਸ਼ਨ ਦੀ ਬੀਮਾਰੀ ਕਾਫੀ ਦੇਰ ਤੋਂ ਚਲੀ ਆ ਰਹੀ ਹੈ ਇਸ ਨੂੰ ਖਤਮ ਕਰਨ ਲਈ ਕੋਈ ਫੌਰੀ ਪ੍ਰਬੰਧ ਕਰਨਗੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜਿਹੜੇ ਕਾਰਖਾਨਿਆਂ ਵਿਚ ਪੈਡੀ ਹੱਸਕ ਜਲਾਈ ਜਾਂਦੀ ਹੈ ਉਸ ਦੇ ਵਾਸਤੇ ਮੁਨਾਸਬ ਪ੍ਰਬੰਧ ਨਹੀਂ ਹੋਏ। ਉਨ੍ਹਾਂ ਦੀ ਬੁਝਾਈ ਐਫੀਸ਼ੈਂਸੀ ਬਹੁਤ ਘੱਟ ਹੁੰਦੀ ਹੈ। ਕੋਈ 30 ਜਾਂ 40 ਪਰਸੈਂਟ ਹੁੰਦੀ ਹੈ। ਪਾਲੂਸ਼ਨ ਕੰਟਰੋਲ ਦੀਆਂ ਮਸ਼ੀਨਾਂ ਕਈ ਲਗਾ ਰਹੇ ਹਨ ਅਤੇ ਕਈਆਂ ਤੇ ਲਾਉਣ ਲਈ ਪ੍ਰੈਸ਼ਰ ਪਾਇਆ ਜਾ ਰਿਹਾ ਹੈ ਨਹੀਂ ਤਾਂ ਉਨ੍ਹਾਂ ਤੇ ਪ੍ਰਾਸੀਕਿਉਸ਼ਨ ਕੀਤੀ ਜਾ ਸਕਦੀ ਹੈ।

ਖੇਤਾਂ ਵਿਚ ਕਈ ਲੋਕ ਪਰਾਲੀ ਫੂਕ ਦਿੰਦੇ ਹਨ, ਉਹ ਦੂਜੀ ਸਮੱਸਿਆ ਹੈ ਉਸ ਨੂੰ ਹੱਲ ਕਰਨ ਲਈ ਸਮਾਂ ਲਗੇਗਾ। ਕੀ ਆਇਆ ਉਸ ਤੋਂ ਪਾਵਰ ਬਣ ਸਕਦੀ ਹੈ, ਇਸ ਤੇ ਸੋਚ ਜਾਰੀ ਹੈ ਕੋਈ ਐਕਸਪਰਟਸ ਦੀ ਟੀਮ ਲਾਈ ਹੈ ਕਿ ਕੀ ਕੋਈ ਇਸ ਤੋਂ ਬਿਜਲੀ ਤਿਆਰ ਕਰ ਸਕਦੇ ਹਾਂ ਜਾਂ ਕੋਈ ਹੋਰ ਪ੍ਰਬੰਧ ਕੀਤਾ ਜਾ ਸਕਦਾ ਹੈ। ਜਿਹੜਾ ਸਟਰਾਅ ਹੈ ਕੀ ਉਸਤੋਂ ਕਾਗਜ਼ ਜਾਂ ਗੱਤਾ ਬਣਾਇਆ ਜਾ ਸਕਦਾ ਹੈ ਜਾਂ ਨਹੀਂ।

PAPERS LAID ON THE TABLE

Education Minister : Sir, I beg to lay on the Table—

(i) the Finance Accounts, 1983-84 ;

(ii) the Appropriation Accounts, 1983-84 ;

(iii) the Report of the Comptroller and Auditor General of India (Civil) for the year 1983-84 ;

(iv) the Report of the Comptroller and Auditor General of India (Commercial) for the year 1983-84 ; and

(v) the Report of the Comptroller and Auditor General of India (Revenue Receipts) for the year 1983-84.

RESUMPTION OF DISCUSSION ON GOVERNOR'S ADDRESS

Mr. Speaker : Now the House will resume discussion on the Motion of Thanks moved by Sardar Sukhdev Singh Dhillon, M.L.A., and seconded by Sardar Balwinder Singh Bhunder, M.L.A., on the 18th October, 1985. Now I call upon Sardar Parshotam Singh to speak.

ਸਰਦਾਰ ਨੱਥਾ ਸਿੰਘ ਦਾਲਮ: ਮੇਰੀ ਵਾਰੀ ਪਹਿਲੇ ਨੰਬਰ ਤੇ ਸੀ ਜੀ।

Mr. Speaker : You were to catch the eye of the Speaker.

Sardar Natha Singh Dalam : Sorry Sir. I could not catch the eye of the Speaker.

Original with;
Punjab Vidhan Sabha
Digitized by;
Panjab Digital Library

ਸਰਦਾਰ ਪਰਸ਼ੋਤਮ ਸਿੰਘ (ਬੁਢਲਾਡਾ) : ਸਪੀਕਰ ਸਾਹਿਬ, ਜੋ ਗਵਰਨਰ ਸਾਹਿਬ ਦੇ ਧੰਨਵਾਦ ਦਾ ਮਤਾ ਆਇਆ ਹੈ ਮੈਂ ਉਸ ਨੂੰ ਸਪੋਰਟ ਕਰਨ ਲਈ ਖੜ੍ਹਾ ਹੋਇਆ ਹਾਂ।

(ਆਵਾਜ਼ਾਂ : ਮਾਈਕ ਠੀਕ ਨਹੀਂ ਹੈ ਜੀ)।

ਸ੍ਰੀ ਸਪੀਕਰ : ਤੁਸੀਂ ਜ਼ਰਾ ਅੱਗੇ ਹੋ ਕੇ ਬੋਲੋ। ਜ਼ਰਾ ਅੱਗੇ ਹੋ ਜਾਓ।

ਸਰਦਾਰ ਪਰਸ਼ੋਤਮ ਸਿੰਘ : ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਦੇ ਪਹਿਲੇ ਅਤੇ ਦੂਜੇ ਪੈਰੇ ਵਿਚ ਆਪਣੇ ਪੰਜਾਬ ਦੀਆਂ ਦੁਖਦਾਈ ਘਟਨਾਵਾਂ ਦਾ ਇਜ਼ਹਾਰ ਕੀਤਾ ਹੈ, ਉਨ੍ਹਾਂ ਲਈ ਅਫਸੋਸ ਕੀਤਾ ਹੈ, ਉਨ੍ਹਾਂ ਕਿਹਾ ਹੈ ਕਿ ਇਤਨਾ ਕੁਝ ਹੋਇਆ ਹੈ ਪੰਜਾਬ ਵਿਚ ਜਾਂ ਦਿੱਲੀ ਵਿਚ ਹੋਇਆ ਹੈ, ਜਾਂ ਹੋਰ ਥਾਵਾਂ ਤੇ ਹਿੰਦੋਸਤਾਨ ਵਿਚ ਹੋਇਆ ਹੈ, ਉਹ ਬਹੁਤ ਬੁਰਾ ਹੋਇਆ ਹੈ ਅੌਰ ਉਨ੍ਹਾਂ ਨੇ ਬਹੁਤ ਸਾਰੇ ਵਾਕਿਆਤ ਤੇ ਆਪਣੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਮੈਂ ਸਮਝਦਾ ਹਾਂ ਕਿ ਹਮਦਰਦੀ ਦਾ ਇਜ਼ਹਾਰ ਕਰਨਾ, ਇਹ ਉਨ੍ਹਾਂ ਨੇ ਅੱਛਾ ਕੰਮ ਕੀਤਾ ਹੈ।

ਸਪੀਕਰ ਸਾਹਿਬ, ਪੰਜਾਬ ਦੇ ਹਿਤਾਂ ਦੇ ਵਾਸਤੇ ਅਕਾਲੀ ਪਾਰਟੀ ਨੇ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਮੰਗਾਂ ਮਨਾਉਣ ਵਾਸਤੇ ਯਤਨ ਕੀਤਾ ਹੈ। ਪਹਿਲਾਂ ਦਿੱਲੀ ਦੀ ਸਰਕਾਰ ਨੇ ਉਹ ਗੱਲਾਂ ਸਾਰੀਆਂ ਨਹੀਂ ਮੰਨੀਆਂ ਜਿਨ੍ਹਾਂ ਲਈ ਮੋਰਚਾ ਲਗਾਇਆ ਅੌਰ ਉਸ ਮੋਰਚੇ ਵਿਚ ਤੁਹਾਨੂੰ ਪਤਾ ਹੈ ਕਿ ਕਿੰਨਾ ਅੱਤਿਆਚਾਰ ਹੋਇਆ ਹੈ, ਕਿੰਨਾ ਕੁਝ ਹੋਇਆ ਹੈ ਅੌਰ ਕਿੰਨੀਆਂ ਸ਼ਹੀਦੀਆਂ ਪਾਈਆਂ। ਆਖਿਰ ਵਿਚ ਦਿੱਲੀ ਦੀ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਇਹ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ। ਬੜੀ ਸਪੋਰਟਸਮੈਨਸ਼ਿੱਪ ਵਿਖਾਈ। ਪ੍ਰਧਾਨ ਮੰਤਰੀ ਨੇ ਅਲਟੀਮੇਟਲੀ ਉਹ ਮੰਗਾਂ ਮੰਨ ਲਈਆਂ ਅੌਰ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨਾਲ ਅਕਾਰਡ ਹੋਇਆ। ਚੰਗਾ ਹੁੰਦਾ ਜੇਕਰ ਇਹ ਮੰਗਾਂ ਪਹਿਲਾਂ ਹੀ ਸਰਕਾਰ ਮੰਨ ਲੈਂਦੀ ਅੌਰ ਅਸੀਂ ਸਾਰੀ ਇਸ ਕਤਲੋ–ਗਾਰਤ ਤੋਂ ਬਚ ਜਾਂਦੇ। ਜੋ ਇਹ ਸਮਝੌਤਾ ਹੋਇਆ ਹੈ, ਮੈਂ ਸਮਝਦਾ ਹਾਂ ਕਿ ਇਹ ਸਾਰੇ ਦੇਸ਼ ਦੇ ਸਿਆਣਿਆਂ ਦੀ ਦੂਰ–ਅੰਦੇਸ਼ੀ ਕਾਰਨ ਹੋਇਆ ਹੈ ਅੌਰ ਅਕਾਰਡ ਪ੍ਰਧਾਨ ਮੰਤਰੀ ਅੌਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਦਰਮਿਆਨ ਸਾਈਨ ਹੋਇਆ ਅੌਰ ਉਸ ਸੈਟਲਮੈਂਟ ਤੇ ਦਸਖਤ ਹੋਣ ਤੋਂ ਬਾਅਦ ਪੰਜਾਬ ਦਾ ਵਾਤਾਵਰਣ ਕਾਫੀ ਚੰਗਾ ਹੋਇਆ ਹੈ ਅੌਰ ਸਾਰੇ ਹਿੰਦੂ ਸਿੱਖ ਇਕ ਹੋਣ ਤੇ ਇਹ ਸਮਝਣ ਲਗ ਪਏ ਹਨ ਕਿ ਅਸੀਂ ਇਥੇ ਇਕੱਠੇ ਰਹਿਣਾ ਹੈ ਅੌਰ ਅਸੀਂ ਸੂਬੇ ਦੀ ਤਰੱਕੀ ਕਰਨੀ ਹੈ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਅੰਗਰੇਜ਼ੀ ਵਿਚ ਕਹਿੰਦੇ ਹਨ, "All is well that ends well."

ਇਹ ਚੰਗੀ ਗੱਲ ਹੋਈ ਕਿ ਸੈਟਲਮੈਂਟ ਹੋਈ ਅੌਰ ਮੰਗਾਂ ਦੇ ਬਾਰੇ ਅਕਾਰਡ ਹੋ ਗਿਆ। ਹੁਣ ਸਾਡੇ ਸਾਹਮਣੇ ਬਹੁਤ ਵੱਡੀ ਗੱਲ ਹੈ ਕਿ ਜਿਹੜੀ ਸੈਟਲਮੈਂਟ ਹੋ ਗਈ ਹੈ ਉਸ ਨੂੰ ਦਿੱਲੀ ਦੀ ਸਰਕਾਰ ਸਿਰੇ ਲਗਾਉਂਦੀ ਹੈ ਜਾਂ ਨਹੀਂ ਅੌਰ ਆਇਆ ਉਸ ਨੂੰ ਲਾਗੂ ਕਰਦੀ ਹੈ ਜਾਂ ਨਹੀਂ, ਆਇਆ ਅਕਾਰਡ ਵਿਚ ਦਰਜ ਗੱਲਾਂ ਨੂੰ ਸਿਰੇ ਲਗਾ ਦਿੰਦੀ ਹੈ। ਅਗਰ ਲਗਾ ਦਿੰਦੀ ਹੈ ਤਾਂ ਮੈਂ ਸਮਝਦਾ ਹਾਂ ਕਿ ਵਾਤਾਵਰਨ ਚੰਗਾ ਹੋ ਜਾਵੇਗਾ।

ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਵਿਚ ਚੰਗੀ ਤਰ੍ਹਾਂ ਇਹ ਕਿਹਾ ਹੋਇਆ ਹੈ ਕਿ ਦਿੱਲੀ ਦੀ ਸਰਕਾਰ ਨੇ ਚੰਗਾ ਕੀਤਾ ਹੈ ਕਿ ਇਹ ਸਾਰੀਆਂ ਮੰਗਾਂ ਮੰਨ ਕੇ ਪੰਜਾਬ ਦੇ ਵਾਤਾਵਰਨ ਨੂੰ ਚੰਗਾ ਕਰੇਗੀ ਅੌਰ ਸੈਂਟਰ ਸਟੇਟ ਰਿਲੇਸ਼ਨਜ਼ ਜਿਹੜੇ ਹਨ ਉਨ੍ਹਾਂ ਬਾਰੇ ਉਹ ਚੰਗੇ ਤਰੀਕੇ ਨਾਲ, ਆਪਸ ਵਿਚ ਬੈਠ ਕੇ, ਚਲ ਕੇ, ਸਾਰੇ ਝਗੜੇ ਖਤਮ ਹੋ ਸਕਦੇ ਹਨ। ਬਾਕੀ ਇਸ ਤੋਂ ਇਲਾਵਾ ਇਸ ਐਡਰੈਸ ਦੇ ਵਿਚ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਜਿੰਨੀਆਂ ਸਕੀਮਾਂ ਪੰਜਾਬ ਵਿਚ ਪਿਛਲੀ ਅਕਾਲੀ ਸਰਕਾਰ ਨੇ ਚਾਲੂ

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰਸ਼ੋਤਮ ਸਿੰਘ]

ਕੀਤੀਆਂ ਸਨ, ਮਿਸਾਲ ਦੇ ਤੌਰ ਤੇ ਮਾਡਲ ਗਰਾਮਜ਼ ਔਰ ਆਦਰਸ਼ ਸਕੂਲਾਂ ਦੀਆਂ ਸਕੀਮਾਂ ਸਨ, ਜਾਂ ਹੋਰ ਜਿਹੜੀਆਂ ਪਿੰਡਾਂ ਨੂੰ ਡਿਵੈਲਪ ਕਰਨ ਦੀਆਂ ਸਕੀਮਾਂ ਪਿਛਲੀ ਕਾਂਗਰਸ ਸਰਕਾਰ ਨੇ ਵਿਚਕਾਰ ਛੱਡ ਦਿੱਤੀਆਂ ਸਨ, ਇਹ ਸਰਕਾਰ ਵਚਨ–ਬੱਧ ਹੈ ਕਿ ਉਨ੍ਹਾਂ ਨੂੰ ਮੁੜਕੇ ਉਸ ਰਾਹ ਤੇ ਲਿਆਵੇਗੀ। ਦੱਸਿਆ ਗਿਆ ਹੈ ਕਿ ਜ਼ਿਮੀਦਾਰਾਂ ਦੀਆਂ ਤਕਲੀਫਾਂ ਨੂੰ ਮੱਦੇਨਜ਼ਰ ਰੱਖ ਕੇ ਸਰਕਾਰ ਪੈਡੀ ਦੀ ਖਰੀਦ ਕਰੇਗੀ। ਕਹਿਣ ਨੂੰ ਤਾਂ ਇਹ ਠੀਕ ਹੈ। ਅਸੈਂਬਲੀ ਵਿਚ ਵੀ ਇਹ ਡਿਸਕਸ਼ਨ ਆਈ ਹੈ ਕਿ ਨਾ ਤਾਂ ਪੈਡੀ ਦਾ ਹਾਲੇ ਰੇਟ ਮਿਲਿਆ ਹੈ ਨਾ ਹੀ ਖਰੀਦਣ ਦਾ ਪੂਰਾ ਪ੍ਰਬੰਧ ਹੈ। ਮੈਨੂੰ ਡਰ ਹੈ ਕਿ ਸਾਡੀ ਕਪਾਹ ਦਾ ਵੀ ਇਹ ਹੀ ਹਾਲ ਹੋਵੇਗਾ। ਇਸ ਲਈ ਦੋਹਾਂ ਚੀਜ਼ਾਂ ਦਾ ਇੰਤਜ਼ਾਮ ਕਰਨ ਵਾਸਤੇ, ਸਾਡੀ ਪੈਡੀ ਖਰੀਦਣ ਵਾਸਤੇ, ਕਾਟਨ ਖਰੀਦਣ ਵਾਸਤੇ ਇੰਤਜ਼ਾਮ ਕੀਤਾ ਜਾਵੇ। ਪਤਾ ਲਗਿਆ ਸੀ ਕਿ ਸਾਡੀ ਕਾਟਨ ਦਾ ਰੇਟ ਘੱਟ ਕਿਉਂ ਹੁੰਦਾ ਹੈ, ਉਹ ਇਸ ਕਰਕੇ ਹੁੰਦਾ ਹੈ ਕਿ ਜੇਕਰ ਸਾਡੇ ਜ਼ਿਮੀਦਾਰ ਕਾਟਨ ਬਹੁਤੀ ਪੈਦਾ ਕਰ ਲੈਂਦੇ ਹਨ ਤਾਂ ਕਾਰਖਾਨੇਦਾਰਾਂ ਪਾਸ ਉਸ ਦੀ ਲੋੜ ਨਹੀਂ ਹੁੰਦੀ ਔਰ ਸਾਡੇ ਜ਼ਿਮੀਦਾਰਾਂ ਨੂੰ ਉਸ ਦੀ ਸਜ਼ਾ ਇਸ ਕਰਕੇ ਮਿਲਦੀ ਹੈ ਕਿ ਉਸ ਨੇ ਜ਼ਿਆਦਾ ਕਾਟਨ ਪੈਦਾ ਕਿਉਂ ਕੀਤੀ ਹੈ। ਐਗਰੀਕਲਚਰ ਮਨਿਸਟਰ ਸਾਹਿਬ ਪਾਸ ਰਿਕੁਐਸਟ ਕੀਤੀ ਹੈ ਕਿ ਅਗਰ ਕਾਟਨ ਜ਼ਿਆਦਾ ਹੋ ਜਾਂਦੀ ਹੈ ਤਾਂ ਰੇਟ ਫਿਕਸ ਕਰਨ ਵਾਸਤੇ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਕਾਟਨ ਐਕਸਪੋਰਟ ਕਰੀਏ। ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਜੋ ਕਾਟਨ ਐਕਸ–ਪੋਰਟ ਕਰ ਸਕੀਏ ਉਹ ਹੀ ਬੀਜੀਏ ਤਾਕਿ ਜ਼ਿਮੀਦਾਰਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਨਾ ਹੋਵੇ।

ਮੈਂ ਇਕ ਆਪਣੇ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ। ਮੇਰੇ ਹਲਕੇ, ਅਸੰਬਲੀ ਹਲਕੇ (ਬੁਢਲਾਡਾ) ਵਿਚ ਬਹੁਤ ਜ਼ਿਆਦਾ ਬਾਰਸ਼ਾਂ ਕਾਰਨ ਤਬਾਹੀ ਹੋਈ ਹੈ। 40 ਪਿੰਡ ਬਿਲਕੁਲ ਤਬਾਹ ਹੋ ਗਏ ਹਨ। ਬਾਦਲ ਸਾਹਿਬ ਦੀ ਸਰਕਾਰ ਨੇ ਇਕ ਟੋਡਰਪੁਰ ਲਿੰਕ ਡਰੇਨ ਬਣਾਈ ਸੀ। ਮੈਂ ਸਮਝਦਾ ਹਾਂ ਕਿ ਉਹ ਪੂਰੀ ਨਹੀਂ ਹੋ ਸਕੀ ਸੀ ਕਿਉਂਕਿ ਜਿੱਥੇ ਉਸ ਦਾ ਆਊਟ ਫਾਲ ਹੈ ਹਰਿਆਣੇ ਵਾਲੇ ਉਧਰ ਪਾਣੀ ਜਾਣ ਨਹੀਂ ਦਿੰਦੇ। ਇਸ ਲਈ ਮੈਂ ਸਮਝਦਾ ਹਾਂ ਕਿ ਜਲਦੀ ਹੀ ਸਾਡੀ ਸਰਕਾਰ ਨੂੰ ਇਨਟਰਫੀਅਰ ਕਰਕੇ ਇਹ ਮਸਲਾ ਹੱਲ ਕਰਨਾ ਚਾਹੀਦਾ ਹੈ। ਪਹਿਲਾਂ ਸੰਨ 1969 ਵਿਚ ਤਬਾਹੀ ਹੋਈ, ਫਿਰ ਸੰਨ 1978 ਵਿਚ ਤੇ ਫਿਰ ਸੰਨ 1985 ਵਿਚ ਹੋ ਰਹੀ ਹੈ। ਇਕ ਹੋਰ ਲਿੰਕ ਡਰੇਨ ਸੀ। ਉਸ ਨੂੰ ਬਾਦਲ ਸਾਹਿਬ ਦੀ ਸਰਕਾਰ ਨੇ ਸੰਨ 1977 ਵਿਚ ਉਸ ਪਲਾਨ ਨੂੰ ਪਾਸ ਕਰ ਦਿੱਤਾ ਸੀ। ਪਰ ਕਾਂਗਰਸ ਸਰਕਾਰ ਨੇ ਪਿਛਲੇ ਅੱਠਾਂ ਸਾਲਾਂ ਵਿਚ ਉਸ ਦਾ ਕੋਈ ਨਾਮ ਨਹੀਂ ਲਿਆ। ਉਥੇ ਮੇਰਾ ਆਪਣਾ ਪਿੰਡ ਹੈ ਚੱਕਾ। ਹੜ੍ਹਾਂ ਨਾਲ ਉਥੇ ਇਕ ਹਜ਼ਾਰ ਏਕੜ ਰਕਬਾ ਤਬਾਹ ਹੋ ਗਿਆ ਹੈ। ਸੌਣੀ ਦੀ ਫਸਲ ਤਾਂ ਨਹੀਂ ਹੋਈ, ਹਾੜ੍ਹੀ ਦੀ ਫਸਲ ਹੋਣ ਦਾ ਅਮਕਾਮ ਨਹੀਂ ਹੈ। ਮੈਂ ਸਮਝਦਾ ਹਾਂ ਕਿ ਅਗਲੇ ਸਾਲ ਵਿਚ ਵੀ ਇਸ ਤਰ੍ਹਾਂ ਹੋ ਜਾਵੇਗਾ ਔਰ ਸਾਰੀ ਜ਼ਮੀਨ ਫਸਲ ਪੈਦਾ ਕਰਨ ਦੇ ਕਾਬਲ ਨਹੀਂ ਹੋਵੇਗੀ। ਮੈਂ ਬੇਨਤੀ ਕਰਾਂਗਾ ਕਿ ਉਹ ਪਾਣੀ ਕਿਸੇ ਤਰ੍ਹਾਂ ਕਢਾਉਣ ਦਾ ਜਲਦੀ ਤੋਂ ਜਲਦੀ ਇੰਤਜ਼ਾਮ ਕੀਤਾ ਜਾਵੇ। ਸਾਡੇ ਲੋਕ ਉਥੇ ਨਹੀਂ ਰਹਿ ਸਕਦੇ ਕਿਉਂਕਿ ਸਾਡੇ ਲੋਕ ਭੁੱਖੇ ਮਰਨ ਲਗ ਪਏ ਹਨ। ਉਸ ਦੇ ਨਾਲ ਮੈਂ ਸਮਝਦਾ ਹਾਂ ਕਿ ਪਿੰਡ ਬੁਢਲਾਡਾ, ਪਿੰਡ ਚੱਕਾ, ਪਿੰਡ ਬੋਹਾ, ਪਿੰਡ ਰੋਂਦ, ਪਿੰਡ ਅਚਾਨਕ ਸਤਿਕੇ, ਪਿੰਡ ਮਘਾਨੀਆਂ ਹਾਕਮ ਵਾਲਾ, ਗੋਬਿੰਦ, ਧਰਮਪੁਰ ਰਿੰਗਰਾਲ, ਗੰਮੀਵਾਲਾ, ਖੁਡਾਲ ਕਲਾਂ ਆਦਿ ਕਈ ਪਿੰਡ ਹਨ ਜਿਹੜੇ ਕਿ ਇਸ ਵਜ੍ਹਾ ਕਰਕੇ ਤਬਾਹ ਹੋ ਰਹੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਸੇਮ ਦੇ ਕਾਰਣ ਸੜਕਾਂ ਟੁਟੀਆਂ ਪਈਆਂ ਹਨ ਜਿਸ ਕਰਕੇ ਉਥੇ ਬਸਾਂ ਨਹੀਂ ਚਲਦੀਆਂ। ਇਸ ਨਾਲ ਉਥੋਂ ਦੇ ਲੋਕਾਂ ਨੂੰ ਕਾਫੀ ਤਕਲੀਫ ਆ ਰਹੀ ਹੈ। ਇਸ ਲਈ ਉਥੇ ਸੜਕਾਂ ਦੀ ਮੁਰੰਮਤ ਕਰਵਾ ਕੇ ਬਸਾਂ ਚਲਾਉਣ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਅਗਰ ਸਰਕਾਰ ਕੋਲ ਬਸਾਂ ਦਾ ਇੰਤਜ਼ਾਮ ਨਹੀਂ ਹੈ ਤਾਂ ਉਥੇ ਜਿਹੜੀ ਚੀਂਡਸਾ ਟ੍ਰਾਂਸਪੋਰਟ ਮਸ਼ਹੂਰ ਹੈ ਉਸ ਨੂੰ ਲਾਇਸੈਂਸ ਦੇ ਦਿੱਤੇ ਜਾਣ ਤਾਕਿ ਲੋਕਾਂ ਨੂੰ ਆਵਾਜਾਈ ਵਿਚ ਤਕਲੀਫ ਨਾ ਆਵੇ।

Original with;
Punjab Vidhan Sabha
Digitized by;
Panjab Digital Library

ਇਕ ਹੋਰ ਅਰਜ਼ ਮੈਂ ਇਹ ਕਰਨੀ ਹੈ ਕਿ ਬਾਰਸ਼ਾਂ ਨਾਲ ਇਨ੍ਹਾਂ ਪਿੰਡਾਂ ਵਿਚ ਕਈ ਬਿਮਾਰੀਆਂ ਪੈਦਾ ਹੋ ਗਈਆਂ ਹਨ। ਇਸ ਲਈ ਉਥੇ ਹਰ ਪਿੰਡ ਵਿਚ ਇਕ ਡਿਸਪੈਂਸਰੀ ਜ਼ਰੂਰ ਖੋਲ੍ਹਣੀ ਚਾਹੀਦੀ ਹੈ। ਉਥੇ ਦਾ ਜਿਹੜਾ ਪਾਣੀ ਹੈ ਉਹ ਸਾਫ ਨਹੀਂ ਹੈ। ਇਸ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਉਥੇ ਪਾਣੀ ਪਹੁੰਚਾਉਣ ਦਾ ਵੀ ਜਲਦੀ ਕੋਈ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ। ਉਥੇ ਨਹਿਰੀ ਪਾਣੀ ਦੀ ਕੰਮੀ ਪੂਰੀ ਕਰਨ ਵਾਸਤੇ ਡੀਪ ਬੋਰਿੰਗ ਟਿਊਬਵੈਲ ਲਗਾਉਣੇ ਚਾਹੀਦੇ ਹਨ ਤਾ ਕਿ ਜਿਹੜਾ ਉਥੇ ਖਾਰਾ ਪਾਣੀ ਹੈ ਉਸ ਦਾ ਇੰਤਜ਼ਾਮ ਹੋ ਸਕੇ ਅੌਰ ਲੋਕਾਂ ਨੂੰ ਤਕਲੀਫ ਨਾ ਆਵੇ।

*3.12 ਬਾਅਦ ਦੁਪਹਿਰ

(ਇਸ ਸਮੇਂ* ਸ਼੍ਰੀ ਰਾਮ ਕਿਸ਼ਨ ਕਟਾਰੀਆ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਇਸ ਤੋਂ ਅਗਲੀ ਗਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਉਸ ਇਲਾਕੇ ਵਿਚ ਖਾਲੇ ਪੱਕੇ ਕਰਨ ਦਾ ਇੰਤਜ਼ਾਮ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਕੁਝ ਖਾਲਿਆਂ ਦੀ ਮੁਰੰਮਤ ਹੋਣ ਵਾਲੀ ਹੈ ਇਹ ਜ਼ਰੂਰ ਜਲਦੀ ਕਰਵਾ ਦੇਣੀ ਚਾਹੀਦੀ ਹੈ। ਕਈ ਖਾਲੇ ਅਜਿਹੇ ਹਨ ਜਿਨ੍ਹਾਂ ਵਿਚ ਨਹਿਰੀ ਪਾਣੀ ਨਹੀਂ ਪੈਂਦਾ ਅੌਰ ਲੋਕਾਂ ਨੂੰ ਤਕਲੀਫ ਦਾ ਸਾਹਮਣਾ ਕਰਨਾ ਪੈਂਦਾ ਹੈ। ਮੇਰੀ ਅਰਜ਼ ਹੈ ਕਿ ਉਨ੍ਹਾਂ ਦੀ ਤਕਲੀਫ ਨੂੰ ਮੁੱਖ ਰਖਦੇ ਹੋਏ ਇਨ੍ਹਾਂ ਖਾਲਿਆਂ ਦੀ ਮੁਰੱਮਤ ਦਾ ਕੰਮ ਜ਼ਰੂਰ ਕਰਨਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਇਕ ਅਰਜ਼ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਕੁਆਪਰੇਟਿਵ ਸੁਸਾਇਟੀ ਦੇ ਐਕਟ 167–ਏ ਦੇ ਥੱਲੇ ਜਿਹੜੇ ਸਰਕਾਰੀ ਕਰਜ਼ੇ ਦਿੱਤੇ ਜਾਂਦੇ ਹਨ, ਉਹ ਵਾਪਸ ਸਮੇਂ ਸਿਰ ਨਾ ਹੋਣ ਤੇ ਉਨ੍ਹਾਂ ਲੋਕਾਂ ਨੂੰ ਗ੍ਰਿਫਤਾਰ ਕਰਕੇ ਅੰਦਰ ਦੇ ਦਿੱਤਾ ਜਾਂਦਾ ਹੈ। ਮੈਂ ਸਮਝਦਾ ਹਾਂ ਕਿ ਇਸ ਨਾਲ ਵੀ ਉਨ੍ਹਾਂ ਲੋਕਾਂ ਵਿਚ ਬੜੀ ਬੈਚੈਨੀ ਹੈ। ਉਨ੍ਹਾਂ ਦੀਆਂ ਫਸਲਾਂ ਮਾਰੀਆਂ ਗਈਆਂ ਹਨ ਅਤੇ ਉਹ ਕਰਜ਼ੇ ਵਾਪਸ ਮੋੜ ਨਹੀਂ ਸਕਦੇ। ਇਸ ਲਈ ਮੇਰੀ ਅਰਜ਼ ਹੈ ਕਿ ਉਨ੍ਹਾਂ ਦੇ 5 ਹਜ਼ਾਰ ਰੁਪਏ ਤਕ ਦੇ ਕਰਜ਼ੇ ਨੂੰ ਮੁਆਫ ਕਰ ਦੇਣਾ ਚਾਹੀਦਾ ਹੈ।

ਅੈਨਾ ਕਹਿੰਦਾ ਹੋਇਆ ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਅਤੇ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਸਰਦਾਰ ਨੱਥਾ ਸਿੰਘ ਦਾਲਮ (ਸ੍ਰੀ ਹਰਗੋਬਿੰਦਪੁਰ): ਚੇਅਰਮੈਨ ਸਾਹਿਬ, ਇਸ ਹਾਊਸ ਵਿਚ ਜਿਹੜਾ ਗਵਰਨਰ ਸਾਹਿਬ ਨੇ ਭਾਸ਼ਣ ਦਿੱਤਾ ਹੈ ਅੌਰ ਉਸ ਤੇ ਧੰਨਵਾਦ ਦਾ ਮਤਾ ਜਿਹੜਾ ਆਇਆ ਹੈ ਮੈਂ ਉਸ ਦੀ ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦਾ ਅੈਡਰੈਸ ਸਰਕਾਰ ਦੀਆਂ ਨੀਤੀਆਂ ਅੌਰ ਪਾਲਿਸੀਆਂ ਦਾ ਇਕ ਪ੍ਰਤੀਕ ਹੁੰਦਾ ਹੈ। ਜਦੋਂ ਗਵਰਨਰ ਸਾਹਿਬ ਨੇ ਇਥੇ ਅੈਡਰੈਸ ਕੀਤਾ ਤਾਂ ਉਨ੍ਹਾਂ ਨੇ ਬੜੇ ਦੁਖੀ ਦਿਲ ਨਾਲ ਪਿਛਲੇ ਸਾਲਾਂ ਵਿਚ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਆਸ ਪ੍ਰਗਟ ਕੀਤੀ ਕਿ ਬਰਨਾਲਾ ਸਾਹਿਬ ਦੀ ਅਗਵਾਈ ਵਿਚ ਜਿਹੜੀ ਸਰਕਾਰ ਬਣੀ ਹੈ ਇਹ ਪੰਜਾਬ ਨੂੰ ਅਤੇ ਪੰਜਾਬੀਆਂ ਨੂੰ ਅਮਨ, ਏਕਤਾ ਅਤੇ ਸੁਰਖਿਆ ਮੁਹੱਈਆ ਕਰੇਗੀ। ਚੇਅਰਮੈਨ ਸਾਹਿਬ, ਬੜੇ ਦੁਖ ਦੀ ਗੱਲ ਹੈ ਕਿ ਪਿਛਲੀਆਂ ਬੁਰਾਈਆਂ ਦਾ ਸਾਹਮਣਾ ਅੱਜ ਦੀ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਕਰਨਾ ਪੈ ਰਿਹਾ ਹੈ। ਪਿਛਲੀ ਸਰਕਾਰ ਨੇ ਸਰਕਾਰੀ ਖਜ਼ਾਨੇ ਨੂੰ ਲੁਟਾਇਆ। ਜਿਵੇਂ ਕਿ ਹੁਣ ਕਈ ਅਖਬਾਰਾਂ ਵਿਚ ਖਬਰਾਂ ਆ ਰਹੀਆਂ ਹਨ ਕਿ ਪੰਜਾਬ ਦੇ ਖਜ਼ਾਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਵਿਚ ਕੋਈ 4 ਅਰਬ ਰੁਪਏ ਦਾ ਘਾਟਾ ਹੈ। ਇਸ ਤੋਂ ਇਹ ਭਲੀਭਾਂਤ ਪ੍ਰਗਟ ਹੁੰਦਾ ਹੈ ਕਿ ਪਿਛਲੀ ਸਰਕਾਰ ਨੇ ਪੰਜਾਬ ਦੇ ਖਜ਼ਾਨੇ ਨੂੰ ਬੁਰੀ ਤਰ੍ਹਾਂ ਨਾਲ ਗਲਤ ਤੌਰ ਤੇ ਲੁਟਾਇਆ। ਜਿਵੇਂ ਕਿਹਾ ਜਾਂਦਾ ਹੈ ਕਿ---:

'ਮਾਲੇ ਮੁਫ਼ਤ, ਦਿਲੇ ਬੇ ਰਹਿਮ'

ਇਸ ਤੋਂ ਇਲਾਵਾ ਪਿਛਲੇ ਸਮੇਂ ਦੀ ਸਰਕਾਰ ਨੇ ਪੰਜਾਬ ਵਿਚ ਕੋਈ ਵੀ ਤਰੱਕੀ ਦਾ ਕੰਮ ਨਹੀਂ ਕੀਤਾ। ਕੋਈ ਲਿੰਕ ਰੋਡਜ਼ ਦੀ ਰਿਪੇਅਰ ਨਹੀਂ ਕੀਤੀ ਗਈ, ਕੋਈ ਸਕੂਲ ਨਹੀਂ ਖੋਲ੍ਹਿਆ ਗਿਆ, ਨਾ ਹੀ ਅਪਗਰੇਡ ਕੀਤਾ ਗਿਆ, ਕੋਈ ਹਸਪਤਾਲ ਨਹੀਂ ਖੋਲ੍ਹਿਆ ਗਿਆ, ਅੰਰ ਨਾ ਹੀ ਕੋਈ ਪੁਲ ਬਣਾਇਆ ਗਿਆ। ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਪਿਛਲੀ ਸਰਕਾਰ ਦੇ ਸਮੇਂ ਡਿਵੈਲਪਮੈਂਟ ਦਾ ਕੰਮ ਬਿਲਕੁਲ ਠੱਪ ਹੋ ਗਿਆ। ਇਸ ਤੋਂ ਇਲਾਵਾ ਜੋ ਪੰਜਾਬ ਦੇ ਵਿਚ ਹਾਲਾਤ ਵਾਪਰੇ, ਮੈਂ ਸਮਝਦਾ ਹਾਂ ਕਿ ਉਸ ਦੇ ਜ਼ਿਮੇਵਾਰ ਉਸ ਸਮੇਂ ਦੇ ਮੁੱਖ ਮੰਤਰੀ ਹੀ ਸਨ। ਜਦੋਂ ਤੋਂ ਸਰਕਾਰ ਦਰਬਾਰਾ ਸਿੰਘ ਦੀ ਸਰਕਾਰ ਬਣੀ, ਉਸ ਸਮੇਂ ਤੋਂ ਹੀ ਪੰਜਾਬ ਵਿਚ ਐਸੇ ਹਾਲਾਤ ਵਾਪਰੇ, ਐਸੀਆਂ ਘਟਨਾਵਾਂ ਵਾਪਰੀਆਂ ਕਿ ਜਿਨ੍ਹਾਂ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਪੰਜਾਬ ਵਿਚ ਭਾਈ ਭਾਈ ਦਾ ਦੁਸ਼ਮਨ ਹੋ ਗਿਆ ਸੀ। ਇਸ ਦੀ ਜ਼ਿਮੇਵਾਰੀ ਮੈਂ ਇਸ ਲਈ ਸਰਦਾਰ ਦਰਬਾਰਾ ਸਿੰਘ ਤੇ ਕਹਿੰਦਾ ਹਾਂ ਕਿ ਕਿਉਂਕਿ ਪਹਿਲੀ ਜਨਵਰੀ, 1982 ਨੂੰ ਦਰਿਆ ਦੇ ਪਾਣੀ ਦੀ ਵੰਡ ਦੇ ਬਾਰੇ ਜਿਸ ਸਮਝੌਤੇ ਦੇ ਉਤੇ ਸਰਦਾਰ ਦਰਬਾਰਾ ਸਿੰਘ ਨੇ ਦਸਤਖਤ ਕੀਤੇ ਉਹ ਸਮਝੌਤਾ ਠੀਕ ਨਹੀਂ ਸੀ। ਉਸ ਸਮਝੌਤੇ ਰਾਹੀਂ ਹਰਿਆਣੇ ਅਤੇ ਰਾਜਸਥਾਨ ਨੂੰ ਪਾਣੀ ਦਾ ਹਿੱਸਾ ਬਹੁਤ ਵਧਾ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਜਿਹੜੀ ਪਿਛਲੀ ਅਕਾਲੀ ਸਰਕਾਰ ਸੀ ਉਸ ਨੇ ਪਿਛਲੇ ਪਾਣੀ ਦੇ ਸਮਝੌਤੇ ਦੇ ਵਿਰੁਧ ਸੁਪਰੀਮ ਕੋਰਟ ਵਿਚ ਦਾਵਾ ਕੀਤਾ ਸੀ ਪਰ ਇਸ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਆਕੇ ਉਹ ਕੇਸ ਸੁਪਰੀਮ ਕੋਰਟ ਵਿਚੋਂ ਵਾਪਸ ਲੈ ਲਿਆ। ਇਹ ਸਰਕਾਰ ਦੀ ਬਹੁਤ ਵੱਡੀ ਗਲਤੀ ਸੀ। ਇਸ ਤੋਂ ਬਾਅਦ ਪੰਜਾਬ ਦੇ ਹਾਲਾਤ ਵਿਗੜਨੇ ਸ਼ੁਰੂ ਹੋ ਗਏ। ਪੰਜਾਬ ਦੀ ਇਕੌਨਮੀ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚਿਆ। ਹਰਿਮੰਦਰ ਸਾਹਿਬ ਤੇ ਹਮਲਾ ਕੀਤਾ ਗਿਆ, ਅਕਾਲ ਤਖਤ ਢਾਇਆ ਗਿਆ ਅੰਰ ਹੋਰ ਬਹੁਤ ਜ਼ਿਆਦਾ ਦੁਖਦਾਇਕ ਘਟਨਾਵਾਂ ਵਾਪਰੀਆਂ। ਹੁਣ ਚੂੰਕਿ ਸੰਤ ਲੌਂਗੋਵਾਲ ਅਤੇ ਪ੍ਰਾਈਮ ਮਨਿਸਟਰ ਦੇ ਦਰਮਿਆਨ ਇਸ ਸਬੰਧ ਵਿਚ ਇਕ ਸਮਝੌਤਾ ਹੋ ਚੁੱਕਾ ਹੈ ਇਸ ਲਈ ਹੁਣ ਮੈਂ ਇਸ ਦਾ ਜ਼ਿਆਦਾ ਜ਼ਿਕਰ ਕਰਨਾ ਮੁਨਾਸਿਬ ਨਹੀਂ ਸਮਝਦਾ। ਲੇਕਿਨ ਇਹ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਜਿਹੜਾ ਨੁਕਸਾਨ ਪਿਛਲੇ ਸਾਲਾਂ ਵਿਚ ਸਟੇਟ ਦਾ ਹੋਇਆ ਹੈ ਉਹ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਜੋ ਨੁਕਸਾਨ ਹੋਇਆ ਹੈ ਉਸ ਨੂੰ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ। ਅੱਜ ਮੈਂ ਇਸ ਗੱਲ ਤੇ ਤਸੱਲੀ ਪ੍ਰਗਟ ਕਰਦਾ ਹਾਂ ਕਿ ਬਰਨਾਲਾ ਸਾਹਿਬ ਦੀ ਸਰਕਾਰ ਬਨਾਉਣ ਤੋਂ ਬਾਅਦ ਪੰਜਾਬ ਦੇ ਵਿਚ ਹਾਲਾਤ ਦਿਨੋ ਦਿਨ ਸੁਖਾਵੇਂ ਹੁੰਦੇ ਜਾ ਰਹੇ ਹਨ। ਪੰਜਾਬ ਵਿਚ ਜੋ ਹਾਲਾਤ ਪਹਿਲੀ ਸਰਕਾਰ ਨੇ ਪੈਦਾ ਕੀਤੇ ਸਨ ਉਸ ਦੇ ਕਾਰਣ ਹੀ ਹਾਲੇ ਵੀ ਇਕਾ ਦੁੱਕਾ ਘਟਨਾ ਹੋ ਜਾਂਦੀ ਹੈ। ਕਿਧਰੇ ਲੁਟ ਹੋ ਜਾਂਦੀ ਹੈ, ਕਿਧਰੇ ਕਤਲ ਹੋ ਜਾਂਦਾ ਹੈ ਜਾਂ ਕੋਈ ਬੰਦਾ ਮਰ ਜਾਂਦਾ ਹੈ। ਸਾਨੂੰ ਇਨ੍ਹਾਂ ਘਟਨਾਵਾਂ ਤੇ ਬਹੁਤ ਭਾਰੀ ਦੁੱਖ ਹੈ ਪਰ, ਚੇਅਰਮੈਨ ਸਾਹਿਬ, ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਵਿਚ ਜੋ ਹਿੰਦੁਸਤਾਨ ਵਿਚ ਹਨ ਜਿਵੇਂ ਯੂ. ਪੀ. ਅਤੇ ਬਿਹਾਰ ਅਤੇ ਹੋਰ ਸੂਬੇ ਹਨ, ਇਨ੍ਹਾਂ ਸੂਬਿਆਂ ਦੇ ਵਿਚ ਹਰ ਰੋਜ਼ ਪੰਜਾਬ ਨਾਲੋਂ ਕਈ ਗੁਣਾਂ ਵੱਧ ਡਾਕੇ ਪੈਦੇ ਹਨ ਅਤੇ ਨਿਰਦੋਸ਼ ਲੋਕਾਂ ਦਾ ਕਤਲ ਵੀ ਕੀਤਾ ਜਾਂਦਾ ਹੈ ਅਤੇ ਹੋਰ ਬਹੁਤ ਸਾਰੀਆਂ ਚੋਰੀਆਂ ਹੁੰਦੀਆਂ ਹਨ। ਮੈਨੂੰ ਯੂ. ਪੀ. ਅਤੇ ਬਿਹਾਰ ਦੇ ਸੂਬਿਆਂ ਦਾ ਤਜਰਬਾ ਹੈ ਉਥੇ ਕੋਈ ਵੀ ਕਾਰ ਵਾਲਾ ਅਤੇ ਟਰੱਕ ਵਾਲਾ ਰਾਤ ਦੇ ਸਮੇਂ ਹਿਫਾਜ਼ਤ ਨਾਲ ਸੜਕ ਤੋਂ ਲਿਜਾ ਨਹੀਂ ਸਕਦਾ ਹੈ। ਪਰ ਦੁੱਖ ਦੀ ਗੱਲ ਹੈ ਕਿ ਅਗਰ ਪੰਜਾਬ ਵਿਚ ਇੱਕਾ ਦੁੱਕਾ ਘਟਨਾ ਇਥੇ ਹੋ ਜਾਂਦੀਆਂ ਹਨ ਤਾਂ ਪ੍ਰੈਸ ਵਾਲੇ ਇਨ੍ਹਾਂ ਐਂਟੀ

Original with;
Punjab Vidhan Sabha
Digitized by;
Panjab Digital Library

ਸ਼ੋਸਲ ਐਲੀਮੈਂਟਸ ਦੀਆਂ ਖਬਰਾਂ ਨੂੰ ਆਪਣੀਆਂ ਅਖਬਾਰਾਂ ਦੇ ਵਿਚ ਸੁਰਖੀਆਂ ਬਣਾ ਕੇ ਪੇਸ਼ ਕਰਦੇ ਹਨ ਅਤੇ ਇਸ ਨੂੰ ਪ੍ਰੈਸ ਵਿਚ ਹਾਈ ਲਾਈਟਸ ਕਰਦੇ ਹਨ ਪਰ ਜੋ ਕੁਝ ਪੰਜਾਬ ਤੋਂ ਬਾਹਰ ਹਰ ਰੋਜ਼ ਹੁੰਦਾ ਹੈ ਉਸ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਇਥੇ ਹਾਊਸ ਦੇ ਵਿਚ ਜਦੋਂ ਮੈਥਿਊ ਕਮਿਸ਼ਨ ਦੇ ਬਾਰੇ ਮਤਾ ਆਇਆ ਤਾਂ ਮੇਰੇ ਸਾਹਮਣੇ ਬੈਠੇ ਕਾਂਗਰਸੀ ਭਰਾਵਾਂ ਨੇ ਕਈ ਗੱਲਾਂ ਕਹਿਣ ਤੋਂ ਸੰਕੋਚ ਕੀਤਾ ਸੀ ਜਿਸ ਦਾ ਮੈਨੂੰ ਦੁਖ ਹੋਇਆ ਸੀ। ਮੈਥਿਊ ਕਮਿਸ਼ਨ ਦੇ ਕਾਰਜ ਖੇਤਰ ਵਿਚ ਜਿਹੜੀ ਗਲਤੀ ਹੋ ਗਈ ਸੀ ਉਸ ਨੂੰ ਠੀਕ ਕਰਨ ਲਈ ਸਿਫਾਰਸ਼ ਕਰਨਾ ਚਾਹੁੰਦੇ ਸੀ ਤਾਕਿ ਜਿਹੜੀ ਪੰਜਾਬ ਦੇ ਨਾਲ ਅਤੇ ਪੰਜਾਬੀਆਂ ਦੇ ਨਾਲ ਪਿਛਲੇ ਕਮਿਸ਼ਨਾਂ ਤੋਂ ਬੇਇਨਸਾਫੀ ਹੁੰਦੀ ਰਹੀ ਹੈ ਉਹ ਬੇਇਨਸਾਫੀ ਅਤੇ ਸਾਡੇ ਨਾਲ ਖਿਲਵਾੜ ਫਿਰ ਨਾ ਹੋ ਜਾਵੇ। ਕਿਉਂਕਿ ਸਾਨੂੰ ਪਿਛਲੇ ਕਮਿਸ਼ਨਾਂ ਦਾ ਬੁਰਾ ਤਜਰਬਾ ਸੀ ਜਿਸ ਦਾ ਸਾਨੂੰ ਡਰ ਹੈ। ਪੰਜਾਬ ਦੇ ਹਿਤਾਂ ਨਾਲ ਖਿਲਵਾੜ ਹੋਣ ਤੋਂ ਪਹਿਲਾਂ ਅਸੀਂ ਇਹ ਮਤਾ ਸਰਬਸਮੰਤੀ ਨਾਲ ਪਾਸ ਕਰਨਾ ਚਾਹੁੰਦੇ ਸੀ ਮਗਰ ਇਨ੍ਹਾਂ ਨੇ ਇਸ ਦਾ ਵੀ ਵਿਰੋਧ ਕੀਤਾ ਸੀ। ਜਦ ਕਿ ਇਹ ਇਥੇ ਕਹਿੰਦੇ ਹਨ ਕਿ ਅਸੀਂ ਪੰਜਾਬ ਦੇ ਹਿਤਾਂ ਦੀ ਰਾਖੀ ਵਾਸਤੇ ਬੈਠੇ ਹੋਏ ਹਾਂ ਅਤੇ ਬਜਾਏ ਇਹ ਇਸ ਮਤੇ ਵਿਚ ਵੋਟਾਂ ਪਾਉਂਦੇ ਅਤੇ ਇਸ ਨੂੰ ਪਾਸ ਕਰਦੇ ਪਰ ਇਨ੍ਹਾਂ ਨੇ ਇਸ ਮਤੇ ਦੀ ਵਿਰੋਧਤਾ ਕੀਤੀ। ਚੇਅਰਮੈਨ ਸਾਹਿਬ, ਪੰਜਾਬ ਦਾ ਪਿਛਲਾ ਇਤਿਹਾਸ ਗਵਾਹ ਹੈ ਕਿ ਜਦ ਕਦੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣੀ ਤਾਂ ਉਦੋਂ ਕਾਂਗਰਸ ਦੀ ਸਰਕਾਰ ਕੋਲੋਂ ਪੰਜਾਬ ਦੇ ਹਿਤਾਂ ਦੀ ਰਾਖੀ ਨਹੀਂ ਹੋਈ ਹੈ। ਅਤੇ ਸਗੋਂ ਇਨ੍ਹਾਂ ਨੇ ਪੰਜਾਬ ਦੇ ਹਿਤਾਂ ਨਾਲ ਖਿਲਵਾੜ ਕੀਤਾ ਸੀ ਅਤੇ ਪੰਜਾਬ ਦੇ ਹਿਤਾ ਦੀ ਵਿਰੋਧਤਾ ਕਰਦੇ ਰਹੇ ਹਨ। ਮੈਨੂੰ ਅਜ ਵੀ ਡਰ ਲਗਦਾ ਹੈ ਕਿ ਜਿਵੇਂ ਇਨ੍ਹਾਂ ਨੇ ਥੋੜੇ ਦਿਨ ਹੋਏ ਇਕ ਨਵਾਂ ਵਤੀਰਾ ਇਖਤਿਆਰ ਕੀਤਾ ਹੈ ਅਤੇ ਜੋ ਕਦੇ ਪੰਜਾਬ ਦੇ ਨਾਲ ਖਿਲਵਾੜ ਹੋਇਆ ਅਤੇ ਪੰਜਾਬ ਦੇ ਇਲਾਕੇ ਹਰਿਆਣੇ ਵਿਚ ਚਲੇ ਗਏ ਤਾਂ ਇਨ੍ਹਾਂ ਕਾਂਗਰਸੀ ਭਰਾਵਾਂ ਨੇ ਚੁੱਪ ਕਰਕੇ ਬੈਠ ਜਾਣਾ ਹੈ ਅਤੇ ਕੋਈ ਅਵਾਜ਼ ਸਾਡੇ ਨਾਲ ਬੁਲੰਦ ਨਹੀਂ ਕਰਨੀ ਹੈ। ਬਲਕਿ ਜਿਸ ਸਰਕਾਰ ਵਲੋਂ ਪੰਜਾਬ ਦੇ ਹਿਤਾਂ ਨਾਲ ਖਿਲਵਾੜ ਹੋਇਆ ਅਤੇ ਧੱਕਾ ਹੋਇਆ ਇਹ ਉਸ ਸਰਕਾਰ ਦੀ ਹਿਮਾਇਤ ਕਰਨਗੇ। ਚੇਅਰਮੈਨ ਸਾਹਿਬ, ਜੋ ਘਾਟਾ ਪੰਜਾਬ ਦਾ ਸਾਨੂੰ ਵਿਰਸੇ ਵਿਚ ਮਿਲਿਆ ਹੈ ਇਹ 380 ਕਰੋੜ ਦੇ ਕਰੀਬ ਦਾ ਹੈ। ਇਹ ਘਾਟਾ ਪਿਛਲੇ ਸਮੇਂ ਦੀ ਸਰਕਾਰ ਦੀਆਂ ਗਲਤੀਆਂ ਦੇ ਕਾਰਣ ਅਤੇ ਸੈਂਟਰ ਦੇ ਗਲਤ ਰਵਈਏ ਦੇ ਕਾਰਣ ਪੈਦਾ ਹੋਇਆ ਹੈ। ਜਿਸ ਦੇ ਕਾਰਣ ਪੰਜਾਬ ਦਾ ਖਜ਼ਾਨਾ ਖਾਲੀ ਹੋਇਆ ਹੈ। ਮੈਂ ਇਹ ਗੱਲ ਕਹਿਣ ਦੀ ਜ਼ਰੂਰਤ ਸਮਝਦਾ ਹਾਂ ਕਿ ਪੰਜਾਬ ਦੇ ਹਿੱਤਾਂ ਦੀ ਖਾਤਰ ਸਾਡੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਨੇ ਜੋ ਮੋਰਚਾ ਪੰਜਾਬ ਦੇ ਹਿੱਤਾਂ ਦੀ ਰਾਖੀ ਦੇ ਖਾਤਰ ਲਾਇਆ ਸੀ ਅਤੇ ਪੰਜਾਬ ਦੀਆਂ ਜਾਇਜ਼ ਮੰਗਾਂ ਦੀ ਖਾਤਰ ਲਾਇਆ ਸੀ ਅਤੇ ਇਨ੍ਹਾਂ ਵਿਚੋਂ ਕੋਈ ਐਸੀ ਮੰਗ ਨਹੀਂ ਸੀ ਜਿਹੜੀ ਸੰਵਿਧਾਨ ਦੇ ਘੇਰੇ ਵਿਚ ਨਾ ਹੁੰਦੀ ਅਤੇ ਪ੍ਰਵਾਨ ਕੀਤੀਆਂ ਜਾ ਸਕਦੀਆਂ ਸਨ ਲੇਕਿਨ ਦਿੱਲੀ ਦੀ ਸਰਕਾਰ ਨੇ ਜਾਣ ਬੁਝ ਕੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਦੇ ਕਾਰਣ ਅਤੇ ਸਿਆਸੀ ਹਿੱਤਾਂ ਨੂੰ ਮੁੱਖ ਰਖਦੇ ਹੋਏ ਇਨ੍ਹਾਂ ਮੰਗਾਂ ਨੂੰ ਪ੍ਰਵਾਨ ਨਹੀਂ ਕੀਤਾ ਸੀ ਅਤੇ ਸਾਡੇ ਇਸ ਮੋਰਚੇ ਨੂੰ ਪਹਲੋਂਗ (ਲੰਬਾ) ਕਰ ਦਿੱਤਾ ਸੀ ਤਾਕਿ ਮੋਰਚਾ ਆਪਣੇ ਆਪ ਹੀ ਖਤਮ ਹੋ ਜਾਵੇਗਾ ਪਰ ਉਹ ਹੀ ਮੰਗਾਂ ਨੂੰ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਨੇ ਸਾਡੇ ਸਵਰਗਵਾਸੀ ਸੰਤ ਜੀ ਦੇ ਨਾਲ ਸਮਝੌਤਾ ਕੀਤਾ ਜਿਹੜਾ ਇਹ 2 ਸਾਲ ਪਹਿਲੇ ਵੀ ਸਮਝੌਤਾ ਹੋ ਸਕਦਾ ਸੀ ਅਤੇ ਪੰਜਾਬ ਨੂੰ ਇਸ ਤਬਾਹੀ ਤੋਂ ਬਚਾਇਆ ਜਾ ਸਕਦਾ ਸੀ। ਅਤੇ ਅਸੀਂ ਹਰ ਖੇਤਰ ਵਿਚੋਂ ਤਬਾਹੀ ਤੋਂ ਬਚ ਸਕਦੇ ਸੀ। ਪਰ ਇਹ ਸਮਝੌਤਾ ਹੋਣ ਨਾ ਦੇਣ ਵਿਚ ਮੇਰੇ ਸਾਹਮਣੇ ਬੈਠੇ ਕਾਂਗਰਸੀ ਭਰਾਵਾਂ ਦੀ ਸਰਕਾਰ ਦੇ ਕਾਰਣ ਨਹੀਂ ਹੋ ਸਕਿਆ ਸੀ ਕਿਉਂਕਿ ਇਹ ਹਰ ਸਮਝੌਤੇ ਵਿਚ ਅੜਿਕੇ ਪਾਉਂਦੇ ਰਹਿੰਦੇ ਸਨ। ਮੈਂ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਪ੍ਰਧਾਨ ਮੰਤਰੀ ਨੇ ਇਹ ਸਮਝੌਤਾ ਇਨ੍ਹਾਂ ਤੋਂ ਪੁਛੇ ਬਗੈਰ ਅਤੇ ਬਗੈਰ ਸਲਾਹ ਮਸ਼ਵਰੇ ਦੇ ਇਹ ਸਮਝੌਤਾ ਸੰਤ ਜੀ ਦੇ ਨਾਲ ਕੀਤਾ ਤਾਕਿ ਪੰਜਾਬ ਅਤੇ ਹਿੰਦੁਸਤਾਨ ਵਿਚ ਸ਼ਾਂਤੀ ਹੋ ਸਕੇ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਹੋ ਸਕੇ। ਇਹ ਕਾਂਗਰਸੀ ਹਰ ਵੇਲੇ ਸੈਂਟਰ ਦੀ ਸਰਕਾਰ ਨੂੰ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਕਹਿੰਦੇ ਰਹੇ ਕਿ ਇਨ੍ਹਾਂ ਦੀਆਂ ਮੰਗਾਂ ਠੀਕ ਨਹੀਂ ਹਨ ਅਤੇ ਇਨ੍ਹਾਂ ਨੂੰ ਪ੍ਰਵਾਨ ਨਹੀਂ ਕਰਨਾ ਚਾਹੀਦਾ। ਇਨ੍ਹਾਂ ਨੂੰ ਪੁਛੇ ਬਗੈਰ ਦਿੱਲੀ ਦੀ ਸਰਕਾਰ ਨੇ ਸਾਡੀਆਂ ਮੰਗਾਂ ਨੂੰ ਮੰਨਿਆ ਜਿਸ ਦੇ ਨਾਲ ਉਨ੍ਹਾਂ ਨੇ ਪੰਜਾਬ ਦੇ ਭਲੇ ਦਾ ਬਹੁਤ ਵੱਡਾ ਕੰਮ ਕੀਤਾ ਹੈ।

ਸਾਡੀ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਬਹੁਤ ਸਾਰੀਆਂ ਕੁਰੀਤੀਆਂ ਕਾਂਗਰਸ ਦੀ ਸਰਕਾਰ ਤੋਂ ਵਿਰਸੇ ਵਿਚ ਮਿਲੀਆਂ ਹਨ। ਪਿਛਲੀ ਸਰਕਾਰ ਦੇ ਸਮੇਂ ਕੁਰੱਪਸ਼ਨ ਬਹੁਤ ਚਲਦੀ ਰਹੀ ਹੈ ਅਤੇ ਅੱਜ ਵੀ ਚੱਲ ਰਹੀ ਹੈ। ਇਹ ਵੀ ਸਾਨੂੰ ਇਨ੍ਹਾਂ ਦੇ ਵਿਰਸੇ ਤੋਂ ਮਿਲੀ ਹੈ। ਮੈਨੂੰ ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਪਿਛਲੀ ਸਰਕਾਰ ਦੇ ਵਕਤ ਕਿਸੇ ਨੂੰ ਵੀ ਇਨਸਾਫ ਨਹੀਂ ਮਿਲਿਆ ਹੈ ਅਤੇ ਉਸ ਸਮੇਂ ਇਨਸਾਫ ਨੂੰ ਪਰ ਲਗਾ ਕੇ ਉਡਾ ਦਿੱਤਾ ਗਿਆ ਹੋਇਆ ਸੀ। ਇਨ੍ਹਾਂ ਕਾਂਗਰਸ ਦੀ ਸਰਕਾਰ ਦੇ ਵਕਤ ਲੋਕਾਂ ਨੂੰ ਇਨਸਾਫ ਲੈਣ ਦੀ ਖਾਤਰ ਅਫਸਰਾਂ ਨੂੰ ਹਰੇ ਨੋਟ ਦੇਣੇ ਪੈਂਦੇ ਸਨ। ਬੇਕਸੂਰ ਨੌਜਵਾਨਾਂ ਨੂੰ ਘਰੋਂ ਫੜ ਕੇ ਝੂਠੇ ਕੇਸ ਪਾਏ ਜਾਂਦੇ ਸਨ। ਮੈਂ ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਦੇ ਵਕਤ ਐਸ.ਐਸ.ਐਸ. ਬੋਰਡ ਅਤੇ ਪਬਲਿਕ ਸਰਵਿਸ ਕਮਿਸ਼ਨ ਦੇ ਵਿਚ ਬਹੁਤ ਵੱਡੀ ਕੁਰੱਪਸ਼ਨ ਚਲਦੀ ਰਹੀ ਹੈ ਪਰ ਮੈਂ ਇਸ ਦਾ ਜ਼ਿਕਰ ਡੀਟੇਲਜ਼ ਵਿਚ ਨਹੀਂ ਕਰਨਾ ਚਾਹੁੰਗਾ।

ਚੇਅਰਮਨ ਸਾਹਿਬ, ਇਹ ਇਕ ਹਕੀਕਤ ਹੈ ਕਿ ਪਿਛੇ ਜਿਹੇ ਐਸ. ਐਸ. ਐਸ. ਬੋਰਡ ਨੇ ਪੰਜਾਬ ਵਿਚ ਟੈਕਸੇਸ਼ਨ ਇੰਸਪੈਕਟਰਾਂ ਦੀ ਇੰਟਰਵਿਊ ਕੀਤੀ ਸੀ ਅੌਰ ਮੈਨੂੰ ਯਾਦ ਹੈ ਕਿ ਮੇਰੇ ਕੋਲ ਇਕ ਸਾਥੀ ਆਇਆ ਸੀ, ਉਨ੍ਹਾਂ ਨੇ ਕਿਹਾ ਸੀ ਕਿ ਮੈਂ ਆਪਣੇ ਲੜਕੇ ਨੂੰ ਭਰਤੀ ਕਰਾਉਣ ਵਾਸਤੇ ਇਕ ਲੱਖ ਰੁਪਿਆ ਦੇ ਕੇ ਆਇਆ ਹਾਂ। ਚੇਅਰਮੈਨ ਸਾਹਿਬ, ਤੁਸੀਂ ਇਸ ਚੀਜ਼ ਤੋਂ ਅੰਦਾਜ਼ਾ ਲਗਾ ਲਓ।

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ : ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਜਿਹੜਾ ਆਦਮੀ ਆਪਣੇ ਆਪ ਨੂੰ ਡਿਫੈਂਡ ਨਹੀਂ ਕਰ ਸਕਦਾ ਇਸ ਤਰ੍ਹਾਂ ਸਿੱਧਾ ਉਸ ਤੇ ਚਾਰਜ ਲਗਾਉਣਾ ਠੀਕ ਨਹੀਂ ਹੈ। ਚੇਅਰਮੈਨ ਸਾਹਿਬ, ਇਹ ਉਚਿਤ ਨਹੀਂ ਹੈ। ਚੇਅਰਮੈਨ ਸਾਹਿਬ, ਐਸ. ਐਸ. ਐਸ. ਬੋਰਡ ਦਾ ਇਕੋ ਹੀ ਚੇਅਰਮੈਨ ਹੁੰਦਾ ਹੈ। ਉਸ ਦਾ ਨਾਂ ਐਕਸਪੰਜ ਕੀਤਾ ਜਾਵੇ।

ਸਰਦਾਰ ਨੱਥਾ ਸਿੰਘ ਦਾਲਮ : ਚੇਅਰਮੈਨ ਸਾਹਿਬ, ਮੈਂ ਕਿਸੇ ਦਾ ਨਾਂ ਨਹੀਂ ਲਿਆ ਅੌਰ ਜਨਰਲ ਗੱਲ ਕੀਤੀ ਹੈ ਜਿਹੜਾ ਭਰਾ ਇੱਕ ਲੱਖ ਰੁਪਿਆ ਇੰਸਪੈਕਟਰ ਦੀ ਨੌਕਰੀ ਲਈ ਦੇ ਕੇ ਲਗਾ ਹੋਵੇ, ਉਹ ਕਿਵੇਂ ਲੋਕਾਂ ਨੂੰ ਇਨਸਾਫ ਦੇ ਸਕਦਾ ਹੈ। ਉਹ ਕਿਵੇਂ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾ ਸਕਦਾ ਹੈ। ਪਿਛਲੀ ਸਰਕਾਰ ਵੇਲੇ ਹੜ੍ਹਾਂ ਨਾਲ ਫਸਲਾਂ ਦਾ ਕਿਤਨਾ ਜ਼ਿਆਦਾ ਨੁਕਸਾਨ ਹੋਇਆ ਹੈ, ਉਹ ਬਿਆਨ ਕਰਨਾ ਭੀ ਥੋੜ੍ਹੇ ਜਿਹੇ ਸਮੇਂ ਵਿਚ ਅਸੰਭਵ ਹੈ। ਮੈਂ ਵਧੇਰੇ ਕੁਝ ਨਾ ਕਹਿੰਦਾ ਹੋਇਆ ਨਵੀਂ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਦੋਬਾਰਾ ਪਿੰਡਾਂ ਵਿਚ ਲੋਕਾਂ ਨੂੰ ਸਹੂਲਤਾਂ ਦੇਣ ਵਾਸਤੇ ਫੋਕਲ ਪੁਆਇੰਟ ਆਰੰਭ ਕਰਨ ਦਾ ਫੈਸਲਾ ਕੀਤਾ ਹੈ। ਮੈਂ ਕਹਿ ਸਕਦਾ ਹਾਂ ਕਿ ਫੋਕਲ ਪੁਆਇੰਟਾਂ ਨਾਲ ਪਿੰਡਾਂ ਵਾਲਿਆਂ ਨੂੰ ਬਹੁਤ ਭਾਰੀ ਲਾਭ ਹੁੰਦਾ ਹੈ। ਇਸ ਨਾਲ ਲੋਕਾਂ ਨੂੰ ਬੜਾ ਭਾਰੀ ਰਲੀਫ ਪਹਿਲਾਂ ਮਿਲਿਆ ਸੀ। ਫੋਕਲ ਪੁਆਇੰਟਾਂ ਉਤੇ ਜਿਥੇ ਅਨਾਜ ਮੰਡੀਆਂ ਬਣਾਈਆਂ ਗਈਆਂ ਸਨ, ਉਥੇ ਹਸਪਤਾਲ ਵੀ ਬਣਾਏ ਗਏ, ਡੰਗਰਾਂ ਦੇ ਹਸਪਤਾਲ ਵੀ ਬਣਾਏ ਗਏ, ਖਾਦ ਦੇ ਡਿਪੂ ਬਣਾਏ ਗਏ ਤਾਕਿ ਲੋਕਾਂ ਨੂੰ ਆਪਣੀ ਲੋੜ ਪੂਰੀ ਕਰਨ ਵਾਸਤੇ ਸ਼ਹਿਰ ਵੱਲ ਨਾ ਜਾਣਾ ਪਵੇ ਬਲਕਿ ਉਨ੍ਹਾਂ ਦੀਆਂ ਲੋੜਾਂ ਉਥੇ ਘਰ ਵਿਚ ਹੀ ਪੂਰੀਆਂ ਕੀਤੀਆਂ ਜਾ ਸਕਣ।

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਚੇਅਰਮੈਨ ਸਾਹਿਬ, ਆਦਰਸ਼ ਸਕੂਲਾਂ ਨੂੰ ਦੋਬਾਰਾ ਚਾਲੂ ਕਰਨ ਦਾ ਫੈਸਲਾ ਕੀਤਾ ਗਿਆ ਹੈ । ਇਸ ਸਬੰਧੀ ਵੀ ਨਵੀਂ ਸਰਕਾਰ ਵਧਾਈ ਦੀ ਪਾਤਰ ਹੈ । ਮਾਰਕਿਟ ਕਮੇਟੀ ਦੀ ਮਿਆਦ ਵਧਾਈ ਗਈ ਸੀ ਅੌਰ ਇਨ੍ਹਾਂ ਦੀ ਅਸਲ ਮਿਆਦ ਬਹੁਤ ਸਮਾਂ ਪਹਿਲਾਂ ਪੂਰੀ ਹੋ ਚੁੱਕੀ ਹੈ। 6–6 ਮਹੀਨਿਆਂ ਦੀ ਮਿਆਦ ਦਿੱਤੀ ਗਈ ਹੈ । ਇਸ ਬਾਰੇ ਹੁਣ ਜਲਦੀ ਫੈਸਲਾ ਕਰਨਾ ਚਾਹੀਦਾ ਹੈ ਕਿਉਂਕਿ ਹੁਣ ਉਨ੍ਹਾਂ ਨੂੰ ਪਤਾ ਹੈ ਕਿ ਅਸੀਂ ਜਲਦੀ ਖਤਮ ਹੋਣ ਵਾਲੇ ਹਾਂ । ਜਲਦੀ ਹੀ ਮਾਰਕਿਟ ਕਮੇਟੀਆਂ ਸੁਪਰਸੀਡ ਹੋਣ ਵਾਲੀਆਂ ਹਨ । ਇਸ ਲਈ ਉਨ੍ਹਾਂ ਨੇ ਲੁੱਟ ਮਚਾ ਦਿਤੀ ਹੈ । ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬਰਨਾਲਾ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਤੁਰੰਤ ਹੀ ਸੁਪਰਸੀਡ ਕਰਨਾ ਚਾਹੀਦਾ ਹੈ । ਉਥੇ ਚੇਅਰਮੈਨ ਸਾਹਿਬ, ਪ੍ਰਬੰਧਕ ਨਿਯੁਕਤ ਕਰ ਦੇਣੇ ਚਾਹੀਦੇ ਹਨ । ਰੁਪਿਆ ਜਿਹੜਾ ਕਿ ਪਿੰਡਾਂ ਦੀਆਂ ਸੜਕਾਂ ਅਤੇ ਹੋਰ ਕੰਮਾਂ ਲਈ ਸੀ, ਉਹ ਲੁੱਟ ਰਹੇ ਹਨ, ਉਨ੍ਹਾਂ ਨੂੰ ਖਾਈ ਜਾ ਰਹੇ ਹਨ। ਮੈਂ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਮਾਰਕਿਟ ਸੈਸ ਜੋ ਕਾਂਗਰਸ ਦੀ ਸਰਕਾਰ ਨੇ ਪੇਂਡੂ ਕਿਸਾਨਾਂ ਤੇ ਲਗਾਇਆ ਸੀ, ਇਕ ਰੁਪਿਆ ਫੀ ਕੁਇੰਟਲ ਦੇ ਹਿਸਾਬ ਨਾਲ, ਉਹ ਖਤਮ ਕਰਨਾ ਚਾਹੀਦਾ ਹੈ। ਕਾਂਗਰਸ ਸਰਕਾਰ ਹਮੇਸ਼ਾ ਹੀ ਕਿਸਾਨਾਂ ਦੇ ਵਿਰੁਧ ਰਹੀ ਹੈ। ਇਸੇ ਲਈ ਹੀ ਕਿਸਾਨਾਂ ਨੇ ਵੋਟਾਂ ਇਸ ਵਾਰ ਕਾਂਗਰਸ ਨੂੰ ਨਹੀਂ ਪਾਈਆਂ । ਚੇਅਰਮੈਨ ਸਾਹਿਬ, ਜਿਸ ਤਰ੍ਹਾਂ ਪੈਸਾ ਵਟੇਰਨ ਲਈ ਮੁਸਲਮਾਨਾਂ ਨੇ ਜਜ਼ੀਆ ਲਗਾਇਆ ਸੀ, ਉਸੇ ਤਰ੍ਹਾਂ ਸਾਹਮਣੇ ਬੈਠੇ ਭਰਾਵਾਂ ਨੇ ਕਿਸਾਨਾਂ ਤੇ ਮਾਰਕਿਟ ਫੀਸ ਲਗਾ ਕੇ ਇਕ ਤਰ੍ਹਾਂ ਜਜ਼ੀਆ ਲਗਾਇਆ ਸੀ। ਉਹ ਜਜ਼ੀਆ ਇਸ ਸਰਕਾਰ ਨੂੰ ਕਿਸਾਨਾਂ ਦਾ ਤੁਰੰਤ ਖਤਮ ਕਰਨਾ ਚਾਹੀਦਾ ਹੈ। ਇਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਰਲੀਫ ਮਿਲੇਗਾ। ਉਨ੍ਹਾਂ ਨੂੰ ਰੋਟੀ ਮਿਲੇਗੀ। ਪੰਜਾਬ ਦੇ ਕਿਸਾਨ ਮਹਿਸੂਸ ਕਰਨਗੇ ਕਿ ਜੋ ਪਿਛਲੀ ਕਾਂਗਰਸ ਸਰਕਾਰ ਨੇ ਉਨ੍ਹਾਂ ਤੇ ਜਜ਼ੀਆ ਲਗਾਇਆ ਸੀ, ਉਹ ਸਾਡੀ ਹੁਣ ਦੀ ਨਵੀਂ ਸਰਕਾਰ ਨੇ ਖਤਮ ਕਰ ਦਿਤਾ ਹੈ ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬਰਨਾਲਾ ਸਾਹਿਬ ਨੂੰ ਇਕ ਹੋਰ ਬੇਨਤੀ ਕਰਨੀ ਹੈ। ਪਿਛੇ ਜਿਹੇ ਥੋੜ੍ਹੇ ਦਿਨ ਹੋਏ ਹਨ, ਕਿ ਪੰਜਾਬ ਵਿਚ ਬਹੁਤ ਹੜ੍ਹ ਆਏ ਹਨ, ਏ–ਵਕਤ ਬਾਰਸ਼ ਹੋਈ ਹੈ ਅੌਰ ਉਸ ਨਾਲ ਪੰਜਾਬ ਦੇ ਲੋਕਾਂ ਦਾ ਬੜਾ ਭਾਰੀ ਨੁਕਸਾਨ ਹੋਇਆ ਹੈ। ਏ–ਵਕਤ ਬਾਰਸ਼ ਨਾਲ ਸ਼ਹਿਰਾਂ ਵਿਚ ਵੀ ਨੁਕਸਾਨ ਹੋਇਆ ਹੈ ਅਤੇ ਪਿੰਡਾਂ ਵਿਚ ਵੀ ਨੁਕਸਾਨ ਹੋਇਆ ਹੈ। ਪੰਜਾਬ ਵਿਚ ਪਿਛਲੀ ਸਰਕਾਰ ਸਮੇਂ ਵੀ ਡਰੇਨਾਂ ਦੀ ਕੋਈ ਖੁਦਾਈ ਨਹੀਂ ਕੀਤੀ ਗਈ ਅੌਰ ਨਾ ਹੀ ਡਰੇਨਾਂ ਦੀ ਕੋਈ ਸਫਾਈ ਕੀਤੀ ਗਈ ਹੈ। ਜਿਤਨਾ ਵੀ ਰੁਪਿਆ ਸਰਕਾਰ ਨੇ ਇਸ ਮਕਸਦ ਵਾਸਤੇ ਰਖਿਆ ਸੀ, ਉਹ ਸਾਰਾ ਰੁਪਿਆ ਅਫਸਰਾਂ ਦੀਆਂ ਜੇਬਾਂ ਵਿਚ ਜਾਂਦਾ ਰਿਹਾ। ਇਸ ਬਾਰੇ ਸੀ. ਐਮ. ਸਾਹਿਬ, ਤੁਹਾਨੂੰ ਵੀ ਪਤਾ ਹੋਵੇਗਾ ਕਿ ਪਿਛਲੀ ਸਰਕਾਰ ਨੇ ਰੂਸ ਤੋਂ ਡਰੈਗ ਲਾਈਨਾਂ, ਡਰੇਨਾਂ ਦੀ ਸਫਾਈ ਕਰਨ ਵਾਸਤੇ ਲਿਆਂਦੀਆਂ ਸਨ ਪਰ ਡਰੇਨਾਂ ਦੀ ਸਫਾਈ ਕੋਈ ਨਹੀਂ ਹੋਈ ਅਤੇ ਉਹ ਡਰੈਗ ਲਾਈਨਜ਼ ਸਾਰੀਆਂ ਵਰਕਸ਼ਾਪਾਂ ਵਿਚ ਪਈਆਂ ਹੋਈਆਂ ਹਨ। ਉਹ ਮਸ਼ੀਨਾਂ ਨੂੰ, ਚੇਅਰਮੈਨ ਸਾਹਿਬ, ਜੰਗਾਲ ਲਗ ਗਿਆ ਹੈ ਪਰ ਡਰੇਨਾਂ ਨੂੰ ਡੂੰਘਾ ਕਰਨ ਵਾਸਤੇ, ਸਫਾਈ ਕਰਨ ਵਾਸਤੇ ਉਹ ਵਰਤੋਂ ਵਿਚ ਨਹੀਂ ਲਿਆਂਦੀਆਂ। ਇਹੀ ਕਾਰਨ ਹੈ ਕਿ ਪੰਜਾਬ ਵਿਚ ਹੜ੍ਹਾਂ ਕਾਰਨ ਭਾਰੀ ਨੁਕਸਾਨ ਹੋਇਆ ਹੈ। 1980 ਵਿਚ ਜਦੋਂ ਨਵੀਂ ਸਰਕਾਰ ਆਈ ਤਾਂ ਪਿਛਲੀ ਸਰਕਾਰ ਦੇ ਐਫੀਸ਼ੈਂਟ ਡਰੇਨ ਸਿਸਟਮ ਦੇ ਕੰਮ ਨੂੰ ਖਤਮ ਕਰ ਦਿੱਤਾ।

ਚੇਅਰਮੈਨ ਸਾਹਿਬ, ਮੈਂ ਹੁਣ ਜਾਤੀ ਗੱਲ ਕਰਨੀ ਚਾਹਾਂਗਾ। ਮੈਂ ਇਕ ਐਸੇ ਹਲਕੇ ਦਾ ਨੁਮਾਇਦਾ ਹਾਂ ਅੌਰ ਐਸੇ ਹਲਕੇ ਦੀ ਪ੍ਰਤੀਨਿਧਤਾ ਕਰਦਾ ਹਾਂ ਜੋ ਕਿ ਸਾਰੇ ਜ਼ਿਲ੍ਹਿਆਂ ਵਿਚੋਂ ਪਛੜਿਆ ਹੋਇਆ ਇਲਾਕਾ ਹੈ। ਸ੍ਰੀ ਹਰਗੋਬਿੰਦਪੁਰ ਜਿਸ ਨੂੰ ਛੇਵੀਂ ਪਾਤਸ਼ਾਹੀ ਦੀ ਚਰਨ ਛੋਹ ਪ੍ਰਾਪਤ ਹੋਈ ਹੈ। ਇਹ ਇਕ ਬਹੁਤ ਪਛੜਿਆ ਹੋਇਆ ਇਲਾਕਾ ਹੈ ਜਿਸ ਦੀ ਮੈਂ ਨੁਮਾਇੰਦਗੀ ਕਰਦਾ ਹਾਂ। ਮੈਂ, ਚੇਅਰਮੈਨ ਸਾਹਿਬ, ਤੁਹਾਡੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਰਾਹੀਂ ਬਰਨਾਲਾ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਕ ਦਰਿਆ ਬਿਆਸ ਉਤੇ ਪੁਲ ਬਣਾਇਆ ਜਾਣਾ ਸੀ। ਪਿਛਲੀ ਅਕਾਲੀ ਸਰਕਾਰ ਨੇ ਇਸ ਪੁਲ ਨੂੰ ਬਨਾਉਣ ਦੀ ਪ੍ਰਵਾਨਗੀ ਦੇ ਦਿੱਤੀ ਸੀ। ਉਸ ਪੁਲ ਦੀ ਕਲੀਅਰੈਂਸ ਵੀ ਦੇ ਦਿਤੀ ਸੀ। ਸਰਵੇ ਵੀ ਦੋ ਦਫਾ ਹੋ ਚੁੱਕਾ ਸੀ ਅੌਰ ਫਾਈਨਲ ਸਰਵੇ ਵੀ ਹੋ ਚੁਕਾ ਸੀ ਲੇਕਿਨ ਅਫਸੋਸ ਹੈ ਕਿ ਉਹ ਸਰਕਾਰ ਟੁੱਟ ਗਈ ਅੌਰ ਇਨ੍ਹਾਂ ਸਾਹਮਣੇ ਬੈਠੇ ਭਰਾਵਾਂ ਦੀ ਸਰਕਾਰ ਕਾਂਗਰਸ ਆ ਗਈ। 4 ਕਰੋੜ ਰੁਪਿਆ ਦਿੱਲੀ ਦੀ ਸਰਕਾਰ ਨੇ ਕਰਜ਼ਾ ਵੀ ਦਿੱਤਾ ਸੀ। ਉਹ ਰੁਪਿਆ ਪਤਾ ਨਹੀਂ ਕਿੱਥੇ ਗਿਆ, ਕਿਥੇ ਖਰਚ ਕੀਤਾ ਗਿਆ ਲੇਕਿਨ ਉਹ ਪੁਲ ਹਾਲੇ ਤਕ ਨਹੀਂ ਬਣਿਆ। ਉਹ ਪੁਲ ਹੁਣ ਦੀ ਅਕਾਲੀ ਸਰਕਾਰ ਨੂੰ ਬਣਾਉਣਾ ਚਾਹੀਦਾ ਹੈ। ਇਹ ਪੁਲ ਜ਼ਿਲ੍ਹਾ ਗੁਰਦਾਸਪੁਰ ਅਤੇ ਹੁਸ਼ਿਆਰਪੁਰ ਦੇ ਜ਼ਿਲ੍ਹਿਆਂ ਨੂੰ ਪੈਂਦਾ ਹੈ। ਸਾਡੇ ਜ਼ਿਲ੍ਹੇ ਗੁਰਦਾਸਪੁਰ ਨੂੰ ਚੰਡੀਗੜ੍ਹ ਆਉਣ ਵਾਸਤੇ ਪੁਲ ਬਨਣ ਨਾਲ 60 ਕਿਲੋਮੀਟਰ ਦਾ ਸਫਰ ਘੱਟ ਜਾਂਦਾ ਹੈ। ਇਸ ਨਾਲ ਦੋ ਜ਼ਿਲ੍ਹਿਆਂ ਦੀ ਤਰੱਕੀ ਹੋਵੇਗੀ। ਵੈਸੇ ਵੀ ਚੇਅਰਮੈਨ ਸਾਹਿਬ, ਡਿਫੈਂਸ ਪੁਆਇੰਟ ਆਫ ਵਿਊ ਦੇ ਤੌਰ ਤੇ ਵੀ ਇਹ ਇਕ ਜ਼ਰੂਰੀ ਹੈ। ਚੇਅਰਮੈਨ ਸਾਹਿਬ, ਮੈਂ ਬਰਨਾਲਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਪੁਲ ਜ਼ਰੂਰ ਬਣਾਉਣਾ ਚਾਹੀਦਾ ਹੈ ਤਾਕਿ ਸਾਡਾ ਪਛੜਿਆ ਹੋਇਆ ਇਲਾਕਾ ਦੋਬਾਰਾ ਤਰੱਕੀ ਕਰ ਸਕੇ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਮੇਰੇ ਇਲਾਕੇ ਵਿੱਚ ਡੰਡੀ ਕੇ ਚੋਣੇ ਪਿੰਡ ਹੈ, ਉਥੇ ਸਾਡੀ ਸਰਕਾਰ ਵਲੋਂ ਪ੍ਰਾਇਮਰੀ ਹੈਲਥ ਸੈਂਟਰ ਕਾਇਮ ਕੀਤਾ ਗਿਆ ਸੀ ਅਤੇ ਉਹ ਚਲਦਾ ਵੀ ਸੀ ਪਰ ਬਾਅਦ ਵਿੱਚ ਉਸ ਪ੍ਰਾਇਮਰੀ ਹੈਲਥ ਸੈਂਟਰ ਨੂੰ ਉਥੋਂ ਚੁੱਕ ਕੇ ਕਿਧਰੇ ਹੋਰ ਲਿਜਾਇਆ ਗਿਆ ਅਤੇ ਜਦੋਂ ਮੈਂ ਇਨ੍ਹਾਂ ਤੋਂ ਪੁਛਿਆ ਤਾਂ ਕਿਹਾ ਗਿਆ ਕਿ ਇਸ ਬਲਾਕ ਵਿੱਚ ਦੋ ਪ੍ਰਾਇਮਰੀ ਹੈਲਥ ਸੈਂਟਰਜ਼ ਸਨ, ਇਸ ਕਰਕੇ ਇਕ ਨੂੰ ਇਥੋਂ ਲਿਜਾਇਆ ਗਿਆ ਸੀ। ਪੰਜਾਬ ਵਿੱਚ ਬਹੁਤ ਸਾਰੀਆਂ ਮਿਸਾਲਾਂ ਅੈਸੀਆਂ ਹਨ, ਬਹੁਤ ਸਾਰੇ ਬਲਾਕ ਅੈਸੇ ਹਨ, ਜਿਥੇ 2–2 ਪ੍ਰਾਇਮਰੀ ਹੈਲਥ ਸੈਂਟਰਜ਼ ਬਣੇ ਹੋਏ ਹਨ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਥੋਂ ਜਿਹੜਾ ਹਸਪਤਾਲ ਚੁੱਕਿਆ ਗਿਆ ਹੈ, ਕਿਰਪਾ ਕਰਕੇ ਉਸਨੂੰ ਮੁੜ ਉਥੇ ਵਾਪਿਸ ਭੇਜ ਦਿਓ ਜਾਂ ਉਸੇ ਹੀ ਪੱਧਰ ਦਾ ਨਵਾਂ ਹਸਪਤਾਲ ਉਥੇ ਬਣਵਾ ਦਿਓ ਤਾਕਿ ਉਥੋਂ ਦੇ ਲੋਕਾਂ ਨੂੰ ਮੈਡੀਕਲ ਸਹੂਲਤਾਂ ਅਸਾਨੀ ਨਾਲ ਮਿਲ ਸਕਣ।

ਮੈਂ ਬੇਨਤੀ ਕਰਾਂਗਾ ਕਿ ਸ੍ਰੀ ਹਰਗੋਬਿੰਦਪੁਰ, ਜਿਵੇਂ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਇਕ ਪਵਿੱਤਰ ਸ਼ਹਿਰ ਹੈ ਲੇਕਿਨ ਸਮੇਂ ਦੀ ਤਬਦੀਲੀ ਨਾਲ ਅਤੇ ਇਤਿਹਾਸ ਦੇ ਰੁੱਖ ਨੇ ਉਸਨੂੰ ਉਜਾੜ ਦਿੱਤਾ। ਅਸੀਂ ਅਕਾਲੀ ਸਰਕਾਰ ਦੇ ਸਮੇਂ ਉਸਦੀ ਤਰੱਕੀ ਵਾਸਤੇ ਇਕ ਡਿਵੈਲਪਮੈਂਟ ਬੋਰਡ ਬਣਾਇਆ ਸੀ ਜੋ ਬਾਅਦ ਵਿੱਚ ਆਉਣ ਵਾਲੀ ਕਾਂਗਰਸ ਦੀ ਸਰਕਾਰ ਨੇ ਖਤਮ ਕਰ ਦਿੱਤਾ ਜਾਂ ਅੈਵੇਂ ਕਹਿ ਲਵੋ ਕਿ ਉਸ ਸਕੀਮ ਨੂੰ ਬਿਲਕੁਲ ਕੋਲਡ–ਸਟੋਰੇਜ ਵਿੱਚ ਰਖ ਦਿੱਤਾ ਅਤੇ ਉਸਤੇ ਕੋਈ ਅਮਲ ਨਹੀਂ ਹੋਇਆ। ਅਸੀਂ ਇਸ ਗੱਲ ਦੇ ਕਮਿੱਟਿਡ ਹਾਂ ਕਿ ਪੰਜਾਬ ਦੀ ਸਮੁੱਚੇ ਤੌਰ ਤੇ ਅਤੇ ਬਰਾਬਰ ਦੀ ਤਰੱਕੀ ਕਰਨੀ ਹੈ। ਜਿਥੇ ਪਿੰਡਾਂ ਦੀ ਤਰੱਕੀ ਕਰਨੀ ਹੈ, ਉਥੇ ਸ਼ਹਿਰਾਂ ਦੀ ਤਰੱਕੀ ਦਾ ਵੀ ਮੈਂ ਵਿਰੋਧੀ ਨਹੀਂ ਹਾਂ। ਸੀ. ਅੈਮ. ਸਾਹਿਬ, ਤੁਸੀਂ ਆਪ ਵੀ ਪੇਂਡੂ ਇਲਾਕੇ ਦੇ ਰਹਿਣ ਵਾਲੇ ਹੋ ਅਤੇ ਪਿੰਡਾਂ ਵਿਚੋਂ ਜਿੱਤ ਕੇ ਆਏ ਹੋ ਪਰ ਅੱਜ ਦੇ ਪਿੰਡਾਂ ਅੌਰ ਸ਼ਹਿਰਾਂ ਦੇ ਦਰਮਿਆਨ ਜਿਥੋਂ ਤੱਕ ਤਰੱਕੀ ਦੀਆਂ ਸਕੀਮਾਂ ਦਾ ਸਬੰਧ ਹੈ, ਜਿਥੋਂ ਤੱਕ ਦੰਗੀਆਂ ਸਹੂਲਤਾਂ ਮਿਲਣ ਦਾ ਸਬੰਧ ਹੈ, ਉਥੇ ਬੜਾ ਭਾਰੀ ਫਰਕ ਹੈ, ਬੜੀ ਭਾਰੀ ਨਾ-ਬਰਾਬਰੀ ਹੈ ਜਿਸਨੂੰ ਮੈਂ ਬੇਨਤੀ ਕਰਾਂਗਾ ਕਿ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਖਤਮ ਕਰਨਾ ਚਾਹੀਦਾ ਹੈ।

ਆਪੋਜ਼ੀਸ਼ਨ ਬੈਂਚਿਜ਼ ਵਲੋਂ ਆਵਾਜ਼ਾਂ: ਇਹ ਕਹਿ ਰਹੇ ਹਨ ਕਿ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਖਤਮ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਨੱਥਾ ਸਿੰਘ ਦਾਲਮ : ਮੈਂ ਕਿਹਾ ਸੀ ਕਿ ਮੈਂ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਨਾ-ਬਰਾਬਰੀ ਨੂੰ ਦੂਰ ਕੀਤਾ ਜਾਵੇ ਪਰ ਤੁਹਾਡੇ ਕੰਨਾਂ ਨੂੰ ਪਤਾ ਨਹੀਂ ਕੀ ਕੁਝ ਸੁਣਦਾ ਹੈ।

ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਨੌਜਵਾਨਾਂ ਦੀ ਰਿਹਾਈ ਦਾ ਪ੍ਰਬੰਧ ਕੀਤਾ ਹੈ ਅਤੇ ਇਕ ਜੁਡੀਸ਼ੀਅਲ ਕਮੇਟੀ ਬਣਾਈ ਹੈ ਜਿਸਦੇ ਚੇਅਰਮੈਨ ਪੰਜਾਬ ਹਾਈ ਕੋਰਟ ਦੇ ਇਕ ਸਾਬਕ-ਜੱਜ ਹਨ। ਉਹ ਨੌਜਵਾਨ, ਇਹ ਗੱਲ ਦੱਸਣ ਦੀ ਕੋਈ ਲੋੜ ਨਹੀਂ, ਕਿ ਬੇਗੁਨਾਹ ਸਨ, ਉਹ ਘਰਾਂ ਤੋਂ ਫੜੇ ਗਏ ਸਨ ਜਦੋਂ ਹੁਣ ਬੈਂਸ ਸਾਹਿਬ ਨੈ ਵੀ ਅਖਬਾਰਾਂ ਨੂੰ ਬਿਆਨ ਦਿੱਤਾ ਹੈ ਕਿ ਜਦੋਂ ਕਨਸਰਨਡ ਜ਼ਿਲ੍ਹਿਆਂ ਦੇ ਅਫਸਰਾਂ ਨੂੰ ਬੁਲਾ ਕੇ ਪੁਛਿਆ ਗਿਆ ਕਿ ਇਨ੍ਹਾਂ ਦੀ ਹਿਰਾਸਤ ਦੀ ਕੀ ਬੁਨਿਆਦ ਹੈ, ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਕੀ ਕਰਦੇ, ਸਾਨੂੰ ਉਪਰੋਂ ਹੁਕਮ ਦਿੱਤਾ ਜਾਂਦਾ ਸੀ ਕਿ ਜਿਸਦੇ ਗਲ ਦੇ ਮੇਚ ਦਾ ਰੱਸਾ ਬਣਦਾ ਹੈ, ਉਸਦੇ ਗੱਲ ਵਿੱਚ ਪਾ ਦਿਓ। ਇਸ ਕਰਕੇ ਪੁੱਠੇ ਕੇਸ ਬਣਾ ਦਿੱਤੇ। ਮੈਂ ਬਰਨਾਲਾ ਸਾਹਿਬ ਨੂੰ ਵਧਾਈ ਦੇਂਦਾ ਹਾਂ ਕਿ ਇਨ੍ਹਾਂ ਨੇ ਉਨ੍ਹਾਂ ਨੌਜਵਾਨਾਂ ਦੀ ਰਿਹਾਈ ਦਾ ਸਿਲਸਿਲਾ ਆਰੰਭ ਕੀਤਾ ਹੈ ਉਥੇ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਇਨ੍ਹਾਂ ਨੌਜਵਾਨਾਂ ਵਾਸਤੇ, ਜੋ ਪੜ੍ਹੇ ਲਿਖੇ ਹਨ, ਉਨ੍ਹਾਂ ਵਾਸਤੇ ਚੰਗੇ ਰੋਜ਼ਗਾਰਾਂ ਦਾ ਪ੍ਰਬੰਧ ਕੀਤਾ ਜਾਵੇ ਕਿਉਂਕਿ ਜਿਹੜਾ ਇਨਸਾਨ ਵਿਚਲਾ ਹੁੰਦਾ ਹੈ, ਉਸਦੇ ਦਿਮਾਗ ਵਿੱਚ ਕਈ ਗੱਲਾਂ ਗਲਤ ਵੀ ਆ ਸਕਦੀਆਂ ਹਨ। An idle mind is a devil's workshop.

ਬਹੁਤ ਸਾਰੇ ਹੋਰ ਕੰਮ ਵੀ ਬਰਨਾਲਾ ਸਾਹਿਬ ਦੀ ਸਰਕਾਰ ਨੇ ਚੰਗੇ ਕੀਤੇ ਹਨ ਜਿਨ੍ਹਾਂ ਕਰਕੇ ਕੋਈ ਵੀ ਪੰਜਾਬੀ ਇਨ੍ਹਾਂ ਨੂੰ ਵਧਾਈ ਦਿੱਤੇ ਬਿਨਾਂ ਨਹੀਂ ਰਹਿ ਸਕਦਾ। ਅੰਤ ਚੇਅਰਮੈਨ ਸਾਹਿਬ, ਮੈਂ ਤੁਹਾਡਾ ਵੀ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਧੰਨਵਾਦ ਦੇ ਮਤੇ ਤੇ ਬੋਲਣ ਦਾ ਮੌਕਾ ਦਿੱਤਾ।

ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ (ਲੁਧਿਆਣਾ ਪੱਛਮੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਇਕ ਨਵੇਂ ਅਤੇ ਆਪਣੇ ਜੂਨੀਅਰ ਸਾਥੀ ਨੂੰ ਵੀ ਧੰਨਵਾਦ ਦੇ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਥੋਂ ਦੀਆਂ ਪਰੰਪਰਾਵਾਂ ਅਤੇ ਢੰਗਾਂ ਤੋਂ ਨਾਵਾਕਫ ਹਾਂ ਅਤੇ ਪਹਿਲੀ ਵਾਰ ਬੋਲਣ ਲੱਗਾ ਹਾਂ ਇਸ ਲਈ ਮੇਰਾ ਖਿਆਲ ਹੈ ਕਿ ਮੇਰੇ ਸਾਰੇ ਕੁਲੀਗ ਅਤੇ ਸਾਥੀ, ਜੇ ਮੇਰੇ ਤੋਂ ਕੋਈ ਗਲਤੀ ਅਨਜਾਣੇ ਵਿੱਚ ਹੋ ਜਾਵੇ ਤਾਂ ਉਸਨੂੰ ਨਜ਼ਰਅੰਦਾਜ਼ ਕਰਨਗੇ।

ਮੈਂ, ਚੇਅਰਮੈਨ ਸਾਹਿਬ, ਆਪਣੇ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਬਹੁਤ ਸਾਰੇ ਵਿਚਾਰ ਇਹੋ ਜਿਹੇ ਪੜ੍ਹੇ ਹਨ ਜਿਹੜੇ ਕਿ ਸ਼ਲਾਘਾਯੋਗ ਹਨ ਲੇਕਿਨ ਬਹੁਤ ਸਾਰੇ ਐਸੇ ਮਾਮਲੇ ਹਨ ਜਿਹੜੇ ਬਹੁਤ ਅਹਿਮ ਮਾਮਲੇ ਹਨ ਜਿਨ੍ਹਾਂ ਨੂੰ ਛੂਹਿਆ ਤੱਕ ਨਹੀਂ ਗਿਆ ਅਤੇ ਬਹੁਤ ਸਾਰੇ ਐਸੇ ਮਾਮਲੇ ਹਨ ਜਿਨ੍ਹਾਂ ਦੀ ਗਲ ਤਾਂ ਜ਼ਰੂਰ ਕੀਤੀ ਗਈ ਹੈ ਲੇਕਿਨ ਉਨ੍ਹਾਂ ਵਿਚੋਂ ਇਸ ਤਰੀਕੇ ਨਾਲ ਕੁਝ ਠੋਸ ਨਤੀਜਾ ਨਿਕਲਣ ਵਾਲਾ ਨਜ਼ਰ ਨਹੀਂ ਆ ਰਿਹਾ। ਗਵਰਨਰ ਸਾਹਿਬ ਨੇ ਜਿਥੋਂ ਤੱਕ ਇਹ ਫਰਮਾਇਆ ਹੈ ਕਿ ਉਨ੍ਹਾਂ ਦੀ ਸਰਕਾਰ ਰਾਜੀਵ ਅਤੇ ਲੌਂਗੋਵਾਲ ਜੀ ਦੇ ਸਮਝੌਤੇ ਨੂੰ ਬੁਨਿਆਦੀ ਤੌਰ ਤੇ ਪੰਜਾਬ ਦੇ ਤਮਾਮ ਮਸਲੇ ਹਲ ਕਰਨ ਵਾਲਾ ਮੈਮੋਰੰਡਮ ਮੰਨਦੀ ਹੈ ਅਤੇ ਉਹ ਸਾਰੇ ਮਸਲਿਆਂ ਨੂੰ ਹੱਲ ਕਰੇਗੀ ਅੰਤ ਉਸਦੀ ਪਾਬੰਦ ਰਹੇਗੀ, ਇਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦੇਂਦਾ ਹਾਂ। ਜਿਥੋਂ ਤੱਕ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਵੱਖ-ਵਾਦ ਅਤੇ ਅਲਹਿਦਗੀ-ਪਸੰਦਾਂ ਦੇ ਵਿਚਾਰਾਂ ਦੇ ਖਿਲਾਫ ਹਾਂ ਅੰਤ ਪੰਜਾਬ ਦੇਸ਼ ਦਾ ਇਕ ਇਨਟੈਗਰਲ ਪਾਰਟ ਰਹੇਗਾ, ਮੈਂ ਇਸ ਲਈ ਵੀ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਜਿਥੋਂ ਤੱਕ ਇਨ੍ਹਾਂ ਨੇ ਕਿਹਾ ਹੈ ਕਿ ਨੌਜਵਾਨਾਂ ਨੂੰ ਰਾਸ਼ਟਰੀ ਮੁੱਖ ਧਾਰਾ ਵਿੱਚ ਲਿਆਂਦਾ ਜਾਵੇਗਾ ਅੰਤ ਪੰਜਾਬ ਦੀ ਤਰੱਕੀ ਤੇਜ਼ੀ ਨਾਲ ਕੀਤੀ ਜਾਵੇਗੀ, ਇਸ ਵਿਚਾਰ ਤੇ ਵੀ

Original with;
Punjab Vidhan Sabha
Digitized by;
Panj

[ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ]

ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਜਿਥੋਂ ਤੱਕ ਇਨ੍ਹਾਂ ਨੇ ਕਿਹਾ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਸਾਹਿਬ ਦੀ ਯਾਦ ਵਿਚ ਮੈਮੋਰੀਅਲ ਬਣਾਇਆ ਜਾਵੇਗਾ, ਉਨ੍ਹਾਂ ਦੀ ਸ਼ਹੀਦੀ ਹੋਈ ਹੈ ਚੰਗੇ ਕੰਮ ਲਈ, ਦੇਸ਼ ਦੀ ਏਕਤਾ ਲਈ, ਦੇਸ਼ ਦੀ ਅੌਰ ਪੰਜਾਬ ਦੀ ਭਲਾਈ ਲਈ ਅੌਰ ਪੰਜਾਬ ਨੂੰ ਹਿੰਦੁਸਤਾਨ ਦਾ ਇਕ ਅਨਟੁੱਟ ਅੰਗ ਰੱਖਣ ਲਈ ਅੌਰ ਕੌਮੀ ਫਿਰਕੂ ਸਦਭਾਵਨਾ ਪੈਦਾ ਕਰਨ ਲਈ, ਤਾਂ ਇਨ੍ਹਾਂ ਦੇ ਵਿਚਾਰ ਬੜੇ ਸ਼ਲਾਘਾਯੋਗ ਹਨ ਅਤੇ ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਲਈ ਇਕ ਮੈਮੋਰੀਅਲ ਬਣਾਇਆ ਜਾਵੇਗਾ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਲਈ ਜ਼ਰੂਰ ਮੈਮੋਰੀਅਲ ਬਣਾਇਆ ਜਾਵੇ ਲੇਕਿਨ ਕਿਧਰੇ ਵੀ ਐਡਰੈਸ ਵਿੱਚ ਇਹ ਨਹੀਂ ਆਇਆ ਕਿ ਦੇਸ਼ ਦੀ ਮਹਾਨ ਨੇਤਾ, ਸੰਸਾਰ ਦੀ ਮਹਾਨ ਹਸਤੀ ਰਾਸ਼ਟਰ-ਮਾਤਾ ਸ਼੍ਰੀਮਤੀ ਇੰਦਰਾ ਗਾਂਧੀ, ਜਿਸਨੇ ਦੇਸ਼ ਨੂੰ ਇਕੱਠਾ ਰੱਖਣ ਵਾਸਤੇ, ਕੌਮ ਨੂੰ ਇਕੱਠਾ ਰੱਖਣ ਵਾਸਤੇ, ਦੇਸ਼ ਦੀ ਤਰੱਕੀ ਅਤੇ ਉੱਨਤੀ ਵਾਸਤੇ ਆਪਣੀ ਸ਼ਹੀਦੀ ਦਿੱਤੀ ਹੈ, ਉਨ੍ਹਾਂ ਲਈ ਵੀ ਕੋਈ ਮੈਮੋਰੀਅਲ ਬਣਾਇਆ ਜਾਵੇਗਾ। ਮੈਂ ਪ੍ਰਾਰਥਨਾ ਕਰਾਂਗਾ ਕਿ ਉਹ ਰਾਸ਼ਟਰਮਾਤਾ ਜਿਸਨੇ ਦੇਸ਼ ਨੂੰ ਇੰਟਰਨੈਸ਼ਨਲੀ ਤੌਰ ਤੇ ਏਨਾ ਉਚਾ ਚੁਕਿਆ ਕਿ ਸੰਸਾਰ ਦੀਆਂ 104 ਕੌਮਾਂ ਨੇ ਹਿੰਦੁਸਤਾਨ ਨੂੰ ਆਪਣਾ ਨੇਤਾ ਮੰਨ ਲਿਆ ਹੈ । ਇਸ ਲਈ ਮੇਰੀ ਪ੍ਰਾਰਥਨਾ ਹੈ ਕਿ ਇਕ ਬਹੁਤ ਹੀ ਸ਼ਾਨਦਾਰ ਮੈਮੋਰੀਅਲ ਪੰਜਾਬ ਵਿਚ ਇੰਦਰਾ ਗਾਂਧੀ ਜੀ ਦਾ ਬਣਾਇਆ ਜਾਵੇ। ਮੇਰੇ ਅਕਾਲੀ ਭਰਾਵਾਂ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਬਾਰੇ ਕਹੀਆਂ ਹੋਈਆਂ ਗੱਲਾਂ ਚੰਗੀਆਂ ਨਹੀਂ ਲਗਦੀਆਂ। ਸਰਦਾਰ ਕਿਰਪਾਲ ਸਿੰਘ ਉਨ੍ਹਾਂ ਬਾਰੇ ਕਹੀ ਹੋਈ ਹਰ ਗੱਲ ਵਿਚ ਦਖਲ-ਅੰਦਾਜ਼ੀ ਕਰਦੇ ਰਹਿੰਦੇ ਹਨ। ਉਹ ਆਪਣੀ ਪਾਰਟੀ ਦੇ ਬਜ਼ੁਰਗ ਨੇਤਾ ਹਨ। ਇਸ ਕਰਕੇ ਉਨ੍ਹਾਂ ਨੂੰ ਇਹੋ ਜਿਹੀਆਂ ਗੱਲਾਂ ਸ਼ੋਭਾ ਨਹੀਂ ਦਿੰਦੀਆਂ। ਇੰਦਰਾ ਗਾਂਧੀ ਜੀ ਬਾਰੇ ਕੋਈ ਗੱਲ ਕਰਨੀ ਹੋਵੇ ਤਾਂ ਉਹ ਇਜ਼ੱਤ ਨਾਲ, ਮਾਣ ਨਾਲ, ਆਦਰ ਨਾਲ ਕਰਨੀ ਚਾਹੀਦੀ ਹੈ। ਮੈਂ ਸਾਰੇ ਭਰਾਵਾਂ ਨੂੰ ਪ੍ਰਾਰਥਨਾ ਕਰਾਂਗਾ ਕਿ ਉਹ ਸੋਚ ਸਮਝਕੇ ਬੋਲਿਆ ਕਰਨ ਅਤੇ ਕਟਾਕਸ਼ ਨਾ ਕਰਿਆ ਕਰਨ। ਮੈਨੂੰ ਪਹਿਲਾਂ ਵੀ ਤਜਰਬਾ ਹੈ ਅਤੇ ਹੁਣ ਵੀ ਪਿਛਲੇ ਦਿਨਾਂ ਵਿਚ ਮੈਂ ਵੇਖਿਆ ਹੈ ਕਿ ਇਥੇ ਕਟਾਕਸ਼ ਬਹੁਤ ਜ਼ਿਆਦਾ ਹੁੰਦਾ ਹੈ। ਅਗਰ ਇਥੇ ਰਾਜੀਵ ਗਾਂਧੀ ਦੀ ਗੱਲ ਹੁੰਦੀ ਹੈ, ਇੰਦਰਾ ਗਾਂਧੀ ਜੀ ਦੀ ਗੱਲ ਹੁੰਦੀ ਹੈ ਜਾਂ ਕਾਂਗਰਸ ਪਾਰਟੀ ਦੀ ਗੱਲ ਹੁੰਦੀ ਹੈ ਤਾਂ ਅਕਾਲੀ ਦਲ, ਬੀ.ਜੇ.ਪੀ. ਅਤੇ ਜਨਤਾ ਪਾਰਟੀ ਵਾਲਿਆਂ ਨੂੰ ਤਕਲੀਫ ਹੁੰਦੀ ਹੈ । ਇਹ ਚੰਗੀ ਗੱਲ ਨਹੀਂ ਹੈ । ਬਹੁਤ ਸਾਰੇ ਅਕਾਲੀ ਭਰਾ ਤਾਂ ਕਾਂਗਰਸ ਨੂੰ ਕ੍ਰਿਟੀਸਾਈਜ਼ ਇਸ ਕਰਕੇ ਕਰਦੇ ਹਨ ਕਿ ਸ਼ਾਇਦ ਇਸ ਤਰ੍ਹਾਂ ਉਨ੍ਹਾਂ ਨੂੰ ਮੰਤਰੀ ਮੰਡਲ ਵਿਚ ਜਗ੍ਹਾ ਮਿਲ ਜਾਵੇਗੀ। ਮੈਂ ਬਰਨਾਲਾ ਜੀ ਨੂੰ ਰਿਕੁ-ਐਸਟ ਕਰਾਂਗਾ ਕਿ ਉਹ ਆਪਣੀ ਕੈਬਨਿਟ ਜਲਦੀ ਤੋਂ ਜਲਦੀ ਮੁਕੰਮਲ ਕਰ ਲੈਣ ਤਾਂ ਜੋ ਇਹ ਗਾਲੀਆਂ ਦਾ ਮੁਕਾਬਲਾ ਬਿਲਕੁਲ ਖਤਮ ਹੋ ਜਾਵੇ। (ਆਪੋਜ਼ੀਸ਼ਨ ਵਲੋਂ ਥੰਪਿੰਗ) ਜਿਥੋਂ ਤੱਕ ਪੰਜਾਬ ਸਮਝੌਤੇ ਦਾ ਸਬੰਧ ਹੈ, ਉਸ ਨੂੰ ਲਾਗੂ ਕਰਨ ਵਾਸਤੇ ਸਾਡੀ ਪਾਰਟੀ ਵਚਨਬਧ ਜ਼ਰੂਰ ਹੈ ਲੇਕਿਨ ਸਾਨੂੰ ਦੁਖ ਹੈ ਕਿ ਬਾਦਲ ਸਾਹਿਬ ਵਰਗੇ ਬਹੁਤ ਹੀ ਸੁਲਝੇ ਹੋਏ ਅਤੇ ਮਹਾਨ ਨੇਤਾ ਨੇ ਇਸ ਦੀ ਮੁਖਾਲਫਤ ਕੀਤੀ ਹੈ। ਟੌਹੜਾ ਸਾਹਿਬ ਜਿਹੜੇ ਕਿ ਪੂਜਨੀਕ ਧਾਰਮਿਕ ਲੀਡਰ ਹਨ, ਨੇ ਵੀ ਕਈ ਵਾਰ ਐਸੀਆਂ ਗਲਾਂ ਕਹੀਆਂ ਹਨ ਜਿਹੜੀਆਂ ਕਿ ਦੇਸ਼ ਅਤੇ ਪੰਜਾਬ ਦੇ ਹਿੱਤਾਂ ਦੇ ਖਿਲਾਫ ਹਨ।

ਸਰਦਾਰ ਕਿਰਪਾਲ ਸਿੰਘ (ਸਰਹਿੰਦ) : ਆਨ ਏ ਪੁਆਇੰਟ ਆਫ ਆਰਡਰ, ਸਰ। ਜਿਹੜਾ ਨੇਤਾ ਇਸ ਸਦਨ ਵਿਚ ਹਾਜ਼ਰ ਨਹੀਂ, ਉਸ ਦਾ ਨਾਂ ਨਹੀਂ ਲੈਣਾ ਚਾਹੀਦਾ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਮੈਂ ਉਨ੍ਹਾਂ ਦੀ ਸ਼ਾਨ ਦੇ ਖਿਲਾਫ ਕੋਈ ਲਫਜ਼ ਨਹੀਂ ਵਰਤਣੇ ਚਾਹੁੰਦਾ। ਮੈਂ ਤਾਂ ਉਨ੍ਹਾਂ ਦੀ ਐਸ.ਜੀ.ਪੀ.ਸੀ. ਦਾ ਪ੍ਰਧਾਨ ਹੋਣ ਦੇ ਨਾਤੇ ਗੱਲ ਕੀਤੀ ਹੈ। (ਇਸ ਵਕਤ ਹਾਊਸ ਵਿਚ ਸ਼ੋਰ ਹੋ ਰਿਹਾ ਸੀ) । ਇਸ ਕਰਕੇ ਇਨ੍ਹਾਂ ਅਕਾਲੀ ਲੀਡਰਾਂ ਨੂੰ ਹਾਲੇ ਇਹ ਸਾਬਤ ਕਰਨ

Original with;
Punjab Vidhan Sabha
Digitized by;
Panjab Digital Library

ਦੀ ਲੋੜ ਹੈ ਕਿ ਇਹ ਇਸ ਸਮਝੌਤੇ ਨੂੰ ਕਿੰਨਾ ਕੁ ਕਾਮਯਾਬ ਕਰਨਾ ਚਾਹੁੰਦੇ ਹਨ। ਬਾਦਲ ਸ਼ਾਹਿਬ ਆਪਣੇ ਕੁਝ 25–30 ਸਾਥੀਆਂ ਨੂੰ ਇਕੱਠੇ ਕਰਨ ਵਿਚ ਰੁਝੇ ਹੋਏ ਹਨ, ਸ਼ਾਇਦ ਬਰਨਾਲਾ ਜੀ ਨੂੰ ਹਟਾਉਣ ਵਾਸਤੇ। ਉਹ ਕੋਈ ਹੁਣ ਵੀ ਐਸਾ ਐਲਾਨ ਕਰ ਦੇਣ ਕਿ ਮੈਂ ਸਮਝੌਤੇ ਦੀ ਸਪੋਰਟ ਕਰਦਾ ਹਾਂ ਤਾਂ ਇਹ ਬੜੀ ਅੱਛੀ ਗੱਲ ਹੋਵੇਗੀ, ਪੰਜਾਬ ਤੇ ਦੇਸ਼ ਲਈ।

ਇਸ ਤੋਂ ਇਲਾਵਾ ਬਹੁਤ ਸਾਰੀਆਂ ਐਸੀਆਂ ਗੱਲਾਂ ਹਨ ਜਿਨ੍ਹਾਂ ਦੀ ਇਸ ਐਡਰੈਸ ਵਿਚ ਕੋਈ ਗੱਲ ਨਹੀਂ ਕੀਤੀ ਗਈ। ਉਨ੍ਹਾਂ ਵਿਚੋਂ ਇਕ ਗੱਲ ਭ੍ਰਿਸ਼ਟਾਚਾਰ ਦੀ ਹੈ। ਜਦੋਂ ਦੀ ਅਕਾਲੀ ਹਕੂਮਤ ਆਈ ਹੈ, ਭ੍ਰਿਸ਼ਟਾਚਾਰ ਕਈ ਗੁਣਾ ਵਧ ਗਈ ਹੈ। (ਸ਼ੋਰ) ਅੱਗੇ ਅਫ਼ਸਰ ਰਿਸ਼ਵਤ ਅੰਡਰ ਦੀ ਟੇਬਲ ਲੈਂਦੇ ਹੁੰਦੇ ਸਨ ਪਰ ਹੁਣ ਆਨ ਦੀ ਟੇਬਲ ਲੈਂਦੇ ਹਨ। ਕਹਿੰਦੇ ਹਨ ਕਿ ਹੁਣ ਜੱਥੇਦਾਰ ਸਾਡੇ ਨਾਲ ਹਿੱਸੇਦਾਰ ਹਨ।

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ : ਪਹਿਲਾਂ ਕੁਰੱਪਸ਼ਨ ਦਾ ਕੀ ਰੇਟ ਸੀ ?(ਹਾਸਾ)

ਸਰਦਾਰ ਬਲਵੰਤ ਸਿੰਘ ਸਰਹਾਲ : ਪੁਆਇੰਟ ਆਫ ਆਰਡਰ, ਸਰ। ਮੈਂ ਇਨ੍ਹਾਂ ਤੇ ਜੁਡੀਸ਼ਰੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਅਕਾਲੀ ਸਰਕਾਰ ਆਈ ਹੈ, ਜੇ ਉਸ ਦੌਰਾਨ ਕੋਈ ਰਿਸ਼ਵਤ ਹੋਈ ਹੈ ਤਾਂ ਇਹ ਉਸ ਦੀ ਮਿਸਾਲ ਦੇ ਦੇਣ।

ਸ੍ਰੀ ਹਰਨਾਮ ਦਾਸ ਜੌਹਰ ਐਡਵੋਕੇਟ: ਮੈਂ ਇਨ੍ਹਾਂ ਨੂੰ ਜਵਾਬ ਦੇਣ ਵਾਸਤੇ ਨਹੀਂ ਖੜ੍ਹਾ ਹੋਇਆ ਹਾਂ। ਮੈਂ ਕਈ ਹੋਰ ਚੀਜ਼ਾਂ ਵੀ ਬੋਲਣੀਆਂ ਹਨ। ਜਿਵੇਂ ਕਿ ਅਦਾਲਤਾਂ ਨੂੰ ਸੁਧਾਰਨ ਵਾਸਤੇ ਕੁਝ ਨਹੀਂ ਕੀਤਾ ਗਿਆ। ਖਾਸ ਕਰਕੇ ਜੁਡੀਸ਼ਲ ਸਿਸਟਮ ਨੂੰ ਸੁਧਾਰਨ ਵਾਸਤੇ ਕੁਝ ਨਹੀਂ ਕੀਤਾ ਗਿਆ। ਮੈਂ ਚਾਹਵਾਂਗਾ ਕਿ ਲੋਕ ਅਦਾਲਤਾਂ ਦਾ ਜੋ ਸਿਸਟਮ ਦਿੱਲੀ ਵਿਚ ਸ਼ੁਰੂ ਹੋਇਆ ਹੈ, ਉਹ ਸਿਸਟਮ ਅਸੀਂ ਪੰਜਾਬ ਵਿਚ ਵੀ ਲਿਆਈਏ। ਨਾਲ ਹੀ ਮੋਬਾਈਲ ਅਦਾਲਤਾਂ ਬਣਾਈਆਂ ਜਾਣ ਤਾਂ ਜੋ ਪਿੰਡਾਂ ਦੇ ਛੋਟੇ ਛੋਟੇ ਮਾਮਲਿਆਂ ਨੂੰ ਜੱਜ ਪਿੰਡਾਂ ਵਿਚ ਹੀ ਜਾ ਕੇ ਹੱਲ ਕਰ ਲਿਆ ਕਰਨ। ਜਿਸ ਤਰ੍ਹਾਂ ਕਿ ਐਕਸੀਡੈਂਟ ਦਾ ਕੇਸ ਹੈ, ਲੈਂਡ ਐਕੁਈਜ਼ੀਸ਼ਨ ਦਾ ਕੇਸ ਹੈ ਜਾਂ ਹੋਰ ਅਜਿਹੇ ਕੇਸ ਜਿਹੜੇ ਕਿ ਫੌਰੀ ਤੌਰ ਤੇ ਹੱਲ ਹੋ ਸਕਦੇ ਹੋਣ। ਇਨ੍ਹਾਂ ਨੂੰ ਪਿੰਡਾਂ ਵਿਚ ਜਾ ਕੇ ਹੀ ਨਿਪਟਾ ਦਿੱਤਾ ਜਾਇਆ ਕਰੇ ਤਾਂ ਜੋ ਪਿੰਡਾਂ ਵਾਲਿਆਂ ਦਾ ਸ਼ਹਿਰ ਵਿਚ ਆਉਣ ਜਾਣ ਨਾਲ ਟਾਈਮ ਖਰਾਬ ਨਾ ਹੋਵੇ। ਇਸ ਤੋਂ ਇਲਾਵਾ ਕੇਸਾਂ ਦੇ ਨਿਪਟਾਰੇ ਵਾਸਤੇ ਕੋਈ ਟਾਈਮ ਲਿਮਿਟ ਵੀ ਮੁਕੱਰਰ ਹੋਣੀ ਚਾਹੀਦੀ ਹੈ ਕਿ ਇਤਨੇ ਟਾਈਮ ਵਿਚ ਇਹ ਕੇਸ ਹਲ ਕਰ ਦਿੱਤਾ ਜਾਵੇਗਾ। ਅਦਾਲਤਾਂ ਦੀ ਹਾਲਤ ਬਹੁਤ ਬੁਰੀ ਹੈ। ਇਨ੍ਹਾਂ ਦੀਆਂ ਬਿਲਡਿੰਗਾਂ ਪੁਰਾਣੀਆਂ ਖ਼ਸਤਾ ਢੰਗ ਦੀ ਬੰਦੀਆਂ ਹਨ। ਮੈਂ ਲੁਧਿਆਣੇ ਦੀ ਮਿਸਾਲ ਦੇਣੀ ਚਾਹੁੰਦਾ ਹਾਂ। ਉਸ ਦੀ ਇਮਾਰਤ ਬਹੁਤ ਪੁਰਾਣੀ ਹੈ। ਪੀ. ਡਬਲਯ.ਡੀ. ਨੇ ਉਥੇ ਬੋਰਡ ਲਗਾ ਦਿੱਤਾ ਹੋਇਆ ਹੈ ਕਿ ਇਹ ਇਮਾਰਤ ਰਹਿਣ ਦੇ ਕਾਬਲ ਨਹੀਂ। ਇਸ ਨਾਲ ਜਾਨੀ ਤੇ ਮਾਲੀ ਨੁਕਸਾਨ ਹੋ ਸਕਦਾ ਹੈ ਅਤੇ ਇਹ ਬਿਲਡਿੰਗ ਕਿਸੇ ਵਕਤ ਵੀ ਗਿਰ ਸਕਦੀ ਹੈ। ਲੇਕਿਨ ਇਥੇ ਕੁਝ ਨਹੀਂ ਦਸਿਆ ਗਿਆ ਕਿ ਇਹੋ ਜਿਹੀਆਂ ਬਿਲਡਿੰਗਾਂ ਦੀ ਜਗ੍ਹਾ ਕਦੋਂ ਤੱਕ ਨਵੀਆਂ ਬਿਲਡਿੰਗਾਂ ਬਣਾ ਦਿੱਤੀਆਂ ਜਾਣਗੀਆਂ। ਹਾਲਾਂ ਕਿ ਲੁਧਿਆਣੇ ਵਿਚ ਅੱਜ ਤੋਂ 10 ਸਾਲ ਪਹਿਲਾਂ ਐਗਜ਼ੈਕਟਿਵ ਲਈ ਇਕ ਬਲਾਕ ਬਣਾ ਦਿੱਤਾ ਗਿਆ ਸੀ ਜਿਹੜਾ ਕਿ ਪੁਰਾਣੀ ਜੁਡੀਸ਼ਲ ਬਿਲਡਿੰਗ ਤੋਂ ਕੋਈ 4 ਕਿਲੋਮੀਟਰ ਪਰੇ ਹੈ। ਮੈਂ ਪ੍ਰਾਰਥਨਾ ਕਰਾਂਗਾ ਕਿ ਦੋਨੋਂ ਕੋਰਟਸ ਇਕੱਠੀਆਂ ਬਣਾਈਆਂ ਜਾਣ। ਜਿਥੇ ਐਗਜ਼ੈਕਟਿਵ ਦਾ ਬਲਾਕ ਹੈ, ਉਥੇ ਜੁਡੀਸ਼ਲ ਦਾ ਬਲਾਕ ਵੀ ਬਣਾਇਆ ਜਾਵੇ ਤਾਂ ਜੋ ਵਕੀਲਾਂ ਤੇ ਲੋਕਾਂ ਨੂੰ ਸਹੂਲਤ ਹੋ ਸਕੇ। ਨਾਲ ਹੀ ਲੋਕਾਂ ਦੇ ਠਹਿਰਣ, ਉਨ੍ਹਾਂ ਦੇ ਖਾਣ ਪੀਣ ਲਈ ਕੈਨਟੀਨ, ਯੂਰੀਨਲ ਜਾਂ ਬਾਥ ਰੂਮ ਵਰਗੀਆਂ ਸਹੂਲਤਾਂ ਵੀ ਹੋਣੀਆਂ ਬਹੁਤ ਜ਼ਰੂਰੀ ਹਨ ਜਿਹੜੀਆਂ ਕਿ ਐਟ ਪਰਜ਼ੈਂਟ ਨਹੀਂ। (ਇਕ ਆਵਾਜ਼ : ਠੇਕਾ ਹੀ ਹੋਣਾ ਚਾਹੀਦਾ ਹੈ।–ਹਾਸਾ)।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ]

ਇਸ ਤੋਂ ਇਲਾਵਾ, ਵਪਾਰੀਆਂ ਨੂੰ ਰਿਲੀਫ ਦੇਣ ਬਾਰੇ ਵੀ ਕੁਝ ਨਹੀਂ ਕਿਹਾ ਗਿਆ। ਪਿੰਡਾਂ ਦੇ ਬਾਰੇ ਬਹੁਤ ਕੁਝ ਕਿਹਾ ਗਿਆ ਹੈ ਅੌਰ ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿਉਂਕਿ ਅੱਧੇ ਨਾਲੋਂ ਜ਼ਿਆਦਾ ਹਿੰਦੁਸਤਾਨ ਪਿੰਡਾਂ ਵਿਚ ਰਹਿੰਦਾ ਹੈ। ਪਰ ਵਪਾਰੀ ਵੀ ਆਰਥਿਕ ਹਾਲਤ ਨੂੰ ਸੁਧਾਰਨ ਵਿਚ ਬਹੁਤ ਭਾਰੀ ਮਦਦ ਕਰਦਾ ਹੈ ਤੇ ਅਕਾਨੋਮੀ ਨੂੰ ਕੰਟਰੋਲ ਕਰਦਾ ਹੈ। ਉਨ੍ਹਾਂ ਬਾਰੇ ਕੁਝ ਨਹੀਂ ਕਿਹਾ ਗਿਆ। ਸੇਲਜ਼ ਟੈਕਸ ਐਕਟ ਵਿਚ ਅਮੈਂਡਮੈਂਟ ਕਰਨ ਦੀ ਲੋੜ ਹੈ। ਐਸ.ਟੀ. 22 ਫਾਰਮ ਤੇ ਸੀ ਫਾਰਮ ਹਾਸਲ ਕਰਨ ਵਿਚ ਬੜੀ ਮੁਸ਼ਕਲ ਦਰਪੇਸ਼ ਆਉਂਦੀ ਹੈ। ਇਸ ਸਬੰਧ ਵਿਚ ਕੋਈ ਸਾਦਾ ਤਰੀਕਾ ਅਪਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਰਿਲੀਫ਼ ਮਿਲੇ ਅਤੇ ਉਨ੍ਹਾਂ ਦੇ ਕੇਸ ਜਲਦੀ ਨਿਪਟਾਏ ਜਾ ਸਕਣ।

ਸੇਲਜ਼ ਟੈਕਸ ਡਿਪਾਰਟਮੈਂਟ ਵਿਚ ਬੜੀ ਬੁਰੀ ਹਾਲਤ ਹੈ। ਕੋਈ ਕੰਮ ਥਲੇ ਤੋਂ ਲੈ ਕੇ ਉਪਰ ਅਫਸਰ ਤਕ ਬਿਨਾਂ ਪੈਸੇ ਦਿੱਤੇ ਨਹੀਂ ਹੁੰਦਾ ਹੈ। ਅਫ਼ਸਰਾਂ ਨੇ ਆਪਣੇ ਰਿਕਾਰਡ ਕੀਪਰ ਅੌਰ ਸਟੈਨੋਜ਼ ਨਾਲ ਠੇਕਾ ਕੀਤਾ ਹੁੰਦਾ ਹੈ ਅੌਰ ਉਹ ਸ਼ਾਰਿਆਂ ਲਈ ਉਗਰਾਹੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਜਿਨ੍ਹਾਂ ਕੇਸਾਂ ਲਈ ਪੈਸੇ ਨਹੀਂ ਦਿੱਤੇ ਜਾਂਦੇ ਉਹ ਕੇਸਿਜ਼ ਪੈਂਡਿੰਗ ਹੋ ਜਾਂਦੇ ਹਨ। ਮੈਨੂੰ ਪਤਾ ਹੈ ਲੋਕ ਕਹਿੰਦੇ ਹਨ ਕਿ ਉਨ੍ਹਾਂ ਦੇ ਕੇਸ ਤਿਆਰ ਪਏ ਹਨ ਪਰ ਕਿਉਂਕਿ ਉਨ੍ਹਾਂ ਕੋਲ ਪੈਸੇ ਦੇਣ ਲਈ ਨਹੀਂ ਹਨ ਇਸ ਲਈ ਕੇਸ ਨਹੀਂ ਕਰ ਸਕਦੇ ਤੇ ਉਨ੍ਹਾਂ ਦੇ ਕੇਸਿਜ਼ ਪੈਂਡਿੰਗ ਪਏ ਹਨ। ਇਸ ਲਈ ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਸੇਲਜ਼ ਟੈਕਸ ਡਿਪਾਰਟਮੈਂਟ ਵਲ ਧਿਆਨ ਦੇਣ, ਇਸ ਦੇ ਕੰਮ-ਕਾਜ ਨੂੰ ਠੀਕ ਕਰਨ, ਭ੍ਰਿਸ਼ਟਾਚਾਰ ਖ਼ਤਮ ਕਰਕੇ ਟੈਕਸ ਪੂਰਾ ਇਕੱਠਾ ਕਰਨ ਅੌਰ ਅਗਰ ਇਸ ਮਹਿਕਮੇ ਨੂੰ ਠੀਕ ਕਰ ਲਿਆ ਗਿਆ ਤਾਂ ਹੋਰ ਨਵੇਂ ਟੈਕਸ ਲਗਾਉਣ ਦੀ ਲੋੜ ਨਹੀਂ ਪਏਗੀ। ਇਹ ਪੈਸਾ ਪੰਜਾਬ ਦੀ ਉੱਨਤੀ ਲਈ ਇਸਤੇਮਾਲ ਹੋ ਸਕੇਗਾ। ਹੁਣ ਮੈਂ ਸੇਲਜ਼ ਟੈਕਸ ਚੈਕ ਪੋਸਟ ਅਤੇ ਬੈਰੀਅਰ ਬਾਰੇ ਕਹਿਣਾ ਚਾਹੁੰਦਾ ਹਾਂ। ਪੰਜਾਬ ਦੇ ਬਾਰਡਰ ਤੇ ਚੁਗਿਰਦੇ ਬੈਰੀਅਰਜ਼ ਲਗੇ ਹੋਏ ਹਨ ਜਿਹੜੇ ਕਿ ਸੇਲਜ਼ ਟੈਕਸ ਦੀ ਚੋਰੀ ਰੋਕਣ ਲਈ ਹਨ ਪਰ ਇਸ ਦੇ ਉਲਟ ਚੋਰੀ ਕੀਤੀ ਜਾਂਦੀ ਹੈ। ਪਰ ਅਸਲ ਵਿਚ ਉਥੇ ਕੁਰੱਪਸ਼ਨ ਕੀਤੀ ਜਾ ਰਹੀ ਹੈ। ਜਿਹੜੀਆਂ ਮਾਲ ਭਰੀਆਂ ਗੱਡੀਆਂ ਉਥੋਂ ਲੰਘਦੀਆਂ ਹਨ ਉਨ੍ਹਾਂ ਤੋਂ ਪੈਸੇ ਲੈ ਲਿਤੇ ਜਾਂਦੇ ਹਨ ਅਤੇ ਉਨ੍ਹਾਂ ਵਿੱਚ ਬਿਨਾਂ ਬਿਲ ਦੇ ਮਾਲ ਨੂੰ ਬਿਨਾਂ ਰੋਕ ਟੋਕ ਲੰਘਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਹਕੇ ਬਹੁਤ ਜ਼ਿਆਦਾ ਕੁਰੱਪਸ਼ਨ ਕੀਤੀ ਜਾਂਦੀ ਹੈ। ਜਿਹੜਾ ਪੈਸੇ ਦੇ ਦਿੰਦਾ ਹੈ ਉਹ ਭਾਵੇਂ ਲੱਖਾਂ ਰੁਪਏ ਦਾ ਮਾਲ ਉਥੋਂ ਲੰਘਾ ਲੈਂਦਾ ਹੈ ਅਤੇ ਇਸ ਤਰ੍ਹਾਂ ਕਰਕੇ ਸੇਲਜ਼ ਟੈਕਸ ਦੀ ਚੋਰੀ ਕੀਤੀ ਜਾਂਦੀ ਹੈ। ਇਨ੍ਹਾਂ ਚੈਕ ਪੋਸਟਾਂ ਤੇ ਜੋ ਸੇਲਜ਼ ਟੈਕਸ ਦੀ ਚੋਰੀ ਹੋ ਰਹੀ ਹੈ ਇਹ ਬੰਦ ਹੋਣੀ ਚਾਹੀਦੀ ਹੈ। ਅਗਰ ਬਗੈਰ ਸੇਲਜ਼ ਟੈਕਸ ਬੈਰੀਅਰਜ਼ ਦੇ ਉਥੋਂ ਮਾਲ ਕੱਢਣ ਦੀ ਇਜਾਜ਼ਤ ਹੋਵੇ ਤਾਂ ਇਸ ਨਾਲ ਅੌਰ ਸੇਲਜ਼ ਟੈਕਸ ਦੀ ਚੋਰੀ ਰੋਕਣ ਦਾ ਕੋਈ ਹੋਰ ਤਰੀਕਾ ਅਖਤਿਆਰ ਕੀਤਾ ਜਾਏ ਤਾਂ ਸੜਕਾਂ ਤੇ ਆਵਾਜਾਈ ਵਿਚ ਜੋ ਰੁਕਾਵਟ ਪੈਂਦੀ ਹੁੰਦੀ ਹੈ ਉਹ ਵੀ ਦੂਰ ਹੋ ਸਕਦੀ ਹੈ।

ਐਕਸ-ਸਰਵਿਸਮੈਨ ਬਾਰੇ ਐਡਰੈਸ ਵਿਚੋਂ ਥੋੜ੍ਹਾ ਜਿਹਾ ਕਿਹਾ ਗਿਆ ਹੈ। ਮੈਂ ਇਕ ਐਕਸ-ਸਰਵਿਸਮੈਨ ਹੋਣ ਦੇ ਨਾਤੇ ਉਨ੍ਹਾਂ ਦੀਆਂ ਤਕਲੀਫਾਂ ਦਾ ਚੰਗੀ ਤਰ੍ਹਾਂ ਜਾਣੂ ਹਾਂ। ਇਕ ਸੈਲ ਬਨਾਉਣਾ ਚਾਹੀਦਾ ਹੈ ਜੋ ਕਿ ਐਕਸ-ਸਰਵਿਸਮੈਨ ਤੇ ਨਾਲ ਹੀ ਸਰਵਿੰਗ ਪਰਸੋਨਲ ਦੀਆਂ ਫੈਮਿਲੀਜ਼ ਜੋ ਪਿਛੇ ਰਹਿੰਦੀਆਂ ਹਨ, ਉਨ੍ਹਾਂ ਦੀਆਂ ਤਕਲੀਫਾਂ ਨੂੰ ਦੇਖੇ ਅੌਰ ਉਨ੍ਹਾਂ ਨੂੰ ਦੂਰ ਕਰੇ। ਜਿਥੋਂ ਤਕ ਐਕਸ-ਸਰਵਿਸਮੈਨ ਦਾ ਸਵਾਲ ਹੈ, ਇਨ੍ਹਾਂ ਦੇ ਨੁਮਾਇੰਦੇ ਬਹੁਤ ਸਾਰੇ ਐਮ.ਐਲ.ਏਜ਼. ਸਾਹਿਬਾਨ ਕੋਲ ਆਪਣੀਆਂ ਤਕਲੀਫਾਂ ਅੱਜ ਦਸ ਰਹੇ ਸਨ। ਮੇਰਾ ਖਿਆਲ ਹੈ ਕਿ ਉਨ੍ਹਾਂ ਵਲੋਂ ਇੱਕ ਮੈਮੋਰੈਂਡਮ ਚੀਫ ਮਨਿਸਟਰ

Original with;
Punjab Vidhan Sabha
Digitized by;
Panjab Digital Library

ਸਾਹਿਬ ਕੋਲ ਪਹੁੰਚ ਗਿਆ ਹੋਣਾ ਹੈ। ਅਗਰ ਇਨ੍ਹਾਂ ਕੋਲ ਨਹੀਂ ਪਹੁੰਚਿਆ ਤਾਂ ਉਹ ਮੈਂ ਇਨ੍ਹਾਂ ਨੂੰ ਪਹੁੰਚਾ ਦਿਆਂਗਾ। ਇਨ੍ਹਾਂ ਦੀ ਤਕਲੀਫ ਹੈ ਕਿ ਇਨ੍ਹਾਂ ਨਾਲ ਪੈਨਸ਼ਨ ਵਿਚ ਵਿਤਕਰਾ ਕੀਤਾ ਜਾ ਰਿਹਾ ਹੈ। 1968 ਜਾਂ 1970 ਤੋਂ ਪਹਿਲਾਂ ਰਿਟਾਇਰ ਹੋਏ ਫ਼ੌਜੀਆਂ ਨੂੰ ਘਟ ਸ਼ਰ੍ਹਾਂ ਨਾਲ ਪੈਨਸ਼ਨ ਮਿਲਦੀ ਸੀ ਅੌਰ ਉਸ ਤੋਂ ਬਾਅਦ ਰਿਟਾਇਰ ਹੋਣ ਵਾਲਿਆਂ ਨੂੰ ਜ਼ਿਆਦਾ ਪੈਨਸ਼ਨ ਮਿਲਦੀ ਹੈ। ਇਨ੍ਹਾਂ ਦੀ ਮੰਗ ਹੈ ਕਿ ਇਹ ਪੈਨਸ਼ਨ ਬਰਾਬਰ ਸ਼ਰ੍ਹਾਂ ਨਾਲ ਦਿੱਤੀ ਜਾਣੀ ਚਾਹੀਦੀ ਹੈ।

ਇੱਕ ਹੋਰ ਇੰਪਾਰਟੈਂਟ ਚੀਜ਼ ਐਡਰੈਸ ਵਿੱਚ ਛੱਡੀ ਗਈ ਹੈ ਜੋ ਕਿ ਪਛੜੀਆਂ ਤੇ ਵਿਮੁਕਤ ਜਾਤੀਆਂ ਬਾਰੇ ਨਹੀਂ ਕਹੀ ਗਈ ਹੈ। ਸ਼ਡਿਊਲਡ ਕਾਸਟਸ, ਸ਼ਡਿਊਲਡ ਟਰਾਈਬਜ਼ ਵਿਚੋਂ ਇਹ ਬਹੁਤ ਹੀ ਪਛੜੀਆਂ ਹੋਈਆਂ ਜਾਤੀਆਂ ਹਨ, ਇਨ੍ਹਾਂ ਵਿਚ ਸਹਿੰਸੀ, ਢੇਹ, ਢੇਰੀ ਅੌਰ ਗੋਰੀਆ ਵਰਗ ਇਹ ਲੋਕ ਆਉਂਦੇ ਹਨ। ਇਨ੍ਹਾਂ ਤੇ ਜਰਾਇਮ ਪੇਸ਼ਾ ਕਾਨੂੰਨ ਲਾਗੂ ਸੀ ਜਿਸ ਕਰਕੇ ਇਨ੍ਹਾਂ ਦੇ ਬੱਚੇ ਜੰਮਦਿਆਂ ਨੂੰ ਹੀ ਬਰਿਟਿਸ਼ ਸਰਕਾਰ ਦਸ ਨੰਬਰੀਏ ਕਰਾਰ ਦੇ ਦਿੰਦੀ ਸੀ। ਇਹ ਕਰਿਮਿਨਲ ਐਕਟ, 1950 ਵਿਚ ਆਕੇ ਐਕਸਪੈਲ ਹੋਇਆ। ਇਨ੍ਹਾਂ ਸਾਰੇ ਜਰਾਇਮ ਪੇਸ਼ਾ ਲੋਕਾਂ ਨੂੰ ਵਿਮੁਕਤ ਜਾਤੀਆਂ ਦੇ ਲੋਕ ਕਹਿੰਦੇ ਸਨ। ਇਨ੍ਹਾਂ ਨੂੰ ਵਸਾਉਣ ਲਈ ਕੁਝ ਨਹੀਂ ਕੀਤਾ ਗਿਆ। ਜਿਹੜੇ ਲੋਕ ਜ਼ਿਆਦਾਤਰ ਝੁਗੀਆਂ ਵਿਚ ਰਹਿੰਦੇ ਸਨ, ਖਾਨਾ ਬਦੋਸ਼ ਸਨ ਉਨ੍ਹਾਂ ਨੂੰ ਵਸਾਉਣ ਲਈ ਕੁਝ ਨਹੀਂ ਕੀਤਾ ਗਿਆ। ਇਹ ਪਛੜੀਆਂ ਜਾਤੀਆਂ ਦਾ ਅਜੇ ਤਕ ਕਿਸੇ ਨੇ ਨਾਂ ਤਕ ਨਹੀਂ ਲਿਆ। ਮੈਂ ਪ੍ਰਾਰਥਨਾ ਕਰਾਂਗਾ ਕਿ ਇਨ੍ਹਾਂ ਦੇ ਸੁਧਾਰ ਲਈ ਕੋਈ ਖਾਸ ਰਕਮ ਰੱਖਣੀ ਚਾਹੀਦੀ ਹੈ ਅਤੇ ਇਨ੍ਹਾਂ ਲੋਕਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣ। ਇਹ ਝੁਗੀ ਝੌਂਪੜੀਆਂ ਵਾਲੇ ਸਾਡੇ ਆਜ਼ਾਦ ਭਾਰਤ ਦੇ ਮਥੇ ਤੇ ਕਲੰਕ ਹੈ। ਨਵੀਂ ਸਿਵਲਾਈਜ਼ੇਸ਼ਨ ਆ ਗਈ ਹੈ, ਵੱਡੇ ਵੱਡੇ ਬੰਗਲੇ ਬਣ ਗਏ ਹਨ ਪਰ ਉਥੇ ਇਹ ਝੁੱਗੀਆਂ ਅਤੇ ਸਲੱਮ ਆਦਿ ਦਾ ਹੋਣਾ ਠੀਕ ਨਹੀਂ ਹੈ। ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਪ੍ਰਾਰਥਨਾ ਕਰਾਂਗਾ ਕਿ ਇੱਕ ਇੱਕ ਕਮਰੇ ਦਾ ਮਕਾਨ ਬਣਾਕੇ ਇਨ੍ਹਾਂ ਨੂੰ ਅੰਦਰ ਵਾੜੋ ਤਾਂਕਿ ਦੇਸ਼ ਦਾ ਗੰਦ ਤੇ ਦਲਿਦਰ ਨਿਕਲੇ ਅੌਰ ਦੇਸ਼ ਦਾ ਨਾਂ ਉਚਾ ਹੋਵੇ। ਗੰਦੀ ਝੁਗੀਆਂ ਦਾ ਹੋਣਾ ਸਾਡੇ ਲਈ ਬੜੀ ਮਾੜੀ ਗੱਲ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਪ੍ਰਾਰਥਨਾ ਕਰਦਾ ਹਾਂ ਕਿ ਇਨ੍ਹਾਂ ਨੂੰ ਵਸਾਉਣ ਲਈ ਸਪੈਸ਼ਲ ਯਤਨ ਕਰਨੇ ਚਾਹੀਦੇ ਹਨ।

ਕਿਰਾਏਦਾਰਾਂ ਨੂੰ ਹਰ ਵਕਤ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਮਾਲਕ ਮਕਾਨ ਉਨ੍ਹਾਂ ਨੂੰ ਮਕਾਨ ਵਿਚੋਂ ਕੱਢ ਨਾ ਦੇਵੇ। ਇਸ ਲਈ ਕਾਨੂੰਨ ਵਿਚ ਲੋੜੀਂਦੀ ਤਰਮੀਮ ਕਰਨੀ ਚਾਹੀਦੀ ਹੈ। ਸਰਕਾਰ ਨੇ ਐਕਸ-ਸਰਵਿਸਮੈਨ ਲਈ ਸਹੂਲਤਾਂ ਦੇਣ ਲਈ ਇਸ ਅਡਰੈਸ ਵਿਚ ਲਿਖਿਆ ਹੈ ਲੇਕਿਨ ਬਾਕੀ ਕਿਰਾਏਦਾਰਾਂ ਲਈ ਜਿਹੜੀਆਂ ਇਨ੍ਹਾਂ ਨੂੰ ਤਕਲੀਫਾਂ ਹਨ ਉਨ੍ਹਾਂ ਬਾਰੇ ਕੁਝ ਨਹੀਂ ਕਿਹਾ ਗਿਆ ਹੈ। ਕਿਰਾਇਦਾਰਾਂ ਨੂੰ ਕਈ ਵਾਰੀ ਜ਼ਬਰਦਸਤੀ ਕਢਿਆ ਜਾਂਦਾ ਹੈ। ਕਿਰਾਏ ਕਾਨੂੰਨ ਵਿਚ ਕੋਈ ਅਜਿਹੀ ਚੀਜ਼ ਨਹੀਂ ਹੈ ਜਿਸ ਮੁਤਾਬਿਕ ਕੰਪਲਸਰੀ ਰਸੀਦ ਇਨ੍ਹਾਂ ਨੂੰ ਜਾਰੀ ਕੀਤੀ ਜਾਏ। ਕਿਰਾਏ ਦੀ ਰਸੀਦ ਇਸ਼ੂ ਨਹੀਂ ਕੀਤੀ ਜਾਂਦੀ। ਕਿਰਾਇਦਾਰਾਂ ਕੋਲ ਕੋਈ ਪਰੂਫ ਨਹੀਂ ਰਹਿੰਦਾ ਕਿ ਉਹ ਕਿਥੋਂ ਤਕ ਉਥੇ ਕਿਰਾਇਆ ਦੇਕੇ ਰਹਿ ਰਹੇ ਹਨ। ਇਸ ਤਰ੍ਹਾਂ ਕਰਕੇ ਉਨ੍ਹਾਂ ਤੇ ਕੇਸ ਕਰਕੇ ਕਈ ਸਾਲਾਂ ਦਾ ਕਿਰਾਇਆ ਵਸੂਲ ਕਰਨ ਦਾ ਦਾਅਵਾ ਕਰਕੇ ਉਨ੍ਹਾਂ ਨੂੰ ਉਥੋਂ ਬੇਦਖਲ ਕੀਤਾ ਜਾਂਦਾ ਹੈ। ਕਰਜ਼ੇ ਲਈ ਵੀ 3 ਸਾਲ ਦੀ ਟਾਈਮ ਲਿਮਿਟ ਹੈ। ਇਸੇ ਤਰ੍ਹਾਂ ਕਿਰਾਏਦਾਰਾਂ ਤੋਂ ਵੀ ਕਿਰਾਇਆ ਉਗਰਾਉਣ ਵਾਸਤੇ ਕੋਈ ਟਾਈਮ-ਲਿਮਿਟ ਹੋਣੀ ਚਾਹੀਦੀ ਹੈ। ਇਸ ਵੇਲੇ ਦਾਅਵਾ ਕਰਕੇ 5-7 ਸਾਲਾਂ ਦਾ ਕਿਰਾਇਆ ਵਸੂਲ ਕੀਤਾ ਜਾ ਸਕਦਾ ਹੈ। ਕਿਰਾਏਦਾਰਾਂ ਵਾਸਤੇ ਐਨੀ ਰਕਮ ਯਕਮੁਸ਼ਤ ਦੇਣੀ ਮੁਸ਼ਕਿਲ ਹੁੰਦੀ ਹੈ। ਸਾਰੀ ਦੀ ਸਾਰੀ ਰਕਮ ਉਨ੍ਹਾਂ ਨੂੰ ਯਕਦਮ ਦੇਣੀ ਪੈਂਦੀ ਹੈ ਨਹੀਂ ਤਾਂ ਉਨ੍ਹਾਂ ਨੂੰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ]

ਬੇਦਖਲ ਹੋਣਾ ਪੈਂਦਾ ਹੈ। ਇਸ ਦੀ ਬਜਾਏ ਉਨ੍ਹਾਂ ਤੇ ਡਿਊਟੀ ਹੋ ਜਾਣੀ ਚਾਹੀਦੀ ਹੈ। ਸਾਲ ਜਾਂ ਛੇ ਮਹੀਨਿਆਂ ਦਾ ਪੀਰੀਅਡ ਫਿਕਸ ਹੋਣਾ ਚਾਹੀਦਾ ਹੈ ਜਿਸ ਵਿਚ ਉਹ ਕਿਰਾਇਆ ਦੇ ਸਕਣ । ਰੈਂਟ ਰਿਸਟ੍ਰਿਕਸ਼ਨ ਐਕਟ ਵਿਚ ਕਈ ਕਮਜ਼ੋਰੀਆਂ ਹਨ। ਸਾਰੀਆਂ ਜੇਕਰ ਹੁਣ ਬਿਆਨ ਕਰਾਂ ਤਾਂ ਕਾਫੀ ਟਾਈਮ ਲਗੇਗਾ। ਇਹ ਲਿਖਤੀ ਰੂਪ ਵਿਚ ਮੇਰੇ ਕੋਲ ਹੈ। ਇਹ ਮੈਂ ਚੀਫ ਮਨਿਸਟਰ ਸਾਹਿਬ ਨੂੰ ਦੇ ਦਿਆਂਗਾ। ਮੈਂ ਪ੍ਰਾਰਥਨਾ ਕਰਾਂਗਾ ਕਿ ਇਸ ਵਿਚ ਅਮੈਂਡਮੈਂਟ ਕਰਨ ਤੋਂ ਪਹਿਲਾਂ ਜ਼ਰੂਰ ਵਿਚਾਰ ਕਰਨ ਅਤੇ ਬਾਅਦ ਵਿਚ ਰੈਂਟ ਰਿਸਟ੍ਰਿਕਸ਼ਨ ਐਕਟ ਵਿਚ ਅਮੈਂਡਮੈਂਟ ਕਰਨ।

ਮਿਉਂਸਪਲ ਕਾਰਪੋਰੇਸ਼ਨ ਦੇ ਚੁਣਾਓ ਲੰਬੇ ਅਰਸੇ ਤੋਂ ਨਹੀਂ ਹੋਏ। 1964 ਵਿਚ ਮਿਉਂਸਪਲ ਕਮੇਟੀ, ਲੁਧਿਆਣਾ ਦੇ ਚੁਣਾਓ ਹੋਏ ਸਨ। ਇਹ ਚੁਣਾਓ ਜਲਦੀ ਤੋਂ ਜਲਦੀ ਹੋਣੇ ਚਾਹੀਦੇ ਹਨ ਤਾਕਿ ਐਮ.ਐਲ.ਏਜ਼. ਸਾਹਿਬਾਨ ਤੇ ਭਾਰ ਘਟ ਸਕੇ। ਜਦੋਂ ਮਿਉਂਸਪਲ ਕਾਰਪੋਰੇਟਰ ਹੋ ਜਾਣਗੇ ਤਾਂ ਚੁਣੇ ਹੋਏ ਨੁਮਾਇੰਦੇ ਲੋਕਾਂ ਦੀਆਂ ਤਕਲੀਫਾਂ ਸੁਣਨਗੇ। ਭਾਵੇਂ ਸੀਵਰੇਜ ਦੀ ਪਰਾਬਲਮ ਹੈ, ਸੜਕਾਂ ਦੀ ਤਕਲੀਫ ਹੈ ਜਾਂ ਨਾਲੀਆਂ ਦੀ ਤਕਲੀਫ ਹੈ, ਇਹ ਸਾਰੀਆਂ ਤਕਲੀਫਾਂ ਉਨ੍ਹਾਂ ਦੇ ਚੁਣੇ ਹੋਏ ਨੁਮਾਇੰਦੇ ਅਗਰ ਹੋਣਗੇ ਤਾਂ ਉਹੀ ਦੇਖਣਗੇ ਅਤੇ ਐਮ.ਐਲ.ਏਜ਼. ਅਸੈਂਬਲੀ ਦੇ ਕੰਮ ਵਲ ਹੋਰ ਧਿਆਨ ਦੇ ਸਕਣਗੇ।

ਐਡਰੈਸ ਵਿਚ 20–ਨੁਕਾਤੀ ਪ੍ਰੋਗਰਾਮ ਬਾਰੇ ਕੁਝ ਨਹੀਂ ਕੀਤਾ ਗਿਆ। ਇਤਨਾ ਵੱਡਾ ਪ੍ਰੋਗਰਾਮ ਜਿਹੜਾ ਕਿ ਸੈਂਟਰ ਦੀ ਸਰਕਾਰ ਦਾ ਪ੍ਰੋਗਰਾਮ ਹੈ, ਝੁਗੀ , ਝੌਂਪੜੀ ਵਿਚ ਰਹਿਣ ਵਾਲਿਆਂ ਵਾਸਤੇ ਪ੍ਰੋਗਰਾਮ ਹੈ, ਸ਼ਡਿਊਲਡ ਕਾਸਟਸ, ਸ਼ਡਿਊਲਡ ਟਰਾਈਬਜ਼ ਅਤੇ ਪਛੜੀਆਂ ਜਾਤੀਆਂ ਨੂੰ ਉਪਰ ਚੁਕਣ ਵਾਸਤੇ ਪ੍ਰੋਗਰਾਮ ਹੈ ਜਿਸ ਲਈ ਕਰੋੜਾਂ ਰੁਪਏ ਸੈਂਟਰ ਦੀ ਸਰਕਾਰ ਦੇ ਰਹੀ ਹੈ, ਇਨ੍ਹਾਂ ਪ੍ਰੋਗਰਾਮਾਂ ਲਈ ਇਸ ਐਡਰੈਸ ਵਿਚ ਕੁਝ ਨਹੀਂ ਲਿਖਿਆ ਗਿਆ ਹੈ। ਇੰਟੈਗਰੇਟਿਡ ਰੂਰਲ ਡਿਵੈਲਪਮੈਂਟ ਪ੍ਰੋਗਰਾਮ, ਨੈਸ਼ਨਲ ਐਂਪਲਾਇਮੈਂਟ ਪ੍ਰੋਗਰਾਮ, ਰੂਰਲ ਡਿਵੈਲਪਮੈਂਟ ਪ੍ਰੋਗਰਾਮ, ਇਹ ਸਾਰੇ ਪ੍ਰੋਗਰਾਮਾਂ ਲਈ ਪੈਸਾ ਸਰਕਾਰ ਦੇ ਰਹੀ ਹੈ ਪਰ ਫਿਰ ਵੀ ਸੈਂਟਰ ਦੀ ਸਰਕਾਰ ਨੂੰ ਕੋਸਿਆ ਜ਼ਾ ਰਿਹਾ ਹੈ ਜਿਸ ਤੋਂ ਲਗਦਾ ਹੈ ਕਿ ਅਕਾਲੀ ਵੀਰ ਸਿਰਫ ਸੈਂਟਰ ਦੀ ਸਰਕਾਰ ਨੂੰ ਕੋਸਣਾ ਚਾਹੁੰਦੇ ਹਨ ਅੰਰ ਸਮਝੌਤੇ ਨੂੰ ਲਾਗੂ ਨਹੀਂ ਕਰਨਾ ਚਾਹੁੰਦੇ।

ਇਸ ਗਵਰਨਰ ਐਡਰੈਸ ਵਿਚ ਜੋ ਗਲ ਆਈ ਹੈ ਕਿ ਅੱਜ ਅਸੀਂ ਮਿਲ ਰਹੇ ਹਾਂ ਅੱਖਾਂ ਵਿਚ ਹੰਝੂ, ਦਿਲਾਂ ਵਿਚ ਨਵੀਂ ਆਸ਼ਾ ਲੈ ਕੇ। ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਅੱਖਾਂ ਵਿਚ ਹੰਝੂ ਕਿਉਂ ਹਨ ? ਇਸ ਦਾ ਕਾਰਨ ਕੀ ਹੈ ? ਅੱਖਾਂ ਵਿਚ ਹੰਝੂ ਇਸ ਕਰਕੇ ਹਨ ਕਿ 1980 ਵਿਚ ਜਦੋਂ ਅਕਾਲੀ ਭਰਾ ਕੁਰਸੀ ਦੇ ਭੁੱਖੇ ਅਸੰਬਲੀ ਦਾ ਇਲੈਕਸ਼ਨ ਹਾਰ ਗਏ ਤਾਂ ਸਦਮਾ ਬਰਦਾਸ਼ਤ ਨਹੀਂ ਕਰ ਸਕੇ ਅਤੇ ਇਨ੍ਹਾਂ ਨੇ ਮੋਰਚਾ ਲਾਇਆ, ਐਜੀਟੇਸ਼ਨਾਂ ਸ਼ੁਰੂ ਕਰ ਦਿੱਤੀਆਂ। ਕਪੂਰੀ ਵਿਖੇ ਐਜੀਟੇਸ਼ਨ ਕੀਤੀ ਪਰ ਇਹ ਕਾਮਯਾਬ ਨਾ ਹੋਏ। (ਵਿਘਨ) ਜਦ ਇਹ ਕਾਮਯਾਬ ਨਾ ਹੋਏ ਤਾਂ ਇਨ੍ਹਾਂ ਨੇ ਗੁਰਦਵਾਰੇ ਮੱਲ ਲਏ, ਗੁਰਦਵਾਰੇ ਵਿਚ ਆਣ ਬੈਠੇ। ਉਥੇ ਜਾ ਕੇ ਇਨ੍ਹਾਂ ਨੈ ਧਰਮ ਯੁੱਧ ਦਾ ਨਾਮ ਲਿਆ।

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ: ਚੇਅਰਮੈਨ ਸਾਹਿਬ, ਸਾਡੇ ਵੋਸਤ ਨੇ ਅੱਖਾਂ ਵਿਚ ਹੰਝੂਆਂ ਦੀ ਗੱਲ ਕੀਤੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ 1980 ਦੇ ਹੰਝੂ ਨਹੀਂ ਹਨ, ਇਹ 1984 ਦੀ ਗੱਲ ਹੈ ਜਦੋਂ ਦਰਬਾਰ ਸਾਹਿਬ ਵਿਚ ਫੌਜ ਵਾੜੀ, ਅਕਾਲ ਤਖਤ ਢਾਹਿਆ, ਦਰਬਾਰ ਸਾਹਿਬ ਤੇ ਗੋਲੀਆਂ ਮਾਰੀਆਂ। ਉਥੇ ਖੂਨ ਵਹਾਇਆ। ਇਸ ਲਈ ਇਹ 1980 ਦੇ ਅੱਖਾਂ ਦੇ ਹੰਝੂ ਨਹੀਂ ਹਨ ਇਹ 1984 ਦੇ ਅੱਖਾਂ ਦੇ ਹੰਝੂ ਹਨ।

Original with;
Punjab Vidhan Sabha
Digitized by:
Panjab Digital Library

ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ : ਇਹ ਵੀ ਇਨ੍ਹਾਂ ਦੀ ਗਲ ਠੀਕ ਹੈ। ਪਰ ਇਹ ਹੋਇਆ ਕਿਉਂ? ਗੁਰਦਵਾਰੇ ਵਿਚ ਫੌਜ ਕਿਉਂ ਵੜੀ ? ਅਜਿਹਾ ਕਿਉਂ ਹੋਇਆ ? ਕੀ ਫ਼ੌਜ ਐਸ.ਜੀ.ਪੀ.ਸੀ. ਦੇ ਪ੍ਰਧਾਨ ਨੇ ਬੁਲਾਈ ਜਾਂ ਅਕਾਲੀ ਦਲ ਦੇ ਪ੍ਰਧਾਨ ਨੇ ਬੁਲਾਈ ਜਾਂ ਕਿਸ ਨੇ ਬੁਲਾਈ ? ਉਥੇ ਮੋਰਚੇ ਕਿਸ ਨੇ ਬਣਵਾਏ ? ਕਿਲਾਬੰਦੀ ਕਿਸ ਨੇ ਬਣਾਈ ? ਉਥੇ ਹਥਿਆਰ ਕਿਸ ਨੇ ਇਕੱਠੇ ਕੀਤੇ ? ਉਥੇ ਮੁਲਜ਼ਮ ਕਿਸ ਨੇ ਇਕੱਠੇ ਕੀਤੇ ? ਇਹ ਕੰਮ ਅਕਾਲੀ ਵੀਰਾਂ ਨੇ ਕੀਤੇ ਸਨ। (ਵਿਘਨ) ਇਸ ਕਰਕੇ ਇਹ ਸਾਰਾ ਕੁਝ ਹੋਇਆ ਅਤੇ ਇਸ ਕਰਕੇ ਉਨ੍ਹਾਂ ਨੂੰ ਉਥੋਂ ਕੱਢਣਾ ਪਿਆ । (ਵਿਘਨ)

ਸਰਦਾਰ ਸੁਰਿੰਦਰ ਸਿੰਘ ਧੂਰੀ : ਚੇਅਰਮੈਨ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਗੁਰਦਵਾਰੇ ਵਿਚ ਫੌਜ ਵਾੜੀ ਅਤੇ ਇਹ ਜਿਹੜਾ ਸਾਰਾ ਕੁਝ ਹੋਇਆ, ਕੀ ਇਸ ਨੂੰ ਇਹ ਠੀਕ ਮੰਨਦੇ ਹਨ ?

ਸਰਦਾਰ ਗੁਰਦੇਵ ਸਿੰਘ ਬਾਦਲ : ਪੁਆਇੰਟ ਆਫ ਆਰਡਰ, ਸਰ । ਇਹ ਜਿਹੜੀ ਅੱਖਾਂ ਦੇ ਹੰਝੂ ਦੀ ਗੱਲ ਹੈ, ਸਾਡੀਆਂ ਅੱਖਾਂ ਵਿਚ ਹੰਝੂ ਢਿਲਵਾਂ ਵਿਚ ਜਿਹੜੇ ਹਿੰਦੂ ਮਾਰੇ ਗਏ ਅਤੇ ਗੁਰਿੰਦਰ ਸਿੰਘ ਨੇ ਜਿਹੜਾ ਇਨ੍ਹਾਂ ਦਾ ਭੇਦ ਖੋਲ੍ਹਿਆ, ਇਹ ਗੱਲਾਂ ਸੁਣਕੇ ਸਾਡੀਆਂ ਅੱਖਾਂ ਵਿਚ ਹੰਝੂ ਆਏ। ਸੰਤ ਹਰਚੰਦ ਸਿੰਘ ਨੇ ਸੈਂਟਰਲ ਗੌਰਮਿੰਟ ਨੂੰ ਲਿਖਿਆ ਕਿ ਇਸ ਦੀ ਇਨਕੁਆਇਰੀ ਕਰੋ ਕਿ ਇਹ ਕਿਸ ਨੇ ਮਾਰੇ ਹਨ। ਜਦੋਂ ਹਿੰਦੂ ਭਰਾਵਾਂ ਨੂੰ ਮਾਰਕੇ ਇਹ ਵਜ਼ੀਰਾਂ ਦੀਆਂ ਕੋਠੀਆਂ ਵਿਚ ਜਾ ਵੜਦੇ ਸਨ ਤਾਂ ਸਾਡੀਆਂ ਅੱਖਾਂ ਵਿਚ ਹੰਝੂ ਆਏ ਕਿ ਇਹ ਸਾਡੇ ਭਰਾ ਹਿੰਦੂਆਂ ਨੂੰ ਕਿਉਂ ਮਾਰਦੇ ਹਨ। ਕਾਂਗਰਸ ਪ੍ਰਧਾਨ ਦੀ ਕੋਠੀ ਵਿਚ ਜਾ ਕੇ ਗੁਰਿੰਦਰ ਸਿੰਘ ਵੜ ਗਿਆ। ਇਨ੍ਹਾਂ ਦੇ ਅਜਿਹੇ ਕਾਰਨਾਮੇ ਦੇਖਕੇ ਸਾਡੀਆਂ ਅੱਖਾਂ ਵਿਚ ਹੰਝੂ ਆਉਂਦੇ ਸੀ। ਬਾਜਵੇ ਨੇ ਲਿਖਤੀ ਪਰੂਫ ਦਿੱਤਾ, ਮੈਮੋਰੈਂਡਮ ਦਿਤੇ ਕਿ ਜਿੰਨੇ ਡਾਕੂ ਚੋਰ ਹਨ ਉਹ ਸਾਰੇ ਕਾਂਗਰਸੀ ਵਜ਼ੀਰਾਂ ਦੀਆਂ ਕੋਠੀਆਂ ਵਿਚ ਆਉਂਦੇ ਹਨ। (ਵਿਘਨ)

ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ: ਇਨ੍ਹਾਂ ਨੇ ਧਰਮ ਯੁੱਧ ਦਾ ਨਾਮ ਦਿੱਤਾ ਜਦ ਕਿ ਇਹ ਧਰਮ ਯੁੱਧ ਦੀ ਕੋਈ ਗਲ ਨਹੀਂ ਸੀ। ਜਿਹੜਾ ਇਹ ਧਰਮ ਦੀ ਗੱਲ ਕਰਦੇ ਹਨ ਇਨ੍ਹਾਂ ਨੇ ਧਰਮ ਤੇ ਸਿਆਸਤ ਨੂੰ ਮਿਲਾਕੇ ਧਰਮ ਦਾ ਬੇੜਾ ਗ਼ਰਕ ਕਰ ਦਿੱਤਾ। ਇਹ ਸਾਰਾ ਕੁਝ ਇਨ੍ਹਾਂ ਦੀ ਬਦੌਲਤ ਹੋਇਆ। ਅਗਰ ਇਹ ਅਕਾਲ ਤਖਤ ਵਿਚ, ਹਰਿਮੰਦਰ ਸਾਹਿਬ ਵਿਚ ਅਤਿਵਾਦੀਆਂ ਨੂੰ ਨਾ ਵਾੜਦੇ, ਉਥੇ ਗੁੰਡਿਆਂ ਨੂੰ, ਬਦਮਾਸ਼ਾਂ ਨੂੰ ਨਾ ਵਾੜਦੇ ਤਾਂ ਇਸ ਤਰ੍ਹਾਂ ਨ੍ਹਹੀਂ ਸੀ ਹੋਣਾ। ਉਨ੍ਹਾਂ ਨੂੰ ਉਥੋਂ ਕੱਢਣ ਲਈ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਇਹ ਕਾਰਵਾਈ ਕਰਨੀ ਪਈ। (ਵਿਘਨ)

Chief Minister : Kindly direct the Hon. Member to keep his voice and tongue in tune with what we have been discussing in the House and also tell him what is to be discussed because he is speaking for the first time. He should restrain himself.

ਸ਼੍ਰੀ ਸਭਾਪਤੀ : ਤੁਸੀਂ ਜੋ ਅੰਡਰ ਡਿਸਕਸ਼ਨ ਹੈ, ਉਸ ਉਤੇ ਬੋਲੋ।

ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ: ਅਗਰ ਇਨ੍ਹਾਂ ਨੂੰ ਮੇਰੀ ਟੋਨ ਪਸੰਦ ਨਹੀਂ ਹੈ ਤਾਂ ਆਈ.ਐਮ. ਸਾਰੀ ਫਾਰ ਇਟ । ਪਰ ਫੈਕਟਸ ਆਰ ਕੁਰੈਕਟ ਕਿ ਹੰਝੂਆਂ ਦੇ ਜ਼ਿਮੇਵਾਰ ਅਕਾਲੀ ਹਨ । ਇਸ ਐਕਸ਼ਨ ਤੋਂ ਬਾਅਦ ਅਸੀਂ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਮਿਲੇ ਸੀ। ਉਨ੍ਹਾਂ ਨੇ ਕਿਹਾ "ਕਿ ਜਦੋਂ ਐਕਸ਼ਨ ਮਜਬੂਰੀ ਨਾਲ ਲੈਣਾ ਪਿਆ ਤਾਂ ਮੈਂ ਸਾਰੀ ਰਾਤ ਸੌਂ ਨਹੀਂ ਸਕੀ।"

Original with;
Punjab Vidhan Sabha
Digitized by;
Panjab Digital Library

ਸਰਦਾਰ ਸਰਵਣ ਸਿੰਘ ਫਿਲੌਰ : ਚੇਅਰਮੈਨ ਸਾਹਿਬ, ਉਨ੍ਹਾਂ ਨੇ ਅਨਪਾਰਲੀਮੈਂਟਰੀ ਲਫਜ਼ ਕਹੇ ਹਨ, ਉਨ੍ਹਾਂ ਨੇ ਗੁੰਡੇ, ਬਦਮਾਸ਼ ਕਿਹਾ ਹੈ ਜੋ ਕਿ ਠੀਕ ਨਹੀਂ ਹੈ। ਇਹ ਤੁਸੀਂ ਐਕਸਪੰਜ ਕਰਵਾਓ ਜਾਂ ਉਹ ਵਾਪਸ ਲੈਣ।

ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ : ਜਿਹੜੇ ਅਨਪਾਰਲੀਮੈਂਟਰੀ ਲਫਜ਼ ਹਨ ਉਸ ਲਈ ਮੈਨੂੰ ਬੜਾ ਅਫ਼ਸੋਸ ਹੈ। ਮੈਂ ਇਹ ਵਿਦਡਰਾ ਕਰਦਾ ਹਾਂ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਮੈਂ ਗਵਰਨਰ ਐਡਰੈਸ ਦੇ ਉਤੇ ਕੁਝ ਗੱਲਾਂ ਕਹਿਣ ਵਾਸਤੇ ਖੜ੍ਹਾ ਹੋਇਆ ਹਾਂ । ਚੇਅਰਮੈਨ ਸਾਹਿਬ, ਮੈਂ ਹੈਰਾਨ ਹਾਂ ਜਿਹੜੀ ਟਿਊਨ ਇਥੇ ਬਹਿਸ ਦੀ ਬਿਨਾ ਤੇ ਚੱਲ ਰਹੀ ਹੈ ਅਤੇ ਉਸ ਦੇ ਮੁਤੱਲਕ ਮੈਂ ਅਗਰ ਕਾਂਗਰਸ (ਆਈ) ਦੇ ਮੁਤੱਲਕ ਇਹ ਕਹਾਂ :..

"ਕਾਤਲ ਯਹੀਂ, ਮੁਖਬਰ ਯਹੀਂ, ਮੁਨਸਿਬ ਭੀ ਯਹੀਂ ਥੇ,

ਸਾਰੇ ਮਹਿਫਿਲ ਮੇਂ ਭੀ ਦੇਖੋ ਯਹੀ ਸਰ ਪੀਟ ਰਹੇ ਹੈਂ।

ਇਹ ਭਰਾ ਭਰਾ ਨੂੰ ਲੜਾ ਕੇ ਮੁਰਵਾਉਂਦੇ ਰਹੇ। (ਥੰਪਿੰਗ) ਇਹ ਤੁਹਾਡੀਆਂ ਕਰਤੂਤਾਂ ਤੁਹਾਡੇ ਸਾਹਮਣੇ ਆਉਣੀਆਂ ਹੀ ਸਨ। (ਵਿਘਨ) ਮੈਂ ਤੁਹਾਡੇ ਵਿਚੋਂ ਕਿਸੇ ਨੂੰ ਗੁੰਡਾ ਨਹੀਂ ਆਖਿਆ, ਮੈਂ ਬਦਮਾਸ਼ ਵੀ ਨਹੀਂ ਆਖਿਆ। ਤੁਸੀਂ ਦਰਬਾਰ ਸਾਹਿਬ ਵਿਚ ਬੈਠਿਆਂ ਨੂੰ ਵੀ ਕਿਹਾ ਹੈ ਪਰ ਮੈਂ ਅਸਲ ਬੰਦਿਆਂ ਨੂੰ ਵੀ ਨਹੀਂ ਕਿਹਾ। (ਥੰਪਿੰਗ) (ਵਿਘਨ) ਤੁਸੀਂ ਬੜੇ ਆਰਾਮ ਨਾਲ ਸੁਣੋ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੋ ਕੁਝ ਪੰਜਾਬ ਵਿਚ ਵਾਕਿਆਤ ਹੋਏ ਹਨ ਉਨ੍ਹਾਂ ਦੇ ਮੁਤੱਲਕ ਇਕ ਕਿਤਾਬ ਸਰਕਾਰ ਵਲੋਂ ਛਪਣੀ ਚਾਹੀਦੀ ਹੈ ਅਤੇ ਇਹ ਉਨ੍ਹਾਂ ਰਿਪੋਰਟਾਂ ਤੇ ਆਧਾਰਤ ਹੋਵੇ ਜਿਹੜੀਆਂ ਹਿੰਦੁਸਤਾਨ, ਟਾਈਮਜ਼ ਆਫ ਇੰਡੀਆ, ਇੰਡੀਅਨ ਐਕਸਪਰੈਸ, ਜਨ ਸੱਤਾ ਅਤੇ ਸਾਰੇ ਬਾਕੀ ਹਿੰਦੁਸਤਾਨ ਦੇ ਪ੍ਰੈਸ ਵਿਚ ਛਪੀਆਂ ਸਨ। ਔਰ ਜਿਹੜੀ ਕਿਤਾਬ "ਦੋਸ਼ੀ ਕੌਣ ਹਨ" ਅਤੇ "ਰਿਪੋਰਟ ਟੂ ਦੀ ਨੇਸ਼ਨ" ਜਿਹੜੀਆਂ ਗਵਰਨਰ ਸਾਹਿਬ ਨੇ ਜ਼ਬਤ ਕੀਤੀਆਂ ਹਨ, ਇਹ ਰਿਲੀਜ਼ ਹੋਣੀਆਂ ਚਾਹੀਦੀਆਂ ਹਨ। ਅਸਲੀਅਤ ਲੋਕਾਂ ਦੇ ਸਾਹਮਣੇ ਆਉਣੀ ਚਾਹੀਦੀ ਹੈ ਤਾਂ ਹੀ ਪਤਾ ਲੱਗੇਗਾ ਕਿ ਅਸਲ ਗੁਨਾਹਗਾਰ ਕੌਣ ਹਨ। ਅਸਲ ਗੁਨਾਹਗਾਰ ਇਸ ਹਾਊਸ ਵਿਚ ਬੈਠੇ ਹਨ ਕਾਂਗਰਸ ਦੇ ਏਜੰਟ ਬਣਕੇ। (ਵਿਘਨ) ਇਹ ਇਨ੍ਹਾਂ ਦੀ ਹੀ ਲੜਾਈ ਪਾਈ ਹੋਈ ਹੈ। ਇਸ ਹਾਊਸ ਵਿਚ ਪੰਜਾਬ ਤੇ ਸਾਰੇ ਭਾਰਤ ਵਿਚ ਹੋਏ ਬੇਦੋਸ਼ਿਆਂ ਤੇ ਜ਼ੁਲਮ ਅਤੇ ਹਜ਼ਾਰਾਂ ਘਰਾਂ ਵਿਚੋਂ ਹੰਝੂਆਂ ਤੇ ਹੌਕਿਆਂ ਦੀਆਂ ਆਵਾਜ਼ਾਂ ਨੇ ਦੇਸ਼ ਦੇ ਮਨੁੱਖੀ ਭਾਈਚਾਰੇ 'ਚ ਯਕੀਨ ਰੱਖਣ ਵਾਲੇ ਲੋਕਾਂ ਨੂੰ ਝੰਜੋੜਕੇ ਰੱਖ ਦਿੱਤਾ ਹੈ। ਇਹ ਜਿਹੜੀ ਹੰਝੂਆਂ ਤੇ ਹੌਕਿਆਂ ਦੀ ਗੱਲ ਇਸ ਹਾਊਸ ਵਿਚ ਚਲੀ, ਮੈਂਬਰ ਸਾਹਿਬਾਨ ਨੇ ਦੁਹਰਾਈ ਹੈ, ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਇਹ ਹੰਝੂ ਤੇ ਹੌਕੇ ਕਿਸ ਦੇ ਪੈਦਾ ਕੀਤੇ ਹੋਏ ਹਨ ਤੇ ਕਿਸ ਪਾਰਟੀ ਨੇ ਇਸ ਦਾ ਰਾਜਸੀ ਤੌਰ ਤੇ ਫਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ। ਭਾਵੇਂ ਉਸ ਨੂੰ ਇਹ ਫਾਇਦਾ ਪ੍ਰਾਪਤ ਨਹੀਂ ਹੋਇਆ ਤੇ ਉਹਨਾਂ ਦੇ ਮੁਤੱਲਕ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਇਹ ਕਹਿ ਕੇ ਕਿ ਇਸ ਇਲੈਕਸ਼ਨ ਚ ਅੱਤਵਾਦ ਤੇ ਵੱਖਵਾਦ ਨੂੰ ਸ਼ਿਕੱਸਤ ਹੋਈ ਹੈ। ਮੈਨੂੰ ਖੁਸ਼ੀ ਹੈ ਕਿ ਪੰਜਾਬ ਦੇ ਲੋਕਾਂ ਨੇ ਅਜਿਹਾ ਕੰਮ ਕਰਨ ਵਾਲੇ ਇਨ੍ਹਾਂ ਲੋਕਾਂ ਨੂੰ ਵੋਟ ਨਾ ਦੇ ਕੇ ਉਨ੍ਹਾਂ ਨੂੰ ਹਾਰ ਦਿੱਤੀ ਹੈ। (ਥੰਪਿੰਗ) ਇਹ ਤੁਹਾਨੂੰ (ਕਾਂਗਰਸੀ ਬੈਂਚਾ ਵੱਲ ਇਸ਼ਾਰਾ) ਸਰਟੀਫਿਕੇਟ ਦਿੱਤਾ ਹੈ। ਮੈਂ ਕਹਿੰਦਾ ਹਾਂ ਕਿ ਤੁਸੀਂ ਇਸ ਨੂੰ ਮੜ੍ਹਾ ਕੇ ਆਪਣੇ ਘਰ ਵਿਚ ਰੱਖ ਲਓ ਅਤੇ ਇਸ ਨੂੰ ਹਰ ਰੋਜ਼ ਪੜ੍ਹਿਆ ਕਰੋ। ਤੁਹਾਨੂੰ ਪ੍ਰਮਾਤਮਾ ਇਸ ਨੂੰ ਪੜ੍ਹਨ ਦੀ ਤਾਕਤ ਦੇਵੇ ਅਤੇ ਤੁਸੀਂ ਸੋਚ ਸਕੋ ਕਿ ਤੁਹਾਡੀ ਕਰਨੀ ਦਾ ਫਲ ਤੁਹਾਨੂੰ ਮਿਲ ਗਿਆ ਹੈ। ਤੁਸੀਂ ਜੋ ਇਨਸਾਨੀਅਤ ਦੇ ਖਿਲਾਫ ਐਨਾ ਗੁਨਾਹ ਕੀਤਾ ਹੈ ਉਸ ਦਾ ਇਹ ਨਤੀਜਾ ਹੈ । ਤੁਸੀਂ ਭਰਾ ਭਰਾ ਨੂੰ ਲੜਾਇਆ। ਜਦੋਂ ਪਤਾ ਲੱਗਿਆ ਕਿ ਕੋਈ ਅੱਤਵਾਦੀ ਫੜਿਆ ਗਿਆ ਤਾਂ ਉਸ ਦਾ ਖੁਰਾ ਤੁਹਾਡੇ ਘਰ ਗਿਆ। ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਇਹ ਜਿਹੜੀ ਕਿਤਾਬ ਹੈ ਉਹ ਕਿਸੇ ਸਿੱਖ ਵਿਅਕਤੀ ਦੀ ਲਿਖੀ ਹੋਈ ਨਹੀਂ ਬਲਕਿ ਉਸ ਦੇ ਜਿਹੜੇ ਆਥਰ ਹਨ .....

Original with;
Punjab Vidhan Sabha
Digitized by;
Panjab Digital Library

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਨ੍ਹਾਂ ਨੇ ਕਾਂਗਰਸ ਦੇ ਰੋਲ ਬਾਰੇ ਦੱਸਿਆ ਹੈ ਕਿ ਇਨ੍ਹਾਂ ਨੂੰ ਲੋਕਾਂ ਨੇ ਹਰਾ ਦਿੱਤਾ ਹੈ। ਇਹ ਆਪਣੀ ਜਨਤਾ ਪਾਰਟੀ ਦਾ ਰੋਲ ਵੀ ਦੱਸ ਦੇਣ ਕਿ ਇਕੋ ਇਕ ਨੁਮਾਇੰਦਾ ਇਥੇ ਆਇਆ ਹੈ।

ਸਰਦਾਰ ਕਿਰਪਾਲ ਸਿੰਘ : ਇਨ੍ਹਾਂ ਨੂੰ, ਚੇਅਰਮੈਨ ਸਾਹਿਬ, ਇਹ ਪਤਾ ਹੀ ਨਹੀਂ ਕਿ ਪੁਆਇੰਟ ਆਫ਼ ਆਰਡਰ ਹੁੰਦਾ ਕੀ ਹੈ। ਇਨ੍ਹਾਂ ਦੀ ਤਾਂ ਇਹ ਹਾਲਤ ਹੈ :

"ਜ਼ਫ਼ਾ ਕੇ ਦੌਰ ਮੈਂ ਉਫ਼ ਐ ਸ਼ੁਬਾਬ ਇਨਸਾਨ ਕੀ ਮਜਬੂਰੀ
ਮਸੀਹਾ ਕਹਿ ਦੀਆ ਕਾਤਲ ਕੋ ਹਮ ਨੇ ਡਰ ਕੇ ਕਾਤਲ ਸੇ।"

ਸਚਾਈ ਹਮੇਸ਼ਾਂ ਕੌੜੀ ਲਗਦੀ ਹੈ। ਸੱਚ ਹਮੇਸ਼ਾਂ ਕੌੜਾ ਲਗਦਾ ਹੈ।

"ਲਾਸ਼ੋਂ ਪੇ ਜੋ ਖੜਾ ਥਾ ਅਬੀ ਕੱਲ੍ਹ ਕੀ ਬਾਤ ਹੈ,
ਵੋ ਆਦਮੀ ਕਬੀਲੇ ਕਾ ਸਰਦਾਰ ਬਨ ਗਿਆ।"

ਚੇਅਰਮੈਨ ਸਾਹਿਬ, ਮੈਂ ਕੁਝ ਨਹੀਂ ਸੀ ਕਹਿਣਾ ਚਾਹੁੰਦਾ ਔਰ ਕਈ ਦਿਨ ਮੈਂ ਇਥੇ ਕੋਈ ਹਿੱਸਾ ਨਹੀਂ ਸੀ ਪਾਇਆ। ਇਥੇ ਮੇਰੇ ਵੀਰ ਨੇ ਜੋ ਟਿਊਨ ਵਰਤੀ ਹੈ ਉਸ ਦੇ ਲਈ ਮੈਨੂੰ ਮਜਬੂਰ ਹੋ ਕੇ ਗੱਲ ਕਹਿਣੀ ਪਈ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿੱਚ ਦੋ ਸਰਟੀਫਿਕੇਟ ਤਾਂ ਇਨ੍ਹਾਂ ਨੂੰ ਮਿਲ ਗਏ ਹਨ।

ਤੋ, ਚੇਅਰਮੈਨ ਸਾਹਿਬ, ਮੈਂ ਕਿਤਾਬ ਦੇ ਆਥਰ ਦੀ ਗੱਲ ਕਰ ਰਿਹਾ ਸੀ ਕਿ ਉਹ ਕਿਤਾਬ ਕਿਸੇ ਸਿਖ ਦੀ ਲਿਖੀ ਹੋਈ ਨਹੀਂ ਹੈ। ਇਹ ਜੋ 'ਰਿਪੋਰਟ ਟੂ ਦੀ ਨੇਸ਼ਨ–ਓਪਰੇਸ਼ਨ ਇਨ ਪੰਜਾਬ' ਹੈ ਇਹ ਕਮਪਾਈਲ ਕੀਤੀ ਹੈ ਸਿਟੀਜ਼ਨਜ਼ ਫਾਰ ਡੈਮੋਕਰੇਸੀ ਨੇ। ਜਿਨ੍ਹਾਂ ਨੇ ਇਹ ਲਿਖੀ ਹੈ ਉਸ ਦੇ ਵਿਚ ਸ਼ਾਮਲ ਹਨ ਮਿਸ ਅਮੀਆ ਰਾਓ, ਅਰਬਿੰਦ ਗੋਸ਼, ਸੁਨੀਲ ਭਟਾਚਾਰੀਆ, ਤੇਜਿੰਦਰ ਸਿੰਘ ਆਹੂਜਾ ਔਰ ਸ਼੍ਰੀ ਐਨ.ਡੀ. ਪੰਚੋਲੀ। ਇਸ ਦਾ ਮੁੱਖ ਬੰਧ ਲਿਖਿਆ ਹੈ ਸ਼੍ਰੀ ਵੀ.ਐਮ.ਤਾਰਕੁੰਦੇ ਨੇ ਔਰ ਇਸ ਦੇ ਪ੍ਰਕਾਸ਼ਕ ਹਨ ਸ਼੍ਰੀ ਓਮ ਪ੍ਰਕਾਸ਼ ਗੁਪਤਾ।

ਕੁਝ ਆਵਾਜ਼ਾਂ : ਗੁਪਤਾ ਸਾਹਿਬ ਤਾਂ ਇਥੇ ਬੈਠੇ ਹਨ।

ਸਰਦਾਰ ਕਿਰਪਾਲ ਸਿੰਘ : ਕਈ ਚੰਗੇ ਗੁਪਤੇ ਵੀ ਹਨ। ਮੇਰੇ ਕੁਲੀਗ ਹੀ ਸਿਰਫ ਗੁਪਤਾ ਨਹੀਂ, ਹੋਰ ਸ਼ਰੀਫ਼ ਕਈ ਗੁਪਤੇ ਵੀ ਹਨ।

ਚੇਅਰਮੈਨ ਸਾਹਿਬ, ਜਿਹੜੇ ਇਸ ਦੇ ਆਥਰ ਹਨ ਉਨ੍ਹਾਂ ਨੇ ਹਿੰਦੁਸਤਾਨ ਦੀ ਡੈਮੋਕਰੇਸੀ ਨੂੰ, ਹਿੰਦੁਸਤਾਨ ਦੇ ਸੈਕੂਲੇਰਿਜ਼ਮ ਨੂੰ ਬਚਾਇਆ ਹੈ, ਉਨ੍ਹਾਂ ਨੂੰ ਹਾਊਸ ਪੂਰਾ ਸਤਿਕਾਰ ਦਿੰਦਾ ਹੈ, ਉਨ੍ਹਾਂ ਤੇ ਮਾਣ ਕਰਦਾ ਹੈ। ਲੋਕਾਂ ਦੇ ਗਲਿਆਂ ਵਿੱਚ ਟਾਇਰ ਪਾ ਕੇ ਸਾੜਿਆ ਗਿਆ, ਲੋਕਾਂ ਨੂੰ ਕਈ ਕਿਸਮ ਦੇ ਤਸੀਹੇ ਦਿੱਤੇ ਗਏ, ਇਹ ਉਸ ਦੇ ਬਾਰੇ ਆਵਾਜ਼ ਉਠਾਈ ਗਈ ਹੈ। ਪਰ ਇਥੇ, ਚੇਅਰਮੈਨ ਸਾਹਿਬ, ਹਾਊਸ ਵਿਚ ਉਨ੍ਹਾਂ ਦੇ ਬਾਰੇ ਆਵਾਜ਼ ਉਠਾਉਣ ਦੀ ਥਾਂ, ਅਥਰੂ ਕੇਰਨ ਦੀ ਥਾਂ ਇਥੇ ਮੇਰੇ ਵੀਰਾਂ ਨੇ ਵਾਕ ਆਊਟ ਕੀਤਾ। ਜੇ ਅਸੀਂ ਕਿਸੇ ਦੇ ਮਰੇ ਤੇ ਅਫ਼ਸੋਸ ਦਾ ਇਜ਼ਹਾਰ ਨਹੀਂ ਕਰ ਸਕਦੇ ਤਾਂ ਅਸੀਂ ਇਨਸਾਨ ਕਹਾਉਣ ਦੇ ਕਾਬਲ ਨਹੀਂ ਹੋਵਾਂਗੇ। ਜੇ ਕਿਸੇ ਦੁਸ਼ਮਣ ਦਾ ਵੀ ਪੁੱਤਰ ਮਰ ਜਾਏ, ਉਸ ਦੀ ਮਾਂ, ਪਿਉ ਜਾਂ ਭਾਈ, ਭੈਣ ਮਰ ਜਾਏ ਤਾਂ ਲੋਕੀਂ ਉਸ ਨੂੰ ਵੀ ਅਫ਼ਸੋਸ ਕਰਨ ਲਈ ਜਾਂਦੇ ਹਨ। ਜੇ ਉਸ ਨੂੰ ਅਫ਼ਸੋਸ ਕਰਨ ਕੋਈ ਜਾਂਦਾ ਹੈ ਤਾਂ ਜੇ ਅੱਖਾਂ ਵਿੱਚ ਅੱਥਰੂ ਨਹੀਂ ਵੀ ਹੁੰਦੇ ਤਾਂ ਉਹ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਜੋ ਇਨਸਾਨ ਹੈ ਉਸ ਦੀਆਂ ਅੱਖਾਂ ਵਿਚ ਤਾਂ ਆਪ ਮੁਹਾਰੇ ਹੀ ਅਥਰੂ ਆ ਜਾਂਦੇ ਹਨ ਪਰ ਪਤਾ ਨਹੀਂ ਰੱਬ ਨੇ ਇਨ੍ਹਾਂ ਨੂੰ ਕਿਸ ਤਰ੍ਹਾਂ ਦਾ ਬਣਾਇਆ ਹੈ ਜਦੋਂ ਇਸ ਗਲ ਦਾ ਇਥੇ ਜ਼ਿਕਰ ਆਇਆ ਤਾਂ ਇਹ ਵਾਕ ਆਊਟ ਕਰ ਗਏ ਕਿ ਉਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਤਾਂ ਠੀਕ ਹੀ ਹੋਇਆ ਹੈ ਕਿ ਮਰ ਗਏ। ਕਮਾਲ ਹੈ ਤੁਹਾਡੀ। ਇਸ ਤੋਂ ਵੱਧ ਕੇ ਤੁਹਾਡੇ ਬਾਰੇ ਹੋਰ ਕੀ ਕਿਹਾ ਜਾ ਸਕਦਾ ਹੈ। ਤੁਸੀਂ (ਕਾਂਗਰਸ ਪਾਰਟੀ ਵਲ ਇਸ਼ਾਰਾ) ਕਿਹੜੇ ਕਿਹੜੇ ਗੁਲ ਨਹੀਂ ਖਿਲਾਏ। ਪਾਣੀ ਦੀ ਗੱਲ ਚਲੀ ਤਾਂ ਤੁਸੀਂ ਪਾਣੀ ਤੋਰ ਦਿੱਤਾ । ਵਾਈਟ ਪੇਪਰ ਛਾਇਆ ਕਰ ਦਿੱਤਾ ਕਿ 4.2 ਪਾਣੀ ਲੈ ਲਿਆ, ਫਲਾਣੀ ਗਲ ਕਰ ਲਈ, ਫਲਾਣੀ ਗਲ ਕਰ ਲਈ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਚੀਫ਼ ਮਨਿਸਟਰ ਸਾਹਿਬ ਉਸ ਨੂੰ ਤੁਸੀਂ ਫੌਰੀ ਤੌਰ ਤੇ ਰਿਜੈਕਟ ਕਰੋ। ਕਮਿਸ਼ਨ ਦੇ ਸਾਹਮਣੇ ਕੇਸ ਹੈ, ਉਹ ਕਹੇਗਾ ਕਿ ਤੁਹਾਡੀ ਗੌਰਮਿੰਟ ਨੇ ਪਾਸ ਕੀਤਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਤੁਸੀਂ ਫੌਰੀ ਤੌਰ ਤੇ ਉਸ ਨੂੰ ਰਿਜੈਕਟ ਕਰੋ। ਉਹ ਇਸ ਹਾਊਸ ਦੀ ਬਿਲਕੁਲ ਆਵਾਜ਼ ਨਹੀਂ ਹੈ, ਅਸੀਂ ਉਸ ਨੂੰ ਰਿਜੈਕਟ ਕਰਦੇ ਹਾਂ। (ਥੰਪਿੰਗ) ਅਸੀਂ ਇਸ ਦੇ ਬਾਰੇ ਆਵਾਜ਼ ਬੁਲੰਦ ਕਰਨੀ ਹੈ ਕਿ ਉਹ ਸਾਡੀ ਆਵਾਜ਼ ਬਿਲਕੁਲ ਨਹੀਂ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਜਵਾਬ ਦੇਣ। ਜੋ ਮੈਂ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਹੈ ਉਸ ਦਾ ਤੁਸੀਂ ਜਵਾਬ ਦਿਓ। ਜਿਹੜਾ ਉਨ੍ਹਾਂ ਨੇ ਵਾਈਟ ਪੇਪਰ ਛਾਇਆ ਕੀਤਾ ਸੀ ਕਿ ਉਹ ਵਾਈਟ ਪੇਪਰ ਨਹੀਂ ਕਾਲਾ ਪੇਪਰ ਸੀ, ਸਿਆਹ ਪੇਪਰ ਸੀ, ਉਸ ਨੇ ਪੰਜਾਬ ਤੇ ਇਕ ਕਾਲਾ ਦਾਗ਼ ਲਾ ਦਿੱਤਾ ਹੈ, ਉਸ ਨੇ ਪੰਜਾਬ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਆਵਾਜ਼ ਕੁਰਬਲਾਈਆਂ ਦੀ ਆਵਾਜ਼ ਸੀ। ਇਸ ਲਈ ਉਸ ਦੇ ਮੁਤੱਲਕ ਮੇਰੀ ਬੇਨਤੀ ਹੈ ਕਿ ਅਸਾਨੂੰ ਪੂਰੀ ਆਵਾਜ਼ ਉਠਾਉਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਕਹਿਣ ਵਾਲੀਆਂ ਤਾਂ ਬਹੁਤ ਸਾਰੀਆਂ ਗੱਲਾਂ ਹਨ ਔਰ ਜੇ ਮੈਂ ਸਾਰੀਆਂ ਗੱਲਾਂ ਦਾ ਜ਼ਿਕਰ ਕਰਾਂ ਤਾਂ ਇਸ ਦੇ ਲਈ ਮੈਨੂੰ ਕਾਫੀ ਸਮਾਂ ਲੱਗ ਜਾਵੇਗਾ ਪਰ ਇਤਨਾਂ ਹੀ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਦੇ ਵਿੱਚ ਬੇਕਸੂਰ ਲੋਕਾਂ ਤੇ ਗੋਲੇ ਚਲੇ, ਦਰਬਾਰ ਸਾਹਿਬ ਤੇ ਗੋਲੀ ਚਲੀ । ਆਂਢ ਗੁਆਂਢ ਦੇ ਲੋਕਾਂ ਨੇ ਕੋਈ ਮਿਲਟਰੀ ਨਾਲ ਲੜਾਈ ਨਹੀਂ ਕੀਤੀ । ਉਨ੍ਹਾਂ ਵਿੱਚ ਹਿੰਦੂ ਵੀ ਸਨ, ਸਿੱਖ ਵੀ ਸਨ, ਕੋਈ ਅੱਤਵਾਦੀ ਨਹੀਂ ਸਨ । ਉਨ੍ਹਾਂ ਦੇ ਮਕਾਨ, ਦੁਕਾਨਾਂ, ਤੇ ਹੋਰ ਸਾਮਾਨ ਸਭ ਸੜ ਗਏ, ਉਹ ਲੁੱਟੇ ਗਏ। ਉਸ ਵਕਤ ਕਾਂਗਰਸ (ਆਈ) ਨੇ ਇਨ੍ਹਾਂ ਬੇਦੋਸ਼ੇ ਉਜੜੇ ਲੋਕਾਂ ਵਾਸਤੇ ਕੀ ਕੀਤਾ ? ਉਨ੍ਹਾਂ ਲਈ ਹਮਦਰਦੀ ਵਾਸਤੇ ਕੀ ਕੀਤਾ, ਕੁਝ ਨਹੀਂ ਕੀਤਾ। ਫੋਕੀ ਹਮਦਰਦੀ ਵਾਸਤੇ ਮੂੰਹੋ ਇਕ ਲਫਜ਼ ਵੀ ਨਹੀਂ ਕਢਿਆ। ਜਦੋਂ ਉਥੇ ਇਤਨਾ ਕੁਝ ਹੋਇਆ, ਮੇਰੇ ਇਹ ਦੋਸਤ ਕਿੱਥੇ ਬੈਠੇ ਸਨ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ 14 ਸਤੰਬਰ ਨੂੰ ਇੰਦਰਾ ਗਾਂਧੀ ਜੀ ਨੂੰ ਮਿਲਿਆ ਸੀ ਤਾਂ ਉਨ੍ਹਾਂ ਨੇ ਮੈਨੂੰ ਕਿਹਾ ਕਿ ਸਰਦਾਰ ਸਾਹਿਬ ਦੇਖੋ ਕਿ ਸਵਰਨ ਮੰਦਰ ਮੇਂ ਧਾਰਮਿਕ ਜਗ੍ਹਾ ਪਰ ਸ਼ਸਤਰ ਤੋ ਨਹੀਂ ਜਾਨੇ ਚਾਹੀਏ। ਮੈਨੇ ਕਹਾਂ ਕਿ ਅਬ ਤੋਂ ਪਾਂਚ ਸਿੰਘ ਸਾਹਿਬਾਨ ਨੇ ਭੀ ਹੁਕਮ ਕਰ ਦੀਆ ਹੈ ਕਿ ਨਹੀਂ ਜਾਨੇ ਚਾਹੀਏ। ਲੇਕਿਨ ਲੋਗ ਹਮ ਸੇ ਯਹ ਕਹਿਤੇ ਹੈਂ ਕਿ ਮੈਡਮ ਸੇ ਪੂਛੋ ਕਿ ਵੋ ਤੋ ਨਹੀਂ ਭੇਜੇਗੀ ਤੋ ਉਨੋਂ ਨੇ ਕਹਾ ਕਿ ਮੈਂ ਕੈਸੇ ਭੇਜ ਸਕਤੀ ਹੂੰ । ਮੈਨੇ ਉਨ ਕੋ ਹਾਲਾਤ ਸੇ ਅਗਾਹ ਕੀਆ ਔਰ ਬਤਾਇਆ ਕਿ ਸੂਰੀਆ ਰਸਾਲੇ ਮੇਂ ਆਪ ਕੀ ਬਨਾਈ ਹੂਈ ਥਰਡ ਏਜੰਸੀ ਕੀ ਬਾਤ ਛੱਪੀ ਹੈ। ਅਖਬਾਰੋਂ ਮੇਂ ਯੇਹ ਖਬਰ ਭੀ ਆਤੀ ਰਹੀ ਕਿ ਸੇਵਾ ਕੇ ਟਰੱਕੋ ਮੇਂ ਅਸਲਾ ਦਰਬਾਰ ਸਾਹਿਬ ਕੇ ਅੰਦਰ ਜਾ ਰਹਾ ਹੈ ਤੋ ਪੂਛਨੇ ਪਰ ਆਪ ਕੇ ਆਈ. ਜੀ. ਨੇ ਕਹਾ ਥਾ ਕਿ ਸੇਵਾ ਕੇ ਟਰੱਕੋਂ ਕੀ ਤਲਾਸ਼ੀ ਲੇਨੇ ਕਾ ਦਿੱਲੀ ਕੀ ਤਰਫ਼ ਸੇ ਹਮੇਂ ਹੁਕਮ ਨਹੀਂ ਹੈ । ਆਪ ਇਨ ਹਾਲਾਤ ਪਰ ਰੋਸ਼ਨੀ ਡਾਲੇਂਗੇ ਕਿ ਆਪ ਕਿਆ ਕਹਿਨਾ ਚਾਹਤੇ ਹੈਂ। ਇਹ ਇੰਦਰਾ ਗਾਂਧੀ ਜੀ ਦੇ ਲਫਜ਼ ਸਨ ਜੋ 14 ਸਤੰਬਰ ਨੂੰ ਉਨ੍ਹਾਂ ਨੇ ਕਹੇ ਸਨ। ਮੇਰੇ ਨਾਲ ਪੰਜ ਆਦਮੀ ਹੋਰ ਵੀ ਸਨ, ਉਨ੍ਹਾਂ ਦੇ ਸਾਹਮਣੇ ਉਨ੍ਹਾਂ ਨੇ ਕਿਹਾ ਸੀ ਕਿ ਇਸ ਮੇ ਮੇਰੀ ਔਰ ਹਮਾਰੇ ਆਦਮੀ ਕੀ ਗਲਤੀ ਹੈ। ਹਿੰਦੁਸਤਾਨ ਵਿੱਚ ਜੋ ਕੁਝ ਹੋਇਆ, ਪੰਜਾਬ ਵਿੱਚ ਜੋ ਕੁਝ ਹੋਇਆ, ਉਹ ਕਿਸ ਨੇ ਕਰਵਾਇਆ। ਇਹ ਗੱਲ ਨੰਗੀ ਹੋ ਕੇ ਹੁਣ ਸਭ ਦੇ ਸਾਹਮਣੇ ਆ ਗਈ ਹੈ। ਹੁਣ ਇਹ ਸਾਰੀਆਂ ਕਿਤਾਬਾਂ ਵਿੱਚ ਨੰਗੇ ਹੋ ਗਏ ਹਨ। ਤੁਸੀਂ ਵੀ ਪੰਜਾਬ ਸਰਕਾਰ ਵਲੋਂ ਇਕ ਕਿਤਾਬ

Original with;
Punjab Vidhan Sabha
Digitized by;
Panjab Digital Library

ਛਾਇਆ ਕਰ ਦਿਓ, ਜਿਸ ਦੇ ਵਿੱਚ ਸਾਰੀ ਗੱਲ ਦਾ ਨਿਸਤਾਰਾ ਕਰ ਦਿਓ। ਕਾਂਗਰਸ (ਆਈ) ਵਰਗੀਆਂ ਰਚੀਆਂ ਸਾਜ਼ਸ਼ਾਂ ਅਤੇ ਸਕੀਮਾਂ ਨੇ ਦੇਸ਼ ਭਰ ਵਿੱਚ ਸਿੱਖ ਸਰੂਪ ਨੂੰ ਦੇਸ਼ ਦੇ ਗਦਾਰਾਂ ਦੇ ਰੂਪ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਚੇਅਰਮੈਨ ਸਾਹਿਬ, ਇਹ ਉਹ ਲੋਕ ਸਨ ਜਿਹੜੇ ਪਾਕਿਸਤਾਨ ਬਣਨ ਤੋਂ ਬਾਅਦ ਵੈਸਟ ਪਾਕਿਸਤਾਨ ਤੋਂ ਲੁੱਟੇ ਪੁੱਟੇ, ਜਲੇ ਕਟੇ ਕਾਫ਼ਲਿਆਂ ਦੀ ਸ਼ਕਲ ਵਿੱਚ ਭਾਰਤ ਵਿੱਚ ਦਾਖ਼ਲ ਹੋਏ ਅਤੇ ਭਾਰਤ ਦੇ ਕੋਨੇ ਕੋਨੇ ਵਿੱਚ ਫੈਲ ਗਏ। ਹਰ ਜਗ੍ਹਾ ਇਨ੍ਹਾਂ ਨੇ ਆਪਣਾ ਕਾਰੋਬਾਰ ਅਤੇ ਇੰਡਸਟਰੀ ਲਗਾਈ ਤੇ ਉਸੇ ਹੀ ਜਗ੍ਹਾ ਨੂੰ, ਭਾਵੇਂ ਉਹ ਯੂ. ਪੀ. ਸੀ, ਮਹਾਰਾਸ਼ਟਰ ਸੀ, ਉੜੀਸਾ ਸੀ, ਬੰਗਾਲ ਸੀ ਜਾਂ ਭਾਰਤ ਦੀ ਕੋਈ ਵੀ ਜਗ੍ਹਾ ਸੀ, ਉਸ ਨੂੰ ਆਪਣਾ ਘਰ ਸਮਝਿਆ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਉਜਾੜਨ ਵਾਲਿਆਂ ਨੇ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਇਹ ਤੁਹਾਡਾ ਦੇਸ਼ ਨਹੀਂ ਹੈ। ਪਰ ਉਜੜਨ ਵਾਲਿਆਂ ਨੇ ਉਨ੍ਹਾਂ ਹੀ ਥਾਵਾਂ ਤੇ ਫਿਰ ਉਸਾਰੀਆਂ ਸ਼ੁਰੂ ਕਰ ਦਿੱਤੀਆਂ। ਐਸੇ ਦੇਸ਼ ਭਗਤਾਂ ਨੂੰ ਦੇਸ਼ ਦੇ ਗਦਾਰ ਸਾਬਤ ਕਰਨ ਦੀ ਕੋਸ਼ਿਸ਼ ਕਰਨਾ ਇਨ੍ਹਾਂ ਹੀ ਅਖਾਉਤੀ ਦੇਸ਼ ਭਗਤਾਂ ਦੀ ਭਲਮਾਣਸੀ ਦਾ ਨਮੂਨਾ ਹੈ। ਉਜੜਨ ਵਾਲਿਆਂ ਨੇ ਦੇਸ਼ ਚੋਂ ਨਿਕਲਣਾ ਨਹੀਂ ਮੰਨਿਆ ਅਤੇ ਆਪਣੇ ਅਮਲ ਨਾਲ ਸਾਬਤ ਕਰ ਦਿੱਤਾ ਹੈ ਕਿ :—

"ਨਸ਼ੇਮਨ ਪਰ ਨਸ਼ੇਮਨ ਇਹ ਕਰ ਤਾਮੀਰ ਕਰਤਾ ਜਾ,
ਕਿ ਬਿਜਲੀ ਗਿਰਤੇ ਗਿਰਤੇ ਆਪ ਖੁਦ ਬੇਜ਼ਾਰ ਹੋ ਜਾਏ।"

ਤੁਸੀਂ (ਕਾਂਗਰਸ ਪਾਰਟੀ ਵਲ ਇਸ਼ਾਰਾ) ਇਨ੍ਹਾਂ ਨੂੰ ਢਾਹੀ ਜਾਓ, ਅਸੀਂ ਬਣਾਉਂਦੇ ਜਾਵਾਂਗੇ। ਇਹ ਦੇਸ਼ ਸਾਡਾ ਹੈ, ਹੋਰ ਕਿਸੇ ਦਾ ਨਹੀਂ। ਇਸ ਦੇ ਵਿੱਚ ਕਿਸੇ ਹਿੰਦੂ ਦਾ ਕਸੂਰ ਨਹੀਂ, ਕਿਸੇ ਹੋਰ ਦਾ ਵੀ ਕਸੂਰ ਨਹੀਂ, ਤੁਸੀਂ ਫਿਰਕਾ ਪ੍ਰਸਤੀ ਦੀ ਗੱਲ ਕਰਦੇ ਹੋ। ਤੁਸੀਂ ਫਿਰਕਾਪ੍ਰਸਤੀ ਦੀਆਂ ਗੱਲਾਂ ਆਪ ਕੀਤੀਆਂ ਹਨ। ਜਦੋਂ ਵੋਟਾਂ ਲੈਣ ਪੰਜਾਬ ਵਿੱਚ ਲੋਕਾਂ ਪਾਸ ਗਏ ਤਾਂ ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਲੋਕਾਂ ਨੂੰ ਜਾ ਜਾ ਕੇ ਕਿਹਾ ਕਿ ਜੇ ਤੂੰ ਪੰਜਾਬ ਵਿੱਚ ਰਹਿਣਾ ਚਾਹੁੰਦਾ ਹੈ ਤਾਂ ਵੋਟ ਸਾਨੂੰ ਦੇਹ। ਜੇ ਸਾਨੂੰ ਵੋਟਾਂ ਨਹੀਂ ਦਿਉਗੇ ਤਾਂ ਆਪਣਾ ਬਿਸਤਰਾ ਫਿਰ ਗੋਲ ਕਰ ਲਓ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਲੈਕਸ਼ਨਾਂ ਵਿੱਚ ਇਹ ਤਾਂ ਇਨ੍ਹਾਂ ਦਾ ਨਾਅਰਾ ਸੀ। ਇਸ ਗੱਲ ਦੇ ਸਾਡੇ ਪਾਸ ਸਬੂਤ ਹਨ। ਅਸੀਂ ਨਾਮ ਲੈ ਲੈ ਕੇ ਦੱਸ ਸਕਦੇ ਹਾਂ ਕਿ ਇਨ੍ਹਾਂ ਨੇ ਕਿਸ ਕਿਸ ਨੂੰ ਕੀ ਕੀ ਗੱਲ ਕਹੀ। ਇਨ੍ਹਾਂ ਨੂੰ ਖੁਦ ਦੇਖਣਾ ਚਾਹੀਦਾ ਹੈ ਕਿ ਸਾਨੂੰ ਕੀ ਕਹਿਣਾ ਚਾਹੀਦਾਹੈ ਤੇ ਕੀ ਨਹੀਂ ਕਹਿਣਾ ਚਾਹੀਦਾ। ਅੰਮ੍ਰਿਤਸਰ ਲਈ ਸਪੈਸ਼ਲ ਇਨਸੈਂਟਿਵ ਦੀ ਗੱਲ ਪ੍ਰਧਾਨ ਮੰਤਰੀ ਜੀ ਨੇ ਕੀਤੀ ਸੀ ਕਿ ਇਹ 10 ਫੀ ਸਦੀ ਦੇਣਾ ਹੈ। ਹੁਣ ਸਰਦਾਰ ਸਾਹਿਬ ਇਹ ਤੁਹਾਡੀ ਗੌਰਮਿੰਟ ਹੈ ਕਿ ਉਹ ਕਿਸ ਤਰ੍ਹਾਂ ਕਰਦੀ ਹੈ। ਅੱਗੇ 15 ਫੀ ਸਦੀ ਇਨਸੈਂਟਿਵ ਇੰਡਸਟਰੀਜ਼ ਨੂੰ ਮਿਲਦਾ ਹੈ ਅੌਰ ਇਹ 10 ਫੀ ਸਦੀ ਨਾਲ 25 ਫੀ ਸਦੀ ਮਿਲਣਾ ਚਾਹੀਦਾ ਹੈ। ਕਿਉਂਕਿ 10 ਫੀ ਸਦੀ ਇਨਸੈਂਟਿਵ ਦਾ ਐਲਾਨ ਪ੍ਰਧਾਨ ਮੰਤਰੀ ਜੀ ਨੇ ਕੀਤਾ ਹੈ। ਇਸ ਵਕਤ ਪੰਜਾਬ ਵਿੱਚ ਇਕ ਲੱਖ ਤੋਂ ਵੱਧ ਇੰਡਸਟਰੀਅਲ ਯੂਨਿਟਸ ਹਨ ਅੌਰ ਸਾਰਿਆਂ ਨੂੰ ਲੋਹਾ ਮਿਲਦਾ ਹੈ। ਸਾਰੇ ਹਿੰਦੁਸਤਾਨ ਦਾ ਸਿਸਟਮ ਹੈ ਕਿ ਇਹ ਲੋਹਾ ਐਫ. ਓ. ਆਰ. ਮਿਲਦਾ ਹੀ ਹੁਣ ਹੈ। ਹੁਣ ਇਹ ਸਿਸਟਮ ਬਦਲ ਰਿਹਾ ਹੈ ਤੇ ਡੈਸਟੀਨੇਸ਼ਨ ਤੇ ਨਹੀਂ ਮਿਲੇਗਾ। ਪੰਜਾਬ ਵਿੱਚ ਅੰਮ੍ਰਿਤਸਰ, ਫਗਵਾੜਾ, ਲੁਧਿਆਣਾ, ਗੁਰਾਇਆ, ਬਟਾਲਾ, ਜਲੰਧਰ ਅੰਤੇ ਮੰਡੀ ਗੋਬਿੰਦਗੜ੍ਹ ਸਾਰਿਆਂ ਨੂੰ ਮੁਸੀਬਤ ਹੋਵੇਗੀ। ਇਨ੍ਹਾਂ ਨੂੰ ਇਸ ਤਰ੍ਹਾਂ ਵੱਧ ਭਾਅ ਤੇ ਕੱਚਾ ਲੋਹਾ ਮਿਲੇਗਾ। ਮੌਜੂਦਾ ਸਿਸਟਮ ਨਹੀਂ ਬਦਲਣਾ ਚਾਹੀਦਾ ਅਤੇ ਇਹ ਐਫ. ਓ. ਆਰ. ਸਿਸਟਮ ਠੀਕ ਹੈ ਤੇ ਮੁਨਾਸਿਬ ਹੈ। ਜਿਹੜਾ ਹੁਣ ਤੱਕ ਇੰਡਸਟਰੀਜ਼ ਦੇ ਮੁਤਲਕ ਫਰੋਕ ਦਿੱਤਾ ਗਿਆ ਹੈ, ਉਸ ਨੂੰ ਸਾਰਾ ਪੰਜਾਬ ਹੀ ਜਾਣਦਾ ਹੈ। ਲਾਲ ਫੀਤਾ ਸ਼ਾਹੀ ਤੇ ਬਿਜਲੀ ਦੀ ਹਾਸੋਹੀਣੀ ਸਪਲਾਈ, ਵੱਡੀ ਇੰਡਸਟਰੀਜ਼ ਲਗਾਉਣ ਤੋਂ ਸਰਕਾਰ ਦਾ ਗੁਰੇਜ਼—ਪੰਜਾਬ ਦੀ ਇੰਡਸਟਰੀਜ਼ ਦੀ ਤਰੱਕੀ ਦੀਆਂ ਇਹੋ ਹੀ ਵੱਡੀਆਂ ਦਲੀਲਾਂ ਹਨ। ਹੁਣ ਜੇ ਕੋਚ ਫੈਕਟਰੀ ਲਗਾਉਣ ਦਾ ਮਨਸੂਬਾ ਬਣਾ ਕੇ, ਜੋ ਬੜਾ ਵੱਡਾ ਪੰਜਾਬ ਤੇ ਅਸਾਨ ਜਿਤਾਇਆ ਜਾ ਰਿਹਾ ਹੈ, ਉਸ ਨੂੰ ਚਲਾਉਣ ਲਈ ਬਿਜਲੀ ਦਾ ਕੋਈ ਉਚੇਚਾ ਇੰਤਜ਼ਾਮ ਨਾ ਕਰਨਾ, ਪੰਜਾਬ ਦੇ ਹਨੇਰੇ ਨੂੰ ਹੋਰ 4 ਘੰਟੇ ਵਧਾਉਣ ਵਾਲੀ ਗਲ ਹੋਵੇਗੀ।

Original with;
Punjab Vidhan Sabha
Digitized by;
Panj

[ਸਰਦਾਰ ਕਿਰਪਾਲ ਸਿੰਘ]

ਗੱਲ ਹੁੰਦੀ ਹੈ ਐਫ. ਸੀ. ਆਈ. ਦੀ ਤੇ ਇਸ ਦੇ ਨਾਲ ਹੀ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦਾ ਚੇਤਾ ਆ ਜਾਂਦਾ ਹੈ। ਉਹ ਰੈਜ਼ੋਲਿਊਸ਼ਨ ਜਿਸ ਦਾ ਸਾਰੇ ਹਿੰਦੁਸਤਾਨ ਵਿੱਚ ਵੱਖਵਾਦੀ ਹੋਣ ਦਾ ਪ੍ਰਚਾਰ ਕੀਤਾ ਗਿਆ ਹੈ ਅਤੇ ਜਿਸ ਨੂੰ ਹੁਣੇ ਹੀ ਪ੍ਰਧਾਨ ਮੰਤਰੀ ਨੇ ਸਰਕਾਰੀਆ ਕਮਿਸ਼ਨ ਵੱਲ ਰੈਫਰ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਅਗਰ ਐਫ. ਸੀ. ਆਈ. ਕਣਕ ਜਾਂ ਝੋਨਾ ਨਹੀਂ ਖਰੀਦ ਸਕੇਗੀ ਤਾਂ ਫਿਰ ਕੌਣ ਖਰੀਦੇਗਾ ? ਕਿਉਂ ਕਿ ਸਾਡੇ ਕੋਲ ਇਸ ਨੂੰ ਵੇਚਣ ਦੇ ਅਧਿਕਾਰ ਕੋਈ ਨਹੀਂ ਅਤੇ ਨਾ ਹੀ ਆਪਣੀ ਉਪਜ ਵਾਸਤੇ ਕੋਈ ਇੰਡਸਟਰੀਜ਼ ਲਗਾ ਸਕਦੇ ਹਾਂ। ਕੀ ਕੋਈ ਸੁਬਾਈ ਕੰਮ ਨਹੀਂ ਹੋ ਸਕਦਾ ? ਨਹੀਂ ਹੋ ਸਕਦਾ, ਕਿਉਂਕਿ ਕੋਈ ਸੁਬਾਈ ਅਖਤਿਆਰ ਨਹੀਂ ਵਧਾਏ, ਅਗਰ ਵਧਾਉਂਦੇ ਤਾਂ ਹੋ ਸਕਦਾ ਸੀ। ਮੈਂ ਕਹਿੰਦਾ ਹਾਂ ਕਿ ਹੁਣ ਕੋਈ ਸਕੀਮ ਚਾਲੂ ਹੋ ਜਾਵੇ। ਡਰਾਇਰ ਲਾਉਣੇ ਚਾਹੀਦੇ ਹਨ ਤਾਕਿ ਕਿਸਾਨ ਆਪਣੀ ਫਸਲ ਸੁਕਾ ਕੇ ਰੱਖ ਸਕਣ ਅਤੇ ਐਫ. ਸੀ. ਆਈ. ਦੇ ਤਰਲੇ ਨਾ ਕਰਨੇ ਪੈਣ। ਅਗਰ ਇਹ ਸਕੀਮ ਚਾਲੂ ਕੀਤੀ ਜਾਵੇ ਤਾਂ ਮੈਂ ਇਹ ਸਮਝਦਾ ਹਾਂ ਕਿ ਕੁਝ ਰਿਲੀਫ ਮਿਲ ਸਕਦਾ ਹੈ । ਹੁਣ ਸਾਰੇ ਸ਼ੈਲਰਜ਼ ਵਾਲਿਆਂ ਨੇ ਹੜਤਾਲ ਕੀਤੀ ਹੋਈ ਹੈ। ਉਨ੍ਹਾਂ ਦਾ ਚਾਵਲ ਕੋਈ ਨਹੀਂ ਚੁੱਕਦਾ। ਪਹਿਲਾਂ ਝੋਨੇ ਦੀ ਗਲ ਸੀ, ਹੁਣ ਚਾਵਲਾਂ ਦੀ ਗੱਲ ਆ ਗਈ ਹੈ। ਉਹ ਚੁੱਕਦੇ ਨਹੀਂ, ਹੋਰ ਕਿਸੇ ਵਿੱਚ ਖਰੀਦ ਕਪੈਸਿਟੀ ਨਹੀਂ ਅਤੇ ਨਾ ਹੀ ਕਿਸੇ ਹੋਰ ਨੂੰ ਉਹ ਵੇਚ ਸਕਦੇ ਹਨ। ਇਹ ਸਾਡਾ ਸਬਜੈਕਟ ਨਹੀਂ, ਇਹ ਸੈਂਟਰ ਦਾ ਸਬਜੈਕਟ ਹੈ। ਅਗਰ ਅਸੀਂ ਆਪਣੇ ਕੰਮ ਨੂੰ ਚੇਂਜ ਕਰਨਾ ਚਾਹੁੰਦੇ ਹਾਂ ਤਾਂ ਇੰਡਸਟਰੀ ਲਈ ਜਿਹੜਾ ਲਾਇਸੰਸ ਹੈ, ਉਹ ਸੈਂਟਰ ਕੋਲ ਹੈ : ਸਾਨੂੰ ਉਨ੍ਹਾਂ ਦੇ ਤਰਲੇ ਕਰਨੇ ਪੈਂਦੇ ਹਨ। ਮੈਂ ਤੁਹਾਨੂੰ ਖਬਰਦਾਰ ਕਰਨਾ ਚਾਹੁੰਦਾ ਹਾਂ ਕਿ ਮੈਂ ਅਸੈਂਬਲੀ ਕੈਨਟੀਨ ਵਿਚ ਕਾਂਗਰਸ (ਆਈ) ਦੇ ਮੈਂਬਰਾਂ ਨੂੰ ਇਹ ਕਹਿੰਦਿਆਂ ਸੁਣਿਆ ਕਿ ਸਾਡਾ ਤੁਹਾਡਾ ਫਰੈਂਡਲੀ ਮੈਚ ਹੈ। ਸਾਡੇ ਲੋਕਾਂ ਦਾ ਹਾਈ ਕਮਾਂਡ ਇਕੋ ਹੀ ਹੈ। ਚੀਫ ਮਨਿਸਟਰ ਸਾਹਿਬ, ਮੈਂ ਤੁਹਾਨੂੰ ਅਤੇ ਤੁਹਾਡੀ ਪਾਰਟੀ ਨੂੰ ਖੁਲ੍ਹੇਆਮ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਕਾਂਗਰਸੀਆਂ ਦੀ ਇਹ ਗੱਲ ਠੀਕ ਹੈ ਤਾਂ ਤੁਸੀਂ ਤੇ ਤੁਹਾਡੀ ਪਾਰਟੀ ਬਿਲਕੁਲ ਨਹੀਂ ਬਚਣਗੇ। ਅਗਰ ਇਹ ਫਰੈਂਡਲੀ ਮੈਚ ਨਹੀਂ ਤਾਂ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਨੂੰ ਬਚਾਉਣਾ ਚਾਹੀਦਾ ਹੈ ਅਤੇ ਅਕਾਲੀ ਦੱਲ ਦੇ ਮੈਂਬਰਾਂ ਨੂੰ ਇਸ ਗੱਲ ਦਾ ਚੇਤਾ ਰੱਖਣਾ ਚਾਹੀਦਾ ਹੈ ਕਿ ਉਹ ਘੱਟੋ ਘੱਟ ਦੋ ਦੋ ਸੌ ਸ਼ਹੀਦਾਂ ਦੇ ਸਦਕਾ ਅੱਜ ਅਸੈਂਬਲੀ ਵਿੱਚ ਬੈਠੇ ਹੋਏ ਹਨ। ਇਹ ਫਰੈਂਡਲੀ ਮੈਚ ਦਾ ਨਾਅਰਾ ਅਕਾਲੀਆਂ ਨੂੰ ਮਾਰਨ ਵਾਸਤੇ ਘੜਿਆ ਗਿਆ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਦੇ ਕਿਸੇ ਨਤੀਜੇ ਤੋਂ ਜਾਂ ਕਿਸੇ ਗੱਲ ਤੋਂ ਇਹ ਜ਼ਾਹਰ ਨਹੀਂ ਹੋਣਾ ਚਾਹੀਦਾ ਕਿ ਇਹ ਫਰੈਂਡਲੀ ਮੈਚ ਹੈ। ਕਾਂਗਰਸ (ਆਈ) ਵਾਲਿਆਂ ਨੇ ਜੋ ਕੁਝ ਕੀਤਾ ਹੈ ਉਹ ਬਹੁਤ ਬੁਰਾ ਹੈ ਜਿਸ ਦਾ ਕੋਈ ਇਲਾਜ ਨਹੀਂ ਹੋ ਸਕਦਾ। ਅਕਾਲੀ ਦਲ ਨੇ ਫੌਜੀਆਂ ਨੂੰ ਬਚਾਉਣ ਦਾ ਵਾਇਦਾ ਆਪਣੇ ਮੈਨੀਫੈਸਟੋ ਵਿੱਚ ਕੀਤਾ ਹੈ। ਮੈਂ ਇਸ ਹਾਊਸ ਨੂੰ ਬਲਿਊ ਸਟਾਰ ਓਪਰੇਸ਼ਨ ਤੋਂ ਗੁੱਸੇ ਹੋ ਕੇ ਬੈਰਕਾਂ ਛੱਡਣ ਵਾਲੇ ਫੌਜੀਆਂ ਦਾ ਇਕ ਸੱਚਾ ਵਾਕਿਆ ਦਸਣਾ ਚਾਹੁੰਦਾ ਹਾਂ ਜੋ ਸਾਨੂੰ ਸ਼੍ਰੀ ਓਮ ਪ੍ਰਕਾਸ਼ ਸ਼੍ਰੀਵਾਸਤਵਾ ਜੌਨਪੁਰ ਵਾਲਿਆਂ ਨੇ ਜਨਤਾ ਪਾਰਟੀ ਦੇ ਨੈਸ਼ਨਲ ਕੈਂਪ ਵਿੱਚ ਜਾਂਦਿਆਂ ਹੋਇਆਂ ਦਿੱਲੀ ਅਤੇ ਬੰਗਲੌਰ ਦੇ ਰਸਤੇ ਦਰਮਿਆਨ ਸੁਣਾਇਆ। ਸ਼੍ਰੀ ਓਮ ਪ੍ਰਕਾਸ਼ ਸ਼੍ਰੀ ਵਾਸਤਵਾ ਜਨਤਾ ਪਾਰਟੀ ਦੀ ਨੈਸ਼ਨਲ ਐਗਜ਼ੈਕਟਿਵ ਦੇ ਮੈਂਬਰ ਹਨ। ਉਹਨਾਂ ਦਸਿਆ ਕਿ ਰਾਮਗੜ੍ਹ ਛਾਉਣੀ ਤੋਂ ਭਗੋੜਾ ਹੋਏ ਚਾਰ ਸਿੱਖ ਫੌਜੀ ਜੌਨਪੁਰ ਦੇ ਲੋਕਾਂ ਨੇ ਪੁਲ ਦੇ ਥਲੇ ਦੇਖੇ ਅਤੇ ਉਨ੍ਹਾਂ ਤੇ ਪਥਰਾਓ ਸ਼ੁਰੂ ਕਰ ਦਿੱਤਾ। ਉਨ੍ਹਾਂ ਫੌਜੀਆਂ ਨੇ ਹਥਿਆਰ ਚੁਕ ਚੁਕ ਕੇ ਲੋਕਾਂ ਨੂੰ ਕਿਹਾ ਕਿ ਉਹ ਆਪਣੀ ਛਾਉਣੀ ਚੋਂ ਅਰਦਾਸ ਕਰਕੇ ਨਿਕਲੇ ਹਨ ਕਿ ਉਹਨਾਂ ਕਿਸੇ ਸ਼ਹਿਰੀ ਤੇ ਗੋਲੀ ਨਹੀਂ ਚਲਾਉਣੀ ਅਤੇ ਉਨ੍ਹਾਂ ਅੰਮ੍ਰਿਤਸਰ ਜਾ ਕੇ ਦਰਬਾਰ ਸਾਹਿਬ ਤੇ ਹਮਲਾ ਕਰਨ ਵਾਲਿਆਂ ਨਾਲ ਦੋ ਹੱਥ ਕਰਨੇ ਹਨ। ਪਰ ਲੋਕ ਪੱਥਰ ਮਾਰਨੋਂ ਨਾ ਮੁੜੇ ਤੇ ਚਾਰੇ ਹੀ ਫੌਜੀ ਇਕ ਵੀ ਗੋਲੀ ਚਲਾਇਆਂ ਬਗੈਰ ਮੌਕੇ ਤੇ ਹੀ ਮਰ ਗਏ। ਜਦੋਂ ਕਿ ਉਨ੍ਹਾਂ ਦੇ ਨਾਲ ਦੇ ਪੰਜ ਫੌਜੀ ਫੌਜ ਦੇ ਘੇਰੇ ਵਿਚੋਂ ਤਿੰਨਾਂ ਘੰਟਿਆਂ ਤੋਂ ਵੱਧ ਲੜਾਈ ਕਰਦੇ ਸੁਣੇ ਗਏ। ਐਸੇ ਇਖਲਾਕ ਵਾਲੇ ਫੌਜੀਆਂ ਨੂੰ ਦੇਸ਼ ਦੇ

Original with;
Punjab Vidhan Sabha
Digitized by;
Panjab Digital Library

ਦੁਸ਼ਮਣ ਕਹਿਣਾ ਕਿਸੇ ਤਰ੍ਹਾਂ ਵੀ ਇਨਸਾਫ ਨਹੀਂ। ਜਿਸ ਗੁਰੂ ਦੀ ਕਸਮ ਖੁਆ ਕੇ ਦੇਸ਼ ਦੀ ਵਫਾਦਾਰੀ ਦਾ ਪ੍ਰਣ ਲਿਆ ਜਾਂਦਾ ਹੈ ਉਸ ਦੀ ਬੇਹੁਰਮਤੀ ਅਤੇ ਗੁੱਸੇ ਨੂੰ ਗਦਾਰੀ ਕਹਿਣਾ ਬਹੁਤ ਗਲਤ ਬਾਤ ਹੈ। ਉਨ੍ਹਾਂ ਨੇ ਦੇਸ਼ ਦੇ ਵਿਰੁਧ ਕੋਈ ਐਸੀ ਗਲ ਨਹੀਂ ਕੀਤੀ ਕਿ ਉਨ੍ਹਾਂ ਵਾਸਤੇ ਸਾਡੇ ਦਿਲਾਂ ਵਿੱਚ ਹਮਦਰਦੀ ਦੀ ਭਾਵਨਾ ਨਾ ਹੋਵੇ। ਉਨ੍ਹਾਂ ਨੇ ਦੇਸ਼ ਭਗਤੀ ਦਾ ਸਬੂਤ ਦਿਤਾ ਤੇ ਇਨ੍ਹਾਂ ਦੀ ਇਹ ਵਿੰਡਿਕਟਿਵਨੈਸ ਹੈ। ਮੈਂ ਕਹਾਂਗਾ ਕਿ ਉਨ੍ਹਾਂ ਨੂੰ ਵਸਾਉਣ ਲਈ ਪੂਰਾ ਪੂਰਾ ਜ਼ੋਰ ਲਗਾਉਣਾ ਚਾਹੀਦਾ ਹੈ। ਇਥੇ ਰੋਜ਼ ਇਨਕੁਆਇਰੀ ਕਮਿਸ਼ਨ ਦੀ ਗਲ ਚਲਦੀ ਹੈ। ਮੈਂ ਦਸਦਾ ਹਾਂ ਕਿ ਇਕ ਜਗਬੀਰ ਸਿੰਘ ਲੋਪੋਕੇ ਦਾ ਭਰਾ ਪੁਲਿਸ ਨੂੰ ਮਤਲੂਬ ਸੀ। ਉਸ ਦੇ ਸਾਰੇ ਪਰਿਵਾਰ ਨੂੰ ਦੋ ਮਹੀਨੇ ਕਿਸੇ ਥਾਣੇ ਵਿਚ ਫੜ ਕੇ ਰੱਖਿਆ ਗਿਆ ਉਸਦੇ ਭਰਾ ਦੀ ਚਿੱਠੀ ਬਾਹਰੋਂ ਆ ਗਈ ਤੇ ਉਸ ਉਤੇ ਬਾਹਰ ਦੀ ਮੋਹਰ ਲੱਗੀ ਹੋਈ ਸੀ, ਜਦੋਂ ਮੈਂ ਐਸ. ਐਸ. ਪੀ. ਸਾਹਿਬ ਨੂੰ ਦਸਿਆ ਤਾਂ ਉਸ ਦੇ ਪਰਿਵਾਰ ਨੂੰ ਬੜੀ ਮੁਸ਼ਕਲ ਨਾਲ ਛਡਿਆ। ਉਹੋ ਜਗਦੀਸ਼ ਸਿੰਘ ਐਮ. ਐਸ ਸੀ. ਐਗਰੀਕਲਚਰ ਦਾ ਥਰੂ ਆਊਟ ਬਰੀਲੀਐਂਟ ਸਟੂਡੈਂਟ ਰਿਹਾ। ਉਸ ਨੂੰ ਫੜ ਕੇ ਝੂਠਾ ਪਸਤੌਲ ਪਾਇਆ ਗਿਆ, ਉਸ ਤੇ ਸਕੂਟਰ ਦੀ ਚੋਰੀ ਪਾ ਦਿੱਤੀ ਗਈ। ਮੈਂ ਐਸ. ਐਸ. ਪੀ. ਸਾਹਿਬ ਨੂੰ ਇਸ ਜ਼ਿਆਦਤੀ ਤੋਂ ਜਾਣੂ ਕਰਵਾਇਆ ਤੇ ਉਹਨਾਂ ਨੇ ਕਿਹਾ ਕਿ ਮੈਂ ਉਸ ਨੌਜਵਾਨ ਨੂੰ ਆਪਣੇ ਸਾਹਮਣੇ ਬੁਲਾ ਕੇ ਅਸਲੀਅਤ ਜਾਨਣ ਦੀ ਕੋਸ਼ਿਸ਼ ਕਰਾਂਗਾ। ਪਰ ਜੇ ਕੋਈ ਉਸ ਦੇ ਖਿਲਾਫ ਕਤਲ ਦਾ ਕੇਸ ਹੋਇਆ ਤਾਂ ਫਿਰ ਮੈਂ ਕੋਈ ਇਕਰਾਰ ਨਹੀਂ ਕਰ ਸਕਦਾ। ਪੂਰੇ ਤਿੰਨ ਦਿਨਾਂ ਦੇ ਬਾਅਦ ਉਸ ਤੇ ਇਕ ਪੁਤਲੀਘਰ ਦਾ ਬਲਾਈਂਡ ਮਰਡਰ ਪਾ ਦਿੱਤਾ ਗਿਆ। ਐਸ. ਐਸ. ਪੀ. ਸਾਹਿਬ ਨੇ ਫਿਰ ਮੇਰੇ ਨਾਲ ਵਾਇਦਾ ਕੀਤਾ ਕਿ ਜੇ ਕਤਲ ਵੀ ਝੂਠਾ ਹੋਇਆ ਤਾਂ ਵੀ ਮੈਂ ਛੱਡ ਦਿਆਂਗਾ। ਪਤਾ ਨਹੀਂ ਬੈਂਸ ਕਮੇਟੀ ਨੇ ਇਨ੍ਹਾਂ ਝੂਠੇ ਕੇਸਾਂ ਦੇ ਮੁਤਲਕ ਆਪਣੀ ਕੀ ਰਾਇ ਬਣਾਈ ਹੈ ? ਚੇਅਰਮੈਨ ਸਾਹਿਬ, ਇਸ ਹਾਊਸ ਵਿੱਚ ਸੇਲ ਟੈਕਸ ਦੇ ਮੁਤੱਲਕ ਹਰ ਸਰਕਾਰ ਵੇਲੇ ਰੌਲਾ ਪਿਆ ਰਹਿੰਦਾ ਹੈ, ਜੇ ਕਰ ਸੇਲ ਟੈਕਸ ਘਟਾਉਣ ਦਾ ਇਕ ਤਜਰਬਾ ਕੀਤਾ ਜਾਏ ਤਾਂ ਆਮਦਨੀ ਜ਼ਰੂਰ ਵਧੇਗੀ। ਨਿੱਤ ਵਧਦੀ ਸੇਲ ਟੈਕਸ ਚੋਰੀ ਦਾ ਸਕੋਪ ਵੀ ਵਧਾਉਂਦੀ ਹੈ। ਚੇਅਰਮੈਨ ਸਾਹਿਬ, ਅੰਮ੍ਰਿਤਸਰ ਦੀ ਡਰਾਈ ਫਰੂਟ ਦੀ ਟਰੇਡ ਨੂੰ ਸੇਲ ਟੈਕਸ ਦੀਆਂ ਬੇਇਨਸਾਫੀਆਂ ਨੇ ਤਬਾਹ ਕਰ ਦਿੱਤਾ ਹੈ। ਇਹ ਸਾਰੀ ਟਰੇਡ ਅੰਮ੍ਰਿਤਸਰ ਤੋਂ ਬੰਬਈ ਚਲੀ ਗਈ ਹੈ। ਜੇ ਬੰਬਈ ਅਤੇ ਅੰਮ੍ਰਿਤਸਰ ਦੀ ਸੇਲ ਟੈਕਸ ਬਰਾਬਰ ਹੋਵੇ ਤਾਂ ਅੰਮ੍ਰਿਤਸਰ ਦੀ ਮੰਡੀ ਵੱਧ ਸਕਦੀ ਹੈ ਅਤੇ ਸਰਕਾਰ ਦਾ ਰੈਵੀਨਿਊ ਵੀ ਵੱਧ ਸਕਦਾ ਹੈ। ਮੈਂ ਦਸਦਾ ਹਾਂ ਕਿ ਸਾਡੀਆਂ ਐਸੀਆਂ ਐਸੀਆਂ ਮਾਰਕੀਟ ਕਮੇਟੀਆਂ ਹਨ ਪੰਜਾਬ ਵਿੱਚ ਜਿਨ੍ਹਾਂ ਦੇ ਚੇਅਰਮੈਨ ਲੱਖਾਂ ਰੁਪਏ ਖਾ ਗਏ ਔਰ ਤੁਸੀਂ ਉਨ੍ਹਾਂ ਦੀ ਇਨਕੁਆਇਰੀ ਕਰਵਾਓ। ਜਿਸ ਵੀ ਚੇਅਰਮੈਨ ਨੂੰ ਫੜੋਗੇ ਪੰਜ ਦਸ ਲੱਖ ਰੁਪਿਆ ਤੁਹਾਨੂੰ ਮਿਲ ਜਾਏਗਾ। ਮੈਂ ਪੰਜਾਬ ਸਰਕਾਰ ਨੂੰ ਜ਼ੋਰ ਦੇ ਕੇ ਕਹਾਂਗਾ ਕਿ ਗੁਜ਼ਰੇ ਵਕਤ ਦਾ ਇਤਿਹਾਸ ਹਕਾਇਕ ਦੀ ਬਿਨਾ ਤੇ ਲਿਖਣ ਅਤੇ ਛਾਪਣ ਦਾ ਪ੍ਰਬੰਧ ਕਰਨ ਤਾਂ ਕਿ ਗੁਜ਼ਰੇ ਵਾਕਿਆਤ ਦੇ ਮੁਤਲਕ ਸੱਚਾਈ ਲੋਕਾਂ ਦੇ ਸਾਹਮਣੇ ਆ ਜਾਵੇ ਅਤੇ ਲੋਕਾਂ ਨੂੰ ਪਤਾ ਲੱਗ ਜਾਵੇ ਕਿ ਪੰਜਾਬ ਤੇ ਭਾਰਤ ਵਿਚ ਹੋ ਚੁੱਕੇ ਘਿਨੌਣੇ ਵਾਕਿਆਤ ਲਈ ਨਾ ਹਿੰਦੂ ਜ਼ਿੰਮੇਵਾਰ ਹਨ ਅਤੇ ਨਾ ਹੀ ਸਿੱਖ। ਸਗੋਂ ਇਹ ਕਾਂਗਰਸ ਸਰਕਾਰ ਅਤੇ ਪਾਰਟੀ ਦੇ ਸੌੜੇ ਹਿਤਾਂ ਲਈ ਰਚੇ ਛੜਯੰਤਰਾਂ ਦੇ ਖੂਨੀ ਨਤੀਜਿਆਂ ਦਾ ਹੀ ਸਿੱਟਾ ਹਨ। ਇਕ ਵਾਰੀ ਫਿਰ ਮੈਂ ਵਾਈਟ ਪੇਪਰ ਦੇ ਮੁਤੱਲਕ ਕਹਾਂਗਾ ਕਿ ਜਿਹੜਾ ਪੇਪਰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਬਣਾਇਆ ਸੀ ਉਹ ਝੂਠ ਦਾ ਪੁਲੰਦਾ ਸੀ। ਉਸ ਨੂੰ ਫੌਰਨ ਰੀਜੈਕਟ ਕਰੋ ਤਾਂ ਕਿ ਉਹ ਕਮਿਸ਼ਨ ਦੇ ਅੱਗੇ ਪੰਜਾਬ ਦੇ ਹਿੱਤਾਂ ਦੇ ਖਿਲਾਫ ਗਵਾਹੀ ਲਈ ਇਸਤੇਮਾਲ ਨਾ ਹੋ ਸਕੇ। ਮੈਂ ਇਹ ਗਲ ਕਹਿ ਕੇ ਤੁਹਾਡਾ ਧੰਨਵਾਦ ਕਰਦਾ ਹਾਂ।

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ (ਅੰਮ੍ਰਿਤਸਰ ਉੱਤਰੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿਤਾ ਹੈ। ਪਹਿਲਾਂ ਤਾਂ ਮੈਂ ਬਰਨਾਲਾ ਜੀ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਜਿਹੜੇ ਲਫਜ਼ ਉਨ੍ਹਾਂ ਨੇ ਹਾਊਸ ਵਿਚ ਕਹੇ ਕਿ ਹਰ ਮੈਂਬਰ ਸਾਹਿਬ ਨੂੰ ਕਿਸੇ ਰੈਸਟਰੇਨ ਨਾਲ ਕਿਸ ਸੰਯਮ ਨਾਲ ਚਲਣਾ ਚਾਹੀਦਾ ਹੈ ਜਿਹੜੀ

Original with;
Punjab Vidhan Sabha
Digitized by;
Panjab Digital Library

ਭਾਵਨਾ ਲੈ ਕੇ ਚਲੇ ਹਾਂ ਉਸ ਦੇ ਅਨੁਕੂਲ ਸਾਰੇ ਲਫ਼ਜ਼ ਹੋਣੇ ਚਾਹੀਦੇ ਹਨ। ਮੈਂ ਚੀਫ਼ ਮਨਿਸਟਰ ਸਾਹਿਬ ਦੇ ਇਨ੍ਹਾਂ ਲਫ਼ਜ਼ਾਂ ਦੀ ਪੂਰੇ ਤੌਰ ਤੇ ਪ੍ਰੋੜ੍ਹਤਾ ਕਰਦਾ ਹਾਂ । ਅਗਰ ਬਰਨਾਲਾ ਜੀ ਨੇ ਇਹ ਲਫ਼ਜ਼ ਸ਼ੁਰੂਆਤ ਵਿਚ ਕਹੇ ਹੁੰਦੇ ਤਾਂ ਜਿਹੜੇ ਤੁਹਾਡੇ ਅਕਾਲੀ ਦਲ ਦੇ ਮੈਂਬਰ ਸਾਹਿਬਾਨ ਨੇ ਜਿਸ ਕਿਸਮ ਦੀਆਂ ਚੀਜ਼ਾਂ ਬੋਲੀਆਂ ਹਨ ਉਹ ਬੁਲਾਉਣੀਆਂ ਨਹੀਂ ਸਨ ਚਾਹੀਦੀਆਂ।

ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ: ਆਨ ਏ ਪੁਆਇੰਟ ਆਫ ਆਰਡਰ, ਸਰ। ਮਹਿਰਾ ਸਾਹਿਬ ਆਪਣੇ ਸ਼ਾਇਦ ਪਿਛਲੇ ਤਜਰਬੇ ਨੂੰ ਭੁੱਲ ਗਏ ਹਨ। ਗੱਲ ਆਖੀ ਹੈ ਕਿ ਅਕਾਲੀ ਮੈਂਬਰਾਂ ਨੇ ਕੁਝ ਗੱਲਾਂ ਉਛਾਲੀਆਂ ਹਨ । ਆਮ ਤੌਰ ਤੇ ਜੇਕਰ ਲਿਟਰੇਚਰ ਇਨ੍ਹਾਂ ਨੇ ਪੜ੍ਹਿਆ ਹੋਵੇਗਾ, ਗਰਾਮਰ ਪੜ੍ਹੀ ਹੋਵੇਗੀ ਤਾਂ ਇਨ੍ਹਾਂ ਨੂੰ ਪਤਾ ਹੋਵੇਗਾ ਕਿ ਕਿੱਚੜ ਉਛਾਲਿਆ ਜਾਂਦਾ ਹੈ। ਇਸ ਲਈ ਇਹ ਕਹਿਣਾ ਕਿ ਗੱਲਾਂ ਉਛਾਲੀਆਂ ਜਾਂਦੀਆਂ ਹਨ, ਇਹ ਠੀਕ ਨਹੀਂ । ਹਕੀਕਤਾਂ ਬਿਆਨ ਕੀਤੀਆਂ ਹਨ । ਗਵਰਨਰ ਸਾਹਿਬ ਦੇ ਅਡਰੈਸ ਵਿਚ । ਉਨ੍ਹਾਂ ਨੇ ਬੇਹਤਰੀਨ ਤਰੀਕੇ ਦੇ ਨਾਲ ਉਨ੍ਹਾਂ ਦਾ ਵਰਨਣ ਕੀਤਾ ਹੈ। ਇਹ ਜਿਹੜੇ ਕਤਲੋ–ਗਾਰਤ ਹੋਏ ਹਨ ਉਸ ਵੇਲੇ ਕਿੱਥੇ ਸਨ । 'who are guilty'? ਕਿਤਾਬ ਵਿਚ, ਜਿਸ ਬਾਰੇ ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਦਸਿਆ ਹੈ, ਵਰਨਣ ਦਿੱਤਾ ਹੋਇਆ ਹੈ। ਇਹ ਤਾਂ ਮੂੰਹ–ਬੋਲਦੀ ਤਸਵੀਰ ਹੈ। ਚੇਅਰਮੈਨ ਸਾਹਿਬ, ਇਹ ਤਾਂ ਥੱਪੜ ਹੈ ਇਨ੍ਹਾਂ ਭਰਾਵਾਂ ਦੇ ਮੂੰਹ ਉਤੇ।

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ: ਹਰ ਕੰਮ ਤੇ, ਚੇਅਰਮੈਨ ਸਾਹਿਬ, ਦੋ ਰਾਏ ਹੁੰਦੀਆਂ ਹਨ । ਜੇਕਰ ਦੁਨੀਆਂ ਵਿਚ ਇਕ ਰਾਏ ਹੋ ਜਾਵੇ ਤਾਂ ਸ਼ਾਇਦ ਗਤੀ ਬੰਦ ਹੋ ਜਾਵੇ। ਜੇਕਰ ਇਨ੍ਹਾਂ ਨੂੰ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਇਕ ਚੀਜ਼ ਚੰਗੀ ਲਗਦੀ ਹੈ ਤਾਂ ਮੈਨੂੰ ਦੂਸਰੀ। ਮੈਂ ਦੂਸਰਾ ਵਿਊ ਦਿੰਦਾ ਹਾਂ ਕਿ ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਠੀਕ ਕਿਹਾ ਹੈ ਕਿ ਨਾ ਕੋਈ ਹਿੰਦੂ ਮਾੜਾ ਹੈ, ਨਾ ਕੋਈ ਸਿੱਖ ਮਾੜਾ ਹੈ, ਸ਼ਰਾਰਤੀ ਅਨਸਰ ਮਾੜੇ ਹਨ। ਜਾਂ ਸ਼ਰਾਰਤ ਦੇ ਦਬਾਉਣ ਦੀ ਘਾਟ ਮਾੜੀ ਹੈ । ਜਿਸ ਵੇਲੇ ਪੰਜਾਬ ਦੇ ਵਿਚ ਇਹ ਹਾਲਾਤ ਹੋਏ, ਜਿਸ ਘਨੌਨੀ ਹਾਲਤ ਦੇ ਵਿਚ ਤਿੰਨ ਸਾਲ ਪੰਜਾਬ ਨੇ ਕੱਟੇ ਹਨ ਮੈਂ ਸਮਝਦਾ ਹਾਂ ਕਿ ਸਰਦਾਰ ਕਿਰਪਾਲ ਸਿੰਘ ਚਲੇ ਗਏ ਹਨ, ਜਿਸ ਵੇਲੇ ਮੋਰਚਾ ਅੰਮ੍ਰਿਤਸਰ ਵਿਚ ਲਗਿਆ ਹੋਇਆ ਸੀ ਔਰ ਅਤਿਵਾਦ ਇਸ ਕਿਸਮ ਤੇ ਜਾ ਪੁੱਜਾ ਸੀ ਕਿ ਉਨ੍ਹਾਂ ਦੇ ਟੈਲੀਵੂਨਾਂ ਤੋਂ ਹਰ ਇਨਸਾਨ ਕਤਰਾਉਂਦਾ ਸੀ। ਇਸ ਨੂੰ ਕੁਝ ਕਹੋ ਪਰ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਅੱਜ ਦਾ ਦਿਨ ਇਤਹਾਸਕ ਦਿਨ ਹੈ। ਮੈਂ ਅੱਜ ਦੇ ਦਿਨ ਪੰਜਾਬ ਦੀ ਜਨਤਾ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਨ੍ਹਾਂ ਤਾਕਤਾਂ ਨੂੰ ਅਸਫਲ ਕਰ ਦਿੱਤਾ ਜਿਹੜੀਆਂ ਤਾਕਤਾਂ ਜਮਹੂਰੀਅਤ ਦਾ ਦੀਵਾ ਗੁੱਲ ਕਰਨਾ ਚਾਹੁੰਦੀਆਂ ਸਨ ਔਰ ਪੰਜਾਬ ਦੀ ਜਨਤਾ ਨੇ ਜਮਹੂਰੀਅਤ ਦੇ ਮਿਆਰ ਨੂੰ ਨੀਵਾਂ ਨਹੀਂ ਹੋਣ ਦਿੱਤਾ ਔਰ ਪੰਜਾਬ ਦੇ ਸਾਹਮਣੇ ਬੜੀ ਚਿਤਾਵਨੀ ਸੀ ਔਰ ਪੰਜਾਬ ਦੀ ਜਨਤਾ ਨੇ ਮੱਦਦ ਕੀਤੀ ਹੈ ਔਰ ਸੀਨਾ–ਸਬਰ ਕਰਕੇ ਉਸ ਦਾ ਮੁਕਾਬਲਾ ਕੀਤਾ ਹੈ ਔਰ ਇਕ ਗੱਲ ਸਮਝੀ ਕਿ ਹਰ ਚਨੌਤੀ ਦੇ ਬਾਅਦ ਕੌਮ ਅੱਗੇ ਨਿਕਲੇਗੀ। ਸੋ, ਕੌਮ ਉਸ, ਚੁਣੌਤੀ ਦੇ ਬਾਅਦ ਮਜਬੂਤ ਹੋ ਕੇ ਨਿਕਲ ਕੇ ਸਾਹਮਣੇ ਆਈ ਹੈ, ਉਸ ਦੇ ਬਾਅਦ ਦੇਸ਼ ਦੀ ਏਕਤਾ ਮਜ਼ਬੂਤ ਹੋ ਕੇ ਨਿਕਲੀ ਹੈ ਕਿਉਂਕਿ ਜਿਹੜੀਆਂ ਪ੍ਰਗਤੀ–ਸ਼ੀਲ ਕੌਮਾਂ ਹੁੰਦੀਆਂ ਹਨ ਉਹ ਚਿਤਾਵਨੀ ਦਾ ਮੁਕਾਬਲਾ ਕਰਕੇ ਅੱਗੇ ਵੱਧਦੀਆਂ ਹਨ, ਸਿਰ ਨਹੀਂ ਸੁਟਦੀਆਂ। ਅੱਜ ਦੇ ਦਿਨ ਪੰਜਾਬ ਦੀ ਜਨਤਾ ਨੂੰ ਵਧਾਈ ਦਿੰਦਾ ਹਾਂ ਕਿ ਰਾਜੀਵ ਗਾਂਧੀ ਨੇ ਜਿਸ ਤਰ੍ਹਾਂ ਕਿ ਵਾਇਦਾ ਕੀਤਾ ਸੀ ਕਿ ਅਸੀਂ ਪੰਜਾਬ ਦੇ ਮਸਲੇ ਨੂੰ ਹੱਲ ਕਰਾਂਗੇ, ਉਸ ਤਰ੍ਹਾਂ ਹੀ ਚੰਗੇ ਢੰਗ ਨਾਲ ਉਸ ਨੂੰ ਹੱਲ ਕੀਤਾ ਹੈ। ਗਵਰਨਰ ਸਾਹਿਬ ਦੇ ਅਡਰੈਸ ਵਿਚ ਜੋ ਆਇਆ ਹੈ, ਉਹ ਮੈਂ ਨਹੀਂ ਦੁਹਰਾਉਂਦਾ । ਅੱਜ ਦੇ ਦਿਨ ਤੇ ਜੋ ਪੰਜਾਬ ਵਿਚ ਸੰਤ ਲੌਂਗੋਵਾਲ ਜੀ ਦੇ ਅਕਾਰਡ ਨਾਲ ਵਾਤਾਵਰਣ ਪੈਦਾ ਹੋਇਆ ਹੈ ਉਸ ਲਈ ਮੈਂ ਵਧਾਈ ਦਿੰਦਾ ਹਾਂ । ਸੰਤ ਜੀ ਨੇ ਆਪਣੀ ਸ਼ਹਾਦਤ

Original with;
Punjab Vidhan Sabha
Digitized by;
Panjab Digital Library

ਦਿੱਤੀ ਇਸ ਕਰਕੇ ਦਿੱਤੀ ਕਿ ਪੰਜਾਬ ਦੇ ਵਿਚ ਸੱਦ-ਭਾਵਨਾ ਕਾਇਮ ਰਹਿ ਸਕੇ । (ਸਰਕਾਰੀ ਬੈਂਚਾਂ ਵਲੋਂ ਕੁਝ ਆਵਾਜ਼ਾਂ) ਇਹ ਹੱਸਣ ਦੀ ਗੱਲ ਨਹੀਂ ਹੈ। ਇੰਦਰਾ ਗਾਂਧੀ ਜੀ ਦਾ ਨਾਮ ਸਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ ਜਿਹੜੇ ਕਿ ਦੇਸ਼ ਦੀ ਖਾਤਰ ਆਏ ਔਰ ਦੇਸ਼ ਲਈ ਮਰੇ। ਅੱਜ ਦਾ ਅਕਾਰਡ ਸਾਰੇ ਦੇਸ਼ ਨੂੰ ਅੱਗੇ ਲੈ ਜਾਂਦਾ ਹੈ । ਅੱਜ ਜੋ ਅਕਾਰਡ ਤੇ ਸੰਤ ਲੌਂਗੋਵਾਲ ਜੀ ਨੇ ਔਰ ਪ੍ਰਧਾਨ ਮੰਤਰੀ ਨੇ ਦਸਖਤ ਕੀਤੇ ਹਨ ਉਹ ਕੌਮ ਲਈ ਇਕ ਸ਼ਾਂਤੀ ਦਾ ਮਾਹੌਲ ਬਣਾਏਗਾ । ਇਹ ਇਕ ਐਸਾ ਅਕਾਰਡ ਹੈ ਜਿਹੜਾ ਕਿ ਕਰੂੜਤਾ ਖਤਮ ਕਰੇਗਾ। ਮੈਂ ਵੀਰਵਾਰ, ਨਾਨ-ਆਫੀਸ਼ੀਅਲ ਡੇਅ ਤੇ ਵੀ ਕਿਹਾ ਸੀ ਕਿ ਕੋਈ ਵੀ ਪੰਜਾਬੀ ਬੋਲਦਾ ਇਲਾਕਾ ਅਸੀਂ ਪੰਜਾਬ ਤੋਂ ਬਾਹਰ ਨਹੀਂ ਰਹਿਣ ਦੇਣਾ (ਥੰਪਿੰਗ) ਲੇਕਿਨ ਇਹ ਗੱਲ ਸਰਕਾਰ ਦੇ ਉਪਰ ਹੈ। ਮੈਂ ਆਪਣੀ ਸਪੀਚ ਵਿਚ ਕਿਹਾ ਸੀ ਕਿ ਸਰਕਾਰ ਇਕ ਹਾਊਸ ਦੀ ਕਮੇਟੀ ਬਣਾਏ, ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਲਏ ਜਾਣ ਔਰ ਸਾਰੇ ਜੂਝੀਏ, ਲੜੀਏ ਇਸ ਕੰਮ ਵਾਸਤੇ। ਚੀਫ ਮਨਿਸਟਰ ਸਾਹਿਬ ਨੇ ਇਸ ਗੱਲ ਨੂੰ ਟੱਚ ਨਹੀਂ ਕੀਤਾ। ਮੈਂ ਉਮੀਦ ਕਰਦਾ ਹਾਂ ਕਿ ਜਿਹੜਾ ਉਹ ਅੱਜ ਜਵਾਬ ਦੇਣਗੇ .....

ਸਰਦਾਰ ਗੁਰਦੇਵ ਸਿੰਘ ਬਾਦਲ : ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ। ਮਹਿਰਾ ਸਾਹਿਬ ਤੁਹਾਡੀ ਵਾਲੀ ਗੱਦੀ ਤੇ ਬੈਠੇ ਸੀ ਜਦੋਂ ਪੰਜਾਬ ਦੇ ਵਿਚ ਕਤਲੋ-ਗਾਰਤ ਹੋ ਰਿਹਾ ਸੀ ਔਰ ਪੰਜਾਬ ਦੇ ਹੱਕ ਖੋਹੇ ਜਾ ਰਹੇ ਸਨ ਔਰ ਇਹ ਹੁਣ ਕਹਿ ਰਹੇ ਹਨ ਕਿ ਰਾਜੀਵ ਗਾਂਧੀ ਨੇ ਅੱਛਾ ਕੀਤਾ ਹੈ। ਜਿਹੜੇ ਚਾਰ ਸਾਲ ਇੰਦਰਾ ਗਾਂਧੀ ਨੇ ਕਤਲ ਕਰਵਾਏ ਹਨ ਉਸ ਦੇ ਬਾਰੇ ਇਨ੍ਹਾਂ ਦਾ ਕੀ ਵਿਚਾਰ ਹੈ ਜੀ ?

Mr. Brij Bhushan Mehra : Mr. Chairman, it is no point of order.

ਸਰਦਾਰ ਗੁਰਦੇਵ ਸਿੰਘ ਬਾਦਲ : ਜੇਕਰ, ਚੇਅਰਮੈਨ ਸਾਹਿਬ, ਇਹ ਪਹਿਲਾਂ ਹੀ ਫੈਸਲਾ ਕਰ ਦਿੰਦੇ ਤਾਂ ਇਹ ਵਾਕਿਆਤ ਨਾ ਹੁੰਦੇ। ਸਾਡੇ ਪੰਜਾਬ ਦੇ ਖਿਲਾਫ਼ ਪਾਣੀ ਹਰਿਆਣੇ ਵਾਲਿਆਂ ਨੂੰ ਦੇਣਾ ਕੀਤਾ ਹੈ। ਹੁਣ ਤਕੜੇ ਹੋ ਕੇ ਬੋਲ ਰਹੇ ਹਨ। ਉਦੋਂ ਇਹ ਕਿੱਥੇ ਸੁਤੇ ਰਹੇ ਹਨ ਜੀ ?

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ : ਚੇਅਰਮੈਨ ਸਾਹਿਬ, ਮੈਂ ਇਕ ਗੱਲ ਕਹੀ ਸੀ। ਮੈਂ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਕੁੜੱਤਣ ਪੈਦਾ ਹੋਵੇਗੀ। ਬਾਦਲ ਸਾਹਿਬ ਜਵਾਬ ਨਹੀਂ ਦੇ ਰਹੇ। ਜੇਕਰ ਬਾਦਲ ਜੀ ਮੇਰੇ ਨਾਲ ਇਕੱਲੇ ਬੈਠ ਕੇ ਗੱਲ ਕਰਨ ਤਾਂ ਮੈਂ ਦੱਸਾਂਗਾ ਕਿ ਕੌਣ ਕਸੂਰਵਾਰ ਹੈ। ਇਨ੍ਹਾਂ ਨੇ ਗੁੱਸੇ ਹੋ ਕੇ ਮੇਰੇ ਵਧਾਇਕ ਬਾਦਲ ਸਾਹਿਬ ਨੇ ਉਦੋਂ ਸਾਨੂੰ ਅਸਤੀਫੇ ਦੇ ਦਿੱਤੇ ਸਨ। ਮੈਂ ਮਹਿਸੂਸ ਕੀਤਾ ਕਿ ਅਗਰ ਇਨ੍ਹਾਂ ਦੇ ਅਸਤੀਫੇ ਮਨਜ਼ੂਰ ਕਰ ਲੀਤੇ ਜਾਣ ਤਾਂ ਜਮਹੂਰੀਅਤ ਨੂੰ ਸੱਟ ਵਜਦੀ ਹੈ। ਹਰ ਚੀਜ਼ ਦੀਆਂ ਦੋ ਰਾਏ ਹੋ ਸਕਦੀਆਂ ਹਨ। ਮੈਂ ਮਹਿਸੂਸ ਕਰਦਾ ਸੀ ਕਿ ਭਾਰ ਥੱਲੇ ਅਸਤੀਫੇ ਨਹੀਂ ਮਨਜ਼ੂਰ ਕਰਨੇ ਚਾਹੀਦੇ। ਪੰਜ ਸਾਲ ਮੈਂ ਪੂਰੀ ਕੋਸ਼ਿਸ਼ ਕਰਦਾ ਰਿਹਾ ਹਾਂ ਕਿ ਪੰਜਾਬ ਨੂੰ ਅਸੀਂ ਇਕੱਠੇ ਰਲਕੇ ਅੱਗੇ ਤੋਰੀਏ। ਛੋਟਾ ਜਿਹਾ ਜਿਤਨਾਂ ਮੇਰਾ ਵੱਸ ਚਲਦਾ ਸੀ ਮੈਂ ਜ਼ਰੂਰ ਲਗਾਉਂਦਾ ਰਿਹਾ ਹਾਂ। ਇਹ ਯਕੀਨ ਹੋਣਾ ਚਾਹੀਦਾ ਹੈ। ਦੋਸਤੋ ਮੈਂ ਹੁਣ ਅੱਜ ਦੇ ਦਿਨ .....

Mr. Chairman : Please address the Chair.

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ : ਸੋ, ਅੱਜ ਦੇ ਦਿਨ ਅਸੀਂ ਰਿਣੀ ਹਾਂ। ਸ਼੍ਰੀ ਅਰਜਨ ਸਿੰਘ ਜੀ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ ਜਿਨ੍ਹਾਂ ਦੀ ਦੂਰ ਅੰਦੇਸ਼ੀ ਨਾਲ, ਜਿਸ ਢੰਗ ਨਾਲ ਉਨ੍ਹਾਂ ਨੇ ਆਪਣਾ ਯੋਗਦਾਨ ਪਾਇਆ ਹੈ, ਪੰਜਾਬ ਦੇ ਮਾਮਲੇ ਨੂੰ ਸੁਲਝਾਉਣ ਵਾਸਤੇ। ਇਨ੍ਹਾਂ ਨੇ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਗੱਲਾਂ ਕੀਤੀਆਂ ਹਨ ਕਿ ਪਿਛਲੇ ਪੰਜਾਂ ਸਾਲਾਂ ਵਿਚ ਕੁਝ ਨਹੀਂ ਹੋਇਆ ਔਰ ਪੰਜਾਬ ਦੀ ਕੋਈ ਤਰੱਕੀ ਨਹੀਂ ਹੋਈ। ਮੈਂ ਕੁਝ ਅੰਕੜੇ ਦੇਣਾ ਚਾਹੁੰਦਾ ਹਾਂ ਉਨ੍ਹਾਂ ਵੀਰਾਂ ਨੂੰ ਜੋ ਪਹਿਲਾਂ ਹਾਊਸ ਦੇ ਮੈਂਬਰ ਸਨ। ਮੈਂ ਦੋ ਤਿੰਨ ਇੰਪਾਰਟੈਂਟ ਫਿਗਰਜ਼ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਊਰਜਾ ਜਿਹੜੀ ਹੈ ਉਹ ਆਧਾਰ ਹੁੰਦੀ ਹੈ ਕਿਸੇ ਪ੍ਰਾਂਤ ਦੀ ਤਰੱਕੀ ਦੀ। ਜੇਕਰ ਊਰਜਾ, ਬਿਜਲੀ, ਨਾ ਹੋਵੇ ਤਾਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬ੍ਰਿਜ ਭੂਸ਼ਣ ਮਹਿਰਾ]

ਪ੍ਰਾਂਤ ਤਰੱਕੀ ਨਹੀਂ ਕਰ ਸਕਦਾ। ਪਿਛਲੇ ਪੰਜ ਸਾਲਾਂ ਵਿਚ 788 ਮੈਗਾਵਾਟ ਬਿਜਲੀ ਦੀ ਜੈਨਰੇਸ਼ਨ ਇਥੇ ਇਨਸਟਾਲ ਕੀਤੀ ਗਈ। ਪੰਜਾਬ ਦੇ ਪਿਛਲੇ ਕਿਸੇ ਵੀ ਸਮੇਂ ਨਾਲੋਂ ਪੰਜ ਸਾਲਾਂ ਵਿਚ ਇਹ ਰਿਕਾਰਡ ਤੋੜ ਜੈਨਰੇਸ਼ਨ ਸੀ। ਇਹ ਉਸ ਵੇਲੇ ਹੋਇਆ ਜਿਸ ਵੇਲੇ ਪੰਜਾਬ ਵਿਚ ਅਕਸਰ ਮੋਰਚੇ ਚਲਿਆ ਕਰਦੇ ਸਨ। ਸੱਤਾ ਨੂੰ ਤੋੜਨ ਦੀ ਕੋਸ਼ਿਸ਼ ਹੁੰਦੀ ਸੀ। ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਉਸ ਵੇਲੇ ਅਨੰਦਪੁਰ ਹਾਈਡਲ ਪਰੋਜੈਕਟ ਦਾ ਕੰਮ ਸ਼ੁਰੂ ਕੀਤਾ ਅੌਰ ਪੰਜਾਬ ਦੀ ਬਿਜਲੀ ਦੀ ਹਾਲਤ ਬਹੁਤ ਚੰਗੀ ਹੋਈ। 1980 ਵਿਚ ਬਿਜਲੀ ਦੀ ਹਾਲਤ ਬਹੁਤ ਮਾੜੀ ਸੀ। ਮੈਂ ਦਸਦਾ ਹਾਂ ਕਿ 1979–80 ਵਿਚ ਪਲਾਂਟ ਲੋਡ ਫੈਕਟਰ 29% ਸੀ ਜਦ ਕਿ ਅੱਜ ਇਹ ਪਲਾਂਟ ਲੋਡ ਫੈਕਟਰ 68% ਹੋ ਗਿਆ ਹੈ। ਇਹ ਤਕਰੀਬਨ 100% ਤੋਂ ਵੀ ਜ਼ਿਆਦਾ ਵੱਧ ਗਈ ਹੈ। ਅੌਰ ਫਿਰ ਕੋਈ ਜ਼ਿਆਦਾ ਖਰਚ ਵੀ ਨਹੀਂ ਕੀਤਾ। ਉਨ੍ਹਾਂ ਮਸ਼ੀਨਾਂ ਤੋਂ ਜਿਨ੍ਹਾਂ ਤੋਂ ਥੋੜੀ ਬਿਜਲੀ ਪੈਦਾ ਹੁੰਦੀ ਸੀ ਉਨ੍ਹਾਂ ਤੋਂ ਵੀ ਜ਼ਿਆਦਾ ਬਿਜਲੀ ਪੈਦਾ ਕੀਤੀ ਹੈ। ਚੇਅਰਮੈਨ ਸਾਹਿਬ, ਇਹ ਰਿਕਾਰਡ ਦੀ ਗਲ ਹੈ ਕਿ ਇਹ ਕਹਿੰਦੇ ਸਨ ਕਿ ਕੋਲਾ ਨਹੀਂ ਹੈ ਇਸ ਲਈ ਬਿਜਲੀ ਪੈਦਾ ਨਹੀਂ ਹੋ ਸਕਦੀ। ਇਸ ਸਬੰਧ ਵਿਚ ਮੇਰੇ ਕੋਲ ਸ਼੍ਰੀ ਵਸੰਤ ਸਾਹਿਬ, ਚੇਅਰਮੈਨ ਬਿਜਲੀ ਬੋਰਡ ਵੀ ਆਏ ਸਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਜੇ ਕੋਲੇ ਦਾ ਇੰਤਜ਼ਾਮ ਕਰਵਾ ਦਿਓ ਤਾਂ ਪਰੋਡਕਸ਼ਨ ਵੱਧ ਸਕਦੀ ਹੈ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਇਹ ਕੋਲੇ ਦੀ ਫਾਈਲ ਮੇਰੇ ਕੋਲ ਹੀ ਛੋੜ ਜਾਓ। ਉਸ ਵੇਲੇ ਵਸੰਤ ਸਾਹਿਬ ਉਹ ਕੋਲੇ ਦੀ ਫਾਈਲ ਮੇਰੇ ਕੋਲ ਹੀ ਛੋੜ ਗਏ। ਉਸ ਤੋਂ ਬਾਅਦ ਮੈਂ ਆਪ ਚਿੱਠੀਆਂ ਲਿਖੀਆਂ ਅੌਰ ਦਿੱਲੀ ਜਾਕੇ ਐਨਰਜੀ ਮਨਿਸਟਰ ਨੂੰ ਮਿਲਿਆ, ਰੇਲਵੇ ਮਨਿਸਟਰ ਨੂੰ ਮਿਲਿਆ ਅੌਰ ਉਸ ਵੇਲੇ ਦੀ ਪ੍ਰਾਈਮ ਮਨਿਸਟਰ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਵੀ ਮਿਲਿਆ ਅੌਰ ਉਸ ਦਾ ਨਤੀਜਾ ਇਹ ਹੋਇਆ ਕਿ ਉਸ ਤੋਂ ਬਾਅਦ ਇਤਨਾ ਕੋਲਾ ਇਨ੍ਹਾਂ ਨੂੰ ਮਿਲਿਆ ਕਿ ਇਨ੍ਹਾਂ ਕੋਲੋਂ ਸੰਭਾਲਿਆ ਨਹੀਂ ਗਿਆ। ਮੈਂ ਦੱਸਦਾ ਹਾਂ ਕਿ ਉਸ ਦਾ ਨਤੀਜਾ ਇਹ ਨਿਕਲਿਆ ਕਿ ਜਿਹੜੀ ਬਠਿੰਡਾ ਪਲਾਂਟ ਤੋਂ ਆਮਦਨ ਪਹਿਲੇ 120 ਕਰੋੜ ਰੁਪਏ ਸੀ ਉਹ ਹੁਣ ਵੱਧ ਕੇ 240 ਕਰੋੜ ਰੁਪਏ ਹੋ ਗਈ ਹੈ। ਪਹਿਲੇ ਜਿਹੜਾ ਇਕ ਇਨਸਟਾਲਡ ਮੈਗਾਵਾਟ 25.9% ਬਿਜਲੀ ਪੈਦਾ ਕਰਦਾ ਸੀ ਉਹ ਹੁਣ 54.2% ਕਰਨ ਲਗ ਪਿਆ ਹੈ। ਇਹ ਕਰੈਡਿਟ ਉਸ ਵੇਲੇ ਦੀ ਸਰਕਾਰ ਨੂੰ ਜਾਂਦਾ ਹੈ ਜਿਸ ਨੇ ਇਹ ਪਰੋਡਕਸ਼ਨ ਦੁਗਣੀ ਕਰ ਦਿੱਤੀ। ਅਗਰ ਬਿਜਲੀ ਦੀ ਹਾਲਤ ਠੀਕ ਨਾ ਹੁੰਦੀ ਤਾਂ ਕਾਰਖਾਨੇ ਨਾ ਚਲਦੇ। ਇਸੇ ਤਰ੍ਹਾਂ ਜਿਹੜੀ ਕਣਕ ਦੀ ਪਰੋਡਕਸ਼ਨ 1980 ਵਿਚ 70 ਲੱਖ ਟਨ ਸੀ ਉਹ ਵੱਧ ਕੇ ਇਕ ਕਰੋੜ ਟਨ ਹੋ ਗਈ .....।

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ: ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ, ਇਹ ਕਾਂਗਰਸ ਰਾਜ ਦੇ ਵੇਲੇ ਬਿਜਲੀ ਦੀ ਗੱਲ ਕਰ ਰਹੇ ਹਨ। ਕੀ ਇਹ ਦਸ ਸਕਦੇ ਹਨ ਕਿ ਉਸ ਵੇਲੇ ਪਿੰਡਾਂ ਵਿਚ ਬਿਜਲੀ 3–4 ਘੰਟੇ ਤੋਂ ਵੱਧ ਕਿਉਂ ਨਹੀਂ ਮਿਲਦੀ ਰਹੀ, ਕਾਰਖਾਨੇ ਬਿਜਲੀ ਕਾਰਨ ਕਿਉਂ ਬੰਦ ਰਹੇ ?

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ: ਚੇਅਰਮੈਨ ਸਾਹਿਬ, ਮੈਂ ਬੜੀ ਵਸਾਤਤ ਨਾਲ ਕਹਿ ਸਕਦਾ ਹਾਂ ਕਿ 1979–80 ਨਾਲੋਂ ਹੁਣ ਬਿਜਲੀ ਬਹੁਤ ਵੱਧ ਗਈ ਹੈ। ਹੁਣ ਇਕ ਲੱਖ 54 ਹਜ਼ਾਰ ਟਿਊਬਵੈਲਾਂ ਲਈ ਨਵੇਂ ਕੁਨੈਕਸ਼ਨ ਦਿੱਤੇ ਗਏ ਹਨ। ਇਹ ਇਕ ਰਿਕਾਰਡ ਦੀ ਗਲ ਹੈ। ਹੁਣ ਮੈਂ ਇੰਡਸਟਰੀ ਦੇ ਬਾਰੇ ਵੀ ਦੱਸਦਾ ਹਾਂ। ਮੇਰੇ ਕੋਲ ਇੰਡਸਟਰੀ ਡਿਪਾਰਟਮੈਂਟ ਦੇ ਆਂਕੜੇ ਹਨ। ਜਿਹੜੇ ਕਿ ਮੈਂ ਇੰਡਸਟਰੀ ਡਿਪਾਰਟਮੈਂਟ ਤੋਂ ਲਏ ਹਨ। ਉਹ ਮੈਂ ਇਥੇ ਦਸਣਾ ਚਾਹੁੰਦਾ ਹਾਂ।

ਚੇਅਰਮੈਨ ਸਾਹਿਬ, 1980 ਵਿਚ ਪੰਜਾਬ ਵਿਚ ਜਿਹੜੇ ਵੱਡੇ ਯੂਨਿਟ ਸਨ ਉਹ 203 ਸਨ ਜਦ ਕਿ 31 ਮਾਰਚ, 1985 ਵਿਚ ਇਹ 314 ਹੋ ਗਏ। ਇਹ ਕੋਈ 55% ਤੋਂ ਜ਼ਿਆਦਾ ਵਾਧਾ ਹੋਇਆ ਹੈ। ਇਸੇ ਤਰ੍ਹਾਂ ਹੀ ਸਮਾਲ ਸਕੇਲ ਯੂਨਿਟ, ਜਿਥੇ ਕਿ ਕਾਮੇ ਕੰਮ ਕਰਦੇ ਹਨ ਉਹ 1980 ਵਿਚ

Original with;
Punjab Vidhan Sabha
Digitized by;
Panjab Digital Library

47379 ਸਨ ਜਦ ਕਿ 31 ਮਾਰਚ, 1985 ਨੂੰ ਇਹ ਇਕ ਲੱਖ 79 ਹਜ਼ਾਰ ਹੋ ਗਏ ਸਨ। ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ ਜੇ ਬਿਜਲੀ ਨਾ ਪੈਦਾ ਹੁੰਦੀ ਤਾਂ ਇਤਨੇ ਕਾਰਖਾਨੇ ਕਿਸ ਤਰ੍ਹਾਂ ਲਗ ਜਾਣੇ ਸਨ ਮੈਂ ਹੋਰ ਦਸਦਾ ਹਾਂ। 1980 ਵਿਚ ਇਨ੍ਹਾਂ ਕਾਰਖਾਨਿਆਂ ਤੋਂ ਪਰੋਡਕਸ਼ਨ 1786 ਕਰੋੜ ਰੁਪਏ ਦੀ ਸੀ ਜਦ ਕਿ ਮਾਰਚ 1984 ਵਿਚ ਇਹ ਪਰੋਡਕਸ਼ਨ 3313 ਕਰੋੜ ਰੁਪਏ ਹੋ ਗਈ ਸੀ। ਇਹ ਸਾਰਾ ਕਰੈਡਿਟ ਪਿਛਲੀ ਸਰਕਾਰ ਨੂੰ ਹੀ ਜਾਂਦਾ ਹੈ ਉਸ ਵੇਲੇ ਇਹ ਪੈਦਾਵਾਰ ਦੁਗਣੀ ਹੋਈ। ਚੇਅਰਮੈਨ ਸਾਹਿਬ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਜਿੰਨੀ ਪਿਛਲੇ ਸਾਲਾਂ ਵਿਚ ਪਰੋਡਕਸ਼ਨ ਵੱਧੀ ਹੈ ਜੇ ਅਗਲੇ ਪੰਜਾਂ ਸਾਲਾਂ ਵਿਚ ਇਹ ਐਨੀ ਪੈਦਾਵਾਰ ਕਰ ਦੇਣ ਤਾਂ ਮੈਂ ਦਿਲੋਂ ਇਸ ਅਕਾਲੀ ਸਰਕਾਰ ਨੂੰ ਮੁਬਾਰਕ-ਬਾਦ ਦਿਆਂਗਾ। ਇਨ੍ਹਾਂ ਨੂੰ ਚਾਹੀਦਾ ਹੈ ਕਿ ਜਿਹੜੇ ਚੰਗੇ ਕੰਮ ਹੋਏ ਹਨ ਉਨ੍ਹਾਂ ਨੂੰ ਚੰਗਾ ਕਹਿਣਾ ਚਾਹੀਦਾ ਹੈ ਐਵੇਂ ਨੁਕਸ ਨਹੀਂ ਕੱਢੀ ਜਾਣੇ ਚਾਹੀਦੇ।

ਹੁਣ ਮੈਂ ਗਵਰਨਰ ਐਡਰੈਸ ਦੇ ਉਤੇ ਇਕ ਹੋਰ ਅਰਜ਼ ਕਰਦਾ ਹਾਂ। ਮੈਂ ਮਿਉਂਸਿਪਲ ਕਮੇਟੀਆਂ ਅਤੇ ਕਾਰਪੋਰੇਸ਼ਨਜ਼ ਦੀਆਂ ਇਲੈਕਸ਼ਨ ਦੀ ਗੱਲ ਕਰਦਾ ਹਾਂ। ਇਸ ਸਬੰਧ ਵਿਚ ਮੈਂ ਚੀਫ਼ ਮਨਿਸਟਰ ਨੂੰ ਵੀ ਮਿਲਿਆ ਹਾਂ। ਇਹ ਇਲੈਕਸ਼ਨ ਕਾਫੀ ਸਾਲਾਂ ਤੋਂ ਨਹੀਂ ਹੋਏ। ਇਹ ਮੈਂ ਕਿਹਾ ਹੈ ਕਿ ਇਹ ਜਲਦੀ ਇਲੈਕਸ਼ਨ ਕਰਵਾਉਣੇ ਚਾਹੀਦੇ ਹਨ। ਲੁਧਿਆਣਾ ਵਿਚ 1964 ਵਿਚ ਮਿਉਂਸਿਪਲ ਕਮੇਟੀ ਦੇ ਇਲੈਕਸ਼ਨ ਹੋਏ ਸਨ ਅੱਰ ਅੰਮ੍ਰਿਤਸਰ ਵਿਚ 1973 ਵਿਚ ਮਿਉਂਨਿਸਪਲ ਕਮੇਟੀ ਨੂੰ ਸਸਪੈਂਡ ਕਰ ਦਿੱਤਾ ਸੀ ਅੱਰ ਉਸ ਤੋਂ ਬਾਅਦ 1976 ਵਿਚ ਇਨ੍ਹਾਂ ਥਾਵਾਂ ਤੇ ਕਾਰਪੋਰੇਸ਼ਨ ਬਣ ਗਈ ਪਰ ਹੁਣ ਤਕ ਕੋਈ ਇਲੈਕਸ਼ਨ ਨਹੀਂ ਕਰਵਾਏ ਗਏ। ਮੈਂ ਬਰਨਾਲਾ ਸਾਹਿਬ ਨੂੰ ਇਹ ਬੇਨਤੀ ਕਰਾਂਗਾ ਕਿ ਉਹ ਇਨ੍ਹਾਂ ਕਮੇਟੀਆਂ ਦੇ ਅਤੇ ਕਾਰਪੋਰੇਸ਼ਨਾਂ ਦੇ ਇਲੈਕਸ਼ਨ ਜਲਦੀ ਕਰਵਾ ਦੇਣ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਲਿਖਿਆ ਹੈ ਕਿ ਐਜ਼ ਅਰਲੀ ਐਜ਼ ਪੌਸੀਬਲ। ਚੇਅਰਮੈਨ ਸਾਹਿਬ, ਇਹ ਕੁਝ ਕਨਵੇ ਨਹੀਂ ਕਰਦਾ। ਜੇ ਇਸ ਦੀ ਜਗ੍ਹਾ 6 ਮਹੀਨੇ ਜਾਂ ਸਾਲ ਦਾ ਸਮਾਂ ਦਿੱਤਾ ਹੁੰਦਾ ਤਾਂ ਚੰਗੀ ਗਲ ਸੀ। ਮੈਂ ਇਹ ਕਹਿੰਦਾ ਹਾਂ ਕਿ ਕਮੇਟੀਆਂ ਦੇ, ਬਲਾਕ ਸਮਤੀਆਂ ਦੇ ਅੱਰ ਜ਼ਿਲ੍ਹਾ ਪਰੀਸ਼ਦਾਂ ਦੇ ਇਲੈਕਸ਼ਨ ਮਾਰਚ, 1986 ਤੋਂ ਪਹਿਲਾਂ ਪਹਿਲਾਂ ਹੋ ਜਾਣੇ ਚਾਹੀਦੇ ਹਨ।

ਸ਼੍ਰੀ ਪ੍ਰੇਮ ਗੁਪਤਾ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਚੇਅਰਮੈਨ ਸਾਹਿਬ

** ** **

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ: ਚੇਅਰਮੈਨ ਸਾਹਿਬ, ਕੀ ਇਹ ਪੁਆਇੰਟ ਆਫ਼ ਆਰਡਰ ਹੈ ?

ਸ਼੍ਰੀ ਸਭਾਪਤੀ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਪਰ ਤੁਸੀਂ ਹੁਣ ਜਲਦੀ ਵਾਈਂਡ ਅਪ ਕਰ ਦਿਓ।

ਸ਼੍ਰੀ ਬ੍ਰਿਜ ਭੂਸ਼ਣ ਮਹਿਰਾ: ਚੇਅਰਮੈਨ ਸਾਹਿਬ, ਹੁਣ ਮੈਂ ਗਵਰਨਰ ਐਡਰੈਸ ਦੇ ਪੇਜ 13 ਤੇ ਜੋ ਲਿਖਿਆ ਹੈ ਉਹ ਪੜ੍ਹਨ ਲਗਾ ਹਾਂ .....

"My Government proposes to start a second project for treating the sewerage waste from the towns of Amritsar, Jalandhar, Ludhiana, Bhatinda, Pathankot, Rajpura and Moga. This would be an important sanitation project costing about Rs. 120 crores"

ਜੋ ਪਹਿਲੇ ਸੀਵਰੇਜ ਬੋਰਡ ਦਾ ਹਾਲ ਹੋਇਆ ਹੈ। ਇਸ ਬੋਰਡ ਨੇ ਲੋਕਾਂ ਦੇ ਨੱਕ ਵਿਚੋਂ ਪੈਸੇ ਕੱਢੇ ਹਨ ਅਤੇ ਜਿਸ ਦਾ ਲੋਕਾਂ ਨੂੰ ਬਹੁਤ ਦੁਖ ਹੋਇਆ। ਇਸ ਦਾ ਮੇਨ ਕਾਰਣ ਵਰਲਡ ਬੈਂਕ ਤੋਂ ਪੰਜਾਬ ਸਰਕਾਰ ਨੇ ਜਿਹੜਾ ਕਰਜ਼ਾ ਲਿਆ ਸੀ ਉਹ ਇਕ ਵੱਡਾ ਕਾਰਣ ਸੀ। ਪੰਜਾਬ ਸਰਕਾਰ ਨੂੰ ਅੱਗੇ ਤੋਂ ਐਸਾ ਕੋਈ ਵੀ ਲੋਨ ਨਹੀਂ ਲੈਣਾ ਚਾਹੀਦਾ ਜਿਸ ਦਾ ਬੋਝ ਮਿਉਂਸਪਲ ਕਮੇਟੀਜ਼ ਜਾਂ ਕਾਰਪੋਰੇਸ਼ਨਾਂ ਤੇ ਪਵੇ। ਪੰਜਾਬ ਦੇ ਸ਼ਹਿਰਾਂ ਦੇ ਵਿਚ ਜਿੰਨਾ ਪਾਣੀ ਦਾ ਬਿਲ ਆਉਂਦਾ ਸੀ ਉਤਨਾ ਸੀਵਰੇਜ ਦਾ ਬਿਲ ਆਉਂਦਾ ਸੀ ਅਤੇ ਇਕ ਮਾਮੂਲੀ ਜਿਹੇ ਘਰ ਵਾਲਿਆਂ ਨੂੰ 200 ਜਾਂ 250 ਰੁਪਏ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਬ੍ਰਿਜ ਭੂਸ਼ਣ ਮਹਿਰਾ]

ਦੇ ਕਰੀਬ ਹਰ ਮਹੀਨੇ ਬਿਲ ਆ ਜਾਂਦਾ ਸੀ ਜਿਸ ਨੂੰ ਉਹ ਗਰੀਬ ਲੋਕ ਦੇ ਨਹੀਂ ਸਕਦੇ ਸਨ। ਮੈਂ ਬਰਨਾਲਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿੰਨੀ ਦੇਰ ਕਾਰਪੋਰੇਸ਼ਨਾਂ ਦੀਆਂ ਇਲੈਕਸ਼ਨਾਂ ਹੋ ਨਹੀਂ ਜਾਂਦੀਆਂ ਅਤੇ ਉਸ ਦੇ ਚੁਣੇ ਹੋਏ ਨੁਮਾਇੰਦੇ ਆ ਨਹੀਂ ਜਾਂਦੇ ਉਤਨੀ ਦੇਰ ਤਕ ਸੀਵਰੇਜ ਚਾਰਜਿਜ਼ ਨੂੰ ਰੋਕ ਦਿੱਤਾ ਜਾਵੇ। ਇਸ ਬਾਰੇ ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਕਾਫੀ ਕੁਝ ਕਹਿ ਦਿੱਤਾ ਹੈ। ਅੰਮ੍ਰਿਤਸਰ ਦੇ ਵਿਚ 33 ਕੇ.ਵੀ. ਦਾ ਬਿਗ ਪਾਵਰ ਸਟੇਸ਼ਨ ਬਨਾਉਣਾ ਚਾਹੀਦਾ ਹੈ ਜਿਸ ਤਰ੍ਹਾਂ ਜਲੰਧਰ ਅਤੇ ਲੁਧਿਆਣੇ ਵਿਚ ਹੈ। ਇਸ 33 ਕੇ.ਵੀ. ਸਟੇਸ਼ਨ ਦੇ ਨਾਲ ਲੋਕਾਂ ਨੂੰ ਬਿਜਲੀ ਦੀ ਸਹੂਲਤ ਮਿਲੇਗੀ ਅਤੇ ਬਿਜਲੀ ਦੀ ਵੋਲਟੇਜ ਵੀ ਠੀਕ ਰਹੇਗੀ। ਅੰਮ੍ਰਿਤਸਰ ਵਿਚ ਇਕ ਅਸੀਂ ਫੋਕਲ ਪੁਆਇੰਟ ਬਣਾਇਆ ਸੀ। ਇਸ ਦੇ ਵਿਚ 192 ਪਲਾਟ ਬਣੇ ਸਨ ਜਦ ਕਿ ਐਪਲੀਕੇਸ਼ਨਾਂ 5000 ਦੇ ਕਰੀਬ ਆਈਆਂ ਸਨ। ਪਿਛਲੇ ਹਾਲਾਤ ਦੇ ਕਾਰਣ ਅੰਮ੍ਰਿਤਸਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਇੱਕ ਹੋਰ ਫੋਕਲ ਪੁਆਇੰਟ ਅੰਮ੍ਰਿਤਸਰ ਵਿਚ ਬਨਾਉਣ ਅੌਰ ਇਸ ਦੇ ਵਿਚ ਇਕ ਗੱਲ ਦਾ ਖਿਆਲ ਰੱਖਣ ਜਿਹੜੇ ਪਲਾਟ ਕੱਟੇ ਜਾਣ ਉਹ 500 ਜਾਂ 1000 ਯਾਰਡ ਦੇ ਹੋਣੇ ਚਾਹੀਦੇ ਹਨ ਤਾਕਿ ਜ਼ਿਆਦਾ ਤੋਂ ਜ਼ਿਆਦਾ ਛੋਟੇ ਅਤੇ ਦਰਮਿਆਨੇ ਦਰਜ਼ੇ ਦੇ ਇੰਡਸਟਰੀਅਲਿਸਟ ਸ਼ਾਮਲ ਹੋ ਸਕਣ ਅੌਰ ਅੰਮ੍ਰਿਤਸਰ ਦੀ ਇੰਡਸਟਰੀ ਤਰੱਕੀ ਕਰ ਸਕੇ। ਇਨ੍ਹਾਂ ਸ਼ਬਦਾਂ ਦੇ ਨਾਲ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ।

ਸ਼੍ਰੀ ਸਭਾਪਤੀ: ਹੁਣ ਸਰਦਾਰ ਸੁਰਜੀਤ ਸਿੰਘ ਬਰਨਾਲਾ, ਚੀਫ ਮਨਿਸਟਰ ਸਾਹਿਬ, ਗਵਰਨਰ ਐਡਰੈਸ ਉਤੇ ਹੋਈ ਬਹਿਸ ਦਾ ਜਵਾਬ ਦੇਣਗੇ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਚੇਅਰਮੈਨ ਸਾਹਿਬ, ਇਸ ਵਾਰ ਗਵਰਨਰ ਸਾਹਿਬ ਦਾ ਐਡਰੈਸ ਇਕ ਨਵੇਂ ਢੰਗ ਦਾ ਐਡਰੈਸ ਸੀ। ਮੈਂ ਵੀ ਇਸ ਸਦਨ ਦਾ ਕਾਫੀ ਅਰਸੇ ਤੋਂ ਮੈਂਬਰ ਰਿਹਾ ਹਾਂ ਅਤੇ ਦੇਖਦੇ ਰਹੇ ਹਾਂ ਕਿ ਜਿਸ ਤਰ੍ਹਾਂ ਪਹਿਲੇ ਸਾਧਾਰਣ ਤੌਰ ਦਾ ਐਡਰੈਸ ਗਵਰਨਰ ਸਾਹਿਬ ਦਾ ਹੁੰਦਾ ਸੀ ਉਸ ਨਾਲੋਂ ਇਹ ਇਕ ਨਵੇਂ ਢੰਗ ਦਾ ਐਡਰੈਸ ਹੈ। ਮੈਨੂੰ 18 ਸਾਲਾਂ ਦਾ ਪੁਰਾਣਾ ਤਜਰਬਾ ਹੈ ਅਤੇ ਮੇਰੇ ਤੋਂ ਵੀ ਪੁਰਾਣੇ ਕਈ ਮੈਂਬਰ ਸਾਹਿਬਾਨ ਹੋਣਗੇ ਅਤੇ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਇਸ ਤਰ੍ਹਾਂ ਦਾ ਐਡਰੈਸ ਪਹਿਲੇ ਕਦੇ ਨਹੀਂ ਹਾਊਸ ਵਿਚ ਆਇਆ। ਅਸੀਂ ਇਹ ਪਹਿਲੀ ਵਾਰ ਵੇਖਿਆ ਹੈ ਕਿ ਟਰੇਜ਼ਰੀ ਬੈਂਚਿਜ਼ ਵਾਲੇ ਹਮੇਸ਼ਾ ਗਵਰਨਰ ਐਡਰੈਸ ਦੀ ਤਾਰੀਫ ਕਰਦੇ ਹਨ ਪਰ ਇਥੇ ਆਪੋਜ਼ੀਸ਼ਨ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਵੀ ਇਸ ਐਡਰੈਸ ਦੀ ਤਾਰੀਫ ਕੀਤੀ ਹੈ। ਇਸ ਦੇ ਵਿਚ ਜਨਤਾ ਪਾਰਟੀ ਦੇ ਸਰਦਾਰ ਕਿਰਪਾਲ ਸਿੰਘ ਅਤੇ ਭਾਜਪਾ ਦੇ ਮੈਂਬਰਾਂ ਨੇ ਅਤੇ ਕਮਿਊਨਿਸਟ ਮੈਂਬਰ ਨੇ ਵੀ ਇਸ ਐਡਰੈਸ ਦੀ ਤਾਰੀਫ ਕੀਤੀ ਹੈ। ਭਾਵੇਂ ਸਰਦਾਰ ਕਿਰਪਾਲ ਸਿੰਘ ਜੀ ਨੇ ਤਾਰੀਫ ਕਰਦੇ ਹੋਏ ਕੁਝ ਸਰਕਾਰ ਦੀ ਨੁਕਤਾਚੀਨੀ ਵੀ ਕੀਤੀ ਹੈ। ਪਰ ਜੋ ਇਸ ਐਡਰੈਸ ਵਿਚ ਆਇਆ ਹੈ ਇਹ ਸ਼ਾਇਦ ਪਹਿਲੇ ਕਦੇ ਨਹੀਂ ਆਇਆ ਹੈ। ਗਵਰਨਰ ਸਾਹਿਬ ਨੇ ਆਪਣੀ ਗੱਲ ਨੂੰ ਪੋਇਟਿਕ ਢੰਗ ਨਾਲ ਇਹ ਗੱਲ ਕਹੀ ਹੈ ਕਿ ਅਸੀਂ ਇਥੇ "ਅੱਖਾਂ ਵਿਚ ਹੰਝੂ, ਬੁੱਲ੍ਹਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿਚ ਨਵੀਆਂ ਉਮੀਦਾਂ ਲੈ ਕੇ ਇੱਕਠੇ ਹੋਏ ਹਾਂ"। ਇਸ ਤਰ੍ਹਾਂ ਦੀਆਂ ਗੱਲਾਂ ਸ਼ਾਇਦ ਪਹਿਲੇ ਕਦੇ ਨਹੀਂ ਗਵਰਨਰ ਐਡਰੈਸ ਵਿਚ ਆਈਆਂ ਹੋਣ। ਇਥੋਂ ਤੱਕ ਕਿ ਐਮਰਜੈਂਸੀ ਤੋਂ ਬਾਦ ਵੀ ਇਸ ਤਰ੍ਹਾਂ ਦਾ ਗਵਰਨਰ ਸਾਹਿਬ ਦਾ ਐਡਰੈਸ ਨਹੀਂ ਆਇਆ ਹੋਵੇਗਾ ਭਾਵੇਂ ਉਦੋਂ ਕਾਫੀ ਲੋਕਾਂ ਨੂੰ ਦੁਖਾਂ ਦਾ ਸਾਹਮਣਾ ਕਰਨਾ ਪਿਆ ਸੀ ਪਰ ਜਿਹੜੇ ਹਾਲਾਤ ਤੋਂ ਬਾਦ ਅਤੇ ਕਾਫੀ ਅਰਸੇ ਤੋਂ ਬਾਦ ਅਸੀਂ ਇਸ ਸਦਨ ਵਿਚ ਆਏ ਅਤੇ ਸ਼ਾਇਦ ਗਵਰਨਰ ਸਾਹਿਬ ਨੇ ਇਹ ਗੱਲ ਸੱਚੇ ਦਿਲੋਂ ਕਹੀ ਹੋਵੇ ਕਿ ਅਸੀਂ ਅੱਖਾਂ ਵਿਚ ਹੰਝੂ, ਬੁੱਲਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿਚ ਨਵੀਆਂ ਉਮੀਦਾਂ ਲੈ ਕੇ ਇਥੇ ਆਏ ਹਾਂ। ਇਥੇ ਇਕ ਆਪੋਜ਼ੀਸ਼ਨ ਪਾਰਟੀ ਦੇ ਮੈਂਬਰ ਨੇ ਬੋਲਦੇ ਹੋਏ ਬਹੁਤ ਕੁਝ ਕਿਹਾ, ਸ਼ਾਇਦ ਉਨ੍ਹਾਂ ਨੂੰ ਹਾਊਸ ਦੇ ਡੈਕੋਰਮ ਦਾ ਪਤਾ ਨਹੀਂ ਸੀ ਅਤੇ ਉਨ੍ਹਾਂ ਨੇ ਆਪਣੀਆਂ ਗੱਲਾਂ ਨੂੰ ਵਿਦਡਰਾ ਵੀ ਕਰ ਲਿਆ ਜਿਹੜੀਆਂ ਕਿ ਵਾਧੂ ਗੱਲਾਂ ਸਨ। ਚੇਅਰਮੈਨ ਸਾਹਿਬ, ਅਸੀਂ ਇਥੇ ਕਾਫੀ ਅਰਸੇ ਤੋਂ ਬਾਦ ਇਕੱਠੇ

Original with;
Punjab Vidhan Sabha
Digitized by;
Panjab Digital Library

ਹੋਏ ਸੀ ਅਤੇ ਕਾਫੀ ਸਮੇਂ ਤੋਂ ਲੋਕਰਾਜੀ ਸਰਕਾਰ ਪੰਜਾਬ ਵਿਚ ਨਹੀਂ ਸੀ ਅਤੇ ਇਥੇ ਗਵਰਨਰੀ ਰਾਜ ਸੀ। ਇਲੈਕਸ਼ਨਾਂ ਤੋ ਬਾਦ ਅਸੀਂ ਇਥੇ ਫਿਰ ਇਕਠੇ ਹੋਏ ਹਾਂ ਜਿਸ ਕਰਕੇ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਇਥੇ ਅੱਖਾਂ ਵਿਚ ਹੰਝੂ, ਬੁੱਲਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿਚ ਉਮੀਦਾਂ ਲੈ ਕੇ ਆਏ ਹਾਂ। ਅਸੀਂ ਬੜੇ ਭਿਆਨਕ ਸਮੇਂ ਵਿਚੋਂ ਗੁਜ਼ਰਕੇ ਆਏ ਹਾਂ ਅਤੇ ਇਸ ਭਿਆਨਕ ਦੌਰ ਦੇ ਵਿਚੋਂ ਅਸੀਂ ਅਕਾਲੀ ਪਾਰਟੀ ਵਾਲੇ ਨਿਕਲੇ ਹਾਂ। ਜਦੋਂ ਵੀ ਪਿਛੇ ਪੰਜਾਬ ਵਿਚ ਕੋਈ ਵੀ ਇਕਾ ਦੁਕਾ ਘਟਨਾ ਹੁੰਦੀ ਸੀ ਉਸ ਦੀ ਅਸੀਂ ਨਿੰਦਾ ਕਰਦੇ ਰਹੇ ਹਾਂ ਚਾਹੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ ਜਾਂ ਮੈਂ ਕੀਤੀ ਅਤੇ ਸਾਡੇ ਸੰਤ ਜੀ ਹਮੇਸ਼ਾ ਇਨ੍ਹਾਂ ਘਟਨਾਵਾਂ ਦੀ ਨਿੰਦਾ ਕਰਦੇ ਰਹੇ ਹਨ। ਚਾਹੇ ਬੱਸਾਂ ਵਿਚ ਵਾਕਿਆਤ ਹੋਇਆ ਜਾਂ ਕੋਈ ਹੋਰ ਥਾਂ ਤੇ ਹੋਇਆ। ਇਸ ਮਾੜੀ ਘਟਨਾ ਦੀ ਅਸੀਂ ਨਿੰਦਾ ਕਰਦੇ ਰਹੇ ਹਾਂ। ਮਾੜੀ ਘਟਨਾ ਨੂੰ ਮਾੜਿਆਂ ਹੀ ਕਿਹਾ ਜਾਂਦਾ ਹੈ। ਅਸੀਂ ਨਿੰਦਾ ਦੇ ਨਾਲ ਇਨ੍ਹਾਂ ਘਟਨਾਂ ਉਤੇ ਇਨਕੁਆਇਰੀ ਦੀ ਮੰਗ ਵੀ ਕਰਦੇ ਰਹੇ ਹਾਂ। ਬਾਕੀ ਇਨ੍ਹਾਂ ਘਟਨਾਵਾਂ ਤੋਂ ਬਾਦ ਪੰਜਾਬ ਵਿਚ ਦਰਬਾਰ ਸਾਹਿਬ ਉਤੇ ਬਲਿਊ ਸਟਾਰ ਅਪਰੇਸ਼ਨ ਹੋਇਆ ਜਿਹੜਾ ਇਕ ਭਿਆਨਕ ਅਪਰੇਸ਼ਨ ਸੀ ਜਿਸ ਦੇ ਵਿਚ ਬਹੁਤ ਸਾਰੇ ਬੇਕਸੂਰ ਬੱਚੇ ਅਤੇ ਬੀਬੀਆਂ ਜਿਹੜੀਆਂ ਮੱਥਾ ਟੇਕਣ ਵਾਸਤੇ ਦਰਬਾਰ ਸਾਹਿਬ ਆਈਆਂ ਹੋਈਆਂ ਸਨ, ਉਹ ਇਸ ਬਲਿਊ ਸਟਾਰ ਅਪਰੇਸ਼ਨ ਦਾ ਸ਼ਿਕਾਰ ਹੋਏ ਅਤੇ ਕਈ ਬੇਗੁਨਾਹ ਲੋਕਾਂ ਦੀਆਂ ਜਾਨਾਂ ਗਈਆਂ। ਇਹ ਵਾਕਿਆਤ ਇਤਿਹਾਸ ਦੇ ਪੰਨਿਆਂ ਵਿਚ ਲਿਖੇ ਜਾਣਗੇ। ਫੇਰ ਜਦ ਲੋਕਾਂ ਨੂੰ ਪਤਾ ਲਗਾ ਕਿ ਦਰਬਾਰ ਸਾਹਿਬ ਤੇ ਹਮਲਾ ਹੋਇਆ ਹੈ ਅਤੇ ਸਾਡਾ ਅਕਾਲ ਤਖਤ ਢਹਿ ਢੇਰੀ ਹੋ ਗਿਆ ਹੈ। ਇਹ ਸੁਣ ਕੇ ਲੋਕਾਂ ਦੇ ਦਿਲਾਂ ਉਤੇ ਬਹੁਤ ਭਾਰੀ ਦੁੱਖ ਅਤੇ ਸਦਮੇ ਦੀ ਸੱਟ ਵੱਜੀ ਅਤੇ ਇਨ੍ਹਾਂ ਵਾਕਿਆਤ ਨੂੰ ਦੇਖਦੇ ਹੋਏ ਅਸੀਂ ਕਿਹਾ ਹੈ ਕਿ ਅਸੀਂ ਇਥੇ ਅੱਖਾਂ ਵਿਚ ਹੰਝੂ, ਬੁੱਲਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿਚ ਨਵੀਆਂ ਉਮੀਦਾਂ ਲੈ ਕੇ ਇਥੇ ਹਾਊਸ ਵਿਚ ਆਏ ਹਾਂ। ਇਸ ਬਲਿਊ ਸਟਾਰ ਅਪਰੇਸ਼ਨ ਦਾ ਪ੍ਰੋਟੈਸਟ ਮੈਂ ਅਤੇ ਬਾਦਲ ਸਾਹਿਬ ਨੇ ਕੀਤਾ ਪਰ ਸਾਨੂੰ ਦੋਨਾਂ ਨੂੰ ਫੜ ਲਿਆ ਗਿਆ ਅਤੇ ਸਾਨੂੰ ਮੱਧ ਪ੍ਰਦੇਸ਼ ਦੀਆਂ ਕਾਲ ਕੋਠੜੀਆਂ ਵਿਚ ਬੰਦ ਕਰ ਦਿੱਤਾ ਗਿਆ ਤਾਕਿ ਸਾਡੀ ਆਵਾਜ਼ ਬੰਦ ਹੋ ਜਾਵੇ। ਇਸੇ ਤਰ੍ਹਾਂ ਸਾਡੇ ਨਾਲ ਹੋਰ ਕਈ ਸਾਥੀਆਂ ਨੂੰ ਫੜ ਲਿਆ ਗਿਆ ਸੀ। ਇਸ ਤੋਂ ਬਾਦ ਨਵੰਬਰ ਰਾਇਟਸ ਹੋ ਗਏ। ਇਹ ਵੀ ਇਕ ਭਿਆਨਕ ਵਾਕਿਆਤ ਸੀ ਜਿਸਨੂੰ ਸੁਣ ਕੇ ਸਾਡਾ ਕਲੇਜਾ ਮੂੰਹ ਤੋਂ ਬਾਹਰ ਨਿਕਲਦਾ ਹੈ। ਇਨ੍ਹਾਂ ਹਾਲਾਤ ਤੋਂ ਬਾਦ ਅਸੀਂ ਇਸ ਹਾਊਸ ਵਿਚ ਹੁਣ ਆਏ ਸੀ ਅਤੇ ਅੱਖਾਂ ਵਿਚ ਸਾਡੇ ਹੰਝੂ ਨਹੀਂ ਹੋਣਗੇ ਤਾਂ ਹੋਰ ਕੀ ਹੋਵੇਗਾ ਇਸੇ ਕਰਕੇ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਅਸੀਂ ਇਥੇ ਅੱਖਾਂ ਵਿਚ ਹੰਝੂ, ਬੁੱਲਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿਚ ਨਵੀਆਂ ਉਮੀਦਾਂ ਲੈ ਕੇ ਇਸ ਹਾਊਸ ਵਿਚ ਆਏ ਹਾਂ ਅਤੇ ਲੋਕਾਂ ਦੇ ਨੁਮਾਇੰਦੇ ਬਣ ਕੇ ਆਏ ਹਾਂ ਅਤੇ ਉਮੀਦ ਕਰਦੇ ਹਾਂ ਕਿ ਇਸ ਦੇਸ਼ ਵਿਚ ਇਸ ਤਰ੍ਹਾਂ ਦੇ ਮਾੜੇ ਵਾਕਿਆਤ ਫਿਰ ਨਾ ਹੋਣ ਜਿਹੜੇ ਲੋਕਾਂ ਦੇ ਦਿਲਾਂ ਵਿਚ ਜਖਮ ਕਰਨ।

ਚੇਅਰਮੈਨ ਸਾਹਿਬ, ਅੱਜ ਅਸੀਂ ਇੱਥੇ ਅੱਖਾਂ ਵਿਚ ਹੰਝੂ, ਬੁੱਲਾਂ ਉਤੇ ਪ੍ਰਾਰਥਨਾ ਅਤੇ ਦਿਲਾਂ ਵਿਚ ਨਵੀਆਂ ਉਮੀਦਾਂ ਲੈ ਕੇ ਇਕੱਠੇ ਹੋਏ ਹਾਂ। ਚੇਅਰਮੈਨ ਸਾਹਿਬ, ਕਿਸੇ ਨੇ ਵਾਹਿਗੁਰੂ, ਕਿਸੇ ਨੇ ਪਰਮਾਤਮਾ, ਕਿਸੇ ਨੇ ਅਕਾਲਪੁਰਖ ਅਤੇ ਕਿਸੇ ਨੇ ਹੋਰ ਢੰਗ ਨਾਲ ਪ੍ਰਾਰਥਨਾ ਕੀਤੀ ਕਿ ਇਸ ਤਰ੍ਹਾਂ ਦੇ ਵਾਕਿਆਤ ਪੰਜਾਬ ਵਿਚ, ਦੇਸ਼ ਵਿਚ ਮੁੜ ਕੇ ਨਹੀਂ ਹੋਣੇ ਚਾਹੀਦੇ। ਅਸੀਂ ਜੇਲ੍ਹਾਂ ਵਿਚੋਂ ਪ੍ਰਾਰਥਨਾ ਲੈ ਕੇ ਅਤੇ ਹੋਰ ਨਵੀਆਂ ਉਮੀਦਾਂ ਲੈ ਕੇ ਆਏ ਹਾਂ। ਪੰਜਾਬ ਦੇ ਲੋਕਾਂ ਵਿਚ ਸ਼ਾਂਤੀ ਰਹੇ। ਪੰਜਾਬ ਦੇ ਲੋਕਾਂ ਨੂੰ ਜੋ ਵਿਘਨ ਪਿਆ ਸੀ, ਉਹ ਕਿਸ ਕਿਸ ਕਾਰਨ ਕਰਕੇ ਪਿਆ ਸੀ, ਮੈਂ, ਚੇਅਰਮੈਨ ਸਾਹਿਬ, ਉਸ ਵਿਚ ਜਾਣ ਦੀ ਲੋੜ ਨਹੀਂ ਸਮਝਦਾ। ਕਈਆਂ ਨੇ ਇਧਰ ਤੋਂ ਅਤੇ ਕਈਆਂ ਨੇ ਉਧਰ ਤੋਂ ਆਪਣੇ ਆਪਣੇ ਵਿਚਾਰ ਦਿਤੇ, ਜਿਨ੍ਹਾਂ ਕਰਕੇ ਪੰਜਾਬ ਅਤੇ ਦੇਸ਼ ਦੇ ਹਾਲਾਤ ਖਰਾਬ ਹੋਏ। ਪੰਜਾਬ ਅਤੇ ਹੋਰ ਦੇਸ਼ ਦੇ ਹਿਸਿਆਂ ਵਿਚ ਤਬਾਹੀ ਮੱਚੀ ਪਰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਚੇਅਰਮੈਨ ਸਾਹਿਬ, ਅਸੀਂ ਇਥੇ ਨਵੀਆਂ ਉਮੀਦਾਂ ਲੈ ਕੇ ਆਏ ਹਾਂ। ਪੰਜਾਬ ਵਿਚ ਅਮਨ ਹੋਵੇ, ਆਪਸ ਵਿਚ ਸਦਭਾਵਨਾ ਅਤੇ ਖੁਸ਼ਹਾਲੀ ਹੋਵੇ, ਇਸ ਤਰ੍ਹਾਂ ਦੀ ਪ੍ਰਾਰਥਨਾ ਲੈ ਕੇ ਬੁੱਲਾਂ ਉਤੇ ਆਏ ਹਾਂ। ਇਥੇ ਇਧਰ ਤੋਂ ਵੀ ਅਤੇ ਉਧਰ ਤੋਂ ਵੀ ਗਵਰਨਰ ਸਾਹਿਬ ਦੇ ਐਡਰੈਸ ਤੇ ਮੈਂਬਰਾਂ ਨੇ ਪ੍ਰਸ਼ੰਸਾ ਕੀਤੀ। ਅਕਾਰਡ ਦਾ ਦੋਹਾਂ ਪਾਸਿਆਂ ਤੋਂ ਮੈਂਬਰ ਸਾਹਿਬਾਨ ਨੇ ਜ਼ਿਕਰ ਕੀਤਾ। ਸੰਤ ਹਰਚੰਦ ਸਿਘ ਲੌਂਗੋਵਾਲ ਅਤੇ ਪ੍ਰਧਾਨ ਮੰਤਰੀ ਜੀ ਦੇ ਹੋਏ ਅਕਾਰਡ ਦੇ ਲਾਭਾਂ ਦਾ ਵੀ ਜ਼ਿਕਰ ਕੀਤਾ। ਇਸ ਬਾਰੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਜ਼ਿਕਰ ਆਇਆ ਹੈ। "ਸੰਤ ਹਰਚੰਦ ਸਿੰਘ ਲੌਂਗੋਵਾਲ, ਜੋ ਪਸਰੀ ਹੋਈ ਉਦਾਸੀ ਅਤੇ ਅੰਧਕਾਰ ਵਿਚ ਇਕ ਚਾਨਣ ਮੁਨਾਰੇ ਵਾਂਗ ਸਨ, ਦੀ ਸ਼ਹੀਦੀ, ਨਾ ਕੇਵਲ ਉਨ੍ਹਾਂ ਦੇ ਵਿਸ਼ਵਾਸ ਦੀ ਦ੍ਰਿੜ੍ਹਤਾ ਦੀ ਹੀ ਸੂਚਕ ਹੈ ਸਗੋਂ ਪੰਜਾਬ ਦੇ ਹਿੰਦੂਆਂ, ਸਿੱਖਾਂ, ਈਸਾਈਆਂ, ਮੁਸਲਮਾਨਾਂ ਅਤੇ ਹਰੀਜਨਾਂ ਦੀ ਏਕਤਾ ਤੇ ਅਖੰਡਤਤਾ ਵਿਚ ਸੰਤ ਜੀ ਦੇ ਆਪਣੇ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੇ ਵਿਸ਼ਵਾਸ ਦੀ ਵੀ ਪ੍ਰਤੀਕ ਹੈ"। ਚੇਅਰਮੈਨ ਸਾਹਿਬ, ਬੜੇ ਸੋਹਣੇ ਲਫਜ਼ਾਂ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਵਿਸ਼ਵਾਸ ਨੂੰ "ਸਰਬੱਤ ਦਾ ਭਲਾ" ਦੇ ਸੰਕਲਪ ਵਿਚ ਵਖੇਰੇ ਸਪੱਸ਼ਟ ਕਰਕੇ ਪੇਸ਼ ਕਰ ਦਿੱਤਾ ਹੈ। ਅਸੀਂ "ਸਰਬਤ ਦਾ ਭਲਾ" ਮੰਗਿਆ ਹੈ। ਚੇਅਰਮੈਨ ਸਾਹਿਬ, ਅਸੀਂ ਕੋਈ ਸਿੱਖਾਂ ਦਾ ਭਲਾ, ਜਾਂ ਅਕਾਲੀਆਂ ਦਾ ਭਲਾ ਨਹੀਂ ਮੰਗਿਆ ਬਲਕਿ ਸਾਰਿਆਂ ਦਾ ਭਲਾ ਮੰਗਿਆ ਹੈ। ਚੇਅਰਮੈਨ ਸਾਹਿਬ, ਅਸੀਂ ਰਿਸ਼ੀਆਂ ਮੁਨੀਆਂ ਦੀ ਤਰ੍ਹਾਂ "ਸਰਬੱਤ ਦਾ ਭਲਾ" ਚਾਹੁੰਦੇ ਹਾਂ। ਇਹ ਅਕਾਰਡ ਸਭ ਦੇ ਭਲੇ ਲਈ ਹੈ। (ਥੰਪਿੰਗ) ਚੇਅਰਮੈਨ ਸਾਹਿਬ, ਇਥੇ ਕਈ ਮੈਂਬਰ ਸਾਹਿਬਾਨ ਵਲੋਂ ਜ਼ਿਕਰ ਕੀਤਾ ਗਿਆ ਸੀ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਯਾਦਗਾਰ ਕਾਇਮ ਕੀਤੀ ਜਾਵੇ। ਇਸ ਦਾ ਜ਼ਿਕਰ ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਕੀਤਾ ਗਿਆ ਸੀ। ਚੇਅਰਮੈਨ ਸਾਹਿਬ, ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਸਰਕਾਰ ਨੇ ਇਕ ਵੇਰਵਾ ਤਿਆਰ ਕੀਤਾ ਹੈ। (ਥੰਪਿੰਗ) ਉਨ੍ਹਾਂ ਦੇ ਆਪਣੇ ਲੌਂਗੋਵਾਲ ਪਿੰਡ ਵਿਚ ਜਿਥੇ ਕਿ ਉਨ੍ਹਾਂ ਨੇ ਬਹੁਤਾ ਸਮਾਂ ਉਸ ਪਿੰਡ ਵਿਚ ਗੁਜ਼ਾਰਿਆ, ਉਥੇ ਇਕ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੌਲੌਜੀ ਸਥਾਪਤ ਕੀਤਾ ਜਾਵੇਗਾ। ਉਹ ਨੌਜਵਾਨਾਂ ਨੂੰ ਸ਼ਿਖਸ਼ਾ ਦੇ ਕੇ ਪੰਜਾਬ ਦੀ ਉਨਤੀ ਵਾਸਤੇ, ਦੇਸ਼ ਦੀ ਉਨਤੀ ਵਾਸਤੇ ਕੰਮ ਕਰਦਾ ਰਹੇਗਾ। ਇਸ ਗੱਲ ਦਾ ਫੈਸਲਾ ਕੀਤਾ ਗਿਆ ਹੈ। (ਥੰਪਿੰਗ) ਚੇਅਰਮੈਨ ਸਾਹਿਬ, ਇਥੇ ਸਮਝੌਤੇ ਦੀ ਇੰਪਲੀਮੈਂਟੇਸ਼ਨ ਬਾਰੇ ਸਭ ਨੇ ਕਿਹਾ ਹੈ। 'ਇਸ ਅਕਾਰਡ ਦੀ ਸਭ ਨੇ ਪ੍ਰਸ਼ੰਸਾ ਕੀਤੀ ਹੈ। ਇਸ ਅਕਾਰਡ ਦੀ ਚੇਅਰਮੈਨ ਸਾਹਿਬ, ਪੰਜਾਬ ਵਿਚ ਹੀ ਪ੍ਰਸ਼ੰਸਾ ਨਹੀਂ ਹੋਈ ਬਲਕਿ ਸਾਰੇ ਦੇਸ਼ ਵਿਚ ਪ੍ਰਸ਼ੰਸਾ ਹੋਈ ਹੈ। ਮੈਂ ਤਾਂ ਚੇਅਰਮੈਨ ਸਾਹਿਬ ਕਹਾਂਗਾ ਕਿ ਸਾਰੇ ਸੰਸਾਰ ਵਿਚ ਇਸ ਅਕਾਰਡ ਦੀ ਪ੍ਰਸ਼ੰਸਾ ਹੋਈ ਹੈ। ਸਵਾਲ ਇਹ ਹੈ ਕਿ ਇਸ ਅਕਾਰਡ ਦੀ ਇੰਪਲੀਮੈਂਟੇਸ਼ਨ ਸਹੀ ਤਰੀਕੇ ਦੇ ਨਾਲ ਹੋਵੇ । ਇਸ ਦੀ ਸਹੀ ਤਰੀਕੇ ਨਾਲ ਇੰਪਲੀਮੈਂਟੇਸ਼ਨ ਹੋਣੀ ਚਾਹੀਦੀ ਹੈ। ਲੈਟਰ ਅਤੇ ਸਪਿਰਿਟ ਵਿਚ ਇਸਦੀ ਇੰਪਲੀਮੈਂਟੇਸ਼ਨ ਹੋਵੇ ਜਿਸ ਭਾਵਨਾ ਨਾਲ ਇਹ ਅਕਾਰਡ ਹੋਇਆ ਹੈ, ਉਹ ਭਾਵਨਾ ਪੂਰੀ ਹੋਣੀ ਚਾਹੀਦੀ ਹੈ। ਅਸੀਂ ਚੇਅਰਮੈਨ ਸਾਹਿਬ ਕੋਸ਼ਿਸ਼ ਕਰ ਰਹੇ ਹਾਂ ਕਿ ਪੰਜਾਬ ਸਰਕਾਰ ਸਮਝੌਤੇ ਦੇ ਮੈਮੋਰੰਡਮ ਦੇ ਮੁਤਾਬਿਕ ਸਿਰੇ ਚੜ੍ਹਾਉਣ ਲਈ ਯਤਨ ਕਰਦੀ ਰਹੇਗੀ। ਇਸ ਦੇ ਨਾਲ ਨਾਲ ਕੇਂਦਰੀ ਸਰਕਾਰ ਵੀ ਰਿਸਦੇ ਫੱਟਾਂ ਅਤੇ ਗਹਿਰੇ ਜ਼ਖਮਾਂ ਤੇ ਮਲ੍ਹਮ ਲਾਉਣ ਲਈ ਇਸ ਇਕੋ ਇੱਕ ਸੰਭਵ ਹੱਲ ਨੂੰ ਉਨੀ ਹੀ ਮਹੱਤਤਾ ਦੇਵੇਗੀ।' ਚੇਅਰਮੈਨ ਸਾਹਿਬ, ਅਸੀਂ ਵੀ ਕੁਝ ਕਰਨਾ ਹੈ ਪਰ ਬਹੁਤਾ ਸੈਂਟਰ ਦੀ ਸਰਕਾਰ ਨੇ ਕਰਨਾ ਹੈ, ਇਸ ਨੂੰ ਹੱਲ ਕਰਨ ਵਾਸਤੇ। ਤਾਕਿ ਸਹੀ ਭਾਵਨਾ ਕਾਇਮ ਰਹੇ ਜਿਸ ਭਾਵਨਾ ਨਾਲ ਇਹ ਗੱਲ ਸ਼ੁਰੂ ਹੋਈ ਸੀ ਅਤੇ ਸਮਝੌਤਾ ਲਿਖਿਆ ਗਿਆ ਜਿਸ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਪਰਾਈਮ ਮਨਿਸਟਰ ਜੀ ਦੇ ਦਸਤਖਤ ਹੋਏ ਹਨ। ਚੇਅਰਮੈਨ ਸਾਹਿਬ, ਇਧਰ ਤੋਂ ਵੀ ਅਤੇ ਉਧਰ ਤੋਂ ਵੀ ਇਏ ਹਾਊਸ ਵਿਚ ਜ਼ਿਕਰ ਆਇਆ ਹੈ ਕਿ ਅਕਾਰਡ ਵਿਚ ਕੋਈ ਵਿਘਨ ਨਾ ਪੈ ਜਾਵੇ। ਇਸ ਗੱਲ ਦੀ ਕਈਆਂ ਨੂੰ ਚਿੰਤਾ ਹੈ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਸੈਂਥਿਉ ਕਮਿਸ਼ਨ ਦੀਆਂ ਮੀਟਿੰਗਜ਼ ਹੋ ਰਹੀਆਂ ਹਨ ਤਾਕਿ ਚੰਡੀਗੜ੍ਹ ਦੇ ਬਦਲੇ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦਿਤੇ ਜਾਣ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ। ਇਸ ਗੱਲ ਦੀ ਘੋਖ ਹੋ ਰਹੀ ਹੈ। ਚੇਅਰਮੈਨ ਸਾਹਿਬ, ਇਸ ਵਿਚ ਤਿੰਨ ਗੱਲਾਂ ਹਨ। ਪਿੰਡ ਨੂੰ ਇਕਾਈ, ਕੰਟੀਗੁਇਟੀ ਅਤੇ ਬੋਲੀ ਦੇ ਆਧਾਰ ਤੇ ਦੇਖਣਾ ਹੈ। ਕੋਈ ਪਿੰਡ ਇਧਰ ਆ ਜਾਵੇ ਅਤੇ ਕੋਈ ਪਿੰਡ ਉਧਰ ਚਲਾ ਜਾਵੇ ਪਰ ਇਹ ਜੁੜਵਾਂ ਹੋਣ, ਨਾਲ ਲਗਦੇ ਹੋਣ। ਪੰਜਾਬੀ ਬੋਲਦਾ ਇਧਰ ਆ ਸਕਦਾ ਹੈ ਅਤੇ ਹਿੰਦੀ ਬੋਲਦਾ ਉਧਰ ਜਾ ਸਕਦਾ ਹੈ। ਚੇਅਰਮੈਨ ਸਾਹਿਬ, ਅਬੋਹਰ ਅਤੇ ਫਾਜ਼ਿਲਕਾ ਦਾ ਕਾਫੀ ਹਿਸਾ ਹਰਿਆਣੇ ਨੇ ਕਲੇਮ ਕੀਤਾ ਹੈ। ਇਸ ਬਾਰੇ ਚੇਅਰਮੈਨ ਸਾਹਿਬ, ਆਪ ਜੀ ਨੂੰ ਵੀ ਪਤਾ ਹੈ ਜਿਸ ਵੇਲੇ ਸ਼ਾਹ ਕਮਿਸ਼ਨ ਬੈਠਾ ਸੀ। ਸ਼ਾਹ ਕਮਿਸ਼ਨ ਨੇ ਫੈਸਲਾ ਕੀਤਾ ਸੀ ਕਿ ਭਾਵੇਂ ਹਿੰਦੀ ਬੋਲਦੇ ਪਿੰਡ ਹੋਣ ਉਹ ਹਰਿਆਣੇ ਨੂੰ ਨਹੀਂ ਜਾ ਸਕਦੇ ਕਿਉਂਕਿ ਉਹ ਜੁੜਵੇਂ ਨਹੀਂ ਹਨ। ਇਹ ਪਿੰਡ ਹਰਿਆਣੇ ਦੇ ਨਾਲ ਲਗਦੇ ਨਹੀਂ ਹਨ। ਪ੍ਰਿੰਸੀਪਲ ਆਫ ਕੰਟੀਗੁਇਟੀ ਬਾਰੇ ਸ਼ਾਹ ਕਮਿਸ਼ਨ ਨੇ ਫੈਸਲਾ ਦਿੱਤਾ ਸੀ, ਉਨ੍ਹਾਂ ਦਾ ਉਹ ਹਿਸਾ ਨਹੀਂ ਬਣ ਸਕਦਾ। ਕਿਉਂਕਿ ਵਿਚਾਲੇ ਉਨ੍ਹਾਂ ਦੇ ਐਸੇ ਕੁਝ ਪਿੰਡ ਹਨ ਜਿਵੇਂ ਕਿ ਕੰਡੂਖੇੜਾ ਪਿੰਡ ਹੈ ਅਤੇ ਹੋਰ ਇਸ ਤਰ੍ਹਾਂ ਦੇ ਪਿੰਡ ਹਨ ਜੋ ਪੰਜਾਬੀ ਬੋਲਦੇ ਹਨ। ਚੇਅਰਮੈਨ ਸਾਹਿਬ, ਸੈਂਥਿਉ ਕਮਿਸ਼ਨ ਬਨਾਉਣ ਵੇਲੇ ਜੋ ਟਰਮਜ਼ ਆਫ ਰੇਫਰੈਂਸ ਕੀਤੀਆਂ ਗਈਆਂ, ਉਨ੍ਹਾਂ ਵਿਚ ਤਿੰਨ ਟਰਮਜ਼ ਹਨ, ਜਿਹੜੀਆਂ ਕਿ ਅਕਾਰਡ ਵਿਚ ਸਨ। , ਲੈਗੁਏਜ, ਵਿਲੇਜ ਐਜ਼ ਯੂਨਿਟ ਅਤੇ ਕੰਟੀਗੁਇਟੀ ਹੈ। ਹੋਰ ਮਸਲੇ ਤੇ ਵੀ ਵਿਚਾਰਿਆ ਜਾ ਸਕਦਾ ਹੈ। ਇਸ ਵਾਸਤੇ ਹਾਊਸ ਵਿਚ ਚੇਅਰਮੈਨ ਸਾਹਿਬ, ਇਕ ਮਤਾ ਵੀ ਆਇਆ ਸੀ। ਇਸ ਤੇ ਬਹਿਸ ਹੁੰਦੀ ਰਹੀ ਅਤੇ ਉਸ ਮਤੇ ਦਾ ਮਕਸਦ ਇਹ ਸੀ ਕਿ ਜੋ ਧਾਰਾ ਵਾਧੂ ਐਡ ਕਰ ਦਿਤੀ, ਇਸ ਨਾਲ ਪੰਜਾਬ ਦਾ ਨੁਕਸਾਨ ਹੋ ਸਕਦਾ ਹੈ। ਚੇਅਰਮੈਨ ਸਾਹਿਬ ਭਾਵੇਂ ਪ੍ਰਧਾਨ ਮੰਤਰੀ ਜੀ ਨੇ ਮੇਰੇ ਨਾਲ ਗਲਬਾਤ ਕਰਕੇ ਬੜਾ ਖੂਬਸੂਰਤ ਬਿਆਨ ਦੇ ਦਿਤਾ ਸੀ ਕਿ ਡਰਾਫਟਿੰਗ ਵਿਚ ਗਲਤੀ ਹੋ ਗਈ ਹੈ।

A drafting error has accured. This is unfortunate.

ਪਰ ਪ੍ਰਧਾਨ ਮੰਤਰੀ ਜੀ ਨੇ ਕਿਹਾ ਸੀ ਕਿ ਕਾਂਗਰਸ ਸਰਕਾਰ ਨੂੰ ਇਸ ਦਾ ਲਾਭ ਨਹੀਂ ਹੋਣ ਦਿਤਾ ਜਾਵੇਗਾ, ਉਨ੍ਹਾਂ ਦਾ ਮਤਲਬ ਹਰਿਆਣਾ ਸਰਕਾਰ ਤੋਂ ਸੀ। ਇਹ ਚੀਜ਼ ਚੇਅਰਮੈਨ ਸਾਹਿਬ, ਸੈਂਥਿਉ ਕਮਿਸ਼ਨ ਦੇ ਲਿਖਤੀ ਰੂਪ ਵਿਚ ਨਹੀਂ ਆਈ। ਭਾਵੇਂ ਪਰਾਈਮ ਮਨਿਸਟਰ ਸਾਹਿਬ ਦੀ ਸਟੇਟਮੈਂਟ ਵਿਚ ਵਜ਼ਨ ਹੋਣਾ ਚਾਹੀਦਾ ਹੈ। ਪਰਾਈਮ ਮਨਿਸਟਰ ਜੀ ਦੇ ਬਿਆਨ ਨੂੰ ਮੁੱਖ ਰਖਦਿਆਂ ਹੋਇਆਂ, ਸੈਂਥਿਉ ਕਮਿਸ਼ਨ ਉਸ ਮੁਤਾਬਿਕ ਕਾਰਵਾਈ ਕਰੇਗਾ ਜਿਹੜੇ ਪਿੰਡ ਪੰਜਾਬੀ ਬੋਲਦੇ ਹਨ, ਉਨ੍ਹਾਂ ਨੂੰ ਹਰਿਆਣੇ ਵਿਚ ਨਹੀਂ ਜਾਣ ਦਿਤਾ ਜਾਵੇਗਾ। ਐਸੀ ਕੋਈ ਗਲਤ ਕਾਰਵਾਈ ਉਹ ਨਹੀਂ ਕਰਨਗੇ।

ਸੋ, ਚੇਅਰਮੈਨ ਸਾਹਿਬ, ਮੈਂ ਇਹੀ ਕਹਿ ਰਿਹਾ ਹਾਂ ਕਿ ਜੈਸੀ ਸੈਟਲਮੈਂਟ ਹੋਈ ਹੈ, ਵੈਸੀ ਹੀ ਗੱਲ ਹੋ ਜਾਵੇ ਤਾਂ ਉਹ ਇਲਾਕੇ ਜੋ ਕਦੇ ਸ਼ਾਹ–ਕਮਿਸ਼ਨ ਵੇਲੇ ਵੀ ਦੇਣੇ ਮੁਨਾਸਿਬ ਨਹੀਂ ਸਮਝੇ ਗਏ ਸਨ, ਜਿਨ੍ਹਾਂ ਇਲਾਕਿਆਂ ਨੂੰ ਲੈਣ ਦਾ ਕਿਸੇ ਦਾ ਹੱਕ ਨਹੀਂ ਬਣਦਾ ਸੀ, ਉਨ੍ਹਾਂ ਇਲਾਕਿਆਂ ਬਾਰੇ ਅੱਜ ਸੋਚਣਾ ਗਲਤ ਹੋਵੇਗਾ ਅਤੇ ਬਿਲਕੁਲ ਅਕਾਰਡ ਦੇ ਮਕਸਦ ਦੇ ਉਲਟ ਹੋਵੇਗਾ। ਮੈਂ ਅਕਾਰਡ ਦੀ ਇਨ ਲੈਟਰ ਐਂਡ ਸਪਿਰਿਟ ਇਮਪਲੀਮੈਂਟੇਸ਼ਨ ਹੋਣ ਬਾਰੇ ਅਰਜ਼ ਕਰ ਰਿਹਾ ਸੀ, ਜਿਹੜੀ ਕਿ ਸਹੀ ਤਰੀਕੇ ਨਾਲ ਇਸੇ ਤਰ੍ਹਾਂ ਹੋ ਸਕਦੀ ਹੈ।

ਚੇਅਰਮੈਨ ਸਾਹਿਬ, ਇਸ ਐਡਰੈਸ ਦੇ 6ਵੇਂ ਪੈਰੇ ਵਿੱਚ ਇਕ ਜ਼ਿਕਰ ਆਇਆ ਹੈ ਕਿ ਸਰਕਾਰ ਕਿਸੇ ਵੱਖਵਾਦੀ ਜਾਂ ਅਲਹਿਦਗੀ-ਪਸੰਦ ਵਿਚਾਰਧਾਰਾਵਾਂ ਜਾਂ ਸਰਗਮੀਆਂ ਨੂੰ ਬਰਦਾਸ਼ਤ ਨਹੀਂ ਕਰੇਗੀ। ਇਹ ਗੱਲ ਬੜੇ ਸਪਸ਼ਟ ਰੂਪ ਵਿੱਚ ਦੱਸੀ ਗਈ ਹੈ ਪਰ ਮੈਨੂੰ ਬੜੇ ਅਫਸੋਸ ਨਾਲ ਆਖਣਾ ਪੈਂਦਾ ਹੈ ਕਿ ਪਿਛਲੇ ਕੁਝ ਸਮੇਂ ਵਿੱਚ ਸਾਨੂੰ ਸਾਰੀ ਸਿੱਖ ਕੌਮ ਨੂੰ ਇਹੀ ਕਿਹਾ ਜਾਂਦਾ ਰਿਹਾ ਹੈ ਕਿ ਇਹ ਵੱਖ-ਵਾਦੀ ਹਨ ਅਤੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਅਤਿਵਾਦੀ ਹਨ। ਸਾਡੇ ਖਿਲਾਫ ਦੇਸ਼ ਭਰ ਵਿੱਚ ਪਰਚਾਰ ਹੁੰਦਾ ਰਿਹਾ। ਸਾਰੀ ਪ੍ਰੈਸ ਅਤੇ ਦੇਸ਼ ਦੇ ਸਾਰੇ ਮੀਡੀਆਜ਼ ਇਸ ਭੜਕਾਹਟ ਫੈਲਾਉਣ ਵਿੱਚ ਰੁਝੇ ਰਹੇ। ਸਾਰੇ ਦੇਸ਼ ਵਿੱਚ ਹਰ ਸਿੱਖ ਨੂੰ ਅਤਿਵਾਦੀ ਅਤੇ ਵੱਖ–ਵਾਦੀ ਸੋਚਿਆ ਜਾਣ ਲਗ ਪਿਆ ਜਦੋਂ ਕਿ ਅਸੀਂ ਵਾਰ ਵਾਰ ਆਖਿਆ ਕਿ ਅਸੀਂ ਨਾ ਵੱਖ-ਵਾਦੀ ਹਾਂ ਅਤੇ ਨਾ ਅਤਿ-ਵਾਦੀ ਹਾਂ ਬਲਕਿ ਅਸੀਂ ਤਾਂ ਸਤਿ–ਵਾਦੀ ਹਾਂ। ਪਰ ਸਾਡੇ ਕੋਲ ਆਪਣੀ ਗੱਲ ਕਹਿਣ ਲਈ ਕੋਈ ਸਾਧਨ ਨਹੀਂ ਸਨ, ਕੋਈ ਮੀਡੀਆ ਨਹੀਂ ਸੀ, ਸਾਡੇ ਕੋਲ ਵੱਡੀ ਪ੍ਰੈਸ ਨਹੀਂ ਸੀ ਜਿਹੜੀ ਸਾਡੀ ਗੱਲ ਦੀ ਹਮਾਇਤ ਕਰ ਸਕੇ ਅਤੇ ਨਾ ਹੀ ਟੈਲੀਵੀਜ਼ਨ ਰਾਹੀਂ ਅਸੀਂ ਆਪਣੀ ਗੱਲ ਕਹਿ ਸਕਦੇ ਸੀ। ਸਾਨੂੰ ਬੜੇ ਭਿਆਨਕ ਤਰੀਕੇ ਨਾਲ ਬਦਨਾਮ ਕੀਤਾ ਗਿਆ ਅਤੇ ਜਿਸ ਦਾ ਨਤੀਜਾ ਵੀ ਬੜਾ ਭੈੜਾ ਨਿਕਲਿਆ ਜੋ ਕਿ ਨਵੰਬਰ ਕਾਰਨੇਜ ਦੇ ਰੂਪ ਵਿੱਚ ਸਾਹਮਣੇ ਆਇਆ। ਇਸ ਗੱਲ ਦੇ ਹੋਰ ਵੀ ਬਹੁਤ ਸਾਰੇ ਭੈੜੇ ਨਤੀਜੇ ਨਿਕਲੇ। ਪਰ ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਨਾ ਵੱਖ–ਵਾਦੀ ਹੈ ਅਤੇ ਨਾ ਅਤਿ–ਵਾਦੀ ਹੈ, ਬਲਕਿ ਸਾਡੀ ਕੌਮ ਤਾ ਦੇਸ਼ ਦੀ ਅਖੰਡਤਾ ਅਤੇ ਏਕਤਾ ਨੂੰ ਕਾਇਮ ਰੱਖਣ ਵਾਲੀ ਰਹੀ ਹੈ, ਅਸੀਂ ਹਮੇਸ਼ਾ ਦੇਸ਼ ਦੀ ਅਖੰਡਤਾ ਦੇ ਮੁਦਈ ਰਹੇ ਹਾਂ , ਜਦੋਂ ਵੀ ਕਦੇ ਦੇਸ਼ ਤੇ ਭੀੜ ਪੈਂਦੀ ਰਹੀ ਹੈ ਜਾਂ ਅੱਗੇ ਨੂੰ ਵੀ ਪਵੇਗੀ ਤਾਂ ਅਸੀਂ ਹੀ ਛਾਤੀਆਂ ਤਾਣ ਕੇ ਅੱਗੇ ਜਾਣਾ ਹੈ। ਇਸ ਗੱਲ ਦਾ ਸਬੂਤ ਅਸੀਂ ਅੱਗੇ ਵੀ ਦੇਂਦੇ ਰਹੇ ਹਾਂ ਅਤੇ ਆਉਂਦੇ ਜ਼ਮਾਨੇ ਵਿੱਚ ਵੀ ਦਿਆਂਗੇ।

ਇਸ ਦੇ ਨਾਲ, ਚੇਅਰਮੈਨ ਸਾਹਿਬ, ਸਾਡੀ ਸਰਕਾਰ ਜਦੋਂ ਨਵੀਂ ਬਣੀ, ਤਾਂ ਇਸਦੇ ਸਾਹਮਣੇ ਬਹੁਤ ਸਾਰੀਆਂ ਔਖਿਆਈਆਂ ਵੀ ਸਨ ਅਤੇ ਮਸਲੇ ਵੀ ਸਨ ਜਿਨ੍ਹਾਂ ਦਾ ਅਸੀਂ ਫੌਰਨ ਹੱਲ ਲੱਭਣਾ ਹੁੰਦਾ ਸੀ। ਪਿਛਲੇ ਸਮੇਂ ਵਿੱਚ ਬਹੁਤ ਸਾਰੇ ਨੌਜਵਾਨਾਂ ਤੇ ਬਹੁਤ ਤਾਦਾਦ ਵਿੱਚ ਝੂਠੇ ਕੇਸ ਬਣਾ ਕੇ ਹਰ ਕਿਸਮ ਦੇ ਜ਼ੁਲਮ ਅਤੇ ਤਸ਼ੱਦਦ ਕੀਤੇ ਗਏ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ। ਪਰ ਇਸ ਪਾਲਿਸੀ ਦਾ ਨਤੀਜਾ ਬੜਾ ਭਿਆਨਕ ਨਿਕਲਿਆ। ਇਸ ਪਾਲਿਸੀ ਨੂੰ ਠੀਕ ਸਮਝਣ ਵਾਲੇ ਇਹ ਸਮਝਦੇ ਸਨ ਕਿ ਇਸ ਤਰੀਕੇ ਨਾਲ ਇਨ੍ਹਾਂ ਲੋਕਾਂ ਨੂੰ ਦਬਾ ਲਿਆ ਜਾਵੇਗਾ ਲੇਕਿਨ ਜਿਹੜੀ ਗਲਤ ਪਾਲਿਸੀ ਸੀ, ਉਹ ਗਲਤ ਹੀ ਸਾਬਤ ਹੋਈ ਅਤੇ ਨਤੀਜੇ ਮਾਰੂ ਨਿਕਲੇ। ਬਹੁਤ ਸਾਰੇ ਲੋਕ ਡਰ ਦੇ ਮਾਰੇ ਘਰ ਛੱਡ ਕੇ ਚਲੇ ਗਏ ਅਤੇ ਉਨ੍ਹਾਂ ਨੂੰ ਭਗੌੜੇ ਕਰਾਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਉਹ ਪਾਕਿਸਤਾਨ ਨੂੰ ਭੱਜ ਗਏ ਹਨ। ਉਹ ਸ਼ਾਇਦ ਨਿਕਲ ਵੀ ਗਏ ਹੋਣਗੇ ਕਿਉਂਕਿ ਉਹ ਘਰ ਛੱਡਣ ਨੂੰ ਮਜ਼ਬੂਰ ਹੋ ਗਏ ਸਨ, ਉਨ੍ਹਾਂ ਸਾਹਮਣੇ ਹੋਰ ਕੋਈ ਰਸਤਾ ਨਹੀਂ ਰਹਿ ਗਿਆ ਸੀ। ਹੋਰ ਕਈ ਕਾਰਣਾਂ ਕਰਕੇ ਉਹ ਲੋਕ ਭਟਕ ਗਏ ਸਨ, ਗੁਮਰਾਹ ਹੋ ਗਏ ਸਨ। ਸਾਡੇ ਵਾਸਤੇ ਇਹ ਇਕ ਬੜੀ ਭਾਰੀ ਸਮੱਸਿਆ ਸੀ ਅਤੇ ਉਨ੍ਹਾਂ ਭਟਕੇ ਹੋਏ ਨੌਜਵਾਨਾਂ ਨੂੰ ਰਾਹ ਤੇ ਲਾਉਣਾ ਵੀ ਜ਼ਰੂਰੀ ਸੀ ਕਿਉਂਕਿ ਉਹ ਨੌਜਵਾਨ ਸਾਡੇ ਵਿਚੋਂ ਹੀ ਕਿਸੇ ਦਾ ਪੁੱਤਰ ਹੈ ਅਤੇ ਕਿਸੇ ਦਾ ਭਰਾ ਹੈ। ਉਹ ਸਾਡੇ ਸੂਬੇ ਦੀ ਨੌਜਵਾਨੀ ਹੈ, ਇਸ ਨੂੰ ਵਿਅਰਥ ਨਹੀਂ ਗਵਾਇਆ ਜਾ ਸਕਦਾ। ਇਹ ਕਹਿ ਕੇ ਦੇਸ਼ ਦੀ ਇਸ ਪੂੰਜੀ ਨੂੰ ਜਾਇਆ ਨਹੀਂ ਕੀਤਾ ਜਾ ਸਕਦਾ ਕਿ ਇਹ ਮਾੜੇ ਹਨ। ਕਿਉਂਕਿ ਪਹਿਲੀ ਪਾਲਿਸੀ ਕਾਮਯਾਬ ਨਹੀਂ ਹੋ ਸਕੀ ਸੀ, ਇਸ ਲਈ ਅਸੀਂ ਇਹ ਪਾਲਿਸੀ ਅਪਣਾਈ ਕਿ ਇਨ੍ਹਾਂ ਨੌਜਵਾਨਾਂ ਨੂੰ ਰਾਹ ਪਾਉਣ ਲਈ ਇਨ੍ਹਾਂ ਨੂੰ ਗਲ ਲਾਉਣਾ ਚਾਹੀਦਾ ਹੈ, ਐਸੇ ਹਾਲਾਤ ਪੈਦਾ ਕਰਨੇ ਚਾਹੀਦੇ ਹਨ ਕਿ ਜਿਸ ਤੋਂ ਉਹ ਸਮਝਣ ਕਿ ਅਸੀਂ ਵੀ ਲੋੜੀਂਦੇ ਹਾਂ, ਸਾਡੇ ਦੇਸ਼ ਨੂੰ ਸਾਡੀ ਵੀ ਲੋੜ ਹੈ, ਅਸੀਂ ਵੀ ਦੇਸ਼ ਦਾ ਇਕ ਨਰੋਆ ਅੰਗ ਬਣ ਸਕਦੇ ਹਾਂ। ਇਹ ਗੱਲ ਉਨ੍ਹਾਂ ਦੇ ਦਿਮਾਗ ਵਿੱਚ ਬਿਠਾਉਣੀ ਬੜੀ ਜ਼ਰੂਰੀ ਸੀ ਇਸ ਲਈ ਕੁਝ ਰਿਹਾਈਆਂ ਸ਼ੁਰੂ ਹੋਈਆਂ। ਇਹ ਰਿਹਾਈਆਂ ਸਾਡੇ ਤੋਂ ਪਹਿਲਾਂ ਗਵਰਨਰ ਸਾਹਿਬ ਦੇ ਰਾਜ ਵੇਲੇ ਵੀ ਹੋਈਆਂ, ਕਿਉਂਕਿ ਉਨ੍ਹਾਂ ਦੇ ਵੀ ਸਾਡੇ ਵਾਂਗ ਇਸ ਤਰ੍ਹਾਂ ਦੇ ਵਿਚਾਰ ਸਨ ਕਿ ਜੋ ਲੋਕ ਗਲਤ ਰਸਤੇ ਤੇ ਚਲੇ ਗਏ ਹਨ, ਉਹ ਹਾਲਾਤ ਕਾਰਨ ਚਲੇ ਗਏ ਹਨ ਉਨ੍ਹਾਂ ਨੂੰ ਸਹੀ ਰਸਤੇ ਤੇ ਪਾਉਣ ਲਈ ਜੇਲ੍ਹਾਂ ਵਿਚੋਂ ਕੱਢਣਾ ਚਾਹੀਦਾ ਹੈ। ਸਾਡੀ ਸਰਕਾਰ ਬਨਣ ਤੋਂ ਪਹਿਲਾਂ ਵੀ ਗਵਰਨਰ ਰਾਜ ਵੇਲੇ ਕੋਈ 2200

Original with;
Punjab Vidhan Sabha
Digitized by;
Panjab Digital Library

ਦੇ ਕਰੀਬ ਲੋਕ ਛੱਡੇ ਗਏ ਕਿਉਂਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਆਵਾਜ਼ ਦਿੱਤੀ ਸੀ ਕਿ ਇਨ੍ਹਾਂ ਨਿਰਦੋਸ਼ ਲੋਕਾਂ ਨੂੰ ਛੱਡਣਾ ਚਾਹੀਦਾ ਹੈ ਅਤੇ ਉਹ ਅਕਾਰਡ ਦੇ ਥਰੂ ਇਹ ਛੱਡੇ ਗਏ। ਹੁਣ ਵੀ ਇਸ ਤਰ੍ਹਾਂ ਦੀ ਕੋਈ ਰਿਪੋਰਟ ਸਾਡੇ ਪਾਸ ਨਹੀਂ ਆਈ ਕਿ ਇਨ੍ਹਾਂ 2200 ਬੰਦਿਆਂ ਵਿਚੋਂ ਕਿਸੇ ਨੇ ਗਲਤ ਰਸਤਾ ਮੁੜ ਅਪਨਾਇਆ ਹੋਵੇ, ਜਾਂ ਕੋਈ ਮੁੜ ਕੇ ਜੇਲ੍ਹਾਂ ਵਿਚ ਗਿਆ ਹੋਵੇ। ਅਸੀਂ ਇਸ ਤਜਰਬੇ ਨੂੰ ਸਵੀਕਾਰ ਕਰਕੇ ਅੱਗੇ ਲਿਜਾਣਾ ਚਾਹੁੰਦੇ ਸੀ ਅਤੇ ਕਾਮਯਾਬ ਬਨਾਉਣਾ ਚਾਹੁੰਦੇ ਸੀ ਇਸ ਲਈ ਅਸੀਂ ਆਉਂਦਿਆਂ ਹੀ ਇਕ ਕਮੇਟੀ ਨਿਯੁਕਤ ਕੀਤੀ। ਇਨ੍ਹਾਂ ਵਿੱਚ ਐਨ.ਐਸ. ਏ. ਦੇ ਬੜੇ ਕੇਸ ਸਨ ਕਿਉਂਕਿ ਜਿਥੇ ਕੋਈ ਹੋਰ ਕੇਸ ਨਹੀਂ ਬਣ ਸਕਦਾ ਸੀ, ਉਥੇ ਐਨ.ਐਸ.ਏ. ਲਗਾ ਦਿਤਾ ਗਿਆ ਸੀ ਜਦ ਕਿ ਕਾਨੂੰਨ ਬਨਣ ਸਮੇਂ ਪਾਰਲੀਮੈਂਟ ਵਿੱਚ ਬੜੇ ਜ਼ੋਰ ਸ਼ੋਰ ਨਾਲ ਕਿਹਾ ਗਿਆ ਸੀ ਕਿ ਇਹ ਕਾਨੂੰਨ ਸਿਆਸੀ ਤੌਰ ਤੇ ਅਤੇ ਵਿਰੋਧੀ ਧਿਰਾਂ ਵਿਰੁਧ ਇਸਤੇਮਾਲ ਨਹੀਂ ਕੀਤਾ ਜਾਵੇਗਾ। ਹੋਇਆ ਇਸਦੇ ਉਲਟ ਕਿਉਂਕਿ ਇਸਨੂੰ ਵਿਰੋਧੀ ਧਿਰਾਂ ਦੇ ਵਿਰੁੱਧ ਹੀ ਇਸਤੇਮਾਲ ਕੀਤਾ ਗਿਆ। ਸਾਨੂੰ ਵੀ ਐਨ.ਐਸ.ਏ. ਲਗਾ ਲਗਾ ਕੇ ਜੇਲ੍ਹਾਂ ਵਿਚ ਭੇਜਿਆ ਗਿਆ ਕਿਉਂਕਿ ਹੋਰ ਕੋਈ ਸਾਡੀ ਸਟੇਟਮੈਂਟ ਐਸੀ ਨਹੀ ਸੀ ਜੋ ਗਲਤ ਹੋਵੇ ਜਾਂ ਦੇਸ਼ ਦੇ ਖਿਲਾਫ ਹੋਵੇ। ਇਸ ਤਰਾਂ ਬਹੁਤ ਸਾਰੇ ਨੌਜਵਾਨਾਂ ਨੂੰ ਐਨ.ਐਸ.ਏ. ਦੀ ਅੰਮ੍ਰਿਤਧਾਰਾ ਦੇ ਕੇ ਜੇਲਾਂ ਵਿੱਚ ਭੇਜ ਦਿੱਤਾ ਗਿਆ। ਜਿਹੜੇ 224 ਦੇ ਕਰੀਬ ਐਨ.ਐਸ.ਏ. ਦੇ ਕੇਸ ਸਨ, ਉਹ ਰਿਵੋਕ ਕੀਤੇ। ਕੁਝ ਲੋਕ ਹਾਲੇ ਵੀ ਜੋਧਪੁਰ ਜੇਲ੍ਹ ਵਿੱਚ ਬੈਠੇ ਹਨ, ਉਨ੍ਹਾਂ ਦੀ ਉਥੇ ਟਰਾਇਲ ਹੋ ਰਹੀ ਹੈ। ਉਨ੍ਹਾਂ ਤੇ ਵੇਜਿੰਜ ਵਾਰ ਅਗੇਂਸਟ ਦੀ ਸਟੇਟ ਜਿਹਾ ਬੜਾ ਭਾਰੀ ਜ਼ੁਰਮ ਲਗਾਇਆ ਗਿਆ ਹੈ ਅਤੇ ਨਾਲ ਹੀ ਐਨ.ਐਸ. ਏ. ਲਗਾ ਦਿਤਾ ਸੀ ਕਿਉਂਕਿ ਉਹ ਕਈ ਵਾਰੀ ਫੜੇ ਗਏ ਅਤੇ ਕਈ ਵਾਰੀ ਛਡੇ ਗਏ। ਇਨ੍ਹਾਂ ਲੋਕਾਂ ਵਿਚ ਗੁਰਦਵਾਰੇ ਦੇ ਸੇਵਾਦਾਰ, ਸ਼ਰੋਮਣੀ ਕਮੇਟੀ ਦੇ ਮੁਲਾਜ਼ਮ ਅਤੇ ਬੈਂਕ ਦੀ ਬਰਾਂਚ ਵਿਚ ਕੰਮ ਕਰਦਿਆਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਜਿਨ੍ਹਾਂ ਵਿਚ ਕੁਝ ਔਰਤਾਂ ਅਤੇ ਬੱਚੇ ਵੀ ਸਨ ਜੋ ਮੱਥਾ ਟੇਕਣ ਵਾਸਤੇ ਆਏ ਹੋਏ ਸਨ। ਉਥੇ ਸੰਤ ਲੌਂਗੋਵਾਲ ਜੀ ਦੀ ਸੇਵਾ ਲਈ ਜੋ ਸੇਵਾਦਾਰ ਵੀ ਸਨ ਜਾਂ ਉਨਾਂ ਨੂੰ ਪਰਸ਼ਾਦਾ ਛਕਾਉਣ ਵਾਸਤੇ ਵੀ ਜੋ ਲੋਕ ਉਥੇ ਰਹਿੰਦੇ ਸਨ, ਉਨ੍ਹਾਂ ਸਭ ਨੂੰ ਜੋਧਪੁਰ ਜੇਲ੍ਹ ਵਿੱਚ ਡੱਕ ਦਿੱਤਾ ਅਤੇ ਇਹੋ ਜਿਹਾ ਸੀਰੀਅਸ ਕੇਸ ਚਲਾ ਦਿੱਤਾ ਅਤੇ ਨਾਲ ਦੀ ਨਾਲ ਐਨ.ਐਸ.ਏ. ਲਾਇਆ ਕਿਉਂਕਿ ਕੋਈ ਜੁਰਮ ਨਾ ਹੁੰਦਿਆਂ ਹੋਇਆਂ ਉਨ੍ਹਾਂ ਨੂੰ ਕਈ ਵਾਰੀ ਛਡਣਾ ਪਿਆ ਅਤੇ ਕਈ ਵਾਰ ਘਰਾਂ ਵਿਚੋਂ ਜਾ ਜਾ ਕੇ ਪਕੜ ਲਿਆ ਗਿਆ। ਇਨ੍ਹਾਂ ਜੋਧਪੁਰ ਵਾਲੇ ਕੇਸਾਂ ਵਿੱਚ ਨਾਂ ਕਿਸੇ ਦੀ ਜ਼ਮਾਨਤ ਹੋ ਰਹੀ ਹੈ ਅਤੇ ਨਾ ਕਿਸੇ ਦੀ ਸੁਣਵਾਈ ਹੋ ਰਹੀ ਹੈ। ਇਨ੍ਹਾਂ ਵਿਚੋਂ ਜਿਨ੍ਹਾਂ 226 ਬੰਦਿਆਂ ਤੇ ਐਨ.ਐਸ.ਏ. ਲਾਗੂ ਸੀ, ਉਹ ਰਿਵੋਕ ਕੀਤਾ ਗਿਆ। ਕੁਲ ਤਾਂ 269 ਦੇ ਕਰੀਬ ਸਨ ਪਰ 226 ਦਾ ਰਿਵੋਕ ਹੋਇਆ। ਅਸੀਂ ਇਸ ਸਪੀਚ ਵਿਚ ਵੀ ਇਨ੍ਹਾਂ ਨੌਜਵਾਨਾਂ ਵਾਸਤੇ ਜ਼ਿਕਰ ਕੀਤਾ—

"ਇਸ ਸਬੰਧ ਵਿਚ ਪਹਿਲੇ ਕਦਮ ਵਲੋਂ ਮੇਰੀ ਸਰਕਾਰ ਨੇ ਕਾਨੂੰਨ ਦੇ ਵੱਖ ਵੱਖ ਉਪਬੰਧਾਂ ਅਧੀਨ ਨਜ਼ਰਬੰਦ ਕੀਤੇ ਸਿੱਖ ਨੌਜਵਾਨਾਂ ਨੂੰ ਰਿਹਾ ਕਰਨ ਲਈ ਉਚਿਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਹ ਮੇਰੀ ਸਰਕਾਰ ਦੀ ਇਸ ਧਾਰਨਾ ਅਨੁਸਾਰ ਹੈ ਕਿ ਨੌਜਵਾਨਾਂ ਦੇ ਮਸਲੇ ਨੂੰ ਕੇਵਲ ਕਾਨੂੰਨ ਅਤੇ ਵਿਵਸਥਾ ਦੀ ਸਮਸਿਆ ਹੀ ਨਾ ਸਮਝਿਆ ਜਾਵੇ। ਸਭ ਤੋਂ ਪਹਿਲਾਂ ਉਨ੍ਹਾਂ ਨਾਲ ਰਾਬਤਾ ਕਾਇਮ ਕਰਕੇ ਅਤੇ ਉਨ੍ਹਾਂ ਨੂੰ ਪ੍ਰੇਰਤ ਕਰਕੇ ਰਾਸ਼ਟਰੀ ਮੁੱਖ ਧਾਰਾ ਵਿਚ ਸ਼ਾਮਲ ਕਰਨ ਲਈ ਯਤਨ ਕਰਨੇ ਪੈਣਗੇ।"

ਚੇਅਰਮੈਨ ਸਾਹਿਬ, ਇਹ ਮਹਿਜ਼ ਸਿੱਖ ਨੌਜਵਾਨ ਨਹੀਂ ਸੀ, ਹਾਲਾਤ ਹੀ ਐਸੇ ਪੈਦਾ ਹੋ ਗਏ ਸਨ ਕਿ ਇਨ੍ਹਾਂ ਵਿੱਚ ਹਿੰਦੂ ਨੌਜਵਾਨ ਵੀ ਸ਼ਾਮਿਲ ਸਨ। ਮੇਰੀ ਗਿਣਤੀ ਦੇ ਅਨੁਸਾਰ 122-23 ਦੇ ਕਰੀਬ ਐਸ ਹਿੰਦੂ ਨੌਜਵਾਨ ਹਨ, ਜਿਨਾਂ ਤੇ ਮੁਕਦਮੇ ਚਲ ਰਹੇ ਸਨ। ਮੇਰੇ ਆਪਣੇ ਸ਼ਹਿਰ ਦੇ 21 ਨੌਜਵਾਨ ਹਿੰਦੂ ਐਸੇ ਸਨ ਜਿਨਾਂ ਤੇ ਹਾਲੇ ਤੱਕ 307 ਦਾ ਕੇਸ ਚਲ ਰਿਹਾ ਸੀ। ਜਦੋਂ

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ]

ਵੀ ਉਹ ਮੈਨੂੰ ਮਿਲਦੇ ਸਨ ਉਨ੍ਹਾਂ ਦੀ ਪਹਿਲੀ ਇਕੋ ਇਕ ਇਹੀ ਮੰਗ ਹੁੰਦੀ ਸੀ ਕਿ ਸਾਡੇ ਕੇਸ ਵਾਪਸ ਹੋਣੇ ਚਾਹੀਦੇ ਹਨ। ਮੈਂ ਉਨ੍ਹਾਂ ਨੂੰ ਇਹੀ ਗੱਲ ਕਹੀ ਸੀ ਕਿ ਸਾਡੇ ਕੋਲ ਹਿੰਦੂ ਸਿੱਖ ਦਾ ਕੋਈ ਵਿਤਕਰਾ ਨਹੀਂ ਹੋਵੇਗਾ ਕਿਉਂਕਿ ਅਸੀਂ ਤਾਂ ਸਰਬੱਤ ਦਾ ਭਲਾ ਕਰਨ ਵਾਲੇ ਹਾਂ।

ਉਨ੍ਹਾਂ ਵਿਚੋਂ ਜੋ ਰਿਹਾਈਆਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਦੇ ਵਿਚ 122–23 ਹਿੰਦੂ ਨੌਜਵਾਨ ਵੀ ਨਿਕਲੇ। ਬਹੁਤ ਸਾਰਿਆਂ ਨੇ ਸ਼ਕ ਕੀਤਾ ਕਿ ਇਨ੍ਹਾਂ ਨੂੰ ਰਿਹਾ ਕਰਨ ਨਾਲ ਪਤਾ ਨਹੀਂ ਕੀ ਪਰਲੋ ਆ ਜਾਏਗੀ। ਉਨ੍ਹਾਂ ਨੂੰ ਇਹ ਕਹਿ ਕੇ ਪਕੜ ਲਿਆ ਗਿਆ ਸੀ ਕਿ ਉਨ੍ਹਾਂ ਨੇ ਪੁਲਿਸ ਦਾ ਮੁਕਾਬਲਾ ਕੀਤਾ ਸੀ। ਉਨ੍ਹਾਂ ਤੇ ਪੁਲਿਸ ਮੁਕਾਬਲੇ ਦੇ ਕੇਸ ਬਣਾਏ ਗਏ। ਧਾਰਾ 307 ਦੇ ਅਧੀਨ ਮੁਕਦਮੇ ਚਲਾਏ ਗਏ। ਜ਼ਮਾਨਤ ਉਨ੍ਹਾਂ ਦੀ ਹੋ ਨਹੀਂ ਸੀ ਸਕਦੀ। ਬੰਦਾ ਵਿਚਾਰਾ ਅੰਦਰ ਹੀ ਅੰਦਰ ਤੜਪਦਾ ਰਹਿ ਜਾਂਦਾ। ਪੁਲਿਸ ਮੁਕਾਬਲੇ ਬਹੁਤ ਬਣੇ ਲੇਕਿਨ ਕਿਸੇ ਪੁਲਿਸ ਵਾਲੇ ਨੂੰ ਸੱਟ ਨਹੀਂ ਵੱਜੀ। ਮੈਂ ਤੁਹਾਨੂੰ ਇਕ ਮਿਸਾਲ ਦਿੰਦਾ ਹਾਂ। ਸਾਡਾ ਰਸਤਾ ਰੋਕੂ ਪ੍ਰੋਗਰਾਮ ਸੀ। ਮੈਂ ਵੀ ਉਸ ਵਿਚ ਸ਼ਾਮਲ ਸੀ, ਇਥੇ ਬੈਠੇ ਸਾਡੇ ਸਾਰੇ ਸਾਥੀ ਉਸ ਵਿਚ ਸ਼ਾਮਲ ਸਨ। ਉਸ ਦਿਨ ਸਾਡੇ 26 ਆਦਮੀ ਸ਼ਹੀਦ ਹੋ ਗਏ ਲੇਕਿਨ ਕਿਸੇ ਪੁਲਿਸ ਵਾਲੇ ਨੂੰ ਇਕ ਖਰੋਚ ਵੀ ਨਹੀਂ ਆਈ। ਲੇਕਿਨ 307 ਦੇ ਹਰ ਕਿਸੇ ਤੇ ਮੁਕਦਮੇ ਬਣਾਏ ਜਾ ਰਹੇ ਸਨ ਅਤੇ ਅਜੇ ਤੱਕ ਵੀ ਉਹ ਕੇਸ ਚਲਦੇ ਆ ਰਹੇ ਸਨ। ਬਹੁਤ ਸਮਾਂ ਹੋ ਗਿਆ ਹੈ ਲੇਕਿਨ ਅਜੇ ਤੱਕ ਲੋਕ ਪੇਸ਼ੀਆਂ ਭੁਗਤਦੇ ਚਲੇ ਆ ਰਹੇ ਹਨ।

ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਇਸ ਗਵਰਨਰ ਐਡਰੈਸ ਵਿਚ ਗਵਰਨਰ ਸਾਹਿਬ ਨੇ ਫੌਜੀਆਂ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਫੌਜੀਆਂ ਦਾ ਜਿਨ੍ਹਾਂ ਬਾਰੇ ਹੁਣੇ ਹੁਣੇ ਸਰਦਾਰ ਕ੍ਰਿਪਾਲ ਸਿੰਘ ਨੇ ਬੜੇ ਜਜ਼ਬਾਤੀ ਲਹਿਜੇ ਵਿਚ ਬਿਆਨ ਕੀਤਾ ਸੀ ਕਿ ਇਨ੍ਹਾਂ ਫੌਜੀਆਂ ਨੇ ਬਗਾਵਤ ਨਹੀਂ ਕੀਤੀ। ਸਪੀਕਰ ਸਾਹਿਬ, ਐਸੀ ਗਲ ਨੂੰ ਬਗਾਵਤ ਕਹਿਣਾ ਬਹੁਤ ਗਲਤ ਗੱਲ ਹੈ। ਉਨ੍ਹਾਂ ਨੇ ਇਹ ਕੰਮ ਉਸ ਵੇਲੇ ਕੀਤਾ ਜਦੋਂ ਉਨ੍ਹਾਂ ਦੇ ਮਨਾਂ ਨੂੰ ਟੁੰਬਿਆ ਗਿਆ, ਜਦੋਂ ਉਨਾਂ ਨੂੰ ਖਬਰ ਮਿਲੀ ਕਿ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ ਗਿਆ, ਔਰਤਾਂ ਦੀ ਬੇਇਜ਼ਤੀ ਕੀਤੀ ਜਾ ਰਹੀ ਹੈ, ਬਹੁਤ ਸਾਰੇ ਲੋਕ ਮਾਰੇ ਗਏ ਹਨ ਆਦਿ। ਮਜਬੂਰ ਹੋ ਕੇ ਉਹ ਲੋਕ ਬੈਰਕਾਂ ਛੱਡ ਕੇ ਭੱਜ ਉਠੇ। ਸਿਰਫ ਇਹੀ ਉਨ੍ਹਾਂ ਦਾ ਗੁਨਾਹ ਸੀ। ਸਾਡਾ ਫਰਜ਼ ਬਣ ਜਾਂਦਾ ਹੈ ਕਿ ਅਸੀਂ ਉਨ੍ਹਾਂ ਬਾਰੇ ਵੀ ਸੋਚੀਏ। ਇਸ ਐਡਰੈਸ ਵਿਚ ਲਿਖਿਆ ਹੈ –

> "ਮੇਰੀ ਸਰਕਾਰ ਉਨ੍ਹਾਂ ਫੌਜੀਆਂ ਬਾਰੇ ਚਿੰਤਾਤੁਰ ਹੈ ਜਿਹੜੇ ਭਾਵੁਕ ਹੋ ਕੇ ਆਪਣੀਆਂ ਬੈਰਕਾਂ ਨੂੰ ਛਡ ਗਏ ਸਨ ਅਤੇ ਸਰਕਾਰ ਉਨ੍ਹਾਂ ਦੇ ਮੁੜ ਵਸੇਰੇ ਲਈ ਦ੍ਰਿੜ੍ਹ ਹੈ।"

ਅਸੀਂ ਇਕ ਕਮੇਟੀ ਨਿਯੁਕਤ ਕੀਤੀ ਹੈ ਜਿਹੜੀ ਇਹ ਵੇਖੇਗੀ ਕਿ ਉਹ ਕੌਣ ਆਦਮੀ ਸਨ। ਕਾਫੀ ਸਾਰੀ ਤਾਦਾਦ ਵਿਚ ਤਾਂ ਉਨ੍ਹਾਂ ਵਿਚੋਂ ਰਸਤੇ ਵਿਚ ਹੀ ਮਾਰੇ ਗਏ। ਤਕਰੀਬਨ 73 ਆਦਮੀ ਰਸਤੇ ਵਿਚ ਹੀ ਮਾਰ ਦਿੱਤੇ ਗਏ। ਅਜੇ ਤੱਕ ਉਨ੍ਹਾਂ ਦਾ ਕੁਝ ਨਹੀਂ ਕੀਤਾ ਗਿਆ। ਸੈਂਟਰ ਸਰਕਾਰ ਦਾ ਫਰਜ਼ ਬਣਦਾ ਸੀ ਕੀ ਉਹ ਉਨ੍ਹਾਂ ਦੀ ਭਲਾਈ ਬਾਰੇ ਕੁਝ ਸੋਚਦੀ ਪਰ ਸੈਂਟਰ ਵਲੋਂ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ। ਸੋ, ਜੇ ਸੈਂਟਰ ਦੀ ਸਰਕਾਰ ਨੇ ਕੁਝ ਨਹੀਂ ਕੀਤਾ ਤਾਂ ਫਿਰ ਸਾਡਾ ਫਰਜ਼ ਬਣ ਜਾਂਦਾ ਅਸੀਂ ਉਨ੍ਹਾਂ ਵਾਸਤੇ ਕੁਝ ਸੋਚੀਏ ਜਿਹੜੇ ਦੇਸ਼ ਦੀ ਸੇਵਾ ਕਰਨ ਵਾਸਤੇ ਹਰ

Original with;
Punjab Vidhan Sabha
Digitized by;
Panjab Digital Library

ਵੇਲੇ ਤਿਆਰ ਰਹਿੰਦੇ ਹਨ, ਨਿੱਕੀਆਂ ਨਿੱਕੀਆਂ ਤਨਖਾਹਾਂ ਲੈ ਕੇ ਦੇਸ਼ ਵਾਸਤੇ ਖੂਨ ਡੋਲਣ ਲਈ ਤਿਆਰ ਰਹਿੰਦੇ ਹਨ। ਸਾਡਾ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਉਨ੍ਹਾਂ ਦੇ ਬੱਚਿਆਂ ਦੇ ਪਾਲਣ ਪੋਸ਼ਣ ਵਾਸਤੇ ਸੋਚੀਏ (ਥੰਪਿੰਗ)। ਸਾਡਾ ਫਰਜ਼ ਬਣ ਜਾਂਦਾ ਹੈ ਕਿ ਅਸੀਂ ਉਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਰਾਹੇ ਪਾਈਏ।

ਇਸ ਤੋਂ ਇਲਾਵਾ ਸਾਡੇ ਤੇ ਬਹੁਤ ਵੱਡਾ ਬੋਝ ਉਨ੍ਹਾਂ ਲੋਕਾਂ ਦਾ ਹੈ ਜੋ ਨਵੰਬਰ ਦੇ ਵਿਚ ਹੋਏ ਕਤਲੇ ਆਮ ਦਾ ਸ਼ਿਕਾਰ ਹੋਏ। ਬੇਕਸੂਰ ਥਾਂ ਥਾਂ ਤੇ ਮਾਰੇ ਗਏ। ਹਜ਼ਾਰਾਂ ਦੀ ਤਾਦਾਦ ਵਿਚ ਔਰਤਾਂ ਵਿਧਵਾ ਹੋ ਗਈਆਂ। ਕਲ੍ਹ ਹੀ ਦਿੱਲੀ ਤੋਂ ਸਾਡੇ ਇਕ ਵਰਕਰ ਨੇ ਸਾਨੂੰ ਦੱਸਿਆ ਕਿ ਦਿੱਲੀ ਵਿਚ ਅਜੇ ਵੀ 1684 ਵਿਡੋਜ਼ ਹਨ। ਉਨ੍ਹਾਂ ਦੇ ਵਸੇਬੇ ਦਾ ਅਜੇ ਤਕ ਕੋਈ ਬੰਦੋਬਸਤ ਨਹੀਂ ਹੋ ਸਕਿਆ। 300 ਦੇ ਕਰੀਬ ਵਿਡੋਜ਼ ਸਾਡੇ ਲੁਧਿਆਣੇ ਜਾਂ ਆਸ ਪਾਸ ਦੀਆਂ ਥਾਂਵਾਂ ਵਿਚ ਹਨ। ਇਨ੍ਹਾਂ ਵਿਡੋਜ਼ ਅਤੇ ਆਰਫਨ ਬੱਚਿਆਂ ਦਾ ਅਸੀਂ ਬੰਦੋਬਸਤ ਕਰਨਾ ਹੈ। ਅਜੇ ਬਹੁਤ ਸਾਰੇ ਲੋਕ ਕੈਂਪਾਂ ਵਿਚ ਬੈਠੇ ਹੋਏ ਹਨ। ਦਿੱਲੀ ਵਰਗੇ ਸ਼ਹਿਰ ਵਿਚ ਜਿਥੋਂ ਸਾਰੀ ਦੁਨੀਆਂ ਦਾ ਸਰਮਾਇਆ ਪਿਆ ਹੈ, ਬੇਸ਼ੁਮਾਰ ਲੋਕ ਹਾਲੇ ਕੈਂਪਾਂ ਵਿਚ ਵਕਤ ਕਟੀ ਕਰ ਰਹੇ ਹਨ। ਇਸ ਪਾਲੇ ਦੇ ਮੌਸਮ ਵਿਚ ਵੀ ਉਹ ਲੋਕ ਸੜਕਾਂ ਤੇ ਦਿਨ ਗੁਜ਼ਾਰ ਰਹੇ ਹਨ। ਅਸੀਂ ਸੈਂਟਰ ਦੀ ਸਰਕਾਰ ਨੂੰ ਵੀ ਆਖਦੇ ਰਹੇ ਹਾਂ ਕਿ ਤੁਸੀਂ ਮਰਹਮ ਲਗਾਉਣ ਦੀਆਂ ਗੱਲਾਂ ਕਰਦੇ ਰਹਿੰਦੇ ਹੋ, ਹੁਣ ਤਕ ਮਹਰਮ ਲਗਾ ਦੇਣੀ ਚਾਹੀਦੀ ਸੀ। ਉਹ ਲੋਕ ਘਰਾਂ ਵਾਲੇ ਸਨ, ਉਨ੍ਹਾਂ ਦੇ ਘਰ ਫੂਕ ਦਿਤੇ ਗਏ। ਬਸਤੀਆਂ ਦੀਆਂ ਬਸਤੀਆਂ ਉਜਾੜ ਦਿੱਤੀਆਂ ਗਈਆਂ। ਹਜ਼ਾਰਾਂ ਬੰਦੇ ਮਾਰੇ ਗਏ, ਹਜ਼ਾਰਾਂ ਔਰਤਾਂ ਦੇ ਸੁਹਾਗ ਉਜੜ ਗਏ। ਬੱਚੇ ਬਿਲ੍ਹੂ ਬਿਲ੍ਹੂ ਕਰਦੇ ਫਿਰ ਰਹੇ ਸਨ। ਉਨ੍ਹਾਂ ਬਾਰੇ ਅਸੀਂ ਸੈਂਟਰ ਸਰਕਾਰ ਨੂੰ ਕਿਹਾ ਪਰ ਜੇ ਉਹ ਨਹੀਂ ਕਰੇਗੀ ਤਾਂ ਉਨ੍ਹਾਂ ਦਾ ਬੰਦੋਬਸਤ ਅਸੀਂ ਕਰਾਂਗੇ। ਅਸੀਂ ਉਨ੍ਹਾਂ ਨੂੰ ਰੋਜ਼ਗਾਰ ਮੁਹਈਆ ਕਰਾਵਾਂਗੇ, ਰੋਟੀ ਕਪੜੇ ਦੇ ਸਾਧਨ ਪੈਦਾ ਕਰਾਂਗੇ। ਅਸੀਂ ਚੈਰਿਟੀ ਦੀ ਖਾਤਰ ਦੂਰ ਦੂਰ ਚਲੇ ਜਾਂਦੇ ਹਾਂ। ਆਸਾਮ ਵਿਚ ਤਕਲੀਫ ਹੋਵੇ ਜਾਂ ਕਿਤੇ ਸਾਈਕਲੋਨ ਹੋਵੇ, ਪੰਜਾਬੀ ਫੌਰਨ ਮਦਦ ਵਾਸਤੇ ਪਹੁੰਚ ਜਾਂਦੇ ਹਨ। ਬਾਹਰਲੇ ਦੇਸ਼ਾਂ ਵਿਚ ਵੀ ਕਿਤੇ ਲੋੜ ਹੋਵੇ ਤਾਂ ਅਸੀਂ ਪਿਛੇ ਨਹੀਂ ਰਹਿੰਦੇ। ਇਹ ਤਾਂ ਫਿਰ ਆਪਣੇ ਹੀ ਬੰਦੇ ਹਨ। ਭਾਵੇਂ ਉਹ ਦਿੱਲੀ ਦੇ ਹਨ ਭਾਵੇਂ ਕਾਨਪੁਰ ਜਾਂ ਬੋਕਾਰੋ ਦੇ। ਅਸੀਂ ਉਨ੍ਹਾਂ ਦੀ ਰੀਹੇਬਿਲੀਟੇਸ਼ਨ ਵਾਸਤੇ ਯਤਨ ਕਰ ਰਹੇ ਹਾਂ ਅਤੇ ਇਸ ਕੰਮ ਵਾਸਤੇ ਅਸੀਂ ਇਕ ਕਮੇਟੀ—ਹਾਈ ਲੇਵਲ ਕਮੇਟੀ ਬਣਾਈ ਹੈ। ਸਾਡੇ ਮਨਿਸਟਰ ਉਸ ਕਮੇਟੀ ਦੇ ਚੇਅਰਮੈਨ ਹਨ। ਸਾਡੇ ਪੰਜਾਬ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਇਨ੍ਹਾਂ ਸ਼ਹਿਰਾਂ ਵਿਚੋਂ ਉਜੜ ਕੇ ਲੋਕ ਆਏ ਹਨ। ਉਨ੍ਹਾਂ ਨੂੰ ਅਜੇ ਤਕ ਸ਼ੇਲਟਰ ਨਹੀਂ ਮਿਲੀ। ਉਹ ਆਸ ਕਰਕੇ ਇਥੇ ਆਏ ਹਨ। ਉਹ ਪੰਜਾਬ ਨੂੰ ਆਪਣਾ ਘਰ ਸਮਝ ਕੇ ਇਥੇ ਆਏ ਸਨ ਪਰ ਇਹ ਘਰ ਵੀ ਉਨ੍ਹਾਂ ਵਾਸਤੇ ਬਿਗਾਨਾ ਹੋ ਗਿਆ। ਇਥੇ ਇਹ ਕੋਸ਼ਿਸ਼ ਹੁੰਦੀ ਰਹੀ ਕਿ ਕਿਸੇ ਨਾ ਕਿਸੇ ਬਹਾਨੇ ਨਾਲ ਇਹ ਇਥੋਂ ਵਾਪਸ ਚਲੇ ਜਾਣ। ਇਹ ਕਹਿ ਕੇ ਇਥੇ ਤੁਹਾਡਾ ਬੰਦੋਬਸਤ ਨਹੀਂ ਹੋ ਸਕਦਾ, ਉਨ੍ਹਾਂ ਨੂੰ ਇਥੋਂ ਭਜਾਣ ਦੀਆਂ ਗੱਲਾਂ ਹੁੰਦੀਆਂ ਰਹੀਆਂ ਬਹੁਤ ਸਾਰੇ ਮਜਬੂਰਨ ਚਲੇ ਵੀ ਗਏ ਕਿਉਂਕਿ ਇਥੋਂ ਦੇ ਹਾਲਾਤ ਉਨ੍ਹਾਂ ਨੂੰ ਰਾਸ ਨਹੀਂ ਆਏ। ਉਨ੍ਹਾਂ ਨੂੰ ਮੁੜ ਵਸਾਉਣ ਵਾਸਤੇ ਉਨ੍ਹਾਂ ਵਾਸਤੇ ਮੁਨਾਸਬ ਹਾਲਾਤ ਪੈਦਾ ਕਰਨੇ ਪੈਣਗੇ। ਜੇ ਉਨ੍ਹਾਂ ਨੇ ਵਾਪਸ ਆਪਣੇ ਘਰ ਵੀ ਜਾਣਾ ਹੈ ਤਾਂ ਉਥੇ ਵੀ ਉਨ੍ਹਾਂ ਵਾਸਤੇ ਮੁਨਾਸਿਬ ਹਾਲਾਤ ਪੈਦਾ ਕਰਨੇ ਪੈਣਗੇ। ਕਾਨ੍ਹਪੁਰ, ਦਿੱਲੀ ਜਾਂ ਬੋਕਾਰੋ ਵਰਗੀਆਂ ਥਾਵਾਂ ਤੇ ਹਾਲੇ ਤਕ ਇਹੋ ਜਿਹੇ ਹਾਲਾਤ ਪੈਦਾ ਨਹੀਂ ਕੀਤੇ ਜਾ ਸਕੇ। ਮੈਨੂੰ ਅਫਸੋਸ ਹੈ ਇਸ ਗਲ ਦਾ ਕਿ ਲੋਕ ਹਾਲੇ ਵੀ ਉਥੇ ਜਾਣ ਤੋਂ ਡਰਦੇ ਹਨ। ਕੱਲ ਹੀ ਬਿਹਾਰ ਤੋਂ ਇਕ ਡੈਪੂਟੇਸ਼ਨ ਮੇਰੇ ਕੋਲ ਆਇਆ। ਲੋਕਾਂ ਨੇ ਮੈਨੂੰ ਦਸਿਆ ਕਿ ਭੱਠਿਆਂ ਦੇ ਵਿਚ ਪਾ ਪਾ ਕੇ ਸਾੜ ਦਿਤਾ ਗਿਆ ਸੀ। ਸੈਂਕੜੇ ਘਰਾਂ ਦੀ ਤਬਾਹੀ ਹੋ ਗਈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਪਰ ਕੇਸ ਕੋਈ ਨਹੀਂ ਬਣਿਆ। ਜਾਇਦਾਦਾਂ ਲੁਟੀਆਂ ਗਈਆਂ, ਘਰ ਫੂਕ ਦਿਤੇ ਗਏ ਲੇਕਿਨ ਕੇਸ ਕੋਈ ਨਹੀਂ ਚਲ ਰਿਹਾ। ਜੇ ਕੋਈ ਕੇਸ ਬਣਿਆ ਤਾਂ ਇਕ ਸਿੱਖ ਤੇ ਬਣਿਆ। ਉਹ ਕੇਸ ਇਸ ਕਰਕੇ ਬਣਿਆ ਕਿ ਜਦ ਉਸ ਦੇ ਘਰ ਤੇ ਹਮਲਾ ਹੋਇਆ ਤਾਂ ਉਸ ਦੀ ਔਰਤ ਨੂੰ ਮੋਲੈਸਟ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਸ ਸਿੱਖ ਦੇ ਕੋਲ ਆਪਣਾ ਲਾਇਸੰਸ-ਸ਼ੁਦਾ ਹਥਿਆਰ ਸੀ। ਉਸ ਹਥਿਆਰ ਨਾਲ ਉਸ ਨੇ ਇਕ ਹਮਲਾ ਕਰਨ ਵਾਲੇ ਆਦਮੀ ਨੂੰ ਮਾਰ ਦਿੱਤਾ। ਚੇਅਰਮੈਨ ਸਾਹਿਬ, ਉਸ ਸੇਲਫ ਡਿਫੈਂਸ ਦੇ ਕੇਸ ਨੂੰ ਕਤਲ ਦਾ ਕੇਸ ਬਣਾ ਦਿੱਤਾ ਗਿਆ ਅਤੇ ਹੁਣ ਉਸ ਸਿੱਖ ਦੇ ਖਿਲਾਫ ਕਤਲ ਦਾ ਕੇਸ ਚਲ ਰਿਹਾ ਹੈ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)। ਫੱਟਾਂ ਤੇ ਮਲ੍ਹਮ, ਚੇਅਰਮੈਨ ਸਾਹਿਬ, ਇਸ ਤਰ੍ਹਾਂ ਨਹੀਂ ਲਗਦੀ। ਜੇ ਸਾਡੀ ਖਾਹਿਸ਼ ਹੈ, ਜੇ ਸੈਂਟਰ ਦੀ ਸਰਕਾਰ ਚਾਹੁੰਦੀ ਹੈ ਕਿ ਬਿਹਾਰ ਜਾਂ ਹੋਰ ਇਹੋ ਜਿਹੀਆਂ ਕਤਲੇ ਆਮ ਦੀਆਂ ਥਾਵਾਂ ਤੇ ਮੁੜ ਕੇ ਲੋਕ ਵਸਣ ਤਾਂ ਉਸ ਵਾਸਤੇ ਢੁਕਵੇਂ ਹਾਲਾਤ ਪੈਦਾ ਕਰਨੇ ਪੈਣਗੇ। ਉਸ ਆਦਮੀ ਨੇ ਆਖਿਆ ਕਿ ਇਹ ਸੇਲਫ ਡਿਫੈਂਸ ਦਾ ਕੇਸ ਹੈ, ਵਾਪਸ ਹੋਣਾ ਚਾਹੀਦਾ ਹੈ। ਚਲਾਣ ਨਹੀਂ ਹੋਣਾ ਚਾਹੀਦਾ ਹੈ ਪਰ ਉਪਰੋਂ ਹੁਕਮ ਹੋ ਗਿਆ ਕਿ ਕੇਸ ਚਲਾਉਣਾ ਹੈ। ਉਹ ਕਹਿੰਦੇ ਸਨ ਕਿ ਹਮਨੇ ਤੋ ਕੋਈ ਕੇਸ ਵਾਪਸ ਨਹੀਂ ਲੀਆ। ਐਨੀ ਤਬਾਹੀ ਹੋਈ ਪਰ ਉਸ ਦਾ ਕੇਸ ਵਾਪਸ ਨਹੀਂ ਹੋਇਆ। ਇਸੇ ਤਰ੍ਹਾਂ ਕਾਨਪੁਰ ਦਾ ਡੈਪੂਟੇਸ਼ਨ ਸਾਡੇ ਕੋਲ ਆਇਆ ਹੈ। ਪੰਜਾਬ ਦੀ ਸਰਕਾਰ ਨੂੰ ਆਪਣਾ ਸਮਝ ਕੇ ਇਥੇ ਆਇਆ ਹੈ। ਜਿਸ ਕਿਸੇ ਨੂੰ ਉਧਰ ਢੋਈ ਨਾ ਮਿਲੇ, ਉਹ ਇਧਰ ਆਸ ਲੈ ਕੇ ਆਉਂਦਾ ਹੈ। ਉਨ੍ਹਾਂ ਨੇ ਦਸਿਆ ਕਿ ਅੱਜ 15 ਦਿਨ ਹੋ ਗਏ ਹਨ, ਸਾਡਾ ਇਕ ਆਦਮੀ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਕਿਉਂ ? ਉਸ ਦਾ ਇਕ ਕਿਰਾਏਦਾਰ ਸੀ। ਮਕਾਨ ਦਾ ਮਾਲਕ ਉਸ ਨੂੰ ਖਾਲੀ ਕਰਾਉਣਾ ਚਾਹੁੰਦਾ ਸੀ। ਕਿਰਾਏਦਾਰ ਨੇ ਉਸ ਨੂੰ ਧਮਕੀ ਦਿੱਤੀ ਪਰ ਕਿਉਂਕਿ ਕਾਨੂੰਨ ਮਾਲਕ ਦੇ ਹੱਕ ਵਿਚ ਸੀ, ਉਹ ਅੜਿਆ ਰਿਹਾ। ਅਖੀਰ ਵਿਚ ਮਾਲਕ ਮਕਾਨ ਨੂੰ ਕੱਟ ਵੱਡ ਕੇ ਇਕ ਢੋਲ ਵਿਚ ਬੰਦ ਕਰ ਦਿੱਤਾ ਅਤੇ ਫਿਰ ਢੋਲ ਨੂੰ ਬੱਸ ਵਿਚ ਲੱਦ ਦਿੱਤਾ। ਜਦ ਉਸ ਢੋਲ ਨੂੰ ਕੋਈ ਚੁੱਕ ਨਹੀਂ ਰਿਹਾ ਸੀ ਤਾਂ ਸ਼ਕ ਪੈ ਗਿਆ ਅਤੇ ਜਦ ਉਸ ਢੋਲ ਨੂੰ ਖੋਲ੍ਹਿਆ ਗਿਆ ਤਾਂ ਉਸ ਵਿਚੋਂ ਇਕ ਲਾਸ਼ ਨਿਕਲੀ। ਇਸ ਕਿਸਮ ਦੇ ਕੇਸ ਵੀ ਉਥੇ ਹੋਏ ਹਨ। ਜੇਕਰ ਇਸ ਕਿਸਮ ਦੇ ਹਾਲਾਤ ਦੇਸ਼ ਅੰਦਰ ਪੈਦਾ ਹੋਣਗੇ ਤਾਂ ਲੋਕ ਮੁੜ ਕੇ ਵਾਪਸ ਨਹੀਂ ਜਾਣਗੇ। ਮੈਂ ਅਰਜ਼ ਕਰਾਂਗਾ, ਸੈਂਟਰ ਦੀ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਦੇਸ਼ ਅੰਦਰ ਐਸਾ ਵਾਤਾਵਰਣ ਪੈਦਾ ਕਰਨਾ ਚਾਹੀਦਾ ਹੈ, ਇਥੇ ਐਸਾ ਮਾਹੌਲ ਪੈਦਾ ਕਰਨਾ ਚਾਹੀਦਾ ਹੈ ਕਿ ਕੋਈ ਵਿਅਕਤੀ ਜਿਥੇ ਵੀ ਰਹਿਣਾ ਚਾਹੇ ਉਥੇ ਰਹਿ ਸਕੇ, ਉਥੇ ਇੱਜ਼ਤ ਨਾਲ ਰਹਿ ਸਕੇ। ਉਸ ਦੇ ਅੰਦਰ ਇਹ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਉਸ ਨਾਲ ਕਿਤੇ ਵੀ ਕੋਈ ਵੀ ਦਵਾਇਤ ਨਹੀਂ ਹੋਵੇਗੀ। ਅਗਰ ਇਸ ਤਰ੍ਹਾਂ ਦਾ ਮਾਹੌਲ ਬਣੇਗਾ ਤਾਂ ਲੋਕ ਵਾਪਸ ਚਲੇ ਜਾਣਗੇ। ਵੱਡੇ ਅਤੇ ਗਹਿਰੇ ਜ਼ਖਮਾਂ ਤੇ ਮਰ੍ਹਮ ਲਗਾਉਣ ਦੀ ਗਲ ਕੀਤੀ ਹੈ ਗਵਰਨਰ ਸਾਹਿਬ ਨੇ, ਇਹ ਕਰਨਾ ਚਾਹੀਦਾ ਹੈ। (ਵਿਘਨ)

5.42 p.m. (ਇਸ ਸਮੇਂ ਸ਼੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਅੱਜ ਸਰਦਾਰ ਕਿਰਪਾਲ ਸਿੰਘ ਜੀ ਪਾਣੀ ਬਾਰੇ ਜ਼ਿਕਰ ਕਰ ਰਹੇ ਸਨ। ਪਾਣੀ ਦੀ ਵੰਡ ਕਰਕੇ ਇਸ ਸੂਬੇ ਨੂੰ ਲੁਟਾ ਦਿੱਤਾ ਗਿਆ ਹੈ। ਸਪੀਕਰ ਸਾਹਿਬ, ਚੋਰੀ ਦਾ ਮਾਲ ਸਮਝਕੇ ਇਸ ਨੂੰ ਲੁਟਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਾਸਤੇ ਬਹੁਤ ਬਹਿਸ ਹੋਈ ਸੀ। 31-12-1981 ਨੂੰ ਇੱਕ ਸਮਝੌਤਾ ਕਰ ਲਿਆ ਗਿਆ। ਇਸ ਬਾਰੇ ਤਿੰਨ ਸੂਬਿਆਂ ਵਿਚ ਸਮਝੌਤਾ ਹੋ ਗਿਆ ਸੀ। 31 ਦਸੰਬਰ ਨੂੰ ਉਹ ਕੰਮ ਹੁੰਦੇ ਹਨ ਜਿਹੜੇ ਸਾਧਾਰਣ ਸਮੇਂ ਵਿਚ ਨਹੀਂ ਹੋ ਸਕਦੇ। ਜਿਹੜਾ ਖਰਚਾ

Original with;
Punjab Vidhan Sabha
Digitized by;
Panjab Digital Library

ਸਾਰਾ ਸਾਲ ਨਹੀਂ ਹੁੰਦਾ ਉਹਦੇ ਲਈ ਪੈਸੇ 31 ਮਾਰਚ ਨੂੰ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਹੀ ਰਾਵੀ ਬਿਆਸ ਦੇ ਪਾਣੀ ਬਾਰੇ ਐਗਰੀਮੈਂਟ 1981 ਵਿਚ ਹੋਇਆ। ਉਸ ਬਾਰੇ ਇਨ੍ਹਾਂ ਵਲੋਂ ਕਾਫੀ ਪਰਚਾਰ ਕੀਤਾ ਗਿਆ ਕਿਉਂਕਿ ਗਲਤ ਗਲ ਕਰ ਕੇ ਆਏ ਸੀ। ਸਰਦਾਰ ਦਰਬਾਰਾ ਸਿੰਘ ਦੇ ਗਲਤ ਗੱਲ ਤੇ ਦਸਖਤ ਕਰਾ ਲਏ ਗਏ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਬਹੁਤ ਵਾਰੀ ਮੰਗ ਕੀਤੀ, ਬਹਿਸ ਹੋਈ ਅੱਰ ਦੋਵੇਂ ਪਾਸਿਉਂ ਬਹਿਸ ਹੋਈ। ਸਰਦਾਰ ਦਰਬਾਰਾ ਸਿੰਘ ਨੇ ਹਾਲਾਤ ਦੱਸੇ ਜਿਸ ਕਰਕੇ ਉਨ੍ਹਾਂ ਨੂੰ ਦਸਖਤ ਕਰਨੇ ਪਏ। ਫਰਜ਼ੀ ਅੰਕੜੇ ਦੇ ਕੇ ਦਸਿਆ ਗਿਆ। ਉਨ੍ਹਾਂ ਦਸਿਆ ਕਿ 4.2 ਮਿਲੀਅਨ ਏਕੜ ਫੀਟ ਪਾਣੀ ਸਾਨੂੰ ਮਿਲ ਗਿਆ। ਇਹ ਰਾਵੀ ਬਿਆਸ ਦਾ ਐਗਰੀਮੈਂਟ ਪੈਰਾ 20 ਵਿਚ ਹੈ। ਇਹ ਸਦਨ ਦੀ ਮੇਜ਼ ਤੇ ਰਖਿਆ ਗਿਆ ਅੱਰ ਇਹ ਹਾਊਸ ਦੀ ਪਰਾਪਰਟੀ ਬਣ ਗਿਆ। ਇਸੇ ਕਰਕੇ ਮੇਰੇ ਸੁਚੱਜੇ ਦੋਸਤ ਸਰਦਾਰ ਕਿਰਪਾਲ ਸਿੰਘ ਨੇ ਇਸ ਬਾਰੇ ਜ਼ਿਕਰ ਕੀਤਾ ਸੀ।

Sir, I would like to read out para 20 of the White Paper of the Punjab Government on Ravi-Beas Agreement, 1981 :

> "2. The requirement of the present irrigation can be fully met with from the revised and increased mean allocation of 4.82 MAF of surplus Ravi Beas waters of Punjab during the transition period and 4.22 MAF on permanent basis".

ਪੱਕੇ ਤੌਰ ਤੇ ਜਿੰਨੇ ਪਾਣੀ ਦੀ ਲੋੜ ਸੀ 4.22 ਮਿਲੀਅਨ ਏਕੜ ਫੀਟ ਉਹ ਸਾਨੂੰ ਮਿਲ ਗਿਆ ਅੱਰ ਇਸ ਨਾਲ ਸਾਡਾ ਸਰ ਜਾਏਗਾ, ਇਹ ਉਸ ਵੇਲੇ ਉਨ੍ਹਾਂ ਨੇ ਕਿਹਾ। ਇਹ ਗਲਤ ਫੈਸਲਾ ਹੋਇਆ ਸੀ ਅੱਰ ਪੰਜਾਬ ਦੇ ਹਿਤਾਂ ਦੇ ਖਿਲਾਫ ਹੋਇਆ ਸੀ। ਇਸ ਬਾਰੇ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਤਕਰੀਰ ਕੀਤੀ ਅੱਰ ਫਿਰ ਮੈਂ ਇਸ ਸਬੰਧੀ ਬੋਲਿਆ ਸੀ। ਪੂਰੀ ਤਰ੍ਹਾਂ ਨਾਲ ਇਸ ਮਾਮਲੇ ਤੇ ਇਥੇ ਬਹਿਸ ਹੋਈ ਸੀ ਅੱਰ ਇਸ ਐਗਰੀਮੈਂਟ ਨੂੰ ਰਿਜੈਕਟ ਕੀਤਾ ਸੀ। ਇਹ ਪੰਜਾਬ ਦੇ ਹਿੱਤਾਂ ਦੇ ਖਿਲਾਫ ਫੈਸਲਾ ਹੋਇਆ ਸੀ ਇਹ ਪੰਜਾਬ ਨੂੰ ਕਦੇ ਸਵੀਕਾਰ ਨਹੀਂ ਹੋ ਸਕਦਾ। ਹੋ ਸਕਦਾ ਹੈ ਸਾਡੇ ਵਿਰੋਧੀ ਲਾਭ ਲੈਣਾ ਚਾਹੁੰਦੇ ਹੋਣ। ਅੱਜ ਸਾਇੰਟੇਫਿਕ ਅਤੇ ਐਗਰੀ-ਕਲਚਰਲ ਐਕਸਪਰਟਸ ਕੀ ਕਹਿੰਦੇ ਹਨ ਕਿ ਇਸ ਸੂਬੇ ਨੂੰ ਪਾਣੀ ਦੀ ਕਿੰਨੀ ਲੋੜ ਹੈ। ਸਾਡੇ ਹਿਸਾਬ ਦੇ ਮੁਤਾਬਿਕ 54 ਏਕੜ ਮਿਲੀਅਨ ਫੀਟ ਪਾਣੀ ਦੀ ਲੋੜ ਹੈ। ਸਤਲੁਜ, ਬਿਆਸ ਅੱਰ ਰਾਵੀ ਦਰਿਆਵਾਂ ਵਿਚ ਕਿੰਨਾ ਪਾਣੀ ਹੈ, ਇਨ੍ਹਾਂ ਤਿੰਨਾਂ ਦਰਿਆਵਾਂ ਕੋਲ 33 ਮਿਲੀਅਨ ਏਕੜ ਫੀਟ ਤੋਂ ਵੱਧ ਪਾਣੀ ਨਹੀਂ ਹੈ ਜਦ ਕਿ ਸਾਡੀ ਲੋੜ ਹੈ 54 ਮਿਲੀਅਨ ਏਕੜ ਫੀਟ। ਸਰਦਾਰ ਦਰਬਾਰਾ ਸਿੰਘ ਨੇ 4.2 ਮਿਲੀਅਨ ਏਕੜ ਫੀਟ ਪਾਣੀ ਨਾਲ ਸੰਤੁਸ਼ਟਤਾ ਜ਼ਾਹਿਰ ਕੀਤੀ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਦੀ ਲੋੜ ਇਸ ਪਾਣੀ ਨਾਲ ਪੂਰੀ ਹੋ ਜਾਏਗੀ। ਇਹ ਕੰਡੈਮੇਬਲ ਡਾਕੂਮੈਂਟ ਹੈ। ਇਹ ਪੰਜਾਬ ਦੇ ਹਿੱਤਾਂ ਨੂੰ ਵੇਚਣ ਵਾਲੀ ਗੱਲ ਹੈ, ਅਸੀਂ ਇਸ ਨੂੰ ਰਿਫਿਊਟ ਕਰਦੇ ਹਾਂ (ਥੰਪਿੰਗ) ਪੰਜਾਬ ਸਰਕਾਰ ਇਸ ਨੂੰ ਰਿਫਿਊਟ ਕਰਦੀ ਹੈ।

ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੋਈ ਹੈ ਇਸ ਵਾਰੀ ਜਦੋਂ ਬੋਲਦਿਆਂ ਵਿਰੋਧੀ ਧਿਰਾਂ ਵਲੋਂ ਬਹੁਤ ਸਖਤ ਟਿੱਪਣੀ ਨਹੀਂ ਹੋਈ ਬਲਕਿ ਲੀਡਰ ਆਫ ਦੀ ਆਪੋਜ਼ੀਸ਼ਨ ਸਰਦਾਰਨੀ ਬਰਾੜ ਸਾਹਿਬਾ ਵਲੋਂ ਬੋਲਦਿਆਂ ਹੋਇਆਂ ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਕੰਸਟ੍ਰਕਟਿਵ ਕ੍ਰਿਟੈਸਿਜ਼ਮ ਕਰਾਂਗੇ। ਇਸ ਨੂੰ ਅਸੀਂ ਵੈਲਕਮ ਕਰਦੇ ਹਾਂ। ਚੰਗੀਆਂ ਵਿਰੋਧੀ ਪਾਰਟੀਆਂ ਕੰਸਟ੍ਰਕਟਿਵ ਕ੍ਰਿਟੈਸਿਜ਼ਮ ਕਰਨ ਤਾਂ ਉਸ ਨੂੰ ਸਰਕਾਰ ਚਲਾ ਰਹੀ ਪਾਰਟੀ ਵੈਲਕਮ ਕਰਦੀ ਹੈ। ਅਸੀਂ ਵੀ ਇਸ ਨੂੰ ਵੈਲਕਮ ਕਰਦੇ ਹਾਂ ਹਰ ਬੰਦੇ ਤੋਂ ਗਲਤੀ ਹੁੰਦੀ ਹੈ ਅਤੇ ਸਾਡੇ ਤੋਂ ਵੀ ਗਲਤੀ ਹੋ ਸਕਦੀ ਹੈ। ਪਰ ਜਦੋਂ ਤਕ ਉਹ ਗਲਤੀ ਸਾਡੇ ਨੋਟਿਸ ਵਿਚ ਨਾ ਲਿਆਂਦੀ ਜਾਏ ਅਸੀਂ ਸੁਧਾਰ ਕਿਵੇਂ ਕਰ ਸਕਦੇ ਹਾਂ। ਅਗਰ ਤੁਹਾਨੂੰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕੋਈ ਸਾਡੀ ਗਲਤੀ ਲਗੇ ਤਾਂ ਉਸ ਬਾਰੇ ਤੁਸੀਂ ਸਾਨੂੰ ਦੱਸੋ ਕਿ ਅਸੀਂ ਇਹ ਗਲਤੀ ਕਰ ਰਹੇ ਹਾਂ ਤਾਂ ਉਸ ਲਈ ਅਸੀਂ ਵਿਚਾਰ ਕਰਕੇ ਸੁਧਾਰ ਲਿਆ ਸਕਦੇ ਹਾਂ। ਮੈਨੂੰ ਖੁਸ਼ੀ ਹੋਈ ਜਦੋਂ ਪੰਡਿਤ ਮੋਹਣ ਲਾਲ ਜੀ ਨੇ ਇਸ ਤਰ੍ਹਾਂ ਕਿਹਾ ਕਿ ਸਦਭਾਵਨਾ ਦਾ ਮਾਹੌਲ ਬਣਿਆ ਰਹਿਣਾ ਚਾਹੀਦਾ ਹੈ। ਕੰਸਟ੍ਰਕਟਿਵ ਕੰਮਾਂ ਵਾਸਤੇ ਕਹਿਣਾ ਚਾਹੀਦਾ ਹੈ। ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਵੱਲੋਂ ਕੁਝ ਸੁਝਾਉ ਵੀ ਦਿਤੇ ਗਏ ਇਸ ਗੱਲ ਦਾ ਮੈਨੂੰ ਅਫਸੋਸ ਹੋਇਆ ਪਿਛੇ ਜੋ ਕਾਂਗਰਸ ਸਰਕਾਰ ਪੰਜ ਸਾਲ ਰਹੀ ਜੋ ਕਿ ਅਕਾਲੀ ਸਰਕਾਰ ਤੋਂ ਬਾਅਦ ਆਈ । (ਆਵਾਜ਼ : ਤਿੰਨ ਸਾਲ ਰਹੀ।) (ਵਿਘਨ) ਚਲੋ ਤਿੰਨ ਸਾਲ ਰਹੀ, ਸ਼ੁਕਰੀਆ ਤੁਸੀਂ ਕੁਰੈਕਸ਼ਨ ਕੀਤੀ ਹੈ । ਇਸ ਕਾਂਗਰਸ ਸਰਕਾਰ ਤੋਂ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਕਾਲੀ ਸਰਕਾਰ ਨੇ ਕੁਝ ਨਵੀਆਂ ਗੱਲਾਂ ਲਿਆਂਦੀਆਂ ਸਨ ਪੰਜਾਬ ਅੰਦਰ ਖਾਸ ਕਰਕੇ ਰੂਰਲ ਡਿਵੈਲਪਮੈਂਟ ਦੇ ਕੰਮ, ਰੂਰਲ ਏਰੀਆਜ਼ ਵਿਚ ਕਾਫੀ ਤਰੱਕੀ ਦੇ ਕੰਮ ਚਲਾਏ ਸਨ। ਪਰ ਜਦੋਂ ਕਾਂਗਰਸ ਸਰਕਾਰ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਤਾਂ ਕੋਸ਼ਿਸ਼ ਕੀਤੀ ਗਈ ਕਿ ਜਿਹੜੀਆਂ ਪਾਲਿਸੀਆਂ ਅਕਾਲੀ ਸਰਕਾਰ ਵੇਲੇ ਦੀਆਂ ਹਨ ਉਹ ਬੰਦ ਕਰ ਦੇਣੀਆਂ ਚਾਹੀਦੀਆਂ ਹਨ। ਅਕਾਲੀ ਸਰਕਾਰ ਵੇਲੇ ਫੋਕਲ ਪੁਆਇੰਟ ਚਾਲੂ ਕੀਤੇ ਗਏ ਸਨ ਜਿਹੜੇ ਕਿ ਕਾਂਗਰਸ ਸਰਕਾਰ ਨੇ ਆ ਕੇ ਬੰਦ ਕਰ ਦਿੱਤੇ। ਫੋਕਲ ਪੁਆਇੰਟਾਂ ਦੀ ਅਜਿਹੀ ਸਕੀਮ ਬਣਾਈ ਗਈ ਸੀ ਜਿਸ ਦੀ ਮੰਗ ਹਰ ਪਾਸਿਉਂ ਆਉਣ ਲਗ ਪਈ ਸੀ। ਵਿਰੋਧੀ ਪਾਰਟੀ ਦਾ ਹਰ ਮੈਂਬਰ ਮੰਗ ਕਰਦਾ ਸੀ ਕਿ ਉਸ ਦੇ ਹਲਕੇ ਵਿਚ ਫੋਕਲ ਪੁਆਇੰਟ ਦੇਣੇ ਚਾਹੀਦੇ ਹਨ। ਲੋਕਾਂ ਦੇ ਮਨਾਂ ਅੰਦਰ ਫੋਕਲ ਪੁਆਇੰਟ ਘਰ ਕਰ ਗਏ ਸਨ। ਅਨਪੜ੍ਹ ਲੋਕ ਫੋਕਲ ਪੁਆਇੰਟ ਚਾਹੁੰਦੇ ਸਨ ਕਿ ਉਨ੍ਹਾਂ ਦੇ ਪਿੰਡਾਂ ਵਿਚ ਹੋਣੇ ਚਾਹੀਦੇ ਹਨ। ਪਰ ਕਾਂਗਰਸ ਸਰਕਾਰ ਨੇ ਆ ਕੇ ਇਹ ਫੋਕਲ ਪੁਆਇੰਟ ਦੀ ਸਕੀਮ ਬੰਦ ਕਰ ਦਿੱਤੀ ਜਿਸ ਨਾਲ ਪਿੰਡਾਂ ਦੇ ਵਿਕਾਸ ਦੇ ਕੰਮ ਖਤਮ ਹੋ ਗਏ ਅੱਧ ਜੋ ਸੜਕਾਂ ਉਥੇ ਬਣ ਰਹੀਆਂ ਸਨ ਉਹ ਬਣਨੋਂ ਰੁਕ ਗਈਆਂ।

ਅਸੀਂ ਉਨ੍ਹਾਂ ਦੇ ਰਾਹੀਂ ਤਰੱਕੀ ਕਰਨ ਦੇ ਸਾਧਨ ਸੋਚ ਰਹੇ ਹਾਂ, ਇਨ੍ਹਾਂ ਨੇ ਉਹ ਬੰਦ ਕਰ ਦਿਤੇ ਸਨ। ਤੁਸੀਂ ਦੇਖਿਆ ਹੈ ਕਿ ਸਾਡੇ ਹਰ ਇਕ ਬੋਲਣ ਵਾਲੇ ਨੇ ਕਿਹਾ ਹੈ ਕਿ ਫੋਕਲ ਪੁਆਇੰਟ ਫਿਰ ਬਣਨੇ ਚਾਹੀਦੇ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਹ ਫੋਕਲ ਪੁਆਇੰਟ ਦੀ ਸਕੀਮ ਫਿਰ ਮੁੜਕੇ ਚਾਲੂ ਕਰ ਰਹੇ ਹਾਂ। (ਥੰਪਿੰਗ) ਉਸ ਸਕੀਮ ਨੂੰ ਮੁੜਕੇ ਅਮਲ ਵਿਚ ਲਿਆਂਦਾ ਜਾਵੇਗਾ ਅਤੇ ਅੱਗੇ ਨਾਲੋਂ ਵੀ ਸੋਹਣੇ ਤਰੀਕੇ ਨਾਲ ਜੋ ਉਸ ਵਿਚ ਕੋਈ ਨੁਕਸ ਰਹਿ ਗਏ ਹਨ ਉਨ੍ਹਾਂ ਨੂੰ ਠੀਕ ਕਰਕੇ ਬੜੇ ਸੁਹਣੇ ਤਰੀਕੇ ਨਾਲ ਇਸ ਨੂੰ ਲਿਆਂਵਾਂਗੇ ਅਤੇ ਉਸ ਨੂੰ ਜ਼ਿਆਦਾ ਪਿੰਡਾਂ ਵਿਚ ਦੇਣ ਦੀ ਕੋਸ਼ਿਸ਼ ਕਰਾਂਗੇ।

ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਪਿੰਡਾਂ ਵਿਚ ਇਲਾਜ ਦੀ ਵਿਵਸਥਾ ਨਹੀਂ ਹੈ। ਬਿਮਾਰ ਹੋਣ ਦੀ ਹਾਲਤ ਵਿਚ ਪਿੰਡਾਂ ਵਿਚ 10–10, 20–20 ਮੀਲ ਦੂਰ ਜਾਣ ਦਾ ਕੋਈ ਸਾਧਨ ਨਹੀਂ ਹੁੰਦਾ। ਬੀਮਾਰ ਇਤਨੀ ਦੂਰ ਹਸਪਤਾਲ ਵਿਚ ਲਿਜਾਂਦਿਆਂ ਰਸਤੇ ਵਿਚ ਹੀ ਮਰ ਜਾਂਦਾ ਹੈ। ਕਈ ਵਾਰੀ ਗਰਭਵਤੀ ਔਰਤਾਂ ਹਸਪਤਾਲ ਨੂੰ ਜਾਂਦਿਆਂ ਰਸਤੇ ਵਿਚ ਹੀ ਮਰ ਜਾਂਦੀਆਂ ਹਨ । ਇਸ ਲਈ ਸਾਡੀ ਪਿਛਲੀ ਅਕਾਲੀ ਸਰਕਾਰ ਨੇ ਸੋਚਿਆ ਕਿ ਪਿੰਡਾਂ ਵਿਚ ਹਸਪਤਾਲ ਹੋਣੇ ਚਾਹੀਦੇ ਹਨ ਅਤੇ ਇਸ ਤਰ੍ਹਾਂ 25 ਬੈਡਿਡ ਹਸਪਤਾਲ ਪਿੰਡਾਂ ਵਿਚ ਦੇ ਦਿਤੇ। ਇਹ 25 ਬੈਡਿਡ ਹਸਪਤਾਲ ਕੁਝ ਪਿੰਡਾਂ ਵਿਚ ਬਣ ਗਏ। ਜਿਨ੍ਹਾਂ ਉਥੇ ਦੇ ਲੋਕਾਂ ਨੇ ਹਿੰਮਤ ਕੀਤੀ ਅਤੇ ਕੁਝ ਉਥੇ ਦੀ ਡਿਸਟ੍ਰਿਕਟ ਐਡਮਨਿਸਟਰੇਸ਼ਨ ਨੇ ਉਨ੍ਹਾਂ ਦੀ ਸਹਾਇਤਾ ਕੀਤੀ, ਉਨ੍ਹਾਂ ਥਾਵਾਂ ਤੇ ਤਾਂ ਇਹ ਹਸਪਤਾਲ ਬਣ ਗਏ ਪਰ ਕੁਝ ਥਾਵਾਂ ਤੇ ਅਧੂਰੇ ਰਹਿ ਗਏ। ਉਹ ਇਸ ਤਰ੍ਹਾਂ ਰਹਿ ਗਏ ਕਿ ਉਥੇ ਬਿਲਡਿੰਗ ਤਾਂ ਬਣ ਗਈ ਪਰ ਉਥੇ ਸਟਾਫ ਨਾ ਦਿਤਾ ਗਿਆ। ਮੈਂ ਸਮਝਦਾ ਹਾਂ ਕਿ ਕਈ ਕਈ ਲੱਖ ਰੁਪਏ ਖਰਚ ਕਰਕੇ ਉਥੇ ਬਿਲਡਿੰਗ ਬਣਾਈ ਗਈ ਪਰ ਉਥੇ ਸਟਾਫ ਨਾ ਪਹੁੰਚਿਆ। ਇਹ ਸਕੀਮ ਨੂੰ ਫੇਲ੍ਹ ਕਰਨ ਦੀ ਖਾਤਰ ਇਨ੍ਹਾਂ ਵਲੋਂ ਪੂਰੀ ਪੂਰੀ ਕੋਸ਼ਿਸ਼ ਕੀਤੀ ਗਈ। ਇਸ

Original with;
Punjab Vidhan Sabha
Digitized by;
Panjab Digital Library

ਕਰਕੇ ਅਸੀਂ ਹੁਣ ਫਿਰ ਉਸ ਸਕੀਮ ਨੂੰ ਰਿਵਾਈਵ ਕਰ ਰਹੇ ਹਾਂ। ਅਸੀਂ 25 ਬੈਡਿਡ ਹਸਪਤਾਲ ਦੀ ਸਕੀਮ ਨੂੰ ਰਿਵਾਈਵ ਕਰ ਰਹੇ ਹਾਂ (ਥੰਪਿੰਗ) ਔਰ ਜਿੰਨਾ ਕੰਮ ਰਹਿ ਗਿਆ ਹੈ ਉਹ ਵੀ ਕੰਮ ਪੂਰਾ ਕੀਤਾ ਜਾਵੇਗਾ ਅਤੇ ਉਸ ਨੂੰ ਹੋਰ ਵੀ ਵਧਾਇਆ ਜਾਵੇਗਾ।

ਇਕ ਬਹੁਤ ਵੱਡੀ ਸਕੀਮ ਆਦਰਸ਼ ਸਕੂਲਾਂ ਦੀ ਬਾਦਲ ਸਾਹਿਬ ਦੀ ਸਰਕਾਰ ਨੇ ਲਿਆਂਦੀ ਸੀ। ਇਹ ਅਸੀਂ ਥੋੜ੍ਹੇ ਬਣਾ ਸਕੇ ਸੀ ਕਿਉਂਕਿ ਇਸ ਉਤੇ ਖਰਚ ਜ਼ਿਆਦਾ ਆ ਜਾਂਦਾ ਸੀ। ਲੇਕਿਨ ਇਨ੍ਹਾਂ ਨੇ ਆਦਰਸ਼ ਸਕੂਲ ਦਾ ਨਾਮ ਸੁਣਕੇ ਕੋਸ਼ਿਸ਼ ਕੀਤੀ ਕਿ ਕਿਸ ਤਰ੍ਹਾਂ ਉਸ ਨੂੰ ਖਤਮ ਕਰੀਏ। ਉਦੋਂ ਐਜੂਕੇਸ਼ਨ ਮਨਿਸਟਰ ਨੇ ਇਥੇ ਫੈਸਲਾ ਕਰ ਦਿਤਾ ਅਤੇ ਸਕੂਲਾਂ ਦਾ ਸਟਾਫ ਘਟਾ ਦਿਤਾ। ਸਟਾਫ ਘਟਾਉਣ ਤੋਂ ਬਾਅਦ ਇਨ੍ਹਾਂ ਨੇ ਇਹ ਸੋਚਿਆ ਕਿ ਇਹ ਸਕੂਲ ਹੀ ਤੋੜ ਦਿਓ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਜਦੋਂ ਇਹ ਗੱਲ ਹੋਈ ਤਾਂ ਇਨ੍ਹਾਂ ਪਿੰਡਾਂ ਵਾਲਿਆਂ ਨੇ ਜਿਨ੍ਹਾਂ ਨੇ 30–30 ਏਕੜ ਜ਼ਮੀਨ ਸਕੂਲ ਵਾਸਤੇ ਦਿਤੀ ਸੀ, ਉਥੇ ਕਿਉਂਕਿ ਹੋਰ ਬਹੁਤ ਸਾਰੀਆਂ ਚੀਜ਼ਾਂ ਜਿਵੇਂ ਕਿ ਪਲੇ ਗਰਾਊਂਡ ਅਤੇ ਹੋਰ ਬਹੁਤ ਸਾਰਾ ਸਾਮਾਨ ਆਇਆ ਫਿਰ ਉਹ ਜ਼ੀਮਨ ਤੇ ਜੀ. ਟੀ. ਰੋਡ ਦੇ ਕੰਢੇ ਤੇ ਸੀ, ਉਨ੍ਹਾਂ ਪਿੰਡਾਂ ਵਾਲੇ ਇਨ੍ਹਾਂ ਦੀ ਸਰਕਾਰ ਵਲੋਂ ਉਸ ਵੇਲੇ ਦੀ ਕੀਤੀ ਕਾਰਵਾਈ ਨੂੰ ਬਰਦਾਸ਼ਤ ਨਾ ਕਰ ਸਕੇ ਅਤੇ ਉਹ ਹਾਈ ਕੋਰਟ ਵਿਚ ਚਲੇ ਗਏ। ਉਨ੍ਹਾਂ ਦਿਨਾਂ ਵਿਚ ਮੈਂ ਇਥੇ ਚੰਡੀਗੜ੍ਹ ਵਿਚ ਪ੍ਰੈਕਟਿਸ ਕਰਦਾ ਸੀ। ਮੇਰੇ ਕੋਲ ਵੀ ਕੇਸਿਜ਼ ਆਏ। ਮੈਂ ਉਨ੍ਹਾਂ ਦੇ ਕੇਸਿਜ਼ ਦੇਖੇ। ਮੈਂ ਕਿਹਾ ਕਿ ਮੈਂ ਤੁਹਾਡੇ ਕੇਸਿਜ਼ ਲੜਾਂਗਾ। ਮੈਂ ਉਨ੍ਹਾਂ ਦੇ ਕੇਸ ਲੈ ਕੇ ਰਿੱਟਾਂ ਫਾਈਲ ਕੀਤੀਆਂ ਅਤੇ ਕੇਸ ਲੜਿਆ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਜਦੋਂ ਮੈਂ ਜੱਜ ਸਾਹਿਬ ਦੇ ਸਾਹਮਣੇ ਕੇਸ ਲਿਆਂਦੇ ਅਤੇ ਦੱਸਿਆ ਕਿ ਇਹ ਅਜਿਹੀ ਕਿਸਮ ਦੇ ਸਕੂਲ ਹਨ ਜਿਨ੍ਹਾਂ ਵਿਚ ਹਰ ਮਜ਼ਹਬ ਦੇ ਮੁੰਡੇ ਦਾਖਲ ਹੋ ਸਕਦੇ ਹਨ। ਉਥੇ ਹਰੀਜਨਾਂ ਦੇ ਮੁੰਡੇ, ਹਰ ਕਲਾਸ ਦੇ ਮੁੰਡੇ, ਤੇਲੀ ਅਤੇ ਮੁਸਲਮਾਨਾਂ ਦੇ ਮੁੰਡੇ ਦਾਖਲ ਹੋ ਸਕਦੇ ਹਨ ਅਤੇ ਇਨ੍ਹਾਂ ਸਕੂਲਾਂ ਦੇ ਰਿਜ਼ਲਟ ਬਹੁਤ ਅੱਛੇ ਹਨ ਤਾਂ ਜਦੋਂ ਜੱਜ ਸਾਹਿਬ ਨੇ ਰਿਕਾਰਡ ਦੇਖਿਆ ਤਾਂ ਉਹ ਹੈਰਾਨ ਰਹਿ ਗਏ ਕਿ, ਸਪੀਕਰ ਸਾਹਿਬ, ਮੈਟ੍ਰਿਕ ਦਾ ਰਿਜ਼ਲਟ ਐਸਾ ਸ਼ਾਨਦਾਰ ਆਇਆ ਕਿ 32 ਲੜਕੇ ਅਪੀਅਰ ਹੋਏ ਅਤੇ 32 ਦੇ 32 ਹੀ ਪਾਸ ਹੋ ਗਏ। ਉਹ ਸਿਰਫ ਪਾਸ ਹੀ ਨਹੀਂ ਹੋਏ, ਸਗੋਂ ਕਿਸੇ ਦੀ ਵੀ ਥਰਡ ਡਵੀਜ਼ਨ ਨਹੀਂ ਆਈ। ਸਿਰਫ ਇਕ ਲੜਕੇ ਦੀ ਸੈਕੰਡ ਡਵੀਜ਼ਨ ਆਈ ਅਤੇ ਬਾਕੀ 31 ਲੜਕਿਆਂ ਦੀ ਫਸਟ ਡਵੀਜ਼ਨ ਆਈ। ਇਸ ਤੇ ਜੱਜ ਸਾਹਿਬ ਨੇ ਸਟੇਅ ਆਰਡਰ ਦੇ ਦਿੱਤਾ ਅਤੇ ਇਨ੍ਹਾਂ ਨੂੰ ਉਹ ਆਰਡਰ ਵਾਪਸ ਲੈਣੇ ਪਏ। ਸਪੀਕਰ ਸਾਹਿਬ, ਇਨ੍ਹਾਂ ਨੇ ਆਦਰਸ਼ ਸਕੂਲਾਂ ਦੀ ਹਾਲਤ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਨੇ ਉਥੇ ਸਟਾਫ ਘਟਾ ਦਿਤਾ। ਇਨ੍ਹਾਂ ਦਾ ਯਤਨ ਇਹ ਰਿਹਾ ਕਿ ਇਹ ਸਕੂਲ ਫੇਲ੍ਹ ਹੋਣੇ ਚਾਹੀਦੇ ਹਨ। ਇਹ ਸਕੂਲ ਫਿਰ ਚੱਲਣਗੇ ਅਤੇ ਅੱਛੇ ਢੰਗ ਨਾਲ ਚੱਲਣਗੇ, ਪਿੰਡਾਂ ਦੇ ਲੋਕਾਂ ਦਾ ਇਸ ਨਾਲ ਫਾਇਦਾ ਹੋਵੇਗਾ। (ਥੰਪਿੰਗ)

ਫਿਰ ਹਰੀਜਨ ਧਰਮਸ਼ਾਲਾਵਾਂ ਦੀ ਗੱਲ ਹੈ। ਹਰੀਜਨ ਧਰਮਸ਼ਾਲਾਵਾਂ ਸਾਡੀ ਸਰਕਾਰ ਦੀ ਦੇਣ ਸੀ। ਪਹਿਲਾਂ ਜਦੋਂ ਅਕਾਲੀ ਸਰਕਾਰ ਬਣੀ ਤਾਂ ਸਾਡੀ ਸਰਕਾਰ ਨੇ ਫੈਸਲਾ ਕੀਤਾ ਕਿ ਹਰੀਜਨ ਧਰਮਸ਼ਾਲਾਵਾਂ ਪਿੰਡਾਂ ਵਿਚ ਬਣਨੀਆਂ ਚਾਹੀਦੀਆਂ ਹਨ। ਥੋੜ੍ਹੇ ਪੈਸੇ ਨਾਲ ਇਹ ਕੰਮ ਸ਼ੁਰੂ ਕੀਤਾ ਅਤੇ ਫਿਰ ਇਸ ਨੂੰ ਵਧਾਇਆ ਗਿਆ। ਇਸ ਵੇਲੇ 10 ਹਜ਼ਾਰ ਰੁਪਿਆ ਇਕ ਧਰਮਸ਼ਾਲਾ ਵਾਸਤੇ ਦਿੱਤਾ ਜਾਂਦਾ ਹੈ ਜੋ ਕਿ ਪੂਰਾ ਨਹੀਂ ਹੈ। ਉਨ੍ਹਾਂ ਨੂੰ ਇਕ ਕਮਰਾ ਨਾ ਕਾਫੀ ਹੈ, ਉਨ੍ਹਾਂ ਨੂੰ ਹੋਰ ਸਹੂਲਤਾਂ ਚਾਹੀਦੀਆਂ ਹਨ। ਅਸੀਂ ਫਿਰ ਫੈਸਲਾ ਕੀਤਾ ਹੈ ਕਿ ਹਰੀਜਨ ਧਰਮਸ਼ਾਲਾਵਾਂ ਅੱਗੇ ਨਾਲੋਂ ਚੰਗੇ ਢੰਗ ਨਾਲ ਬਣਾਕੇ ਦਿਤੀਆਂ ਜਾਣਗੀਆਂ। (ਥੰਪਿੰਗ) ਪੈਸੇ ਬਾਰੇ ਮੈਂ ਨਹੀਂ ਕਹਿ ਸਕਦਾ ਕਿਉਂਕਿ ਇਸ ਤੇ ਸੋਚ ਵਿਚਾਰ ਜਾਰੀ ਹੈ। ਇਸ ਲਈ ਮੈਂ ਨਹੀਂ ਕਹਾਂਗਾ ਕਿ ਪੈਸਾ ਕਿੰਨਾ ਦੇਣਾ ਹੈ। ਸਰਦਾਰ ਬਲਵੰਤ ਸਿੰਘ ਜੀ ਨੇ ਪੈਸਾ ਪਾਸ ਕਰਨਾ ਹੈ ਇਸ ਕਰਕੇ ਮੈਂ ਇਸ ਬਾਰੇ ਕੁਝ ਨਹੀਂ ਕਹਿ ਸਕਦਾ ਲੇਕਿਨ ਐਨਾ ਮੈਂ ਜ਼ਰੂਰ ਕਹਿ ਸਕਦਾ ਹਾਂ ਕਿ ਅਸੀਂ ਫੈਸਲਾ ਕੀਤਾ ਹੈ ਕਿ ਅੱਗੇ ਨਾਲੋਂ ਵਧੀਆ ਅਤੇ ਖੂਬਸੂਰਤੀ ਵਿਚ ਬਣਾਵਾਂਗੇ। (ਥੰਪਿੰਗ) ਇਕ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਗੱਲ ਮੈਂ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਇਲੈਕਸ਼ਨਾਂ ਵਿਚ ਪਿੰਡਾਂ ਵਿਚ ਹਰ ਜਗ੍ਹਾ ਇਹ ਕਿਹਾ ਹੈ ਕਿ ਅਸੀਂ ਗਰੀਬ ਸੈਕਸ਼ਨ, ਪਛੜੀਆਂ ਸ਼ੈ੍ਰਣੀਆਂ ਦੇ ਲੋਕਾਂ ਲਈ ਧਰਮਸ਼ਾਲਾਵਾਂ ਵੀ ਬਣਾਵਾਂਗੇ। ਉਨ੍ਹਾਂ ਲੋਕਾਂ ਕੋਲ ਜਗ੍ਹਾ ਐਨੀ ਤੰਗ ਹੁੰਦੀ ਹੈ ਕਿ ਜੇ ਕਿਸੇ ਦੇ ਕੋਈ ਫੰਕਸ਼ਨ ਹੋਵੇ, ਕੋਈ ਬਰਾਤ ਆ ਜਾਵੇ ਤਾਂ ਉਹ ਮੰਜੇ ਨਹੀਂ ਡਾਹ ਸਕਦੇ। ਉਨ੍ਹਾਂ ਕੋਲ ਆਪਣੇ ਬਰਤਨ ਨਹੀਂ ਹੁੰਦੇ। ਉਹ ਬਰਤਨ ਘਰਾਂ ਤੋਂ ਇਕੱਠੇ ਕਰਕੇ ਲਿਆਉਂਦੇ ਹਨ। ਉਨ੍ਹਾਂ ਕੋਲ ਖਾਣਾ ਪਕਾਉਣ ਅਤੇ ਦਾਲਾਂ ਆਦਿ ਬਣਾਉਣ ਲਈ ਬਰਤਨ ਨਹੀਂ ਹੁੰਦੇ। ਇਸ ਲਈ ਅਸੀਂ ਫੈਸਲਾ ਕੀਤਾ ਹੈ ਕਿ ਜਿਥੇ ਅਸੀਂ ਹਰੀਜਨਾਂ ਵਾਸਤੇ ਧਰਮਸ਼ਾਲਾਵਾਂ ਬਣਾਉਣੀਆਂ ਹਨ ਉਥੇ ਅਸੀਂ ਵੱਡੇ ਵੱਡੇ ਬਰਤਨ, ਜਿਨ੍ਹਾਂ ਵਿਚ ਉਹ ਅਨਾਜ ਪਕਾ ਸਕਣ, ਉਹ ਵੀ ਦੇਈਏ। ਇਲੈਕਸ਼ਨਾਂ ਵਿਚ ਇਹ ਲੋਕ ਕਿਸ ਤਰ੍ਹਾਂ ਲੋਕਾਂ ਨਾਲ ਵਾਅਦੇ ਕਰਕੇ ਆਏ ਹਨ, ਉਨ੍ਹਾਂ ਨਾਲ ਲਾਰੇ ਲਾ ਕੇ ਆਏ ਹਨ, ਪਰ ਅਸੀਂ ਬਤੌਰ ਸਰਕਾਰ ਦੇ ਫੈਸਲਾ ਕਰ ਰਹੇ ਹਾਂ।

ਇਸ ਦੇ ਨਾਲ ਹੀ ਮੈਂ ਸੜਕਾਂ ਬਾਰੇ ਕਹਿਣਾ ਚਾਹੁੰਦਾ ਹਾਂ। ਸੜਕਾਂ ਦੀ ਹਾਲਤ ਸਾਡੇ ਸੂਬੇ ਵਿਚ ਬੜੀ ਮਾੜੀ ਹੈ। ਕੋਈ ਵੀ ਸੜਕ ਸਾਬਤ ਨਹੀਂ ਹੈ। ਲਿੰਕ ਰੋਡਜ਼ ਅਤੇ ਵੱਡੀਆਂ ਸੜਕਾਂ ਦੀ ਹਾਲਤ ਬੜੀ ਮਾੜੀ ਹੈ। ਇਸ ਵਾਸਤੇ ਬਹੁਤ ਵੱਡੀ ਰਕਮ ਖਰਚ ਕਰਨੀ ਪਵੇਗੀ। ਪਤਾ ਨਹੀਂ ਪੈਸਾ ਕਿਥੇ ਗਿਆ। ਮੈਂ ਨਹੀਂ ਕਹਾਂਗਾ ਕਿ ਇਹ ਖਾ ਗਏ। ਲੇਕਿਨ ਵਰਤਿਆ ਠੀਕ ਨਹੀਂ ਗਿਆ। ਸੜਕਾਂ ਤੇ ਪੈਸਾ ਜ਼ਿਆਦਾ ਲਾਉਣ ਦੀ ਲੋੜ ਹੈ। ਸੜਕਾਂ ਦੇ ਨਾਲ ਨਾਲ ਬੱਸਾਂ ਦੀ ਬੜੀ ਬੁਰੀ ਹਾਲਤ ਹੈ। ਮੈਨੂੰ ਰਿਪੋਰਟ ਆਈ ਹੈ ਕਿ ਸਾਡੇ ਬਰਨਾਲੇ ਡਿਪੋ ਵਿਚ 30 ਬੱਸਾਂ ਐਸੀਆਂ ਹਨ ਜਿਹੜੀਆਂ 6–6 ਲੱਖ ਕਿਲੋਮੀਟਰ ਚਲਕੇ ਕੰਡੈਮ ਹੋਈਆਂ ਪਈਆਂ ਹਨ। ਇਹ ਕੰਮ ਸਾਡੇ ਕਰਨ ਵਾਸਤੇ ਬਹੁਤ ਵੱਡਾ ਛਡ ਗਏ ਹਨ। ਇਹ ਸਾਰਾ ਕੁਝ ਵਿਗਾੜਕੇ ਚਲੇ ਗਏ ਹਨ।

ਹੁਣ ਮੈਂ ਪਾਵਰ ਬਾਰੇ ਕਹਿਣਾ ਚਾਹੁੰਦਾ ਹਾਂ ਪਾਵਰ ਦੀ ਗੱਲ ਬੜੇ ਜ਼ੋਰ ਨਾਲ ਕਹੀ ਗਈ ਹੈ। ਇਥੇ ਕਿਹਾ ਗਿਆ ਕਿ ਸਾਡੇ ਸੂਬੇ ਨੇ ਬੜੀ ਪਾਵਰ ਪੈਦਾ ਕੀਤੀ। ਜੇ ਕੀਤੀ ਤਾਂ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਜੇ ਕਿਸੇ ਵੇਲੇ ਕੋਈ ਥੋੜ੍ਹੀ ਬਹੁਤ ਡਿਵੈਲਪਮੈਂਟ ਦਾ ਕੰਮ ਹੋਇਆ ਤਾਂ ਮੈਂ ਉਸ ਦੀ ਸ਼ਲਾਘਾ ਕਰਦਾ ਹਾਂ। ਸਾਨੂੰ ਬਾਹਰ ਦੀਆਂ ਸਟੇਟਾਂ ਦੇ ਪ੍ਰਾਜੈਕਟਾਂ ਤੋਂ ਕੁਝ ਪਾਵਰ ਐਲੋਕੇਟ ਹੁੰਦੀ ਹੈ ਪਰ ਸਾਨੂੰ ਬਿਜਲੀ ਪੂਰੀ ਨਹੀਂ ਦਿਤੀ ਜਾਂਦੀ। ਜਿਵੇਂ ਸੰਗਰੌਲੀ ਪ੍ਰਾਜੈਕਟ ਹੈ ਅਤੇ ਬੈਰਾ ਸਿਉਲ ਪ੍ਰਾਜੈਕਟ ਹੈ, ਇਥੋਂ ਸਾਨੂੰ ਪਾਵਰ ਮਿਲਦੀ ਹੈ। ਸਾਨੂੰ 2000 ਮੈਗਾਵਾਟ ਵਿਚੋਂ 200 ਮੈਗਾਵਾਟ ਮਿਲਦੀ ਹੈ। ਨਾਰਦਰਨ ਜ਼ੋਨ ਸਟੇਟਸ ਦੀ ਮੀਟਿੰਗ ਹੋਈ ਸੀ। ਉਸ ਵਿਚ ਪਤਾ ਲੱਗਾ ਕਿ ਇਸ ਵੇਲੇ 1020 ਮੈਗਾਵਾਟ ਬਿਜਲੀ ਪਰੋਡਿਊਸ ਹੋ ਰਹੀ ਹੈ। ਅਸੀਂ ਕਿਹਾ ਸਾਡੀ 102 ਮੈਗਾਵਾਟ ਬਣਦੀ ਹੈ, ਉਹ ਸਾਨੂੰ ਦੇ ਦਿਓ। ਜੇ ਐਨੀ ਨਹੀਂ ਤਾਂ ਅੱਧੀ ਦੇ ਦਿਓ ਅਤੇ ਉਹ ਵੀ 50 ਮੈਗਾਵਾਟ ਬਣਦੀ ਹੈ। ਪਰ ਅੱਜ ਸਾਨੂੰ ਕਦੇ 14 ਮੈਗਾਵਾਟ ਅਤੇ ਕਦੇ 15 ਮੈਗਾਵਾਟ ਦਿੰਦੇ ਹਨ। ਜਿਥੇ ਇਤਨਾ ਸਾਡਾ ਹਿੱਸਾ ਹੋਵੇ ਔਰ 100 ਮੈਗਾਵਾਟ ਬਿਜਲੀ ਦੇ ਅਸੀਂ ਐਨ–ਟਾਈਟਲ ਹੋਈਏ ਉਥੇ ਸਾਨੂੰ 50 ਵੀ ਨਾ ਦਿੱਤੀ ਜਾਵੇ ਤਾਂ ਇਹ ਠੀਕ ਨਹੀਂ। ਇਸ ਤਰ੍ਹਾਂ, ਸਪੀਕਰ ਸਾਹਿਬ, ਸਾਡੇ ਨਾਲ ਧੱਕਾ ਹੁੰਦਾ ਹੈ। ਭਾਵੇਂ ਸਾਡੇ ਕੋਲ ਬਿਜਲੀ ਤਾਂ ਹੈ ਸੀ ਪਰ ਸਾਨੂੰ ਮਿਲ ਨਹੀਂ ਰਹੀ। ਇਸ ਲਈ ਸਾਨੂੰ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸੀਂ ਹਰ ਵੇਲੇ ਕੋਈ ਨਾ ਕੋਈ ਗੱਲ ਤੋਰੀ ਰਖਦੇ ਹਾਂ ਔਰ ਅਸੀਂ ਇਸ ਤਰ੍ਹਾਂ ਗੱਲ ਬਾਤ ਰਾਹੀਂ ਕੁਝ ਨਾ ਕੁਝ ਹੋਰ ਲੈ ਜਾਵਾਂਗੇ। ਭਾਖੜੇ ਦੀ ਬਿਜਲੀ ਦੀ ਗੱਲ ਸਾਡੇ ਸਾਹਮਣੇ ਆਈ। ਭਾਖੜੇ ਦੀ ਬਿਜਲੀ 5 ਪੈਸੇ ਦੇ ਹਿਸਾਬ ਨਾਲ ਨੰਗਲ ਫੈਕਟਰੀ ਨੂੰ ਦਿੱਤੀ ਗਈ ਹੈ। ਉਹ ਕਹਿੰਦੇ ਹਨ ਕਿ ਹੈਵੀ ਵਾਟਰ ਦੇ ਆਧਾਰ ਤੇ ਇਸ ਤਰ੍ਹਾਂ ਹੈ। ਸਰਦਾਰਨੀ ਬਰਾੜ ਜੀ ਨੇ ਅਟਾਮਿਕ ਪਲਾਂਟ ਦੀ ਗੱਲ ਕੀਤੀ ਸੀ ਕਿ ਪੰਜਾਬ ਨੂੰ ਅਟਾਮਿਕ ਪਲਾਂਟ ਮਿਲਣਾ ਚਾਹੀਦਾ ਹੈ। ਇਸ ਦੇ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਯਤਨ ਕਰਨਾ ਚਾਹੀਦਾ ਹੈ ਕਿ ਪੰਜਾਬ ਨੂੰ ਅਟਾਮਿਕ

Original with;
Punjab Vidhan Sabha
Digitized by;
Panjab Digital Library

ਪਲਾਂਟ ਮਿਲਣਾ ਚਾਹੀਦਾ ਹੈ । ਇਸ ਦੇ ਵਿੱਚ ਹੈਵੀ ਵਾਟਰ ਵਾਲਿਆਂ ਨੇ ਕਾਫੀ ਪੈਸਾ ਕਮਾਇਆ ਹੈ। ਭਾਖੜਾ ਦੀ ਤਕਰੀਬਨ ਇਕ ਤਿਹਾਈ ਬਿਜਲੀ ਉਹ ਲੈ ਜਾਂਦੇ ਹਨ। ਸਾਨੂੰ ਹੋਰ ਜ਼ਰੀਆਂ ਦੇ ਨਾਲ ਬਿਜਲੀ ਪੈਦਾ ਕਰਨ ਵਾਸਤੇ ਮਜ਼ਬੂਰ ਹੋਣਾ ਪਿਆ। ਅਸੀਂ ਮਿਨੀਹਾਈਡਰੋ ਰਾਹੀਂ ਬਿਜਲੀ ਪੈਦਾ ਕਰਨ ਦੇ ਯਤਨ ਕੀਤੇ। ਨਹਿਰਾਂ ਦੇ ਪਾਣੀ ਤੋਂ ਅਸੀਂ ਬਿਜਲੀ ਲੈ ਰਹੇ ਹਾਂ । ਹੋਰ ਕਿਸੇ ਸੂਬੇ ਵਿੱਚ ਸ਼ਾਇਦ ਇਹ ਯਤਨ ਨਾ ਕੀਤਾ ਗਿਆ ਹੋਵੇ ਲੇਕਿਨ ਅਸੀਂ ਇਸ ਦੇ ਲਈ ਯਤਨ ਕਰ ਰਹੇ ਹਾਂ ਕਿ ਜਿਥੇ ਅੱਗੇ ਘਰਾਟ ਲਗਾਏ ਜਾਂਦੇ ਸਨ, ਜਿਥੇ ਅਗੇ ਘਰਾਟ ਲਗਾ ਕੇ ਆਟਾ ਪੀਸਿਆ ਜਾਂਦਾ ਸੀ ਉਥੇ ਅਸੀਂ ਹੁਣ ਨਹਿਰਾਂ ਦੇ ਪਾਣੀ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਬਿਜਲੀ ਪੈਦਾ ਕਰੀਏ। ਮੈਨੂੰ ਆਸ ਹੈ ਕਿ 40 ਮੈਗਾਵਾਟ ਦੇ ਕਰੀਬ ਅਸੀਂ ਇਨ੍ਹਾਂ ਤੋਂ ਬਿਜਲੀ ਪੈਦਾ ਕਰ ਲਵਾਂਗੇ। ਇਸ ਦੇ ਨਾਲ ਹੀ ਅਸੀਂ ਹੋਰ ਵੀ ਕਈ ਯਤਨ ਸ਼ੁਰੂ ਕੀਤੇ ਹਨ। ਇਕ ਸਵਾਲ ਦਾ ਜਵਾਬ ਪਾਂਧੀ ਸਾਹਿਬ ਦਾ ਮੈਂ ਦੇ ਰਿਹਾ ਸੀ ਉਸ ਦੇ ਵਿੱਚ ਪਾਂਧੀ ਸਾਹਿਬ ਨੇ ਜ਼ਿਕਰ ਕੀਤਾ ਸੀ ਪਰਾਲੀ ਧੂੰਆ ਦਿੰਦੀ ਹੈ। ਅਸੀਂ ਇਸ ਦੇ ਬਾਰੇ ਆਪਣੇ ਐਕਸਪਰਟਸ ਨੂੰ ਕਿਹਾ ਹੈ, ਬਾਹਰਲੇ ਦੇਸ਼ਾਂ ਦੇ ਜੋ ਐਕਸਪਰਟਸ ਹਨ ਉਨ੍ਹਾਂ ਨੂੰ ਕਿਹਾ ਹੈ ਕਿ ਇਸ ਦੇ ਬਾਰੇ ਕੋਈ ਐਕਸਪੈਰੀਮੈਂਟ ਕਰਕੇ ਦੇਖ ਲਓ ਕਿ ਜੇ ਕੋਈ 10 ਮੈਗਾਵਾਟ ਦਾ ਸਟੇਸ਼ਨ ਵੀ ਬਣ ਸਕਦਾ ਹੈ। ਅਸੀਂ ਕਹਿੰਦੇ ਹਾਂ ਕਿ ਅਸੀਂ ਹਰ ਪਾਸੇ ਯਤਨ ਕਰੀਏ । ਜੇ ਇਨ੍ਹਾਂ ਯਤਨਾਂ ਵਿੱਚ ਅਸੀਂ ਕਾਮਯਾਬ ਹੋ ਗਏ ਤਾਂ ਇਸ ਦੇ ਵਿਚੋਂ ਸਾਨੂੰ 2 ਲਾਭ ਹੋ ਜਾਣਗੇ। ਇਕ ਤਾਂ ਇਸ ਯਤਨ ਦੀ ਕਾਮਯਾਬੀ ਨਾਲ ਸਾਨੂੰ ਬਿਜਲੀ ਮਿਲ ਜਾਵੇਗੀ ਔਰ ਦੂਸਰਾ ਜੋ ਧੂੰਆਂ ਪਾਂਧੀ ਸਾਹਿਬ ਨੂੰ ਔਖਾ ਕਰਦਾ ਹੈ ਉਸ ਤੋਂ ਔਖ ਵੀ ਖਤਮ ਹੋ ਜਾਵੇਗੀ। ਕਿਸਾਨ ਨੂੰ ਪਰਾਲੀ ਦੀ ਕੀਮਤ ਵੀ ਮਿਲਣੀ ਸ਼ੁਰੂ ਹੋ ਜਾਵੇਗੀ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਧੁੱਪ ਤੋਂ ਵੀ ਬਿਜਲੀ ਲੈ ਸਕੀਏ। ਸਾਡੇ ਇਥੇ ਧੁੱਪ ਵੀ ਜ਼ਿਆਦਾ ਹੁੰਦੀ ਹੈ ਔਰ ਇਸ ਤੋਂ ਵੀ ਅਸੀਂ ਕਾਫੀ ਬਿਜਲੀ ਲੈ ਸਕਦੇ ਹਾਂ। ਅਸੀਂ ਆਪਣੇ ਐਕਸਪਰਟਸ ਨੂੰ ਵੀ ਕਿਹਾ ਹੈ ਔਰ ਬਾਹਰੋਂ ਵੀ ਐਕਸਪਰਟਸ ਮੰਗਵਾਏ ਹਨ ਜਿਨ੍ਹਾਂ ਨੂੰ ਕਿਹਾ ਹੈ ਕਿ ਤੁਸੀਂ ਅਕਸਪੈਰੀਮੈਂਟ ਕਰਕੇ ਦੇਖੋ। ਕੋਈ ਛੋਟਾ ਪ੍ਰੋਜੈਕਟ ਲਾ ਕੇ ਦੇਖੋ ਔਰ ਉਸ ਦੇ ਵਾਸਤੇ ਜੋ ਜ਼ਮੀਨ ਦੀ ਲੋੜ ਹੈ ਉਹ ਵੀ ਅਸੀਂ ਦੇਵਾਂਗੇ ਅਤੇ ਜੇ ਕੋਈ ਇਨਵੈਸਟਮੈਂਟ ਕਰਨ ਦੀ ਲੋੜ ਪਈ ਤਾਂ ਉਹ ਵੀ ਕਰਾਂਗੇ। ਅਸੀਂ ਇਸ ਕਿਸਮ ਦੇ ਵੀ ਯਤਨ ਕਰ ਰਹੇ ਹਾਂ ਕਿ ਧੁੱਪ ਦੇ ਵੀ ਐਨਰਜੀ ਸਟੇਸ਼ਨ ਲਾ ਸਕੀਏ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਬਾਈਲੇਟਰਲ ਗਲ ਚੱਲੀ ਹੈ । ਅਸੀਂ ਹਿਮਾਚਲ ਪ੍ਰਦੇਸ਼ ਦੇ ਚੀਫ ਮਨਿਸਟਰ ਸਾਹਿਬ ਨਾਲ ਗਲ ਕੀਤੀ, ਜੰਮੂ ਕਸ਼ਮੀਰ ਨਾਲ ਗੱਲ ਕੀਤੀ ਹੈ। ਉਨ੍ਹਾਂ ਕੋਲ ਬਿਜਲੀ ਪੈਦਾ ਕਰਨ ਦੀ ਬੜੀ ਗੁੰਜਾਇਸ਼ ਹੈ। ਉਹ ਤਕਰੀਬਨ 12 ਹਜ਼ਾਰ ਮੈਗਾਵਾਟ ਬਿਜਲੀ ਪੈਦਾ ਕਰ ਸਕਦੇ ਹਨ। ਅਸੀਂ ਕਿਹਾ ਹੈ ਕਿ ਅਸੀਂ ਇਨ੍ਹਾਂ ਦੇ ਨਾਲ ਕੋਈ ਸਾਂਝ ਪਾ ਲਈਏ। ਅਸੀਂ ਸੈਂਟਰ ਵਾਲਿਆਂ ਤੋਂ ਸਹਿਮਤੀ ਲਈ ਯਤਨ ਕਰ ਰਹੇ ਹਾਂ ਕਿ ਤੁਸੀਂ ਸਾਡੀ ਕੀ ਮਦਦ ਕਰੋਗੇ। ਕੁਝ ਅਸੀਂ ਪੈਸਾ ਪਾਈਏ, ਕੁਝ ਪੈਸਾ ਤੁਸੀਂ ਦਿਓ ਤਾਂਕਿ ਹਿਮਾਚਲ ਪ੍ਰਦੇਸ਼ ਵਿੱਚ ਜੋ ਪ੍ਰੋਜੈਕਟ ਹਨ ਉਨ੍ਹਾਂ ਤੋਂ ਬਿਜਲੀ ਲੈਣ ਲਈ ਸਾਂਝ ਪਾ ਸਕੀਏ । ਇਸੇ ਤਰ੍ਹਾਂ ਜੰਮੂ ਕਸ਼ਮੀਰ ਨਾਲ ਗੱਲ ਕੀਤੀ ਹੈ।

ਸਪੀਕਰ ਸਾਹਿਬ, ਥੀਨ ਡੈਮ ਦਾ ਮਸਲਾ ਸਾਹਮਣੇ ਆਇਆ। ਥੀਨ ਡੈਮ ਤੇ ਅਜੇ ਤਕ 90 ਕਰੋੜ ਰੁਪਿਆ ਖਰਚ ਹੋਇਆ ਹੈ। ਪਹਿਲੀ ਸਾਡੀ ਸਰਕਾਰ ਜੋ ਆਈ ਸੀ ਉਸ ਨੇ ਇਸ ਪ੍ਰੋਜੈਕਟ ਤੇ 10 ਕਰੋੜ ਰੁਪਿਆ ਲਾਇਆ ਪਰ ਅੱਜ ਤਕ 90 ਕਰੋੜ ਰੁਪਿਆ ਇਸ ਪ੍ਰੋਜੈਕਟ ਤੇ ਲਗਿਆ ਹੈ। ਅਸੀਂ ਆਉਂਦੇ ਹੀ ਇਸ ਦੇ ਲਈ ਯਤਨ ਕੀਤਾ ਔਰ ਸਾਰੀਆਂ ਦਿੱਕਤਾਂ ਜੋ ਪੇਸ਼ ਆਉਂਦੀਆਂ ਸਨ ਉਹ ਪ੍ਰਾਈਮ ਮਨਿਸਟਰ ਸਾਹਿਬ ਨੂੰ ਦੱਸੀਆਂ। ਮੈਨੂੰ ਖੁਸ਼ੀ ਹੈ ਕਿ ਇਸ ਦੇ ਲਈ 75 ਕਰੋੜ ਰੁਪਿਆ ਇਸ ਸਾਲ ਦੇ ਖਰਚੇ ਵਾਸਤੇ ਸਾਨੂੰ ਮਿਲਿਆ। (ਥੰਪਿੰਗ) ਇਕ ਹੋਰ ਵੱਡੀ ਗੱਲ ਹੋਈ ਕਿ ਮੈਂ ਪ੍ਰਾਈਮ ਮਨਿਸਟਰ ਸ਼੍ਰੀ ਰਾਜੀਵ ਗਾਂਧੀ ਜੀ ਨੂੰ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਦਾਅਵਤ ਦਿਤੀ ਕਿ ਤੁਸੀਂ ਆਪ ਆਕੇ ਇਸ ਦਾ ਨੀਂਹ ਪੱਥਰ ਰੱਖੋ। ਉਨ੍ਹਾਂ ਨੇ ਸਾਡੀ ਉਹ ਵੀ ਸਵੀਕਾਰ ਕੀਤੀ ਅੱਜ ਤੁਹਾਨੂੰ ਇਸ ਗਲ ਦੀ ਸੁਣ ਕੇ ਖੁਸ਼ੀ ਹੋਵੇਗੀ ਕਿ ਉਹ 6 ਤਾਰੀਖ ਨੂੰ ਨੀਂਹ ਪੱਥਰ ਰਖਣ ਵਾਸਤੇ ਆ ਰਹੇ ਹਨ। (ਥੰਪਿੰਗ) ਪਹਿਲਾਂ ਇਸ ਗੱਲ ਦਾ ਅੰਦਾਜ਼ਾ ਸੀ ਕਿ ਇਸ ਨੂੰ ਚਾਲੂ ਕਰਨ ਵਿੱਚ ਕਾਫੀ ਸਮਾਂ ਲਗ ਜਾਵੇਗਾ ਪਰ ਅਸੀਂ ਯਤਨ ਕਰਾਂਗੇ ਕਿ ਜਲਦੀ ਕਰੀਏ ਅੱਜ ਜੇ ਅਸੀਂ ਆਪਣੇ ਯਤਨਾਂ ਵਿੱਚ ਕਾਮਯਾਬ ਹੋ ਗਏ ਤਾਂ ਆਸ ਹੈ ਕਿ ਇਸ ਨੂੰ ਅਸੀਂ 1990 ਤਕ ਚਾਲੂ ਕਰ ਦੇਵਾਂਗੇ। (ਥੰਪਿੰਗ) ਕਹਿੰਦੇ ਸਨ ਕਿ 1994 ਵਿਚ ਖਤਮ ਕਰਾਂਗੇ ਪਰ ਸਾਡਾ ਯਤਨ ਹੈ ਕਿ ਇਸ ਨੂੰ ਕਿਸੇ ਢੰਗ ਨਾਲ ਕਰੀਏ ਕਿ ਇਹ ਦਸੰਬਰ, 1990 ਤਕ ਚਾਲੂ ਹੋ ਜਾਵੇ। ਅਸੀਂ ਬਹੁਤ ਕੁਝ ਲੈਣ ਦਾ ਯਤਨ ਕਰ ਰਹੇ ਹਾਂ। ਮਹੀਨਾ ਹੋਇਆ ਹੈ ਸਾਨੂੰ ਹਾਲੀਂ ਆਏ ਨੂੰ। ਸਾਨੂੰ ਕੀ ਕੁਝ ਮਿਲਿਆ ਹੈ ਅਤੇ ਕੀ ਕੁਝ ਮਿਲਣਾ ਹੈ, ਸ਼ਾਇਦ ਮੈਂ ਸਾਰਾ ਕੁਝ ਨਾ ਦੱਸ ਸਕਾਂ, ਸਰਦਾਰ ਬਲਵੰਤ ਸਿੰਘ ਜੀ ਤੁਹਾਨੂੰ ਸਾਰਾ ਕੁਝ ਦੱਸਣਗੇ। (ਕੁਝ ਆਵਾਜ਼ਾਂ: ਕੱਲ੍ਹ ਦੱਸਣਗੇ) ਇਹ ਸ਼ੈਟਰਡ ਅਕਾਨਮੀ ਛੱਡ ਕੇ ਚਲੇ ਗਏ। ਖਜ਼ਾਨਾ ਖਾਲੀ ਪਿਆ ਹੈ, ਖੜਕਦਾ ਪਿਆ ਹੈ। 380 ਕਰੋੜ ਰੁਪਏ ਦੀ ਡਿਫਿਸਿਟ ਹੈ। ਇਤਨਾ ਵੱਡਾ ਘਾਟਾ ਹੈ। ਫਲੱਡ ਦਾ 35 ਕਰੋੜ ਰੁਪਿਆ ਸਾਨੂੰ ਉਨ੍ਹਾਂ ਨੇ ਦੇਣਾ ਹੈ, ਇਹ ਸ਼ਾਇਦ ਹੋਰ ਵੱਧ ਜਾਵੇਗਾ ਅੱਜ ਤਕਰੀਬਨ 60 ਕਰੋੜ ਰੁਪਿਆ ਸਾਨੂੰ ਮਿਲ ਜਾਵੇ। 120 ਕਰੋੜ ਦਾ ਖਰਚ ਅਸੀਂ ਸਿਰ ਲਈ ਬੈਠੇ ਹਾਂ। ਇਸ ਨਵੀਂ ਗੌਰਮਿੰਟ ਨੂੰ ਕਈ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੈਡੀ ਦੀ ਪਰਚੇਜ਼ ਦੀ ਗੱਲ ਵੀ ਸਾਡੇ ਸਾਹਮਣੇ ਆਈ ਹੈ। ਜਦੋਂ ਇਲੈਕਸ਼ਨਾਂ ਵਿੱਚ ਅਸੀਂ ਜਾਇਆ ਕਰਦੇ ਸੀ ਤਾਂ ਅਸੀਂ ਉਦੋਂ ਹੀ ਦੇਖਦੇ ਸੀ ਪੈਡੀ ਮਾਰਕਿਟ ਵਿੱਚ ਆ ਗਈ ਹੈ। ਮੈਨੂੰ ਯਾਦ ਹੈ ਕਿ ਜਦੋਂ ਮੈਂ ਜ਼ੀਰੇ ਗਿਆ ਤਾਂ ਉਥੇ ਦੇਖਿਆ ਕਿ 70 ਦੇ ਕਰੀਬ ਟਰਾਲੀਆਂ ਲਗੀਆਂ ਹੋਈਆਂ ਸਨ ਉਸ ਜਗ੍ਹਾ ਤੇ ਜਿਥੇ ਬਾਹਰ ਇਕ ਬਹੁਤ ਭਾਰੀ ਜਲਸਾ ਇਕ ਐਮ. ਐਲ. ਏ. ਸਾਹਿਬ ਕਰ ਰਹੇ ਸਨ। ਮਾਰਕਿਟ ਵਿੱਚ ਪੈਡੀ ਤਾਂ ਉਸ ਵੇਲੇ ਹੀ ਆ ਗਈ ਸੀ ਪਰ ਉਸ ਦੀ ਕੀਮਤ ਨਾ ਬੰਨ੍ਹੀ । ਕੀਮਤ ਬੰਨ੍ਹਣ ਵਾਸਤੇ ਕਾਫੀ ਸਮਾਂ ਲਗ ਗਿਆ। ਜਦੋਂ ਅਸੀਂ ਆਏ ਤਾਂ ਮੈਨੂੰ ਕੀਮਤ ਬਨ੍ਹਾਉਣ ਵਾਸਤੇ ਜਾਣਾ ਪਿਆ। ਕੀਮਤ ਉਸੇ ਦਿਨ ਹੀ ਬੰਨ੍ਹ ਦਿੱਤੀ, ਭਾਵੇਂ ਥੋੜੀ ਕੀਮਤ ਬੰਨ੍ਹੀ ਪਰ ਉਸੇ ਦਿਨ ਇਸ ਦੀ ਕੀਮਤ ਬੰਨ੍ਹ ਦਿੱਤੀ। ਫਿਰ ਪ੍ਰਚੇਜ਼ ਕਰਨ ਦੀ ਗੱਲ ਸਾਹਮਣੇ ਆ ਗਈ। ਸਾਰੇ ਪੰਜਾਬ ਵਿੱਚ ਇਸ ਗੱਲ ਦੀ ਹਾਹਾਕਾਰ ਹੋ ਗਈ ਕਿ ਜੀਰੀ ਕੋਈ ਖਰੀਦ ਨਹੀਂ ਰਿਹਾ। ਇਸ ਵੇਲੇ ਕੁਝ ਜ਼ਿਆਦਾ ਵੀ ਹੋਈ ਹੈ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਜਦੋਂ ਕੋਈ ਚੀਜ਼ ਜ਼ਿਆਦਾ ਹੋ ਜਾਵੇ ਤਾਂ ਫਿਰ ਨੱਕ ਮਾਰਨ ਲਗ ਜਾਂਦੇ ਹਨ। ਇਸ ਵਾਰੀ ਵੀ ਇਹ ਨੱਕਮਾਰ ਰਹੇ ਹਨ। ਪੋਜ਼ੀਸ਼ਨ ਕੀ ਹੈ ? ਇਸ ਵਾਰ ਉਨ੍ਹਾਂ ਏਜੰਸੀਆਂ ਨੇ ਘੱਟ ਖਰੀਦਿਆ ਹੈ। ਸਟੇਟ ਏਜੰਸੀ ਨੇ ਖਰੀਦ ਕੀਤੀ ਹੈ । ਸੋ ਮੰਡੀਆਂ ਵਿਚ ਵੱਧ ਐਫ. ਸੀ. ਆਈ. ਵਾਲੇ ਖਰੀਦਣ ਲੱਗ ਪਏ। ਅਸੀਂ ਮੀਟਿੰਗਾਂ ਕੀਤੀਆਂ ਉਨ੍ਹਾਂ ਨੂੰ ਕਿਹਾ ਕਿ ਕੋਸ਼ਿਸ਼ ਕਰੋ ਹੋਰ ਖਰੀਦੀ ਜਾਏ। ਜਿੰਨੀ ਤਾਦਾਦ ਰੱਖੀ ਸੀ ਉਸ ਤੋਂ ਵੱਧ ਖਰੀਦੋ। ਐਫ. ਸੀ. ਆਈ. ਦੀ ਟੋਟਲ ਖਰੀਦ ਇਸ ਵੇਲੇ ਤਕ 34 ਲੱਖ ਟਨ ਹੈ ਜਦ ਕਿ ਪਿਛਲੀ ਵਾਰੀ 40 ਲੱਖ ਟਨ ਖਰੀਦੀ ਜਾ ਚੁਕੀ ਸੀ। ਕਿਥੇ 40 ਲੱਖ ਟਨ ਅਤੇ ਕਿਥੇ 34 ਲੱਖ ਟਨ। ਘੱਟ ਖਰੀਦ ਕਾਰਨ ਕਿਸਾਨ ਨੂੰ ਕਾਫੀ ਦਿੱਕਤ ਆ ਰਹੀ ਹੈ । ਲਾਸਟ ਈਅਰ 69 ਲੱਖ ਟਨ ਪੈਡੀ ਹੋਈ ਸੀ ਅਤੇ ਇਸ ਸਾਲ 75 ਲੱਖ ਟਨ ਹੋਣ ਦੀ ਸੰਭਾਵਨਾ ਹੈ। ਇਸ ਲਈ ਸਾਨੂੰ ਬੜੇ ਜ਼ੋਰ ਨਾਲ ਪੈਡੀ ਖਰੀਦਣੀ ਚਾਹੀਦੀ ਹੈ। ਇਥੇ ਸੁਆਲ ਉਠਾਏ ਗਏ ਇਕ ਦੂਜੇ ਨੂੰ ਉਲਾਂਭੇ ਦਿਤੇ ਗਏ। ਮੈਂ ਦੱਸਦਾ ਹਾਂ ਕਿ ਇਹ ਬੜੀ ਭਾਰੀ ਸਮੱਸਿਆ ਹੈ ਜਦ ਤਕ ਸੈਂਟਰ ਦੀ ਸਰਕਾਰ ਸਾਡਾ ਹਥ ਨਹੀਂ ਵਟਾਏਗੀ ਇਹ ਸਮੱਸਿਆ ਹਲ ਨਹੀਂ ਹੋਵੇਗੀ। ਕਿਸਾਨ ਨੂੰ ਬੜੀ ਥੋਹੜੀ ਕੀਮਤ ਤੇ ਅਨਾਜ ਵੇਚਣਾ ਪੈਂਦਾ ਹੈ। ਹੁਣ ਐਫ. ਸੀ. ਆਈ. ਵਾਲੇ ਚਾਵਲ ਨਹੀਂ ਖਰੀਦ ਰਹੇ। ਜਿਹੜੇ ਰਾਈਸ ਮਿਲਰਜ਼ ਹਨ ਉਨ੍ਹਾਂ ਨੂੰ ਪੂਰੇ ਦਾਮ ਨਹੀਂ ਦੇ ਰਹੇ। ਜਿਹੜੇ ਮਿਲਿੰਗ ਚਾਰਜਿਜ਼ ਹਨ ਉਨ੍ਹਾਂ ਵਿਚ ਇਕ ਰੁਪਿਆ ਤਕ ਨਹੀਂ ਵਧਾਇਆ ਗਿਆ। ਮਿਲਰਜ਼ ਸਾਰੇ ਹੜਤਾਲ ਤੇ ਨਿਕਲੇ ਹੋਏ ਹਨ। ਅਸੀਂ ਉਨ੍ਹਾਂ ਨੂੰ ਕਿਹਾ ਕਿ

Original with;
Punjab Vidhan Sabha
Digitized by;
Panjab Digital Library

ਜੋ ਕੁਝ ਸੁਬਾ ਕਰ ਸਕਦਾ ਹੈ ਸਾਨੂੰ ਦੱਸੋ ਅਸੀਂ ਕੋਸ਼ਿਸ਼ ਕਰਾਂਗੇ। ਅਸੀਂ ਤਿਆਰ ਹਾਂ। ਤੁਹਾਨੂੰ ਹੜਤਾਲ ਨਹੀਂ ਕਰਨੀ ਚਾਹੀਦੀ ਹੈ। ਅਗਰ ਹੜਤਾਲ ਹੋਵੇ ਤਾਂ ਇਸ ਗਲ ਦਾ ਕਿਸਾਨ ਨੂੰ ਕਾਫੀ ਨੁਕਸਾਨ ਹੋਵੇਗਾ ਤਕਰੀਬਨ ਅੱਧੇ ਤੋਂ ਵੱਧ ਪੈਡੀ ਮਿਲਰਜ਼ ਖਰੀਦ ਲੈਂਦੇ ਹਨ ਉਹ ਨਹੀਂ ਖਰੀਦਣਗੇ ਤਾਂ ਅਸੀਂ ਫਸ ਜਾਵਾਂਗੇ। ਮੈਂ ਅਰਜ਼ ਕਰਾਂਗਾ ਕਿ ਐਫ. ਸੀ. ਆਈ. ਨੂੰ ਬੜੇ ਜ਼ੋਰ ਨਾਲ ਖਰੀਦਣੀ ਚਾਹੀਦੀ ਹੈ । ਸਿਰਫ ਦਸ ਦਿਨ ਰਹਿ ਗਏ। ਅਗਰ ਹਰ ਰੋਜ਼ ਲੱਖ ਸਵਾ ਲੱਖ ਟਨ ਤੋਂ ਵੱਧ ਖਰੀਦ ਕਰੇਗੀ ਤਾਂ ਆਪਣਾ ਕੋਟਾ ਪੂਰਾ ਕਰ ਸਕੇਗੀ। ਮੈਂ ਮਿਲਰਜ਼ ਨੂੰ ਵੀ ਕਹਾਂਗਾ ਕਿ ਹੜਤਾਲ ਨਹੀਂ ਕਰਨੀ ਚਾਹੀਦੀ । ਉਹ ਸਾਡੇ ਨਾਲ ਗੱਲ ਕਰਨ ਅਸੀਂ ਉਨ੍ਹਾਂ ਨੂੰ ਲਿਜਾ ਕੇ ਵਜ਼ੀਰ ਸਾਹਿਬ ਨਾਲ ਮਿਲਾਣ ਦੇ ਯਤਨ ਕਰਾਂਗੇ। ਅਸੀਂ ਤਾਂ ਇਥੇ ਗੱਲ ਬਾਤ ਕਰ ਰਹੇ ਹਾਂ ਪਰ ਇਹ ਸੈਂਟਰ ਦਾ ਮਸਲਾ ਹੈ ਸੈਂਟਰ ਹੀ ਮਦਦ ਕਰ ਸਕਦਾ ਹੈ ਇਨ੍ਹਾਂ ਹਾਲਾਤ ਵਿਚੋਂ ਸਾਨੂੰ ਕੱਢਣ ਵਾਸਤੇ । ਜੇ ਪੈਡੀ ਦੀ ਪਰਚੇਜ਼ ਠੀਕ ਕਰ ਲਈ ਤਾਂ ਹੁਣ ਕਾਟਨ ਤੇ ਸ਼ੂਗਰਕੇਨ ਵੀ ਆ ਗਏ ਹਨ। ਸ਼ੂਗਰਕੇਨ ਮਿਲਾਂ ਵਿਚ ਪੀੜਿਆ ਜਾ ਰਿਹਾ ਹੈ, ਪਰ ਹਾਲੇ ਤਕ ਸੈਂਟਰ ਵਲੋਂ ਕੋਈ ਭਾਅ ਮੁਕੱਰਰ ਨਹੀਂ ਹੋ ਰਹੇ। ਇਹ ਗੱਲ ਕਰਦੇ ਅਨੰਦਪੁਰ ਸਾਹਿਬ ਦੇ ਮਤੇ ਦਾ ਫਿਰ ਜ਼ਿਕਰ ਆ ਜਾਂਦਾ ਹੈ। ਅਸੀਂ ਇਸ ਤਰ੍ਹਾਂ ਤਾਂ ਨਹੀਂ ਕਹਿ ਰਹੇ ਸੀ, ਉਸ ਵਿਚ ਕੋਈ ਸਚਾਈ ਸੀ, ਪਰ ਸਾਨੂੰ ਬਦਨਾਮ ਕਰ ਦਿਤਾ ਉਸ ਰੈਜ਼ੋਲਿਊਸ਼ਨ ਨੂੰ ਬਦਨਾਮ ਕਰ ਦਿਤਾ । ਇਹ ਸੈਸ਼ਨ ਦਾ ਮਤਾ ਹੈ, ਸਾਰੇ ਸਾਡੇ ਖਿਲਾਫ ਕਰ ਦਿਤੇ ਬੜਾ ਬੁਰਾ ਪ੍ਰਚਾਰ ਕੀਤਾ ਗਿਆ। ਬਹੁਤ ਅੱਛੀ ਗਲ ਹੈ ਕਿ ਇਸ ਗਲ ਤੇ ਇਨ੍ਹਾਂ ਨੂੰ ਬਹੁਤ ਸੀਟਾਂ ਮਿਲ ਗਈਆਂ ਸਾਨੂੰ ਇਸ ਗੱਲ ਦਾ ਬਹੁਤਾ ਗਿਲਾ ਨਹੀਂ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਨੰਦਪੁਰ ਦੇ ਮਤੇ ਨੂੰ ਲੋਕਾਂ ਨੇ ਗਲਤ ਸਮਝਿਆ। ਉਸ ਦੇ ਵਿਚ ਇਹ ਸੀ ਕਿ ਲੋਕਾਂ ਨੂੰ ਅਖਤਿਆਰ ਹੋਵੇ ਕਿ ਉਹ ਆਪਣੀ ਚੀਜ਼ ਠੀਕ ਪ੍ਰਾਈਸ ਵਿਚ ਵੇਚ ਸਕਣ। ਐਕਸਪੋਰਟ ਤਾਂ ਇਕ ਪਾਸੇ ਰਹੀ ਜੇਕਰ ਅਸੀਂ ਇਕ ਹਜ਼ਾਰ ਟਨ ਚਾਵਲ ਅਗਰ ਹਿਮਾਚਲ ਪ੍ਰਦੇਸ਼ ਨੂੰ ਭੇਜਣਾ ਚਾਹੁੰਦੇ ਹਾਂ ਤਾਂ ਅਸੀਂ ਨਹੀਂ ਭੇਜ ਸਕਦੇ। ਸਾਡੇ ਤੇ ਬੰਦਸ਼ਾਂ ਲਗੀਆਂ ਹੋਈਆਂ ਹਨ। ਇਨ੍ਹਾਂ ਬੰਦਸ਼ਾਂ ਨੂੰ ਦੂਰ ਕਰਨਾ ਚਾਹੀਦਾ ਹੈ ਤਾਂ ਹੀ ਸਾਡੀ ਅਕਾਨੋਮੀ ਥੋਹੜੀ ਬਹੁਤ ਠੀਕ ਹੋ ਸਕਦੀ ਹੈ।

ਇਥੇ ਜ਼ਿਕਰ ਕੀਤਾ ਗਿਆ ਕ੍ਰਾਈਮ ਦੀ ਪੋਜ਼ੀਸ਼ਨ ਦਾ ਅਤੇ ਵਾਕ-ਆਊਟ ਵੀ ਹੋ ਗਿਆ ਕਿ ਕ੍ਰਾਈਮ ਬਹੁਤ ਵੱਧ ਗਏ ਹਨ ਅਤੇ ਅਸੀਂ ਕੰਟ੍ਰੋਲ ਨਹੀਂ ਕਰ ਸਕਦੇ । ਕਈ ਵਾਰੀ ਅਖਬਾਰਾਂ ਵਿਚ ਆ ਜਾਂਦਾ ਹੈ। ਆਂਕੜੇ ਸਾਹਮਣੇ ਨਹੀਂ ਹੁੰਦੇ। ਸਾਨੂੰ ਸਮਾਂ ਬਹੁਤ ਥੋਹੜਾ ਮਿਲਿਆ ਹੈ ਅਤੇ ਸਾਨੂੰ ਬਹੁਤ ਗੱਲਾਂ ਦਾ ਸਾਹਮਣਾ ਕਰਨਾ ਪਿਆ। ਜੋ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਹੈ ਮੈਂ ਕੁੱਝ ਆਂਕੜੇ ਦਸਣਾ ਚਾਹੁੰਦਾ ਹਾਂ ਪਿਛਲੇ ਸਾਲ ਮਾਹ ਅਕਤੂਬਰ ਦੇ ਅਤੇ ਅਕਤੂਬਰ, 1985 ਦੇ। ਸਾਨੂੰ ਇਕ ਮਹੀਨਾ ਹੀ ਮਿਲਿਆ ਹੈ ਵੈਸੇ ਮੈਂ ਜਨਰਲੀ ਵੇਖਿਆ ਹੈ ਕਿ ਇਸ ਸਮੇਂ ਪਿਛਲੇ ਸਾਲ ਨਾਲੋਂ ਘੱਟ ਹੀ ਕ੍ਰਾਈਮ ਹੋਏ ਹਨ। ਮਰਡਰ ਐਂਡ ਸ਼ੂਟ ਆਊਟਸ ਪਿਛਲੇ ਸਾਲ ਅਕਤੂਬਰ 84 ਵਿਚ 7 ਹੋਏ ਸਨ ਅਤੇ ਅਕਤੂਬਰ 85 ਵਿਚ 5 ਹੋਏ ਹਨ। ਮੈਂ ਨਹੀਂ ਕਹਿੰਦਾ ਕਿ ਇਹ ਬਹੁਤ ਠੀਕ ਹਨ ਲੇਕਿਨ 5 ਹੋਏ।

ਬੈਂਕਸ ਐਂਡ ਅਦਰ ਰੌਬਰੀਜ਼ ਪਿਛਲੇ ਸਾਲ 11, ਐਤਕੀ 6, ਡੈਮੇਜ ਟੂ ਪ੍ਰਾਪਰਟੀ ਪਿਛਲੇ ਸਾਲ ਇਸ ਮਹੀਨੇ ਵਿਚ 6, ਇਸ ਸਾਲ ਕੋਈ ਨਹੀਂ। ਅਸਾਲਟਸ ਟੂ ਪਬਲਿਕ ਸਰਵੈਂਟਸ ਪਿਛਲੇ ਸਾਲ 3 ਇਸ ਸਾਲ ਕੋਈ ਨਹੀਂ। ਪੁਲੀਸ ਐਨਕਾਊਂਟਰਜ਼ ਪਿਛਲੇ ਸਾਲ 16 ਹੋਏ ਸਨ ਐਤਕੀ ਇਕ । ਸੈਡੀਸ਼ੀਅੱਸ ਐਕਟੀਵਿਟੀਜ਼ ਸਾਡੇ ਆਉਣ ਤੋਂ ਪਹਿਲਾਂ ਬਹੁਤ ਸਨ। ਪਿਛਲੇ ਸਾਲ ਇਸ ਮਹੀਨੇ 20 ਅਤੇ ਇਸ ਸਾਲ ਇਸ ਮਹੀਨੇ ਵਿਚ ਕੋਈ ਨਹੀਂ। ਐਕਸਪਲੌਸਿਵ ਐਕਟ ਦੇ ਥੱਲੇ ਪਿਛਲੇ ਸਾਲ 5 ਕੇਸ ਹੋਏ ਇਸ ਸਾਲ ਇਕ ਹੋਇਆ। ਆਰਮਜ਼ ਐਕਟ ਦੇ ਥੱਲੇ ਪਿਛਲੇ ਸਾਲ ਦੋ ਹੋਏ ਐਤਕੀ ਇਕ ਹੋਇਆ। ਕੁਲ ਪਿਛਲੇ ਸਾਲ 70 ਬਣੇ ਸੀ ਤਾਂ ਇਸ ਸਾਲ 15 ਬਣੇ ਹਨ ਯਾਨੀ 80% ਘੱਟ ਹਨ। ਗੁੰਮੇ ਵਿਚ ਆ ਕੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਵਾਕ-ਆਊਟ ਕਰ ਜਾਣਾ ਇਹ ਮੁਨਾਸਬ ਗੱਲ ਨਹੀਂ ਜਾਣਕਾਰੀ ਲੈ ਲੈਣੀ ਚਾਹੀਦੀ ਹੈ। ਇਹ ਪਹਿਲੀ ਵਾਰੀ ਹੈ ਜਦੋਂ ਕਿ ਕੁਝ ਸੁਖਾਵਾਂ ਮਾਹੌਲ ਪੰਜਾਬ ਵਿਚ ਬਣਿਆ ਹੈ ਅਤੇ ਲੋਕਾਂ ਨੇ ਸੁਖ ਦਾ ਸਾਹ ਲਿਆ ਹੈ ਅੱਤ ਉਹ ਵੀ ਸਾਡੀ ਪਾਰਟੀ ਦੀ ਸਰਕਾਰ ਆਉਣ ਤੇ। ਇਕ ਆਦਤ ਜਿਹੀ ਪਈ ਹੋਈ ਹੈ ਅਗਰ ਕਿਤੇ ਕੁਝ ਨਹੀਂ ਨਿਕਲਦਾ ਤਾਂ ਵੀ ਵਾਕ ਆਊਟ ਤਾਂ ਕਰਨਾ ਹੀ ਹੈ। ਇਹ ਜਿਹੜਾ ਰਵੱਈਆ ਅਖਤਿਆਰ ਕੀਤਾ ਹੈ ਇਸ ਨੂੰ ਬਦਲਣਾ ਚਾਹੀਦਾ ਹੈ। ਤੁਸੀਂ ਅੰਮ੍ਰਿਤਸਰ ਵਿਚ ਜਾ ਕੇ ਦੇਖੋ ਬਜ਼ਾਰਾਂ ਵਿਚ ਕਿਤਨੀ ਗਹਿਮਾ ਗਹਿਮੀ ਹੈ। ਲੋਕ ਇੰਡਸਟਰੀ ਵੱਲ ਆ ਰਹੇ ਹਨ। ਸਰਦਾਰ ਬਲਵੰਤ ਸਿੰਘ ਕੋਲ ਬੜੇ ਲੋਕ ਆ ਰਹੇ ਹਨ ਇਨਵੈਸਟਮੈਂਟ ਕਰਨ ਵਾਸਤੇ (ਵਿਘਨ) ਇਥੇ ਇੰਡਸਟਰੀ ਹੁਣ ਆ ਰਹੀ ਹੈ ਤਰੱਕੀ ਕਰ ਰਹੀ ਹੈ। ਕੁਝ ਇੰਡਸਟਰੀ ਇਥੋਂ ਕਲ੍ਹ ਗਈ ਸੀ। ਉਸ ਸਮੇਂ ਇਨ੍ਹਾਂ ਤੋਂ ਸਾਂਭੀ ਨਹੀਂ ਗਈ ਅਤੇ ਇੰਡਸਟਰੀ ਇਥੋਂ ਜਾਣ ਲੱਗ ਪਈ ਸੀ। ਹੁਣ ਬਾਹਰਲੇ ਸਾਡੇ ਕੋਲ ਆਉਣ ਲਗ ਪਏ। ਗੁਜਰਾਤ ਵਾਲੇ ਸਾਡੇ ਕੋਲ ਆਉਂਦੇ ਹਨ ਅੱਤ ਪੁੱਛਦੇ ਹਨ ਕਿ ਇਥੇ ਇੰਡਸਟਰੀ ਦੀ ਗੁੰਜਾਇਸ਼ ਹੈ ਅਸੀਂ ਕਹਿੰਦੇ ਹਾਂ, ਹੈ। ਹਾਲਾਤ ਉਨ੍ਹਾਂ ਨੂੰ ਚੰਗੇ ਲਗਦੇ ਹਨ, ਲੇਕਿਨ ਜੋ ਸੈਂਟਰਲ ਗੌਰਮਿੰਟ ਦੀ ਇੰਡਸਟਰੀ ਹੁੰਦੀ ਹੈ, ਪ੍ਰੋਜੈਕਟਸ ਹੁੰਦੇ ਹਨ ਉਹ ਸਾਨੂੰ ਨਹੀਂ ਮਿਲਦੇ। 18 ਹਜ਼ਾਰ ਕਰੋੜ ਰੁਪਏ ਦੇ ਪ੍ਰੋਜੈਕਟਸ ਦੇਸ਼ ਵਿਚ ਲਗਣੇ ਹਨ ਸਾਨੂੰ ਸਿਰਫ 45 ਕਰੋੜ ਰੁਪਏ ਦਾ ਇਕ ਪ੍ਰੋਜੈਕਟ ਦਿਤਾ ਹੈ। ਆਬਾਦੀ ਦੇ ਮੁਤਾਬਕ ਸਾਨੂੰ ਇਹ ਦਾ ਹੈ ਪਰ ਸਾਨੂੰ ਸ਼ੇਅਰ 2% ਦਿਤਾ ਗਿਆ ਹੈ। ਸਾਨੂੰ ਸਾਡਾ ਹਿੱਸਾ ਮਿਲਣਾ ਚਾਹੀਦਾ ਹੈ। ਕਿਸੇ ਨਾ ਕਿਸੇ ਢੰਗ ਨਾਲ ਵੱਧ ਇਨਵੈਸਟਮੈਂਟ ਸਰਕਾਰ ਨੂੰ ਕਰਨੀ ਚਾਹੀਦੀ ਹੈ।

ਇਥੇ ਬੜਾ ਵਾਵੇਲਾ ਹੁੰਦਾ ਰਿਹਾ ਹੈ ਕਿ ਮਾਰਕੀਟ ਸੈਸ ਲਗਾਇਆ ਹੈ। ਇਹ 1% ਕਾਫੀ ਹੋ ਜਾਂਦਾ ਹੈ। ਇਸ ਦਾ ਕੋਈ 26 ਕਰੋੜ ਰੁਪਿਆ ਬਣਦਾ ਹੈ। ਇਥੇ ਹਾਊਸ ਵਿਚ ਸਾਰਿਆਂ ਨੇ ਆਖਿਆ ਕਿ ਬੰਦ ਹੋਣਾ ਚਾਹੀਦਾ ਹੈ। ਇਹ ਇਕ ਕੌੜ੍ਹ ਹੈ। ਮੈਂ ਆਪਣੇ ਸਾਥੀਆਂ ਨੂੰ ਪੁੱਛਦਾਂ ਹਾਂ ਕਿ ਕਿਸ ਨੇ ਲਾਇਆ ਸੀ ?

ਟਰੇਜ਼ਰੀ ਬੈਂਚਾਂ ਵਲੋਂ ਆਵਾਜ਼ਾਂ : (ਆਪੋਜ਼ੀਸ਼ਨ ਬੈਂਚਾਂ ਵੱਲ ਹੱਥ ਕਰਕੇ) ਇਨ੍ਹਾਂ ਨੇ ਲਾਇਆ ਸੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਆਪਣੀ ਜਾਣਕਾਰੀ ਲਈ ਪੁੱਛ ਰਿਹਾ ਸੀ। ਇਹ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਲਾਇਆ ਸੀ।

EXTENSION OF TIME OF THE SITTING

Mr. Speaker : Is it the pleasure of the House that the time of the sitting of the House be extended by 15 minutes ?

(Voices : Yes, Yes.)

Mr. Speaker : The time of the sitting of the House is extended upto 6.45 P.M.

RESUMPTION OF DISCUSSION ON GOVERNOR'S ADDRESS

ਮੁੱਖ ਮੰਤਰੀ : ਇਸ 1% ਦਾ ਬੜਾ ਜ਼ਿਕਰ ਆਇਆ ਹੈ। ਇਸ ਦੇ ਨਾਲ 26 ਕਰੋੜ ਰੁਪਿਆ ਬਣ ਜਾਂਦਾ ਹੈ। ਖਜ਼ਾਨਾ ਪਹਿਲੋਂ ਹੀ ਖਾਲੀ ਪਿਆ ਹੈ। ਇਹ 26 ਕਰੋੜ ਰੁਪਿਆ ਕਿਥੋਂ ਦੇਵਾਂਗੇ। ਚਿੰਤਾ ਲੱਗੀ ਹੋਈ ਹੈ। ਅਸੀਂ ਇਹ ਫੈਸਲਾ ਕਰ ਲਿਆ ਹੈ ਕਿ ਇਹ ਮਾਰਕੀਟ ਸੈਸ ਖਤਮ ਕਰ ਦੇਣਾ ਹੈ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

ਮੈਂ, ਸਪੀਕਰ ਸਾਹਿਬ, ਇਹ ਹੀ ਕਹਿ ਰਿਹਾ ਸੀ ਕਿ ਜੇਕਰ ਕੋਈ ਚੰਗੀ ਗੱਲ ਕਰਾਂਗੇ ਤਾਂ ਇਨ੍ਹਾਂ ਨੂੰ ਮਾੜੀ ਲੱਗਣੀ ਹੈ। ਇਕ ਟੈਕਸ ਲਗਾਇਆ ਗਿਆ ਸੀ। ਉਸ ਟੈਕਸ ਨੂੰ ਲੋਕ ਕੱਚਾ ਕੋਹੜ੍ਹ ਕਹਿਣ ਲਗ ਪਏ ਸਨ । ਜੇਕਰ ਉਹ ਖਤਮ ਕੀਤਾ ਹੈ ਤਾਂ ਉਹ ਵੀ ਔਖਾ ਲਗਿਆ ਹੈ । ਮੈਂ ਉਨ੍ਹਾਂ ਦੇ ਫਾਇਦੇ ਦੀ ਇਕ ਹੋਰ ਗੱਲ ਦੱਸਾਂਗਾ, ਸ਼ਾਇਦ ਇਹ ਖੁਸ਼ ਹੋ ਜਾਣ ਕਿ ਅਸੀਂ ਇਨਸਪੈਕਟਰੀ ਰਾਜ ਖਤਮ ਕਰ ਰਹੇ ਹਾਂ (ਥੰਪਿੰਗ)। ਉਧਰੋਂ (ਵਿਰੋਧੀ ਧਿਰ ਵੱਲ ਇਸ਼ਾਰਾ) ਸਪੀਕਰ ਸਾਹਿਬ, ਥੰਪਿੰਗ ਨਹੀਂ ਹੋਈ।

ਡਾਕਟਰ ਕੇਵਲ ਕ੍ਰਿਸ਼ਨ : ਜਦੋਂ ਕਰੋਗੇ ਉਦੋਂ ਵੇਖਾਂਗੇ।

ਮੁੱਖ ਮੰਤਰੀ : ਸਾਡੀ ਸਰਕਾਰ ਨੇ ਤਾਂ ਪਹਿਲਾਂ ਵੀ ਖਤਮ ਕੀਤਾ ਸੀ।

ਡਾਕਟਰ ਕੇਵਲ ਕ੍ਰਿਸ਼ਨ : ਇਹ ਨਾ ਖਤਮ ਹੋਇਆ।

ਮੁੱਖ ਮੰਤਰੀ : ਸਪੀਕਰ ਸਾਹਿਬ, ਸਾਨੂੰ ਜੇਲ੍ਹਾਂ ਵਿਚ ਜਾਣਾ ਪਿਆ । ਕਦੇ ਧੱਕੇ ਨਾਲ ਜੇਲ੍ਹ ਵਿਚ ਸਾਨੂੰ ਭੇਜ ਦਿੱਤਾ ਜਾਂਦਾ ਹੈ ਤੇ ਕਦੇ ਅਸੀਂ ਆਪਣੀ ਮਰਜ਼ੀ ਨਾਲ ਹੀ ਚਲੇ ਜਾਂਦੇ ਹਾਂ। ਅਸੀਂ ਮਹਿਸੂਸ ਕੀਤਾ ਕਿ ਜੇਲ੍ਹ ਦੇ ਲੋਕਾਂ ਨੂੰ ਵੀ ਕੁਝ ਰਾਹਤ ਦੇਣੀ ਚਾਹੀਦੀ ਹੈ। ਅਸੀਂ ਵੇਖਿਆ ਹੈ ਕਿ ਜੇਲ੍ਹਾਂ ਵਿਚ ਜੋ ਪ੍ਰਬੰਧ ਹੈ ਉਹ ਪੁਰਾਣਾ ਹੀ ਚਲਿਆ ਆ ਰਿਹਾ ਹੈ ਜੋ ਕਿ ਅੰਗਰੇਜ਼ ਬਣਾ ਗਿਆ ਸੀ ਉਹ ਹੀ ਚਲਦਾ ਆ ਰਿਹਾ ਹੈ। ਉਸ ਦੇ ਬਾਰੇ ਸਰਦਾਰ ਸੁਖਜਿੰਦਰ ਸਿੰਘ ਹੋਰਾਂ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਨਿਯੁਕਤ ਕਰ ਦਿੱਤੀ ਹੈ। ਬਹੁਤੀ ਵਾਰ ਜੇਲ੍ਹ ਵਿਚ ਵੀ ਇਨ੍ਹਾਂ ਨੂੰ ਹੀ ਰਹਿਣਾ ਪਿਆ ਹੈ (ਹਾਸਾ) । ਉਹ ਕਮੇਟੀ ਚੰਗੇ ਢੰਗ ਨਾਲ ਕੰਮ ਕਰੇਗੀ। ਪਰ ਸਪੀਕਰ ਸਾਹਿਬ, ਕਈ ਵਾਰੀ ਫਾਇਦਾ ਇਹ (ਵਿਰੋਧੀ ਧਿਰ ਵੱਲ ਇਸ਼ਾਰਾ) ਉਠਾ ਜਾਂਦੇ ਹਨ।

ਅਕਾਰਡ ਹੈ, ਇਹ ਬੜੀ ਹਿਸਟਾਰਿਕ ਗੱਲ ਸੀ। ਉਸ ਦੇ ਤਹਿਤ ਗਵਰਨਰ ਸਾਹਿਬ ਨੂੰ ਕੁਝ ਰਮਿਸ਼ਨਜ਼ ਕਰ ਦੇਣੀਆਂ ਚਾਹੀਦੀਆਂ ਸਨ ਪਰ ਨਹੀਂ ਕੀਤੀਆਂ ਪਰਿਜ਼ਨਰਜ਼ ਨੂੰ। ਅਸੀਂ ਹੁਣ ਇਹ ਕੀਤਾ ਹੈ–

(1)	Prisoners undergoing sentence for more than ten years	ਇਕ ਸਾਲ ਰਮਿਸ਼ਨ ਕਰ ਦਿਤੀ ਹੈ ।
(2)	Prisoners undergoing sentence for more than five years upto 10 years	8 ਮਹੀਨੇ ਰਮਿਸ਼ਨ ਕਰ ਦਿਤੀ ਹੈ।
(3)	Prisoners undergoing sentence from two to five years	6 ਮਹੀਨੇ ਰਮਿਸ਼ਨ ਕਰ ਦਿਤੀ ਹੈ।
(4)	Prisoners undergoing sentence for not more than 2 years	4 ਮਹੀਨੇ ਰਮਿਸ਼ਨ ਕਰ ਦਿਤੀ ਹੈ।

ਚਾਰ ਮਹੀਨਿਆਂ ਦੀ ਰਮਿਸ਼ਨ ਵਿਚ ਵੀ ਬਹੁਤ ਸਾਰੇ ਲੋਕ ਨਿਕਲ ਜਾਣਗੇ। ਇਹ ਰਮਿਸ਼ਨ ਦਿੱਤੀ ਹੈ ਤਾਕਿ ਬਹੁਤ ਸਾਰੇ ਲੋਕ ਜੋ ਕਿ ਅਕਾਰਡ ਦੇ ਫਾਇਦੇ ਨੂੰ ਉਡੀਕ ਰਹੇ ਸਨ ਉਨ੍ਹਾਂ ਨੂੰ ਫਾਇਦਾ ਹੋ ਸਕੇ। ਹਰੀਜਨਾਂ ਦਾ ਜ਼ਿਕਰ ਕੀਤਾ ਗਿਆ ਸੀ। ਉਨ੍ਹਾਂ ਦੀਆਂ ਧਰਮਸ਼ਾਲਾਵਾਂ ਦੀ ਗੱਲ ਕੀਤੀ ਹੈ। ਉਨ੍ਹਾਂ ਨੂੰ ਫਿਰ ਬਿਨਾਂ ਸੂਦ ਦੇ ਕਰਜ਼ਿਆਂ ਦੀ ਗੱਲ ਹੈ। ਉਨ੍ਹਾਂ ਨੂੰ ਬਿਨਾਂ ਸੂਦ ਦੇ ਕਰਜ਼ੇ ਮਿਲਣਗੇ। (ਥੰਪਿੰਗ)

ਐਕਸ-ਸਰਵਿਸਮੈਨ ਦੀ ਪਹਿਲਾਂ ਕੋਈ ਗੱਲ ਨਹੀਂ ਸੀ ਕਰਦਾ। ਇਥੇ ਹਾਊਸ ਵਿਚ ਵੀ ਕਈ ਮੈਂਬਰ ਐਸੇ ਹਨ ਪਰ ਬੋਲਦੇ ਨਹੀਂ। ਇਕ ਮੈਂਬਰ ਨੇ ਦੱਸਿਆ ਹੈ। ਐਕਸ–ਸਰਵਿਸਮੈਨ ਵਿਚਾਰਾ ਜਦੋਂ ਆਉਂਦਾ ਸੀ ਤਾਂ ਉਸ ਨੇ ਰਹਿਣ ਵਾਸਤੇ ਕੋਈ ਛੋਟਾ ਮੋਟਾ ਮਕਾਨ ਬਣਾਇਆ ਹੁੰਦਾ ਸੀ। ਉਸ ਦੀ ਤਾਂ ਡਿਊਟੀ ਕਦੇ ਆਸਾਮ ਵਿਚ ਤੇ ਕਦੇ ਉਹ ਲਦਾਖ ਵਿਚ ਬੈਠਾ ਹੁੰਦਾ ਸੀ। ਜਦੋਂ ਉਹ ਉਥੋਂ ਆਉਂਦਾ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸੀ ਤਾਂ ਮਕਾਨ ਖਾਲੀ ਨਹੀਂ ਸੀ ਹੁੰਦਾ। ਪੈਨਸ਼ਨ ਦੇ ਪੈਸੇ ਉਸ ਦੇ ਲਿਟੀਗੇਸ਼ਨ ਤੇ ਉਹ ਲਾਈ ਜਾਂਦਾ ਫਿਰ ਉਸ ਦੀ ਉਂਜ ਹੀ ਵਾਰੀ ਆ ਜਾਂਦੀ ਔਰ ਫਿਰ ਮੰਡਾ ਕੇਸ ਲੜਦਾ ਰਹਿੰਦਾ। ਇਕੱਲੇ ਜਿਹੜੇ ਫੌਜ ਵਿਚ ਹਨ ਉਨ੍ਹਾਂ ਦੇ ਵਾਸਤੇ ਹੀ ਨਹੀਂ ਸਗੋਂ ਜਿਹੜੇ ਸਿਵਲ ਦੇ ਐਕਸ-ਸਰਵਿਸਮੈਨ ਹਨ ਉਨ੍ਹਾਂ ਦੇ ਵਾਸਤੇ ਵੀ ਉਨ੍ਹਾਂ ਦੇ ਮਕਾਨ ਜੋ ਕਿਰਾਏ ਤੇ ਦਿੱਤੇ ਹਨ, ਉਹ ਵਾਪਸ ਲੈ ਸਕਣ, ਉਸ ਵਾਸਤੇ ਵੀ ਸੌਖਾ ਤਰੀਕਾ ਦੱਸਣਾ ਦਿੱਤਾ ਹੈ। ਉਸ ਤਰੀਕੇ ਉਹ ਮਕਾਨ ਲੈ ਲੈਣ (ਖੋਹਿੰਗ) ਪਰ ਉਹ ਮਕਾਨ ਉਨ੍ਹਾਂ ਦੇ ਆਪਣੇ ਰਹਿਣ ਵਾਸਤੇ ਮਿਲੇਗਾ ਕਿਰਾਏ ਤੇ ਦੇਣ ਵਾਸਤੇ ਨਹੀਂ। ਉਸ ਵਾਸਤੇ ਅਸੀਂ ਪੀਨਲ ਕਲਾਜ਼ ਵੀ ਨਾਲ ਲਗਾ ਦਿੱਤੀ ਹੈ। ਸਪੀਕਰ ਸਾਹਿਬ, ਗੱਲਾਂ ਤਾ ਕਾਫੀ ਸਨ ਔਰ ਕਾਫੀ ਲੰਬੀਆਂ ਕਹਾਣੀਆਂ ਹਨ, ਮੈਂ ਹੋਰ ਸਮਾਂ ਲੈ ਸਕਦਾ ਸੀ ਪਰ ਮੈਂ ਸਦਨ ਦਾ ਹੋਰ ਸਮਾਂ ਨਹੀਂ ਲੈਣਾ ਚਾਹੁੰਦਾ। ਅਸੀਂ ਔਖੇ ਸਮੇਂ ਵਿਚ ਇਥੇ ਆਏ ਹਾਂ। ਔਖੇ ਸਮੇਂ ਵਿਚ ਸਾਨੂੰ ਇਹ ਜ਼ਿਮੇਵਾਰੀ ਸੌਂਪੀ ਗਈ ਹੈ। ਮੈਨੂੰ ਯਕੀਨ ਹੈ ਕਿ ਗਵਰਨਰ ਸਾਹਿਬ ਦੇ ਭਾਸ਼ਣ ਵਿਚ ਜਿਸ ਤਰਾਂ ਜ਼ਿਕਰ ਹੈ, ਸਹਿਯੋਗ ਦੀ ਲੋੜ ਹੈ, ਉਧਰ ਬੈਠੇ ਵੀਰਾਂ ਦੇ, ਪ੍ਰੇਮ ਦੇ ਸਹਿਯੋਗ ਦੀ ਲੋੜ ਹੈ, ਪੰਜਾਬ ਦੀ ਜਨਤਾ ਦੇ ਸਹਿਯੋਗ ਦੀ ਲੋੜ ਹੈ। ਸਾਰੇ ਅਸੀਂ ਇਕਨੇ ਹੋ ਸਕੀਏ। ਹਰ ਇਕ ਵੀਰ ਇਕਠਾ ਹੋ ਸਕੇ ਔਰ ਸੰਤ ਲੌਂਗੋਵਾਲ ਜੀ ਦਾ ਜੋ ਸੰਕਲਪ ਸੀ ਉਹ ਪੂਰਾ ਹੋ ਸਕੇ। ਮੈਂ ਅਰਜ਼ ਕਰਾਂਗਾ ਕਿ ਜੋ ਸਦਨ ਵਿਚ ਗਵਰਨਰ ਸਾਹਿਬ ਦੇ ਭਾਸ਼ਣ ਬਾਰੇ ਮਤਾ ਲਿਆਂਦਾ ਗਿਆ ਹੈ ਉਹ ਪਾਸ ਕੀਤਾ ਜਾਵੇ।

ਸ਼੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਇਨਫਰਮੇਸ਼ਨ।

ਤੁਹਾਡੇ ਰਾਹੀਂ ਮੈਂ ਇਨਫਰਮੇਸ਼ਨ ਲੈਣੀ ਹੈ ਕਿ ਐਸ. ਵਾਈ. ਐਲ. ਦੀ ਅਲਾਈਨਮੈਂਟ ਬਾਰੇ ਪੰਜਾਬ ਗੌਰਮਿੰਟ ਦਾ ਕੀ ਸਟੈਂਡ ਹੈ। ਮਾਰਕਿਟ ਸੈਸ ਵਿਚ ਮੁਆਫੀ ਦਿੱਤੀ ਹੈ ਪਰ ਜਿਹੜਾ ਵਾਟਰ ਟੈਕਸ ਔਰ ਸੀਵਰ ਟੈਕਸ ਬਰਾਬਰ ਕੀਤਾ ਸੀ, ਕੀ ਉਹ ਵੀ ਇਹ ਵਾਪਸ ਲੈਣਗੇ।

ਪ੍ਰੋ ਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, 120 ਕਰੋੜ ਰੁਪਏ ਦੀ ਵਾਟਰ ਸਪਲਾਈ ਦੀ ਸਕੀਮ ਬਣਾਈ ਹੈ। ਸੰਨ 1978 ਵਿਚ ਜਦੋਂ ਸਰਦਾਰ ਬਲਵੰਤ ਸਿੰਘ ਫਾਇਨਾਂਸ ਮਨਿਸਟਰ ਸਨ ਇਨ੍ਹਾਂ ਨੇ ਵਰਲਡ ਬੈਂਕ ਨਾਲ ਐਗਰੀਮੈਂਟ ਕੀਤਾ ਤਾਂ ਇਕ ਕਰ ਦਿੱਤਾ ਕਿ ਜਿਤਨਾ ਪਾਣੀ ਦਾ ਬਿਲ ਉਤਨਾ ਹੀ ਸੀਵਰ ਦਾ ਬਿਲ ਲਗਾ ਦਿੱਤਾ। ਜਿਤਨਾ ਪਾਣੀ ਪੀਓ ਉਹ ਤਾਂ ਪੈਸੇ ਦਿਓ, ਠੀਕ ਹੈ ਪਰ ਨਾਲ ਸੀਵਰ ਦੇ ਵੀ ਉਤਨੇ ਹੀ ਪੈਸੇ ਦਿਓ, ਇਹ ਠੀਕ ਨਹੀਂ ਹੈ। ਕੀ ਇਹ ਦੁਬਾਰਾ ਐਗਰੀਮੈਂਟ ਕਰਨਗੇ ? ਫਿਰ, ਸਪੀਕਰ ਸਾਹਿਬ, 26 ਕਰੋੜ ਰੁਪਏ ਕਿਸਾਨਾਂ ਨੂੰ ਸਹਾਇਤਾ ਮਿਲੀ ਹੈ, 12 ਕਰੋੜ ਸ਼ਹਿਰੀਆਂ ਵਾਸਤੇ ਹੈ, ਕੀ ਉਹ ਵੀ ਸਹਾਇਤਾ ਦੇਣਗੇ ?

Mr. Speaker : SYL is not relevant. (Interruption)

ਕੁਐਸਚਨ ਉਹ ਪੁੱਟ ਕਰੋ ਜਿਹੜਾ ਕਿ ਆਉਣ ਆਫ ਰਿਪਲਾਈ ਟ ਦੀ ਡਿਸਕਸ਼ਨ ਅਰਾਈਜ਼ ਹੁੰਦਾ ਹੈ।

ਸ਼੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਜਿਹੜੀ ਗਵਰਨਰ ਸਾਹਿਬ ਦੇ ਐਡਰੈਸ ਤੋਂ ਗੱਲ ਚਲਦੀ ਹੈ ਉਹ ਵੀ ਕੀ ਅਸੀਂ ਅਰਾਈਜ਼ ਨਹੀਂ ਕਰ ਸਕਦੇ ?

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਫਰਮਾਇਆ ਹੈ ਕਿ ਰਸਤਾ ਰੋਕੋ ਐਜੀਟੇਸ਼ਨ ਵਿਚ ਜੋ ਮੁਕੱਦਮੇ ਬਣਾਏ ਗਏ ਸਨ ਉਹ ਵਾਪਸ ਲੈ ਲੈਣਗੇ। ਪਰ ਜਿਨ੍ਹਾਂ ਅਫਸਰਾਂ ਨੇ ਤਸ਼ੱਦਦ ਕੀਤਾ ਹੈ, ਜ਼ੁਲਮ ਕੀਤਾ ਹੈ, ਉਨ੍ਹਾਂ ਦੇ ਖਿਲਾਫ ਕੀ ਇਹ ਤਹਿਕੀਕਾਤ ਕਰਨਗੇ ?

ਸ਼੍ਰੀ ਸ਼ਿਵ ਚੰਦ ਮਲੋਟ: ਸਪੀਕਰ ਸਾਹਿਬ, ਪ੍ਰਾਈਮ ਮਨਿਸਟਰ ਸਾਹਿਬ ਨੇ 200 ਕਰੋੜ ਰੁਪਏ ਦੀ ਕੋਚ ਫੈਕਟਰੀ ਕਪੂਰਥਲੇ ਲਗਾਉਣ ਲਈ ਨੀਂਹ-ਪੱਥਰ ਰੱਖਿਆ ਹੈ ਪਰ ਸੀ. ਐਮ. ਸਾਹਿਬ ਨੇ ਉਸ ਬਾਰੇ ਕੁਝ ਨਹੀਂ ਕਿਹਾ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ ਸਪੀਕਰ ਸਾਹਿਬ, ਇਹ ਪਬਲਿਕ ਸੈਕਟਰ ਅੰਡਰਟੇਕਿੰਗ ਵਿਚ ਇਕ ਡਿਪਾਰਟਮੈਂਟਲ ਵੈਂਕਟਰੀ ਹੈ। ਸਾਰਾ ਮਿਲਾਕੇ 20ਦ ਕਰੋੜ ਰੁਪਿਆ ਲਗਣਾ ਹੈ। That is Departmental and not Government undertaking.

Mr. Speaker : Question is—

"That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 16th October, 1985.' "

The Motion was carried.

THIRD REPORT OF THE BUSINESS ADVISORY COMMITTEE

Mr. Speaker : I have to present the Third Report of the Business Advisory Committee. The Report reads as under :—

After some discussion, it was recommended that the following business shall also be transacted, in addition to that already approved for transaction, at the Second Sitting to be held on Tuesday, the 5th November-1985 :—

(a) Resolution regarding White Paper on Ravi-Beas Agreement, 1981.
(b) Election of Deputy Speaker.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

Education Minister (Sardar Sukhjinder Singh) : Sir, I beg to move—

That this House agrees with the recommendations contained in the Third Report of the Business Advisory Committee.

Mr. Speaker : Motion moved—

That this House agrees with the recommendations contained in the Third Report of the Business Advisory Committee.

Mr. Speaker : Question is—

That this House agrees with the recommendations contained in the Third Report of the Business Advisory Committee.

The Motion was carried

Mr. Speaker ; The House stands adjourned till 9.00 A.M. on Tuesday, the 5th November, 1985.

*6.32 P.M. (*The House then adjourned* till 9.00 A.M. on Tuesday, the 5th November, 1985.*)

19529 PVS—Govt. Press U.T. Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digi[illegible]

© 1985

Published under the authority of the Punjab Vidhan Sabha and printed by the Controller, Govt. Press, U.T., Chandigarh.

Original with;
Punjab Vidhan Sabha
Digitized by;
Panjab Digital Library

Punjab Vidhan Sabha Debates

5th November, 1985
(Afternoon Sitting)

VOL. 1—NO. 11

OFFICIAL REPORT



Chief Reporter
Punjab Vidhan Sabha
Chandigarh

CONTENTS

Tuesday, the 5th November, 1985
(Afternoon Sitting)

	Page
Starred Questions and Answers	.. (11)1
Short Notice Questions and Answers	.. (11)14
Call Attention Notice under Rule 66	.. (11)15
Papers Laid on the Table	.. (11)17
Motion under Rule 16	.. (11)17
Motion regarding Committees	.. (11)17
LEGISLATIVE BUSINESS—	
Bill—	
The Punjab Appropriation (No. 4)—,1985	.. (11)18

Punjab Vidhan Sabha Secretariat, Chandigarh

Price Rs: 50 75

Original with;
Punjab Vidhan Sabha
Digitized by;
Panjab Digital Library

Page

Official Resolution under section 65(3) of the Electricity (Supply) Act, 1948 .. (11)25

LEGISLATIVE BUSINESS—

Bill(s)—

The Punjab Panchayat Samitis and Zila Parishads (Temporary Supersession) Amendment—, 1985 .. (11)32

The Punjab Agricultural Produce Markets (Amendment) —, 1985 .. (11)36

The Punjab Municipal (Second Amendment)—, 1985 .. (11)41

The East Punjab Urban Rent Restriction (Amendment)—, 1985 .. (11)45

FINANCIAL BUSINESS:

Excess Demands over Grants and Appropriations for the years 1976-77, 1977-78 and 1978-79 .. (11)53

Voting of Excess Demands over Grants and Appropriations for the years 1976-77, 1977-78 and 1978-79 .. (11)53

LEGISLATIVE BUSINESS—

Bill:

The Punjab Appropriation (No. 5)—, 1985 .. (11)62

Resolution *re.* White Paper on Ravi-Beas Agreement, 1981 .. (11)63

Election of Deputy Speaker .. (11)66

Appendix .. (i)

Original with:
Punjab Vidhan Sabha
Digitized by:
Panjab Digital Library

PUNJAB VIDHAN SABHA

Tuesday, the 5th November, 1985
(Afternoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 2.30 P. M. of the Clock. Mr. Speaker (Sardar Ravi Inder Singh) in the Chair.

STARRED QUESTIONS AND ANSWERS

SHOPS/HOUSES IN THE BAZAR ADJOINING SRI AKAL TAKHAT SAHIB

*48. **Sardar Kirpal Singh:** Will the Chief Minister be pleased to state:—

(a) whether the Government is aware of the fact that some shops and houses in the Bazar adjoining Sri Akal Takhat Sahib in Amritsar had collapsed due to the Army action in 1984;

(b) whether the area referred to in part (a) above has since been included in the boundary of Sri Akal Takhat Sahib;

(c) if the reply to part (b) above be in the affirmative, a list showing the names of shop-owners/house-owners along with the amount of compensation, if any, paid to each of them;

(d) whether any plots have been allotted or are proposed to be allotted to the persons who were uprooted from the area referred to in part (b) above, if so, the details thereof ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ਏ) ਜੀ ਹਾਂ ।

(ਬੀ) ਜੀ ਹਾਂ ।

(ਸੀ) ਸ੍ਰੀ ਅਕਾਲ ਤਖਤ ਸਾਹਿਬ ਦੀ ਹਦੂਦ ਅੰਦਰ ਸ਼ਾਮਲ ਕੀਤੀਆਂ ਗਈਆਂ ਦੁਕਾਨਾਂ/ਮਕਾਨਾਂ ਦੇ ਮਾਲਕਾਂ ਨੂੰ ਜਿੰਨਾ ਮੁਆਵਜ਼ਾ ਦਿੱਤਾ ਗਿਆ ਉਸ ਦੇ ਵੇਰਵੇ ਦੀ ਸੂਚੀ ਨਾਲ ਅਨੁਲਗ 'ਏ' ਤੇ ਨਥੀ ਹੈ ।

(ਡੀ) ਨਹੀਂ ਜੀ ।

Original with:
Punjab Vidhan Sabha
Digitized by:
Panjab Digital Library

[Chief Minister]

ANNEXURE 'A'

Sr. No.	Property No.	Name of the owners	Amount of compensation already paid
1.	839/IV	Sh. Muni Lal s/o Sh. Rattan Chand	11,720 .00
2.	840-941/IV	(i) Smt. Tejinder Kaur w/o S. Sampuran Singh.	31,395.00
		(ii) Smt. Sewa Devi w/o Sh. Sain Dass.	2, 215. 00
		(iii) Smt. Jatinder Kaur w/o Sh. Surinder Singh.	16, 550.00
		(iv) Smt. Harpreet Kaur w/o Sh. Preet Kanwal Singh.	19,425.00
3.	819/ IV-19	(i) Smt. Harjit Kaur w/o Sh. Kalyan Singh and	11,145.00
		(ii) S. Jagjit Singh s/o Sh. Kalyan Singh.	
4.	818/IV-19	(i) S. Attar Singh s/o Nihal Singh	15,575.00
		(ii) S. Jaswinder Singh s/o Sh. Attar Singh.	
5.	816 /IV	(i) S. Jit Singh and Sh. Sunder Singh s/o Sh. Budh Singh.	24,115.00
6.	845/IV-19	S/Sh. Tarlochan Singh, Raghbir Singh, Harminder Singh and Anandjit Singh.	—
7.	845/IV-A	(i) Smt. Sujinder Kaur w/o Ujinder Singh (Half Share)	—
		(ii) Sardar Jagmohan Singh s/o Shri Mohinder Singh (half share)	—
8.	846/IV	S. Sudagar Singh s/o Sh. Kishan Singh.	10,450.00
9.	757/IV (1061/IV to 1065/	(i) S. Mohinder Singh s/o Sh. Bahadur Singh.	50,000.00
IV and 1069/IV)		(ii) Smt. Parkash Kaur w/o Sh. Gian Singh.	50,000.00
		(iii) S. Gian Singh s/o Sh. Bahader Singh.	50,000.00
10.	757/IV (66,67,68/IV)	1. Gagan Deep Singh s/o Sh. Ujinder Singh.	43,425.00
		2. S. Charanjit Singh s/o S. Mohinder Singh.	22,725.00
		3. S. Satinder Pal Singh s/o Sh. Mohinder Singh.	22,725.00
11.	778/IV	S. Attar Singh s/o Sh. Nihal Singh.	1,130·00
12.	760/IV	S. Bachitar Singh	—

Original with;
Punjab Vidhan Sabha
Digitized by;
Panjab Digital Library

Sr. No.	Property No.	Name of the owner	Amount of compensation already paid
13.	757A/IV	S. Sudhaghar Singh s/o Sh. Kishan Singh.	17,730.00
14.	756/IV	S. Dyal Singh Ahluwalia s/o.S. Kesar Singh.	50,000.00
15.	847/IV	Smt. Charanjeet Kaur w/o Sh. Pardhuman Singh	—
16.	801/IV	S. Kirpal Singh s/o Sh. Bhagat Singh.	—
17.	802/IV	Smt. Surjit Kaur w/o Sh. Parkash Singh.	—
18.	803/IV	S. Kirpal Singh s/o Sh. Bhagat Singh	—
19.	803-A/IV	Sh. Karam Chand s/o Sh. Kishan Chand.	—
20.	805/IV	Dharmshala Sindhie.	—
21.	798-799/IV	Dharmshala Dera Baba Kanshi Ram.	—
22.	807/IV	S. Kirpal Singh s/o Sh. Bhagat Singh.	—
23.	843-844/IV	Bunga Nakai	50,000.00
		Total	5,00,325.00

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਮੈਂ ਚੈਲੰਜ ਤਾਂ ਨਹੀਂ ਕਰਦਾ। ਸੈਸ਼ਨ ਸ਼ੁਰੂ ਹੋਣ ਤੋਂ ਬਾਅਦ ਸ਼ਾਇਦ ਕਿਸੇ ਨੂੰ ਪੈਸੇ ਮਿਲੇ ਹੋਣ ਪਰ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਕਿਸੇ ਨੂੰ ਕੋਈ ਪੈਸਾ ਨਹੀਂ ਸੀ ਮਿਲਿਆ। ਸੀ.ਐਮ. ਸਾਹਿਬ ਇਸ ਦੇ ਮੁਤੱਲਿਕ ਦੱਸਣ ਦੀ ਖੇਚਲ ਕਰਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜੋ ਜਵਾਬ ਦਿਤਾ ਹੈ, ਉਹ ਠੀਕ ਦਿਤਾ ਗਿਆ ਹੈ। ਜੇਕਰ ਕਿਸੇ ਨੂੰ ਕੋਈ ਸ਼ਿਕਾਇਤ ਹੋਵੇ ਤਾਂ ਉਹ ਮੇਰੇ ਧਿਆਨ ਵਿਚ ਲਿਆਉਣ ਤਾਂ ਉਸ ਦਾ ਪਤਾ ਕਰ ਦੇਵਾਂਗੇ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਇਮੂਵੇਬਲ ਪਰਾਪਰਟੀ ਨੂੰ ਮੁਆਵਜ਼ਾ ਦੇਣ ਬਾਰੇ ਗੱਲ ਸੀ। ਉਨ੍ਹਾਂ ਨੂੰ ਕੋਈ ਕਲੇਮ ਨਹੀਂ ਮਿਲਿਆ। ਜਿਹੜੀ ਪਰਾਪਰਟੀ ਦਰਬਾਰ ਸਾਹਿਬ ਕੰਪਲੈਕਸ ਵਿਚ ਅਕਾਲ ਤਖਤ ਸਾਹਿਬ ਨਾਲ ਸ਼ਾਮਿਲ ਕੀਤੀ ਗਈ ਹੈ, ਉਹ ਪਰਾਪਰਟੀ ਦੇ ਓਨਰਜ਼ ਨਹੀਂ ਹਨ। ਉਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲਿਆ।

ਮੁੱਖ ਮੰਤਰੀ : ਸਪੀਕਰ ਸਾਹਿਬ, 23 ਪਰਾਪਰਟੀਜ਼ ਦਾ ਜ਼ਿਕਰ ਕੀਤਾ ਹੈ, ਨਾਲ ਬੰਦਿਆਂ ਦਾ ਵੀ ਜ਼ਿਕਰ ਕੀਤਾ ਹੈ। ਸਾਮਾਨ ਵਗੈਰਾ ਜੋ ਲੁਟਿਆ ਗਿਆ ਅਤੇ ਛੋਟਾ ਮੋਟਾ ਜੋ ਮਕਾਨ ਢਹਿ ਗਿਆ। ਇਨ੍ਹਾਂ ਚੀਜ਼ਾਂ ਦੀ ਅਸੈਸਮੈਂਟ ਕਮੇਟੀ ਵਲੋਂ ਕੀਤੀ ਜਾ ਚੁਕੀ ਹੈ।

ਸਰਦਾਰ ਕਿਰਪਾਲ ਸਿੰਘ : ਇਹ ਠੀਕ ਹੈ ਕਿ ਇਹ ਰਕਮ ਗਵਰਨਰ ਸਾਹਿਬ ਨੇ ਸੈਨਕਸ਼ਨ ਕੀਤੀ ਸੀ ਲੇਕਿਨ ਇਹ ਰਕਮ ਡਿਸਬਰਸ ਨਹੀਂ ਹੋਈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਅਰਜ਼ ਕਰਨੀ ਚਾਹਵਾਂਗਾ ਕਿ ਇਹ ਰਕਮ ਫੌਰੀ ਤੌਰ ਤੇ ਡਿਸਬਰਸ ਹੋਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਇਹ ਰਕਮ ਜਲਦੀ ਤੋਂ ਜਲਦੀ ਡਿਸਬਰਸ ਕਰਨ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਸਪੀਕਰ ਸਾਹਿਬ, ਬਹੁਤ ਸਾਰੇ ਲੋਕ ਬਾਹਰਲੇ ਮੁਲਕਾਂ ਵਿਚ ਜਾ ਰਹੇ ਸਨ ਪਰ ਦਿੱਲੀ ਵਿਚ ਉਨ੍ਹਾਂ ਦੀਆਂ ਟੈਕਸੀਆਂ ਵਿਚੋਂ ਸਾਰਾ ਸਾਮਾਨ ਲੁੱਟ ਲਿਆ ਅਤੇ ਕਾਰਾਂ ਦਾ ਨੁਕਸਾਨ ਕੀਤਾ। ਕੀ ਮੁੱਖ ਮੰਤਰੀ ਜੀ ਉਨ੍ਹਾਂ ਨੂੰ ਵੀ ਮੁਆਵਜ਼ਾ ਦੇਣ ਦਾ ਉਪਰਾਲਾ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਵਖਰਾ ਹੈ। ਇਸ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ। ਫਿਰ ਵੀ ਜਿਨ੍ਹਾਂ ਦੀਆਂ ਕਾਰਾਂ ਦਾ ਨੁਕਸਾਨ ਹੋਇਆ ਅਤੇ ਉਨ੍ਹਾਂ ਦੀਆਂ ਕਾਰਾਂ ਵਿਚੋਂ ਜਿਹੜੀਆਂ ਇਨਸ਼ੋਅਰਡ ਸਨ, ਉਨ੍ਹਾਂ ਨੂੰ ਤਾਂ ਮੁਆਵਜ਼ਾ ਦਿਤਾ ਗਿਆ ਹੈ ਪਰ ਜਿਨ੍ਹਾਂ ਦੀਆਂ ਇਨਸ਼ੋਅਰਡ ਨਹੀਂ ਸਨ, ਉਨ੍ਹਾਂ ਨੂੰ ਨਹੀਂ ਦਿਤਾ ਗਿਆ। ਸਾਮਾਨ ਦੇ ਕਲੇਮ ਬਾਰੇ ਵੀ ਸ਼ਾਇਦ ਕੁਝ ਮੁਆਵਜ਼ਾ ਦਿਤਾ ਗਿਆ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਅਕਾਲ ਤਖਤ ਸਾਹਿਬ ਤੇ 80 ਦੁਕਾਨਾਂ ਦੀ ਮਾਰਕਿਟ ਬਣੀ ਹੋਈ ਸੀ। ਉਹ ਦੁਕਾਨਾਂ ਉਥੋਂ ਹਟਾ ਦਿਤੀਆਂ ਗਈਆਂ। 210 ਦੁਕਾਨਾਂ ਸ਼ਹੀਦ ਭਗਤ ਸਿੰਘ ਰੋਡ ਤੇ ਬਣੀਆਂ ਸਨ। ਕੀ ਉਹ ਦੁਕਾਨਾਂ ਪੰਜਾਬ ਸਰਕਾਰ ਉਨ੍ਹਾਂ ਨੂੰ ਅਲਾਟ ਕਰ ਦੇਵੇਗੀ ਤਾਕਿ ਉਹ ਆਪਣਾ ਕਾਰੋਬਾਰ ਕਰ ਸਕਣ ?

ਮੁੱਖ ਮੰਤਰੀ : ਸਪੀਕਰ ਸਾਹਿਬ, ਉਥੇ 210 ਦੁਕਾਨਾਂ ਬਣੀਆਂ ਹਨ ਅਤੇ ਉਨ੍ਹਾਂ ਵਿਚੋਂ ਦਸੰਬਰ, 1984 ਵਿਚ ਲਾਟਰੀ ਦਾ ਡਰਾਅ ਕਢਕੇ 118 ਦੁਕਾਨਾਂ ਅਲਾਟ ਹੋ ਚੁਕੀਆਂ ਹਨ।

ਸਰਦਾਰ ਹਰਭਜਨ ਸਿੰਘ ਸੰਧੂ : ਸਪੀਕਰ ਸਾਹਿਬ, ਅਕਾਲ ਤਖਤ ਸਾਹਿਬ ਦੇ ਚਾਰੋ ਤਰਫ ਚਾਰ ਦੀਵਾਰੀ ਕੀਤੀ ਗਈ ਹੈ। ਉਥੇ ਰਹਿਣ ਵਾਲੇ ਲੋਕਾਂ ਨੂੰ ਆਪਣੇ ਘਰ ਜਾਣਾ ਮੁਸ਼ਕਲ ਹੋ ਗਿਆ ਹੈ। ਕੀ ਮੁੱਖ ਮੰਤਰੀ ਜੀ ਉਸ ਚਾਰ ਦੀਵਾਰੀ ਵਿਚੋਂ ਉਨ੍ਹਾਂ ਨੂੰ ਕੋਈ ਰਸਤਾ ਦਿਵਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਥੇ ਚਾਰ ਦੀਵਾਰੀ ਕੀਤੀ ਗਈ ਹੈ, ਉਥੇ ਰਸਤਾ ਨਹੀਂ ਦਿਤਾ ਜਾ ਸਕਦਾ। ਉਥੇ ਘਰਾਂ ਵਿਚ ਰਹਿਣ ਵਾਲੇ ਨੂੰ ਕੋਈ ਦਿੱਕਤ ਨਹੀਂ ਆਉਂਦੀ।

ਸ਼੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਜਿਹੜੀਆਂ ਦੁਕਾਨਾਂ ਉਥੇ ਅਲਾਟ ਕੀਤੀਆਂ ਗਈਆਂ ਹਨ, ਉਨ੍ਹਾਂ ਦੁਕਾਨਾਂ ਦਾ ਕਿਰਾਇਆ ਬਹੁਤ ਜ਼ਿਆਦਾ ਹੈ। ਕੀ ਮੁੱਖ ਮੰਤਰੀ ਸਾਹਿਬ ਉਨ੍ਹਾਂ ਦੁਕਾਨਾਂ ਦਾ ਕਿਰਾਇਆ ਘਟਾਉਣ ਦੀ ਕ੍ਰਿਪਾਲਤਾ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਅੰਮ੍ਰਿਤਸਰ ਦੇ ਹਿਸਾਬ ਨਾਲ ਉਨ੍ਹਾਂ ਦੁਕਾਨਾਂ ਦਾ ਕਿਰਾਇਆ ਕੋਈ ਜ਼ਿਆਦਾ ਨਹੀਂ ਹੈ। ਫਿਰ ਵੀ ਜੇਕਰ ਕੋਈ ਗੁੰਜਾਇਸ਼ ਹੋਵੇਗੀ ਤਾਂ ਵਿਚਾਰ ਕਰ ਲਵਾਂਗੇ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਜਿਨ੍ਹਾਂ ਆਦਮੀਆਂ ਨੂੰ ਅਸਲ ਵਿਚ ਘਟ ਮੁਆਵਜ਼ਾ ਮਿਲਿਆ ਹੈ, ਉਨ੍ਹਾਂ ਨੂੰ ਸੀ.ਐਮ. ਸਾਹਿਬ ਕੀ ਪੂਰਾ ਮੁਆਵਜ਼ਾ ਦਿਵਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਨੂੰ ਮੁਆਵਜ਼ਾ ਘੱਟ ਮਿਲਿਆ ਹੈ, ਉਹ ਰੀਪ੍ਰੈਜ਼ੈਂਟ ਕਰ ਸਕਦੇ ਹਨ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਥੇ ਮੁਆਵਜ਼ੇ ਦੀ ਗੱਲ ਚਲ ਰਹੀ ਹੈ। ਜਿਹੜੀਆਂ ਸਾਰੀਆਂ ਦੁਕਾਨਾਂ ਢਹਿ ਢੇਰੀ ਹੋਈਆਂ, ਉਨ੍ਹਾਂ ਦਾ ਜ਼ਿੰਮੇਵਾਰ ਕੌਣ ਹੈ, ਇਹ ਕਿਸ ਦਾ ਕਸੂਰ ਹੈ ? ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਕੀ ਇਸ ਸਾਰੇ ਮਾਮਲੇ ਦੀ ਪੜਤਾਲ ਕਰਾਉਣਗੇ?

(ਕੋਈ ਉੱਤਰ ਨਹੀਂ ਆਇਆ।)

Original with;
Punjab Vidhan Sabha
Digitized by;
Panjab Digital Library

Allotment of Plots by Previous Government

*49. **Sardar Kirpal Singh**: Will the Chief Minister be pleased to state—

(a) whether the previous Government had allotted any plots out of its discretionary quota in the Improvement Trusts, Housing Board Colonies, Focal Points etc., if so, a list showing the details of the said allotments;

(b) the criterion, if any, adopted for the allotment of the said plots ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਸਾਲ 1980-85 ਦੌਰਾਨ ਜਿਸ ਵਿੱਚ ਚੁਣੀ ਗਈ ਸਰਕਾਰ ਤੇ ਰਾਸ਼ਟਰਪਤੀ ਰਾਜ ਦਾ ਸਮਾਂ ਵੀ ਸ਼ਾਮਲ ਹੈ, ਅਖਤਿਆਰੀ ਕੋਟੇ ਵਿੱਚੋਂ ਇਮਪਰੂਵਮੈਂਟ ਟਰਸਟਾਂ ਅਤੇ ਸ਼ਹਿਰੀ ਮਿਲਖਾਂ ਵਿੱਚ ਪਲਾਟ ਅਲਾਟ ਕੀਤੇ ਗਏ ਹਨ । ਹਾਊਸਿੰਗ ਬੋਰਡ ਕਾਲੋਨੀਆਂ ਵਿੱਚ ਪਲਾਟਾਂ ਦੀ ਅਲਾਟਮੈਂਟ ਨਹੀਂ ਕੀਤੀ ਗਈ ਹੀ ਉਦਯੋਗਿਕ ਫੋਕਲ ਪੁਆਇੰਟਸ ਵਿੱਚ ਕੋਈ ਅਖਤਿਆਰੀ ਕੋਟਾ ਰਾਜ ਸਰਕਾਰ ਕੋਲ ਹੈ । ਸ਼ਹਿਰੀ ਮਿਲਖਾਂ ਤੇ ਇਮਪਰੂਵਮੈਂਟ ਟਰਸਟਾਂ ਵਿੱਚ ਅਖਤਿਆਰੀ ਕੋਟੇ ਵਿੱਚੋਂ ਅਲਾਟ ਕੀਤੇ ਗਏ ਪਲਾਟਾਂ ਦੀਆਂ ਵੇਰਵੇ ਸਹਿਤ ਸੂਚੀਆਂ ਕਰਮਵਾਰ ਅਨੁਲਗ 1 ਅਤੇ 2 ਰਾਹੀਂ ਸਦਨ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ ।

(ਅ) ਅਲਾਟਮੈਂਟ ਸਬੰਧੀ ਕਸੌਟੀ ਨੂੰ ਵੀ ਨਾਲ ਨੱਥੀ ਅਨੁਲਾਗਾਂ ਵਿਚ ਦਰਸਾਇਆ ਗਿਆ ਹੈ ।

ANNEXURE I

According to the policy plots in the Urban Estates out of discretionary quota are allotted after obtaining an affidavit from the allottees that he or his spouse does not own any residential plot/house, except ancestral house, in the Union Territory of Chandigarh or in any Urban Estate or any colony developed by the Improvement Trust in the State of Punjab nor have obtained any plot in the Union Territory of Chandigarh or in any Urban Estate or any colony developed by the Improvement Trust in the State which might have been sold and further that he will not dispose of this plot in any way for ten years from the date of transfer of ownership to him. The plots are allotted on the basis of applicants eligibility according to the prescribed income criterion as detailed below :—

Size of the Plots	*Gross annual income*
100 Sq. Yds.	.. Upto Rs. 8,000
150 Sq. Yds.	.. above Rs. 8,000 Upto Rs. 12,000
200 Sq. Yds.	.. above Rs. 12,000 Upto Rs. 20,000
250 Sq. Yds.	.. above Rs. 20,000 Upto Rs. 25,000
above 250 Sq. Yds.	.. above Rs. 25,000

List of plots so allotted is attached.

Original with;
Punjab Vidhan Sabha
Digitized by;
Panjab Digital Library

[Chief Minister]

List of allotted plots in the Urban Estates in the Period of 1980—85

Name of the Urban Estates	Size of Plots							
	500	400	300	250	200	150	100	Total
1. Bhatinda ..	1	1	1	..	..	2	..	5
2. Jullundur Phase-I ..	..	..	..	..	..	1	1	2
3. Jullundur Phase-II ..	10	6	11	9	12	3	1	52
3. Ludhiana—								
Samrala Road ..	4	10	10	5	4	3	..	36
Dugri Road Phase-I ..	2	..	1	2	6	4	3	18
Dugri Road Phase-II ..	5	15	8	4	20	5	4	61
4. Patiala—								
Phase-I ..	2	..	..	2	..	..	..	4
Phase-II ..	1	4	5	3	2	5	..	20
5. Phagwara ..	..	2	1	1	4	1	..	9
6. S.A.S. Nagar ..	9	13	..	54	22	12	3	113
								320

ANNEXURE II

According to the policy plots out of discretionary quota under the Improvement Trust Scheme are allotted after obtaining the affidavit from the applicant that he is not dependent on any person and that he or his spouse jointly or severally do not own any residential plot/house except ancestral house in the Union Territory of Chandigarh or in any Urban Estate or in any scheme of the Improvement Trust in Punjab or Panchkula in the State of Haryana or being owner as such have disposed of the residential plot or house. The plots are allotted on their eligibility according to the prescribed income criterion as detailed below :—

Size of Plots	*Gross annual Income*
100 Sq. Yds. ..	Upto Rs. 8,000
150 Sq. Yds. ..	Above Rs. 8,000 Upto Rs. 12,000
200 Sq. Yds. ..	Above Rs. 12,000 Upto Rs. 18,000
250 Sq. Yds. ..	Above Rs. 18,000 Upto Rs. 25,000
300 Sq. Yds. and above ..	Above Rs. 25,000

According to the information received from the various Improvement Trusts, the plots in the enclosed lists were allotted from the Government discretionary quota.

Original with;
Punjab Vidhan Sabha
Digitized by;
Panjab Digital Library

List of the allotted plots in the Improvement Trust in the period of 1980—85

Name of the Trust	*No. of plots*
1. Amritsar	211
2. Jalandhar	181
3. Ludhiana	558
4, Kapurthala	40
5. Bhatinda	39
6. Batala	24
7. Ropar	38
8. Khanna	11
9. Phagwara	21
10. Sangrur	5
11, Pathankot	1
12. Hoshiarpur	28

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਜਿਹੜੇ ਸਾਰੇ ਪਲਾਟ ਅਲਾਟ ਕੀਤੇ ਗਏ ਹਨ, ਉਹ ਠੀਕ ਲੋਕਾਂ ਨੂੰ ਅਲਾਟ ਨਹੀਂ ਕੀਤੇ ਗਏ। ਅਸਲ ਵਿਚ ਜਿਨ੍ਹਾਂ ਲੋਕਾਂ ਨੂੰ ਇਹ ਪਲਾਟ ਮਿਲਣੇ ਚਾਹੀਦੇ ਸਨ, ਉਨ੍ਹਾਂ ਨੂੰ ਨਹੀਂ ਦਿਤੇ ਗਏ। ਜਿਹੜਾ ਕਰਾਈਟੇਰੀਆ ਬਣਾਇਆ ਗਿਆ ਸੀ, ਉਸ ਕਰਾਈਟੇਰੀਆ ਵਿਚ ਨਹੀਂ ਦਿਤੇ ਗਏ। ਕੀ ਸੀ.ਐਮ. ਸਾਹਿਬ, ਇਸ ਗੱਲ ਦੀ ਇਨਕੁਆਇਰੀ ਕਰਵਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜੇਕਰ ਕੋਈ ਸਪੈਸੇਫਿਕ ਸ਼ਿਕਾਇਤ ਹੋਵੇ, ਤਾਂ ਉਹ ਦੱਸਣ ਜ਼ਰੂਰ ਇਨਕੁਆਇਰੀ ਕਰ ਲਿਤੀ ਜਾਵੇਗੀ ।

Loan Disbursed Through Rural Development Agency in the State

***36. Shri Jagjit Singh**: Will the Minister for Agriculture and Forests be pleased to state—

(a) the total amount of loans disbursed through Rural Development Agencies during the year 1984-85 and 1985-86 (upto 31st August, 1985) together with the amount of interest accrued thereon;

(b) the names of the schemes under which the amount mentioned in part (a) above has been disbursed together with district-wise details thereof;

(c) whether the district-wise targets fixed for the purpose have heen achieved; if not, the reasons therefor?

ਕੈਪਟਨ ਅਮਰਿੰਦਰ ਸਿੰਘ (ੳ), (ਅ), (ੲ) : ਵੇਰਵਾ-ਪੱਤਰ ਸਭਾ ਦੇ ਸਾਹਮਣੇ ਰੱਖਿਆ ਜਾਂਦਾ ਹੈ ।

ਵੇਰਵਾ-ਪੱਤਰ

(ੳ) ਵੰਡੇ ਨਿਰੋਲ ਕਰਜ਼ੇ ਦੀ ਸੂਚਨਾ ਹੇਠਾਂ ਦਿੱਤੀ ਹੈ :—

ਸਾਲ		(ਲੱਖਾਂ ਰੁ: ਵਿਚ)
(1) 1984-85	...	1782.52
(2) 1985-86	...	231.79
ਜੋੜ	...	2014.31

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਵਣ ਮੰਤਰੀ]

ਸੂਦ ਦਾ ਹਿਸਾਬ ਵਿੱਤੀ ਅਦਾਰੇ ਰੱਖਦੇ ਹਨ ਜਿਹੜੇ ਕਿ ਲਾਭ ਪਾਤਰਾਂ ਨੂੰ ਕਰਜ਼ੇ ਦੇਂਦੇ ਹਨ।

(ਅ) ਖਾਸ ਗਤੀਵਿਧੀਆਂ ਅਤੇ ਸਕੀਮਾਂ, ਜਿਨ੍ਹਾਂ ਵਾਸਤੇ ਕਰਜ਼ਾ ਦਿੱਤਾ ਗਿਆ :

ਡੇਅਰੀ ਵਿਕਾਸ, ਮੁਰਗੀ, ਬਕਰੀ, ਭੇਡ ਅਤੇ ਸੂਰ ਪਾਲਣ, ਰੇਸ਼ਮੀ ਕੀੜੇ ਪਾਲਣ, ਪੇਂਡੂ ਅਤੇ ਛੋਟੇ ਉਦਯੋਗਿਕ ਯੂਨਿਟ, ਸਲਾਈ/ਬੁਨਾਈ ਅਤੇ ਕਢਾਈ ਧੰਦੇ, ਪਸ਼ੂ/ਰੇੜ੍ਹੇ।

ਸਾਲ 1984-85 ਅਤੇ 1985-86 (31 ਅਗਸਤ, 1985 ਤੱਕ) ਵੰਡੇ ਗਏ ਜ਼ਿਲ੍ਹਾਵਾਰ ਨਿਰੋਲ ਕਰਜ਼ੇ ਦੀ ਸੂਚਨਾ ਹੇਠਾਂ ਦਿੱਤੀ ਜਾਂਦੀ ਹੈ :—

(ਰੁਪਏ ਲੱਖਾਂ ਵਿਚ)

ਲੜੀ ਨੰ:	ਜ਼ਿਲ੍ਹਾ		ਵੰਡੇ ਨਿਰੋਲ ਕਰਜ਼ੇ	
			1984-85	1985-86 (31-8-85 ਤੱਕ)
1.	ਅੰਮ੍ਰਿਤਸਰ	...	237.60	11.95
2.	ਬਠਿੰਡਾ	...	151.45	31.19
3.	ਫਰੀਦਕੋਟ	..	157.00	10.92
4.	ਫਿਰੋਜ਼ਪੁਰ	...	125.21	8.32
5.	ਗੁਰਦਾਸਪੁਰ	...	208.71	24.08
6.	ਹੁਸ਼ਿਆਰਪੁਰ	...	107.15	0.18
7.	ਜਲੰਧਰ	...	180.66	36.00
8.	ਕਪੂਰਥਲਾ	...	50.93	11.76
9.	ਲੁਧਿਆਣਾ	...	144.93	28.10
10.	ਪਟਿਆਲਾ	...	114.70	30.01
11.	ਰੋਪੜ	...	102.29	8.79
12.	ਸੰਗਰੂਰ	...	142.09	30.49
	ਜੋੜ	...	1782.52	231.79

Original with;
Punjab Vidhan Sabha
Digitized by;
Panjab Digital Library

(ਏ) 1984-85

ਸਾਰੇ ਜ਼ਿਲ੍ਹਿਆਂ ਨੇ ਟੀਚੇ ਪ੍ਰਾਪਤ ਕਰ ਲਏ ਸਨ ।

1985-86 (ਅਗਸਤ, 1985 ਤੱਕ)

ਟੀਚੇ ਸਾਲ ਦੇ ਅੰਤ ਤੱਕ ਪ੍ਰਾਪਤ ਕਰਨੇ ਹੁੰਦੇ ਹਨ ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ 1984-85 ਵਿਚ 1782.52 ਲੱਖ ਰੁਪਿਆ ਡਿਸਬਰਸ ਕੀਤਾ ਹੈ । 1985-86 ਵਿਚ 231.79 ਲੱਖ ਰੁਪਿਆ ਡਿਸਬਰਸ ਕੀਤਾ ਹੈ । ਇਤਨਾ ਲੋਨ ਬੈਨੀਫੀਸ਼ਰੀਜ਼ ਨੂੰ ਦਿਤਾ ਗਿਆ ਹੈ । ਪੋਲਟਰੀ, ਪਿਗਰੀ, ਆਦਿ ਸਕੀਮਾਂ ਫ਼ਾਸਤੇ ਲੋਨ ਦਿਤਾ ਗਿਆ ਹੈ । ਸਪੀਕਰ ਸਾਹਿਬ, ਪਿੰਡਾਂ ਵਿਚ ਗਰੀਬ ਹਰੀਜਨ ਹੁੰਦੇ ਹਨ ਅਤੇ ਗਰੀਬ ਲੋਕ ਹੁਦੇ ਹਨ ਜਿਨ੍ਹਾਂ ਨੂੰ ਲੋਨ ਲੈਣ ਦਾ ਪਤਾ ਵੀ ਨਹੀਂ ਹੁੰਦਾ । ਬੈਂਕਾਂ ਦੀ ਮਾਰਫਤ ਲੋਨ ਮਿਲਦਾ ਹੈ । ਲੋਨ ਵੀ ਬੜੀ ਦੇਰ ਬਾਅਦ ਮਿਲਦਾ ਹੈ । ਉਹ ਸਪੀਕਰ ਸਾਹਿਬ, ਮੱਝਾਂ ਖਰੀਦ ਨਹੀਂ ਸਕਦੇ । ਕੀ ਵਜ਼ੀਰ ਸਾਹਿਬ ਇਸ ਗੱਲ ਦਾ ਪ੍ਰਬੰਧ ਕਰਨਗੇ ਕਿ ਉਨ੍ਹਾਂ ਨੂੰ ਬੈਂਕਾਂ ਵਿਚੋਂ ਲੋਨ ਜਲਦੀ ਮਿਲ ਸਕੇ ਤਾਕਿ ਉਹ ਜੇਕਰ ਕਿਸੇ ਨੇ ਮੱਝਾਂ ਵਗੈਰਾ ਖਰੀਦਣੀਆਂ ਹੋਣ, ਉਹ ਉਸ ਇਲਾਕੇ ਦੇ ਬੈਨੀਫੀਸ਼ਰੀਜ਼ ਨੂੰ ਨਾਲ ਲੈ ਕੇ ਖਰੀਦ ਲਵੇ ।

ਮੰਤਰੀ : ਸਪੀਕਰ ਸਾਹਿਬ, ਹਾਲੇ ਤੱਕ ਤਾਂ ਸਾਨੂੰ ਅਜਿਹੀ ਕੋਈ ਕੰਪਲੇਂਟ ਨਹੀਂ ਆਈ ਸੀ । ਜਿਹੜਾ ਸਵਾਲ ਅੱਜ ਮੈਂਬਰ ਸਾਹਿਬਾਨ ਨੇ ਚੁਕਿਆ ਹੈ, ਇਸ ਤੇ ਪੂਰਾ ਧਿਆਨ ਦਿੱਤਾ ਜਾਵੇਗਾ । ਜੋ ਪਰੋਪੋਜ਼ਲ ਇਹ ਦੇਣੀ ਚਾਹੁੰਦੇ ਹਨ, ਉਹ ਦੇ ਦੇਣ । ਅਸੀਂ ਉਸਨੂੰ ਇਮਪਲੀਮੈਂਟ ਕਰਾਉਣ ਦੀ ਪੂਰੀ ਕੋਸ਼ਿਸ਼ ਕਰਾਂਗੇ ਤਾਕਿ ਕਿਸੇ ਨੂੰ ਕੋਈ ਤਕਲੀਫ ਨਾ ਹੋਵੇ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਬੈਂਕਾਂ ਕੋਲ ਸਬਸਿਡੀ ਘੱਟ ਹੈ । ਸਰਕਾਰ ਵਲੋਂ ਜਿਹੜੇ ਆਰ.ਡੀ.ਏ. ਦੇ ਕੇਸ ਭੇਜੇ ਹੋਏ ਹਨ, ਉਨ੍ਹਾਂ ਦੀ ਡਿਸਬਰਸਮੈਂਟ ਵਿੱਚ ਦੇਰੀ ਹੋ ਜਾਂਦੀ ਹੈ । ਪੈਸਿਆਂ ਦੀ ਅਲਾਟਮੈਂਟ ਵੀ ਘੱਟ ਹੈ ਅਤੇ ਕੀਮਤਾਂ ਵਧ ਗਈਆਂ ਹਨ । ਪਿੰਡਾਂ ਵਿੱਚ ਲੋਨ ਲੈਣ ਤੋਂ ਬਾਅਦ ਬੀਮਾਰੀ ਤੋਂ ਵੀ ਮੱਝਾਂ ਮਰ ਜਾਂਦੀਆਂ ਹਨ ਅਤੇ ਲੋਕਾਂ ਦਾ ਕਾਫੀ ਨੁਕਸਾਨ ਹੋ ਜਾਂਦਾ ਹੈ ।

ਮੰਤਰੀ : ਜਿਹੜਾ ਬੀਮਾਰ ਮੱਝਾਂ ਨੂੰ ਲੋਨ ਦੇਣ ਦਾ ਸਵਾਲ ਹੈ, ਉਸ ਦੇ ਵਿੱਚ ਅਗਰ ਮੱਝ ਮਰ ਜਾਂਦੀ ਹੈ, ਤਾਂ ਨੁਕਸਾਨ ਤਾਂ ਉਨ੍ਹਾਂ ਲੋਕਾਂ ਦਾ ਹੀ ਹੁੰਦਾ ਹੈ । ਇਸ ਦੇ ਬਾਰੇ ਕੋਈ ਸੁਜੈਸ਼ਨ ਦੇਣੀ ਚਾਹੁਦੇ ਹੋ, ਤਾਂ ਦੇ ਦਿਓ, ਸਰਕਾਰ ਉਸ ਤੇ ਧਿਆਨ ਦੇਵੇਗੀ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਸਬਸਿਡੀ ਸਰਕਾਰ ਰਿਲੀਜ਼ ਨਹੀਂ ਕਰੇਗੀ ਅਤੇ ਜਿੰਨਾਂ ਚਿਰ ਸਰਕਾਰ ਸਬਸਿਡੀ ਨਹੀਂ ਦੇਵੇਗੀ .....

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਮੈਨੂੰ ਆਪ ਸਮਝ ਨਹੀਂ ਆਈ ਤੁਸੀਂ ਕਹਿਣਾ ਕੀ ਚਾਹੁੰਦੇ ਹੋ । ਪੰਜਾਬ ਸਰਕਾਰ ਨੇ ਆਰ.ਡੀ.ਏ. ਨੂੰ ਸਬਸਿਡੀ ਦੇਣੀ ਹੈ । ਇਹ ਬੈਂਕਾਂ ਨੇ ਡਿਸਬਰਸ ਕਰਨੀ ਹੈ ਤੇ ਬੈਂਕਾਂ ਨੇ ਕਰਜ਼ਾ ਦੇਣਾ ਹੈ ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਕੋਲ ਪੈਸੇ ਦੀ ਘਾਟ ਰਹਿੰਦੀ ਹੈ । ਗੌਰਮਿੰਟ ਸਬਸਿਡੀ ਰਿਲੀਜ਼ ਕਰੇ ਤਾਕਿ ਬੈਂਕ ਲੋਕਾਂ ਨੂੰ ਲੋਨ ਦੇ ਸਕਣ ।

ਮੰਤਰੀ : ਇਸ ਦੇ ਵਿੱਚ ਇਹ ਗੱਲ ਨਹੀਂ । ਇਸ ਦੇ ਵਿੱਚ ਅਸੀਂ ਦੋ ਕਿਸਮ ਦੇ ਬੈਨੀਫੀਸ਼ਰੀਜ਼ ਸਿਲੈਕਟ ਕਰਦੇ ਹਾਂ । ਇਕ ਉਹ ਲਏ ਜਾਂਦੇ ਹਨ ਜਿਹੜੇ ਪਹਿਲਾਂ ਵੀ ਲੋਨ ਲੈ ਚੁਕੇ ਹਨ ਅਤੇ ਉਨ੍ਹਾਂ ਦਾ ਕੰਮ ਠੀਕ ਨਹੀਂ ਚਲਦਾ । ਅਸੀਂ ਉਨ੍ਹਾਂ ਨੂੰ ਸਬਸਿਡੀ ਵੀ ਅਤੇ ਲੋਨ ਵੀ ਦਿੰਦੇ ਹਾਂ । ਦੂਸਰੇ. ਪਾਵਰਟੀ ਲਾਈਨ ਦੇ ਮੁਤਾਬਿਕ ਬੈਨੀਫੀਸ਼ਰੀਜ਼ ਸਿਲੈਕਟ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਵੀ ਲੋਨ ਅਤੇ ਸਬਸਿਡੀ ਦੋਨੋਂ ਦਿੱਤੇ ਜਾਂਦੇ ਹਨ । ਇਸ ਸਾਲ ਵਿੱਚ ਅਸੀਂ ਇਹੋ ਜਿਹੇ ਤਕਰੀਬਨ 52,000 ਬੈਨੀਫੀਸ਼ਰੀਜ਼ ਪਰੋਪੋਜ਼ ਕੀਤੇ ਹਨ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਅਤੇ ਵਣ ਮੰਤਰੀ]

ਜਿਨ੍ਹਾਂ ਵਿੱਚ ਨਵੇਂ ਵੀ ਹਨ ਅਤੇ ਪੁਰਾਣੇ ਵੀ ਹਨ। ਨਵੇਂ 13,000 ਅਤੇ ਪੁਰਾਣੇ 39,000 ਬੈਨੀਫੀਸ਼ਰੀਜ਼ ਹਨ ਜਿਨ੍ਹਾਂ ਨੂੰ ਲੋਨ ਅਤੇ ਸਬਸਿਡੀ ਦੇਣੀ ਹੈ। ਜੇ ਕਿਸੇ ਬੈਂਕ ਰਾਹੀਂ ਕੋਈ ਤਕਲੀਫ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਜਿਹੜੀਆਂ ਜ੍ਹਾਲੀ ਮੱਝਾਂ ਮਰ ਜਾਂਦੀਆਂ ਹਨ, ਮੇਰੇ ਕਹਿਣ ਦਾ ਭਾਵ ਹੈ ਕਿ ਮੱਝ ਨਾ ਜੰਮਦੀ ਹੈ, ਨਾ ਲਈ ਜਾਂਦੀ ਹੈ ਅਤੇ ਨਾ ਹੀ ਵੇਚੀ ਜਾਂਦੀ ਹੈ, ਇਹ ਸਾਰਾ ਕੁਝ ਲੋਨ ਲੈਣ ਲਈ ਕੀਤਾ ਜਾਂਦਾ ਹੈ, ਕੀ ਇਹਦੇ ਵਾਸਤੇ ਕੋਈ ਐਸਾ ਪ੍ਰੋਸੀਜਰ ਅਡਾਪਟ ਕੀਤਾ ਜਾਵੇਗਾ ਤਾਕਿ ਹਰ ਕੰਮ ਗੌਰਮਿੰਟ ਦੇ ਮੁਤਾਬਿਕ ਚਲੇ ?

ਮੰਤਰੀ : ਇਹ ਜਿਹੜੀ ਤੁਸੀਂ ਗੱਲ ਦੱਸੀ ਹੈ, ਇਸ ਦੇ ਬਾਰੇ ਅਸੀਂ ਧਿਆਨ ਦੇਵਾਂਗੇ। ਜੇ ਇਹੋ ਜਿਹੇ ਕਿਸੇ ਇੰਸੀਡੈਂਟ ਦੀ ਕੋਈ ਰਿਪੋਰਟ ਹੋਵੇਗੀ ਤਾਂ ਜ਼ਰੂਰ ਪੜਤਾਲ ਕੀਤੀ ਜਾਵੇਗੀ। ਇਹ ਜਿਹੜੀ ਕੁਰੱਪਸ਼ਨ ਚਲਦੀ ਪਈ ਹੈ, ਇਸ ਨੂੰ ਅਸੀਂ ਦੂਰ ਕਰਾਂਗੇ।

ਸਰਦਾਰ ਬਲਦੇਵ ਸਿੰਘ ਖਿਆਲਾ : ਇਹ ਜਿਹੜੇ ਕੇਸ ਹਨ ਇਹ ਪਹਿਲਾਂ ਡਿਸਟ੍ਰਿਕਟ ਏਜੰਸੀ ਕੋਲ ਪੜਤਾਲ ਲਈ ਜਾਂਦੇ ਹਨ ਅਤੇ ਫੇਰ ਫਿਟ ਫਾਰ ਹੋ ਕੇ ਬੈਂਕਾਂ ਕੋਲ ਜਾਂਦੇ ਹਨ ਪਰ ਉਥੇ ਬੈਂਕਾਂ ਵਿੱਚ ਤੀਜਾ ਹਿੱਸਾ ਖਾ ਕੇ ਲੋਨ ਦਿੱਤਾ ਜਾਂਦਾ ਹੈ। ਇਸ ਘਪਲੇ ਨੂੰ ਵੀ ਦੂਰ ਕਰਨਾ ਚਾਹੀਦਾ ਹੈ।

ਮੰਤਰੀ : ਇਹ ਪੜਤਾਲ ਅਸੀਂ ਜ਼ਰੂਰ ਕਰਵਾਵਾਂਗੇ। ਅਗਰ ਇਹ ਕੋਈ ਇੰਸੀਡੈਂਟ ਦੱਸ ਦੇਣ ਤਾਂ ਪੂਰੀ ਇਨਕੁਆਇਰੀ ਕੀਤੀ ਜਾਵੇਗੀ ਤਾਕਿ ਅਸੀਂ ਇਸ ਪ੍ਰੈਕਟਿਸ ਨੂੰ ਰੋਕ ਸਕੀਏ।

ਸਰਦਾਰ ਕੁਲਦੀਪ ਸਿੰਘ ਵਡਾਲਾ: ਸਪੀਕਰ ਸਾਹਿਬ, ਜੰਡਿਆਲਾ ਵਿੱਚ ਬੈਂਕ ਆਫ ਇੰਡੀਆ ਦੀ ਇਕ ਬਰਾਂਚ ਵਿਚ ਬੋਗਸ ਲੋਨ ਅਤੇ ਬੋਗਸ ਸਬਸਿਡੀ ਦਿੱਤੀ ਗਈ ਅਤੇ ਉਹ ਕੇਸ ਫੜ ਵੀ ਲਿਆ ਗਿਆ। ਇਕ ਸਾਲ ਹੋ ਗਿਆ ਹੈ। ਸਬਸਿਡੀ ਅਤੇ ਲੋਨ ਵੀ ਵਾਪਸ ਕਰ ਦਿੱਤਾ ਗਿਆ ਹੈ ਪਰ ਇਸ ਤੇ ਕੋਈ ਐਕਸ਼ਨ ਨਹੀਂ ਲਿਆ ਗਿਆ ।

ਮੰਤਰੀ : ਇਹੋ ਜਿਹਾ ਕੋਈ ਕੇਸ ਮੇਰੇ ਨੋਟਿਸ ਵਿੱਚ ਨਹੀਂ ਆਇਆ। ਅੱਜ ਆ ਗਿਆ ਹੈ। ਇਸ ਤੇ ਅਸੀਂ ਜ਼ਰੂਰ ਐਕਸ਼ਨ ਲਵਾਂਗੇ।

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਜਦੋਂ ਵੀ ਕੋਈ ਲੋਨ ਲੈਣਾ ਹੁੰਦਾ ਹੈ, ਤਾਂ ਸਿਕਿਓਰਟੀ ਦੀ ਗੱਲ ਹੁੰਦੀ ਹੈ, ਜਿਹੜੀ ਇਕ ਗਰੀਬ ਹਰੀਜਨ ਨਹੀਂ ਦੇ ਸਕਦਾ। ਮੇਰੀ ਬੇਨਤੀ ਹੈ ਕਿ ਇਹ ਇਸ ਨੂੰ ਵੇਵ ਕਰਾ ਦੇਣ।

ਸ਼੍ਰੀ ਸਪੀਕਰ : ਸਿਕਿਓਰਟੀ ਨੂੰ ਵੇਵ ਕਿਸ ਤਰ੍ਹਾਂ ਕਰ ਸਕਦੇ ਹੋ। ਸਰਦਾਰ ਅਮਰਿੰਦਰ ਸਿੰਘ ਜੀ, ਤੁਸੀ ਇਹ ਕਿਵੇਂ ਕਰ ਸਕਦੇ ਹੋ ?

ਮੰਤਰੀ : ਇਹ ਜਿਹੜੀ ਇਨ੍ਹਾਂ ਦੀ ਸੁਜੈਸ਼ਨ ਹੈ, ਇਸ ਦਾ ਅਸੀਂ ਜ਼ਰੂਰ ਕੋਈ ਹੱਲ ਕਢਾਂਗੇ।

Old age/Widow Pensions

*35. **Shri Jagjit Singh** : Will the Minister for Health and Family Welfare be pleased to state—

(a) the district-wise number of cases in which old age pensions were sanctioned during the year 1984-85 and 1985-86 (upto 31st August, 1985) in the State;

(b) the district-wise number of cases in which widow pensions were sanctioned during the period referred to in part (a) above year-wise;

Original with;
Punjab Vidhan Sabha
Digitized by;
Panjab Digital Library

(c) the period upto which pensions referred to in part (a) and (b) above have since been paid to the pensioners?

ਸਰਦਾਰ ਬਸੰਤ ਸਿੰਘ ਖਾਲਸਾ : ਸਬੰਧਤ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ੳ) ਬੁਢਾਪਾ ਪੈਨਸ਼ਨ

ਜ਼ਿਲ੍ਹਾ		1984-85	1985-86 (31-8-85 ਤੱਕ)
ਪਟਿਆਲਾ	...	164	362
ਸੰਗਰੂਰ	...	353	128
ਹੁਸ਼ਿਆਰਪੁਰ	...	453	137
ਜਲੰਧਰ	...	373	144
ਲੁਧਿਆਣਾ	...	380	109
ਫਿਰੋਜ਼ਪੁਰ	...	864	318
ਅੰਮ੍ਰਿਤਸਰ	...	1,108	551
ਬਠਿੰਡਾ	...	578	300
ਕਪੂਰਥਲਾ	...	318	81
ਰੋਪੜ	...	285	145
ਗੁਰਦਾਸਪੁਰ	...	278	167
ਫਰੀਦਕੋਟ	...	626	284
ਜੋੜ	...	5,780	2,726

Original with;
Punjab Vidhan Sabha
Digitized by
Panjab Digital Library

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

(ਅ) ਵਿਧਵਾ ਪੈਨਸ਼ਨ :

ਜ਼ਿਲ੍ਹਾ		1984-85	1985-86 (31-8-85 ਤੱਕ)
ਪਟਿਆਲਾ	...	154	192
ਸੰਗਰੂਰ	...	202	58
ਹੁਸ਼ਿਆਰਪੁਰ	...	180	87
ਜਲੰਧਰ	...	189	72
ਲੁਧਿਆਣਾ	...	110	74
ਫਿਰੋਜ਼ਪੁਰ	...	161	156
ਅੰਮ੍ਰਿਤਸਰ	...	235	178
ਬਠਿੰਡਾ	...	169	83
ਕਪੂਰਥਲਾ	...	98	20
ਰੋਪੜ	...	32	46
ਗੁਰਦਾਸਪੁਰ	...	308	70
ਫਰੀਦਕੋਟ	...	137	78
ਜੋੜ :	...	1,975	1,114

(ੲ) ਬੁਢਾਪਾ ਪੈਨਸ਼ਨ ਵਿਧਵਾ ਪੈਨਸ਼ਨ

ਤਿਮਾਹੀ ਖਤਮ 6/85 ਤੱਕ ਤਿਮਾਹੀ ਖਤਮ 6/85 ਤੱਕ

ਸ਼੍ਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹਵਾਂਗਾ ਕਿ ਜਿਹੜੀ ਓਲਡ ਏਜ ਪੈਨਸ਼ਨ ਹੈ, ਉਹ ਲੈਣ ਵੇਲੇ ਇਕ ਸਰਟੀਫਿਕੇਟ ਦੇਣਾ ਪੈਂਦਾ ਹੈ ਕਿ ਮੇਰੀ ਇਕ ਮਹੀਨੇ ਦੀ ਆਮਦਨ 15/- ਰੁਪਏ ਹੈ। ਇਹ ਸਾਰੇ ਝੂਠਾ ਸਰਟੀਫਿਕੇਟ ਦੇਂਦੇ ਹਨ। ਇਸ ਆਮਦਨ ਦੀ ਮਿਕਦਾਰ ਜ਼ਿਆਦਾ ਵਧਾਈ ਜਾਵੇ ਤਾਕਿ ਸਹੀ ਮਾਅਨਿਆ ਵਿੱਚ ਸਰਟੀਫਿਕੇਟ ਦਿੱਤਾ ਜਾ ਸਕੇ ਅਤੇ ਦੂਸਰੇ ਇਕ ਮਹੀਨੇ ਵਿੱਚ 50/- ਰੁਪਏ ਓਲਡ ਏਜ ਪੈਨਸ਼ਨ ਬਹੁਤ ਘੱਟ ਹੈ। ਇਸ ਪੈਨਸ਼ਨ ਨਾਲ ਤਾਂ ਚਾਹ ਦਾ ਇਕ ਜਾਂ ਦੋ ਕੱਪ ਵੀ ਇਕ ਦਿਨ ਵਿੱਚ ਪੂਰੇ ਨਹੀਂ ਆਉਂਦੇ। ਇਹ ਵਧਾ ਕੇ 100/- ਰੁਪਏ ਕਰ ਦਿੱਤੀ ਜਾਵੇ।

Original with;
Punjab Vidhan Sabha
Digitized by;
Panjab Digital Library

ਮੰਤਰੀ : ਜਿਥੋਂ ਤੱਕ ਉਨ੍ਹਾਂ ਦੀ ਮਹੀਨੇ ਦੀ ਆਮਦਨ ਘਟੋ ਘਟ ਦਿਖਾਉਣ ਦਾ ਸਬੰਧ ਹੈ, ਇਸ ਬਾਰੇ ਤਾਂ ਵਿਚਾਰ ਕੀਤੀ ਜਾ ਸਕਦੀ ਹੈ। ਜਿਥੋਂ ਤੱਕ ਪੈਨਸ਼ਨ 50/- ਰੁਪਏ ਤੋਂ ਵਧਾ ਕੇ 100/- ਰੁਪਏ ਕਰਨ ਦਾ ਤਾਅਲੁੱਕ ਹੈ, ਤਾਂ ਇਸ ਵੇਲੇ ਪੈਸੇ ਦੀ ਘਾਟ ਹੈ, ਇਸ ਲਈ ਤੇ ਹਾਲੇ ਵਿਚਾਰ ਨਹੀਂ ਕੀਤਾ ਜਾ ਸਕਦਾ। ਮੈਂ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਇਹ ਪੈਨਸ਼ਨ ਅੱਜ ਦੇ ਹੀ ਨਹੀਂ ਦਿੰਦੇ ਜਾਂ ਇਹ ਮਹਿੰਗਾਈ ਅੱਜ ਹੀ ਨਹੀਂ ਹੋਈ ਹੈ। ਚੌਧਰੀ ਜਗਜੀਤ ਸਿੰਘ ਜੀ ਨੇ ਸ਼ਾਇਦ ਪਹਿਲਾਂ ਤਾਂ ਕਦੇ ਨਹੀਂ ਆਖਿਆ ਹੋਣਾ ਕਿ ਪੈਸੇ ਵਧਾਉਣੇ ਚਾਹੀਦੇ ਹਨ ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਵੈਸੇ ਪਿਛਲੀ ਅਸੈਂਬਲੀ ਵਿੱਚ ਵੀ ਇਸੇ ਦੇ ਮੁਤੱਲਕ ਬੋਲਿਆ ਸੀ। ਅਸੀਂ ਇਲੈਕਸ਼ਨਾਂ ਦੇ ਦੌਰਾਨ ਪਿੰਡਾਂ ਵਿੱਚ ਗਏ। ਉਥੇ ਬਹੁਤ ਗਿਣਤੀ ਵਿੱਚ ਜਿਹੜੇ ਓਲਡ ਏਜ ਲੋਕ ਹਨ ਔਰ ਖਾਸ ਤੌਰ ਤੇ ਵਿਧਵਾ ਭੈਣਾਂ ਹਨ, ਉਨ੍ਹਾਂ ਨੇ ਬੇਨਤੀ ਕੀਤੀ ਕਿ ਸਾਨੂੰ ਇਹ ਪੈਨਸ਼ਨਾਂ ਲਗਣੀਆਂ ਚਾਹੀਦੀਆਂ ਹਨ। ਲੇਕਿਨ ਇਸ ਦਾ ਜਿਹੜਾ ਪ੍ਰੋਸੀਜਰ ਹੈ ਇਹ ਬੜਾ ਲੰਬਾ ਹੈ। ਪਹਿਲਾਂ ਫਾਰਮ ਭਰਨੇ ਪੈਂਦੇ ਹਨ, ਐਮ.ਐਲ.ਏ. ਤੋਂ ਤਸਦੀਕ ਕਰਾਉਣੇ ਪੈਂਦੇ ਹਨ, ਫੇਰ ਬੀ.ਡੀ.ਓ. ਤੋਂ ਬਾਅਦ ਸੋਸ਼ਲ ਵੈਲਫੇਅਰ ਅਫਸਰ ਕੋਲ ਜਾਣਾ ਪੈਂਦਾ ਹੈ ਅਤੇ ਫੇਰ ਚੰਡੀਗੜ੍ਹ ਵਿੱਚ ਜਾ ਕੇ ਪੈਨਸ਼ਨ ਦੀ ਗੱਲ ਸਿਰੇ ਚੜ੍ਹਦੀ ਹੈ। ਕੀ ਵਜ਼ੀਰ ਸਾਹਿਬ ਇਸ ਲਈ ਕੋਈ ਕੈਂਪਾਂ ਦਾ ਪ੍ਰਬੰਧ ਕਰਨਗੇ ਤਾਕਿ ਉਨ੍ਹਾਂ ਕੈਂਪਾਂ ਵਿੱਚ ਮੌਕੇ ਤੇ ਹੀ ਪੈਨਸ਼ਨਾਂ ਲਗ ਸਕਣ ਜਿਸ ਨਾਲ ਬਜ਼ੁਰਗਾਂ ਅਤੇ ਵਿਧਵਾ ਭੈਣਾਂ ਨੂੰ ਤਕਲੀਫ ਨਾ ਹੋਵੇ ?

ਮੰਤਰੀ : ਇਹ ਸੁਜੈਸ਼ਨ ਬਹੁਤ ਅੱਛੀ ਹੈ। ਬਿਲਕੁਲ ਉਨ੍ਹਾਂ ਦੀ ਸਹੂਲਤ ਲਈ ਐਵੇਂ ਹੀ ਕੀਤਾ ਜਾਵੇਗਾ ।

ਸਰਦਾਰ ਜੋਗਿੰਦਰ ਸਿੰਘ ਮਾਨ : ਸਪੀਕਰ ਸਾਹਿਬ, ਇਸ ਵਿੱਚ ਕੋਈ 25/- ਰੁਪਏ ਜ਼ਰੂਰੀ ਗੌਰਮਿੰਟ ਦੀ ਕੋਈ ਫੀਸ ਹੈ ਜਿਹੜੀ ਵਿਧਵਾ ਪੈਨਸ਼ਨ ਵੇਲੇ ਦੇਣੀ ਪੈਂਦੀ ਹੈ । ਉਹ ਲੋਕ ਤਾਂ ਆਲਰੈਡੀ ਸਫਰੱਰ ਹੁੰਦੇ ਹਨ, ਇਸ ਲਈ ਉਹ ਇਸ ਨੂੰ ਅਦਾ ਨਹੀਂ ਕਰ ਸਕਦੇ। ਕੀ ਸਰਕਾਰ ਇਸ ਨੂੰ ਮੁਆਫ ਕਰ ਦੇਵੇਗੀ ?

ਸ਼੍ਰੀ ਸਪੀਕਰ : ਇਹ ਕਿਸ ਗੱਲ ਦੀ ਫੀਸ ਹੈ ?

ਸਰਦਾਰ ਜੋਗਿੰਦਰ ਸਿੰਘ ਮਾਨ : ਇਹ ਕੋਈ ਗੌਰਮਿੰਟ ਦੀ ਮੈਡੀਕਲ ਦੀ ਫੀਸ ਹੈ।

(ਕੋਈ ਉੱਤਰ ਨਹੀਂ ਆਇਆ।)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਬੁਢਾਪਾ ਪੈਨਸ਼ਨ 50/- ਰੁਪਏ ਪ੍ਰਤੀ ਆਦਮੀ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ। ਇਹ ਪੈਨਸ਼ਨ ਬਹੁਤ ਘੱਟ ਹੈ ਅਤੇ ਇਸ ਨਾਲ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ। ਦੂਜੇ, ਜ਼ਿਲ੍ਹਿਆਂ ਵਿਚ ਸਟਾਫ ਦੀ ਬੜੀ ਘਾਟ ਹੈ ਅਤੇ ਡਿਸਬਰਸਮੈਂਟ ਬੈਂਕਾਂ ਰਾਹੀਂ ਹੋਣ ਕਰਕੇ ਇਸ ਵਿਚ ਦੇਰੀ ਹੋ ਜਾਂਦੀ ਹੈ। ਕੀ ਸਰਕਾਰ ਪੈਨਸ਼ਨ ਦੀ ਦਰ ਵਧਾਉਣ ਦੀ ਸਟਾਫ ਦੀ ਘਾਟ ਨੂੰ ਪੂਰੀ ਕਰਨ ਤੇ ਵਿਚਾਰ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ 50/- ਰੁਪਏ ਦੀ ਦਰ ਨੂੰ ਵਧਾਉਣ ਦਾ ਸਵਾਲ ਹੈ, ਉਸ ਬਾਰੇ ਹਾਲੇ ਕੋਈ ਵਿਚਾਰ ਨਹੀਂ ਹੋ ਰਹੀ। ਜਿਥੋਂ ਤੱਕ ਪੈਨਸ਼ਨਾਂ ਦੀ ਡਿਸਬਰਸਮੈਂਟ ਦਾ ਸਵਾਲ ਹੈ, ਇਹ ਪਹਿਲਾਂ ਮਨੀਆਰਡਰਾਂ ਰਾਹੀਂ ਕੀਤੀ ਜਾਂਦੀ ਸੀ ਪਰ ਉਹ ਸਿਸਟਮ ਕਾਮਯਾਬ ਨਹੀਂ ਹੋਇਆ ਜਿਸ ਕਰਕੇ ਨੈਸ਼ਨ-ਲਾਈਜ਼ਡ ਬੈਂਕਾਂ ਰਾਹੀਂ ਇਹ ਡਿਸਬਰਸ ਕੀਤੀ ਜਾਂਦੀ ਹੈ। ਇਸ ਤੋਂ ਬਾਦ ਜੇ ਕੋਈ ਨਵੀਆਂ ਸੁਜੈਸ਼ਨਜ਼ ਸਾਹਮਣੇ ਆਉਣਗੀਆਂ ਤਾਂ ਉਨ੍ਹਾਂ ਤੇ ਵੀ ਵਿਚਾਰ ਕਰ ਲਿਆ ਜਾਵੇਗਾ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, 2-2 ਸਾਲ ਤੱਕ ਪੈਨਸ਼ਨਾਂ ਰੁਕੀਆਂ ਰਹਿ ਜਾਂਦੀਆਂ ਹਨ, ਉਨ੍ਹਾਂ ਦੀ ਅਦਾਇਗੀ ਨਹੀਂ ਕੀਤੀ ਜਾਂਦੀ। ਕਈ ਬੰਦੇ ਵਿਚਾਰੇ ਭੁੱਖੇ ਹੀ ਮਰ ਜਾਂਦੇ ਹਨ। ਇਸ ਚੀਜ਼ ਨੂੰ ਦੂਰ ਕਰਨ ਵਾਸਤੇ ਕੀ ਕੋਈ ਇੰਤਜ਼ਾਮ ਕੀਤਾ ਜਾਵੇਗਾ ?

ਸ਼੍ਰੀ ਸਪੀਕਰ : ਇਸ ਦਾ ਜਵਾਬ ਇਨ੍ਹਾਂ ਨੇ ਦੇ ਦਿੱਤਾ ਹੈ ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਵਿਡੋ ਪੈਨਸ਼ਨ ਉਦੋਂ ਤਕ ਦਿੱਤੀ ਜਾਂਦੀ ਹੈ ਜਦੋਂ ਤੱਕ ਉਸ ਦਾ ਬੱਚਾ 18 ਸਾਲ ਦਾ ਨਹੀਂ ਹੋ ਜਾਂਦਾ। ਇਸ ਤੋਂ ਬਾਦ ਉਸ ਦੀ ਪੈਨਸ਼ਨ ਬੰਦ ਕਰ ਦਿੱਤੀ ਜਾਂਦੀ ਹੈ। ਅੱਜ ਕਲ੍ਹ ਨੌਕਰੀਆਂ ਨਹੀਂ ਮਿਲਦੀਆਂ ਅਤੇ ਵੈਸੇ ਵੀ ਬੱਚੇ ਦੇ ਰੋਜ਼ਗਾਰ ਦੀ ਸਮਸ੍ਯਿਆ ਹੋ ਜਾਂਦੀ ਹੈ। ਕੋਈ ਐਸਾ ਇੰਤਜ਼ਾਮ ਹੋਣਾ ਚਾਹੀਦਾ ਹੈ ਕਿ ਜਦੋਂ ਤੱਕ ਬੱਚੇ ਦੀ ਨੌਕਰੀ ਨਾ ਲਗ ਜਾਵੇ ਜਾਂ ਉਹ 35 ਸਾਲ ਦਾ ਨਾ ਹੋ ਜਾਵੇ, ਉਸ ਵਿਧਵਾ ਦੀ ਪੈਨਸ਼ਨ ਬੰਦ ਨਹੀਂ ਹੋਣੀ ਚਾਹੀਦੀ ।

ਮੰਤਰੀ : ਸਪੀਕਰ ਸਾਹਿਬ, ਇਹ ਪੈਨਸ਼ਨ ਵਿਧਵਾ ਦੇ ਬੱਚੇ ਦੇ ਬਾਲਗ ਹੋਣ ਤੱਕ ਹੀ ਦਿੱਤੀ ਜਾਂਦੀ ਹੈ। ਨੌਕਰੀ ਤਾਂ ਕਈ ਵਾਰ 40—40 ਸਾਲ ਤੱਕ ਦੀ ਉਮਰ ਤੱਕ ਵੀ ਨਹੀਂ ਮਿਲਦੀ। ਇਸ ਕਰਕੇ ਇਹ ਪੈਨਸ਼ਨ ਉਦੋਂ ਤੱਕ ਦਿੰਦੇ ਜਾਣਾ ਸੰਭਵ ਨਹੀਂ ਹੈ ।

SHORT NOTICE QUESTIONS AND ANSWERS

Short Notice Questions No. 59, 62 and 63

Mr. Speaker : Extension has been asked for in respect of Short Notice Questions No. **59, **62 and **63.

Assistant Grade Examination

***54. Sardar Sukhdev Singh Dhindsa** : Will the Chief Minister be pleased to state—

(a) whether any Assistant Grade Examination was conducted by the Punjab Subordinate Services Selection Board during the month of June 1985, if so, whether the result thereof has been declared;

(b) whether any complaints have been received by the Government from any of the candidates alleging serious malpractices adopted in the Preparation/compilation of the result of the said examination;

(c) whether any enquiry was conducted in the matter by the Chief Secretary to Government, Punjab, if so, the result thereof?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਜੀ ਹਾਂ ।

(ਅ) ਜੀ ਹਾਂ ।

(ਏ) ਇਹ ਮਸਲਾ ਸਰਕਾਰ ਦੇ ਵਿਚਾਰ ਅਧੀਨ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, 'ਸੀ' ਦਾ ਜਵਾਬ ਮੈਂ ਸਪੈਸੇਫਿਕ ਪੁਛਿਆ ਸੀ ਕਿ ਇਸ ਸਬੰਧ ਵਿਚ ਕੀ ਕੋਈ ਇਨਕੁਆਰੀ ਕੀਤੀ ਗਈ ; ਜੇ ਕੀਤੀ ਗਈ, ਤਾਂ ਉਸ ਦਾ ਕੀ ਰਿਜ਼ਲਟ ਨਿਕਲਿਆ ?

ਮੱਖ ਮੰਤਰੀ : ਇਨਕੁਆਇਰੀ ਤਾਂ ਹੋਈ ਹੈ ਲੇਕਿਨ ਉਸ ਦੇ ਕੀ ਨਤੀਜੇ ਨਿਕਲੇ, ਉਹ ਅਜੇ ਮੁਕੰਮਲ ਤੌਰ ਤੇ ਦੱਸੇ ਨਹੀਂ ਜਾ ਸਕਦੇ ਕਿਉਂਕਿ ਉਸ ਤੇ ਹਾਲੇ ਵਿਚਾਰ ਲਏ ਜਾ ਰਹੇ ਹਨ ।

**For Short Notice Questions No. 59, 62 and 63 and replies thereto, please see Appendix to this Debate.

Original with;
Punjab Vidhan Sabha
Digitized by;
Panjab Digital Library

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਹ ਇਕ ਐਸਾ ਮਾਮਲਾ ਹੈ ਜਿਸ ਬਾਰੇ ਬਹੁਤ ਸਾਰੀਆਂ ਸ਼ਿਕਾਇਤਾਂ ਆਈਆਂ ਹਨ। ਇਥੋਂ ਤੱਕ ਕਿ ਇਕ ਆਦਮੀ ਇਮਤਿਹਾਨ ਵਿਚ ਬੈਠਿਆ ਹੀ ਨਹੀਂ ਲੇਕਿਨ ਐਸ.ਐਸ.ਐਸ. ਬੋਰਡ ਨੇ ਉਸ ਨੂੰ ਪਾਸ ਕੀਤਾ ਹੈ। ਕੀ ਇਹ ਚੀਜ਼ ਇਨ੍ਹਾਂ ਦੇ ਨੋਟਿਸ ਵਿਚ ਹੈ ?

ਮੁੱਖ **ਮੰਤਰੀ** : ਇਹ ਚੀਜ਼ ਵੀ ਨੋਟਿਸ ਵਿਚ ਹੈ ਅਤੇ ਇਸ ਤੋਂ ਜ਼ਿਆਦਾ ਅਜੀਬ ਅਜੀਬ ਕੇਸ ਨੋਟਿਸ ਵਿਚ ਆਏ ਹਨ। ਇਸ ਮਾਮਲੇ ਵਿਚ ਬੜੇ ਵੱਡੇ ਘਪਲੇ ਹੋਏ ਹਨ। ਬੜੀਆਂ ਦਿਲਚਸਪ ਕਹਾਣੀਆਂ ਸਾਹਮਣੇ ਆਈਆਂ ਹਨ ।

CALL ATTENTION NOTICE UNDER RULE 66

(ਕ੍ਰਮ ਨੰ: 54)

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਂਉਦਾ ਹਾਂ, ਅਰਥਾਤ, ਰਾਜ ਵਿਚ 2 ਲੱਖ ਮੀਟਰਿਕ ਟਨ ਚਾਵਲ ਜਿਸ ਦੀ ਕੀਮਤ 5 ਕਰੋੜ ਰੁਪਏ ਤੋਂ ਵੱਧ ਹੈ, ਡਲਿਵਰੀ ਲਈ ਤਿਆਰ ਪਿਆ ਹੈ। ਜੋ ਕਿ ਖਰੀਦਿਆ ਨਹੀਂ ਗਿਆ। ਨਾਭਾ ਵਿਚ ਹੀ 60 ਗੱਡੀਆਂ ਚਾਵਲ ਰੋਜ਼ ਤਿਆਰ ਹੁੰਦਾ ਹੈ ਪਰ ਚੁਕਾਈ ਨਹੀਂ ਹੋ ਰਹੀ। ਜਿਸ ਦਾ ਨਤੀਜਾ ਹੈ ਕਿ ਨਵੀਂ ਜੀਰੀ ਰੱਖਣ ਤੇ ਸੰਭਾਲਣ ਦੀ ਵੀ ਦਿਕਤ ਆ ਰਹੀ ਹੈ ਕਿਉਂਕਿ ਨਵੀਂ ਜੀਰੀ ਲਈ ਸ਼ੈਲਰਾਂ ਵਿਚ ਥਾਂ ਨਹੀਂ ਹੈ। ਅਜਿਹਾ ਹੋਣ ਕਰਕੇ ਸ਼ੈਲਰਾਂ ਤੇ ਗੁਦਾਮਾਂ ਵਿਚ ਚੋਲ ਗਲ ਸੜ ਰਿਹਾ ਹੈ ਤੇ ਚੋਖਾ ਨੁਕਸਾਨ ਹੋ ਰਿਹਾ ਹੈ। ਕੋਈ ਨੀਤੀ ਕਰਕੇ ਸ਼ੈਲਰ ਮਾਲਕ, ਆੜਤੀ ਤੇ ਕਿਸਾਨ ਪ੍ਰੇਸ਼ਾਨ ਤੇ ਦੁਖੀ ਹਨ। ਮੁੱਖ ਮੰਤਰੀ ਕਿਰਪਾ ਕਰਕੇ ਸ਼ੀਘਰ ਸਦਨ ਵਿਚ ਬਿਆਨ ਦੇਣ ਜੀ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ): ਮਿਤੀ 31 ਅਕਤੂਬਰ, 1985 ਤੱਕ ਪੰਜਾਬ ਦੇ ਮਿੱਲਰਜ਼ ਵਲੋਂ 2,32,623 ਟਨ ਚਾਵਲ ਭਾਰਤ ਖੁਰਾਕ ਨਿਗਮ ਨੂੰ ਡਲਿਵਰ ਕੀਤਾ ਜਾ ਚੁਕਾ ਸੀ ਜਦੋਂ ਕਿ ਪਿਛਲੇ ਸਾਲ ਮਿਤੀ 31 ਅਕਤੂਬਰ, 1984 ਤੱਕ 3,55,977 ਟਨ ਚਾਵਲ ਡਲਿਵਰ ਹੋਇਆ ਸੀ। ਮਿਤੀ 1 ਨਵੰਬਰ, 1985 ਨੂੰ 90,000 ਟਨ ਚਾਵਲ ਜਿਸ ਦੀ ਕੀਮਤ ਲਗਭਗ 24 ਕਰੋੜ ਰੁਪਏ ਹੈ, ਮਿਲਰਜ਼ ਪਾਸ ਤਿਆਰ ਪਿਆ ਹੈ। ਇਸ ਮਾਤਰਾ ਵਿਚੋਂ ਥੋੜ੍ਹੀ ਜਿਹੀ ਮਾਤਰਾ ਦਾ ਚਾਵਲ ਹੀ ਅਜੇਹਾ ਹੈ ਜੋ ਭਾਰਤ ਖੁਰਾਕ ਨਿਗਮ ਨੂੰ ਡਲਿਵਰ ਕਰਨ ਲਈ ਲਿਆਂਦਾ ਗਿਆ ਸੀ ਅਤੇ ਜੋ ਉਨ੍ਹਾਂ ਨਾ ਮਨਜ਼ੂਰ ਕਰ ਦਿੱਤਾ ਸੀ। ਜਦੋਂ ਕਿ ਬਹੁਤੀ ਮਾਤਰਾ ਦਾ ਚਾਵਲ ਹਾਲਾਂ ਮਿਲਰਜ਼ ਨੇ ਡਲਿਵਰ ਕਰਨ ਹਿੱਤ ਪੇਸ਼ ਹੀ ਨਹੀਂ ਕੀਤਾ। ਮਿਲਰਜ਼ ਵਲੋਂ ਇਹ ਚਾਵਲ ਭਾਰਤ ਖੁਰਾਕ ਨਿਗਮ ਨੂੰ ਇਸ ਲਈ ਡਲਿਵਰ ਨਹੀਂ ਕੀਤਾ ਗਿਆ ਕਿਉਂ ਜੋ ਉਹ ਰਿਜੈਕਟ ਹੋਏ ਚਾਵਲਾਂ ਦੀ ਕੁਆਲਟੀ ਵਿੱਚ ਸੁਧਾਰ ਕਰਨ ਵਿਚ ਰੁਝੇ ਹੋਏ ਹਨ ਤਾਂ ਜੋ ਉਹ ਭਾਰਤ ਸਰਕਾਰ ਵਲੋਂ ਮਿਥੀਆਂ ਸਪੈਸੀਫਿਕੇਸ਼ਨਜ਼ ਮੁਤਾਬਿਕ ਤਿਆਰ ਹੋ ਸਕੇ। ਪਿਛਲੇ ਸਾਲਾਂ ਵਿਚ ਚਾਵਲ ਡਲਿਵਰ ਕਰਨ ਵਿੱਚ ਕਦੇ ਕੋਈ ਕਠਿਨਾਈ ਨਹੀਂ ਹੋਈ ਕਿਉਂ ਜੋ ਭਾਰਤ ਖੁਰਾਕ ਨਿਗਮ ਚਾਵਲਾਂ ਦੀ ਕੁਆਲਟੀ ਸਬੰਧੀ ਇਤਨੀ ਸਖਤ ਨਹੀਂ ਸੀ। ਪ੍ਰੰਤੂ ਇਸ ਸਾਲ ਕੁਆਲਟੀ ਵਿੱਚ ਸਖਤਾਈ ਕਾਰਨ ਭਾਰਤ ਖੁਰਾਕ ਨਿਗਮ ਦਾ ਅਮਲਾ ਕੇਵਲ ਉਹੀ ਚਾਵਲ ਮਨਜ਼ੂਰ ਕਰ ਰਿਹਾ ਹੈ ਜੋ ਕਿ ਮਿਥੀਆਂ ਸਪੈਸੀਫਿਕੇਸ਼ਨਜ਼ ਅਨੁਸਾਰ ਹੁੰਦਾ ਹੈ। ਫਿਰ ਵੀ ਪਟਿਆਲਾ ਜ਼ਿਲ੍ਹੇ ਦੇ ਨਾਭਾ ਕੇਂਦਰ ਤੇ ਕੁਝ ਅਜੇਹੇ ਤੱਥ ਸਾਹਮਣੇ ਆਏ ਹਨ ਕਿ ਭਾਰਤ ਖੁਰਾਕ ਨਿਗਮ ਨੇ ਮਿੱਥੀਆਂ ਸਪੈਸੀਫਿਕੇਸ਼ਨਜ਼ ਮੁਤਾਬਿਕ ਚਾਵਲਾਂ ਦੀ ਕੁਆਲਟੀ ਹੋਣ ਤੇ ਵੀ ਉਸ ਨੂੰ ਰਿਜੈਕਟ ਕੀਤਾ ਹੈ। ਭਾਰਤ ਖੁਰਾਕ ਨਿਗਮ ਨੂੰ ਵਿਭਾਗ ਵਲੋਂ ਨਾਭਾ ਦੇ ਇਸ ਸਟਾਫ ਵਿਰੁਧ ਕਾਰਵਾਈ ਕਰਨ ਲਈ ਲਿਖ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਮਿਲਰਜ਼ ਦੀਆਂ ਇਨ੍ਹਾਂ ਸਾਰੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਲਈ ਰਾਜ ਸਰਕਾਰ ਦੇ ਖੁਰਾਕ ਵਿਭਾਗ, ਭਾਰਤ ਖੁਰਾਕ ਨਿਗਮ ਅਤੇ ਮਿਲਰਜ਼ ਦੇ ਪ੍ਰਤਿਨਿਧੀਆਂ ਦੀ ਰਾਜ ਦੇ ਹਰ ਇਕ ਜ਼ਿਲ੍ਹੇ ਵਿਚ ਇਕ ਕਮੇਟੀ ਬਣਾ ਦਿੱਤੀ ਗਈ ਹੈ ਜੋ ਕਿ ਇਸ ਤੱਥ ਨੂੰ ਵੇਖੇਗੀ ਅਤੇ ਫੈਸਲਾ ਕਰੇਗੀ ਕਿ ਭਾਰਤ ਖੁਰਾਕ ਨਿਗਮ ਨੂੰ ਡਲਿਵਰੀ ਲਈ ਪੇਸ਼ ਕੀਤਾ ਗਿਆ ਚਾਵਲ ਮਿੱਥੀਆਂ ਸਪੈਸੀਫਿਕੇਸ਼ਨਜ਼ ਮੁਤਾਬਿਕ ਹੀ ਹੈ ।

ਭਾਰਤ ਖੁਰਾਕ ਨਿਗਮ ਵਲੋਂ ਚਾਵਲਾਂ ਦੀ ਡਲਿਵੈਰੀ ਨਾ ਲੈਣ ਕਾਰਨ ਅਤੇ ਮਿਲਰਜ਼ ਵਲੋਂ ਚਾਵਲ ਪੇਸ਼ ਨਾ ਕਰਨ ਕਾਰਨ ਬਹੁਤ ਮਾਤਰਾ ਦਾ ਚਾਵਲ ਮਿੱਲਾਂ ਵਿੱਚ ਇਕੱਠਾ ਹੋ ਗਿਆ ਹੈ। ਜਿਸ ਕਾਰਨ ਮਿਲਰਜ਼ ਦੀ ਝੋਨਾ ਖਰੀਦਨ ਦੀ ਵਿੱਤੀ ਹਾਲਤ ਕੁਝ ਕਮਜ਼ੋਰ ਹੋ ਗਈ ਹੈ। ਭਾਵੇਂ ਚਾਵਲਾਂ ਦੀ ਕੁਆਲਟੀ ਵਿਚ ਪਿਛਲੇ ਸਾਲ ਨਾਲੋਂ ਇਸ ਸਾਲ ਸੁਧਾਰ ਹੋਇਆ ਹੈ। ਪ੍ਰੰਤੂ ਕਿਉਂ ਜੋ ਮੰਡੀਆਂ ਵਿੱਚ ਆ ਰਹੇ ਝੋਨੇ ਦੀ ਕੁਆਲਟੀ ਠੀਕ ਨਹੀਂ ਹੈ, ਇਸ ਲਈ ਇਸ ਝੋਨੇ ਵਿਚੋਂ ਤਿਆਰ ਕੀਤਾ ਜਾ ਰਿਹਾ ਚਾਵਲ ਭਾਰਤ ਖੁਰਾਕ ਨਿਗਮ ਵਲੋਂ ਅਪਨਾਈਆਂ ਜਾ ਰਹੀਆਂ ਸਖਤ ਸਪੈਸੀਫਿਕੇਸ਼ਨ ਮੁਤਾਬਿਕ ਨਹੀਂ ਬਣ ਰਿਹਾ। ਇਨ੍ਹਾਂ ਚਾਵਲਾਂ ਦੀ ਕੁਆਲਟੀ ਵਿਚ ਸੁਧਾਰ ਲਿਆਉਣ ਦੀ ਲੋੜ ਹੈ। ਮਿਲਰਜ਼ ਦੀਆਂ ਪ੍ਰੇਸ਼ਾਨੀਆਂ ਦਾ ਨਿਪਟਾਰਾ ਕਰਨ ਲਈ ਸਰਕਾਰ ਮਿਲਰਜ਼ ਨੂੰ ਭਾਰਤ ਖੁਰਾਕ ਨਿਗਮ ਵਲੋਂ ਰਿਜੈਕਟ ਕੀਤਾ ਚਾਵਲ ਖੁਲ੍ਹੀ ਮਾਰਕੀਟ ਵਿਚ ਵੇਚਣ ਦੀ ਆਗਿਆ ਦੇ ਰਹੀ ਹੈ। ਦੂਸਰੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਰਾਜ ਦੇ ਕੁਝ ਹਿੱਸਿਆਂ ਵਿਚ ਅਕਤੂਬਰ ਮਹੀਨੇ ਵਿਚ ਹੋਈ ਅਚਾਨਕ ਬਾਰਸ਼ਾਂ ਕਾਰਨ ਝੋਨੇ ਦੀ ਫਸਲ ਨੂੰ ਜੋ ਨੁਕਸਾਨ ਹੋਇਆ ਹੈ, ਉਸ ਦੇ ਸਨਮੁੱਖ ਚਾਵਲਾਂ ਦੀਆਂ ਸਪੈਸੀਫਿਕੇਸ਼ਨਜ਼ ਵਿਚ ਕੁਝ ਛੋਟ ਅਤੇ ਨਰਮੀ ਦੀ ਆਗਿਆ ਦੇਵੇ। ਰਾਜ ਸਰਕਾਰ ਹਰ ਸੰਭਵ ਯਤਨ ਕਰ ਰਹੀ ਹੈ ਕਿ ਮਿਥੀਆਂ ਸਪੈਸੀਫਿਕੇਸ਼ਨਜ਼ ਮੁਤਾਬਿਕ ਜੋ ਚਾਵਲ ਪੇਸ਼ ਕੀਤਾ ਜਾਂਦਾ ਹੈ, ਉਹ ਰਿਜੈਕਟ ਨਾ ਕੀਤਾ ਜਾਵੇ।

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪਹਿਲਾਂ ਚਾਵਲ ਪੰਜਾਬ ਤੋਂ ਬਾਹਰ ਭੇਜਿਆ ਜਾਂਦਾ ਸੀ ਪਰ ਹੁਣ ਇਹ ਬੰਦ ਕਰ ਦਿੱਤਾ ਗਿਆ ਹੈ ਜਿਸ ਕਰਕੇ ਪੰਜਾਬ ਵਿਚ ਚਾਵਲ ਬਹੁਤ ਸਾਰਾ ਜਮ੍ਹਾ ਹੋਇਆ ਪਿਆ ਹੈ। ਇਸ ਕਰਕੇ ਮਿਲਰਜ਼ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਕਰਕੇ ਉਨ੍ਹਾਂ ਨੇ ਹੜਤਾਲ ਵੀ ਕੀਤੀ ਹੋਈ ਹੈ। ਇਹ ਜਿਹੜਾ ਚਾਵਲ ਜਮ੍ਹਾ ਪਿਆ ਹੋਇਆ ਹੈ ਇਹ ਕਿੰਨਾਂ ਹੈ ਅਤੇ ਇਸ ਨੂੰ ਜਲਦੀ ਚੁਕਵਾਉਣ ਦਾ ਕੀ ਇੰਤਜਾਮ ਕੀਤਾ ਜਾ ਰਿਹਾ ਹੈ ?

ਮੁੱਖ ਮੰਤਰੀ : ਸਵਾਲ ਕੀਤਾ ਗਿਆ ਹੈ ਕਿ ਕਿੰਨਾ ਚਾਵਲ ਗੋਦਾਮਾਂ ਵਿਚ ਪਿਆ ਹੈ। ਅਗਰ ਇਹ ਪਹਿਲਾਂ ਹੀ ਉਸ ਵਿਚ ਐਡ ਕਰ ਦਿੱਤਾ ਜਾਂਦਾ ਤਾਂ ਮੈਨੂੰ ਜਵਾਬ ਦੇਣ ਵਿਚ ਸੌਖ ਹੋਣੀ ਸੀ। ਪੰਜਾਬ ਦੇ ਗੋਦਾਮਾਂ ਵਿਚ ਕਿੰਨਾਂ ਚਾਵਲ ਇਸ ਵੇਲੇ ਪਿਆ ਹੈ, ਇਸ ਬਾਰੇ ਮੈਂ ਜਵਾਬ ਨਹੀਂ ਦਿਆਂਗਾ। ਬਾਕੀ ਜਿਹੜਾ ਇਹ ਕਿਹਾ ਗਿਆ ਹੈ ਕਿ ਗੋਦਾਮਾਂ ਵਿਚੋਂ ਚਾਵਲ ਛੇਤੀ ਤੋਂ ਛੇਤੀ ਚੁਕਿਆ ਜਾਏ ਤਾਕਿ ਨਵਾਂ ਚਾਵਲ ਉਥੇ ਰਖਿਆ ਜਾ ਸਕੇ, ਇਸ ਬਾਰੇ ਯਤਨ ਜਾਰੀ ਹੈ ।

ਸਰਦਾਰ ਕਿਰਪਾਲ ਸਿੰਘ : ਮੇਰੀ ਵੀ ਸਿਮਿਲਰ ਕਾਲ ਅਟੈਨਸ਼ਨ ਮੋਸ਼ਨ ਸੀ । ਮੈਨੂੰ ਵੀ ਇਸ ਤੇ ਸਪਲੀਮੈਂਟਰੀ ਕਰ ਲੈਣ ਦਿਓ ।

ਸ਼੍ਰੀ ਸਪੀਕਰ : ਜੇਕਰ ਤੁਸੀਂ ਵੀ ਮੈਂਬਰ ਸਾਹਿਬ ਦੇ ਨਾਲ ਹੀ ਉਸ ਕਾਲ ਅਟੈਨਸ਼ਨ ਮੋਸ਼ਨ ਤੇ ਦਸਖਤ ਕਰ ਦਿੰਦੇ ਤਾਂ ਤੁਹਾਨੂੰ ਵੀ ਸਪਲੀਮੈਂਟਰੀ ਕਰਨ ਲਈ ਮੌਕਾ ਮਿਲ ਸਕਦਾ ਸੀ ।

Original with;
Punjab Vidhan Sabha
Digitized by;
Panjab Digital Library

PAPERS LAID ON THE TABLE

Agriculture and Forests Minister (Captain Amarinder Singh): Sir, I beg to lay on the Table—

(i) the Annual Reports and Accounts of the Punjab State Warehousing Corporation for the years 1982-83, 1983-84 and 1984-85, as required under section 31 (11) of the Warehousing Corporation Act, 1962, and

(ii) the Annual Report of the Punjab Public Service Commission for the year 1982-83, as presented to the Governor, together with the Memorandum explaining the reasons for the non-acceptance of the advice of the Commission, as required under Article 323(2) of the Constitution.

MOTION UNDER RULE 16

Finance Minister (Sardar Balwant Singh) : Sir, I beg to move—

That the Vidhan Sabha (Assembly) at its rising this day shall stand adjourned *Sine die.*

Mr. Speaker: Motion moved—

That the Vidhan Sabha (Assembly) at its rising this day shall stand adjourned *Sine die.*

Mr. Speaker: Question is—

That the Vidhan Sabha (Assembly) at its rising this day shall stand adjourned *Sine die.*

The motion was carried.

MOTION REGARDING COMMITTEES

Agriculture and Forests Minister (Captain Amarinder Singh) : Sir, I beg to move—

"WHEREAS the time left for election of the following Committees—

(1) Committee on Public Accounts

(2) Committee on Estimates

(3) Committee on Public Undertakings ; and

(4) Committee on Welfare of Scheduled Castes, Scheduled Tribes and Backward Classes,

for the remaining period of 1985-86, is very short and it is not possible to conduct, in the normal course, the elections to these Committees ;

NOW, THEREFORE, THIS HOUSE authorises the Speaker, Punjab Vidhan Sabha, to nominate the Members of the aforesaid Committees for the aforesaid year, keeping in view the proportionate strength of various parties/groups in the House ;

THIS HOUSE FURTHER RESOLVES that for the above purpose, the Rules of procedure and conduct of Business in the Punjab Vidhan Sabha (Punjab Legislative Assembly) relative to the elections to the said Committees for the year 1985-86 which are inconsistent with or contrary to the above Resolution, shall stand suspended."

Original with;
Punjab Vidhan Sabha
Digitized by;
Panjab Digital Library

Mr. Speaker : Motion moved—

"WHEREAS the time left for election of the following Committees—

(1) Committee on Public Accounts

(2) Committee on Estimates

(3) Committee on Public Undertakings ; and

(4) Committee on Welfare of Scheduled Castes, Scheduled Tribes and Backward Classes,

for the remaining period of 1985-86, is very short and it is not possible to conduct, in the normal course, the elections to these Committees ;

NOW, THEREFORE, THIS HOUSE authorises the Speaker, Punjab Vidhan Sabha, to nominate the Members of the aforesaid Committees for the aforesaid year, keeping in view the proportionate strength of various parties/groups in the House ;

THIS HOUSE FURTHER RESOLVES that for the above purpose, the Rules of Procedure and Conduct of Business in the Punjab Vidhan Sabha (Punjab Legislative Assembly) relative to the elections to the said Committees for the year 1985-86 which are inconsistent with or contrary to the above Resolution, shall stand suspended."

Mr. Speaker : Question is—

"WHEREAS the time left for election of the following Committees—

(1) Committee on Public Accounts

(2) Committee on Estimates

(3) Committee on Public Undertakings ; and

(4) Committee on Welfare of Scheduled Castes, Scheduled Tribes and Backward Classes,

for the remaining period of 1985-86, is very short and it is not possible to conduct, in the normal course, the elections to these Committees ;

NOW, THEREFORE, THIS HOUSE authorises the Speaker, Punjab Vidhan Sabha, to nominate the Members of the aforesaid Committees for the aforesaid year, keeping in view the proportionate strength of various parties/groups in the House ;

THIS HOUSE FURTHER RESOLVES that for the above purpose, the Rules of Procedure and conduct of Business in the Punjab Vidhan Sabha (Punjab Legislative Assembly) relative to the elections to the said Committees for the year 1985-86 which are inconsistent with or contrary to the above Resolution, shall stand suspended."

The Motion was carried unanimously.

LEGISLATIVE BUSINESS

The Punjab Appropriation (No. 4) Bill, 1985

Finance Minister (Sardar Balwant Singh): Sir, I beg to introduce the Punjab Appropriation (No. 4) Bill.

Sir, I also beg to move—

That the Punjab Appropriation (No. 4) Bill be taken into consideration at once.

Original with;
Punjab Vidhan Sabha
Digitized by;
Punjab Digital Library

Mr. Speaker : Motion moved—

That the Punjab Appropriation (No. 4) Bill be taken into consideration at once.

ਪੰਡਿਤ ਮੋਹਨ ਲਾਲ (ਹੁਸ਼ਿਆਰਪੁਰ) : ਸਪੀਕਰ ਸਾਹਿਬ, ਇਸ ਸੈਸ਼ਨ ਦਾ ਅੱਜ ਆਖੀਰਲਾ ਦਿਨ ਹੈ ਔਰ ਇਸ ਦੇ ਬਾਅਦ ਮੈਂਬਰ ਸਾਹਿਬਾਨ ਨੂੰ ਮੌਕਾ ਮਿਲੇਗਾ ਆਪਣੀਆਂ ਆਪਣੀਆਂ ਕਾਂਸਟੀਚਿਉਐਂਸੀਆਂ ਵਿਚ ਜਾਕੇ ਇਸ ਤਰ੍ਹਾਂ ਪੰਜਾਬ ਦੇ ਹਰ ਕੋਨੇ ਵਿਚ ਇਥੋਂ ਦਾ ਜਿਹੜਾ ਪਰੋਗਰਾਮ ਹੈ ਇਸ ਸੈਸ਼ਨ ਦਾ ਲਿਜਾ ਕੇ ਲੋਕਾਂ ਨੂੰ ਉਸ ਦੇ ਮੁਤਅੱਲਕ ਐਜੂਕੇਟ ਕਰੀਏ। ਮੈਂ ਅਰਜ਼ ਕਰਦਾ ਹਾਂ ਕਿ ਸਾਰੀਆਂ ਸਾਈਡਾਂ ਵਲੋਂ, ਹਰ ਹਲਕੇ ਵਲੋਂ, ਹਰ ਮੈਂਬਰ ਸਾਹਿਬਾਨ ਵਲੋਂ ਇਹ ਗਲ ਵਾਜ਼ਾਹ ਹੋਵੇ ਕਿ ਸਾਰਿਆਂ ਤੋਂ ਵੱਡਾ ਮਸਲਾ ਪੰਜਾਬ ਦਾ ਜਿਸ ਤੇ ਸਰਕਾਰ ਨੂੰ ਆਪੋਜ਼ੀਸ਼ਨ ਨੂੰ, ਲੋਕਾਂ ਨੂੰ, ਸਾਰੀਆਂ ਪਾਰਟੀਆਂ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ ਉਹ ਹੈ ਪੰਜਾਬ ਵਿਚ ਅਮਨ ਔਰ ਸ਼ਾਂਤੀ ਦਾ ਮਸਲਾ ਔਰ ਮੈਂ ਇਸ ਤੋਂ ਪਹਿਲਾਂ ਹੋਰ ਗਲ ਆਖਾਂ ਮੈਂ ਜ਼ਰੂਰ ਅਰਜ਼ ਕਰਨਾ ਚਾਹੁੰਗਾ ਕਿ ਸਾਰਿਆਂ ਤੋਂ ਵੱਡੀ ਜ਼ਿਮੇਵਾਰੀ ਇਸ ਦੀ ਸਰਕਾਰ ਦੇ ਉਤੇ ਹੈ। ਸਰਕਾਰ ਦਾ ਕਰਤੱਵ ਬਣਦਾ ਹੈ ਕਿ ਪੰਜਾਬ ਵਿਚ ਅਮਨ ਔਰ ਸ਼ਾਂਤੀ ਰਖਣ ਲਈ ਉਹ ਸਮੂਹ ਲੋਕਾਂ ਦਾ ਸਾਰੇ ਜਿੰਨੇ ਵੀ ਪੰਜਾਬੀ ਹਨ ਉਨ੍ਹਾਂ ਦਾ, ਆਪੋਜ਼ੀਸ਼ਨ ਪਾਰਟੀ ਦਾ, ਸਾਰੀਆਂ ਪਾਰਟੀਆਂ ਦਾ, ਹਰ ਮੈਂਬਰ ਸਾਹਿਬ ਦੀ ਮਿਲਵਰਤਣ ਲੈਣ ਤਾਕਿ ਉਹ ਇਸ ਮਕਸਦ ਵਿਚ ਕਾਮਯਾਬ ਹੋਣ ਦੇ ਨਾਲ ਆਸਾਨੀ ਨਾਲ ਇਹ ਕਰ ਸਕਣ। ਇਸ ਦੇ ਵਿਚ ਮੈਨੂੰ ਕੁਝ ਥੋੜ੍ਹੀ ਜਿਹੀ ਹੈਰਾਨਗੀ ਵੀ ਹੋਈ ਔਰ ਤਜਵੀਜ਼ ਵੀ ਅੱਜ ਹੀ ਸਾਡੇ ਫਿਨਾਂਸ ਮਨਿਸਟਰ ਸਾਹਿਬ ਨੇ ਪਹਿਲਾਂ ਤਕਰੀਰ ਕਰਦਿਆਂ ਹੋਇਆਂ ਇਹ ਆਖਿਆ ਕਿ ਪੰਜਾਬ ਦੇ ਵਿਚ ਔਰ ਦਿੱਲੀ ਵਿਚ ਇਹੋ ਜਿਹੀਆਂ ਤਾਕਤਾਂ ਹਨ ਜਿਹੜੀਆਂ ਕਿ ਟਕਰਾਓ ਦੇ ਰਸਤੇ ਨੂੰ ਅਪਨਾਉਣ ਵਾਸਤੇ ਯਤਨ-ਸ਼ੀਲ ਹਨ। ਦੂਸਰਾ ਜਿਹੜਾ ਐਲੀਗੇਸ਼ਨ ਲਗਾਇਆ ਗਿਆ ਉਹ ਇਹ ਸੀ ਕਿ ਕੁਝ ਅਜਿਹੀਆਂ ਤਾਕਤਾਂ ਇਥੇ ਵੀ ਅਤੇ ਉਪਰ ਵੀ ਕੁਝ ਪਾਰਟੀਆਂ ਹਨ ਜਿਨ੍ਹਾਂ ਬਾਰੇ ਨਾਂ ਲੈਣਾ ਮੁਨਾਸਿਬ ਨਹੀਂ ਹੈ। ਉਹ ਇਨ੍ਹਾਂ ਦੀ ਕਾਰਵਾਈਆਂ ਨੂੰ ਸੈਬੋਟੇਜ ਕਰ ਰਹੀਆਂ ਹਨ ਔਰ ਮੈਂ ਇਹ ਨਹੀਂ ਜਾਣਦਾ, ਮੈਨੂੰ ਇਸ ਗਲ ਦਾ ਬਹੁਤ ਦੁੱਖ ਹੈ, ਕਿ ਇਹ ਕਿਸ ਆਧਾਰ ਤੇ ਸ਼੍ਰੀਮਾਨ ਫਿਨਾਂਸ ਮਨਿਸਟਰ ਸਾਹਿਬ ਨੇ ਇਹੋ ਜਿਹੇ ਸੀਰੀਅਸ ਐਲੀਗੇਸ਼ਨਜ਼ ਲਗਾਏ ਹਨ। ਮੈਂ ਜ਼ਿਆਦਾ ਕੰਟਰੋਵਰਸੀ ਵਿਚ ਨਹੀਂ ਪੈਣਾ ਚਾਹੁੰਦਾ। ਮੈਂ ਖੁਦ, ਮੇਰੀ ਪਾਰਟੀ ਦਾ ਮਕਸਦ ਹੈ ਕਿ ਪੰਜਾਬ ਵਿਚ ਅਮਨ ਔਰ ਸ਼ਾਂਤੀ ਕਾਇਮ ਰਖਣ ਵਾਸਤੇ ਵਧ ਤੋਂ ਵਧ ਕੋਆਪਰੇਸ਼ਨ ਦੇਈਏ। ਇਸ ਲਈ ਕੋਈ ਅਜਿਹੀ ਗਲ ਨਹੀਂ ਕਰਨੀ ਚਾਹੀਦੀ ਜਿਸ ਦੇ ਨਾਲ ਕੋਈ ਵੀ ਬਦਮਜ਼ਗੀ ਪੈਦਾ ਹੋਵੇ। ਇਸ ਸੈਸ਼ਨ ਦੇ ਆਖੀਰ ਦੇ ਦਿਨ ਤੇ ਇਹ ਐਲੀਗੇਸ਼ਨਜ਼ ਲਗਾਏ ਗਏ ਹਨ। ਮੈਂ ਆਪਣੀ ਪਾਰਟੀ ਨੂੰ ਜਾਣਦਾ ਹਾਂ, ਮੈਂ ਆਪਣੀ ਕਾਂਗਰਸ ਪਾਰਟੀ ਦੇ ਮਨ ਨੂੰ ਜਾਣਦਾ ਹਾਂ, ਕਾਂਗਰਸ ਪਾਰਟੀ ਦੇ ਹਰ ਮੈਂਬਰ ਦੇ ਮਨ ਨੂੰ ਜਾਣਦਾ ਹਾਂ। ਇਸ ਵਾਸਤੇ ਮੈਂ ਕਹਿ ਸਕਦਾ ਹਾਂ ਕਿ ਅਗਰ ਫਿਨਾਂਸ ਮਨਿਸਟਰ ਸਾਹਿਬ ਨੇ ਜਾਂ ਇਨ੍ਹਾਂ ਦੇ ਕਿਸੇ ਸਹਿਯੋਗੀ ਨੇ ਕਾਂਗਰਸ ਵਾਲਿਆਂ ਨੂੰ ਇਸ ਤਰ੍ਹਾਂ ਕਿਹਾ ਹੈ ਤਾਂ ਇਹ ਬੇ-ਬੁਨਿਆਦ ਹੈ। ਇਹ ਬਦ-ਕਿਸਮਤੀ ਵਾਲੀ ਗਲ ਹੈ। ਅਸੀਂ ਜਿਸ ਤਰ੍ਹਾਂ ਪਹਿਲਾਂ ਕਿਹਾ ਹੈ ਕਿ ਪੰਜਾਬ ਵਿਚ ਅਮਨ ਔਰ ਸ਼ਾਂਤੀ ਕਾਇਮ ਕਰਨ ਲਈ ਪੰਜਾਬ ਦੀ ਤਰੱਕੀ ਕਰਨ ਵਾਸਤੇ ਇਸ ਤਰ੍ਹਾਂ ਚਾਹਵਾਨ ਹਾਂ ਜਿਸ ਤਰ੍ਹਾਂ ਕਿ ਸਾਹਮਣੇ ਬੈਠੇ ਹੋਏ ਸਾਡੀ ਦੂਸਰੀ ਪਾਰਟੀ ਦੇ ਸਾਹਿਬਾਨ (ਥੰਪਿੰਗ) ਤਾਂ ਮੈਂ ਇਸ ਸਬੰਧ ਵਿਚ ਜ਼ਰੂਰ ਇੱਕ ਗੱਲ ਕਹਾਂਗਾ ਕਿ ਅਮਨ ਔਰ ਸ਼ਾਂਤੀ ਨੂੰ ਕਾਇਮ ਰਖਣ ਵਾਸਤੇ ਸਰਕਾਰ ਨੂੰ ਇਕ ਦੋ ਗੱਲਾਂ ਸੱਚੇ ਰੂਪ ਵਿਚ ਸਾਹਮਣੇ ਰਖਣੀਆਂ ਚਾਹੀਦੀਆਂ ਹਨ। ਜੁਰਮ ਨੂੰ ਛੁਪਾਉਣ ਦਾ ਕੋਈ ਫਾਇਦਾ ਨਹੀਂ ਹੈ। ਜੇਕਰ ਅਸੀਂ ਕਾਨੂੰਨ ਦੀ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਵਾਜ਼ਾਹ ਕਰਨੀ ਹੈ ਤਾਂ ਸਾਨੂੰ ਕਿਸੇ ਕਿਸਮ ਦੀ ਪੋਚਾ ਪਾਚੀ ਕਰਕੇ ਜੁਰਮ ਨੂੰ ਲੁਕਾਉਣਾ ਨਹੀਂ ਚਾਹੀਦਾ। ਇਹ ਮੈਂ ਜਾਣਦਾ ਹਾਂ, ਥੋੜਾ ਬਹੁਤ ਮੇਰਾ ਵੀ ਇਸ ਮਹਿਕਮੇ ਨਾਲ ਵਾਸਤਾ ਆਇਆ ਹੈ। ਆਮ ਤੌਰ ਤੇ ਸਾਡੇ ਪੁਲਿਸ ਕਰਮਚਾਰੀਆਂ ਦਾ ਟਰੈਂਡ ਹੁੰਦਾ ਹੈ ਉਹ ਅਵੱਲ ਤਾਂ ਜੁਰਮ ਨੂੰ ਰਿਕਾਰਡ ਕਰਨ ਵਿਚ ਝਿਝਕਦੇ ਹਨ ਔਰ ਜੇਕਰ ਉਹ ਰਿਕਾਰਡ ਕਰਨ ਵੀ ਤਾਂ ਉਹ ਉਸ ਦੀ ਰੰਗਤ ਬਦਲ ਦਿੰਦੇ ਹਨ ।

Original with;
Punjab Vidhan Sabha
Digitized by;
Panjab Digital Library

[ਪੰਡਿਤ ਮੋਹਨ ਲਾਲ]

ਸੀਰੀਅਸ ਜ਼ੁਰਮ ਨੂੰ ਲਾਈਟਰ ਜ਼ੁਰਮ ਬਣਾਇਆ ਗਿਆ । ਇਸ ਵਾਸਤੇ ਮੈਨੂੰ ਇਸ ਗੱਲ ਉਤੇ ਹੈਰਾਨਗੀ ਹੋਈ ਜਦੋਂ ਮੈਂ ਚੀਫ ਮਨਿਸਟਰ ਸਾਹਿਬ ਦੀ ਸਟੇਟਮੈਂਟ ਅਤੇ ਉਸ ਤੋਂ ਪਹਿਲਾਂ ਫਾਈਨੈਂਸ ਮਨਿਸਟਰ ਸਾਹਿਬ ਦੀ ਸਟੇਟਮੈਂਟ ਸੁਣੀ । ਉਨ੍ਹਾਂ ਨੇ ਦੁਹਰਾ ਕੇ ਕਿਹਾ ਕਿ ਜਦੋਂ ਤੋਂ ਇਸ ਸਰਕਾਰ ਨੇ ਕਾਰਜ ਭਾਰ ਸੰਭਾਲਿਆ ਹੈ ਉਦੋਂ ਦੇ ਸਿਰਫ 5 ਮਰਡਰ ਹੋਏ ਹਨ। ਇਹ ਗੱਲ ਵਾਕਿਆਤ ਦੇ ਬਿਲਕੁਲ ਬਰਖਿਲਾਫ ਹੈ। ਸਪੀਕਰ ਸਾਹਿਬ, ਮੈਂ ਸਖਤ ਲਫਜ਼ ਵਰਤਣ ਦਾ ਆਦੀ ਨਹੀਂ ਹਾਂ ਲੇਕਿਨ ਇਕ ਗਲ ਮੈਂ ਜ਼ਰੂਰ ਕਹਾਂਗਾ ਕਿ ਇਹ ਹਕੀਕਤ ਦੇ ਬਿਲਕੁਲ ਬਰਖਿਲਾਫ ਹਨ । ਇਨ੍ਹਾਂ ਨੂੰ ਜਿਸ ਨੇ ਫਿੱਗਰਜ਼ ਦਿਤੀਆਂ ਹਨ ਉਹ ਗਲਤ ਹਨ । ਸਪੀਕਰ ਸਾਹਿਬ, ਮੈਂ ਇਕ ਛੋਟੀ ਜਿਹੀ ਕਾਲ ਅਟੈਨਸ਼ਨ ਮੋਸ਼ਨ ਭੇਜੀ ਸੀ ਉਸ ਵਿਚ ਮੈਂ ਜਿਹੜੇ ਕਤਲ ਹੋਏ ਉਨ੍ਹਾਂ ਦੇ ਨਾਮ ਲਿਖੇ ਸਨ, ਜਿਸ ਤਾਰੀਖ ਨੂੰ ਕਤਲ ਹੋਏ ਉਹ ਤਾਰੀਖ ਅਤੇ ਜਗ੍ਹਾ ਦਾ ਨਾਮ ਲਿਖਿਆ ਸੀ ਜਿਸ ਜਗ੍ਹਾ ਤੇ ਮਾਰੇ ਗਏ । ਮੈਨੂੰ ਆਸ ਹੈ ਕਿ ਤੁਸੀਂ ਉਹ ਕਾਲ ਅਟੈਨਸ਼ਨ ਮੋਸ਼ਨ ਜ਼ਰੂਰ ਅੱਗੇ ਫਾਰਵਰਡ ਕਰ ਦਿਤੀ ਹੋਣੀ ਹੈ ਅਤੇ ਉਸ ਦਾ ਜਵਾਬ ਮੈਨੂੰ ਮਿਲ ਜਾਵੇਗਾ । 29 ਤਾਰੀਖ ਜਿਸ ਦਿਨ ਤੋਂ ਇਸ ਸਰਕਾਰ ਨੇ ਕਾਰਜ ਭਾਰ ਸੰਭਾਲਿਆ ਹੈ ਉਦੋਂ ਤੋਂ 9 ਕਤਲ ਹੋ ਚੁਕੇ ਹਨ ਅਤੇ ਇਹ ਚੀਜ਼ ਮੈਂ ਕਾਲ ਅਟੈਨਸ਼ਨ ਮੋਸ਼ਨ ਵਿਚ ਦਿਤੀ ਸੀ । ਉਸ ਦੇ ਬਾਅਦ ਅਜ ਤਕ ਦੋ ਤਿੰਨ ਹੋਰ ਹੋ ਚੁਕੇ ਹਨ ਅਤੇ ਇਸ ਤਰ੍ਹਾਂ ਹੁਣ 11—12 ਕਤਲ ਹੋ ਚੁਕੇ ਹਨ । ਇਸ ਦੇ ਨਾਲ ਹੀ 20 ਕੇਸਿਜ਼ ਇਹੋ ਜਿਹੇ ਹਨ ਜਿਥੇ ਡਾਕੇ ਪਏ, ਬੈਂਕਾਂ ਅਤੇ ਹੋਰ ਦੂਸਰੀ ਥਾਵਾਂ ਤੇ ਲੁੱਟ ਮਾਰ ਹੋਈ । ਇਹ ਸਾਰੀ ਮੇਰੇ ਕੋਲ ਤਫਸੀਲ ਹੈ ਮਰਡਰ ਹੋਇਆਂ ਦੀ ਅਤੇ ਡਾਕੇ ਆਦਿ ਪਿਆਂ ਦੀ । ਇਸ ਤੋਂ ਇਲਾਵਾ ਟ੍ਰਾਂਜ਼ਿਸਟਰ ਬੰਬਾਂ ਦੇ ਅਤੇ ਹੋਰ ਦੂਸਰੇ ਕਈ ਕਿਸਮ ਦੇ ਵਾਕਿਆਤ ਹੋਏ ਇਨ੍ਹਾਂ ਨੂੰ ਛੁਪਾਉਣ ਦਾ ਕੋਈ ਮਤਲਬ ਨਹੀਂ ਹੈ । ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿੰਨਾਂ ਚਿਰ ਤੁਸੀਂ ਆਪਣੇ ਸਾਹਮਣੇ ਹਕੀਕਤ ਨਹੀਂ ਲਿਆਉਂਦੇ ਉਤਨੀ ਦੇਰ ਕੰਮ ਨਹੀਂ ਚਲੇਗਾ । ਇਸ ਵਾਸਤੇ ਸਾਨੂੰ ਆਪਣੇ ਸਾਹਮਣੇ ਹਕੀਕਤ ਰੱਖਣੀ ਚਾਹੀਦੀ ਹੈ । ਇਹ ਸਹੀ ਹੈ ਕਿ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਨਹੀਂ ਹੈ । ਇਹ ਗਲ ਸਾਨੂੰ ਆਪਣੇ ..... (ਵਿਘਨ)

ਸ਼੍ਰੀ ਸਪੀਕਰ : ਪੰਡਿਤ ਜੀ, Sorry I interrupt you ਇਹ ਐਪਰੋਪਰੀਏਸ਼ਨ ਬਿਲ ਹੈ, ਇਸ ਵਿਚ ਲਾਅ ਐਂਡ ਆਰਡਰ ਨਹੀਂ ਆਉਂਦਾ ।

ਪੰਡਿਤ ਮੋਹਨ ਲਾਲ : ਮੈਂ ਇਸ ਨੂੰ ਬੜੀ ਅੱਛੀ ਤਰ੍ਹਾਂ ਜਾਣਦਾ ਹਾਂ । ਮੈਂ ਉਸ ਦੀ ਇੰਪਲੀਮੈਂਟੇਸ਼ਨ ਦੇ ਸਬੰਧ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ।

ਸ਼੍ਰੀ ਸਪੀਕਰ : ਇਸ ਵਿਚ ਲਾਅ ਐਂਡ ਆਰਡਰ ਨਹੀਂ ਆਉਂਦਾ ।

ਪੰਡਿਤ ਮੋਹਨ ਲਾਲ : ਇਹ ਡਿਸਟ੍ਰਿਕਟ ਐਡਮਨਿਸਟਰੇਸ਼ਨ ਵਿਚ ਆਉਂਦਾ ਹੈ । ਮੈਂ ਬੇਨਤੀ ਕਰਾਂਗਾ ਕਿ ਸਾਡੇ ਨਾਲ ਨਾ ਇਨਸਾਫੀ ਹੋਈ ਹੈ । ਜਿਹੜਾ ਅਸਲੀ ਬਜਟ ਪਾਸ ਹੋਇਆ ਹੈ ਉਹ ਸਾਨੂੰ ਦਿਤਾ ਨਹੀਂ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਦਿਤੀਆਂ ਹਨ ਉਹ ਅਧੂਰੀਆਂ ਹਨ, ਨਾ ਮੁਕੰਮਲ ਹਨ । ਮੈਂ ਇਸ ਖਾਤਰ ਇਹ ਕਿਹਾ ਹੈ ਕਿ ਇਨ੍ਹਾਂ ਨੂੰ ਸਮਝਾਓ ।

ਸ਼੍ਰੀ ਸਪੀਕਰ : ਬਜਟ ਦੇ ਬਾਰੇ ਮੇਰਾ ਖਿਆਲ ਹੈ ਕਿ ਉਹ ਬੜਾ ਵਾਲਿਊਮਨਸ ਹੈ । ਉਹ ਲਾਇਬ੍ਰੇਰੀ ਵਿਚ ਪਿਆ ਹੈ ਅਤੇ ਇਸ ਬਾਰੇ ਸਾਰੇ ਮੈਂਬਰ ਸਾਹਿਬਾਨ ਨੂੰ ਸਰਕੁਲਰ ਗਏ ਹਨ । ਉਹ ਲਾਇਬਰੇਰੀ ਵਿਚ ਕਨਸਲਟ ਕਰ ਸਕਦੇ ਹਨ ।

ਪੰਡਿਤ ਮੋਹਨ ਲਾਲ : ਕੱਲ ਸ਼ਾਮ ਨੂੰ ਸਾਢੇ 6 ਵਜੇ ਅਸੀਂ ਇਥੋਂ ਗਏ ਸੀ । ਉਸ ਦੇ ਬਾਅਦ ਰਾਤ ਨੂੰ ਬੈਠਣ ਦੀ ਕੋਈ ਬਾਤ ਨਹੀਂ ਹੈ ਕਿ ਅਸੀਂ ਉਸ ਵੇਲੇ ਰਾਤ ਨੂੰ ਬੈਠ ਕੇ ਸਟੱਡੀ ਕਰ ਸਕੀਏ । ਇਹ ਨਾ ਮੁਮਕਿਨ

Original with;
Punjab Vidhan Sabha
Digitized by;
Panjab Digital Library

ਹੈ ਚਾਹੀਦਾ ਇਹ ਸੀ ਕਿ ਉਸ ਦੀਆਂ ਕਾਪੀਆਂ ਦੇਣ ਦਾ ਪ੍ਰਬੰਧ ਕਰਦੇ ਤਾ ਕਿ ਅਸੀਂ ਇਸ ਸਪਲੀਮੈਂਟਰੀ ਬਜਟ ਨਾਲ ਇਨਸਾਫ ਕਰ ਸਕਦੇ। ਜੇ ਬਜਟ ਪਾਸ ਹੋਏ ਦੀ ਤਫਸੀਲ ਸਾਨੂੰ ਨਾ ਮਿਲੇ ਤਾਂ ਅਸੀਂ ਕੀ ਕਰ ਸਕਦੇ ਹਾਂ। ਇਸ ਵਿਚ ਡਿਸਟ੍ਰਿਕਟ ਐਡਮਨਿਸਟਰੇਸ਼ਨ ਦਾ ਇਕ ਸਬਜੈਕਟ ਹੈ ਅਤੇ ਇਸ ਵਿਚ ਸਾਢੇ 3 ਕਰੋੜ ਰੁਪਿਆ ਇਨਵਾਲਵਡ ਹੈ । ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਡਿਸਟ੍ਰਿਕਟ ਐਡਮਨਿਸ-ਟਰੇਸ਼ਨ ਵਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ ।

ਸ਼੍ਰੀ ਸਪੀਕਰ : ਉਹ ਰੈਵੇਨਿਊ ਹੈ। ਮੁਆਫ ਕਰਨਾ ਮੈਂ ਤੁਹਾਨੂੰ ਇੰਟਰੱਪਟ ਕਰ ਰਿਹਾ ਹਾਂ। ਤੁਸੀਂ ਬੜੇ ਪੁਰਾਣੇ ਪਾਰਲੀਮੈਂਟੇਰੀਅਨ ਹੋ, ਮੈਂ ਤੁਹਾਨੂੰ ਇੰਟਰੱਪਟ ਕਰ ਰਿਹਾ ਹਾਂ। ਜੇ ਤੁਸੀਂ ਇਸ ਤਰ੍ਹਾਂ ਕੀਤਾ ਤਾਂ ਫਿਰ ਮੈਂ ਹੋਰ ਮੈਂਬਰ ਸਾਹਿਬਾਨ ਨੂੰ ਵੀ ਨਹੀਂ ਰੋਕ ਸਕਾਂਗਾ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਜਿਸ ਵੇਲੇ ਉਨ੍ਹਾਂ ਨੇ ਜਵਾਬ ਦਿਤਾ ਸੀ, ਮੁਆਫ ਕਰਨਾ ਉਸ ਵੇਲੇ ਤੁਸੀਂ ਇਥੇ ਮੌਜੂਦ ਨਹੀਂ ਸੀ। ਉਨ੍ਹਾਂ ਨੇ ਹਰ ਇਕ ਮਸਲੇ ਦਾ ਆਪਣੇ ਜਵਾਬ ਵਿਚ ਜ਼ਿਕਰ ਕੀਤਾ। ਇਸ ਲਈ ਸਾਡਾ ਫਰਜ਼ ਬਣ ਜਾਂਦਾ ਹੈ ਕਿ ਅਗਰ ਉਨ੍ਹਾਂ ਨੇ ਕੋਈ ਐਸੀ ਗੱਲ ਕੀਤੀ ਹੈ ਤਾਂ ਅਸੀਂ ਉਸ ਦਾ ਸਹੀ ਤੌਰ ਤੇ ਜਵਾਬ ਦੇਈਏ ।

ਸ਼੍ਰੀ ਸਪੀਕਰ : ਹਾਊਸ ਅਗੇ ਬਹੁਤ ਬਿਜ਼ਨੈਸ ਹੈ, ਇਸ ਲਈ ਤੁਸੀਂ ਮੁਖਤਸਰ ਕਹੋ ।

ਪੰਡਿਤ ਮੋਹਨ ਲਾਲ : ਮੈਂ ਅਰਜ਼ ਕਰਾਂਗਾ ਕਿ ਇਹ ਸਰਕਾਰ ਵਾਸਤੇ ਜ਼ਰੂਰੀ ਹੈ ਕਿ ਉਹ ਆਪਣੇ ਸਾਹਮਣੇ ਅੰਕੜੇ ਰੱਖੇ ਤਾ ਕਿ ਪਤਾ ਲਗੇ ਕਿ ਲੋਕਾਂ ਵਿਚ ਅੱਜ ਕਿੰਨੀ ਘਬਰਾਹਟ ਅਤੇ ਬੇਚੈਨੀ ਹੈ। ਮੈਂ ਅਤੇ ਤੁਸੀਂ ਸਾਰੇ ਲੋਕਾਂ ਵਿਚੋਂ ਹੋਕੇ ਆਏ ਹਾਂ, ਬਾਕੀ ਸਾਰੇ ਮੈਂਬਰ ਸਾਹਿਬਾਨ ਲੋਕਾਂ ਵਿਚੋਂ ਹੋਕੇ ਆਏ ਹਨ । ਇਨ੍ਹਾਂ ਕਤਲਾਂ, ਡਾਕਿਆਂ ਦੀ ਵਜ੍ਹਾ ਨਾਲ ਅਤੇ ਹੋਰ ਲਾ-ਕਾਨੂੰਨੀ ਦੀ ਵਜ੍ਹਾ ਨਾਲ ਅੱਜ ਪੰਜਾਬ ਵਿਚ ਬੇਚੈਨੀ ਅਤੇ ਘਬਰਾਹਟ ਹੈ। ਇਸ ਗੱਲ ਦੇ ਉਤੇ ਪੋਚਾ ਪਾਚੀ ਪਾਉਣ ਦਾ ਕੋਈ ਫਾਇਦਾ ਨਹੀਂ ਹੈ। ਲੋਕਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ, ਉਨ੍ਹਾਂ ਦੇ ਮਸਲੇ ਹੱਲ ਕਰਨੇ ਚਾਹੀਦੇ ਹਨ। ਇਥੇ ਅਮਨ ਅਤੇ ਸ਼ਾਂਤੀ ਕਾਇਮ ਕਰਨੀ ਚਾਹੀਦੀ ਹੈ । ਐਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ ਕੇਂਦਰੀ) : ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਐਪਰੋਪਰੀਏਸ਼ਨ ਬਿਲ ਤੇ ਬੋਲਣ ਦਾ ਮੌਕਾ ਦਿਤਾ ਹੈ। ਮਾਨਯੋਗ ਪੰਡਿਤ ਮੋਹਨ ਲਾਲ ਜੀ ਨੇ ਜੋ ਲਾਅ ਐਂਡ ਆਰਡਰ ਦੀ ਗਲ ਕੀਤੀ ਹੈ, ਇਸ ਤੋਂ ਪਹਿਲਾਂ ਜਿਹੜੀ ਡਿਸਕਸ਼ਨ ਹੁੰਦੀ ਰਹੀ ਹੈ ਉਹ ਐਪਰੋਪਰੀਏਸ਼ਨ ਬਿੱਲ ਤੇ ਅਤੇ ਸਪਲੀਮੈਂਟਰੀ ਡਿਮਾਂਡਜ਼ ਤੇ ਡਿਸਕਸ਼ਨ ਘੱਟ ਹੋਈ ਹੈ ਅਤੇ ਲਾਅ ਐਂਡ ਆਰਡਰ ਤੇ ਗੱਲਾਂ ਜ਼ਿਆਦਾ ਹੋਈਆਂ ਹਨ। ਜੋ ਘਟਨਾਵਾਂ ਪੰਜਾਬ ਵਿਚ ਹੋਈਆਂ ਹਨ ਜਾਂ ਬਾਹਰ ਹੋਈਆਂ ਹਨ ਉਨ੍ਹਾਂ ਤੇ ਟਾਈਮ ਜ਼ਿਆਦਾ ਲਾਇਆ ਗਿਆ। ਤੁਸੀਂ ਕਿਹਾ ਹੈ ਕਿ ਇਸ ਤੇ ਜ਼ਿਆਦਾ ਵਕਤ ਨਾ ਲਵੋ, ਇਸ ਲਈ ਮੈਂ ਦੋ ਚਾਰ ਗੱਲਾਂ ਆਪ ਦੇ ਸਾਹਮਣੇ ਲਿਆਉਣੀਆਂ ਚਾਹੁੰਦਾ ਹਾਂ ।

ਸਪੀਕਰ ਸਾਹਿਬ, ਪਿਛਲੀ ਵਾਰ ਜਦੋਂ ਫਾਈਨੈਂਸ ਮਨਿਸਟਰ ਸਰਦਾਰ ਬਲਵੰਤ ਸਿੰਘ ਜੀ 1978 ਵਿਚ ਅਮਰੀਕਾ ਵਿਚ ਗਏ ਤਾਂ ਇਨ੍ਹਾਂ ਨੇ ਵਰਲਡ ਬੈਂਕ ਦੇ ਨਾਲ ਇਕ ਐਗਰੀਮੈਂਟ ਕੀਤਾ ਅਤੇ ਸਾਢੇ 67 ਕਰੋੜ ਰੁਪਿਆ ਪੰਜਾਬ ਦੇ 8 ਸ਼ਹਿਰਾਂ ਦੀ ਵਾਟਰ ਸਪਲਾਈ ਅਤੇ ਸੀਵਰੇਜ ਵਾਸਤੇ ਲਿਆ। ਇਹ ਚੰਗਾ ਕਦਮ ਸੀ। ਕਿਉਂਕਿ ਇਹ ਸਕੀਮ ਸਿਰਫ ਸ਼ਹਿਰਾਂ ਵਿਚ ਹੀ ਨਹੀਂ ਸੀ ਲਾਗੂ ਕੀਤੀ ਜਾਣੀ ਇਹ ਸਕੀਮ ਪਿੰਡਾਂ ਵਿਚ ਵੀ ਲਾਗੂ ਕੀਤੀ ਜਾਣੀ ਸੀ। ਇਥੇ ਸ਼੍ਰੀ ਮਿਨਹਾਸ ਜੀ ਨੇ ਕਿਹਾ ਕਿ ਇਕੱਲੇ ਸ਼ਹਿਰਾਂ ਵਿਚ ਹੀ ਨਹੀਂ, ਪਿੰਡਾਂ ਵਿਚ ਵੀ ਇਹ ਸਹੂਲਤ ਮੁਹੱਈਆ ਕਰਨੀ ਚਾਹੀਦੀ ਹੈ। ਮਗਰ ਜਿਸ ਵੇਲੇ ਇਹ ਐਗਰੀਮੈਂਟ ਹੋਇਆ ਉਹ ਠੀਕ ਨਹੀਂ ਹੋਇਆ। ਇਹ ਰੁਪਿਆ ਵਾਪਿਸ ਕਿਸ ਤਰ੍ਹਾਂ ਕਰਨਾ ਹੈ। ਇਹ ਕਹਿੰਦੇ ਹਨ ਕਿ ਪਾਣੀ

Original with;
Punjab Vidhan Sabha
Digitized by
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਦਾ ਐਨਾ ਬਿਲ ਲੈਣਾ ਹੈ, ਐਨਾ ਸੀਵਰੇਜ ਦਾ ਬਿਲ ਲੈ ਕੇ ਵਾਪਿਸ ਕਰਾਂਗੇ। ਅੱਜ ਤਕ ਦੁਨੀਆਂ ਵਿਚ ਇਸ ਕਿਸਮ ਦਾ ਐਗਰੀਮੈਂਟ ਕਿਤੇ ਨਹੀਂ ਹੋਇਆ। ਜੇ ਮੈਂ ਕਿਸੇ ਕੋਲੋਂ ਰੁਪਿਆ ਉਧਾਰਾ ਲਵਾਂ ਤਾਂ ਮੈਂ ਕਹਾਂ ਕਿ ਮੈਂ ਆਪਣੀ ਚੀਜ਼ ਵੇਚਕੇ ਤੁਹਾਨੂੰ ਰੁਪਿਆ ਦਿਆਂਗਾ ਅਤੇ ਮੈਂ ਉਹ ਰੁਪਿਆ ਕਿਸੇ ਹੋਰ ਥਾਂ ਦੇ ਦਿਆਂ ਤਾਂ ਇਹ ਮੇਰੇ ਵਾਸਤੇ ਠੀਕ ਨਹੀਂ ਹੈ। ਉਸ ਦਾ ਰਿਜ਼ਲਟ ਇਹ ਹੋਇਆ ਕਿ ਜਿੰਨੇ 5-6 ਸੌ ਰੁਪਿਆ ਕਮਾਉਣ ਵਾਲੇ ਸਨ ਉਨ੍ਹਾਂ ਦੀ ਮਾਲੀ ਹਾਲਤ ਖਰਾਬ ਸੀ। ਉਨ੍ਹਾਂ ਨੂੰ 8 ਰੁਪਏ ਦੇਣੇ ਪੈਂਦੇ ਸਨ ਟੂਟੀ ਦੇ। 8 ਰੁਪਏ ਦੇ ਚਲੋ 16 ਹੋ ਜਾਂਦੇ ਮਗਰ ਹੁਣ ਇਹ 32 ਰੁਪਏ ਪਾਣੀ ਦੇ ਅਤੇ 32 ਰੁਪਏ ਸੀਵਰੇਜ ਦੇ ਪਾ ਕੇ 64 ਰੁਪਏ ਲੈਣੇ ਸ਼ੁਰੂ ਕੀਤੇ ਹਨ। ਚਾਹੇ ਉਸ ਦੀ ਗਲੀ ਵਿਚ ਸੀਵਰੇਜ ਹੈ ਜਾਂ 200 ਗਜ ਤੱਕ ਸੀਵਰੇਜ ਲੇ ਨਹੀਂ ਹੋਈ। ਮਗਰ ਐਗਰੀਮੈਂਟ ਵਿਚ ਇਹ ਲਿਖਿਆ ਗਿਆ। ਇਸ ਕਰਕੇ ਇਹ ਬਿਲਕੁਲ ਪਿਛੇ ਹਟਣ ਲਈ ਤਿਆਰ ਨਹੀਂ ਸਨ। ਇਹ ਸੀਵਰੇਜ ਜਿਹੜੀ ਲੋਕਾਂ ਨੂੰ ਸਹੂਲਤਾਂ ਦੇਣ ਵਾਸਤੇ ਦਿਤੀ ਗਈ, ਇਸ ਦਾ ਪੈਸਾ ਐਗਰੀਮੈਂਟ ਦੇ ਮੁਤਾਬਿਕ ਵਾਪਿਸ ਵੀ ਕਰਨਾ ਪੈਣਾ ਸੀ ਮਗਰ ਕਾਰਪੋਰੇਸ਼ਨਾਂ ਅਤੇ ਮਿਉਂਸੀਪਲ ਕਮੇਟੀਆਂ ਦੀ ਹਾਲਤ ਮਾੜੀ ਹੋਣ ਕਰਕੇ ਉਹ ਦੇ ਨਹੀਂ ਸੀ ਸਕਦੀਆਂ। ਜਿਸ ਤਰ੍ਹਾਂ ਸਰਕਾਰ ਨੇ 26 ਕਰੋੜ ਰੁਪਿਆ ਸੈਸ ਦਾ ਪਿੰਡਾਂ ਦੀ ਡਿਵੈਲਪਮੈਂਟ ਵਾਸਤੇ ਰਖਿਆ, ਉਹ ਖਤਮ ਕੀਤਾ ਹੈ ਇਹ 15 ਕਰੋੜ ਰੁਪਿਆ ਵੀ ਪੰਜਾਬ ਦੇ 8 ਸ਼ਹਿਰਾਂ ਤੋਂ ਮੁਆਫ ਕਰਨਾ ਚਾਹੀਦਾ ਹੈ ਤਾਂ ਹੀ ਉਹ ਲੋਕ ਬਚ ਸਕਣਗੇ। (ਥੰਪਿੰਗ) ਤਾਂ ਹੀ ਇਹ ਕਹਿ ਸਕਣਗੇ ਕਿ ਆਸੀਂ ਲੋਕਾਂ ਵਾਸਤੇ ਕੁਝ ਕੀਤਾ ਹੈ।

ਦੂਸਰੇ ਪੰਜਾਬ ਵਿਚ ਐਜੂਕੇਸ਼ਨ ਬਾਰੇ ਇਹ ਗਲ ਕਹੀ ਗਈ। ਇਕ ਬਹੁਤ ਵਡੀ ਸਾਨੂੰ ਡਰਾਸਟਿਕ ਤਬਦੀਲੀ ਇਸ ਵਿਚ ਕਰਨੀ ਪਵੇਗੀ। ਜਿੰਨੇ ਪ੍ਰਾਇਮਰੀ ਸਕੂਲ, ਹਾਈ ਸਕੂਲ ਅਤੇ ਕਾਲਜ ਖੋਲ੍ਹੇ ਹਨ ਉਨ੍ਹਾਂ ਨੇ ਸਿਵਾਏ ਬਾਬੂ ਪੈਦਾ ਕਰਨ ਦੇ ਹੋਰ ਕੁਝ ਨਹੀਂ ਕੀਤਾ। ਅਨਇੰਪਲਾਇਡ ਲੋਕਾਂ ਨੇ ਅਤੇ ਕੁਝ ਸ਼ਰਾਰਤੀ ਅਨਸਰ ਨੇ ਪਿਛਲੇ ਦਿਨਾਂ ਵਿਚ ਪੰਜਾਬ ਦੇ ਹਾਲਾਤ ਨੂੰ ਵਿਗਾੜ ਦਿਤਾ। ਜਿਥੇ ਐਜੂਕੇਸ਼ਨ ਇਸ ਤਰ੍ਹਾਂ ਦੀ ਦੇਣ ਉਥੇ ਸਿਵਾਏ ਅਨਇੰਪਲਾਇਡ ਹੋਣ ਦੇ ਕੁਝ ਨਹੀਂ ਕਰ ਸਕੇ। ਮੈਂ ਕਹਾਂਗਾ ਕਿ ਉਨ੍ਹਾਂ ਵਾਸਤੇ ਇੰਡਸਟਰੀ ਲਾਈ ਜਾਵੇ। ਉਨ੍ਹਾਂ ਨੂੰ ਬੈਂਕਾਂ ਵਿਚੋਂ ਲੋਨ ਦੇਣਾ ਚਾਹੀਦਾ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਕਾਰੋਬਾਰ ਵਿਚ ਅਤੇ ਨੌਕਰੀਆਂ ਵਿਚ ਲਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਟੀਚਰਾਂ ਨਾਲ ਕਮਿਟਮੈਂਟ ਹੋਈ ਸੀ। ਸਰਕਾਰੀ ਟੀਚਰਾਂ ਨੂੰ ਪੈਨਸ਼ਨ ਮਿਲਦੀ ਹੈ। ਮੈਂ ਕਹਾਂਗਾ ਕਿ ਜੇ ਸਰਕਾਰ ਨੇ ਪ੍ਰਾਈਵੇਟ ਟੀਚਰਾਂ ਨੂੰ ਪੈਨਸ਼ਨ ਦੇਣੀ ਹੈ ਤਾਂ ਸਰਕਾਰ ਨੂੰ 10 ਸਾਲ ਤਕ ਕੋਈ ਆਪਣੇ ਕੋਲ ਪੈਸਾ ਨਹੀਂ ਦੇਣਾ ਪਵੇਗਾ ਜਿੰਨਾ ਉਨ੍ਹਾਂ ਦਾ 15—20 ਸਾਲ ਦਾ ਪ੍ਰਾਵੀਡੈਂਟ ਫੰਡ ਹੈ ਉਹ ਥੋੜ੍ਹਾ ਥੋੜ੍ਹਾ ਕਰਕੇ ਸਰਕਾਰ ਉਨ੍ਹਾਂ ਨੂੰ ਦੇਵੇ ਤੋ ਮੈਂ ਇਸ ਦੇ ਨਾਲ ਇਕ ਗਲ ਕਹਾਂਗਾ ਕਿ ਅਕਾਰਡ ਜਿਹੜਾ ਪੰਜਾਬ ਵਿਚ ਹੋਇਆ ਹੈ ਉਹ ਵਾਕਿਆਈ ਹੀ ਹਿਸਟੋਰਿਕ ਹੈ। ਇਥੇ ਖਦਸ਼ਾ ਜਾਹਿਰ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਦੀ ਕੋਈ ਗਲ ਹੋਵੇਗੀ। ਸਾਡੇ ਵਲੋਂ ਕੋਈ ਗਲ ਨਹੀਂ ਹੋਣੀ .....

ਸ਼੍ਰੀ ਸਪੀਕਰ : ਇਹ ਤਾਂ ਇਥੇ ਰੈਲੇਵੈਂਟ ਨਹੀਂ ਹੈ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਇਥੇ ਅੱਜ ਹੀ ਗਲ ਕੀਤੀ ਗਈ ਹੈ। ਸਰਦਾਰ ਬਲਵੰਤ ਸਿੰਘ ਨੇ ਸਵੇਰੇ ਹੀ ਗਲ ਕੀਤੀ ਹੈ।

ਸ਼੍ਰੀ ਸਪੀਕਰ : ਮੈਂ ਉਸ ਵੇਲੇ ਹਾਊਸ ਵਿਚ ਨਹੀਂ ਹੋਣਾ। ਜੇ ਮੈਂ ਹੁੰਦਾ ਤਾਂ ਮੈਂ ਜ਼ਰੂਰ ਰੋਕ ਦਿੰਦਾ।

ਪ੍ਰੋਫੈਸਰ ਦਰਬਾਰੀ ਲਾਲ : ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਸਾਡੇ ਵਲੋਂ ਕਿਸੇ ਕਿਸਮ ਦੀ ਚਿੰਤਾ ਨਹੀਂ ਕਰਨੀ ਚਾਹੀਦੀ। ਜੇ ਕੋਈ ਚਿੰਤਾ ਕਰਨ ਤਾਂ ਇਹ ਆਪਣੇ ਮੈਂਬਰ ਸਾਹਿਬਾਨ ਵਲੋਂ ਕਰਨ।

Original with;
Punjab Vidhan Sabha
Digitized by;
Panjab Digital Library

ਇਤਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ) : ਮਾਨਯੋਗ ਸਪੀਕਰ ਸਾਹਿਬ, ਇਸ ਦੇ ਵਿੱਚ ਇਕ ਡੀਮਾਂਡ ਨੰਬਰ 39 ਹੈ ਜੋ ਇਰੀਗੇਸ਼ਨ, ਡਰੇਨੇਜ ਐਂਡ ਫਲੱਡ ਕੰਟਰੋਲ ਦੇ ਬਾਰੇ ਵਿੱਚ ਹੈ, ਇਸ ਵਿੱਚ ਇਕ ਸਕੀਮ ਜਿਹੜੀ ਲਾਈਨਿੰਗ ਆਫ ਵਾਟਰ ਕੋਰਸਿਜ਼ ਹੈ ਉਸ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ । ਉਹ ਸਕੀਮ ਸਾਰੇ ਪੰਜਾਬ ਵਿੱਚ ਐਗਜ਼ੀਕਿਊਟ ਹੋਈ ਹੈ। ਇਹ ਵਰਲਡ ਬੈਂਕ ਦੀ ਸਕੀਮ ਸੀ ਅੱਰ ਉਸ ਦਾ ਲੋਨ ਫਾਰਮਰਜ਼ ਤੇ ਪਇਆ ਜਾ ਰਿਹਾ ਹੈ, ਸ਼ੇਅਰ ਹੋਲਡਰਜ਼ ਤੇ ਪਾਇਆ ਜਾ ਰਿਹਾ ਹੈ । ਲਾਈਨਿੰਗ ਆਫ਼ ਵਾਟਰ ਕੋਰਸਿਜ਼ ਦੀ ਜਿਹੜੀ ਸਕੀਮ ਹੈ ਉਸ ਦੀ ਇਮਪਲੀਮੈਂਟੇਸ਼ਨ ਲਈ ਸਟੇਟ ਲਾਇਬਿਲਟੀ ਹੈ ਨਾਂ ਕਿ ਫਾਰਮਰਜ਼ ਦੀ ਤੇ ਸ਼ੇਅਰ ਹੋਲਡਰਜ਼ ਦੀ। ਇਹ ਕੰਮ ਉਲਟਾ ਹੀ ਹੋ ਰਿਹਾ ਹੈ । ਮੇਰੀ ਪਹਿਲੀ ਬੇਨਤੀ ਇਹ ਹੈ ਮੁੱਖ ਮੰਤਰੀ ਸਾਹਿਬ ਨੂੰ ਜਾਂ ਸਰਕਾਰ ਨੂੰ ਜਿਸ ਦੇ ਫਾਈਨਾਂਸ ਮਨਿਸਟਰ ਸਰਦਾਰ ਬਲਵੰਤ ਸਿੰਘ ਜੀ ਹਾਉਸ ਵਿਚ ਹਾਜ਼ਰ ਹਨ, ਇਹ ਵਰਲਡ ਬੈਂਕ ਲੋਨ ਹੈ ਇਹ ਫਾਰਮਰਜ਼ ਤੇ ਜੋ ਵਾਟਰ ਕੋਰਸਿਜ਼ ਦਾ ਪਾਇਆ ਹੈ ਇਸ ਦਾ ਵੀ ਸਰਕਾਰ ਨੂੰ ਰਿਲੀਫ ਉਨ੍ਹਾਂ ਨੂੰ ਦੇਣਾ ਚਾਹੀਦਾ ਹੈ । ਬਾਦਲ ਸਾਹਿਬ ਨੇ ਪਿਛੇ ਜਿਹੇ ਇਸ ਦੇ ਬਾਰੇ ਵਚਨ ਦਿੱਤਾ ਸੀ ਕਿ ਇਹ ਵਾਪਸ ਲੈ ਲਵਾਂਗੇ । ਉਨ੍ਹਾਂ ਦੇ ਕੀਤੇ ਵਚਨ ਨੂੰ ਇਸ ਸਰਕਾਰ ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ ਇਹ ਬੋਝ ਉਨ੍ਹਾਂ ਲੋਕਾਂ, ਫਾਰਮਰਜ਼ ਤੇ ਨਹੀਂ ਪੈਣਾ ਚਾਹੀਦਾ। ਜਿਥੋਂ ਤਕ, ਸਪੀਕਰ ਸਾਹਿਬ, ਇਸ ਦੀ ਐਗਜ਼ੀਕਿਉਸ਼ਨ ਦੀ ਗਲ ਹੈ, ਲਾਈਨਿੰਗ ਆਫ਼ ਵਾਟਰ ਕੋਰਸਿਜ਼ ਦੀ ਐਗਜ਼ੀਕਿਉਸ਼ਨ ਬੜੀ ਨਾਕਸ ਹੋਈ ਹੈ।ਇਸ ਦੀ ਪ੍ਰਾਪਰ ਲੈਵਲਿੰਗ ਵੀ ਨਹੀਂ ਹੈ, ਪਾਣੀ ਠੀਕ ਨਹੀਂ ਜਾਂਦਾ ।ਇਸ ਦੇ ਵਿਚ ਡੀਜ਼ਾਈਨਿੰਗ ਵੀ ਗਲਤ ਹੈ ਅੱਰ ਦੂਸਰਾ ਜਿਹੜਾ ਸੀਮਿੰਟ ਇਸ ਦੇ ਵਿੱਚ ਲਗਣਾ ਸੀ ਉਹ ਵੀ ਠੇਕੇਦਾਰ, ਓਵਰਸੀਅਰ ਅਤੇ ਐਸ.ਡੀ.ਓ. ਆਦਿ ਵੇਚ ਕੇ ਖਾ ਗਏ ਹਨ ਜਿਸ ਕਰਕੇ ਇਹ ਬਹੁਤ ਨਾਕਸ ਹਨ । ਸੀਮਿੰਟ ਉਥੇ ਵਰਤਿਆ ਨਹੀਂ ਗਿਆ ਅੱਰ ਜਿਸ ਪਰਪੱਜ਼ ਵਾਸਤੇ ਦਿੱਤਾ ਗਿਆ ਸੀਮਿੰਟ ਉਹ ਬਲੈਕ ਮਾਰਕਿਟ ਵਿੱਚ ਜਾਂ ਦੇ ਨੰਬਰ ਵਿੱਚ ਵੇਚ ਦਿੱਤਾ ਗਿਆ ਹੈ ਜਿਸ ਕਰਕੇ ਉਨ੍ਹਾਂ ਦੀ ਕੰਸਟਰੱਕਸ਼ਨ ਪੂਅਰ ਕੁਆਲਟੀ ਦੀ ਹੈ । ਜੈਨਰਲੀ ਸਾਰੇ ਪੰਜਾਬ ਵਿੱਚ ਵਾਟਰ ਕੋਰਸਿਜ਼ ਟੁੱਟ ਗਏ ਹਨ ਅਤੇ ਖਾਸ ਤੌਰ ਤੇ ਜਿਹੜੇ ਬੈਡਜ਼ ਹਨ ਉਹ ਕਈ ਖਾਲਾਂ ਦੇ ਟੁੱਟ ਗਏ ਹਨ । ਉਹ ਕੱਚੇ ਵਾਟਰ ਕੋਰਸਿਜ਼ ਨਾਲੋਂ ਵੀ ਮਾੜੇ ਹਨ । ਇਹ ਤਾਂ ਉਲਟੀ ਬਾਤ ਹੋ ਗਈ, ਲੈਣੇ ਕੇ ਦੇਣੇ ਪੜ ਗਏ । ਮੇਰੇ ਇਲਾਕੇ ਵਿੱਚ ਇਕ ਪਿੰਡ ਚੇਤ ਸਿੰਘ ਵਾਲਾ ਹੈ ਉਥੇ ਖਾਲ ਨਵੇਂ ਕਿਲੇ ਤੋਂ ਆਉਂਦਾ ਹੈ ਅੱਰ ਉਸ ਦੇ ਸਾਰੇ ਬੈਡਜ਼ ਟੁੱਟੇ ਹੋਏ ਹਨ । ਸਾਰੀ ਇਰੀਗੇਸ਼ਨ ਬੰਦ ਹੋ ਗਈ ਹੈ । ਬਜਾਏ ਫਾਇਦੇ ਦੇ ਨੁਕਸ਼ਾਨ ਹੋ ਰਿਹਾ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। (ਘੰਟੀ) ਇਕ ਪੁਆਇੰਟ ਹੈ ਜੋ ਮੈਂ ਆਪ ਦੀ ਮਾਰਫਤ ਦੱਸਣਾ ਚਾਹੁੰਦਾ ਹਾਂ । ਇਹ ਬੜੀ ਜ਼ਰੂਰੀ ਗਲ ਹੈ । ਜਿਹੜੀ ਲਾਈਨਿੰਗ ਆਫ਼ ਵਾਟਰ ਕੋਰਸਿਜ਼ ਦੀ ਸਕੀਮ ਹੈ ਉਸ ਵਿਚ ਉਨ੍ਹਾਂ ਵਾਟਰ ਕੋਰਸਿਜ਼ ਦੀ ਮੇਨਟੇਨੈਂਸ ਵਾਸਤੇ ਕੋਈ ਪ੍ਰੋਵੀਜ਼ਨ ਨਹੀਂ ਹੈ । ਇਸ ਦੇ ਬਾਰੇ ਟਿਊਬਵੈਲਜ਼ ਕਾਰਪੋਰੇਸ਼ਨ ਨਾਲ ਗਲ ਕੀਤੀ ਹੈ ਉਹ ਕਹਿੰਦੇ ਹਨ ਕਿ ਸਾਡੇ ਕੋਲ ਕੋਈ ਪੈਸਾ ਨਹੀਂ ਹੈ । ਉਨ੍ਹਾਂ ਦੀ ਮੇਨਟੇਨੈਂਸ ਦੀ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ । ਇਹ ਲਾਈਨਿੰਗ ਕਰਨ ਦਾ ਕੀ ਫਾਇਦਾ ਹੈ ਜੇ ਵਾਟਰ ਕੋਰਸਿਜ਼ ਦੀ ਮੇਨਟੇਨੈਂਸ ਵਾਸਤੇ ਕੋਈ ਪੈਸਾ ਨਹੀਂ ਰਖਿਆ ਗਿਆ । ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਦੇ ਲਈ ਵੀ ਪ੍ਰੋਵੀਜ਼ਨ ਕਰਨੀ ਚਾਹੀਦੀ ਹੈ । ਜੇ ਵਾਟਰ ਕੋਰਸਿਜ਼ ਦੀ ਮੇਨਟੀਨੈਂਸ ਵਾਸਤੇ ਪ੍ਰੋਵੀਜ਼ਨ ਨਹੀਂ ਤਾਂ ਇਹ ਸਕੀਮ ਸਰਾਸਰ ਫੇਲ੍ਹ ਹੈ ਅੱਰ ਬਜਾਏ ਇਸ ਦਾ ਕੋਈ ਫਾਇਦਾ ਹੋਵੇ, ਇਸ ਦਾ ਨੁਕਸਾਨ ਹੈ । ਇਸ ਲਈ ਇਹ ਬਹੁਤ ਗੰਭੀਰ ਮਸਲਾ ਹੈ । ਸਰਕਾਰ ਨੇ ਤਾਂ ਨੇਕੀ ਦਾ ਕੰਮ ਕੀਤਾ ਹੈ ਇਨ੍ਹਾਂ ਨੂੰ ਬਣਾ ਕੇ ਪਰ ਬਦੀ ਦਾ ਹੋ ਗਿਆ ਹੈ । ਪੰਜਾਬ ਸਰਕਾਰ ਨੂੰ ਇਸ ਗਲ ਤੇ ਵਿਚਾਰ ਕਰਨਾ ਚਾਹੀਦਾ ਹੈ ।

ਇਕ ਗਲ, ਸਪੀਕਰ ਸਾਹਿਬ, ਮੈਂ ਅਡੱਲਟ ਐਜੂਕੇਸ਼ਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ । ਅਡੱਲਟ ਐਜੂਕੇਸ਼ਨ ਦੀ ਜੋ ਸਕੀਮ ਚਲਦੀ ਹੈ ਮੇਰਾ ਖਿਆਲ ਹੈ ਕਿ ਇਹ ਸਾਰੀ ਦੀ ਸਾਰੀ ਬੱਗਸ ਸਕੀਮ ਹੈ । ਪਿਛਲੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਡੋਡ]

ਤਕਰੀਬਨ 20 ਸਾਲਾਂ ਤੋਂ ਇਹ ਸਕੀਮ ਚਲਦੀ ਆ ਰਹੀ ਹੈ ਪਰ ਇਕ ਵੀ ਅਡੱਲਟ ਨੂੰ ਪੜ੍ਹਨਾ ਲਿਖਣਾ ਨਹੀਂ ਸਿਖਾ ਸਕੇ। ਲੱਖਾਂ ਰੁਪਿਆ ਇਸ ਸਕੀਮ ਤੇ ਖਰਚ ਕੀਤਾ ਜਾਂਦਾ ਹੈ। ਸਰਕਾਰ ਨੂੰ ਅੱਖਾਂ ਤੇ ਪੱਟੀ ਬੰਨ੍ਹ ਕੇ ਕਿਸੇ ਸਕੀਮ ਨੂੰ ਫਾਲੋ ਅੱਪ ਨਹੀਂ ਕਰਨਾ ਚਾਹੀਦਾ। ਜਿਹੜੇ ਇਨਸਪੈਕਟਰਜ਼ ਲਾਏ ਹਨ ਉਹ ਸਲੇਟਾਂ ਵੀ ਆਪ ਹੀ ਖਾ ਜਾਂਦੇ ਹਨ ਅੌਰ ਸਟੇਸ਼ਨਰੀ ਵੀ ਖਾ ਜਾਂਦੇ ਹਨ। ਇਹ ਬੋਗਸ ਸਕੀਮ ਹੈ, ਇਸ ਬਾਰੇ ਵੀ ਸਰਕਾਰ ਨੂੰ ਧਿਆਨ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਪਹਿਲੀ ਜੋ ਗਲ ਕਹੀ ਹੈ ਉਹ ਕਿਰਸਾਨੀ ਨਾਲ ਤੁਅੱਲਕ ਰਖਦੀ ਹੈ। ਵਿੱਤ ਮੰਤਰੀ ਸਾਹਿਬ ਇਥੇ ਹਾਊਸ ਵਿੱਚ ਬੈਠੇ ਹਨ, ਮੁੱਖ ਮੰਤਰੀ ਸਾਹਿਬ ਇਸ ਵੇਲੇ ਹਾਊਸ ਵਿੱਚ ਨਹੀਂ ਬੈਠੇ ਹੋਏ ਸ਼ਾਇਦ ਉਹ ਦਫਤਰ ਵਿੱਚ ਬੈਠੇ ਗਲ ਸੁਣ ਰਹੇ ਹੋਣਗੇ, ਇਹ ਉਨ੍ਹਾਂ ਦੇ ਨੁਮਾਇੰਦੇ ਹਨ, ਇਨ੍ਹਾਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਲਾਈਨਿੰਗ ਆਫ ਵਾਟਰ ਕੋਰਸਿਜ਼ ਦਾ ਜਿਹੜਾ ਲੋਨ ਫਾਰਮਰਜ਼ ਤੇ ਪਾਇਆ ਜਾ ਰਿਹਾ ਹੈ, ਸ਼ੇਅਰ ਹੋਲਡਰਜ਼ ਤੇ ਪਾਇਆ ਜਾ ਰਿਹਾ ਹੈ ਉਸ ਵੱਲ ਸਰਕਾਰ ਧਿਆਨ ਦੇਵੇ। ਇਹ ਬੋਝ ਕਿਸਾਨਾਂ ਤੇ ਨਾ ਪਾਇਆ ਜਾਵੇ ਜਿਹੜੇ ਵਾਟਰ ਕੋਰਸਿਜ਼ ਹਨ ਉਨ੍ਹਾਂ ਦੀ ਮੇਨਟੇਨੈਂਸ ਵਾਸਤੇ ਵੀ ਪ੍ਰੋਵੀਜ਼ਨ ਕੋਈ ਨਾ ਕੋਈ ਕਰੇ। ਇਤਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

Mr. Speaker : Question is—

That the Punjab Appropriation (No. 4) Bill be taken into consideration at once.

The motion was carried.

Mr. Speaker : Now the House will proceed to consider the Bill Clause by Clause,

Mr. Speaker : Is it the pleasure of the House that Clause 2, Clause 3, The Schedule and Clause 1 be put together to the vote of the House?

(Voices : Yes, Yes.)

CLAUSE 2, CLAUSE 3, THE SCHEDULE AND CLAUSE 1

Mr. Speaker: Question is—

That Clause 2, Clause 3, The Schedule and Clause 1 stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried,

Finance Minister (Sardar Balwant Singh): Sir, I beg to move—

That the Punjab Appropriation (No. 4) Bill be passed.

Original with;
Punjab Vidhan Sabha
Digitized by;
Panjab Digital Library

Mr. Speaker : Motion moved—

That the Punjab Appropriation (No. 4) Bill be passed.

Mr. Speaker : Question is—

That the Punjab Appropriation (No. 4) Bill be passed.

The motion was carried.

OFFICIAL RESOLUTION UNDER SECTION 65(3) OF THE ELECTRICITY (SUPPLY) ACT, 1948

Finance Minister (Sardar Balwant Singh) : Sir, I beg to move—

"Whereas in pursuance of the provisions of Sub-section (3) of Section 65 of the Electricity (Supply) Act, 1948 (Central Act No. 54 of 1948) the Government of Punjab intends to raise the limit of the maximum amount which the Punjab State Electricity Board may, at any time, have on loan under sub-section (1) of Section 65 of the said Act, from the existing limit of Rs. 350 crores fixed with the approval of the Vidhan Sabha—*vide* Government of Punjab, Department of Irrigation and Power Memo No. 10/2/83-IPEI(2), dated the 5th September, 1983, to Rs. 500 crores which can be done by it with the approval of the Punjab Vidhan Sabha ;

Now, therefore, it is resolved and this House does hereby accord its approval to the fixing of the sum of Rs. 500 crores as the maximum amount which the Punjab State Electricity Board may at any time have on loan under sub-section (1) of Section 65 of the Act aforesaid."

Mr. Speaker : Motion moved—

"Whereas in pursuance of the provisions of Sub-section (3) of Section 65 of the Electricity (Supply) Act, 1948 (Central Act No. 54 of 1948) the Government of Punjab intends to raise the limit of the maximum amount which the Punjab State Electricity Board may, at any time, have on loan under sub-section (1) of Section 65 of the said Act, from the existing limit of Rs. 350 crores fixed with the approval of the Vidhan Sabha—*vide* Government of Punjab, Department of Irrigation and Power Memo No. 10/2/83-IPEI(2), dated the 5th September, 1983, to Rs. 500 crores which can be done by it with the approval of the Punjab Vidhan Sabha ;

Now, therefore, it is resolved and this House does hereby accord its approval to the fixing of the sum of Rs. 500 crores as the maximum amount which the Punjab State Electricity Board may at any time have on loan under sub-section (1) of Section 65 of the Act aforesaid."

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਅਮੈਂਡਮੈਂਟ ਨੋਟਿਸ ਦਿਤਾ ਸੀ ਜੀ ।

ਸ਼੍ਰੀ ਸਪੀਕਰ : ਠੀਕ ਹੈ ।

ਰਾਜਾ ਨਰਿੰਦਰ ਸਿੰਘ (ਨਾਭਾ): ਸਪੀਕਰ ਸਾਹਿਬ, 350 ਕਰੋੜ ਰੁਪਏ ਤੋਂ 500 ਕਰੋੜ ਰੁਪਏ ਕਰ ਦਿਤਾ ਹੈ ; ਇਹ ਭਾਵੇਂ 600 ਕਰ ਦੇਵੋ ਸ਼ਾਇਦ ਹੀ ਕਿਸੇ ਮੈਂਬਰ ਨੂੰ ਕੋਈ ਇਤਰਾਜ਼ ਹੋਵੇ ਲੇਕਿਨ ਇਸ ਵਿਚ ਸਾਨੂੰ ਕੋਈ ਇਤਰਾਜ਼ ਨਹੀਂ । ਲੇਕਿਨ ਜੋ ਬਿਜਲੀ ਬੋਰਡ ਦਾ ਪ੍ਰਬੰਧ ਹੈ ਉਹ ਇਤਨਾ ਡਿਫੈਕਟਿਵ ਹੈ, ਜਦੋਂ ਇਹ ਬਿਲ ਰੈਗੂਲੇਟ ਹੋ ਕੇ ਆਉਂਦੇ ਸਨ ਮੀਟਰ ਦੁਆਰਾ ਜਿਤਨੀ ਬਿਜਲੀ ਆਉਂਦੀ ਸੀ ਉਤਨੇ ਪੈਸੇ ਦੇਣੇ ਹੁੰਦੇ ਸਨ ਜ਼ਿਮੀਦਾਰਾਂ ਨੂੰ । ਲਛਮਣ ਸਿੰਘ, ਮੁੱਖ ਮੰਤਰੀ ਦੇ ਸਮੇਂ ਇਸ ਦੇ ਫਲੈਟ ਰੇਟ ਕਰ ਦਿਤੇ ਸਨ, ਉਸ ਦੇ ਨਾਲ ਸਰਕਾਰ ਦੀ ਆਮਦਨ ਵਧੀ ਹੈ, ਘਟੀ ਨਹੀਂ ਅੌਰ ਬਿਜਲੀ ਦੀ ਚੋਰੀ ਖ਼ਤਮ ਹੋ ਗਈ । ਇਹ ਵੀ ਕੀਤਾ ਸੀ

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਕਿ ਘੱਟੋ ਘੱਟ 12 ਘੰਟੇ ਬਿਜਲੀ ਮਿਲੇਗੀ ਪਰ ਹੁਣ ਬਿਜਲੀ ਵਾਲਿਆਂ ਦੀ ਸਪਲਾਈ ਬਾਰੇ ਕੋਈ ਅਸ਼ੋਰੈਂਸ ਨਹੀਂ ਹੈ। ਹੁਣ ਤਾਂ ਇਹ ਹੈ ਕਿ ਇਨ੍ਹਾਂ ਬਿਲ ਲੈ ਲੈਣਾ ਹੈ ਬਿਜਲੀ ਸਪਲਾਈ ਦੀ ਕੋਈ ਗਲ ਨਹੀਂ । ਪਹਿਲਾਂ ਇਕ ਹਾਰਸ ਪਾਵਰ ਦੇ 9 ਰੁਪਏ ਸਨ, ਫਿਰ 11 ਹੋ ਗਏ, ਫਿਰ 13 ਹੋਏ ਅਤੇ ਹੁਣ 19 ਰੁਪਏ ਕਰ ਦਿਤੇ ਹਨ ਅੱਗੇ ਹੁਣ ਅਗੇ ਨੂੰ ਪਤਾ ਨਹੀਂ ਕਿ ਇਨ੍ਹਾਂ ਨੇ ਕਿਤਨਾ ਕਰ ਦੇਣਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਦੀ ਮਰਜ਼ੀ ਹੈ ਜਿਤਨਾ ਮਰਜ਼ੀ ਆਏ ਪਰ ਹਾਰਸ ਪਾਵਰ ਚਾਰਜ ਕਰ ਲੈਣ ਅਸੰਬਲੀ ਤੋਂ ਸੈਂਕਸ਼ਨ ਕਰਾਂ ਕੇ। ਪਹਿਲਾਂ ਵਨ ਪੋਲ ਦੀ ਸੈਂਕਸ਼ਨ ਦਿਤੀ ਗਈ, ਫਿਰ ਇਨ੍ਹਾਂ ਨੇ ਕਿਹਾ ਕਿ ਜਿਹੜਾ ਦਸ ਹਜ਼ਾਰ ਰੁਪਏ ਜਮ੍ਹਾ ਕਰਾਏਗਾ ਉਸ ਨੂੰ ਪ੍ਰਾਇਰਿਟੀ ਤੇ ਕੁਨੈਕਸ਼ਨ ਦਿਤਾ ਜਾਏਗਾ ਲੋਕਾਂ ਨੇ ਪੈਸੇ ਜਮ੍ਹਾਂ ਕਰਾ ਦਿਤੇ ਉਹ ਵੀ ਨਹੀਂ ਦਿਤੇ। ਇਨ੍ਹਾਂ ਨੂੰ ਬੋਰਡ ਤੋਂ ਅਸ਼ੋਰੈਂਸ ਲੈਣੀ ਚਾਹੀਦੀ ਹੈ, ਇਹ ਆਗਸਤ ਹਾਊਸ ਬੋਰਡ ਤੋਂ ਮੰਗ ਕਰਦਾ ਹੈ ਕਿ ਇਨ੍ਹਾਂ ਨੇ 19, 20 ਰੁਪਏ ਪਰ ਹਾਰਸ ਪਾਵਰ ਦੇ ਲੈਣੇ ਹਨ ਤਾਂ ਮੀਨੀਮੱਮ ਬਿਜਲੀ ਦੀ ਸਪਲਾਈ ਦੀ ਵੀ ਗਰੰਟੀ ਹੋਣੀ ਚਾਹੀਦੀ ਹੈ। ਨਹੀਂ ਤਾਂ ਬੋਰਡ ਨੂੰ ਬੈਂਕਰਪਟ ਰਹਿਣ ਦਿਓ। ਉਨ੍ਹਾਂ ਨੇ ਕਈ ਵਾਈਟ ਐਲੀਫੈਂਟ ਰਖੇ ਹੋਏ ਹਨ। ਇਕ ਬਿਜਲੀ ਬੋਰਡ ਦਾ ਚੀਫ਼ ਇਲੈਕਟਰੀਕਲ ਇੰਸਪੈਕਟਰ ਬੈਠਾ ਹੋਇਆ ਹੈ ਉਸ ਨੇ ਫ਼ੀਸ ਮੁਕਰੱਰ ਕੀਤੀ ਹੋਈ ਹੈ ਉਸ ਤੋਂ ਬਗੈਰ ਕੋਈ ਲਾਈਨ ਪਾਰ ਹੀ ਨਹੀਂ ਕਰਦਾ। ਇੰਡਸਟਰੀ ਵਾਲਾ ਜਾਵੇ ਤਾਂ ਫੀਸ, ਟਿਊਬਵੈਲ ਵਾਲਾ ਜਾਵੇ ਤਾਂ ਫੀਸ। ਕਾਂਗਰਸ ਸਰਕਾਰ ਨੇ ਐਸੀਆਂ ਆਦਤਾਂ ਪਾ ਦਿਤੀਆਂ ਫ਼ੀਸ ਤੋਂ ਬਗੈਰ ਕੋਈ ਗਲ ਹੀ ਨਹੀਂ ਕਰਦਾ ਭਾਵੇਂ ਬਿਜਲੀ ਬੋਰਡ ਹੈ, ਭਾਵੇਂ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਹੈ, ਭਾਵੇਂ ਕੋਈ ਹੋਰ ਹੋਵੇ ਯੂ.ਪੀ.ਐਸ.ਸੀ. ਦੇ ਬਾਰੇ ਮੈਂ ਭੀ ਕਹਾਂ ਉਹ ਸੈਂਟਰ ਦਾ ਹੈ। ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰ ਜਗ੍ਹਾ ਫ਼ੀਸਾਂ ਫਿਕਸ ਹਨ। ਜੇ ਅਸੀਂ ਰਿਆਇਤ ਦਿੰਦੇ ਹਾਂ 500 ਕਰੋੜ ਰੁਪਿਆ ਲੈ ਲਵੇ ਕੋਈ ਗਲ ਨਹੀਂ ਪਰ ਇਹ ਪੰਜਾਬ ਸਰਕਾਰ ਨੂੰ ਗਰੰਟੀ ਦੇਵੇ ਕਿ 8 ਘੰਟੇ, ਦਸ ਘੰਟੇ ਜਾਂ 12 ਘੰਟੇ ਕਿਸਾਨ ਨੂੰ ਬਿਜਲੀ ਦਿਤੀ ਜਾਵੇਗੀ। ਫਿਰ ਟ੍ਰਿਪਿੰਗ ਦਾ ਕੋਈ ਰਿਕਾਰਡ ਨਹੀਂ। ਜੱਟ ਸੁਤਾ ਪਿਆ ਹੈ ਟ੍ਰਿਪਿੰਗ ਹੋ ਗਈ, ਮੇਰਾ ਸੀਰੀ ਸ਼ਿਵ ਚੰਦ ਮੇਰੇ ਨਾਲ ਪਿਆ ਹੁੰਦਾ ਹੈ (ਵਿਘਨ)।

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਇਹ ਲਛਮਣ ਸਿੰਘ ਦੀ ਮਨਿਸਟਰੀ ਵੇਲੇ ਮੇਰੇ ਨਾਲ ਹੁੰਦੇ ਸਨ, ਉਦੋਂ ਵੀ ਇਹ ਇਸ ਤਰ੍ਹਾਂ ਟ੍ਰਿਪਿੰਗ ਕਰਦੇ ਸਨ (ਵਿਘਨ)।

ਸ਼੍ਰੀ ਸਪੀਕਰ : ਤਾਂ ਹੀ ਪਿਆਰ ਨਾਲ ਤੁਹਾਡਾ ਹੀ ਨਾਂ ਲਿਆ ਹੈ।

ਰਾਜਾ ਨਰਿੰਦਰ ਸਿੰਘ: ਸਪੀਕਰ ਸਾਹਿਬ, ਮੈਂ ਜਾਣ ਬੁਝ ਕੇ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਟਿਊਬਵੈਲ ਤੇ ਦੋ ਬਤੀਆਂ, ਇਕ ਅੰਦਰ ਤੇ ਇਕ ਬਾਹਰ ਪਾਸ ਕੀਤੀਆਂ ਸਨ। ਅੰਦਰ ਇਸ ਲਈ ਕੀਤੀ ਸੀ ਕਿ ਸੁਚ ਔਨ ਔਫ ਕਰਦੇ ਵਕਤ ਕਿਤੇ ਤਾਰਾਂ ਨੂੰ ਹੱਥ ਨਾ ਲਗ ਜਾਏ। ਕਾਂਗਰਸ ਸਰਕਾਰ ਨੇ ਇਹ ਪਰਪੱਜ਼ ਕੀਤਾ ਕਿ ਇਹ ਬਤੀਆਂ ਬੰਦ ਕਰ ਦਿਤੀਆਂ ਜਾਣ ਅੱਗੇ ਇਨ੍ਹਾਂ ਕਿਹਾ ਕਿ ਉਨ੍ਹਾਂ ਬਤੀਆਂ ਦਾ ਕਿੰਨਾ ਖਰਚ ਹੋ ਰਿਹਾ ਹੈ। ਇਨ੍ਹਾਂ ਨੇ ਕਦੇ ਰਾਤ ਨੂੰ ਖੇਤ ਨੂੰ ਪਾਣੀ ਹੀ ਨਹੀਂ ਦਿਤਾ। ਇਨਾਂ ਨੂੰ ਕੀ ਪਤਾ ਇਨ੍ਹਾਂ ਨੇ ਬਤੀਆਂ ਬੰਦ ਕਰਾ ਦਿਤੀਆਂ। ਸਪੀਕਰ ਸਾਹਿਬ, ਬਿਜਲੀ ਬੋਰਡ ਹਾਊਸ ਨੂੰ ਗਰੰਟੀ ਦੇਵੇ ਕਿ ਇੰਨੇ ਮਿਨੀਮੱਮ ਘੰਟੇ ਫਲੈਟ ਰੇਟ ਤੇ ਬਿਜਲੀ ਦਿਆਂਗੇ, ਇੰਨੀ ਟ੍ਰਿਪਿੰਗ ਹੋਇਆ ਕਰੇਗੀ। ਲੋਡ ਜ਼ਿਆਦਾ ਹੋ ਜਾਂਦਾ ਹੈ ਟ੍ਰਿਪਿੰਗ ਕਰ ਦਿੰਦੇ ਹਨ ਸਵੇਰੇ ਜਦੋਂ ਜੱਟ ਉਠ ਕੇ ਦੇਖਦਾ ਹੈ ਤਾਂ ਕਿਆਰੀਆਂ ਸੁੱਕੀਆਂ ਪਈਆਂ ਹੁੰਦੀਆਂ ਹਨ ਸਪੀਕਰ ਸਾਹਿਬ, ਬਿਜਲੀ ਬੋਰਡ ਦੀ ਸਪਲਾਈ ਦੀ ਗੁੰਟੀ ਹੋਣੀ ਚਾਹੀਦੀ ਹੈ ਦੂਸਰੇ ਟ੍ਰਿਪਿੰਗ ਬੰਦ ਹੋਣੀ ਚਾਹੀਦੀ ਹੈ।

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਸਪੀਕਰ ਸਾਹਿਬ, ਰਾਜਾ ਸਾਹਿਬ ਨੇ ਮੈਨੂੰ ਸਪੋਰਟ ਕਰ ਦਿਤਾ ਹੈ। ਮੈਂ ਕਈ ਦਫ਼ਾ ਹਾਊਸ ਵਿਚ ਚੀਫ਼ ਇਲੈਕਟਰੀਕਲ ਇਨਸਪੈਕਰ ਦੇ ਬਾਰੇ ਜ਼ਿਕਰ

Original with;
Punjab Vidhan Sabha
Digitized by;
Panjab Digital Library

ਕੀਤਾ ਹੈ, ਉਹ ਬਿਜਲੀ ਬੋਰਡ ਦਾ ਮੁਲਾਜ਼ਮ ਹੈ ਲੇਕਿਨ ਉਹ ਹਰ ਜਗ੍ਹਾ ਆਪਣੀ ਮਰਜ਼ੀ ਕਰਦਾ ਹੈ। ਅਸੀਂ ਬਿਜਲੀ ਬੋਰਡ ਨੂੰ ਪੈਸੇ ਦੇਣੇ ਹਨ ਸ਼ਾਹੂਕਾਰ ਉਸ ਨੂੰ ਪੈਸੇ ਦਿੰਦਾ ਹੈ ਜਿਹੜਾ ਉਸ ਨੂੰ ਵਾਪਸ ਕਰੇ ਪਰ ਅਸੀਂ ਦਰਿਆ ਦਿਲ ਹਾਂ ਜੋ ਕੁਝ ਬਿਜਲੀ ਬੋਰਡ ਕਹਿੰਦਾ ਹੈ ਅਸੀਂ ਮੰਨ ਲੈਂਦੇ ਹਾਂ ਲੇਕਿਨ ਬਿਜਲੀ ਬੋਰਡ ਸਾਡੀ ਮੰਗ ਨਹੀਂ ਮੰਨਦਾ। ਇਹ ਜਿਹੜੇ 220 ਕੇ.ਵੀ. ਦੇ ਸਬ ਸਟੇਸ਼ਨ ਹਨ ਇਹ ਬੀ.ਬੀ.ਐਮ.ਬੀ. ਦੇ ਹਨ ਸਾਡੇ ਕੰਟਰੋਲ ਵਿੱਚ ਨਹੀਂ। ਬਿਜਲੀ ਬੋਰਡ ਦੇ ਮੁਲਾਜ਼ਮਾਂ ਨੂੰ ਕੋਈ ਤਕਲੀਫ਼ ਨਹੀਂ ਉਨ੍ਹਾਂ ਨੂੰ ਤਾਂ ਤਕਲੀਫ਼ ਤਾਂ ਹੋਵੇ ਜੇ ਉਨ੍ਹਾਂ ਦੇ ਘਰ ਦੀ ਬਿਜਲੀ ਨਾ ਹੋਵੇ ਉਨ੍ਹਾਂ ਦੇ ਡਾਇਰੈਕਟ ਕੁਨੈਕਸ਼ਨ ਲਗੇ ਹੋਏ ਹਨ ਭਾਵੇਂ ਸਾਰੇ ਸ਼ਹਿਰ ਦੀ ਚਲੀ ਜਾਵੇ ਉਨ੍ਹਾਂ ਦੇ ਬਿਜਲੀ ਰਹਿਣੀ ਹੀ ਰਹਿਣੀ ਹੈ। ਉਨ੍ਹਾਂ ਦੇ ਹੀਟਰ ਵੀ ਚਲਦੇ ਹਨ, ਕੂਲਰ ਵੀ ਚਲਦੇ ਹਨ, ਫ਼ਰਿਜ ਵੀ ਚਲਦੇ ਹਨ। ਉਨ੍ਹਾਂ ਨੂੰ ਕੋਈ ਤਕਲੀਫ਼ ਨਹੀਂ। ਕਾਰਾਂ ਵੀ ਤੁਸੀਂ ਉਨ੍ਹਾਂ ਨੂੰ ਦੇ ਦਿਤੀਆਂ। ਪਿੱਛੇ ਇਕ ਪ੍ਰਬੰਧਕੀ ਮੈਂਬਰ ਸਾਹਿਬ ਦਾ ਵਿਆਹ ਸੀ। ਉਸ ਨੇ ਆਪਣੇ ਪਰੀਵਾਰ ਦੀ ਬਿਊਟੀ-ਫੀਕੇਸ਼ਨ ਕਰਾਉਣ ਲਈ ਚੰਡੀਗੜ੍ਹ ਬੋਰਡ ਦੀ ਕਾਰ ਭੇਜੀ। ਮੈਂ ਡਾਇਰੀ ਲੈ ਕੇ ਨਹੀਂ ਆਇਆ ਮਿਤੀ ਫਿਰ ਦਸਾਂਗਾ। ਹੁਣ ਇਕ ਰਿਵਾਜ ਹੋ ਗਿਆ ਜਿਥੇ ਵੀ ਜਾਣ ਕਾਰਾਂ ਲਈ ਫਿਰਦੇ ਹਨ ਇਨ੍ਹਾਂ ਤੇ ਕੋਈ ਸੁਪਰ ਚੈਕ ਨਹੀਂ। ਤੁਹਾਨੂੰ ਯਾਦ ਹੋਵੇਗਾ ਕਿ ਮਲੇਰਕੋਟਲਾ, ਅੰਮ੍ਰਿਤਸਰ ਅਤੇ ਨਾਭਾ ਵਿਚ ਪਹਿਲਾਂ ਬਿਜਲੀ ਦਾ ਆਪਣਾ ਇੰਤਜ਼ਾਮ ਹੁੰਦਾ ਸੀ ਕਦੇ ਕੋਈ ਨੁਕਸਾਨ ਨਹੀਂ ਸੀ ਹੁੰਦਾ। ਇਥੇ ਇਹ ਕੰਮ ਕਰਦੇ ਨਹੀਂ। ਜੇ ਪਟਿਆਲਾ ਵਿਚੋਂ ਇਨ੍ਹਾਂ ਦੀ ਬਦਲੀ ਕਰ ਦਿਓ ਤਾਂ ਤੁਰਦੇ ਹੀ ਨਹੀਂ ਉਥੇ ਹੀ ਬੈਠੇ ਰਹਿੰਦੇ ਹਨ। ਥਰਮਲ ਪਲਾਂਟ, ਰੋਪੜ ਵਿਚ ਕਿੰਨੀ ਹੇਰਾ ਫੇਰੀ ਹੋਈ। ਸੀਮਿੰਟ ਵਿਚ ਪੈਸਾ ਖਾ ਗਏ। ਕਾਂਗਰਸ ਵਾਲਿਆਂ ਦਾ ਇਕ ਸਾਬਕਾ ਵਧਾਇਕ ਸੀ ਬਠਿੰਡੇ ਦਾ ਇੱਟਾਂ ਦਾ ਠੇਕਾ ਦੇ ਦਿਤਾ ਤੇ ਇਕ ਉਸ ਸਮੇਂ ਵਜ਼ੀਰ ਦੇ ਮੁੰਡੇ ਨੂੰ ਰੋਪੜ ਵਿਚ ਸਿਨੇਮਾ ਖੋਹਲਣ ਦਾ ਲਸੰਸ ਦੇ ਦਿਤਾ, ਸਾਰੇ ਮੈਟੀਰੀਅਲ ਦਾ ਪਰਮਿੱਟ ਦੇ ਦਿਤਾ। ਅਸੀਂ ਲੋਕ ਚਿੱਠੀਆਂ ਲਿਖਦੇ ਰਹੇ ਕੋਈ ਗਲ ਨਹੀਂ ਪੁਛੀ। ਇਹ ਲੋਕ ਸਾਡੇ ਸਿਰ ਤੇ ਤਾਂ ਬਠਿੰਡੇ ਦੇ ਥਰਮਲ ਪਲਾਂਟ ਦੀ ਸੁਆਹ ਹੀ ਪਾਉਂਦੇ ਰਹੇ, ਅਸੀਂ ਆ ਕੇ ਕੁਝ ਠੀਕ ਕੀਤਾ ਹੈ। ਇਨ੍ਹਾਂ ਤੇ ਕੋਈ ਸੁਪਰ ਚੈਕ ਹੋਣਾ ਚਾਹੀਦਾ ਹੈ ਇਹ ਨਹੀਂ ਜੋ ਮਰਜ਼ੀ ਕਰੀ ਜਾਣ। ਕਈ ਮੰਜ਼ਲੀ ਬਿਲਡਿੰਗਾਂ ਬਣਾਈ ਜਾਂਦੇ ਹਨ ਪਰ ਬਿਜਲੀ ਦੇ ਨਹੀਂ ਸਕਦੇ ਔਰ ਕਰਜ਼ਾ ਅਸੀਂ ਦੇਈ ਜਾਂਦੇ ਹਾਂ। ਪਿੰਡਾਂ ਵਿਚ ਜਿਹੜੇ ਪੋਲ ਲਗੇ ਹੋਏ ਹਨ ਕੋਈ ਤਬਦੀਲ ਨਹੀਂ ਕਰਦਾ, ਜੇ ਤਬਦੀਲ ਕਰਨ ਲਈ ਕਹੀਏ ਤਾਂ ਕਹਿੰਦੇ ਹਨ ਕਿ ਪੈਸੇ ਦਿਓ। ਤਾਰਾਂ ਨੰਗੀਆਂ ਪਈਆਂ ਹਨ ਤਾਰਾਂ ਕੋਈ ਨਹੀਂ ਬਦਲਦਾ ਭਾਵੇਂ ਹਜ਼ਾਰ ਸਾਲ ਹੋ ਜਾਣ। ਇਹ ਜੁਰਮਾਨੇ ਹੀ ਲਗਾਈ ਜਾਂਦੇ ਹਨ। ਡਿਫੈਕਟਿਵ ਲਾਈਨਿੰਗ ਹੈ। ਇਨ੍ਹਾਂ ਡਿਫੈਕਟਿਵ ਲਾਈਨਿੰਗ ਆਦਿ ਵਾਸਤੇ ਕੋਈ ਉਚ ਪੱਧਰੀ ਕਮੇਟੀ ਬਣਾਓ, ਪਤਾ ਨਹੀਂ ਚੰਡੀਗੜ੍ਹ ਵਿਚ ਬਿਜਲੀ ਕਿਥੋਂ ਆਉਂਦੀ ਹੈ, ਸਾਡੇ ਪੰਜਾਬ ਵਿਚ ਬਿਜਲੀ ਨਹੀਂ ਹੈ। ਬਿਜਲੀ ਨਾ ਹੋਣ ਕਾਰਨ ਚੋਰਾਂ ਨੂੰ ਮੌਜ ਹੈ, ਹਨੇਰੇ ਵਿਚ ਉਹ ਚੋਰੀ ਕਰ ਜਾਂਦੇ ਹਨ। ਮੈਂ ਕਹਿੰਦਾ ਹਾਂ ਕਿ ਪੈਸੇ ਦਿਓ, ਪਰ ਇਨ੍ਹਾਂ ਤੇ ਸੁਪਰ ਚੈਕ ਵੀ ਰਖੋ। ਬੜੇ ਐਕਸੀਡੈਂਟਸ ਹੁੰਦੇ ਹਨ। ਇਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਨਹੀਂ ਤਾਂ ਬਿਜਲੀ ਸਾਨੂੰ ਕਿਸੇ ਨੂੰ ਵੀ ਨਹੀਂ ਮਿਲੇਗੀ। ਪਿੰਡਾਂ ਵਿਚ ਨੰਗੀਆਂ ਤਾਰਾਂ ਰਖੀਆਂ ਹੋਈਆਂ ਹਨ। ਇਨ੍ਹਾਂ ਸਾਰੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ।

Mr. Speaker : There is an amendment to the Resolution by Shri Om Parkash Gupta.

Shri Om Parkash Gupta : Sir, I beg to move—

That in para 2, line 3, for "Rs. 500 crores" *substitute* "Rs. 600 crores."

Mr. Speaker : Motion moved—

That in para 2, line 3, for "Rs. 500 crores" *substitute* "Rs. 600 crores."

Original with;
Punjab Vidhan Sabha
Digitized by;
Panjab Digital Library

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਇਸ ਤੇ ਬੋਲਣਾ ਚਾਹੁੰਦਾ ਹਾਂ ਜੀ ।

ਸ਼੍ਰੀ ਸਪੀਕਰ : ਹਾਂ ਜੀ ਬੋਲੋ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਬੇਨਤੀ ਹੈ, ਸਪੀਕਰ ਸਾਹਿਬ, ਬਿਜਲੀ ਜਿਹੜੀ, ਹੈ ਉਹ ਇਸ ਵੇਲੇ ਬੇਸਿਕ ਰਾਅ-ਮੈਟੀਰੀਅਲ ਹੈ। ਕਿਸੇ ਵੀ ਦੇਸ਼ ਦੀ, ਸਟੇਟ ਦੀ, ਸ਼ਹਿਰ ਜਾਂ ਪਿੰਡ ਦੀ ਤਰੱਕੀ ਬਿਜਲੀ ਤੇ ਨਿਰਭਰ ਹੈ। ਲੋਹਾ ਕੱਚਾ ਨਾ ਮਿਲੇ ਤਾਂ ਵੀ ਆਪਾਂ ਕੰਮ ਸਾਰ ਲੈਂਦੇ ਹਾਂ, ਬਲੈਕ-ਸ਼ਲੈਕ ਵਿਚ ਮਿਲ ਜਾਂਦਾ ਹੈ, ਕੋਲਾ ਵੀ ਲੱਭ ਜਾਂਦਾ ਹੈ, ਉਸ ਦਾ ਆਲਟਰਨੇਟ ਵੀ ਲੱਭ ਜਾਂਦਾ ਹੈ ਪਰ ਇਕ ਬਿਜਲੀ ਐਸੀ ਚੀਜ਼ ਹੈ ਜਿਹੜੀ ਕਿ ਕਿਤੇ ਅਵੇ ਲੇਬਲ ਨਹੀਂ ਹੁੰਦੀ ਔਰ ਜਿਸ ਦੇ ਨਾ ਹੋਣ ਨਾਲ ਤਰੱਕੀ ਰੁਕ ਜਾਂਦੀ ਹੈ। ਇੰਡਸਟਰੀ ਵਾਸਤੇ ਔਰ ਕੀ ਐਗਰੀਕਲਚਰ ਵਾਸਤੇ ਇਹ ਬਹੁਤ ਅਹਿਮ, ਜ਼ਰੂਰੀ ਹੈ। ਪੰਜਾਬ ਨੇ ਜੋ ਤਰੱਕੀ ਕੀਤੀ ਹੈ, ਬੇਸੀਕਲੀ ਉਹ ਇਸ ਕਰਕੇ ਕੀਤੀ ਹੈ ਕਿਉਂਕਿ ਭਾਖੜਾ ਡੈਮ ਬਣਾਇਆ ਗਿਆ ਸੀ। ਉਸ ਵੇਲੇ ਪੰਜਾਬ ਵਿਚ ਏਨੀ ਬਿਜਲੀ ਲਗਦੀ ਨਹੀਂ ਸੀ ਪਰ ਜਿਉਂ ਜਿਉਂ ਨਾਲਿਜ ਵੱਧਦਾ ਗਿਆ, ਟੈਕਨੀਕ ਵੱਧਦੀ ਗਈ, ਸਾਡੀਆਂ ਜ਼ਰੂਰਤਾਂ ਵੀ ਵੱਧਦੀਆਂ ਗਈਆਂ। ਇਸ ਵੇਲੇ ਇਕ ਲੱਖ ਦੇ ਕਰੀਬ ਇੰਡਸਟ੍ਰੀਅਲ ਯੂਨਿਟਸ ਹਨ ਵੱਡੇ ਛੋਟੇ ਪਾ ਕੇ ਔਰ ਐਗਰੀਕਲਚਰ ਵਿਚ ਵੀ 90 ਫੀਸਦੀ ਲੈਂਡ ਅੰਡਰ ਐਗਰੀਕਲਚਰ ਹੈ। ਮਗਰ ਫਿਰ ਵੀ ਸਾਰੇ ਪਾਸੇ ਟਿਊਬਵੈਲ ਨਹੀਂ ਲਗ ਸਕੇ ਔਰ ਬਿਜਲੀ ਪੂਰੀ ਨਹੀਂ ਮਿਲਦੀ ਪਈ। ਇਸ ਕਰਕੇ ਅਹਿਮ ਜ਼ਰੂਰਤ ਹੈ ਕਿ ਬਿਜਲੀ ਦੀ ਪ੍ਰੋਡੱਕਸ਼ਨ ਵਧਾਈ ਜਾਵੇ ਔਰ ਕੋਈ ਐਸੀ ਗੱਲ ਨਹੀਂ ਹੈ ਬੋਰਡ ਨੇ ਬਹੁਤ ਕੰਮ ਕੀਤੇ ਹਨ ਲੇਕਿਨ ਇਸ ਨੂੰ ਬਦਲਣਾ ਜਾਂ ਚੇਂਜ ਕਰਨਾ, ਮੇਰਾ ਖਿਆਲ ਹੈ ਕਿ, ਬਰਨਾਲਾ ਸਾਹਿਬ ਦੀ ਸਰਕਾਰ ਦੇ ਵੱਸ ਦਾ ਰੋਗ ਨਹੀਂ ਰਿਹਾ ਕਿਉਂਕਿ ਇਸ ਤੇ ਇਨਵੈਸਟਮੈਂਟ ਬਹੁਤ ਹੋ ਚੁਕੀ ਹੈ ਔਰ ਨੋ-ਹੋਊ ਬੋਰਡ ਕੋਲ ਹੈ ਜਿਸ ਦੇ ਚੇਂਜ ਕਰਨ ਨਾਲ, ਕਿਸੇ ਹੋਰ ਏਜੰਸੀ ਨੂੰ ਦੇਣ ਨਾਲ ਹੋਰ ਨੁਕਸਾਨ ਹੋ ਸਕਦਾ ਹੈ। ਇਨ੍ਹਾਂ ਨੇ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਬੜੇ ਵਾਇਦੇ ਕੀਤੇ ਹਨ ਕਿ ਅਸੀਂ ਇਨਕਲਾਬੀ ਗੱਲਾਂ ਕਰਾਂਗੇ, ਪਰਮਾਤਮਾ ਕਰੇ ਇਹ ਕਰਨ ਪਰ ਬੇਨਤੀ ਹੈ ਕਿ ਇਸ ਵੇਲੇ ਬਹੁਤ ਜ਼ਰੂਰਤ ਹੈ ਕਿ ਇਸ ਵਿਚ ਇੰਪਰੂਵਮੈਂਟ ਕੀਤੀ ਜਾਵੇ। ਤੁਸੀਂ ਵੀ, ਸਪੀਕਰ ਸਾਹਿਬ, ਬੜੇ ਵੱਡੇ ਇੰਡਸਟਰੀਲਿਸਟ ਹੋ, ਜਿੰਨਾ ਚਿਰ ਬਿਜਲੀ ਨਾ ਹੋਵੇ, ਕਾਰਖਾਨੇ ਲਈ ਬੜੀ ਪ੍ਰਾਬਲਮ ਹੈ। ਫਿਰ ਬੇ-ਵਕਤ ਸ਼ੱਟ-ਡਾਊਨ ਹੋ ਜਾਂਦਾ ਹੈ, ਕੱਟ ਲਗ ਜਾਂਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਿਨ੍ਹਾਂ ਦੀਆਂ ਫਾਊਂਡਰੀਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਦੇਗ ਪਾਈ ਹੁੰਦੀ ਹੈ, ਅਚਾਨਕ ਸ਼ਟ-ਡਾਊਨ ਹੋ ਜਾਵੇ, ਕੱਟ ਲਗ ਜਾਵੇ ਤਾਂ ਸਾਰੇ ਦਾ ਸਾਰਾ ਮੈਟੀਰੀਅਲ ਐਵੇਂ ਹੀ ਜਾਂਦਾ ਹੈ। ਇਸ ਵਾਸਤੇ ਬਿਜਲੀ ਦੀ ਸਪਲਾਈ ਰੈਗੂਲਰ ਕਰਨ ਵਾਸਤੇ ਦੋ ਚਾਰ ਗੱਲਾਂ ਵੱਲ ਧਿਆਨ ਦੇਣ ਦੀ ਲੋੜ ਹੈ। ਇਕ ਵਾਰ ਗਵਰਨਰ ਸਾਹਿਬ ਦੇ ਨਾਲ ਇਕ ਮੀਟਿੰਗ ਹੋਈ ਸੀ ਔਰ ਐਮ.ਐਲ.ਏਜ਼. ਦੀ ਕਨਸਲਟੇਟਿਵ ਕਮੇਟੀ ਦੀ ਉਹ ਮੀਟਿੰਗ ਹੋਈ ਸੀ ਔਰ ਮੈਂ ਬੇਨਤੀ ਕੀਤੀ ਸੀ ਕਿ ਇਮੀਜੀਏਟਲੀ ਜੋ ਬੋਰਡ ਸਾਲਵ ਕਰ ਸਕਦਾ ਹੈ, ਜਿੰਨੇ ਵੀ ਥਰਮਲ ਪਲਾਂਟ ਹਨ, ਉਨ੍ਹਾਂ ਤੇ ਐਕਸਟਰਾ ਹੋਰ ਕੈਪੀਟਲ ਖਰਚ ਕਰਨ ਦੀ ਬਹੁਤੀ ਲੋੜ ਨਹੀਂ ਪੈਂਦੀ ਜੇਕਰ ਉਨ੍ਹਾਂ ਸਾਰਿਆਂ ਵਿਚ ਇਕ ਇਕ ਯੂਨਿਟ ਹੋਰ ਵਧਾ ਦਿਤਾ ਜਾਵੇ। ਇਸ ਨਾਲ ਹੋਰ ਬਿਜਲੀ ਪੈਦਾ ਹੋ ਸਕਦੀ ਹੈ। ਫਿਰ ਜਿਹੜੇ ਹਾਈਡਲ ਪ੍ਰਾਜੈਕਟਸ ਹਨ, ਅਗਰ ਪਾਣੀ ਦੀ ਅਵੇਲੇਬਿਲਿਟੀ ਹੈ, ਲਾਈਨਿੰਗ ਦਾ ਖਰਚ ਨਹੀਂ ਪੈਣਾ, ਕੋਈ ਹੋਰ ਖਰਚ ਨਹੀਂ ਪੈਣਾ। ਇਹ ਕਹਿੰਦੇ ਹਨ ਕਿ ਅਸੀਂ ਨਾਲਿਆਂ ਤੋਂ ਪਾਣੀ ਲਵਾਂਗੇ, ਘਰਾਟਾਂ ਚਲਾਵਾਂਗੇ ਔਰ ਉਨ੍ਹਾਂ ਤੋਂ ਬਿਜਲੀ ਪੈਦਾ ਕਰਾਂਗੇ। ਪਰ ਜੇਕਰ ਮੇਰੀ ਇਸ ਸਕੀਮ ਤੇ ਵਿਚਾਰ ਕੀਤਾ ਜਾਵੇ ਕਿ ਜੋ ਹੁਣ ਯੂਨਿਟ ਲਗੇ ਹੋਏ ਹਨ, ਉਨ੍ਹਾਂ ਨਾਲ ਇਕ ਇਕ ਹੋਰ ਯੂਨਿਟ ਲਗਾਇਆ ਜਾਵੇ ਤਾਂ ਹੋਰ ਬਿਜਲੀ ਦੀ ਘਾਟ ਪੂਰੀ ਹੋ ਸਕਦੀ ਹੈ। ਕਿਉਂਕਿ ਪੰਜਾਬ ਦੀ ਡਿਵੈਲਪਮੈਂਟ ਹੋਣੀ ਹੈ, ਇਸ ਲਈ ਜਰੂਰੀ ਇਹ ਹੈ ਕਿ ਇਹ ਕੰਮ ਕੀਤਾ ਜਾਵੇ ਸੈਂਟਰ ਨੂੰ ਕਹੀਏ, ਅਸੀਂ ਕਹੋ ਤਾਂ ਤੁਹਾਡੇ ਨਾਲ ਚੱਲਾਂਗੇ, ਸੈਂਟਰ ਦੀ ਮਿੰਨਤ ਕਰਾਂਗੇ। ਮੈਂ ਇਨ੍ਹਾਂ ਨੂੰ ਇਕ ਸੁਜੈਸਟ ਕੀਤਾ ਸੀ। ਇਨ੍ਹਾਂ ਨੇ ਬਿਜਲੀ ਰੇਟ ਵਧਾਏ ਸਨ। ਮੈਂ

Original with;
Punjab Vidhan Sabha
Digitized by;
Panjab Digital Library

ਇਤਰਾਜ਼ ਕੀਤਾ ਸੀ, ਮੈਂ ਅਸਲ ਵਿਚ ਰੇਟ ਵਧਾਉਣ ਦੇ ਹੱਕ ਵਿਚ ਨਹੀਂ ਸੀ ਪਰ ਮੈ ਕਹਿੰਦਾ ਹਾਂ ਕਿ ਜਿਨ੍ਹਾਂ ਤੇ ਕੋਈ ਸੈਸ ਨਹੀਂ ਲਗਦਾ, ਡੋਮੈਸਟਿਕ ਵਾਸਤੇ, ਉਨ੍ਹਾਂ ਤੇ ਟੈਕਸ ਨਹੀਂ ਲਗਣਾ ਚਾਹੀਦਾ। ਉਨ੍ਹਾਂ ਦੇ ਬਜਾਏ ਇੰਡਸਟਰੀ ਵਿਚ ਜੋ ਖਰਚਾ ਹੁੰਦਾ ਹੈ ਉਹ ਇਨਕਮ ਟੈਕਸ ਵਿਚੋਂ ਕੱਟਿਆ ਜਾਂਦਾ ਹੈ। ਔਰ ਐਗਰੀਕਲਚਰ ਤੇ, ਸ਼ਾਇਦ ਇਹ ਗੁੱਸੇ ਹੋਣਗੇ, ਪਰ ਮੈ ਦੱਸਣਾ ਚਾਹੁੰਦਾ ਹਾਂ ਕਿ ਐਗਰੀਕਲਚਰਲ ਪ੍ਰੋਡਿਊਸ ਹੈ, ਜਿਵੇ ਕਿ ਝੋਨਾ ਹੈ, ਕਣਕ ਹੈ, ਗੰਨਾ ਹੈ, ਕਪਾਹ ਹੈ, ਇਹ ਚਾਰ ਚੀਜ਼ਾਂ ਦੇ ਰੇਟ ਉਨ੍ਹਾਂ ਦੀ ਕਾਸਟ ਆਫ ਪ੍ਰੋਡਕਸ਼ਨ ਪਾ ਕੇ ਫਿਕਸ ਹੁੰਦੇ ਹਨ। (ਸਰਕਾਰੀ ਬੈਂਚਾਂ ਵਲੋਂ ਆਵਾਜ਼ਾਂ : ਨਹੀਂ ਨਹੀਂ, ਬਿਲਕੁਲ ਗਲਤ) ਤੁਸੀਂ ਆਪਣੀ ਸਰਕਾਰ ਤੋਂ ਪੁੱਛੋ। ਅਸੀਂ ਤੁਹਾਡੇ ਨਾਲ ਹਾਂ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਹੈ ਜੀ।

ਸ਼੍ਰੀ ਸਪੀਕਰ : ਵਿਚਾਰੇ ਨੂੰ ਤੁਸੀਂ ਬੋਲਣ ਦਿਓ, ਤੁਸੀਂ ਮਗਰੋਂ ਗੱਲ ਕਰ ਲਿਆ ਜੇ, ਤੁਹਾਡਾ ਮੈਂਬਰ ਹੈ। ਹਾਉਸ ਤੋਂ ਬਾਹਰ ਗੱਲ ਕਰ ਲੈਣਾ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਇਕ ਰੁਪਿਆ ਯੂਨਿਟ ਖਰਚਾ ਲਗਦਾ ਹੈ ਔਰ ਜ਼ਿਮੀਦਾਰ ਦੀ ਜੋ ਬਿਜਲੀ ਦੀ ਕੰਜ਼ੰਪਸ਼ਨ ਹੈ ਉਹ ਸਿਰਫ 11 ਪੈਸੇ ਪਰ ਯੂਨਿਟ ਹੈ। ਮੈਂ ਸ਼ਡਿਊਲ ਹਰ ਟਾਇਮ ਦੇ ਲਿਆਂਦੇ ਹਨ। ਮੇਰੇ ਪਾਸ ਸੈਂਟਰ ਰੇਟਸ ਵੀ ਹਨ। ਜਿਸ ਤਰ੍ਹਾਂ ਚਾਰਜ ਹੁੰਦੇ ਹਨ। ਮੈਂ ਬੇਨਤੀ ਇਸ ਵਾਸਤੇ ਕਰਦਾ ਹਾਂ ਕਿ ਬੇਸ਼ਕ ਜ਼ਿਮੀਦਾਰਾਂ ਦੇ ਰੇਟ ਨਾ ਵਧਾਓ ਪਰ ਜੇਕਰ ਤੁਸੀਂ ਮੁੜਕੇ ਲਾਸਿਜ਼ ਨੂੰ ਪੂਰਾ ਕਰਨਾ ਹੈ ਤਾਂ ਇਸ ਦੇ ਵਾਸਤੇ ਜ਼ਰੂਰ ਕਿਤੇ ਨਾ ਕਿਤੇ ਭਾਰ ਪਾਉਣਾ ਪੈਂਦਾ ਹੈ। ਮੈਂ ਕਹਿੰਦਾ ਹਾਂ ਕਿ ਇੰਡਸਟਰੀ ਤੇ ਕੋਈ ਭਾਰ ਨਹੀਂ ਪੈਂਦਾ ਕਿਉਂਕਿ ਉਹ ਖਰਚਾ ਇਨਕਮ ਟੈਕਸ ਵਿਚੋਂ ਕੱਟਿਆ ਜਾਣਾ ਹੈ। ਦੋ ਚਾਰ ਪੈਸੇ ਯੂਨਿਟ ਦੇ ਇੰਡਸਟਰੀ ਤੇ ਵਧਾ ਦਿਓ ਔਰ ਇਸ ਤਰ੍ਹਾਂ ਹੀ ਐਗਰੀਕਲਚਰ ਤੇ ਵਧਾ ਦਿਓ ਤਾਂ ਕਾਫੀ ਲਾਸ ਪੂਰਾ ਹੋ ਜਾਂਦਾ ਹੈ। ਫਿਰ ਇਕ ਲਾਈਨ ਲਾਸਿਜ਼ ਦੀ ਗੱਲ ਹੈ। ਇਸ ਨੂੰ ਇਹ ਘਟਾਉਣ ਦੀ ਕੋਸ਼ਿਸ ਨਹੀਂ ਕਰਦੇ।

ਸ਼੍ਰੀ ਸਪੀਕਰ : ਗੁਪਤਾ ਸਾਹਿਬ, ਫਿਰ ਮੈਂ ਗੁਸਤਾਖੀ ਕਰਾਂਗਾ। ਜੇਕਰ ਕੀਮਤਾਂ ਹੀ ਵਧਾਉਣੀਆਂ ਹਨ ਤਾਂ ਫਿਰ 500 ਤੋਂ 600 ਕਰੋੜ ਕਿਉਂ ਵਧਾਈਏ ? (ਹਾਸਾ)

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਹ ਤਾਂ ਮੈਂ ਵਿਦਡਰਾਅ ਕਰ ਲਵਾਂਗਾ ਜੀ। (ਹਾਸਾ) ਸੋ, ਬੇਨਤੀ ਇਹ ਹੈ ਕਿ ਇਹ ਲਾਈਨ ਲਾਸਿਜ਼ ਵਾਲੇ ਪਾਸੇ ਕੋਈ ਧਿਆਨ ਨਹੀਂ ਦਿੰਦੇ। ਬੋਰਡ ਦੇ ਲਾਈਨ ਲਾਸਿਜ਼ ਦੀ ਕੋਈ ਕੇਅਰ ਨਹੀਂ ਹੈ ਔਰ ਤੁਸੀਂ ਵੇਖੋ ਕਿ ਫਲੱਕਚੂਏਸ਼ਨ ਕਿੰਨੀ ਹੈ। ਐਮ.ਐਲ.ਏ. ਸਾਹਿਬਾਨ ਨੇ ਐਮ.ਐਲ.ਏਜ਼. ਹੋਸਟਲ ਵਿਚ ਵੇਖਿਆ ਹੋਵੇਗਾ। ਉਨ੍ਹਾਂ ਦੀ ਟਿਊਬ ਅੱਖ-ਮਟਕਾਉਂਦੀ ਹੈ ਸ਼ਾਮ ਨੂੰ 7/8 ਵਜੇ ਔਰ 100 ਪਾਵਰ ਦੇ ਬੱਲਬ ਦੀ ਲਾਈਟ ਬਾਰੀਕ ਜਿਹੀ ਹੁੰਦੀ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਲਾਸਿਜ਼ ਨੂੰ ਕੋਈ ਚੈਕ ਨਹੀਂ ਕਰਦਾ, ਕੋਈ ਵੋਲਟੇਜ ਦਾ ਸਟੈਂਡਰਡ ਨਹੀਂ ਰੱਖਿਆ। 11000 ਵੋਲਟੇਜ਼ ਅਗਰ ਲੋਡ ਰੱਖਿਆ ਹੈ ਔਰ ਘਰਾਂ ਵਾਸਤੇ 220 ਵੋਲਟੇਜ਼ ਦੇਣੀ ਹੈ ਤਾਂ ਉਹ ਨਹੀਂ ਦਿਤੀ ਜਾਂਦੀ। ਤੁਸੀਂ ਹੋਸਟਲ ਵਿਚ ਵੇਖੋ 180 ਵੋਲਟੇਜ਼ ਵੀ ਨਹੀਂ ਦਿੱਤੀ ਜਾਂਦੀ। ਇਨ੍ਹਾਂ ਨੇ ਬਦਲਣਾ ਹੈ ਤਾਂ ਬਦਲ ਦੇਣ ਮਗਰ ਇਹ ਹੈ ਕਿ ਬੋਰਡ ਵਿਚ ਐਫੀਸ਼ੈਂਸੀ ਦੀ ਲੋੜ ਹੈ, ਜ਼ਰੂਰਤ ਹੈ। ਇਕ ਬਿਜਲੀ ਦੀ ਚੋਰੀ ਬੜੀ ਹੁੰਦੀ ਹੈ ਔਰ ਉਹ ਲਾਈਨ ਲਾਸਿਜ਼ ਜਿਹੜੇ ਹਨ ਉਹ ਚੋਰੀ ਨੂੰ ਕਵਰ ਕਰ ਜਾਂਦੇ ਹਨ, ਇਹ ਪਰਖਣ ਵਾਲੀ ਗੱਲ ਹੈ। ਵੇਖਣ ਵਾਲੀ ਗੱਲ ਹੈ ਕਿ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਚੋਰੀਆਂ ਕਿਸ ਤਰ੍ਹਾਂ ਰੁਕ ਸਕਦੀਆਂ ਹਨ। ਪਾਂਧੀ ਸਾਹਿਬ ਠੀਕ ਕਹਿੰਦੇ ਹਨ ਕਿ ਕੁਰੀਤੀਆਂ ਬਹੁਤ ਹੁੰਦੀਆਂ ਹਨ। ਬੋਰਡ ਦਾ ਬਜਟ ਵੱਡਾ ਹੈ ਔਰ ਠੀਕ ਹੈ ਕਿ ਕੁਰੀਤੀਆਂ ਬਹੁਤ ਹੁੰਦੀਆਂ ਹਨ।

ਸ਼੍ਰੀ ਸਪੀਕਰ : ਵਾਂਈਂਡ ਅਪ ਕਰੋ ਜੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਕ ਹੀ ਬੇਨਤੀ ਕਰਨੀ ਹੈ ਕਿ ਇੰਡਸਟਰੀ ਵਾਸਤੇ ਬਿਜਲੀ ਦਾ ਬੇਵਕਤਾ ਸ਼ੱਟ-ਡਾਊਨ ਕਰਨ ਤੇ ਬੜਾ ਇੰਡਸਟਰੀ ਦਾ ਵਕਤ ਜ਼ਾਇਆ ਹੁੰਦਾ ਹੈ। ਵਿਦਆਊਟ ਨੋਟਿਸ ਸ਼ੱਟ-ਡਾਊਨ ਕਰ ਦਿੰਦੇ ਹਨ। ਮੇਰੀ ਇਕੋ ਹੀ ਬੇਨਤੀ ਹੈ ਕਿ ਮੁੱਖ ਮੰਤਰੀ ਸਾਹਿਬ ਜੇਕਰ ਬੋਰਡ ਨੂੰ ਗਾਈਡ ਕਰ ਸਕਦੇ ਹਨ ਤਾਂ ਕਰਨ। ਪੰਜਾਬ ਵਿਚ ਇੰਡਸਟਰੀ ਜਿਹੜੀ ਹੈ ਉਸ ਲਈ ਬਿਜਲੀ ਦਾ ਖਿਆਲ ਰਖਿਆ ਜਾਵੇ। ਅਜੇ ਤਾਂ ਸਰਦਾਰ ਬਲਵੰਤ ਸਿੰਘ ਜੀ ਕਹਿੰਦੇ ਹਨ ਕਿ ਹੋਰ ਇੰਡਸਟਰੀ ਪੰਜਾਬ ਵਿਚ ਆਉਣੀ ਹੈ, ਔਰ ਉਹ ਲਿਆਉਣੀ ਵੀ ਚਾਹੀਦੀ ਹੈ। ਤਾਂ ਹੀ ਸਾਡੇ ਸਟੇਟ ਦੀ ਤਰੱਕੀ ਹੋਵੇਗੀ। ਇਹ ਮੈਨੂੰ ਉਮੀਦ ਹੈ ਪਰ ਇਹ ਪਹਿਲਾਂ ਤਾਂ ਖੀਰ ਬਣਾ ਦਿੰਦੇ ਹਨ ਔਰ ਫਿਰ ਉਸ ਵਿਚ ਸਵਾਹ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਬੇਨਤੀ ਹੈ ਕਿ ਇਹ ਬੜੀ ਸੰਜੀਦਗੀ ਨਾਲ ਗੱਲਾਂ ਕਰ ਲੈਣ ਔਰ ਸੋਚ ਲੈਣ। ਮੈਨੂੰ ਇਕ ਸ਼ੇਅਰ ਯਾਦ ਆ ਗਿਆ ਹੈ —

ਸ਼੍ਰੀ ਸਪੀਕਰ : ਗੁਪਤਾ ਜੀ, ਬੈਠੋ ਤੁਸੀਂ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ (ਅੰਮ੍ਰਿਤਸਰ ਉੱਤਰੀ): ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਪੰਜਾਬ ਬਿਜਲੀ ਬੋਰਡ ਦਾ ਜਿੰਨਾ ਵੱਡਾ ਬਜੱਟ ਹੈ ਇਸ ਤੇ ਜ਼ਰੂਰ ਹੀ ਧਿਆਨ ਦੇਣ ਦੀ ਲੋੜ ਹੈ। ਇਸ ਵਾਸਤੇ ਜਿੰਨਾ ਰੁਪਿਆ ਹੁਣ ਤਕ ਪੰਜਾਬ ਸਰਕਾਰ ਨੇ ਦਿੱਤਾ ਹੈ ਮੇਰਾ ਖਿਆਲ ਹੈ ਕਿ ਉਸ ਦਾ ਵਿਆਜ ਵੀ ਹੁਣ ਤਕ ਵਾਪਸ ਨਹੀਂ ਆਇਆ ਹੋਣਾ। ਸਪੀਕਰ ਸਾਹਿਬ, ਜੋ ਬਿਜਲੀ ਬੋਰਡ ਦੀ ਅਰਥ ਵਿਵਸਥਾ ਠੀਕ ਕਰ ਲਈ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਅਰਥ ਵਿਵਸਥਾ ਠੀਕ ਹੋ ਸਕਦੀ ਹੈ। ਇਕ ਗਲ ਦੀ ਲੋਕਾਂ ਵਿਚ ਬੜੀ ਹੀ ਬੇਚੈਨੀ ਹੈ ਉਹ ਇਹ ਹੈ ਕਿ ਇਨ੍ਹਾਂ ਨੇ ਹੁਣੇ ਹੀ ਪੰਜਾਬ ਵਿਚ ਡੋਮੈਸਟਿਕ ਕਨਜ਼ੰਪਸ਼ਨ ਦੇ ਰੇਟ ਵਧਾਏ ਹਨ ਇਹ 95 ਪ੍ਰਤੀਸ਼ਤ ਤੋਂ ਵੱਧ ਹਨ। ਮੈਂ ਸਮਝਦਾ ਹਾਂ ਕਿ ਡੋਮੈਸਟਿਕ ਕਨਜ਼ੰਪਸ਼ਨ ਤੇ ਬਿਜਲੀ ਸਿਰਫ 8-9 ਪ੍ਰਤੀਸ਼ਤ ਕਨਜ਼ਿਊਮ ਹੁੰਦੀ ਹੈ। ਪਰ ਇਸ ਵੇਲੇ ਕੋਈ ਵੀ ਘਰ ਅਜਿਹਾ ਨਹੀਂ ਜਿਸ ਦਾ ਬਿਜਲੀ ਦਾ ਬਿਲ 100—150 ਰੁਪਿਆ ਨਾ ਆਉਂਦਾ ਹੋਵੇ। ਇਸ ਲਈ ਮੈਂ ਇਕ ਗਲ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਇਲੈਕਟ੍ਰੀਸਿਟੀ ਰੇਟਸ ਹਨ ਇਨ੍ਹਾਂ ਨੂੰ ਰੈਸ਼ਨੇਲਾਈਜ਼ ਕਰ ਦੇਣਾ ਚਾਹੀਦਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਦਿੱਲੀ ਵਿਚ ਬੈਠਾ ਹੋਇਆ ਜਾਂ ਹਰਿਆਣੇ ਵਿਚ ਬੈਠਾ ਹੋਇਆ ਘੱਟ ਰੇਟ ਦੇ ਰਿਹਾ ਹੋਵੇ ਔਰ ਪੰਜਾਬ ਵਾਲਾ ਜ਼ਿਆਦਾ ਦੇ ਰਿਹਾ ਹੋਵੇ। ਇਹ ਪੰਜਾਬ ਦੇ ਲੋਕਾਂ ਨਾਲ ਵਿੱਤਕਰਾ ਨਹੀਂ ਹੋਣਾ ਚਾਹੀਦਾ। ਇਸ ਵਾਸਤੇ ਮੇਰੀ ਸਿਫ਼ਾਰਸ਼ ਹੈ ਕਿ ਇਕ ਹਾਊਸ ਦੀ ਸੱਬ-ਕਮੇਟੀ ਬਣਾ ਦੇਣੀ ਚਾਹੀਦੀ ਹੈ ਜਿਹੜੀ ਕਿ ਇਨ੍ਹਾਂ ਰੇਟਸ ਨੂੰ ਚੰਗੀ ਤਰ੍ਹਾਂ ਘੋਖ ਕਰਕੇ ਰੈਸ਼ਨੇਲਾਈਜ਼ ਰੇਟ ਕਰ ਸਕੇ।

ਦੂਸਰੀ ਗਲ ਮੈਂ ਟਰਾਂਸਮਿਸ਼ਨ ਲਾਸਿਜ਼ ਦੇ ਬਾਰੇ ਕਹਿਣੀ ਚਾਹੁੰਦਾ ਹਾਂ। ਇਸ ਸਬੰਧ ਵਿਚ ਕਿਹਾ ਗਿਆ ਹੈ ਕਿ 19-20 ਪ੍ਰਤੀਸ਼ਤ ਲਾਈਨ ਲਾਸਿਜ਼ ਵੀ ਹੋ ਜਾਂਦੇ ਹਨ। ਸਪੀਕਰ ਸਾਹਿਬ, ਇਕ ਗਲ ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਤੁਹਾਡੀ ਬਿਜਲੀ ਦੀ ਸਪਲਾਈ 40—50 ਪ੍ਰਤੀਸ਼ਤ ਅਨਮੀਟਰਡ ਜਾ ਰਹੀ ਹੈ, ਕੋਈ ਮੀਟਰ ਨਹੀਂ ਲਗਿਆ ਹੋਇਆ ਤਾਂ ਇਹ ਕਿਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਐਨੇ ਪਰਸੈਂਟ ਲਾਸਿਜ਼ ਹੋ ਰਹੇ ਹਨ। ਮੈਂ ਇਹ ਸਮਝਦਾ ਹਾਂ ਕਿ ਟਰਾਂਸਮਿਸ਼ਨ ਲਾਸਿਜ਼ ਘੱਟ ਹਨ ਜਿਹੜੇ ਥੈਫਟ ਇਲੈਕ-ਟ੍ਰਿਸਿਟੀ ਦੀ ਹੁੰਦੀ ਹੈ ਉਹ ਜ਼ਿਆਦਾ ਹੈ (ਘੰਟੀ) ਬਸ ਜੀ ਮੈਂ ਇਕੋ ਅਰਜ਼ ਕਰਨੀ ਹੈ ਕਿ ਜਿਹੜੇ ਵਡੇ ਵਡੇ ਇੰਡਸਟਰੀਅਲ ਸ਼ਹਿਰ ਹਨ, ਜਿਵੇਂ ਗੋਬਿੰਦਗੜ੍ਹ ਹੈ ਉਥੇ ਹਰ ਜਗ੍ਹਾ ਤੇ ਮੀਟਰ ਲਾਉਣੇ ਚਾਹੀਦੇ ਹਨ ਤਾਕਿ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੂੰ ਪਤਾ ਲਗ ਸਕੇ ਕਿ ਟਰਾਂਸਮਿਸ਼ਨ ਲਾਸਿਜ਼ ਕਿੰਨੇ ਹੁੰਦੇ ਹਨ। ਮੈਂ ਸਮਝਦਾ ਹਾਂ ਕਿ ਇਸ ਨਾਲ ਬਿਜਲੀ ਵਿਚ ਬਹੁਤ ਵਡੀ ਬੱਚਤ ਹੋਵੇਗੀ ।

ਇਕ ਗੱਲ ਮੈਂ ਆਖਰੀ ਹੋਰ ਦਸਦਾ ਹਾਂ ਕਿ 1975—80 ਤਕ 5 ਸਾਲ ਦਾ ਬਿਜਲੀ ਬੋਰਡ ਦਾ ਰੈਵੇਨਿਊ 372 ਕਰੋੜ ਸੀ ਪਰ 1980—85 ਵਿਚ ਇਹ ਵੱਧ ਕੇ 947 ਕਰੋੜ ਹੋ ਗਿਆ ਇਹ ਕੋਈ ਤਿੰਨ ਗੁਣਾ ਵੱਧ ਗਿਆ ਪਰ ਫਿਰ ਵੀ ਇਹ ਘਾਟਾ ਕਿਉਂ ਪੈ ਰਿਹਾ ਹੈ। ਮੈਂ ਸਮਝਦਾ ਹਾਂ ਕਿ ਬਿਜਲੀ ਬੋਰਡ ਦੇ ਪ੍ਰਬੰਧ ਨੂੰ ਠੀਕ ਕਰਨ ਦੀ ਜ਼ਰੂਰਤ ਹੈ। । ਇਥੇ ਇਕ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਬਿਜਲੀ ਬੋਰਡ ਦਾ ਸਟਾਫ ਇਕ ਵ੍ਹਾਈਟ ਐਲੀਫੈਂਟ ਹੈ। ਜਿਥੇ ਇਕ ਆਦਮੀ ਦੀ ਲੋੜ ਹੈ ਉਥੇ 3—3 ਆਦਮੀ ਲਾਏ ਹੋਏ ਹਨ। ਇਸ ਵਾਸਤੇ ਮੇਰੀ ਅਰਜ਼ ਹੈ ਕਿ ਇਕ ਹਾਊਸ ਦੀ ਕਮੇਟੀ ਜ਼ਰੂਰ ਬਣਾ ਦੇਣੀ ਚਾਹੀਦੀ ਹੈ ਤਾਕਿ ਬਿਜਲੀ ਬੋਰਡ ਦੀ ਵਿਵਸਥਾ ਠੀਕ ਹੋ ਸਕੇ ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ): ਸਪੀਕਰ ਸਾਹਿਬ, ਇਹ ਬੜਾ ਸਿੰਪਲ ਜਿਹਾ ਰੇਜੋਲਿਊਸ਼ਨ ਹੈ। ਇਸ ਵੇਲੇ ਬਿਜਲੀ ਬੋਰਡ ਦੀ ਜੇਨਰੇਸ਼ਨ ਕਪੈਸਿਟੀ ਕੁਲ 2450 ਮੈਗਾਵਾਟ ਹੈ ਜਦ ਕਿ ਪਰਪੋਜ਼ਡ 7ਵੇਂ ਪਲਾਨ ਵਿਚ ਇਸ ਨੂੰ 3081 ਮੈਗਾਵਾਟ ਕਰਨਾ ਹੈ। ਇਹ ਸਾਰੇ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਬਿਜਲੀ ਦੀ ਸ਼ਾਰਟੇਜ ਹੈ। ਸਾਡੀ ਸਰਕਾਰ ਨੇ ਜਿਹੜੀ ਸ਼ਾਰਟੇਜ ਅਸੈਸ ਕੀਤੀ ਹੈ ਇਹ 31 ਪ੍ਰਤੀਸ਼ਤ ਹੈ। ਇਸ ਕਰਕੇ ਅਸੀਂ ਇਹ ਸਮਝਦੇ ਹਾਂ ਕਿ ਇਹ ਜੈਨਰੇਸ਼ਨ ਕੈਪਸਿਟੀ ਵਧਾਉਣੀ ਚਾਹੀਦੀ ਹੈ ਔਰ ਜਿਹੜਾ ਡੀਮਾਂਡ ਔਰ ਸਪਲਾਈ ਵਿਚ ਅੰਤਰ ਚਲ ਰਿਹਾ ਹੈ ਇਸ ਨੂੰ ਘਟਾਉਣਾ ਚਾਹੀਦਾ ਹੈ। ਇਸ ਕਰਕੇ ਹੀ ਜੈਨਰੇਸ਼ਨ ਦੀ ਕਪੈਸਿਟੀ ਨੂੰ ਵਧਾਉਣ ਵਾਸਤੇ ਜਿਹੜੇ ਥਰਮਲ ਪਲਾਂਟਸ ਹਨ ਉਨ੍ਹਾਂ ਦੀ ਰੀਮਾਡਲਿੰਗ ਕਰਨ ਵਾਸਤੇ ਪੈਸੇ ਦੀ ਲੋੜ ਹੈ। ਕਿਉਂਕਿ ਸਾਡੇ ਕੋਲ ਪੈਸਾ ਨਹੀਂ ਹੈ, ਰੈਵਨਿਊ ਬੜਾ ਡਾਊਨ ਚਲਾ ਗਿਆ ਹੈ, ਇਸ ਕਰਕੇ ਬਿਜਲੀ ਬੋਰਡ ਦੀ ਇਨਸਟੀਚਿਊਸ਼ਨਲ ਬਾਰੋਇੰਗ ਜਿਹੜੀ ਇਸ ਵੇਲੇ 350 ਕਰੋੜ ਰੁਪਏ ਹੈ ਇਸ ਨੂੰ ਵਧਾ ਕੇ ਅਸੀਂ 500 ਕਰੋੜ ਕੀਤਾ ਸੀ ਪਰ ਹੁਣ ਇਥੇ ਕਿਉਂਕਿ ਗੁਪਤਾ ਜੀ ਨੇ ਇਸ ਨੂੰ 600 ਕਰੋੜ ਕਰਨ ਲਈ ਸਿਫਾਰਸ਼ ਕੀਤੀ ਹੈ, ਇਹ ਅਮੈਂਡਮੈਂਟ ਅਸੀਂ ਮੰਨ ਲੈਂਦੇ ਹਾਂ। ਇਸ ਵੇਲੇ ਬਿਜਲੀ ਬੋਰਡ ਦੇ ਕੈਪੀਟਲ ਅਸੈਟਸ 1800 ਕਰੋੜ ਰੁਪਏ ਦੇ ਕਰੀਬ ਹਨ। ਜੇ 600 ਕਰੋੜ ਦੀ ਬਾਰੋਇੰਗ ਮੰਨ ਲਈ ਜਾਵੇ ਤਾਂ ਕੋਈ ਜ਼ਿਆਦਾ ਫ਼ਰਕ ਨਹੀਂ ਪਵੇਗਾ। ਮੈਨੂੰ ਉਮੀਦ ਹੈ ਕਿ ਸਾਰਾ ਹਾਊਸ ਇਸ ਨੂੰ ਮਨਜ਼ੂਰ ਕਰੇਗਾ। ਜਿਥੋਂ ਤਕ ਬਿਜਲੀ ਬੋਰਡ ਦੀ ਔਡ—ਮਨਿਸਟਰੇਸ਼ਨ ਦੀ ਗੱਲ ਹੈ ਮੇਰੇ ਕਈ ਕੁਲੀਗਜ਼ ਨੇ ਇਹ ਗੱਲ ਕੀਤੀ ਹੈ, ਮੈਂ ਸਮਝਦਾ ਹਾਂ ਕਿ ਇਸ ਵਿਚ ਜਿਹੜੀਆਂ ਕਮੀਆਂ ਹਨ, ਜਿਹੜੀ ਲੈਕਸਿਟੀ ਹੈ, ਇਸ ਨੂੰ ਸਟ੍ਰੀਮਲਾਈਨ ਕਰਨ ਦੀ ਜ਼ਰੂਰਤ ਹੈ। ਇਸ ਲਈ ਜ਼ਰੂਰੀ ਹੈ ਕਿ ਐਸੇ ਹਾਲਾਤ ਪੈਦਾ ਕੀਤੇ ਜਾਣ They should become responsive to the aspirations of the people. ਇਸ ਵਾਸਤੇ ਅਸੀਂ ਵੀ ਠੋਸ ਧਿਆਨ ਦੇਵਾਂਗੇ। ਔਰ ਇਹ ਵੀ ਕੋਸ਼ਿਸ਼ ਕਰਾਂਗੇ ਕਿ ਰੂਰਲ ਏਰੀਆ ਵਿਚ, ਐਗਰੀਕਲਚਰ ਔਰ ਇੰਡਸਟਰੀ ਨੂੰ ਜ਼ਿਆਦਾ ਬਿਜਲੀ ਮਿਲੇ ।

Mr. Speaker : Question is—

That in para 2, line 3, *for* "Rs. 500 crores" *substitute* "Rs. 600 crores."

The motion was carried.

Mr. Speaker : Now, I put the amended Resolution to the Vote of the House.

Mr. Speaker : Question is—

Whereas in pursuance of the provisions of Sub-section (3) of Section 65 of the Electricity (Supply) Act, 1948 (Central Act No. 54 of 1948) the Govern-

Original with;
Punjab Vidhan Sabha
Digitized by;
Panjab Digital Library

[Mr. Speaker]

ment of Punjab intends to raise the limit of the maximum amount which the Punjab State Electricity Board may, at any time, have on loan under sub-section (1) of Section 65 of the said Act, from the existing limit of Rs. 350 crores fixed with the approval of the Vidhan Sabha — *vide* Government of Punjab, Department of Irrigation and Power Memo No. 10/2/83-IPEI (2),dated the 5th September, 1983, to Rs. 500 crores which can be done by it with the approval of the Punjab Vidhan Sabha ;

Now, therefore, it is resolved and this House does hereby accord its approval to the fixing of the sum of Rs. 600 crores as the maximum amount which the Punjab State Electricity Board may at any time have on loan under sub-section (1) of Section 65 of the Act aforesaid."

The motion was carried unanimously.

LEGISLATIVE BUSINESS

THE PUNJAB PANCHAYAT SAMITIS AND ZILA PARISHADS (TEMPORARY SUPERSESSION) AMENDMENT BILL, 1985

Agriculture and Forests Minister (Captain Amarinder Singh) : Sir, I beg to introduce the Punjab Panchayat Samitis and Zila Parishads (Temporary Supersession) Amendment Bill.

Sir, I also beg to move—

That the Punjab Panchayat Samitis and Zila Parishads (Temporary Supersession) Amendment Bill be taken into consideration at once.

Mr. Speaker ; Motion moved—

That the Punjab Panchayat Samitis and Zila Parishads (Temporary Supersession) Amendment Bill be taken into consideration at once.

ਸ਼੍ਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.) : ਸਪੀਕਰ ਸਾਹਿਬ, ਇਹ ਜਿਹੜਾ ਪੰਚਾਇਤ ਸੰਮਤੀਆਂ ਦਾ ਬਿਲ ਇਥੇ ਹਾਊਸ ਵਿਚ ਇਸ ਨੂੰ ਅਗੇ ਪਾਉਣ ਵਾਸਤੇ ਰਖਿਆ ਗਿਆ ਹੈ, ਇਸ ਬਾਰੇ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਚਾਇਤੀ ਰਾਜ ਸਿਸਟਮ ਨੂੰ ਪੰਜਾਬ ਵਿਚ ਅਤੇ ਸਾਰੇ ਦੇਸ਼ ਵਿਚ ਸਾਡੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਲਾਗੂ ਕੀਤਾ ਸੀ। ਇਹ ਇਕ ਥਰੀ ਟਾਇਰ ਸਿਸਟਮ ਹੈ। ਇਸ ਨੇ ਪੰਜਾਬ ਦੀ ਡਿਵੈਲਪਮੈਂਟ ਵਿਚ ਬਹੁਤ ਚੰਗਾ ਰੋਲ ਅਦਾ ਕੀਤਾ ਹੈ। ਸਰਦਾਰ ਬਲਵੰਤ ਸਿੰਘ ਵੀ ਇਸ ਮਹਿਕਮੇ ਵਿਚ ਕੰਮ ਕਰਦੇ ਰਹੇ ਹਨ। ਪੰਚਾਇਤ ਸੰਮਤੀਆਂ ਦਾ ਰੋਲ ਪੰਜਾਬ ਦੀ ਤਰੱਕੀ ਵਿਚ ਬਹੁਤ ਵੱਡਾ ਰੋਲ ਹੈ। ਜਦੋਂ 1977 ਵਿਚ ਅਕਾਲੀ ਪਾਰਟੀ ਦੀ ਸਰਕਾਰ ਆਈ ਸੀ ਇਹ ਪੰਚਾਇਤ ਸੰਮਤੀਆਂ ਨੂੰ ਤੋੜ ਦਿੱਤਾ ਗਿਆ ਸੀ ਅਤੇ ਉਸ ਤੋਂ ਬਾਦ ਇਹ ਪੰਚਾਇਤ ਸੰਮਤੀਆਂ ਬਣ ਨਹੀਂ ਸਕੀਆਂ। ਭਾਵੇਂ ਪੰਚਾਇਤਾਂ ਦੀਆਂ ਚੋਣਾਂ ਹੋ ਚੁੱਕੀਆਂ ਹਨ ਅਤੇ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਹਾਲੇ ਰਹਿੰਦੀਆਂ ਹਨ। ਇਸ ਦੀਆਂ ਚੋਣਾਂ ਹੋ ਜਾਣ ਦੇ ਨਾਲ ਇਹ ਤਾਕਤ ਪਿੰਡਾਂ ਦੀ ਲੀਡਰਸ਼ਿਪ ਦੇ ਹੱਥ ਆ ਵੇਗੀ ਅਤੇ ਇਸ ਦੇ ਨਾਲ ਪੰਚ ਅਤੇ ਸਰਪੰਚ ਬਨਣਗੇ ਅਤੇ ਇਹ ਪਿੰਡਾਂ ਦੇ ਛੋਟੇ ਲੀਡਰ ਪਿੰਡਾਂ ਦੀ ਡਿਵੈਲਪਮੈਂਟ ਵਿਚ ਆਪਣਾ ਆਪਣਾ ਹਿੱਸਾ ਪਾਉਣਗੇ। ਸਪੀਕਰ ਸਾਹਿਬ, ਇਸ ਦੇ ਵਿਚ ਇਕ ਬੜਾ ਅੱਛਾ ਸਿਸਟਮ ਸੀ ਕਿ ਇੱਕ ਦਫਤਰ ਦੇ ਵਿਚ ਐਗਰੀਕਲਚਰ ਇੰਸਪੈਕਟਰਜ਼, ਕੋਆਪਰੇਟਿਵ ਇੰਸਪੈਕਟਰਜ਼, ਬਲਾਕ ਡਿਵੈਲਪਮੈਂਟ ਅਫਸਰ ਅਤੇ ਬਲਾਕ ਐਜੂਕੇਸ਼ਨ ਅਫ਼ਸਰ ਬੈਠਦਾ ਸੀ ।

ਸ਼੍ਰੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਚੇਅਰ ਨੂੰ ਐਡਰੈਸ ਕਰੋ ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਇਸ ਸਿਸਟਮ ਦੇ ਨਾਲ ਪਿੰਡਾਂ ਦੇ ਕੰਮ ਕਾਰ ਵਿਚ ਤੇਜ਼ੀ ਆਉਂਦੀ ਸੀ। ਪਿੰਡਾਂ ਦੇ ਪੰਚਾਂ ਅਤੇ ਸਰਪੰਚਾਂ ਅਤੇ ਗਰੀਬ ਮਜ਼ਦੂਰਾਂ ਨੂੰ ਬਲਾਕ ਵਿਚ ਜਿਹੜਾ ਵੀ ਕੰਮ ਪੈਂਦਾ ਸੀ ਉਹ ਇਕੋ ਦਫਤਰ ਵਿਚ ਜਾ ਕੇ ਹੋ ਜਾਂਦਾ ਸੀ। ਇਹ ਸਿਸਟਮ ਦੁਬਾਰਾ ਲਾਗੂ ਕੀਤਾ ਜਾਵੇ। ਇਸ ਦਾ ਪੰਜਾਬ ਦੀ ਐਗਰੀਕਲਚਰ ਪਰੋਡੱਕਸ਼ਨ ਵਿਚ ਬਹੁਤ ਵੱਡਾ ਰੋਲ ਹੈ। ਅਕਾਲੀ ਪਾਰਟੀ ਦੀ ਸਰਕਾਰ ਆਈ ਹੈ ਅਤੇ ਇਨ੍ਹਾਂ ਨੂੰ ਬਿਨਾਂ ਕਿਸੇ ਝਿਜਕ ਦੇ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਜਲਦੀ ਕਰਵਾ ਦੇਣੀਆਂ ਚਾਹੀਦੀਆਂ ਹਨ। ਅਗਲੀ ਗੱਲ ਇਹ ਹੈ ਕਿ ਪੰਚਾਇਤ ਸੰਮਤੀਆਂ ਦੇ ਵਿਚ ਪੰਚਾਇਤ ਸੈਕਟਰੀ ਦੀ ਪੋਸਟ ਹੈ ਜਿਸ ਦੀ ਸਰਵਿਸ ਹਾਲੇ ਤੱਕ ਪਰੋਵਿੰਸ਼ੀਅਲਾਈਜ਼ ਨਹੀਂ ਸਰਕਾਰ ਵਲੋਂ ਕੀਤੀ ਗਈ ਅਤੇ ਉਹ ਆਪਣੀ ਤਨਖਾਹ ਪੰਚਾਇਤ ਸੰਮਤੀ ਦੇ ਫੰਡਾਂ ਵਿਚੋਂ ਲੈਂਦਾ ਹੈ ਜਾਂ ਫਿਰ ਉਹ ਜਿਹੜੀ ਥੋੜੀ ਬਹੁਤ ਆਮਦਨੀ ਹੁੰਦੀ ਹੈ ਜਾਂ ਹਾਊਸ ਟੈਕਸ ਇਕੱਠਾ ਹੁੰਦਾ ਹੈ ਜਾਂ ਫਿਰ ਪੰਜਾਬ ਸਰਕਾਰ ਵਲੋਂ ਜਿਹੜੀ ਉਸ ਨੂੰ ਗ੍ਰਾਂਟ ਮਿਲਦੀ ਹੈ ਉਸ ਦੇ ਵਿਚੋਂ ਤਨਖਾਹ ਲੈਂਦਾ ਹੈ ਅਤੇ ਉਸ ਦਾ ਬਹੁਤ ਸਾਰਾ ਹਿੱਸਾ ਪੰਚਾਇਤ ਸੰਮਤੀ ਦੀ ਆਮਦਨੀ ਵਿਚੋਂ ਤਨਖਾਹ ਦੇ ਤੌਰ ਤੇ ਚਲਿਆ ਜਾਂਦਾ ਹੈ। ਇਸ ਲਈ ਸਰਕਾਰ ਨੂੰ ਇਸ ਦੀਆਂ ਪੋਸ਼ਟਾਂ ਨੂੰ ਪਰੋਵਿੰਸ਼ੀਅਲਾਈਜ਼ ਕਰ ਦੇਣਾ ਚਾਹੀਦਾ ਹੈ। ਅਤੇ ਇਨ੍ਹਾਂ ਨੂੰ ਸਰਕਾਰੀ ਬਣਾਇਆ ਜਾਵੇ। ਅਤੇ ਇਨ੍ਹਾਂ ਦਾ ਬੋਝ ਪੰਚਾਇਤ ਸੰਮਤੀਆਂ ਤੋਂ ਦੂਰ ਕੀਤਾ ਜਾਵੇ। ਇਸੇ ਤਰ੍ਹਾਂ ਪਿੰਡਾਂ ਵਿਚ ਗ੍ਰਾਮ ਸੇਵਕਾਂ, ਪਟਵਾਰੀ ਦੀਆਂ ਪੋਸਟਾਂ ਹਨ। ਇਹ ਤਿੰਨਾਂ ਮਹਿਕਮਿਆਂ ਦੀਆਂ ਪੋਸਟਾਂ ਵਿਚ ਸਾਂਝ ਹੋਣੀ ਚਾਹੀਦੀ ਹੈ ਤਾਕਿ ਕੰਮ ਜਲਦੀ ਹੋ ਸਕਣ ਅਤੇ ਪੰਚਾਇਤ ਸੰਮਤੀਆਂ ਦਾ ਕੰਮ ਅੱਛੇ ਢੰਗ ਨਾਲ ਚਲ ਸਕੇ। ਸਪੀਕਰ ਸਾਹਿਬ, ਜਿਹੜੀਆਂ ਪੰਜਾਬ ਵਿਚ ਪੰਚਾਇਤਾਂ ਹਨ ਇਨ੍ਹਾਂ ਪਾਸ ਆਪਣੀ ਤਰੱਕੀ ਵਾਸਤੇ ਫੰਡਜ਼ ਨਹੀਂ ਹਨ ਅੌਰ ਪੈਸੇ ਦੀ ਕਮੀ ਕਰਕੇ ਇਹ ਆਪਣੀ ਪੂਰੀ ਤਰੱਕੀ ਨਹੀਂ ਕਰ ਸਕਦੇ। ਇਸ ਲਈ ਸਰਕਾਰ ਨੂੰ ਇਨ੍ਹਾਂ ਪੰਚਾਇਤਾਂ ਨੂੰ ਵੱਧ ਤੋਂ ਵੱਧ ਪੈਸਾ ਦੇਣਾ ਚਾਹੀਦਾ ਹੈ। ਜਿਸ ਤਰ੍ਹਾਂ ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨਾ। ਇਸ ਉਤੇ ਜਿਹੜਾ ਪਿਛਲੀ ਸਰਕਾਰ ਅਤੇ ਗਵਰਨਰੀ ਰਾਜ ਵਿਚ ਕੰਮ ਚਲਦਾ ਰਿਹਾ ਹੈ ਇਸ ਨੂੰ ਸਰਕਾਰ ਚਾਲੂ ਰੱਖੇ ਅਤੇ ਪਿੰਡਾਂ ਨੂੰ ਇਨ੍ਹਾਂ ਕੰਮਾਂ ਵਾਸਤੇ ਹੋਰ ਗ੍ਰਾਂਟਾਂ ਦਿੱਤੀਆਂ ਜਾਣ ਤਾਕਿ ਜਿਸ ਤਰ੍ਹਾਂ ਬਰਨਾਲਾ ਸਾਹਿਬ ਨੇ ਕਿਹਾ ਸੀ ਕਿ ਅਸੀਂ ਪਿੰਡਾਂ ਨੂੰ ਕਾਫੀ ਰਾਹਿਤ ਦੇਵਾਂਗੇ ਅਤੇ ਇਹ ਗ੍ਰਾਂਟ ਦੇ ਕੇ ਉਨ੍ਹਾਂ ਦੀ ਤਰੱਕੀ ਹੋਰ ਕੀਤੀ ਜਾਵੇ। ਇਸ ਦੇ ਨਾਲ ਪਿੰਡਾਂ ਵਿਚੋਂ ਗੰਦਗੀ ਦੂਰ ਹੋਵੇਗੀ। ਇਸ ਦੇ ਨਾਲ ਜਿਹੜੀ ਪੰਚਾਇਤੀ ਲੈਂਡ ਹੈ, ਇਸ ਦੀ ਬਹੁਤ ਸਾਰੀ ਲੈਂਡ ਉਤੇਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਇੱਕ ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਦੂਰ ਕੀਤਾ ਜਾਵੇ ਅਤੇ ਇਨ੍ਹਾਂ ਪੰਚਾਇਤੀ ਲੈਂਡ ਦੀ ਨੀਲਾਮੀ ਕੀਤੀ ਜਾਵੇ ਅਤੇ ਨੀਲਾਮੀ ਦੇ ਪੈਸੇ ਨਾਲ ਪਿੰਡਾਂ ਵਾਲੇ ਤਰੱਕੀ ਕਰ ਸਕਣਗੇ। ਇਸ ਲੈਂਡ ਦੀ ਨਿਕਾਸੀਦੇ ਵਿਚੋਂ 2/3 ਹਿੱਸਾ ਬਣਦਾ ਹੈ ਉਹ ਲੈਂਡ ਹਰੀਜਨਾਂ ਦੇ ਵਿਚ ਵੰਡੀ ਜਾਵੇ ਤਾਕਿ ਉਹ ਵੀ ਗਰੀਬ ਹਰੀਜਨ ਇਹ ਜ਼ਮੀਨਾਂ ਠੇਕੇ ਤੇ ਲੈਕੇ ਆਪਣਾ ਗੁਜ਼ਾਰਾ ਕਰ ਸਕਣ। ਸਰਕਾਰ ਇਸ ਗੱਲ ਦੀ ਘੋਖ ਕਰੇ ਕਿ ਜਿਹੜੀਆਂ ਨਜਾਇਜ਼ ਜ਼ਮੀਨਾਂ ਉਤੇ ਨਜਾਇਜ਼ ਕਬਜ਼ੇ ਲੋਕਾਂ ਨੇ ਕੀਤੇ ਹੋਏ ਹਨ ਉਨ੍ਹਾਂ ਨੂੰ ਹਟਾਇਆ ਜਾਵੇ ਅਤੇ 2/3 ਹਿੱਸਾ ਨੀਲਾਮੀ ਵਾਲੀ ਜ਼ਮੀਨ ਦਾ ਹਰੀਜਨਾਂ ਦੇ ਵਿਚ ਵੰਡ ਦਿੱਤਾ ਜਾਵੇ। ਇਸ ਦੇ ਨਾਲ ਜਿਹੜੀ ਸਰਕਾਰ ਦੀ ਮਨਸ਼ਾ ਹੈ ਹਰੀਜਨਾਂ ਦੀ ਮਦੱਦ ਕਰਨ ਦੀ ਉਹ ਵੀ ਪੂਰੀ ਹੋ ਜਾਵੇਗੀ। ਮੇਰੀ ਸਰਕਾਰ ਕੋਲ ਬੇਨਤੀ ਹੈ ਕਿ ਪੰਚਾਇਤ ਸੰਮਤੀਆਂ ਦੀਆਂ ਇਲੈਕਸ਼ਨਾਂ ਜਲਦੀ ਕਰਵਾ ਦਿੱਤੀਆਂ ਜਾਣ।

ਪੰਡਿਤ ਸਰਵਣ ਰਾਮ (ਗੜ੍ਹਸ਼ੰਕਰ) : ਸਪੀਕਰ ਸਾਹਿਬ, ਇਹ ਜਿਹੜਾ ਬਿਲ ਇਕ ਸਾਲ ਲਈ ਅਗੇ ਪਾਇਆ ਜਾ ਰਿਹਾ ਹੈ ਅਤੇ ਇਸ ਵਿਚ ਐਡਮਿਨਿਸਟਰੇਟਰ ਲਗਾਏ ਜਾ ਰਹੇ ਹਨ ਅਤੇ ਤੁਸੀਂ ਇਸ ਵਿਚ ਨੌਮੀਨੇਸ਼ਨ ਵੀ ਕਰਨੀ ਹੈ ਜਿਹੜੀ ਲੋਕਰਾਜੀ ਢਾਂਚੇ ਦੇ ਖਿਲਾਫ ਹੈ। ਸਾਡਾ ਪੰਚਾਇਤੀ ਰਾਜ ਸਿਸਟਮ ਬਹੁਤ ਪੁਰਾਣਾ ਸਿਸਟਮ ਹੈ। ਇਸ ਥਰੀ ਟਾਇਰ ਸਿਸਟਮ ਨੂੰ ਪੰਜਾਬ ਵਿਚ ਲਾਗੂ ਕੀਤਾ ਜਾਵੇ। ਪੰਚਾਇਤ ਸੰਮਤੀ ਅਤੇ ਜ਼ਿਲਾ ਪ੍ਰੀਸ਼ਦ ਦੀਆਂ ਇਲੈਕਸ਼ਨਾਂ ਤੋਂ ਬਾਦ ਇਹ ਤਾਕਤ ਪਿੰਡਾਂ ਦੀ ਲੀਡਰਸ਼ਿਪ ਕੋਲ ਆ ਜਾਵੇਗੀ। ਜਿਥੋਂ ਤੱਕ ਪੰਚਾਇਤ ਸੰਮਤੀਆਂ ਦਾ ਤੁਅੱਲਕ.ਹੈ ਇਸ ਦੇ ਕੰਮ ਕਾਰ ਵਿਚ ਪਿੰਡਾਂ ਦੇ ਲੋਕਾਂ ਨੂੰ ਬਹੁਤ ਜ਼ਿਆਦਾ

Original with;
Punjab Vidhan Sabha
Digitized by
Panjab Digital Library

[ਪੰਡਿਤ ਸਰਵਣ ਰਾਮ]

ਫਾਇਦਾ ਹੋਵੇਗਾ ਅਤੇ ਮਜ਼ਦੂਰਾਂ ਅਤੇ ਗਰੀਬਾਂ ਦੀ ਭਲਾਈ ਵਿਚ ਅਤੇ ਪਿੰਡਾਂ ਦੀ ਡਿਵੈਲਪਮੈਂਟ ਵਿਚ ਹਿੱਸਾ ਪਾ ਸਕਣਗੇ। ਪੰਚਾਇਤੀ ਰਾਜ ਦੇ ਮਹਿਕਮੇ ਦੇ ਅਫਸਰ ਗਰੀਬਾਂ ਦੀਆਂ ਗੱਲਾਂ ਵੀ ਨਹੀਂ ਸੁਣਦੇ ਅਤੇ ਆਪਣੇ ਤੌਰ ਤਰੀਕੇ ਨਾਲ ਕੰਮ ਕਰਦੇ ਹਨ। ਇਸ ਲਈ, ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਦਾ ਕੰਮ ਅਤੇ ਹੋਰ ਡਿਵੈਲਪਮੈਂਟ ਪਿੰਡਾਂ ਦੀ ਹੋ ਸਕੇਗੀ ।

ਸਪੀਕਰ ਸਾਹਿਬ, ਲੋਕ ਰਾਜ ਵਿਚ ਅਸੀਂ ਲੋਕਾਂ ਦੇ ਨੁਮਾਇੰਦੇ ਹਾਂ। ਪੰਚ ਅਤੇ ਸਰਪੰਚ ਲੋਕਾਂ ਦੀਆਂ ਗੱਲਾਂ ਸੁਣ ਕੇ ਪੂਰਾ ਗੌਰ ਕਰਨਗੇ। ਸਪੀਕਰ ਸਾਹਿਬ, ਪਿੰਡਾਂ ਵਿਚ ਪੰਚ ਅਤੇ ਸਰਪੰਚ ਚਾਹੀਦੇ ਹਨ । ਪਿੰਡਾਂ ਵਿਚ ਪੰਚ ਅਤੇ ਸਰਪੰਚ ਨੂੰ ਥਰਡ ਗਰੇਡ ਇੱਟਾਂ ਸਪਲਾਈ ਕਰਦੇ ਹਨ। ਭਾਅ 300 ਰੁਪਏ ਪ੍ਰਤੀ ਹਜ਼ਾਰ ਦਾ ਹੈ ਪਰ ਪੰਚ ਅਤੇ ਸਰਪੰਚ ਨੂੰ 350 ਰੁਪਏ ਪ੍ਰਤੀ ਹਜ਼ਾਰ ਤੋਂ ਉਪਰ ਇੱਟਾਂ ਦਾ ਚਾਰਜ ਕਰਦੇ ਹਨ। ਥਰਡ ਕਲਾਸ ਇੱਟਾਂ ਦਿਤੀਆਂ ਜਾਂਦੀਆਂ ਹਨ। 380—400 ਰੁਪਏ ਪ੍ਰਤੀ ਹਜਾਰ ਦਾ ਭਾਅ ਫਸਟ ਕਲਾਸ ਇੱਟਾਂ ਦਾ ਬਣਦਾ ਹੈ। ਜਦੋਂ ਸਰਪੰਚ ਕਹਿੰਦੇ ਹਨ ਕਿ ਇੱਟਾਂ ਮਾੜੀਆਂ ਹਨ ਤਾਂ ਕਹਿੰਦੇ ਹਨ ਕਿ ਇਹ ਅਫਸਰਾਂ ਦੇ ਹੱਥ ਵਿਚ ਹੈ। ਇਹ ਬਹੁਤ ਮਾੜੀ ਗੱਲ ਹੈ। ਜਨਤਾ ਦੇ ਚੁਣੇ ਹੋਏ ਨੁਮਾਇੰਦੇ ਲਾਜ਼ਮੀ ਤੌਰ ਤੇ ਲੋਕਾਂ ਦੀਆਂ ਗੱਲਾਂ ਸੁਨਣਗੇ। ਪਿੰਡਾਂ ਵਿਚ ਸਰਕਾਰ ਦਾ ਕਾਫੀ ਰੁਪਿਆ ਖਰਚ ਹੋ ਰਿਹਾ ਹੈ। ਇਸ ਤਰ੍ਹਾਂ ਇਸ ਵਿਚ ਕਾਫੀ ਰੁਪਏ ਦੀ ਬੱਚਤ ਹੋ ਸਕਦੀ ਹੈ। ਇਸ ਦਾ ਜ਼ਿਲ੍ਹਾ ਪ੍ਰੀਸ਼ਦਾਂ ਤੇ ਅਸਰ ਪੈਂਦਾ ਹੈ। ਇਸ ਤਰ੍ਹਾਂ ਲੀਡਰਸ਼ਿਪ ਪੈਦਾ ਹੋਵੇਗੀ। ਥੱਲੇ ਪਿੰਡਾਂ ਵਿਚ ਵੀ ਦੇਖਣਾ ਪੈਂਦਾ ਹੈ ਕਿ ਗਰੀਬਾਂ ਨੂੰ ਕਿਸ ਕਿਸ ਚੀਜ਼ ਦੀ ਲੋੜ ਹੈ। ਸਰਕਾਰ ਤੋਂ ਕਿਤਨਾ ਰੁਪਿਆ ਲੈਕੇ ਡਿਵੈਲਪਮੈਂਟ ਵਾਸਤੇ ਗਰੀਬਾਂ ਨੂੰ ਦੇਣਾ ਹੈ। ਮੇਰੇ ਕਈ ਵੀਰਾਂ ਨੇ ਕਿਹਾ ਹੈ ਕਿ ਪਿਛਲੀ ਸਰਕਾਰ ਵੇਲੇ ਵੀ ਸੰਮਤੀਆਂ ਨਹੀਂ ਬਣੀਆਂ। ਇਸ ਦਾ ਇਹ ਮਤਲਬ ਨਹੀਂ ਕਿ ਪਿਛਲੀ ਸਰਕਾਰ ਨੇ ਕੰਮ ਮਾੜਾ ਕੀਤਾ ਹੈ ਜਾਂ ਚੰਗਾ ਕੀਤਾ ਹੈ ।

ਸ਼੍ਰੀ ਸਪੀਕਰ : ਵਾਈਂਡ ਅਪ ਕਰੋ ਜੀ ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਜਿਹੜਾ ਉਥੇ ਸਟਾਫ ਲਗਿਆ ਹੋਇਆ ਹੈ ਉਨ੍ਹਾਂ ਨੂੰ ਪਿੰਡਾਂ ਵਿਚੋਂ ਪੈਸਾ ਇਕੱਠਾ ਕਰਕੇ ਤਨਖਾਹ ਥੋੜ੍ਹੀ ਮੋਟੀ ਦਿਤੀ ਜਾਂਦੀ ਹੈ। ਉਨ੍ਹਾਂ ਨੂੰ ਤਨਖਾਹਾਂ ਸਰਕਾਰੀ ਖਜ਼ਾਨੇ ਵਿਚੋਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਸੰਮਤੀਆਂ ਠੀਕ ਤਰੀਕੇ ਦੇ ਨਾਲ ਕੰਮ ਕਰ ਸਕਣ । ਗਰਾਮ ਸੇਵਕ ਜੋ ਪਿੰਡਾਂ ਵਿਚ ਹਨ, ਉਨ੍ਹਾਂ ਨੂੰ ਕੋਈ ਨਹੀਂ ਪੁਛਦਾ। ਉਹ ਪਿੰਡਾਂ ਵਿਚ ਕਦੇ ਜਾਣ ਜਾਂ ਨਾ ਜਾਣ । ਗਰਾਮ ਸੇਵਕ ਅਤੇ ਦੂਜੇ ਮੁਲਾਜ਼ਮਾਂ ਨੂੰ ਪਿੰਡਾਂ ਵਿਚ ਜਾਣਾ ਚਾਹੀਦਾ ਹੈ। ਮੈਂ, ਸਪੀਕਰ ਸਾਹਿਬ, ਬੇਨਤੀ ਕਰਾਂਗਾ ਕਿ ਸੰਮਤੀਆਂ ਦਾ ਕੰਮ ਜ਼ੀਰੋ ਦੇ ਬਰਾਬਰ ਹੈ। ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਲਦੀ ਤੋਂ ਜਲਦੀ ਇਲੈਕਸ਼ਨਾਂ ਕਰਵਾ ਕੇ, ਇਹ ਸੰਮਤੀਆਂ ਬਣਾਉਣੀਆਂ ਚਾਹੀਦੀਆਂ ਹਨ ਤਾਕਿ ਲੋਕਾਂ ਨੂੰ ਫਾਇਦਾ ਹੋਵੇ।

ਸ਼੍ਰੀ ਸਪੀਕਰ : ਹੁਣ ਵਾਈਂਡ ਅੱਪ ਕਰੋ ਜੀ ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਬਸ ਜੀ। ਜੇਕਰ ਸੰਮਤੀਆਂ ਦੀਆਂ ਇਲੈਕਸ਼ਨਾਂ ਨਾ ਕਰਵਾਈਆਂ ਤਾਂ ਮੈਂ ਸਮਝਦਾ ਹਾਂ ਕਿ ਲੋਕਾਂ ਨਾਲ ਬਹੁਤ ਬੇਇਨਸਾਫੀ ਹੋਵੇਗੀ। ਅਫਸਰਾਂ ਨੂੰ ਪਿੰਡਾਂ ਦੀਆਂ ਔਕੜਾਂ ਦਾ ਨਹੀਂ ਪਤਾ ਹੁੰਦਾ। ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਪਿੰਡਾਂ ਦੀਆਂ ਔਕੜਾਂ ਦਾ ਪਤਾ ਹੁੰਦਾ ਹੈ। ਇਸ ਕਰਕੇ, ਸਪੀਕਰ ਸਾਹਿਬ, ਇਲੈਕਸ਼ਨਾਂ ਲਾਜ਼ਮੀ ਤੌਰ ਤੇ ਹੋਣੀਆਂ ਚਾਹੀਦੀਆਂ ਹਨ। ਛਾਉਣੀ ਵਿਚ ਰੌਲਾ ਪੈਂਦਾ ਸੀ ਕਿ ਸਾਡੀਆਂ ਜ਼ਮੀਨਾਂ ਲੈ ਗਏ। ਇਹ 10—12 ਹਜ਼ਾਰ ਏਕੜ ਜ਼ਮੀਨ ਸੀ । ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਕਰਕੇ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਾਂਗਾ ਕਿ ਇਲੈਕਸ਼ਨਾਂ ਕਰਾ ਲੈਣੀਆਂ ਚਾਹੀਦੀਆਂ ਹਨ।

Original with;
Punjab Vidhan Sabha
Digitized by;
Panjab Digital Library

ਖੇਤੀਬਾੜੀ ਅਤੇ ਜੰਗਲਾਤ ਮੰਤਰੀ (ਕੈਪਟਨ ਅਮਰਿੰਦਰ ਸਿੰਘ): ਸਪੀਕਰ ਸਾਹਿਬ, ਮੈਂ ਇਸ ਬਾਰੇ ਕੁੱਝ ਇਤਿਹਾਸਕ ਤੌਰ ਤੇ ਕਹਿਣਾ ਚਾਹੁੰਦਾ ਹਾਂ। ਵੈਸੇ ਤਾਂ ਕਹਿਣ ਦੀ ਜ਼ਿਆਦਾ ਲੋੜ ਨਹੀਂ ਪੈਂਦੀ ਕਿਉਂਕਿ ਅਸੀਂ ਸਾਰੇ ਸਿਆਸਤ ਨਾਲ ਸਬੰਧ ਰਖਦੇ ਹਾਂ। ਇਥੇ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਜ਼ਿਕਰ ਕਰਨਾ ਚਾਹੁੰਦਾ ਹਾਂ। 1978 ਵਿਚ ਜਦੋਂ ਚੋਣਾਂ ਪੰਚਾਇਤਾਂ ਦੀਆਂ ਹੋਈਆਂ ਸੀ ਤਾਂ ਕਈ ਪੰਚ ਅਤੇ ਸਰਪੰਚ ਹਾਰ ਗਏ। ਉਸ ਦਾ ਕਾਰਨ ਸੀ ਕਿ ਸੰਮਤੀਆਂ ਦਾ ਢੰਗ ਹੀ ਬਦਲਿਆ ਜਾ ਰਿਹਾ ਸੀ, ਜਿਸ ਕਰਕੇ ਇਹ ਸੁਪਰਸੀਡ ਕਰਨੀਆਂ ਪਈਆਂ ਸਨ। ਜਦੋਂ ਇਸ ਤੋਂ ਬਾਅਦ ਕੁੱਝ ਧਿਆਨ ਆਇਆ ਕਿ ਇਹ ਦੋਬਾਰਾ ਬਣਾਈਆਂ ਜਾਣ, ਤਾਂ, ਸਪੀਕਰ ਸਾਹਿਬ, ਇਸ ਬਾਰੇ ਅਸ਼ੋਕ ਮਹਿਤਾ ਕਮੇਟੀ ਮੁਕੱਰਰ ਕੀਤੀ ਗਈ ਸੀ। ਅਸ਼ੋਕ ਮਹਿਤਾ ਕਮੇਟੀ ਦੀ ਰਿਪੋਰਟ ਬਾਰੇ ਸਰਕਾਰ ਨੂੰ ਇੰਤਜ਼ਾਰ ਕਰਨੀ ਪਈ। ਉਸ ਤੋਂ ਬਾਅਦ 1980 ਵਿਚ ਸਰਕਾਰ ਬਦਲਣ ਦੇ ਨਾਲ ਹੀ ਜ਼ਿੰਮੇਵਾਰੀ ਆਈ ਕਿ ਪੰਚਾਇਤਾਂ ਅਤੇ ਸੰਮਤੀਆਂ ਦੀਆਂ ਇਲੈਕਸ਼ਨਾਂ ਹੋਣ। ਲੇਕਿਨ ਇਕ ਸਾਲ ਲਈ ਸਮਾਂ ਵਧਾਇਆ ਗਿਆ। ਉਸ ਤੋਂ ਬਾਅਦ, ਸਪੀਕਰ ਸਾਹਿਬ, ਪੰਜਾਬ ਦੇ ਹਾਲਾਤ ਐਸੇ ਬਣ ਗਏ ਜਿਨ੍ਹਾਂ ਕਰਕੇ ਇਲੈਕਸ਼ਨਾਂ ਨਹੀਂ ਹੋ ਸਕੀਆਂ। ਸਪੀਕਰ ਸਾਹਿਬ, 11 ਅਕਤੂਬਰ, 1985 ਨੂੰ ਮਿਆਦ ਖਤਮ ਹੋਣੀ ਸੀ। ਫਿਰ ਸਾਨੂੰ ਆਰਡੀਨੈਂਸ ਜਾਰੀ ਕਰਨਾ ਪਿਆ, ਜਿਸ ਕਰਕੇ ਅਸੀਂ ਇਹ ਬਿਲ ਲੈ ਕੇ ਆਏ ਹਾਂ। ਸਪੀਕਰ ਸਾਹਿਬ, ਅਸੀਂ ਇਕ ਸਾਲ ਦੀ ਹੋਰ ਐਕਸਟੈਨਸ਼ਨ ਮੰਗੀ ਹੈ ਕਿਉਂਕਿ ਇਲੈਕਸ਼ਨ ਦਾ ਪਰੋਸੈਸ ਕਾਫੀ ਲੰਬਾ ਹੈ। ਇਸ ਤੋਂ ਬਾਅਦ ਸਾਡੀ ਸਰਕਾਰ ਫੈਸਲਾ ਕਰੇਗੀ ਕਿ ਕਦੋਂ ਇਲੈਕਸ਼ਨਾਂ ਕਰਵਾਉਣੀਆਂ ਹਨ। ਸਪੀਕਰ ਸਾਹਿਬ, ਅਸੀਂ ਜਮਹੂਰੀਅਤ ਵਿਚ ਪੂਰਾ ਵਿਸ਼ਵਾਸ ਰਖਦੇ ਹਾਂ। (ਥੰਪਿੰਗ) ਇਸ ਤੋਂ ਬਾਅਦ ਅਸੀਂ ਕੋਈ ਇਲੈਕਸ਼ਨਾਂ ਦੀ ਤਾਰੀਖ ਮੁਕੱਰਰ ਕਰਨੀ ਹੈ। ਸਪੀਕਰ ਸਾਹਿਬ, ਇਥੇ ਇਸ ਬਾਰੇ ਕੁਝ ਸਵਾਲ ਉਠਾਏ ਹਨ, ਮੈਂ ਉਨ੍ਹਾਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਸੀ.ਐਮ. ਸਾਹਿਬ ਨੇ ਆਪਣੇ ਕੱਲ੍ਹ ਦੇ ਗਵਰਨਰ ਸਾਹਿਬ ਦੇ ਐਡਰੈਸ ਦਾ ਜਵਾਬ ਦਿੰਦੇ ਹੋਏ, ਰੂਰਲ ਡਿਵੈਲਪਮੈਂਟ ਵਾਸਤੇ ਕੁਝ ਗੱਲਾਂ ਕਹੀਆਂ ਸਨ। ਪਿੰਡਾਂ ਵਿਚ ਫੋਕਲ ਪੁਆਇੰਟ ਦੀ ਸਕੀਮ ਦੁਬਾਰਾ ਚਲ ਰਹੀ ਹੈ। ਇਸ ਬਾਰੇ ਸਾਰਾ ਕੁਝ ਦੱਸਿਆ ਹੋਇਆ ਹੈ। ਸਾਡਾ ਧਿਆਨ ਹੀ ,ਸਪੀਕਰ ਸਾਹਿਬ, ਇਧਰ ਹੈ ਕਿ ਪਿੰਡਾਂ ਵਿਚ ਤਰੱਕੀ ਅਸੀਂ ਬਹੁਤ ਤੇਜ਼ੀ ਨਾਲ ਸ਼ੁਰੂ ਕਰੀਏ। ਇਕ ਤਾਂ ਮੈਂ ਸ਼ਾਮਲਾਤ ਲੈਂਡ ਬਾਰੇ ਕਹਿਣਾ ਚਾਹੁੰਦਾ ਹਾਂ ਕਿ, ਸਪੀਕਰ ਸਾਹਿਬ, ਜਿਹੜੇ ਕੇਸਿਜ਼ ਰਜਿਸਟਰਡ ਹੋਏ ਹਨ 1980 ਤੋਂ ਲੈ ਕੇ 1986 ਤਕ ਕੁੱਲ ਸਾਢੇ ਸੱਤ ਹਜ਼ਾਰ ਏਕੜ ਜ਼ਮੀਨ ਲਿਤੀ ਗਈ ਹੈ। ਬਾਕੀ ਕੇਸਾਂ ਨੂੰ ਅਸੀਂ ਪਰਸਿਊ ਕਰ ਰਹੇ ਹਾਂ ਜਿਸ ਦੇ ਨਤੀਜੇ ਜਲਦੀ ਨਿਕਲਣਗੇ। ਦੂਸਰਾ, ਸਪੀਕਰ ਸਾਹਿਬ, ਜਿਹੜਾ ਇਥੇ ਕਿਹਾ ਗਿਆ ਹੈ ਕਿ ਹਰੀਜਨਾਂ ਨੂੰ ਜ਼ਮੀਨ ਘੱਟ ਦਿਤੀ ਗਈ ਹੈ ਇਹ ਬਿਲਕੁਲ ਗਲਤ ਹੈ। ਇਹ ਬਿਲਕੁਲ ਵੀ ਠੀਕ ਨਹੀਂ ਹੈ। ਇਕ ਰੂਲ 6-ਏ ਹੈ, ਪੰਜਾਬ ਲੈਂਡ ਰੈਗੂਲੇਸ਼ਨ 1964 ਹੈ। ਉਸ ਰੂਲ ਦੇ ਹੇਠਾਂ ਜ਼ਮੀਨ ਦਿਤੀ ਜਾਂਦੀ ਹੈ। ਸਪੀਕਰ ਸਾਹਿਬ, 1984-85 ਵਿਚ 1 ਲੱਖ 56 ਹਜ਼ਾਰ ਏਕੜ ਜ਼ਮੀਨ ਵਿਚੋਂ 44,900 ਏਕੜ ਜ਼ਮੀਨ ਹਰੀਜਨਾਂ ਨੂੰ ਦਿਤੀ ਗਈ ਅਤੇ 1985-86 ਵਿਚ 1 ਲੱਖ 48 ਹਜ਼ਾਰ ਵਿਚੋਂ 43 ਹਜ਼ਾਰ ਏਕੜ ਜ਼ਮੀਨ ਦਿਤੀ ਗਈ ਹੈ।

ਸਪੀਕਰ ਸਾਹਿਬ, ਜਦੋਂ ਕੋਈ ਹਰੀਜਨ ਬਿਡਰ ਨਾ ਹੋਣ ਤਾਂ ਓਪਨ ਬਿਡ ਕੀਤੀ ਜਾ ਸਕਦੀ ਹੈ। ਇਥੇ ਇਕ ਜ਼ਿਕਰ ਸੰਮਤੀਆਂ ਦੇ ਡੈਫਿਸਿਟ ਬਜਟ ਦਾ ਹੋਇਆ ਸੀ। ਉਸਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਵੀ ਸੰਮਤੀਆਂ ਦਾ ਡੈਫਿਸਿਟ ਬਜਟ ਹੋਇਆ, ਉਥੇ ਹੀ ਗੌਰਮਿੰਟ ਗਰਾਂਟ ਦੇਂਦੀ ਹੈ ਤਾਕਿ ਡੈਫੀਸ਼ੈਂਸੀ ਨਾ ਰਹੇ। ਇਹ ਗੱਲ ਮੈਂ ਫੇਰ ਦੁਹਰਾਉਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਡੈਮੋਕਰੈਟਿਕ ਪ੍ਰਾਸੈਸ ਹੈ, ਸਾਡੀ ਪਾਰਟੀ ਇਸਨੂੰ ਕਮਿੱਟਿਡ ਹੈ ਅਤੇ ਅਸੀਂ ਜਦੋਂ ਵੀ ਕੋਈ ਤਾਰੀਖ ਦਾ ਫੈਸਲਾ ਹੋ ਗਿਆ, ਤਾਂ ਜ਼ਰੂਰ ਇਸਦਾ ਅਲਾਨ ਕਰਾਵਾਂਗੇ ਅਤੇ ਪੰਚਾਇਤਾਂ, ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀਆਂ ਇਲੈਕਸ਼ਨਾਂ ਜਲਦੀ ਤੋਂ ਜਲਦੀ ਕਰਵਾਂਗੇ ਤਾਕਿ ਡੈਮੋਕਰੈਟਿਕ ਪ੍ਰਾਸੈਸ ਸ਼ੁਰੂ ਹੋਵੇ।

Mr. Speaker : Question is—

That the Punjab Panchayat Samitis and Zila Parishads (Temporary Supersession) Amendment Bill be taken into consideration at once.

The motion was carried.

Original with;
Punjab Vidhan Sabha
Digitized by;
Panjab Digital Library

Mr. Speaker : Now the House will proceed to consider the Bill Clause by Clause.

Mr. Speaker : Is it the pleasure of the House that all the clauses of the Bill be put together to the vote of the House ?

(Voices: yes, yes.)

Sub-clause (2) of Clause 1, Clause 2, Clause 3 and Sub-clause (1) of Clause 1.

Mr. Speaker : Question is—

That Sub-Clause (2) of Clause 1, Clause 2, Clause 3 and Sub-Clause (1) of Clause 1 stand part of the Bill.

The motion was carried

TITLE

Mr. Speaker : Question is—

That Title be the Title of the Bill.

The motion was carried.

Agriculture and Forests Minister (Captain Amarinder Singh) : Sir, I beg to move—

That the Punjab Panchayat Samitis and Zila Parishads (Temporary Super-session) Amendment Bill be passed.

Mr Speaker : Motion moved—

That the Punjab Panchayat Samitis and Zila Parishads (Temporary Super-session) Amendment Bill be passed.

Mr. Speaker: Question is—

That the Punjab Panchayat Samitis and Zila Parishads (Temporary Super-session) Amendment Bill be passed.

The motion was carried,

THE PUNJAB AGRICULTURAL PRODUCE MARKETS (AMENDMENT) BILL, 1985

Agriculture and Forests Minister (Captain Amarinder Singh): Sir, I beg to introduce the Punjab Agricultural Produce Markets (Amendment) Bill.

Sir, I also beg to move—

That the Punjab Agricultural Produce Markets (Amendment) Bill be taken into consideration at once.

Mr. Speaker : Motion moved—

That the Punjab Agricultural Produce Markets (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

ਸਰਦਾਰਨੀ ਗੁਰਬਿੰਦਰ ਕੌਰ ਬਰਾੜ (ਮੁਕਤਸਰ) : ਸਪੀਕਰ ਸਾਹਿਬ, ਇਹ ਜੋ ਬਿਲ ਸਦਨ ਵਿਚ ਲਿਆਂਦਾ ਗਿਆ ਹੈ, ਮੈਂ ਇਸਦੇ ਸਬੰਧ ਵਿੱਚ ਚੰਦ ਲਫਜ਼ ਕਹਿਣਾ ਚਾਹੁੰਦੀ ਹਾਂ। 1961 ਵਿੱਚ ਇਹ ਪੰਜਾਬ ਐਗਰੀਕਲਚਰਲ ਪਰੋਡਿਊਸ ਮਾਰਕੀਟਸ ਬਿਲ ਪਾਸ ਹੋਇਆ ਅਤੇ ਉਸਦੇ ਵਿੱਚ ਇਲੈਕਸ਼ਨਾਂ ਦੇ ਬਾਰੇ ਬੜਾ ਖੁੱਲ੍ਹ ਕੇ ਦਿੱਤਾ ਗਿਆ ਹੈ ਅਤੇ ਸਾਰਾ ਪ੍ਰਾਸੈਸ ਦੱਸਿਆ ਗਿਆ ਹੈ The Act with the Rules is self-contained code which governs the entire process of election. ਹਾਲਾਂਕਿ ਇਹ ਮਾਰਕਿਟ ਕਮੇਟੀਆਂ ਦੀਆਂ ਇਲੈਕਸ਼ਨਾਂ ਹਨ, ਇਨ੍ਹਾਂ ਵਿੱਚ ਪੈਟੀਸ਼ਨ ਵੀ ਅਲਾਊਡ ਹੈ। ਅਗਰ ਕੋਈ ਵੋਟਰ ਇਹ ਫੀਲ ਕਰੇ ਕਿ ਕੁਰੱਪਟ ਪਰੈਕਟਿਸਿਜ਼ ਹੋਈਆਂ ਹਨ ਜਾਂ ਕੋਈ ਹੋਰ ਮੈਟੀਰੀਅਲ ਇਰ-ਰੈਗੁਲੈਰਿਟੀਜ਼ ਹੋਈਆਂ ਹਨ, ਉਹ ਪੈਟੀਸ਼ਨ ਪੇਸ਼ ਕਰ ਸਕਦਾ ਹੈ। ਇਹ ਵੀ ਠੀਕ ਹੈ ਕਿ ਇਸ ਵਿੱਚ ਨੌਮੀਨੇਸ਼ਨਾਂ ਵੀ ਹੋ ਸਕਦੀਆਂ ਹਨ। ਪਰ ਸਵਾਲ ਇਹ ਹੈ ਕਿ ਸਾਰਿਆਂ ਨੂੰ ਹੀ ਪਤਾ ਹੈ ਕਿ 12 ਸਤੰਬਰ, 1985 ਅੱਰ 17 ਸਤੰਬਰ, 1985 ਨੂੰ ਪੰਜਾਬ ਅੰਦਰ The State Government issued notification for the election. The entire election programme was promulgated. ਇਥੋਂ ਤੱਕ ਕਿ ਤਾਰੀਖਾਂ ਵੀ ਦਿੱਤੀਆਂ ਗਈਆਂ, ਇਲੈਟੋਰਲ ਰੋਲਜ਼ ਵਾਸਤੇ ਪ੍ਰੋਗਰਾਮ ਵੀ ਬਣਾ ਦਿੱਤਾ ਗਿਆ ਜਿਹੜਾ ਇਸ ਪ੍ਰਕਾਰ ਸੀ ਕਿ 15 ਅਕਤੂਬਰ, 1985 ਤੋਂ 19 ਅਕਤੂਬਰ, 1985 ਤੱਕ ਨੌਮੀਨੇਸ਼ਨ ਪੇਪਰ ਫਾਈਲ ਕਰੋ, ਸਕਰੂਟਨੀ ਆਫ ਨੌਮੀਨੇਸ਼ਨ ਪੇਪਰਜ਼ 21 ਅਕਤੂਬਰ, 1985 ਨੂੰ, ਵਿਦਡਰਾਲ ਆਫ ਨੌਮੀਨੇਸ਼ਨ ਪੇਪਰਜ਼ 24 ਅਕਤੂਬਰ, 1985 ਨੂੰ, ਟੇਕਿੰਗ ਆਫ ਪੋਲ ਇਫ ਨੈਸੈਸਰੀ 15 ਨਵੰਬਰ, 1985 ਨੂੰ ਅਤੇ ਕਾਊਂਟਿੰਗ ਆਫ ਵੋਟਸ ਐਂਡ ਡੈਕਲੇਰੇਸ਼ਨ ਆਫ ਰਿਜ਼ਲਟਸ 16 ਨਵੰਬਰ, 1985 ਨੂੰ ਕਰਨਾ ਸੀ ਲੇਕਿਨ ਸਾਰਿਆਂ ਨੂੰ ਹੀ ਪਤਾ ਹੈ ਕਿ ਸਟੇਟ ਗੌਰਮਿੰਟ ਨੇ ਇਸਨੂੰ ਕਿਸ ਤਰ੍ਹਾਂ ਸਕੱਟਲ ਕਰਕੇ ਖਤਮ ਕਰ ਦਿੱਤਾ ਅਤੇ ਇਕ ਤਾਰ ਭੇਜ ਕੇ ਡਿਪਟੀ ਕਮਿਸ਼ਨਰਜ਼ ਨੂੰ ਸੂਚਿਤ ਕੀਤਾ ਗਿਆ। ਉਹ ਤਾਰ ਮੈਂ ਇਥੇ ਕੋਟ ਕਰਦੀ ਹਾਂ Now it has been decided by the Government to stop the process of election to the Market Committees for the time being। ਸਪੀਕਰ ਸਾਹਿਬ, ਇਹ ਡੈਮੋਕਰੈਟਿਕ ਪ੍ਰਾਸੈਸ ਵਿੱਚ ਇਕ ਬਿਲਕੁਲ ਲੇਟੈਸਟ ਇੰਟਰਫੀਅਰੈਂਸ ਸੀ । 1952 ਵਿੱਚ ਇਕ ਬੜਾ ਮਸ਼ਹੂਰ ਕੇਸ ਸੁਪਰੀਮ ਕੋਰਟ ਵਿੱਚ ਹੋਇਆ ਜਿਸਦੇ ਵਿੱਚ ਉਨ੍ਹਾਂ ਨੇ ਇਹ ਪ੍ਰਿੰਸੀਪਲ ਲੇਅ ਕੀਤਾ ਸੀ ਜਿਹੜਾ ਮੈਂ ਕੋਟ ਕਰਦੀ ਹਾਂ That once an election process has started it should be concluded according to the time schedule. Further the election process cannot be interfered by any authority midway. ਇਸੇ ਤਰ੍ਹਾਂ ਹੀ ਪੰਜਾਬ ਐਂਡ ਹਰਿਆਣਾ ਹਾਈਕੋਰਟ ਨੇ ਵੀ ਇਹ ਪ੍ਰਿੰਸੀਪਲ ਲੈ ਕੇ ਬਾਕੀ ਦੀਆਂ ਜਿਹੜੀਆਂ ਇਲੈਕਸ਼ਨਜ਼ ਹਨ, ਜਿਸ ਤਰ੍ਹਾਂ ਕੋਆਪਰੇਟਿਵ ਸੋਸਾਇਟੀਆਂ ਦੀਆਂ ਅਤੇ ਮਾਰਟਗੇਜ ਬੈਂਕਾਂ ਦੀਆਂ, ਉਥੇ ਇਹੀ ਪ੍ਰਿੰਸੀਪਲ ਯੂਜ਼ ਕੀਤਾ। ਗੌਰਮਿੰਟ ਨੇ ਇਹ ਬਿਲ ਬਿਲਕੁਲ ਟੋਟਲੀ ਅਨਜਸਟੀਫਾਈਡ ਅਤੇ ਇਲਲੀਗਲ ਲਿਆਂਦਾ ਹੈ ਅਤੇ ਇਸਦੇ ਪਿਛੇ ਇਨ੍ਹਾਂ ਦੇ ਕੋਈ ਹੋਰ ਹੀ ਆਬਜੈਕਟਸ ਹਨ। ਅੱਜ ਜਿਹੜਾ ਇਹ ਮਨਿਸਟਰ ਸਾਹਿਬ ਨੇ ਬਿਲ ਨੰਬਰ—2, ਪੀ.ਐਲ.ਏ. ਆਫ 1985, ਦੀ ਪੰਜਾਬ ਐਗਰੀਕਲਚਰਲ ਪਰੋਡਿਊਸ ਮਾਰਕੀਟਸ (ਅਮੈਂਡਮੈਂਟ) ਬਿਲ ਲਿਆਂਦਾ ਹੈ, ਇਸਦੇ ਵਿੱਚ ਇਹ ਕਿਹਾ ਗਿਆ ਹੈ ਕਿ ਕਿਉਂਕਿ ਪੈਡੀ ਦੀ ਇਸ ਵੇਲੇ ਹਾਰਵੈਸਟ ਹੋਣੀ ਹੈ, ਇਸ ਲਈ ਇਹ ਠੀਕ ਟਾਈਮ ਨਹੀਂ ਹੈ ਕਿ ਇਲੈਕਸ਼ਨਾਂ ਕਰਵਾਈਆਂ ਜਾਣ। ਜੇ ਇਹ ਹੁਣ ਨਹੀਂ ਕਰ ਸਕਦੇ ਤਾਂ ਨਾ ਕਰਾਓ ਪਰ ਇਸਨੂੰ ਸਟਾਪ ਤਾਂ ਨਾ ਕਰੋ। ਜਿਹੜਾ ਇਨ੍ਹਾਂ ਨੇ ਏਨੀ ਹੜਬੜੀ ਵਿੱਚ ਬਿਲ ਲਿਆਂਦਾ ਹੈ, ਇਸਦਾ ਜ਼ਰੂਰ ਕੋਈ ਮਕਸਦ ਹੈ। ਅਗਰ ਹੈ, ਤਾਂ ਸਾਹਮਣੇ ਲਿਆਓ ਤਾਕਿ ਸਭ ਨੂੰ ਪਤਾ ਲਗੇ ਕਿ ਤੁਹਾਡਾ ਇਸਦੇ ਬਾਰੇ ਕੀ ਵਿਚਾਰ ਹੈ। ਤੁਹਾਡਾ ਹਾਊਸ ਤੋਂ ਗੱਲ ਲੁਕਾਉਣ ਦਾ ਮਕਸਦ ਕੀ ਹੈ। ਸਪੀਕਰ ਸਾਹਿਬ, ਇਸ ਬਾਰੇ ਅਗਰ ਮੈਂ ਇਹ ਕਹਾਂ ਕਿ ਬਰਨਾਲਾ ਸਾਹਿਬ ਦੀ ਸਰਕਾਰ ਇਲੈਕਸ਼ਨਾਂ ਤੋਂ ਡਰਦੀ ਹੈ ਕਿਉਂਕਿ ਇਹ ਬਿਲ ਸਿਰਫ ਇਲੈਕਸ਼ਨਾਂ ਨਾ ਕਰਾਉਣ ਕਰਕੇ ਹੀ ਹੈ। (ਸ਼ੋਰ)

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਜਦੋਂ ਲੀਡਰ ਆਫ ਦੀ ਹਾਊਸ ਜਾਂ ਲੀਡਰ ਆਫ ਦੀ ਆਪੋਜ਼ੀਸ਼ਨ ਬੋਲ ਰਹੇ ਹੋਣ ਤਾਂ ਇਸ ਹਾਊਸ ਦੀ ਪ੍ਰਥਾ ਰਹੀ ਹੈ ਕਿ ਉਨ੍ਹਾਂ ਨੂੰ ਇੰਟਰੱਪਟ ਨਹੀਂ ਕਰਨਾ ਚਾਹੀਦਾ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਇਲੈਕਸ਼ਨਾਂ ਦੀ ਗੱਲ ਇਨ੍ਹਾਂ ਨੂੰ ਕਿਸ ਤਰ੍ਹਾਂ ਲੱਗੀ ਹੈ। ਜੇ ਇਨ੍ਹਾਂ ਨੂੰ ਕਾਨਫੀਡੈਂਸ ਹੈ ਕਿ ਇਹ ਜਿੱਤ ਕੇ ਆਉਣਗੇ ਤਾਂ ਇਹ ਇਲੈਕਸ਼ਨਾਂ ਕਰਾਉਣ। ਅਸੀਂ ਘੱਟ ਸੀਟਾਂ ਲੈ ਕੇ ਵੀ ਆਉਣ ਨੂੰ ਤਿਆਰ ਹਾਂ। ਸਾਡੀ ਪਾਰਟੀ ਇਸ ਲਈ ਬਿਲਕੁਲ ਤਿਆਰ ਹੈ। ਇਸ ਦੀ ਵਜਾਹ ਹੈ ਕਿ ਜਿਹੜੇ ਮੈਂਬਰ ਇਲੈਕਟ ਹੋ ਕੇ ਆਉਂਦੇ ਹਨ ਉਨ੍ਹਾਂ ਤੇ ਲੋਕ ਵੀ ਕਾਨਫੀਡੈਂਸ ਰਖਦੇ ਹਨ। ਪਰ ਨੌਮੀਨੇਟਿਡ ਮੈਂਬਰ ਇਲੈਕਟਿਡ ਮੈਂਬਰ ਦਾ ਕੋਈ ਸਬਸਟੀਚਿਊਟ ਨਹੀਂ ਹੈ। ਸੋ, ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਮੇਰੀ ਸੀ.ਐਮ. ਸਾਹਿਬ ਨੂੰ ਰਿਕੁਐਸਟ ਹੈ ਕਿ ਇਲੈਕਸ਼ਨਾਂ ਜ਼ਰੂਰ ਕਰਾ ਲੈਣ। ਦੂਸਰਾ, ਮੈਂ ਇਹ ਗੱਲ ਫੇਰ ਵੀ ਕਹਿੰਦੀ ਹਾਂ ਕਿ ਜੇ ਇਨ੍ਹਾਂ ਦੇ ਮਨ ਵਿਚ ਕੋਈ ਗਲ ਹੈ ਤਾਂ ਹਾਊਸ ਦੇ ਸਾਹਮਣੇ ਦਸਣ ਤਾਕਿ ਸਾਰਿਆਂ ਨੂੰ ਪਤਾ ਲਗ ਸਕੇ ਕਿ ਇਹ ਕੀ ਚਾਹੁੰਦੇ ਹਨ। ਕੀ ਇਹ ਨੌਮੀਨੇਸ਼ਨਾਂ ਕਰਕੇ ਹੀ ਵਕਤ ਤਾਂ ਨਹੀਂ ਟਪਾਉਣਾ ਚਾਹੁੰਦੇ। ਫਿਰ, ਸਪੀਕਰ ਸਾਹਿਬ, ਇਲੈਕਸ਼ਨਾਂ ਤਾਂ ਹੀ ਨਹੀਂ ਹੋ ਸਕਦੀਆਂ ਹੁੰਦੀਆਂ ਕਿ ਹਾਲਾਤ ਮਾੜੇ ਹਨ। ਹਾਲਾਤ ਵੀ ਬਿਲਕੁਲ ਠੀਕ ਹਨ। ਹੁਣੇ ਰੀਸੈਂਟਲੀ ਇਲੈਕਸ਼ਨਾਂ ਹੋਈਆਂ ਹਨ ਅਤੇ ਬਰਨਾਲਾ ਸਾਹਿਬ ਦੀ ਸਰਕਾਰ ਬਣੀ ਹੈ ਅਤੇ ਇਹ ਉਸ ਪਾਸੇ ਬੈਠ ਕੇ ਐਨਜੁਆਇ ਕਰ ਰਹੇ ਹਨ। ਸੋ, ਮੇਰੀ ਤਾਂ ਇਹੀ ਅਪੀਲ ਹੈ ਕਿ The present bill is not a healthy piece of legislation and the Government would be well advised to drop it. Thank you.

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਮੈਂ ਸਿਰਫ ਦੋ ਅੱਖਰ ਹੀ ਕਹਿਣਾ ਚਾਹਵਾਂਗਾ। ਮੈਂ ਇਹ ਬਿਲ ਪੜ੍ਹਿਆ ਹੈ, ਇਸ ਵਿਚ ਇਹ ਕਿਤੇ ਨਹੀਂ ਲਿਖਿਆ ਹੋਇਆ ਕਿ ਇਨਡੈਫੀਨਿਟ ਪੀਰੀਅਡ ਵਾਸਤੇ ਇਲੈਕਸ਼ਨਾਂ ਬੰਦ ਕਰ ਦਿੱਤੀਆਂ ਜਾਣਗੀਆਂ ਅਤੇ ਅੱਗੇ ਤੋਂ ਸਾਰੀਆਂ ਮਾਰਕਿਟ ਕਮੇਟੀਆਂ ਨਾਮੀਨੇਟ ਹੀ ਹੋਇਆ ਕਰਨਗੀਆਂ। ਯੇ ਸਬ ਗੁਲ ਇਨਹੀਂ ਕੇ ਖਿਲਾਏ ਹੂਏ ਹੈਂ। ਕਿੰਨਾਂ ਹੀ ਵਕਤ ਹੋ ਗਿਆ, ਇਹ ਲੋਕ ਉਸੇ ਰਾਹ ਤੇ ਹੀ ਤੁਰੇ ਜਾਂਦੇ ਰਹੇ ਸਨ। ਮੈਨੂੰ ਪਤਾ ਹੈ ਕਿ ਸਾਡੀ ਮਿਊਂਸਪਲ ਕਾਰਪੋਰੇਸ਼ਨਜ਼ ਦੇ ਇਲੈਕਸ਼ਨਾਂ ਦੀਆਂ ਡੇਟਸ ਮੁਕੱਰਰ ਹੋ ਗਈਆਂ, ਨਾਮੀਨੇਸ਼ਨਜ਼ ਦਾ ਦਿਨ ਆ ਗਿਆ, ਸਾਰਾ ਕੰਮ ਮੁਕੰਮਲ ਹੋ ਗਿਆ ਪਰ ਇਲੈਕਸ਼ਨ ਹੁੰਦੇ ਹੁੰਦੇ 4 ਸਾਲ ਲੰਘ ਗਏ। ਇਹ ਤੁਹਾਡੇ ਕੀਤੇ ਹੋਏ ਕੰਮ ਹੀ ਹਨ ਮਾਇਆ-ਧਾਰੀਆਂ ਦੇ ਕਿ ਇਹ ਬਿਲ ਲਿਆਉਣ ਦੀ ਲੋੜ ਪਈ। (ਸ਼ੋਰ) ਜੇ ਕੋਈ ਬਹੁਤ ਆਕੜਦਾ ਹੈ ਕਿ ਮੈਂ ਮਾਇਆ-ਧਾਰੀ ਨਹੀਂ, ਮੈਂ ਕੁਰੱਪਸ਼ਨ ਨਹੀਂ ਕੀਤੀ ਤਾਂ ਮੈਂ ਸਾਬਤ ਕਰਕੇ ਦਿਖਾ ਸਕਦਾ ਹਾਂ। ਇਸ ਕਰਕੇ ਬਿਹਤਰ ਇਹੀ ਹੈ ਕਿ ਤੁਸੀਂ ਇਹ ਬਿਲ ਪਾਸ ਹੋਣ ਦਿਓ। ਮੈਂ ਵੀ ਇਸ ਬਿਲ ਨਾਲ ਸਹਿਮਤ ਹਾਂ।

ਸ਼੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ) : ਸਪੀਕਰ ਸਾਹਿਬ, ਮੈਂ ਇਸ ਬਿਲ ਦੀ ਹਮਾਇਤ ਕਰਦਾ ਹਾਂ ਜਿਸ ਰਾਹੀਂ ਅੱਜ ਉਨ੍ਹਾਂ ਮਾਰਕੀਟ ਕਮੇਟੀਆਂ ਦਾ ਕੋਗ ਪੈ ਜਾਏਗਾ ਜੋ ਪਿਛਲੀ ਸਰਕਾਰ ਨੇ ਨਾਮਜ਼ਦ ਕੀਤੀਆਂ ਸਨ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਲੀਡਰ ਆਫ ਦੀ ਆਪੋਜ਼ੀਸ਼ਨ ਜਾਂ ਹੋਰ ਇਧਰ ਬੈਠੇ ਸਾਡੇ ਭਰਾ ਇਹੋ ਜਿਹੇ ਵੇਲੇ ਉਪਦੇਸ਼ਕ ਬਣ ਜਾਂਦੇ ਹਨ, ਜਦੋਂ ਇਹ ਆਪ ਤਾਕਤ ਵਿਚ ਹੁੰਦੇ ਹਨ ਤਾਂ ਉਦੋਂ ਇਨ੍ਹਾਂ ਨੂੰ ਇਹੋ ਜਿਹੀਆਂ ਗੱਲਾਂ ਕਿਉਂ ਨਹੀਂ ਸੁਝਦੀਆਂ ? ਇਹ ਮਾਰਕੀਟ ਕਮੇਟੀਆਂ ਪਿਛਲੇ 5 ਸਾਲ ਕਿਸ

Original with;
Punjab Vidhan Sabha
Digitized by;
Panjab Digital Library

ਢੰਗ ਨਾਲ ਚਲਦੀਆਂ ਰਹੀਆਂ ਹਨ, ਸਭ ਲੋਕਾਂ ਨੂੰ ਇਹ ਪਤਾ ਹੈ। ਇਨ੍ਹਾਂ ਕਮੇਟੀਆਂ ਦਾ ਕਿਸਾਨਾਂ ਨਾਲ ਕਿੰਨਾ ਨੇੜੇ ਦਾ ਸਬੰਧ ਹੁੰਦਾ ਹੈ ਪਰ ਇਨ੍ਹਾਂ ਨੇ ਕਿਸਾਨਾਂ ਦੇ ਭਲੇ ਲਈ ਕੁਝ ਨਹੀਂ ਕੀਤਾ। ਇਹ ਕਮੇਟੀਆਂ ਰੈਜ਼ੋਲਊਸ਼ਨ ਪਾਸ ਕਰਕੇ ਪਿੰਡਾਂ ਵਿਚ ਲਿੰਕ ਰੋਡਜ਼ ਬਣਵਾਉਣ ਵਿਚ ਸਹਾਈ ਹੁੰਦੀਆਂ ਹਨ। ਮੈਂ ਆਪਣੇ ਹਲਕੇ ਦੇ ਬਲਾਕਾਂ ਬਲਾਚੌਰ ਅਤੇ ਸਰੋਆ ਦੀ ਗੱਲ ਕਰਦਾ ਹਾਂ। ਇਥੇ ਪੰਡਿਤ ਸਰਵਣ ਰਾਮ ਵੀ ਬੈਠੇ ਹਨ, ਇਨ੍ਹਾਂ ਦਾ ਵੀ ਇਨ੍ਹਾਂ ਇਲਾਕਿਆਂ ਨਾਲ ਸਬੰਧ ਰਿਹਾ ਹੈ। ਬਲਾਚੌਰ ਮਾਰਕੀਟ ਕਮੇਟੀ ਨੇ ਪਿਛਲੇ ਪੂਰੇ ਪੰਜਾਂ ਸਾਲਾਂ ਵਿਚ 5 ਫੁਟ ਲੰਮੀ ਸੜਕ ਵੀ ਨਹੀਂ ਬਣਾ ਕੇ ਦਿੱਤੀ ਹੈ।

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਮੇਰਾ ਨਾਂ ਲਿਆ ਗਿਆ ਹੈ। ਮੈਂ ਅੱਜ ਤੋਂ 20 ਸਾਲ ਪਹਿਲਾਂ ਪ੍ਰਧਾਨ ਰਿਹਾ ਹਾਂ ਪਰ ਇਹ ਮੈਨੂੰ ਹਾਲੇ ਵੀ ਘੜੀਸੀ ਜਾਂਦੇ ਹਨ (ਹਾਸਾ)। ਇਹ ਗੱਲ ਠੀਕ ਨਹੀਂ ਹੈ। (ਸ਼ੋਰ)

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਇਨਾਂ ਦੀ ਵਰਕਿੰਗ ਦੀ ਗੱਲ ਕਰ ਰਿਹਾ ਸੀ। ਜੇ ਇਨ੍ਹਾਂ ਨੇ ਕੋਈ ਸੜਕ ਬਣਾਈ ਹੈ ਤਾਂ ਉਹ ਇਕ ਆਦਮੀ ਦੇ ਫਾਰਮ ਵਾਸਤੇ ਬਣਾਈ ਹੈ ਜੋ ਕਿ ਮੇਨ ਰੋਡ ਤੋਂ 6 ਕਿਲੋਮੀਟਰ ਦੂਰ ਸੀ। ਸਪੀਕਰ ਸਾਹਿਬ, ਉਸ ਫਾਰਮ ਵਾਸਤੇ ਜਿਹੜੀ ਸੜਕ ਬਣਾਈ ਗਈ ਹੈ, ਉਹ ਰੋਪੜ ਤੋਂ ਬਲਾਚੌਰ ਵਾਲੀ ਸੜਕ ਤੋਂ ਜ਼ਿਆਦਾ ਸ਼ਾਨਦਾਰ ਹੈ। ਮੈਂ ਸਮਝਦਾ ਹਾਂ ਕਿ ਇਹ ਬਿਲ ਪਹਿਲਾਂ ਹੀ ਲੇਟ ਆਇਆ ਹੈ। ਇਹ ਜਲਦੀ ਆ ਜਾਣਾ ਚਾਹੀਦਾ ਸੀ। ਜਿਥੋਂ ਤੱਕ ਇਲੈਕਸ਼ਨ ਦਾ ਸਵਾਲ ਹੈ, ਇਸ ਵੇਲੇ ਸਾਡੀ ਸਰਕਾਰ ਦੇ ਸਾਹਮਣੇ ਸਭ ਤੋਂ ਵੱਡਾ ਮਸਲਾ ਲਾਅ ਐਂਡ ਆਰਡਰ ਦਾ ਹੈ। ਸਭ ਤੋਂ ਪਹਿਲਾਂ ਸਰਕਾਰ ਨੇ ਸੂਬੇ ਵਿਚ ਅਮਨ ਕਾਇਮ ਕਰਨ ਦੀ ਗੱਲ ਸੋਚਣੀ ਹੈ। ਇਸ ਕਰਕੇ ਇਸ ਵੇਲੇ ਇਲੈਕਸ਼ਨ ਦੀ ਗੱਲ ਸੋਚਣੀ ਕੋਈ ਅਹਿਮੀਅਤ ਨਹੀਂ ਰਖਦੀ। ਇਹ ਕਹਿ ਕੇ ਇਸ ਬਿਲ ਦੀ ਹਮਾਇਤ ਕਰਦਾ ਹੋਇਆ ਮੈਂ ਬੈਠਦਾ ਹਾਂ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਇਸ ਬਿਲ ਦੇ ਲਿਆਉਣ ਨਾਲ ਇਤਨੇ ਖਦਸ਼ੇ ਵੱਧ ਗਏ ਹਨ ਕਿ ਲਗਦਾ ਹੈ ਕਿ ਸਾਡਾ ਸਾਰਾ ਪੰਚਾਇਤੀ ਰਾਜ ਸਿਸਟਮ ਉਸੇ ਰਾਹ ਤੇ ਤੁਰ ਪਵੇਗਾ ਜਿਸ ਰਾਹ ਤੇ ਅਸੀਂ ਹੁਣ ਨਾਮਜ਼ਦਗੀ ਵਾਲੇ ਪਾਸੇ ਤੁਰਨ ਲੱਗੇ ਹਾਂ। ਸਪੀਕਰ ਸਾਹਿਬ, ਤੁਹਾਡੀ ਸਰਕਾਰ ਜਦੋਂ ਬਣੀ ਤਾਂ ਤੁਸੀਂ ਇਹ ਕਿਹਾ ਸੀ ਕਿ 15 ਨਵੰਬਰ, ਤੱਕ ਚੋਣਾਂ ਮੁਕੰਮਲ ਕਰ ਦਿਤੀਆਂ ਜਾਣਗੀਆਂ। ਲੋਕਾਂ ਨੇ ਉਸ ਵੇਲੇ ਸੁਖ ਦਾ ਸਾਹ ਲਿਆ ਸੀ ਲੇਕਿਨ ਹੁਣ ਤੁਸੀਂ ਇਨ੍ਹਾਂ ਨੂੰ ਤੋੜਨ ਵੱਲ ਲਗ ਪਏ ਹੋ। ਸਪੀਕਰ ਸਾਹਿਬ, ਇਸ ਤਰੀਕੇ ਨਾਲ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ। ਕਈ ਐਸੀਆਂ ਮਿਸਾਲਾਂ ਸਾਡੇ ਇਲਾਕਿਆਂ ਵਿਚ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਦਾ ਕੰਮਕਾਰ ਤਸੱਲੀਬਖਸ਼ ਨਹੀਂ ਸੀ ਹੋ ਰਿਹਾ। ਫਾਜ਼ਿਲਕਾ ਮਾਰਕੀਟ ਕਮੇਟੀ ਵਿਚ 2—2 ਕਿਲੋਮੀਟਰ ਸੜਕਾਂ ਮਨਜ਼ੂਰ ਹੋਈਆਂ ਹੋਈਆਂ ਹਨ ਅੱਰ ਉਥੇ ਪੈਸਾ ਜ਼ਾਇਆ ਕੀਤਾ ਗਿਆ ਹੈ। ਫਿਰੋਜ਼ਪੁਰ ਫਾਜ਼ਿਲਕਾ ਬਾਰਡਰ ਦਾ ਇਲਾਕਾ ਹੈ। ਇਸ ਇਲਾਕੇ ਦੀਆਂ ਸੜਕਾਂ ਮਾਰਕੀਟ ਕਮੇਟੀਆਂ ਵਲੋਂ ਮੁਕੰਮਲ ਨਹੀਂ ਕੀਤੀਆਂ ਜਾਂਦੀਆਂ। ਜੇ ਕਹੋ ਤਾਂ ਕਹਿੰਦੇ ਸਨ ਕਿ ਮਿਲਟਰੀ ਵਾਲੇ ਨਹੀਂ ਮੰਨਦੇ। ਕਦੇ ਕੁਝ ਕਹਿ ਦਿੰਦੇ ਹਨ ਤੇ ਕਦੇ ਕੁਝ। ਮੈਂ ਬੇਨਤੀ ਕਰਾਂਗਾ ਕਿ ਚੋਣਾਂ ਕਰਵਾਈਆਂ ਜਾਣ ਅਤੇ ਦੂਸਰੇ ਪਾਸੇ ਜਿਥੇ ਸੜਕਾਂ ਨਹੀਂ ਬਣੀਆਂ, ਉਹ ਸੜਕਾਂ ਛੇਤੀ ਬਣਾਈਆ ਜਾਣ।

ਸਰਦਾਰ ਬਲਦੇਵ ਸਿੰਘ ਮਾਨ (ਦਿੜ੍ਹਬਾ) : ਸਪੀਕਰ ਸਾਹਿਬ, ਮੈਂ ਜਦੋਂ ਇਥੇ ਬਹਿਸ ਸੁਣ ਰਿਹਾ ਸੀ ਲੀਡਰ ਆਫ ਦੀ ਆਪੋਜ਼ੀਸ਼ਨ ਦੀ ਤਾਂ ਮੈਨੂੰ ਇਸ ਤਰ੍ਹਾਂ ਲਗ ਰਿਹਾ ਸੀ ਕਿ ਇਨ੍ਹਾਂ ਨੇ ਇਸ ਬਿਲ ਦੇ ਆਬਜੈਕਟਸ ਐਂਡ ਰੀਜ਼ਨਜ਼ ਨਹੀਂ ਪੜ੍ਹੇ। ਮਾਰਕੀਟ ਕਮੇਟੀਆਂ ਦੀ ਮਿਆਦ 11 ਜੂਨ, 1985 ਨੂੰ ਖਤਮ ਹੋ ਗਈ ਸੀ। ਫਿਰ 6 ਮਹੀਨੇ ਦੀ ਮਿਆਦ ਇਨ੍ਹਾਂ ਨੂੰ ਹੋਰ ਦੇ ਦਿੱਤੀ। ਇਹ ਮਿਆਦ 31 ਦਸੰਬਰ ਤੱਕ ਚਲਣੀ ਸੀ। ਇਹ ਮਾਰਕੀਟ ਕਮੇਟੀਆਂ ਆਪਣੇ ਕੰਮਕਾਰ ਵਿਚ ਬਹੁਤ ਘਪਲੇਬਾਜ਼ੀ ਕਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਰਹੀਆਂ ਸਨ। ਕਈ ਆਦਮੀਆਂ ਨੂੰ ਗਲਤ ਨੌਕਰੀਆਂ ਤੇ ਰਖਿਆ ਜਾ ਰਿਹਾ ਸੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਰੋਕਣ ਵਾਸਤੇ ਇਹ ਬਿਲ ਲਿਆਂਦਾ ਗਿਆ ਹੈ। ਇਹ ਬਿਲ ਲਿਆਉਣਾ ਬਹੁਤ ਜ਼ਰੂਰੀ ਸੀ। ਇਸ ਕਰਕੇ ਮੈਂ ਇਸ ਦੀ ਪਰੋੜ੍ਹਤਾ ਕਰਦਾ ਹਾਂ। ਮੈਨੂੰ ਪਤਾ ਨਹੀਂ ਇਸ ਬਾਰੇ ਇਤਨੇ ਖਦਸ਼ੇ ਕਿਉਂ ਪੈਦਾ ਹੋ ਗਏ ਹਨ। ਹਾਲਾਂਕਿ ਇਸ ਵਿਚ ਇਸ ਕਿਸਮ ਦੀ ਕੋਈ ਗੱਲ ਨਹੀਂ। ਹੁਣ ਤਕ ਇਨ੍ਹਾਂ ਕਮੇਟੀਆਂ ਵਿਚ ਜੋ ਘਪਲੇਬਾਜ਼ੀਆਂ ਹੁੰਦੀਆਂ ਰਹੀਆਂ ਹਨ, ਜੇ ਉਨ੍ਹਾਂ ਦੀ ਇਨਕੁਆਰੀ ਕਰਵਾਈ ਜਾਵੇ ਤਾਂ ਸਾਡੇ ਲੋਕਾਂ ਦੇ ਸਾਹਮਣੇ ਬਹੁਤ ਕੁਝ ਆਵੇਗਾ। ਇਸ ਬਿੱਲ ਦੀ ਪਰੋੜ੍ਹਤਾ ਕਰਨ ਤੋਂ ਬਾਅਦ ਮੈਂ ਇਹ ਵੀ ਚਾਹਵਾਂਗਾ ਕਿ ਮਾਰਕੀਟ ਕਮੇਟੀਆਂ ਦਾ ਜਲਦੀ ਗਠਨ ਕੀਤਾ ਜਾਵੇ ਤਾਂ ਜੋ ਲੋਕਾਂ ਦੀ ਜਿਹੜੀ ਡਿਵੈਲਪਮੈਂਟ ਕਾਫੀ ਸਾਲਾਂ ਤੋਂ ਰੁਕੀ ਪਈ ਸੀ, ਉਹ ਹੋ ਸਕੇ ਅਤੇ ਇਹ ਲੋਕ ਪਹਿਲਾਂ ਜਿਹੜੀਆਂ ਗਲਤੀਆਂ ਕਰ ਗਏ ਹਨ, ਉਨ੍ਹਾਂ ਨੂੰ ਛੇਤੀ ਤੋਂ ਛੇਤੀ ਦੂਰ ਕੀਤਾ ਜਾ ਸਕੇ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਸਾਰਿਆਂ ਨੂੰ ਪਤਾ ਹੈ ਕਿ ਇਹ ਮਿਤੀ 11 ਦਸੰਬਰ, 1985 ਨੂੰ ਖਤਮ ਹੋ ਜਾਣੀ ਹੈ, ਇਸ ਲਈ ਗੌਰਮਿੰਟ ਨੇ ਨੋਟੀਫੀਕੇਸ਼ਨ ਜਾਰੀ ਕਰ ਦਿੱਤਾ ਸੀ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜੇਕਰ ਇਕ ਦਫਾ ਇਲੈਕਸ਼ਨਜ਼ ਦਾ ਪਰੋਸੈਸ ਸ਼ੁਰੂ ਹੋ ਜਾਵੇ ਤਾਂ ਫਿਰ ਬੰਦ ਕਰਨਾ ਠੀਕ ਨਹੀਂ ਹੈ।

ਖੇਤੀਬਾੜੀ ਅਤੇ ਜੰਗਲਾਤ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਸਪੀਕਰ ਸਾਹਿਬ, ਇਹ ਜਿਹੜਾ ਮਾਰਕਿਟ ਕਮੇਟੀਆਂ ਦਾ ਬਿਲ ਹੈ ਇਹ ਨਵਾਂ ਬਿਲ ਰਖਿਆ ਗਿਆ ਹੈ। ਇਸ ਸਬੰਧ ਵਿਚ 1982 ਵਿਚ ਤਿੰਨ ਸਾਲਾਂ ਲਈ ਉਦੋਂ ਕਾਂਗਰਸ ਪਾਰਟੀ ਨੇ ਨੌਮੀਨੇਟ ਕੀਤਾ ਸੀ। ਮਿਤੀ 11 ਜੂਨ, 1985 ਨੂੰ ਉਸ ਦੀ ਮਿਆਦ ਖਤਮ ਹੋ ਗਈ ਸੀ। ਫਿਰ 6 ਮਹੀਨਿਆਂ ਲਈ ਹੋਰ ਇਸ ਦੀ ਮਿਆਦ ਵਧਾਈ ਗਈ ਸੀ। ਮਿਤੀ 11 ਦਸੰਬਰ, 1985 ਨੂੰ ਇਹ ਮਿਆਦ ਖਤਮ ਹੋਣੀ ਸੀ। ਉਸ ਵਿਚ ਅਸੀਂ ਇਹ ਜਿਹੜਾ ਫੈਸਲਾ ਕੀਤਾ ਹੈ ਇਹ ਬਿਲ ਲਿਆਉਣ ਦਾ ਉਹ ਇਸ ਕਾਰਣ ਕੀਤਾ ਹੈ ਕਿ ਸਾਨੂੰ ਇਹ ਵੀ ਦੇਖਣਾ ਪੈਂਦਾ ਹੈ ਕਿ ਇਸ ਸੂਬੇ ਵਿਚ ਹਾਲਾਤ ਕਿਹੋ ਜਿਹੇ ਹਨ। ਇਹ ਦੇਖ ਕੇ ਕਾਂਗਰਸ ਪਾਰਟੀ ਨੇ ਉਦੋਂ ਨੌਮੀਨੇਸ਼ਨਾਂ ਕੀਤੀਆਂ ਸਨ ਤਿੰਨ ਸਾਲਾਂ ਲਈ। ਅਸੀਂ ਇੱਕ ਸਾਲ ਮੰਗਦੇ ਹਾਂ ਅੌਰ ਇਸ ਦੇ ਦੌਰਾਨ ਹੀ ਅਸੀਂ ਦੇਖਾਂਗੇ ਕਿ ਹਾਲਾਤ ਕਿਹੋ ਜਿਹੇ ਹਨ। ਅਕਾਰਡ ਹੁਣੇ ਹੀ ਹੋਇਆ ਹੈ। ਅਕਾਰਡ ਦੇ ਕੁਝ ਦੇਰ ਬਾਅਦ ਹਾਲਾਤ ਠੀਕ ਹੋ ਜਾਣ। ਇਹ ਸਾਡੀ ਜ਼ਿੰਮੇਵਾਰੀ ਹੈ। ਤਕਰੀਬਨ 150 ਚੇਅਰਮੈਨ, ਵਾਈਸ ਚੇਅਰਮੈਨ ਅਤੇ ਮੈਂਬਰਜ਼ ਨੇ ਇਸਤੀਫੇ ਦੇ ਦਿੱਤੇ ਹਨ। ਕਈ ਮਾਰਕਿਟ ਕਮੇਟੀਆਂ ਇਸ ਕਰਕੇ ਨਹੀਂ ਚਲ ਰਹੀਆਂ ਕਿ ਉਥੇ ਕੁਰੱਪਸ਼ਨ ਚਾਰਜਿਜ਼ ਲਗੇ ਹੋਏ ਹਨ, ਲੀਗਲ ਪਰੋਸੈਸ ਮਾਰਕਿਟ ਕਮੇਟੀਆਂ ਵਿਚ ਚਲ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਜਲਦੀ ਤੋਂ ਜਲਦੀ ਇਹ ਸੜਕਾਂ ਦਾ ਕੰਮ, ਰੂਰਲ ਡਿਵੈਲਪਮੈਂਟ ਦੇ ਕੰਮ ਚਾਲੂ ਹੋਣ। ਜੋ ਇਹ ਕੰਮ ਪਹਿਲਾਂ ਇਨ੍ਹਾਂ ਕਮੇਟੀਆਂ ਰਾਹੀਂ ਚਲਦੇ ਸਨ ਉਹ ਰੁਕੇ ਹੋਏ ਹਨ। ਅਸੀਂ ਚਾਹੁੰਦੇ ਹਾਂ ਕਿ ਇੱਕ ਬਾਰ ਇਨ੍ਹਾਂ ਕਮੇਟੀਆਂ ਨੂੰ ਤੋੜ ਕੇ ਦੁਬਾਰਾ ਇਹ ਪਰੋਸੈਸ ਡਿਵੈਲਪਮੈਂਟ ਦਾ ਜੋ ਰੁਕਿਆ ਹੋਇਆ ਹੈ ਉਸ ਨੂੰ ਜਲਦੀ ਚਾਲੂ ਕਰੀਏ। ਡੈਮੋਕਰੈਟਿਕ ਪਰਾਸੈਸ ਨੂੰ ਤੋੜਣ ਦਾ ਜਾਂ ਭੰਗ ਕਰਨ ਦਾ ਸਾਡਾ ਕੋਈ ਵਿਚਾਰ ਨਹੀਂ। ਸਾਨੂੰ ਜਮਹੂਰੀਅਤ ਵਿਚ ਪੂਰਾ ਵਿਸ਼ਵਾਸ਼ ਹੈ। ਅਸੀਂ ਇਹ ਚਾਹੁੰਦੇ ਹਾਂ ਕਿ ਜਦੋਂ ਵੇਲਾ ਠੀਕ ਹੋਵੇ ਉਸ ਵੇਲੇ ਉਹ ਵੇਲਾ ਵੇਖ ਕੇ ਇਸ ਸਬੰਧੀ ਕਾਰਵਾਈ ਕਰਵਾਈਏ।

Mr. Speaker : Question is—

That the Punjab Agricultural Produce Markets (Amendment) Bill be taken into consideration at once.

The motion was carried.

Original with;
Punjab Vidhan Sabha
Digitized by;
Panjab Digital Library

Mr. Speaker : Now the House will proceed to consider the Bill Clause by Clause.

(Voices : Please put all the Clauses of the Bill together to the vote of the House.)

Mr. Speaker : Is it the pleasure of the House that all the Clauses of the Bill be put together to the vote of the House ?

(Voices : Yes, Yes.)

Clause 2 and Clause 1

Mr. Speaker : Question is—

That Clause 2 and Clause 1 stand part of the Bill.

The motion was carried.

Title

Mr. Speaker : Question is—

That Title be the Title of the Bill.

The motion was carried.

Agriculture and Forests Minister (Captain Amarinder Singh): Sir, I beg to move :

That the Punjab Agricultural Produce Markets (Amendment) Bill be Passed.

Mr. Speaker: Motion moved—

That the Punjab Agricultural Produce Markets (Amendment) Bill be passed.

Mr. Speaker: Question is—

That the Punjab Agricultural Produce Markets (Amendment) Bill be passed.

The motion was carried.

THE PUNJAB MUNICIPAL (SECOND AMENDMENT) BILL, 1985

Chief Minister (Sardar Surjit Singh Barnala) : Sir, I beg to introduce the Punjab Municipal (Second Amendment) Bill.

Sir, I also beg to move—

That the Punjab Municipal (Second Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

Mr. Speaker ; Motion moved—

That the Punjab Municipal(Second Amendment) Bill be taken into consideration at once.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਸਪੀਕਰ ਸਾਹਿਬ, ਇਸ ਲਈ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਇਨ੍ਹਾਂ ਦੀ ਬਲਾ ਗਲ ਪਾਈ ਹੋਈ ਅੱਜ ਅਸੀਂ ਲਾਹ ਰਹੇ ਹਾਂ। ਇਹ ਲੋਕਾਂ ਵਿਚ ਵਿਸ਼ਵਾਸ ਰਖਣ ਵਾਲੇ ਸੱਜਣ ਕਿਸ ਤਰ੍ਹਾਂ ਨਾਲ ਡਿਕਟੇਟਰਾਨਾ ਗੱਲਾਂ ਕਰਦੇ ਰਹੇ ਹਨ। ਐਮਰਜੈਂਸੀ ਦੇ ਜ਼ਮਾਨੇ ਵਿਚ ਸਦਨ ਦੀ ਮਿਆਦ ਇਨ੍ਹਾਂ ਨੇ 6 ਸਾਲ ਤਕ ਵਧਾ ਲਈ ਸੀ। ਇਨ੍ਹਾਂ ਦੇ ਕੰਮ ਅਜਿਹੇ ਸਨ ਜਿਸ ਨਾਲ ਕਿ ਜਬਰਨ ਸਾਨੂੰ ਇਥੇ ਆਉਣਾ ਪਿਆ ਹੈ। ਸਾਡੇ ਆਨਰੇਬਲ ਮੈਂਬਰ ਸ਼੍ਰੀ ਨੁਸਰਤ ਅਲੀ ਖਾਂ ਨੇ ਪਿੰਡਾਂ ਵਿਚ ਇਨ੍ਹਾਂ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ 'ਅਸੀਂ ਆਏ ਕਿ ਆਏ' ਪਤਾ ਨਹੀਂ ਇਹ ਕਿਸ ਪਾਸੇ ਨੂੰ ਤੁਰੀ ਜਾਂਦੇ ਹਨ। ਜੇਲ੍ਹਾਂ ਤਿਆਰ ਹੋ ਰਹੀਆਂ ਹਨ ਅਤੇ ਉਨ੍ਹਾਂ ਦਾ ਸੁਧਾਰ ਹੋ ਰਿਹਾ ਹੈ ਅਤੇ ਅਫ਼ਸਰ ਨਿਯੁਕਤ ਕੀਤੇ ਜਾ ਰਹੇ ਹਨ। ਇਹ ਮਾਰਕਿਟ ਕਮੇਟੀਆਂ ਅਤੇ ਮਿਉਂਸਪਲ ਕਮੇਟੀਆਂ ਦੀਆਂ ਇਨਕੁਆਇਰੀਆਂ ਬਿਠਾਉਣੀਆਂ ਚਾਹੀਦੀਆਂ ਹਨ। ਇਹ ਚਿੱਟੇ ਕਬੂਤਰ ਲੁੱਟ ਕੇ ਕਿਵੇਂ ਘਰਾਂ ਨੂੰ ਚਲੇ ਜਾਣਗੇ (ਥੰਪਿੰਗ) ਇਨ੍ਹਾਂ ਦੇ ਰਾਸ਼ਟਰਪਤੀ ਨੇ ਸਰਕਾਰ ਦੇ ਸਾਰੇ ਅਧਿਕਾਰ ਲੈ ਲਏ ਸਨ। ਪੰਜਾਬ ਦੇ ਮਸਲਿਆਂ ਦਾ ਫ਼ੈਸਲਾ ਇਹ ਕਹਿੰਦੇ ਸਨ ਕਿ ਅਸੀਂ ਆਪਣੇ ਪੈਨ ਦੀ ਨੋਕ ਨਾਲ ਕਰਾਂਗੇ। ਇਨ੍ਹਾਂ ਨੇ ਇਸ ਦੀ 31 ਦਸੰਬਰ ਤਕ ਮਿਆਦ ਵਧਾ ਲਈ। ਮੈਂ ਅਰਜ਼ ਕਰਾਂਗਾ ਕਿ ਮਿਉਂਸਪਲ ਕਮੇਟੀ, ਗੋਬਿੰਦਗੜ੍ਹ ਦੀ ਇਨਕੁਆਰੀ ਕਰਾ ਲਓ। ਪੰਜਾਬ ਵਿਚ, ਹਿੰਦੁਸਤਾਨ ਵਿਚ ਐਨੀ ਅਮੀਰ ਕਮੇਟੀ ਹੋਰ ਸ਼ਾਇਦ ਕੋਈ ਨਹੀਂ ਹੋਣੀ। ਇਸ ਕਮੇਟੀ ਕੋਲ ਬਹੁਤ ਪੈਸੇ ਸਨ। ਇਹ ਉਸ ਨੂੰ ਲੁੱਟ ਲੁੱਟ ਕੇ ਖਾ ਗਏ। ਜੇਕਰ ਕੋਈ ਫੰਕਸ਼ਨ ਹੋਵੇ ਤਾਂ ਉਸ ਲਈ 500 ਰੁਪਏ ਖਰਚ ਕਰ ਸਕਦੇ ਹਨ। ਪਰ ਉਥੇ ਅਜਿਹੇ ਕੰਮਾਂ ਲਈ ਦੋ ਦੋ ਹਜ਼ਾਰ ਬਲਕਿ 20 ਹਜ਼ਾਰ ਰੁਪਿਆ ਖਰਚ ਹੁੰਦਾ ਰਿਹਾ ਹੈ। 50,000 ਰੁਪਏ ਤਕ ਖਰਚ ਹੁੰਦਾ ਰਿਹਾ ਹੈ, ਪਰ ਇਸ ਸਬੰਧੀ ਕੋਈ ਇਨਕੁਆਇਰੀ ਨਹੀਂ ਹੋਈ ਹੈ। ਮੈਂ ਇਸ ਬਾਰੇ ਲਿਖਤ ਪੜ੍ਹਤ ਵੀ ਕੀਤੀ ਪਰ ਉਸ ਵੇਲੇ ਅਜਿਹਾ ਪਰਧਾਨ ਉਸ ਕਮੇਟੀ ਦਾ ਟਕਰਿਆ ਸੀ ਕਿ ਉਸ ਤੇ ਕੋਈ ਐਕਸ਼ਨ ਨਹੀਂ ਲਿਆ ਗਿਆ। ਇਹ ਦੇਖ ਕੇ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਸਾਰੇ ਪੰਜਾਬ ਦੀਆਂ ਮਿਉਂਸਪਲ ਕਮੇਟੀਆਂ ਬਾਰੇ ਇਨਕੁਆਇਰੀਆਂ ਹੋਣੀਆਂ ਚਾਹੀਦੀਆਂ ਹਨ। ਕਈ ਸ਼ਹਿਰਾਂ ਦਾ ਪਾਣੀ ਰੁਕਿਆ ਪਿਆ ਹੈ, ਪਟਿਆਲਾ ਅੰਦਰ ਬਟਾਲਾ ਵਿਚ ਪਾਣੀ ਰੁਕਿਆ ਹੋਇਆ ਹੈ। ਇਹ ਬੜਾ ਗੈਰ-ਜ਼ਿੰਮੇਵਾਰੀ ਨਾਲ ਕੰਮ ਕੀਤਾ ਗਿਆ ਹੈ। ਇਸ ਮਹਿਕਮੇ ਦੇ ਅਫਸਰ ਸਾਹਿਬਾਨ ਗਲਤ ਫੈਸਲੇ ਕਰਦੇ ਰਹੇ ਹਨ। ਮੈਂ ਇਸ ਬਾਰੇ ਲਿਖਤ ਪੜ੍ਹਤ ਕਰਦਾ ਰਿਹਾ ਹਾਂ ਪਰ ਕੋਈ ਐਕਸ਼ਨ ਨਹੀਂ ਲਿਆ ਗਿਆ। ਮਿਉਂਸਪਲ ਕਮੇਟੀ ਦਾ ਪਰਧਾਨ ਮਿਉਂਸਪਲ ਕਮੇਟੀ ਦੀ ਕਾਰ ਲਿਜਾ ਨਹੀਂ ਸਕਦਾ। ਪਤਾ ਨਹੀਂ ਕਿਉਂ ਇਸ ਤਰ੍ਹਾਂ ਦੇ ਫੈਸਲੇ ਹੁੰਦੇ ਰਹੇ ਹਨ। ਸੀਵਰੇਜ ਬੋਰਡ ਦੇ ਪ੍ਰਧਾਨ ਰਹੇ ਹਨ। ਸਾਰੇ ਸ਼ਹਿਰਾਂ ਵਿਚ ਗੰਦਗੀ ਫੈਲੀ ਹੋਈ ਹੈ। ਉਸ ਵੇਲੇ ਸਰਕਾਰ ਨੇ ਗਲਤ ਐਗਰੀਮੈਂਟ ਕੀਤਾ। ਵਰਲਡ ਬੈਂਕ ਤੋਂ ਪੈਸਾ ਲੈਕੇ ਦਿੱਤਾ, ਨਾਭਾ ਨੂੰ ਅਤੇ ਹੋਰ ਕਮੇਟੀਆਂ ਨੂੰ ਪੈਸਾ ਦਿੱਤਾ ਗਿਆ। ਇਹ ਕਾਨੂੰਨ ਪਹਿਲਾਂ ਲਿਆਉਣਾ ਚਾਹੀਦਾ ਸੀ ਚਲੋ ਅੱਜ ਆ ਗਿਆ ਇਸ ਲਈ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। ਚੋਣਾਂ ਅਸੀਂ ਕਰਾਵਾਂਗੇ ਅੰਦਰ ਚੋਣਾਂ ਵਿਚ ਇਨ੍ਹਾਂ ਦਾ ਦਿਵਾਲਾ ਨਿਕਲੇਗਾ। ਤੁਹਾਡੇ ਖਿਲਾਫ ਬਹੁਤ ਕੁਝ ਹੋਣਾ ਹੈ। ਇਨ੍ਹਾਂ ਦਾ ਲਿਹਾਜ਼ ਨਹੀਂ ਰਖਣਾ ਚਾਹੀਦਾ ਹੈ। ਇਹ ਸਾਡੀ ਪੰਜਾਬ ਦੀ ਜਨਤਾ ਦੇ ਦੁਸ਼ਮਣ ਹਨ। ਇਨ੍ਹਾਂ ਨੇ ਸਾਡੇ ਨਾਲ ਬੜੀ ਬਦ-ਸਲੂਕੀ ਕੀਤੀ ਹੈ। ਤੁਸੀਂ ਕਿਸੇ ਕਮੇਟੀ ਦੀ ਗੱਲ ਲੈ ਲਓ, ਚਾਹੇ ਪਟਿਆਲਾ ਕਮੇਟੀ ਦੀ ਗੱਲ ਲੈ ਲਓ, ਸਾਰੇ ਇਹੀ ਹਾਲ ਹੈ।

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਤੁਸੀਂ ਬੈਠੋ।

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਇਹ ਜਿਹੜੇ ਲੇਡੀ ਮੈਂਬਰ ਹਨ, ਇਨ੍ਹਾਂ ਨੂੰ ਮੈਂ ਕੀ ਕਹਾਂ। ਇਹ ਕਦੇ ਦਿੱਲੀ ਬੈਠਦੀ ਰਹੀ ਅਤੇ ਕਦੇ ਕਿਤੇ, ਇਨ੍ਹਾਂ ਨੂੰ ਇਸ ਗਲ ਦਾ ਕੀ ਪਤਾ ਹੈ। ਇਨ੍ਹਾਂ ਨੂੰ ਚੁੱਪ ਰਹਿਣਾ ਚਾਹੀਦਾ ਹੈ ।

(ਇਸ ਸਮੇਂ ਮਾਨਯੋਗ ਮੈਂਬਰ ਬੋਲੀ ਜਾ ਰਹੇ ਸਨ ਪਰ ਸ਼੍ਰੀ ਸਪੀਕਰ ਨੇ ਉਨ੍ਹਾਂ ਦਾ ਮਾਈਕ ਬੰਦ ਕਰ ਦਿੱਤਾ ਜਿਸ ਕਰਕੇ ਕੁਝ ਸੁਣਾਈ ਨਹੀਂ ਦਿੱਤਾ ।)

ਸ਼੍ਰੀ ਸੇਵਾ ਰਾਮ ਅਰੋੜਾ (ਅੰਮ੍ਰਿਤਸਰ ਪੱਛਮੀ): ਸਪੀਕਰ ਸਾਹਿਬ, ਮਿਉਂਸਪਲ ਕਮੇਟੀਆਂ ਸਾਡੀ ਜਮਹੂਰੀਅਤ ਦੇ ਬੁਨਿਆਦੀ ਅਦਾਰੇ ਹਨ ਔਰ ਅਸਲ ਮਾਅਨਿਆਂ ਵਿਚ ਅਗਰ ਮੈਂ ਕਹਾਂ ਇਹ ਲੋਕਰਾਜ ਦੀਆਂ ਨੀਹਾਂ ਹਨ। ਇਹ ਸ਼ਹਿਰਾਂ ਵਿਚ ਅਜਿਹੇ ਅਦਾਰੇ ਹਨ ਜਿਥੇ ਸ਼ਹਿਰੀਆਂ ਨੂੰ ਬਿਜਲੀ, ਪਾਣੀ, ਸੜਕਾਂ, ਗਲੀਆਂ ਅਤੇ ਸੀਵਰੇਜ ਆਦਿ ਮੁਹੱਈਆਂ ਕਰਦੇ ਹਨ। ਇਹ ਅਦਾਰੇ ਚੁਣੇ ਹੋਏ ਅਦਾਰੇ ਹੋਣੇ ਚਾਹੀਦੇ ਹਨ। ਇਨ੍ਹਾਂ ਚੁਣੀਆਂ ਹੋਈਆਂ ਕਮੇਟੀਆਂ ਨੂੰ ਬਗੈਰ ਕਿਸੇ ਇਲੈਕਸ਼ਨ ਕਰਾਏ ਦੇ ਤੋੜ ਦੇਣਾ ਕੋਈ ਮੁਨਾਸਿਬ ਗੱਲ ਨਹੀਂ। ਇਹ ਬੜੀ ਨਾਵਾਜਬ ਗੱਲ ਹੈ। ਤੁਹਾਨੂੰ ਪਤਾ ਹੋਣਾ ਹੈ, ਸਪੀਕਰ ਸਾਹਿਬ, ਕਿ ਪੰਜਾਬ ਦੇ ਅੰਦਰ ਕੋਈ ਕਮੇਟੀਆਂ ਦੇ ਹਾਲਾਂ ਚੁਣਾਉ ਨਹੀਂ ਹੋਏ ਅਤੇ ਉਥੇ ਐਡਮਨਿਸਟਰੇਟਰਜ਼ ਲਗੇ ਹੋਏ ਹਨ। ਉਨ੍ਹਾਂ ਐਡਮਨਿਸਟਰੇਟਰਜ਼ ਨੇ ਜਿਸ ਤਰੀਕੇ ਨਾਲ ਮਿਉਂਸੀਪਲ ਕਮੇਟੀਆਂ ਦੇ ਫੰਡ ਦੀ ਦੁਰਵਰਤੋਂ ਕੀਤੀ ਅਤੇ ਲੋਕਾਂ ਦੇ ਟੈਕਸਾਂ ਰਾਹੀਂ ਦਿੱਤੇ ਹੋਏ ਪੈਸੇ ਨੂੰ ਉਹ ਕਿਸ ਤਰ੍ਹਾਂ ਖਰਚ ਕਰ ਰਹੇ ਹਨ। ਮੈਂ 3 ਕਾਰਪੋਰੇਸ਼ਨਾਂ ਦੀ ਗੱਲ ਕਰਨੀ ਚਾਹੁੰਦਾ ਹਾਂ। ਜਿਥੇ ਇਕ ਇਕ ਕਾਰ ਹੁੰਦੀ ਸੀ ਅੱਜ ਉਨ੍ਹਾਂ ਕਾਰਪੋਰੇਸ਼ਨਾਂ ਦੇ ਵਿਚ 17—17 ਕਾਰਾਂ ਹਨ। ਇਕ ਕਮਿਸ਼ਨਰ ਜਿਹੜਾ ਐਡਮਨਿਸਟਰੇਟਰ ਲੱਗਿਆ ਸੀ ਉਸ ਨੇ ਆਪਣੇ ਇਕ ਬਾਥ ਰੂਮ ਬਣਾਉਣ ਵਾਸਤੇ ਉਸ ਉਤੇ 45 ਹਜ਼ਾਰ ਰੁਪਿਆ ਖਰਚ ਕੀਤਾ। ਉਸ ਦੀ ਬੀਵੀ ਨੇ ਇਲਾਜ ਕਰਾਉਣਾ ਸੀ, ਉਸ ਦਾ ਓਪਰੇਸ਼ਨ ਕਰਾਉਣ ਵਾਸਤੇ, ਉਥੇ ਜੋ ਸਜਾਵਟ ਕੀਤੀ ਗਈ ਉਸ ਉਤੇ 50 ਹਜ਼ਾਰ ਰੁਪਿਆ ਲਾਇਆ ਗਿਆ। ਇਸ ਤਰੀਕੇ ਨਾਲ ਸ਼ਹਿਰੀਆਂ ਦਾ ਦਿੱਤਾ ਹੋਇਆ ਪੈਸਾ ਜ਼ਾਇਆ ਕੀਤਾ ਗਿਆ। ਇਸ ਤਰੀਕੇ ਨਾਲ ਟੈਕਸ ਵਧੇ ਹਨ। ਮੈਂ ਇਹ ਵੀ ਮਿਸਾਲਾਂ ਦੇ ਸਕਦਾ ਹਾਂ ਕਿ ਸੜਕਾਂ ਦੀ ਮੁਰੰਮਤ ਹੋਈ ਨਹੀਂ ਪਰ ਪੈਸੇ ਐਡਮਨਿਸਟਰੇਟਰ ਨੇ ਪਾ ਦਿਤੇ। ਕੰਮ ਕੋਈ ਨਹੀਂ ਹੋਇਆ ਪਰ ਪੈਸੇ ਖਾ ਲਏ ਗਏ। ਮੈਂ ਬਰਨਾਲਾ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਦੇ ਅਕਾਲੀ ਦਲ ਦੇ ਆਪਣੇ ਮੈਨੀਫੈਸਟੋ ਵਿਚ ਇਹ ਗੱਲ ਕਹੀ ਗਈ ਸੀ ਕਿ ਅਸੀਂ ਕਮੇਟੀਆਂ ਦੀਆਂ ਚੋਣਾਂ ਕਰਾਵਾਂਗੇ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਕਮੇਟੀਆਂ ਦੇ ਚੁਣਾਓ ਕਰਾਓ, ਸਾਡੀ ਪਾਰਟੀ ਇਸ ਗੱਲ ਤੇ ਸਹਿਮਤ ਹੈ। ਅਸੀਂ ਭੱਜਦੇ ਨਹੀਂ। ਤੁਸੀਂ ਡਿਊ ਕੋਰਸ ਨਾ ਕਹੋ। ਡਿਊ ਕੋਰਸ ਨੂੰ ਤੁਸੀਂ ਤਿੰਨ ਸਾਲ ਕਹਿ ਸਕਦੇ ਹੋ, ਪੰਜ ਸਾਲ ਕਹਿ ਸਕਦੇ ਹੋ। ਪਰ ਮੈਂ ਕਹਾਂਗਾ ਕਿ ਤੁਸੀਂ ਕਿਉਂਕਿ ਗਵਰਨਰ ਐਡਰੈਸ ਵਿਚ ਵੀ ਕਿਹਾ ਹੈ, ਤੁਸੀਂ ਅੱਜ ਟਾਈਮ ਲਿਮਿਟ ਦੱਸੋ ਕਿ ਮਹੀਨਾ, ਦੋ ਮਹੀਨੇ, ਤਿੰਨ ਮਹੀਨੇ ਵਿਚ ਇਹ ਇਲੈਕਸ਼ਨ ਕਰਾ ਦਿਓਗੇ ਲੇਕਿਨ ਡਿਊ ਕੋਰਸ ਦੀ ਗੱਲ ਠੀਕ ਨਹੀਂ ਹੈ। ਉਥੇ ਐਡਮਨਿਸਟਰੇਟਰ ਆਪਣੀਆਂ ਮਨਮਾਨੀਆਂ ਕਰਕੇ ਸ਼ਹਿਰੀਆਂ ਦਾ ਪੈਸਾ ਜ਼ਾਇਆ ਕਰ ਰਹੇ ਹਨ ਅਤੇ ਲੋਕਾਂ ਦਾ ਹੱਕ ਖੋਹਿਆ ਜਾ ਰਿਹਾ ਹੈ। ਉਨ੍ਹਾਂ ਦੇ ਇਲੈਕਸ਼ਨ ਨਾ ਕਰਾਉਣਾ ਜਮਹੂਰੀ ਢਾਂਚੇ ਨਾਲ ਧੋਖਾ ਹੋਵੇਗਾ। ਮੈਂ ਅਰਜ਼ ਕਰਾਂਗਾ ਕਿ ਚੋਣਾਂ ਕਰਾਓ ਅਤੇ ਅੱਜ ਹੀ ਇਸ ਬਾਰੇ ਐਲਾਨ ਕਰੋ ਕਿ ਐਨੀ ਦੇਰ ਵਿਚ ਚੋਣਾਂ ਕਰਵਾ ਦਿਓਗੇ ।

ਮੈਂ ਇਕ ਹੋਰ ਮਿਸਾਲ ਦੇਣੀ ਚਾਹੁੰਦਾ ਹਾਂ। ਇਨ੍ਹਾਂ ਵਰਲਡ ਬੈਂਕ ਨਾਲ ਇਕ ਇਸ ਕਿਸਮ ਦਾ ਐਗਰੀਮੈਂਟ ਕੀਤਾ ਹੈ ਅਤੇ ਇਨ੍ਹਾਂ ਨੇ ਇਸ ਤਰ੍ਹਾਂ ਦੀਆਂ ਸ਼ਰਤਾਂ ਮੰਨੀਆਂ ਹਨ ਜਿਸ ਨਾਲ ਇਨ੍ਹਾਂ ਨੇ ਪੰਜਾਬ ਦੇ ਸ਼ਹਿਰੀਆਂ ਦਾ, ਪੰਜਾਬ ਦੀਆਂ ਮਿਉਂਸਪਲ ਕਮੇਟੀਆਂ ਦਾ ਗਲਾ ਘੁੱਟ ਦਿੱਤਾ ਹੈ। ਜਿਹੜਾ ਮਜ਼ਦੂਰੀ ਕਰਕੇ ਪੰਜ ਸੌ ਰੁਪਏ ਕਮਾਉਂਦਾ ਹੈ ਉਸ ਦੇ ਘਰ ਸੀਵਰੇਜ ਦਾ ਬਿੱਲ ਸੌ ਰੁਪਏ ਦਾ ਪਾ ਦਿੱਤਾ। ਇਸੇ ਤਰ੍ਹਾਂ ਪਾਣੀ ਦਾ ਬਿੱਲ ਪਾ ਦਿੱਤਾ। ਉਨ੍ਹਾਂ ਸ਼ਹਿਰੀਆਂ ਨੂੰ ਰਿਲੀਫ ਦੇਣ ਦੀ ਬਜਾਏ ਉਨ੍ਹਾਂ ਉਤੇ ਹੋਰ ਬੋਝ ਪਾਇਆ ਗਿਆ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੇਵਾ ਰਾਮ ਅਰੋੜਾ]

ਮੈਂ ਕਹਾਂਗਾ ਕਿ ਸ਼ਹਿਰੀਆਂ ਨੂੰ ਵੀ ਰਿਲੀਫ ਦਿਓ ਅਤੇ ਪਿੰਡਾਂ ਵਿਚ ਵੀ ਲੋਕਾਂ ਨੂੰ ਰਿਲੀਫ ਦਿਓ। 15 ਕਰੋੜ ਰੁਪਏ ਦਾ ਸ਼ਹਿਰੀਆਂ ਤੇ ਬੋਝ ਪਾਇਆ ਗਿਆ ਹੈ। ਇਹ ਜਿਹੜੇ ਕਿਸਾਨਾਂ ਨੂੰ ਰਿਲੀਫ ਦੇਣ ਦੀ ਗੱਲ ਕਰਦੇ ਹਨ ਅਸੀਂ ਕਹਿੰਦੇ ਹਾਂ ਕਿ ਉਨ੍ਹਾਂ ਨੂੰ ਵੀ ਰਿਲੀਫ ਦਿਓ ਪਰ ਨਾਲ ਦੇ ਨਾਲ ਸ਼ਹਿਰੀਆਂ ਨੂੰ ਜ਼ਰੂਰ ਰਿਲੀਫ ਦਿਓ। ਉਨ੍ਹਾਂ ਤੇ ਲੱਗੇ ਟੈਕਸ ਨੂੰ ਘਟਾਓ। ਜਦੋਂ ਇਸ ਨੂੰ ਘਟਾਉਣ ਲਈ ਕਹਿੰਦੇ ਹਾਂ ਤਾਂ ਨਾ ਐਫ. ਐਮ. ਸਾਹਿਬ ਵਲੋਂ ਕੋਈ ਜਵਾਬ ਆਉਂਦਾ ਹੈ ਅਤੇ ਨਾ ਹੀ ਸੀ.ਐਮ. ਸਾਹਿਬ ਵਲੋਂ ਕੋਈ ਜਵਾਬ ਆਉਂਦਾ ਹੈ। ਮੈਂ ਕਹਾਂਗਾ ਕਿ ਇਨ੍ਹਾਂ ਕਾਰਪੋਰੇਸ਼ਨਾਂ ਅਤੇ ਮਿਉਂਸੀਪਲ ਕਮੇਟੀਆਂ ਦੀਆਂ ਚੋਣਾਂ ਕਰਾਓ ਅਤੇ ਉਨ੍ਹਾਂ ਨੂੰ ਬਿਉਰੋਕਰੇਸੀ ਦੇ ਰਹਿਮ ਤੇ ਨਾ ਛੱਡੋ। ਐਨੇ ਟੈਕਸ ਲਗੇ ਹੋਏ ਹਨ, ਜਿਨ੍ਹਾਂ ਦਾ ਕੋਈ ਹਿਸਾਬ ਨਹੀਂ ਹੈ। ਟੈਕਸਾਂ ਨਾਲ ਉਨ੍ਹਾਂ ਦਾ ਕਚੂਮਰ ਨਿਕਲ ਜਾਵੇਗਾ। ਇਹ ਬਿੱਲ ਇਸ ਕਿਸਮ ਦਾ ਲਿਆਉਣਾ ਗੈਰ ਵਾਜਬ ਹੈ। ਮੈਂ ਕਹਾਂਗਾ ਕਿ ਜਲਦੀ ਤੋਂ ਜਲਦੀ ਚੋਣਾਂ ਕਰਾਓ।

ਮਾਸਟਰ ਮੋਹਨ ਲਾਲ (ਪਠਾਨਕੋਟ) : ਸਪੀਕਰ ਸਾਹਿਬ, ਮੈਂ ਮਿਉਂਸੀਪਲ ਕਮੇਟੀ ਦੇ ਬਿੱਲ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜਾ ਹੋਇਆ ਹਾਂ। ਇਹ ਕੁਰੱਪਸ਼ਨ ਦੇ ਅੱਡੇ ਬਣ ਗਏ ਹਨ। ਉਥੇ ਕਿਸ ਤਰ੍ਹਾਂ ਦੀ ਧਾਂਦਲੀ ਮਚੀ ਹੋਈ ਹੈ। ਉਥੇ ਦੇ ਐਡਮਨਿਸਟਰੇਟਰ ਆਪਣੀਆਂ ਪਾਵਰਜ਼ ਨੂੰ ਮਿਸਯੂਜ਼ ਕਰ ਰਹੇ ਹਨ ਅਤੇ ਨਜਾਇਜ਼ ਤੌਰ ਤੇ ਕੰਮ ਕਰ ਰਹੇ ਹਨ। ਮੈਨੂੰ ਪਤਾ ਹੈ ਕਿ ਇਕ ਮਿਉਂਸੀਪਲ ਕਮਿਸ਼ਨਰ ਨੇ ਕਮੇਟੀ ਦੀ ਮੀਟਿੰਗ ਨਹੀਂ ਬੁਲਾਈ ਅਤੇ ਆਪਣੇ ਮਿਉਂਸੀਪਲ ਕਮੇਟੀ ਦੇ ਮੈਂਬਰਾਂ ਨੂੰ 3 ਦੁਕਾਨਾਂ ਅਲਾਟ ਕਰ ਦਿਤੀਆਂ। ਇਸ ਤਰ੍ਹਾਂ ਉਹ ਪੈਸੇ ਦੀ ਮਿਸਐਪਰੋਪਰੀਏਸ਼ਨ ਕਰ ਰਹੇ ਹਨ ਅਤੇ ਉਨ੍ਹਾਂ ਨੇ ਉਥੇ ਧਾਂਦਲੀ ਪਾਈ ਹੋਈ ਹੈ। ਉਥੇ ਕੋਈ ਬੋਲਣ ਵਾਲਾ ਨਹੀਂ ਹੈ, ਕੋਈ ਆਪਣਾ ਰੋਣਾ ਰੋਣ ਵਾਲਾ ਨਹੀਂ ਹੈ। ਉਥੇ ਗਲੀਆਂ, ਸੜਕਾਂ ਦੀ ਹਾਲਤ ਬਹੁਤ ਮਾੜੀ ਹੈ। ਉਥੇ ਦੇ ਜਿਹੜੇ ਹੁਕਮਰਾਨ ਐਡਮਨਿਸਟਰੇਟਰ ਹਨ ਉਹ ਆਪਣੇ ਘਰਾਂ ਵਿਚ ਬੈਠਕੇ ਮਨ-ਮਾਨੀਆਂ ਕਰ ਰਹੇ ਹਨ ਅਤੇ ਆਪਣਾ ਅਤੇ ਆਪਣੇ ਲੋਕਾਂ ਦਾ ਢਿੱਡ ਭਰੀ ਜਾ ਰਹੇ ਹਨ। ਕਮੇਟੀਆਂ ਦਾ ਕਰੋੜਾਂ ਰੁਪਏ ਦਾ ਫੰਡ ਮਿਸਐਪਰੋਪਰੀਏਟ ਹੋ ਰਿਹਾ ਹੈ। ਪਾਵਰਜ਼ ਦੀ ਮਿਸਯੂਟੈਲਾਈਜ਼ੇਸ਼ਨ ਹੋ ਰਹੀ ਹੈ। ਇਹ ਕਮੇਟੀਆਂ ਬਹੁਤ ਦੇਰ ਪਹਿਲਾਂ ਤੋੜ ਦੇਣੀਆਂ ਚਾਹੀਦੀਆਂ ਸਨ ਅਤੇ ਨਵੀਆਂ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਸਨ। ਇਹ ਮਿਉਂਸੀਪਲ ਕਮੇਟੀਆਂ ਜਲਦੀ ਭੰਗ ਹੋਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਦੀਆਂ ਇਲੈਕਸ਼ਨਾਂ ਬਾਰੇ ਤਾਰੀਖ ਅਨਾਊਂਸ ਕਰਨੀ ਚਾਹੀਦੀ ਹੈ। (ਥੰਪਿੰਗ)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਬੜੀ ਇਨੋਸੈਂਟ ਜਿਹੀ ਲੈਜਿਸਲੇਸ਼ਨ ਸੀ। ਇਹ ਚੁਣਾਓ ਕਰਾਉਣ ਦੀਆਂ ਗਲਾਂ ਕਰਦੇ ਹਨ। ਚੋਣਾਂ 10 ਜੂਨ, 1979 ਨੂੰ ਹੋਈਆਂ ਸਨ ਜਦੋਂ ਇਥੇ ਅਕਾਲੀ ਸਰਕਾਰ ਸੀ। ਉਸ ਵੇਲੇ ਚੋਣਾਂ ਹੋਈਆਂ ਸਨ ਨਹੀਂ ਤਾਂ ਇਨ੍ਹਾਂ ਦਾ ਚੋਣਾਂ ਕਰਾਉਣ ਦਾ ਹੌਸਲਾ ਨਹੀਂ ਪਿਆ। ਅੱਜ ਇਹ ਬੜੇ ਜ਼ੋਰ ਨਾਲ ਚੋਣਾਂ ਕਰਾਉਣ ਬਾਰੇ ਕਹਿੰਦੇ ਹਨ ਕਿ ਚੋਣਾਂ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਦੀ ਮਿਆਦ ਜੂਨ, 1984 ਵਿਚ ਖਤਮ ਹੋ ਗਈ ਸੀ। ਇਲੈਕਸ਼ਨਾਂ ਹੋ ਨਹੀਂ ਸਕੀਆਂ ਅਤੇ ਇਨ੍ਹਾਂ ਦੀ ਮਿਆਦ ਵਧਾਈ ਗਈ ਅਤੇ ਮਿਉਂਸੀਪਲ ਕਮਿਸ਼ਨਰਾਂ ਦੀ ਹਕੂਮਤ ਉਥੇ ਚਲਦੀ ਰਹੀ। ਹੁਣ ਇਨ੍ਹਾਂ ਦੀ ਮਿਆਦ ਵਧੀ ਹੋਈ ਜੂਨ, 1986 ਵਿਚ ਖਤਮ ਹੋਣੀ ਹੈ। ਇਥੇ ਪਾਂਧੀ ਸਾਹਿਬ ਨੇ ਉਥੇ ਜੋ ਕੁਝ ਹੋ ਰਿਹਾ ਸੀ ਉਸ ਦਾ ਕੱਚਾ ਚਿੱਠਾ ਪੇਸ਼ ਕੀਤਾ ਹੈ। ਇਨ੍ਹਾਂ ਮਿਉਂਸੀਪਲ ਕਮੇਟੀਆਂ ਦੀ ਮਿਆਦ ਛੇ-ਛੇ ਮਹੀਨੇ ਕਰਕੇ ਵਧਾਉਂਦੇ ਰਹੇ ਅਤੇ ਇਨ੍ਹਾਂ ਵਿਚ ਜੋ ਕੁਰੱਪਸ਼ਨ ਹੋਈ ਉਸ ਬਾਰੇ ਮੈਂਬਰ ਸਾਹਿਬਾਨ ਨੇ ਇਥੇ ਦੱਸਿਆ ਹੈ ਕਿ ਕਿਸ ਤਰ੍ਹਾਂ ਬਿਨਾਂ ਵਜ੍ਹਾ ਉਥੇ ਖਰਚੇ ਕੀਤੇ ਜਾ ਰਹੇ ਹਨ। ਇਥੇ ਇਹ ਵੀ ਦੱਸਿਆ ਗਿਆ ਕਿ ਕਿਸ ਤਰ੍ਹਾਂ ਆਪਣੇ ਰਿਸ਼ਤੇਦਾਰਾਂ ਨੂੰ ਠੇਕੇ ਦੇ ਦਿੱਤੇ ਅਤੇ ਉਥੇ ਕਿੰਨੇ ਘਪਲੇ ਹੋਏ। ਸੋ ਕਾਫੀ ਸੋਚ ਵਿਚਾਰ ਦੇ ਬਾਅਦ ਹੋਰ ਕੋਈ ਤਰੀਕਾ ਨਹੀਂ ਸੀ ਕਿ ਇਹ ਸੁਪਰਸੀਡ ਕਰਨੀਆਂ ਚਾਹੀਦੀਆਂ ਹਨ। ਇਹ ਇਕ ਇਨੋਸੈਂਟ ਜਿਹੀ ਲੈਜੀਸਲੇਸ਼ਨ ਲਿਆਂਦੀ ਗਈ ਹੈ। ਮੈਂ ਸਮਝਦਾ ਹਾਂ ਕਿ ਇਸ ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

Mr. Speaker : Question is—

That the Punjab Municipal (Second Amendment) Bill be taken into consideration at once.

The motion was carried.

Mr. Speaker: Now the House will proceed to consider the Bill Clause by Clause.

Mr. Speaker: Is it the pleasure of the House that all the clauses of the Bill be put together to the vote of the House?

(Voices: Yes, Yes.)

Clause 2 and Clause 1

Mr. Speaker: Question is—

That Clause 2 and Clause 1 stand part of the Bill.

The motion was carried.

TITLE

Mr. Speaker: Question is—

That Title be the Title of the Bill.

The motion was carried.

Chief Minister (Sardar Surjit Singh Barnala): Sir, I beg to move—

That the Punjab Municipal (Second Amendment) Bill be passed.

Mr. Speaker: Motion moved—

That the Punjab Municipal (Second Amendment) Bill be passed.

Mr. Speaker: Question is—

That the Punjab Municipal (Second Amendment) Bill be passed.

The motion was carried.

THE EAST PUNJAB URBAN RENT RESTRICTION (AMENDMENT) BILL, 1985

Chief Minister (Sardar Surjit Singh Barnala): Sir, I beg to introduce the East Punjab Urban Rent Restriction (Amendment) Bill.

Sir, I also beg to move—

That the East Punjab Urban Rent Restriction (Amendment) Bill be taken into consideration at once.

Mr. Speaker: Motion moved—

That the East Punjab Urban Rent Restriction (Amendment) Bill be taken into consideration at once.

Original with;
Punjab Vidhan Sabha
Digitized by;
Panjab Digital Library

ਰਾਜਾ ਨਰਿੰਦਰ ਸਿੰਘ (ਨਾਭਾ) : ਸਪੀਕਰ ਸਾਹਿਬ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਸ ਗੱਲ ਤੇ ਮੁਬਾਰਕਬਾਦ ਦਿੰਦਾ ਹਾਂ ਜਿਹੜਾ ਉਨ੍ਹਾਂ ਨੇ ਈਸਟ ਪੰਜਾਬ ਅਰਬਨ ਰੈਂਟ ਰਿਸਟ੍ਰਿਕਸ਼ਨ ਬਿਲ ਇਸ ਹਾਊਸ ਵਿੱਚ ਲਿਆਂਦਾ ਹੈ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਇਸ ਦੇ ਮੁਤੱਲਕ ਇਕ ਨੋਟਿਸ ਆਫ਼ ਅਮੈਂਡਮੈਂਟ ਦਿੱਤਾ ਸੀ। ਇਸ ਦੇ ਮੁਤੱਲਕ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ।

Mr. Speaker: I have disallowed it because you have not specified the date. You failed to do so under the Rule. Please resume your seat now.

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ ਅਰਬਨ ਰੈਂਟ ਰਿਸਟ੍ਰਿਕਸ਼ਨ ਬਿਲ ਲਿਆਂਦਾ ਹੈ ਇਹ ਬਹੁਤ ਕਾਬਲੇ ਤਾਰੀਫ਼ ਹੈ। ਜਿਹੜੇ ਫੌਜੀ ਵੀਰ ਜਿਨ੍ਹਾਂ ਦਾ ਕੋਈ ਨੁਕਸਾਨ ਹੁੰਦਾ ਹੈ ਅਤੇ ਉਹ ਜਦੋਂ ਵਾਪਸ ਮੁੜ ਕੇ ਆਉਣਗੇ ਜਾਂ ਜਿਹੜੇ ਰਿਟਾਇਰ ਹੋ ਕੇ ਆਉਂਦੇ ਹਨ ਤਾਂ ਉਨ੍ਹਾਂ ਦੇ ਮਕਾਨਾਂ ਵਿੱਚ ਜਿਹੜੇ ਕਿਰਾਏਦਾਰ ਬੈਠੇ ਹੁੰਦੇ ਹਨ ਉਹ ਕਿਰਾਏਦਾਰ ਮਕਾਨ ਖਾਲੀ ਨਹੀਂ ਸੀ ਕਰਦੇ, ਇਸ ਬਿਲ ਦੇ ਨਾਲ ਉਹ ਮਕਾਨ ਖਾਲੀ ਕਰਵਾ ਸਕਣਗੇ ਅੱਰ ਉਨ੍ਹਾਂ ਨੂੰ ਇਸ ਗਲ ਦੀ ਸਹੂਲਤ ਹੋਵੇਗੀ। ਇਹ ਬੜਾ ਅੱਛਾ ਬਿਲ ਹੈ। ਇਹ ਤਾਂ ਮੈਂ ਨਹੀਂ ਕਹਿ ਸਕਦਾ ਕਿ ਸਾਡੇ ਮੁੱਖ ਮੰਤਰੀ ਸਾਹਿਬ ਦੀਆਂ ਕਮਪਲੀਟ ਬਿਲ ਤੇ ਨਜ਼ਰਾਂ ਨਹੀਂ ਗਈਆਂ ਹੋਣਗੀਆਂ, ਇਸ ਦੇ ਵਿੱਚ ਜਿਹੜੀ ਪੀਨਲ ਕਲਾਜ਼ ਰਖ ਦਿੱਤੀ ਹੈ ਉਹ ਸਾਡੇ ਚੀਫ਼ ਮਨਿਸਟਰ ਸਾਹਿਬ ਨੂੰ ਸ਼ੋਭਾ ਨਹੀਂ ਦਿੰਦੀ। ਅਕਾਲੀ ਪਾਰਟੀ ਦੀ ਫੌਜੀਆਂ ਨਾਲ ਪੂਰੀ ਹਮਦਰਦੀ ਹੈ ਅਤੇ ਇਸ ਬਿਲ ਦੇ ਵਿੱਚ ਇਹ ਪੀਨਲ ਕਲਾਜ਼ ਇਸ ਨੂੰ ਸ਼ੋਭਾ ਨਹੀਂ ਦਿੰਦੀ ਕਿ 3 ਮਹੀਨੇ ਦੇ ਅੰਦਰ ਅੰਦਰ ਜੇ ਉਹ ਮਕਾਨ ਨੂੰ ਆਕੂਪਾਈ ਨਾ ਕਰੇ ਤਾਂ ਉਹ ਟੇਨੈਂਟ ਨੂੰ ਵਾਪਸ ਕਰ ਦੇਵੇ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਫੌਜੀਆਂ ਦਾ ਨਾਮ ਇਸ ਬਿਲ ਵਿੱਚ ਨਹੀਂ ਹੈ।

ਕੁਝ ਅਵਾਜਾਂ : ਹੈ ਜੀ, ਹੈ ਜੀ ।

ਰਾਜਾ ਨਰਿੰਦਰ ਸਿੰਘ : ਉਹ ਗਰੀਬ ਆਦਮੀ ਜਿਸ ਨੇ ਪ੍ਰਾਵੀਡੈਂਟ ਫੰਡ ਵਿਚੋਂ ਪੈਸਾ ਲੈ ਕੇ ਜਾਂ ਲੋਨ ਲੈ ਕੇ ਮਕਾਨ ਬਣਾਇਆ ਹੁੰਦਾ ਹੈ ਆਪਣੀ ਸਰਵਿਸ ਵਿੱਚ ਜੇ ਉਹ ਖਾਲੀ ਕਰਾਉਣ ਤੋਂ 3 ਸਾਲ ਬਾਅਦ ਜਿਸ ਦੇ ਵਿੱਚ ਉਹ ਮਕਾਨ ਖਾਲੀ ਕਰਵਾ ਕੇ ਰਹਿਣ ਲਗ ਪੈਂਦਾ ਹੈ ਅਤੇ ਆਪਣੀ ਇਨਕਮ ਵਧਾਉਣ ਦੇ ਲਈ ਤਿੰਨ ਸਾਲ ਬਾਅਦ ਅੱਧਾ ਮਕਾਨ ਕਰਾਏ ਤੇ ਦੇ ਕੇ ਜੇ ਉਹ ਗੁਜ਼ਾਰਾ ਕਰ ਲਵੇ ਤਾਂ ਇਹ ਪੀਨਲ ਕਲਾਜ਼ ਜੋ ਹੈ ਇਹ ਉਸ ਤੇ ਬਹੁਤ ਵੱਡੀ ਸਖ਼ਤੀ ਹੋਵੇਗੀ। ਮੈਂ ਤਾਂ ਇਸ ਹਦ ਤਕ ਵੀ, ਸਪੀਕਰ ਸਾਹਿਬ, ਕਹਿਣ ਨੂੰ ਤਿਆਰ ਹਾਂ ਕਿ ਸਾਡੀ ਸਰਕਾਰ ਨੂੰ ਇਹ ਗਲ ਸ਼ੋਭਾ ਨਹੀਂ ਦਿੰਦੀ। ਇਹੋ ਜਿਹੀਆਂ ਗਲਾਂ ਤਾਂ ਸ਼ੋਭਾ ਦਿੰਦੀਆਂ ਹਨ ਕਾਂਗਰਸ ਪਾਰਟੀ ਨੂੰ ਕਿਉਂਕਿ ਇਹ ਗਲਾ ਘੁਟਣਾ ਜਾਣਦੇ ਹਨ, ਲਹੂ ਨਚੋੜਨਾ ਜਾਣਦੇ ਹਨ, ਲਹੂ ਨਾਲ ਖੇਲ੍ਹਣਾ ਜਾਣਦੇ ਹਨ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਪੀਨਲ ਕਲਾਜ਼ ਜਿਹੜੀ ਹੈ ਸਾਨੂੰ ਉਸ ਦੀ ਅਮੈਂਡਮੈਂਟ ਜ਼ਰੂਰ ਕਰਨੀ ਚਾਹੀਦੀ ਹੈ। ਬਾਕੀ ਬਿਲ ਸਾਰਾ ਬਿਲਕੁਲ ਠੀਕ ਹੈ ਪਰ ਪੀਨਲ ਕਲਾਜ਼ ਵਿੱਚ ਅਮੈਂਡਮੈਂਟ ਜ਼ਰੂਰ ਕਰਨੀ ਚਾਹੀਦੀ ਹੈ ।

ਡਾਕਟਰ ਸੱਤਪਾਲ ਪਰਾਸ਼ਰ (ਲੁਧਿਆਣਾ ਉੱਤਰੀ) : ਸਪੀਕਰ ਸਾਹਿਬ, ਇਹ ਜਿਹੜਾ ਈਸਟ ਪੰਜਾਬ ਅਰਬਨ ਰੈਂਟ ਰਿਸਟ੍ਰਿਕਸ਼ਨ ਬਿਲ ਲਿਆਂਦਾ ਹੈ ਇਸ ਤੇ ਬੋਲਦਿਆਂ ਜੋ ਰਾਜਾ ਨਰਿੰਦਰ ਸਿੰਘ ਨੇ ਗੱਲ ਕਹੀ ਹੈ ਐਕਸ-ਸਰਵਿਸਮੈਨ ਵਾਸਤੇ, ਫੌਜੀਆਂ ਵਾਸਤੇ ਤਾਂ ਪਹਿਲਾਂ ਹੀ ਹੈ। (ਕੁਝ ਆਵਾਜ਼ਾ : ਪਹਿਲਾਂ ਹੈ ਨਹੀਂ) ਲੇਕਿਨ ਇਸ ਦੇ ਵਿੱਚ ਪੰਜਾਬ ਸਰਕਾਰ ਨੇ ਸਟੇਟ ਦੇ ਅਫਸਰਾਂ ਵਾਸਤੇ ਲਿਖਿਆ ਹੈ ਕਿ ਉਹ ਰਿਟਾਇਰਮੈਂਟ

Original with;
Punjab Vidhan Sabha
Digitized by;
Panjab Digital Library

ਤੋਂ ਬਾਅਦ ਜਾਂ ਰਿਟਾਇਰਮੈਂਟ ਤੋਂ ਇਕ ਸਾਲ ਪਹਿਲਾਂ ਜੇ ਚਾਹੁਣ ਤਾਂ ਉਹ ਆਪਣੇ ਮਕਾਨ ਖਾਲੀ ਕਰਵਾ ਸਕਦੇ ਹਨ। ਸਪੀਕਰ ਸਾਹਿਬ, ਸ਼ਹਿਰਾਂ ਵਿੱਚ ਅਤੇ ਪਿੰਡਾਂ ਵਿੱਚ 80 ਫੀਸਦੀ ਲੋਕ ਜੋ ਹਨ ਉਹ ਕਰਾਏ ਤੇ ਰਹਿੰਦੇ ਹਨ ਜਿਨ੍ਹਾਂ ਕੋਲ ਸਿਰ ਲੁਕਾਉਣ ਲਈ ਆਪਣੀ ਕੋਈ ਜਗ੍ਹਾ ਨਹੀਂ ਹੈ। ਇਕ ਮਜ਼ਦੂਰ ਜੋ 15/- ਰੁਪਏ ਦਿਹਾੜੀ ਲੈਂਦਾ ਹੈ ਉਹ ਕਈ ਕਈ ਰਲ ਕੇ ਇਕ ਕਮਰਾ ਕਰਾਏ ਤੇ ਲੈ ਕੇ ਉਹ ਉਸ ਕਮਰੇ ਵਿੱਚ ਰਹਿੰਦੇ ਹਨ। ਜੇ ਇਹ ਹੱਕ ਇਸ ਤਰ੍ਹਾਂ ਮਕਾਨਾਂ ਦਾ ਖਾਲੀ ਕਰਾਉਣ ਦਾ ਰਿਟਾਇਰਮੈਂਟ ਤੋਂ ਬਾਅਦ ਇਨ੍ਹਾਂ ਲੋਕਾਂ ਨੂੰ ਦੇ ਦਿੱਤਾ ਜਾਵੇ ਤਾਂ ਉਹ ਆਦਮੀ ਜਿਨ੍ਹਾਂ ਕੋਲ ਆਪਣੇ ਰਹਿਣ ਵਾਸਤੇ ਕੋਈ ਜਗ੍ਹਾ ਨਹੀਂ ਅਤੇ ਜਿਹੜੇ ਨਾ ਹੀ ਬਣਾ ਸਕਦੇ ਹਨ ਉਹ ਕਿਥੇ ਜਾਣਗੇ। ਜਿੰਨੇ ਵੀ ਸ਼ਹਿਰੀ ਜਾਂ ਪੇਂਡੂ ਪਾਪੂਲੇਸ਼ਨ ਵਿੱਚ ਮਕਾਨ ਹਨ ਉਹ ਜ਼ਿਆਦਾ ਤਰ ਅਫ਼ਸਰਾਂ ਦੇ ਹੀ ਹਨ। ਇਕ ਅਫ਼ਸਰ ਆਪਣੀ ਤਨਖਾਹ ਵਿਚੋਂ ਰੋਟੀ ਦਾ ਗੁਜ਼ਾਰਾ ਕਰਕੇ ਦੋ ਦੋ ਕੋਠੀਆਂ ਨਹੀਂ ਬਣਾ ਸਕਦਾ। ਉਹ ਕੁਰੱਪਸ਼ਨ ਕਰਕੇ ਹੀ ਇਸ ਤਰ੍ਹਾਂ ਬਣਾ ਸਕਦਾ ਹੈ। ਫਿਰ ਇਹ ਜਿਹੜਾ ਬਿਲ ਲਿਆਂਦਾ ਹੈ ਇਹ ਪਾਪੂਲਰ ਸਰਕਾਰ ਦਾ ਨਹੀਂ ਇਹ ਅਫ਼ਸਰਾਂ ਦੀ ਸਲਾਹ ਨਾਲ ਲਿਆਂਦਾ ਗਿਆ ਹੈ। ਇਹ ਗਰੀਬਾਂ ਦਾ ਗਲਾ ਘੁਟਣ ਵਾਲੀ ਗੱਲ ਹੈ। ਗੌਰਮਿੰਟ ਸਰਵਿਸ ਵਿੱਚ ਇਨ੍ਹਾਂ ਨੂੰ ਰਹਿਣ ਵਾਸਤੇ ਕੋਠੀ ਦਿੱਤੀ ਜਾਂਦੀ ਹੈ, ਜਾਣ ਵਾਸਤੇ ਕਾਰ ਦਿੱਤੀ ਜਾਂਦੀ ਹੈ ਅਤੇ ਹੋਰ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਹ ਤਾਂ ਕਾਮਨ ਲੋਕਾਂ ਦਾ ਹੱਕ ਖੋਹਣ ਵਾਲੀ ਗਲ ਹੈ। ਇਕ ਆਦਮੀ ਰਿਟਾਇਰ ਹੋ ਕੇ ਮਕਾਨ ਖਾਲੀ ਕਰਵਾ ਕੇ ਵਾਪਸ ਲੈ ਲੈਂਦਾ ਹੈ ਅੱਤੇ ਦੋ ਮਕਾਨ ਹੋਣ ਕਿਸੇ ਕੋਲ ਇਕ ਵਿਚ ਰਹਿ ਰਿਹਾ ਹੈ, ਦੂਜਾ ਖਾਲੀ ਕਰਾ ਲੈਂਦਾ ਹੈ ਉਸ ਹਾਲਤ ਵਿਚ ਇਕ ਵਿਚ ਉਹ ਰਹੇਗਾ ਦੂਜਾ ਵੱਧ ਕਰਾਏ ਤੇ ਦੇ ਦੇਵੇਗਾ। ਜਿਹੜੇ ਲੋਕ ਉਸ ਮਕਾਨ ਵਿਚ ਬੈਠੇ ਹਨ ਉਹ ਲੋਕ ਇਸ ਕਾਨੂੰਨ ਨੂੰ ਇਕ ਕਾਲਾ ਕਾਨੂੰਨ ਕਹਿਣਗੇ। ਇਹ ਬਿਲ ਪਾਸ ਨਹੀਂ ਹੋਣਾ ਚਾਹੀਦਾ। ਇਹ ਕੈਪਿਟੇਲਿਸਟਾਂ ਅੱਤੇ ਅਫ਼ਸਰਾਂ ਦੀ ਮਿਲੀ ਭਗਤ ਹੈ। ਇਹ ਬਿਲ ਪਾਸ ਨਹੀਂ ਹੋਣਾ ਚਾਹੀਦਾ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਇਹ ਬਿਲ ਸਾਡੀ ਸਰਕਾਰ ਨੇ ਲਿਆਂਦਾ ਹੈ। ਇਸ ਦੀ ਪਰੋੜ੍ਹਤਾ ਕਰਨ ਵਾਲਿਆਂ ਨੇ ਇਸ ਤੇ ਫ਼ਖਰ ਵੀ ਕੀਤਾ ਹੈ, ਪਰ ਇਹ ਕੋਈ ਕਾਬਲੇ ਫ਼ਖਰ ਬਾਤ ਨਹੀਂ ਹੈ। ਸਪੀਕਰ ਸਾਹਿਬ, ਮੈਂ ਇਕ ਅਮੈਂਡਮੈਂਟ ਭੇਜੀ ਸੀ, ਜਿਹੜੀ ਤੁਸੀਂ ਡਿਸਅਲਾਓ ਕਰ ਦਿਤੀ ਸੀ, ਮੈਂ ਇਥੇ ਉਸ ਨੂੰ ਵੀ ਰੈਫਰ ਕਰਾਂਗਾ। ਇਸ ਬਿਲ ਵਿਚ ਇਕ ਲਫ਼ਜ਼ 'ਢੁਕਵਾਂ' ਲਿਖਿਆ ਹੈ। ਜਿਥੇ ਉਹ ਰਹਿ ਰਿਹਾ ਹੈ ਅਗਰ ਉਹ ਢੁਕਵਾਂ ਨਹੀਂ ਹੈ ਤਾਂ ਉਹ ਖਾਲੀ ਕਰਾ ਸਕਦਾ ਹੈ। ਮੇਰੀ ਜਗ੍ਹਾ ਜਿੱਥੇ ਮੈਂ ਰਹਿੰਦਾ ਹਾਂ ਮੈਂ ਕਹਿੰਦਾ ਹਾਂ ਕਿ ਢੁਕਵੀਂ ਨਹੀਂ ਹੈ ਕਿਉਂਕਿ ਮੈਨੂੰ ਲਾਨ ਵੀ ਚਾਹੀਦਾ ਹੈ, ਸੰਗੇਮਰਮਰ ਦਾ ਇਕ ਬਾਥ ਵੀ ਚਾਹੀਦਾ ਹੈ, ਬੱਚਿਆਂ ਵਾਸਤੇ ਟੈਨਸ ਕੋਰਟ ਵੀ ਚਾਹੀਦਾ ਹੈ, ਅਗਰ ਕਿਸੇ ਨੂੰ ਘੋੜ ਸਵਾਰੀ ਦਾ ਸ਼ੌਕ ਹੈ ਤਾਂ ਘੋੜਾ ਨਸ੍ਹਾਣ ਲਈ ਥਾਂ ਚਾਹੀਦਾ ਹੈ। ਜਿੰਨਾ ਵੱਡਾ ਅਫ਼ਸਰ ਹੈ ਉਤਨੀ ਉਸ ਦੀ ਲੋੜ ਵੱਧ ਹੈ। ਇਹ ਜਿਹੜਾ ਢੁਕਵਾਂ ਲਫ਼ਜ਼ ਹੈ ਇਹ ਗਲਤ ਹੈ। ਜਿਸ ਵੇਲੇ ਜੱਜ ਕੋਲ ਕੇਸ ਜਾਏਗਾ ਉਹ ਢੁਕਵੇਂ ਬਾਰੇ ਫੈਸਲਾ ਕਰੇਗਾ। ਇਹ ਢੁਕਵਾਂ ਲਫ਼ਜ਼ ਜ਼ਰੂਰ ਉੜਾਉਣਾ ਚਾਹੀਦਾ ਹੈ। ਅੱਗੇ ਜਾ ਕੇ ਵੀ ਲਿਖਿਆ ਹੈ 'ਰਹਿਣ ਲਈ ਨਹੀਂ ਹੈ'। ਉਸ ਦੇ ਅਗੇ ਲਿਖਿਆ ਜਾਵੇ ਉਸ ਦੀ ਪਤਨੀ ਜਾਂ ਲੜਕੇ ਕੋਲ ਵੀ ਮਕਾਨ ਨਹੀਂ ਹੈ। ਉਹ ਕਹਿ ਸਕਦਾ ਹੈ ਕਿ ਮੈਂ ਸਾਰੀ ਉਮਰ ਸਰਕਾਰ ਦੀ ਸੇਵਾ ਕੀਤੀ ਹੈ, ਫੌਜ ਵਿਚ ਸੇਵਾ ਕੀਤੀ ਹੈ ਜਾਂ ਪੁਲੀਸ ਵਿਚ ਸੇਵਾ ਕੀਤੀ ਹੈ। ਮੈਨੂੰ ਕੋਈ ਰਿਲੀਫ਼ ਮਿਲਣਾ ਚਾਹੀਦਾ ਹੈ। ਮੇਰੀ ਅਰਜ਼ ਹੈ ਕਿ ਢੁਕਵਾਂ ਲਫ਼ਜ਼ ਕਢਣਾ ਤੇ ਪਤਨੀ ਅੱਤੇ ਲੜਕੇ ਦਾ ਲਫ਼ਜ਼ ਪਾਉਣਾ ਬਹੁਤ ਜ਼ਰੂਰੀ ਹੈ। ਇਕ ਮੇਰੇ ਦੋਸਤ ਨੇ ਤਾਰੀਫ ਕੀਤੀ ਹੈ ਕਿ ਇਕ ਇਕ ਕਮਰੇ ਵਿਚ ਕਈ ਕਈ ਬੰਦੇ ਗੁਜ਼ਾਰਾ ਕਰਦੇ ਹਨ, ਇਕ ਬੰਦਾ ਆ ਕੇ ਸਾਰਿਆਂ ਨੂੰ ਬੇਦਖਲ ਕਰ ਦਿੰਦਾ ਹੈ। ਉਸ ਆਦਮੀ ਦੀ ਹਾਲਤ ਵੇਖਣ ਵਾਲੀ ਹੋਵੇਗੀ ਜਿਸ ਨੇ ਸਾਰੀ ਉਮਰ ਦੀ ਕਮਾਈ ਲਾਉਣ ਤੋਂ ਬਾਦ ਮਕਾਨ ਬਣਾਇਆ ਉਸ ਦਾ ਸਹਾਰਾ ਸਿਵਾਏ ਮਕਾਨ ਦੀ ਛੱਤ ਦੇ ਕੋਈ ਨਹੀਂ ਹੁੰਦਾ। ਚੀਫ਼ ਮਨਿਸਟਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦ ਕਰਦਾ ਹਾਂ ਕਿ ਇਹ ਜਿਹੜੀਆਂ ਪੀਨਲ ਕਲਾਜ਼ਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਰਖੀਆਂ ਹਨ ਇਹ ਬਹੁਤ ਜ਼ਰੂਰੀ ਹਨ। ਕੋਈ ਆਦਮੀ ਨਾਜ਼ਾਇਜ਼ ਫ਼ਾਇਦਾ ਉਠਾਉਣ ਵਾਸਤੇ ਖਾਲੀ ਕਰਾਉਣ ਪਿਛੋਂ ਸਿਚੂਏਸ਼ਨ ਨੂੰ ਐਕਸਪਲਾਇਟ ਨਹੀਂ ਕਰੇਗਾ। ਇਹ ਜਿਹੜਾ ਚੁਕਵੀਂ ਗਲ ਹੈ ਇਹ ਹੋਣ ਨਾਲ ਇਹ ਸਾਰਾ ਬਿਲ ਜਿਹੜਾ ਹੈ ਫੇਵਰ ਵਿਚ ਆ ਜਾਂਦਾ ਹੈ ਔਰ ਲੋਕ ਰੱਜ ਕੇ ਇਸ ਨੂੰ ਐਕਸਪਲਾਇਟ ਕਰਨਗੇ। ਮੈਂ ਇਸ ਦੇ ਖਿਲਾਫ਼ ਹਾਂ ਇਸ ਵਿਚੋਂ ਚੁਕਵਾਂ ਲਫ਼ਜ਼ ਕਢਣ ਦੇ ਨਾਲ ਪਾਉਣਾ ਚਾਹੀਦਾ ਹੈ ਉਸ ਦੀ ਔਲਾਦ ਕੋਲ ਜਾਂ ਬੀਵੀ ਕੋਲ ਕੋਈ ਮਕਾਨ ਨਹੀਂ ਹੈ।

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ): ਸਪੀਕਰ ਸਾਹਿਬ, ਮੈਂ ਇਕ ਛੋਟੀ ਜਿਹੀ ਬੇਨਤੀ ਕਰਦਾ ਹਾਂ ਕਿ ਇਹ ਜਿਹੜੀ ਰਿਆਇਤ ਦਿਤੀ ਜਾ ਰਹੀ ਹੈ ਇਹ ਉਨ੍ਹਾਂ ਵਾਸਤੇ ਹੈ ਜਿਹੜੇ ਸਾਡੇ ਸਰਵਿਸਿਜ਼ ਵਿਚੋਂ ਰਿਟਾਇਰ ਹੋਣਗੇ। ਕਿਸੇ ਕੋਰਟ ਵਿਚ ਜਾਵੇ ਮਕਾਨ ਖਾਲੀ ਨਹੀਂ ਹੋ ਸਕਦਾ ਸੱਤ ਸੱਤ ਸਾਲ ਦਾ ਅਰਸਾ ਲੱਗ ਜਾਂਦਾ ਹੈ। ਰਿਟਾਇਰ ਹੋਣ ਤੋਂ ਬਾਅਦ ਰਿਟਾਇਰੀ ਨੂੰ ਪਤਾ ਹੋਵੇਗਾ ਕਿ ਉਸ ਨੇ ਆਪਣੇ ਘਰ ਵਿਚ ਚਲਾ ਜਾਣਾ ਹੈ ਇਹ ਠੀਕ ਹੈ। ਮੈਂ ਛੋਟੀ ਜਿਹੀ ਇਕ ਹੋਰ ਬੇਨਤੀ ਕਰਨੀ ਹੈ ਕਿ ਇਥੋਂ ਬਹੁਤ ਸਾਰੇ ਪੰਜਾਬੀ ਜਿਹੜੇ ਤਿੰਨ ਪੌਂਡ ਲੈ ਕੇ ਬਾਹਰਲੇ ਮੁਲਕਾਂ ਵਿਚ ਜਾਂਦੇ ਹਨ। ਉਥੇ ਰਾਤ ਦਿਨ ਮੇਹਨਤਾਂ ਕੀਤੀਆਂ ਇਥੇ ਮਕਾਨ ਬਣਾਉਂਦੇ ਹਨ ਫ਼ਾਰਨ ਐਕਸਚੇਂਜ ਦੇ ਥਰੂ, ਹੁਣ ਉਨ੍ਹਾਂ ਦਾ ਟਰੈਂਡ ਘੱਟ ਗਿਆ ਹੈ ਕਿਉਂਕਿ ਉਹ ਜਦੋਂ ਇਥੇ ਆਉਂਦੇ ਹਨ ਉਨ੍ਹਾਂ ਨੂੰ ਆਪਣੇ ਮਕਾਨ ਵਿਚ ਕੋਈ ਵੜਨ ਹੀ ਨਹੀਂ ਦਿੰਦਾ। ਅਗਰ ਉਨ੍ਹਾਂ ਨੂੰ ਵੀ ਇਹ ਰਿਆਇਤ ਦੇ ਦਿੱਤੀ ਜਾਵੇ ਤਾਂ ਇਸ ਦੇ ਨਾਲ ਪੰਜਾਬੀਆਂ ਦਾ ਭਲਾ ਹੈ, ਫਾਰਨ ਐਕਸਚੇਂਜ ਦਾ ਭਲਾ ਹੈ, ਪਰ ਜਦੋਂ ਕਿਸੇ ਨੂੰ ਪਤਾ ਹੋਵੇ ਕਿ ਮੇਰਾ ਤਾਂ ਮਕਾਨ ਖਾਲੀ ਨਹੀਂ ਹੋਣਾ ਉਹ ਪੈਸਾ ਇਧਰ ਨਹੀਂ ਲਗਾਉਂਦਾ। ਜਦੋਂ ਵੀ 1965 ਜਾਂ 1971 ਵਿੱਚ ਆਫ਼ਤਾਂ ਆਈਆਂ ਤਾਂ ਉਨ੍ਹਾਂ ਨੇ ਪੈਸਾ ਭੇਜਿਆ ਉਹ ਸਾਡੇ ਕੋਲੋਂ ਲੈ ਕੇ ਕੁਝ ਨਹੀਂ ਗਏ। ਇਥੇ ਹੋਰ ਲੋਕ ਵੀ ਮਕਾਨ ਬਣਾਉਣ ਲਈ ਤਿਆਰ ਹਨ ਅਗਰ ਉਨ੍ਹਾਂ ਨੂੰ ਇਹ ਰਿਆਇਤ ਦਈਏ। ਇਸ ਦੇ ਨਾਲ ਜਿਹੜੀ ਮਕਾਨਾਂ ਦੀ ਕਿੱਲਤ ਹੈ ਉਹ ਘੱਟ ਜਾਏਗੀ ਔਰ ਅਗਰ ਰਿਆਇਤ ਨਹੀਂ ਦੇਵਾਂਗੇ ਤਾਂ ਕਿੱਲਤ ਵਧੇਗੀ। ਇਹ ਵਾਜਬ ਗਲ ਹੈ ਪੰਜਾਬੀਆਂ ਦੀ ਸਾਂਝੀ ਗਲ ਹੈ ਔਰ ਸੂਬੇ ਦੀ ਭਲਾਈ ਦੀ ਗਲ ਹੈ।

ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ (ਲੁਧਿਆਣਾ ਪੱਛਮੀ): ਸਪੀਕਰ ਸਾਹਿਬ, ਕਰਾਇਆ ਕਾਨੂੰਨ ਵਿਚ ਤਰਮੀਮ ਕਰਨੀ ਬਹੁਤ ਜ਼ਰੂਰੀ ਹੈ। ਇਹ ਬਹੁਤ ਦੇਰ ਦਾ ਚਲ ਰਿਹਾ ਸੀ ਪਰ ਜਿਸ ਤਰੀਕੇ ਨਾਲ ਹੁਣ ਤਰਮੀਮ ਕੀਤੀ ਜਾ ਰਹੀ ਹੈ ਇਹ ਠੀਕ ਨਹੀਂ ਹੈ, ਗੌਰ ਵਾਜਬ ਹੈ। ਇਸ ਵਿਚ ਸਿਰਫ਼ ਇਕ ਪੁਆਇੰਟ ਨੂੰ ਲਿਤਾ ਗਿਆ ਹੈ ਰਿਟਾਇਰ ਹੋਣ ਵਾਲੇ ਗੌਰਮਿੰਟ ਮੁਲਾਜ਼ਮ ਲਈ ਸ਼ਾਇਦ। ਜਿਥੋਂ ਤਕ ਫੌਜ ਦੇ ਜਵਾਨਾਂ ਦਾ ਸੁਆਲ ਹੈ ਉਸ ਦੇ ਲਈ ਵੀ ਮੈਂ ਵੈਲਕਮ ਕਰਦਾ ਹਾਂ ਉਨ੍ਹਾਂ ਨੂੰ ਇਹ ਸਹੂਲਤਾਂ ਜ਼ਰੂਰ ਦੇਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਜਿਹੜੇ ਫੌਜੀ ਫੀਲਡ ਵਿਚ ਲੜਦੇ ਹਨ ਉਨ੍ਹਾਂ ਦੇ ਬਚਿਆਂ ਨੂੰ ਅਗਰ ਉਨ੍ਹਾਂ ਨੇ ਪਿਛੇ ਘਰ ਛਡਣਾ ਹੈ ਤਾਂ ਉਨ੍ਹਾਂ ਨੂੰ ਵੀ ਇਹ ਸਹੂਲਤ ਹੋਣੀ ਚਾਹੀਦੀ ਹੈ ਤਾਕਿ ਉਨ੍ਹਾਂ ਦੇ ਮਕਾਨ ਖਾਲੀ ਹੋ ਸਕਣ ਅਤੇ ਉਹ ਆਪਣੀ ਫੈਮਿਲੀ ਨੂੰ ਪਿੱਛੇ ਰਖ ਸਕਣ। ਇਕ ਪੇਸ਼ਕਸ਼ ਫੌਜੀ ਅਫ਼ਸਰ ਦੇ ਨਾਤੇ ਮੈਨੂੰ ਪਤਾ ਹੈ ਕਿ ਫੌਜੀਆਂ ਨੂੰ ਕਿਤਨੀ ਤਕਲੀਫ਼ ਹੁੰਦੀ ਹੈ। ਜਿਥੋਂ ਤਕ ਕਰਾਇਆ ਕਾਨੂੰਨ ਦੀ ਤਰਮੀਮ ਦਾ ਸੁਆਲ ਹੈ ਇਹ 1972 ਵਿਚ ਗਲ ਸ਼ੁਰੂ ਹੋਈ ਸੀ ਜਦੋਂ ਗਿਆਨੀ ਜੀ ਦੀ ਸਰਕਾਰ ਸੀ ਅਤੇ ਉਸ ਵਿਚ ਪਾਂਡੇ ਸਾਹਿਬ ਮਨਿਸਟਰ ਸਨ। ਉਸ ਵੇਲੇ ਇਕ ਕਮੇਟੀ ਬਣੀ ਸੀ ਉਸ ਕਮੇਟੀ ਨੇ ਬਹੁਤ ਸਾਰੀਆਂ ਸਿਫਾਰਸ਼ਾਂ ਕੀਤੀਆਂ ਸਨ ਲੇਕਿਨ ਜਦੋਂ ਫਿਰ ਅਕਾਲੀਆਂ ਦੀ ਸਰਕਾਰ ਆਈ ਜਿਸ ਵਿਚ ਬਾਦਲ ਸਾਹਿਬ ਚੀਫ਼ ਮਨਿਸਟਰ ਸਨ ਉਨ੍ਹਾਂ ਨੇ ਸਾਰੀਆਂ ਸਿਫਾਰਸ਼ਾਂ ਰੱਦੀ ਦੀ ਟੋਕਰੀ ਵਿਚ ਸੁਟਾ ਦਿਤੀਆਂ। ਫਿਰ ਜਦੋਂ ਸਰਦਾਰ ਦਰਬਾਰਾ ਸਿੰਘ ਚੀਫ਼ ਮਨਿਸਟਰ ਬਣੇ ਔਰ ਡਾਕਟਰ ਕੇਵਲ ਕ੍ਰਿਸ਼ਨ ਜੀ ਲੋਕਲ ਬਾਡੀਜ਼ ਦੇ ਮਨਿਸਟਰ ਸਨ ਤਾਂ ਉਸ ਵਕਤ ਜਿਹੜੀ ਕਮੇਟੀ ਬਣੀ ਉਸ ਵਿਚ ਸਾਡੇ ਸਤਿਕਾਰਯੋਗ ਹੁਣ ਦੇ ਮੁੱਖ ਮੰਤਰੀ ਬਰਨਾਲਾ ਜੀ ਵੀ ਮੈਂਬਰ

Original with;
Punjab Vidhan Sabha
Digitized by;
Panjab Digital Library

ਸਨ। ਇਸ ਕਮੇਟੀ ਅਗੇ ਮੈਂ ਵੀ ਕਰਾਇਦਾਰ ਯੂਨੀਅੱਨ ਦੀ ਤਰਫੋਂ ਇਕ ਡੈਲੀਗੇਸ਼ਨ ਲੈ ਕੇ ਗਿਆ ਸੀ ਔਰ ਬੇਨਤੀ ਕੀਤੀ ਸੀ ਕਿ ਇਹ ਮੌਜੂਦਾ ਕਰਾਇਆ ਕਾਨੂੰਨ ਬਿਲਕੁਲ ਨਾਕਸ ਹੈ, ਇਹ ਮਾਲਕ ਮਕਾਨ ਅਤੇ ਕਰਾਇਆਦਾਰ ਵਿਚ ਝਗੜੇ ਦਾ ਧੰਧਾ ਕਰਦਾ ਕਰਵਾਉਂਦਾ ਹੈ, ਇਸ ਨਾਲ ਮੁਕੱਦਮੇ ਬਾਜ਼ੀ ਵੱਧਦੀ ਹੈ ਇਸ ਦਾ ਹੱਲ ਕਢਣਾ ਚਾਹੀਦਾ ਹੈ। ਔਰ ਇਸ ਵਿਚ ਤਰਮੀਮ ਕਰਨੀ ਚਾਹੀਦੀ ਹੈ। ਉਸ ਕਮੇਟੀ ਨੇ ਸੱਤ ਮੀਟਿੰਗਾਂ ਕਰਨ ਤੋਂ ਬਾਅਦ ਬਹੁਤ ਸਾਰੀਆਂ ਸਿਫ਼ਾਰਸ਼ਾਂ ਕੀਤੀਆਂ। ਮੇਰੇ ਕੋਲ ਇਕ ਅਖ਼ਬਾਰ ਹੈ 'ਇੰਡੀਅਨ ਐਕਸਪਰੈਸ' ਇਹ 5 ਅਗਸਤ, 1981 ਦਾ ਹੈ, ਇਸ ਵਿਚ ਇਹ ਲਿਖਿਆ ਸੀ :

The draft of the Punjab Urban Rent Restriction Act, 1981, replacing the East Punjab Urban Rent Restriction Act, 1949, was finalized and approved by the Committee set up by the State Government to recommend amendments in the original legislation.

ਇਸ ਵਿਚ, ਸਪੀਕਰ ਸਾਹਿਬ, ਬ੍ਰਹੁਤ ਸਾਰੀਆਂ ਰੈਕਮੈਂਡੇਸ਼ਨਜ਼ ਹਨ, ਉਹ ਰੈਕੁਮੈਂਡੇਸ਼ਨਜ਼ ਜਿਹੜੀਆਂ ਕਰਾਇਆਦਾਰਾਂ ਦੇ ਫੇਵਰ ਵਿਚ ਜਾਂਦੀਆਂ ਹਨ ਮੁਕੱਦਮੇਬਾਜ਼ੀ ਘਟਾਉਂਦੀਆਂ ਹਨ। ਜਿਸ ਤਰ੍ਹਾਂ ਕਿਰਾਏ ਦੀ ਰਸੀਦ ਜ਼ਰੂਰ ਦੇਣੀ ਚਾਹੀਦੀ ਹੈ ਕਰਾਇਆਦਾਰ ਨੂੰ ਤਾਂਕਿ ਇਸ ਗਲ ਦਾ ਸਬੂਤ ਹੋ ਜਾਵੇ ਕਿ ਕਰਾਇਆਦਾਰ ਨੇ ਕਿੰਨੇ ਚਿਰ ਦਾ ਕਰਾਇਆ ਦਿਤਾ ਹੈ। ਇਸ ਤੋਂ ਇਲਾਵਾ ਕਈ ਹੋਰ ਸਿਫ਼ਾਰਸ਼ਾਂ ਵੀ ਸਨ ਜਿਹੜੀਆਂ ਕਿਰਾਏਦਾਰ ਦੇ ਹੱਕ ਵਿਚ ਜਾਂਦੀਆਂ ਸਨ। ਨਾਲ ਹੀ ਲਾਜ਼ਮੀ ਤੌਰ ਤੇ ਕਿਰਾਇਆਨਾਮਾ ਲਿਖਿਆ ਜਾਣਾ ਚਾਹੀਦਾ ਹੈ ਤਾਂਕਿ ਜੋ ਮੁਕੱਦਮੇਬਾਜ਼ੀ ਹੋ ਰਹੀ ਹੈ, ਝਗੜੇ ਹੋ ਰਹੇ ਹਨ, ਨਾ ਹੋਣ। ਐਕਟ ਵਿਚ ਇਕ ਖਾਸ ਪਰੋਵੀਜ਼ਨ ਹੈ, ਕਾਨੂੰਨ ਦੇ ਅੰਦਰ ਪਰੋਵੀਜ਼ਨ ਹੈ ਕਿ ਅਗਰ ਕਿਸੇ ਕਿਰਾਏਦਾਰ ਤੋਂ ਕੋਈ ਮਾਲਕ ਮਕਾਨ ਜਿੰਨੇ ਲੰਬੇ ਅਰਸੇ ਦਾ ਕਿਰਾਇਆ ਮੰਗਣ ਉਹ ਮੰਗ ਸਕਦਾ ਹੈ ਔਰ ਕਿਰਾਏਦਾਰ ਨੂੰ ਉਹ ਯੱਕ-ਮੁਸ਼ਤ ਪਹਿਲੀ ਪੇਸ਼ੀ ਤੇ ਕਚਹਿਰੀ ਵਿਚ ਰਖਣਾ ਪੈਂਦਾ ਹੈ। ਜੇਕਰ ਉਸ ਨੇ ਕੋਰਟ ਵਿਚ ਕੇਸ ਲੜਨਾ ਹੈ ਤਾਂ ਉਸ ਨੂੰ ਯਕਮੁਸ਼ਤ ਕਿਰਾਇਆ ਰਖਣਾ ਪੈਂਦਾ ਹੈ ਨਹੀਂ ਤਾਂ ਉਸ ਦੀ ਬੇਦਖਲੀ ਹੋ ਜਾਂਦੀ ਹੈ। ਸਾਡੀ ਅਰਜ਼ ਹੈ ਕਿ ਕਿਰਾਇਆ ਯਕਮੁਸ਼ਤ ਨਹੀਂ ਦੇਣਾ ਚਾਹੀਦਾ ਔਰ ਕਿਸ਼ਤਾਂ ਰਾਹੀਂ ਵਸੂਲ ਕੀਤਾ ਜਾਣਾ ਚਾਹੀਦਾ ਹੈ ਔਰ ਇਸ ਤਰ੍ਹਾਂ ਜੇਕਰ ਉਹ ਕਿਰਾਇਆ ਪਹਿਲੀ ਪੇਸ਼ੀ ਤੇ ਨਾ ਦੇ ਸਕੇ ਤਾਂ ਬੇਦਖਲੀ ਨਹੀਂ ਹੋਣੀ ਚਾਹੀਦੀ। ਨਾਲ ਹੀ ਸਿਫ਼ਾਰਸ਼ ਕੀਤੀ ਹੈ ਕਿ ਪੁਰਾਣੇ ਕਿਰਾਏਦਾਰ ਨੂੰ ਮਾਲਕ ਮਕਾਨ ਬਣਾਇਆ ਜਾਵੇ ਪਰ ਉਹ ਪਰੋਵੀਜ਼ਨ ਬਰਨਾਲਾ ਸਾਹਿਬ ਨੇ ਨਹੀਂ ਲਿਆਂਦੀ। ਫਿਰ ਸਾਡੀਆਂ ਮੰਗਾਂ ਸਨ ਕਿ ਬਿਜਲੀ ਔਰ ਪਾਣੀ ਦੇ ਕੁਨੈਕਸ਼ਨ ਬਿਲਾ ਵਜ੍ਹਾ ਥੋੜ੍ਹੀ ਜਿਹੀ ਬਹਾਨੇ-ਬਾਜ਼ੀ ਨਾਲ ਕੱਟਿਆ ਨਹੀਂ ਜਾ ਸਕਦਾ ਔਰ ਨਾਲ ਹੀ ਕਿਰਾਏਦਾਰ ਨੂੰ ਇਜਾਜ਼ਤ ਹੋਣੀ ਚਾਹੀਦੀ ਹੈ ਕਿ ਆਪਣੇ ਨਾਮ ਤੇ ਬਿਜਲੀ ਔਰ ਪਾਣੀ ਦਾ ਕੁਨੈਕਸ਼ਨ ਲੈ ਸਕੇ। ਇਸ ਤੋਂ ਇਲਾਵਾ ਬਹੁਤ ਸਾਰੀਆਂ ਹੋਰ ਮੰਗਾਂ ਹਨ, ਟਾਈਮ ਥੋੜ੍ਹਾ ਹੈ। ਮੈਂ ਲਿਖਤੀ ਰੂਪ ਵਿਚ ਬਰਨਾਲਾ ਸਾਹਿਬ ਦੀ ਸੇਵਾ ਵਿਚ ਸਾਰੀਆਂ ਪੇਸ਼ ਕੀਤੀਆਂ ਹਨ। ਮੈਂ ਪ੍ਰਾਰਥਨਾ ਕਰਾਂਗਾ ਤੁਹਾਡੀ ਇਜ਼ਾਜ਼ਤ ਨਾਲ ਉਨ੍ਹਾਂ ਨੂੰ ਕਿ ਉਹ ਕਿਰਪਾ ਕਰਕੇ ਇਸ ਬਿੱਲ ਨੂੰ ਸਰਕੂਲੇਟ ਕਰਨਾ, ਪਬਲਿਕ ਓਪੀਨੀਅਨ ਲੈਣ ਔਰ ਉਸ ਤੋਂ ਬਾਅਦ ਕਾਨੂੰਨ ਪਾਸ ਕਰਾਉਣ ਤਾਕਿ ਹਮੇਸ਼ਾ ਲਈ ਇਹ ਝਗੜੇ ਜਿਹੜੇ ਕਿ ਮੈਂ ਵਕੀਲ ਹੋਣ ਦੇ ਨਾਤੇ ਜਾਣਦਾ ਹਾਂ, ਹੁੰਦੇ ਹਨ ਉਹ ਨਾ ਹੋਣ। ਅੱਜ ਜ਼ਿਆਦਾ ਮੁਕੱਦਮੇ ਅਦਾਲਤਾਂ ਵਿਚ ਹਨ ਤਾਂ ਕਿਰਾਏਦਾਰ ਔਰ ਮਾਲਿਕ ਮਕਾਨਾਂ ਦੇ ਹਨ। ਇਸ ਲਈ ਕਿਰਾਇਆ ਕਾਨੂੰਨ ਤੇ ਬਹਿਸ ਕਰਵਾਈ ਜਾਵੇ ਜਿਸ ਨਾਲ ਪਬਲਿਕ ਓਪੀਨੀਅਨ ਆਵੇ ਉਸ ਦੇ ਬਾਅਦ ਤਰਮੀਮ ਕੀਤੀ ਜਾਏ ਤਾਂ ਜੋ ਝਗੜੇ ਖਤਮ ਹੋਣ।

ਜਿਥੋਂ ਤਕ ਫੌਜੀਆਂ ਦੀ ਗੱਲ ਹੈ, ਮੈਂ ਪੁਰਜ਼ੋਰ ਤਰੀਕੇ ਨਾਲ ਕਿਹਾ ਹੈ ਕਿ ਉਨਾਂ ਨੂੰ ਪੂਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਪਰ ਉਹ ਕੁਰੱਪਟ ਅਫਸਰਾਂ ਬਾਰੇ ਵੇਖ ਲੈਣ ਜਿਨ੍ਹਾਂ ਦੀਆਂ ਥੋੜ੍ਹੀਆਂ ਥੋੜ੍ਹੀਆਂ ਤਨਖਾਹਾਂ ਹੁੰਦੀਆਂ ਹਨ ਔਰ ਉਨ੍ਹਾਂ ਨੇ ਐਨੇ ਵੱਡੇ ਵੱਡੇ ਮਕਾਨ ਕਿਸ ਤਰ੍ਹਾਂ ਬਣਾ ਲਏ ਹਨ। ਉਨ੍ਹਾਂ ਦੇ ਮਕਾਨ ਕਦੀ ਖਾਲੀ ਨਹੀਂ ਹੋਣੇ ਚਾਹੀਦੇ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ (ਅੰਮ੍ਰਿਤਸਰ ਉੱਤਰੀ) : ਸਪੀਕਰ ਸਾਹਿਬ, ਇਹ ਬਿੱਲ ਸਾਨੂੰ ਕਲ੍ਹ ਸਵੇਰੇ ਮਿਲਿਆ ਹੈ ਅੱਜ ਸਵੇਰੇ ਤੁਹਾਨੂੰ ਅਮੈਂਡਮੈਂਟ ਲਈ ਲਿਖ ਕੇ ਦਿੱਤਾ ਹੈ ਪਰ ਅਫਸੋਸ ਹੈ ਕਿ ਕਲਰਕ ਨੇ ਡੇਟ ਨਹੀਂ ਪਾਈ। ਸ਼ੁਕਰੀਆ ਤੁਸੀਂ ਬੋਲਣ ਲਈ ਇਜ਼ਾਜ਼ਤ ਦਿੱਤੀ ਹੈ। ਇਸ ਬਿੱਲ ਵਿਚ ਇਤਨੀਆਂ ਅਨਸਪੈਸੀਫਾਈਡ ਗੱਲਾਂ ਹਨ ਕਿ ਇਹ ਚੀਜ਼ ਇਸ ਢੰਗ ਨਾਲ ਨਹੀਂ ਆਉਣੀ ਚਾਹੀਦੀ। ਮੇਰੀ ਬਰਨਾਲਾ ਸਾਹਿਬ ਪਾਸ ਦਰਖਾਸਤ ਹੈ ਕਿ ਇਹ ਬਿੱਲ ਪਾਸ ਨਹੀਂ ਹੋਣਾ ਚਾਹੀਦਾ। ਮੈਂ ਇਸ ਦੀ ਕਲਾਜ਼ ਪੜ੍ਹ ਕੇ ਸੁਣਾਉਂਦਾ ਹਾਂ :

> "'specified landlord' means a person who is entitled to receive rent in respect of a building on his own account and who is holding or has held an appointment in a public service or post in connection with the affairs of the Union or of a State."

ਹੁਣ ਇਸ ਦੇ ਵਿਚ ਪਬਲਿਕ ਸਰਵਿਸ ਦੀ ਗੱਲ ਆ ਗਈ। ਜਿਹੜੇ ਇਨਸਟੀਚਿਊਸ਼ਨਜ਼ ਗੌਰਮਿੰਟ ਏਡਿਡ ਹਨ, ਅਲਾਹਾਬਾਦ ਹਾਈ ਕੋਰਟ ਵਿਚ ਕੇਸ ਚਲ ਰਹੇ ਹਨ, ਹੋਰ ਕੋਰਟਾਂ ਵਿਚੰ ਪੈਟੀਸ਼ਨਾਂ ਚਲ ਰਹੀਆਂ ਹਨ। ਜਿਹੜੇ ਪ੍ਰਾਈਵੇਟ ਇਨਸਟੀਚਿਊਸ਼ਨਜ਼ ਹਨ ਉਨ੍ਹਾਂ ਵਿਚ 95 ਪ੍ਰਤੀਸ਼ਤ ਗੌਰਮਿੰਟ ਏਡ ਦੇ ਰਹੀ ਹੈ। ਉਸ ਦੇ ਵਿਚਲਾ ਵੀ ਪਬਲਿਕ ਸਰਵੈਂਟ ਤਸੱਵਰ ਕੀਤਾ ਜਾਂਦਾ ਹੈ। ਇਸ ਲਈ ਜਿਨ੍ਹਾਂ ਕੈਟੇਗਰੀਜ਼ ਨੂੰ ਤੁਸੀਂ ਫਾਇਦਾ ਪਹੁੰਚਾਉਣਾ ਚਾਹੁੰਦੇ ਹੋ ਉਹ ਪਰਟੀਕੁਲਰਲੀ ਸਪੈਸੀਫਾਈ ਹੋਣੀਆਂ ਚਾਹੀਦੀਆਂ ਹਨ, ਨਹੀਂ ਤਾਂ ਇਸ ਦਾ ਦੁਰ-ਉਪਯੋਗ ਹੋਣ ਦਾ ਡਰ ਹੈ। ਮੈਂ ਫਿਰ ਕਲਾਜ਼-4 ਤੇ ਆਉਂਦਾ ਹਾਂ ਜਿਥੇ ਲਿਖਿਆ ਹੋਇਆ ਹੈ:

> "Where a specified landlord at any time, within one year prior to or within one year after the date of his retirement or after his retirement but within one year of the date of commencement of the East Punjab Urban Rent Restriction (Amendment) Act, 1985, whichever is later, applies to the Controller alongwith a certificate from the authority competent to remove him from service indicating the date of his retirement and his affidavit to the effect that he does not own and possess any other suitable accommodation in the local area in which he intends to reside."

ਇਸ ਦਾ ਮਤਲਬ ਇਹ ਹੈ ਕਿ ਉਹ ਇਕ ਆਦਮੀ ਚੰਡੀਗੜ੍ਹ ਵਿਚ ਮਕਾਨ ਓਨ ਕਰ ਸਕਦਾ ਹੈ ਲੇਕਿਨ ਉਹ ਸਿਰਫ ਇਕੋ ਐਫੀਡੇਵਿਟ ਦੇ ਦੇਵੇ ਕਿ ਮੈਂ ਇਥੇ ਨਹੀਂ ਰਹਿਣਾ ਚਾਹੁੰਦਾ ਔਰ ਅੰਮ੍ਰਿਤਸਰ ਵਿਚ ਦੂਜਾ ਮਕਾਨ ਜੋ ਹੈ, ਉਥੇ ਰਹਿਣਾ ਚਾਹੁੰਦਾ ਹਾਂ ਤਾਂ ਉਹ ਵੀ ਖਾਲੀ ਕਰਵਾਇਆ ਜਾ ਸਕਦਾ ਹੈ। ਫਿਰ ਸ਼ਡਿਊਲਡ ਬਿਲਡਿੰਗਜ਼ ਬਾਰੇ ਡੈਫੀਨੀਸ਼ਨ ਹੈ ਉਹ ਮੈਂ ਪੜ੍ਹ ਕੇ ਦੱਸਦਾ ਹਾਂ:

> "'scheduled building' means a residential building which is being used by a person engaged on one or more of the professions specified in the Schedule to this Act, partly for his business and partly for his residence."

ਅਗਰ ਇਹ ਮੁਖੱਫਫ ਕੀਤਾ ਜਾਂਦਾ, ਸੀਮਤ ਕੀਤਾ ਜਾਂਦਾ ਰੈਜ਼ੀਡੈਂਸ਼ੀਅਲ ਬਿਲਡਿੰਗਜ਼ ਵਾਸਤੇ ਗੱਲ ਸਮਝ ਲਗਦੀ ਸੀ ਲੇਕਿਨ ਸ਼ਡਿਊਲਡ ਬਿਲਡਿੰਗਜ਼ ਦਾ ਵਰਡ ਪਾ ਦਿੱਤਾ ਹੈ। ਮੇਰਾ ਖਿਆਲ ਹੈ ਕਿ ਚੰਡੀਗੜ੍ਹ ਦੇ ਵਿਚ 50 ਪ੍ਰਤੀਸ਼ਤ ਬਿਲਡਿੰਗਜ਼ ਮੁਲਾਜ਼ਮਾਂ ਦੀਆਂ ਹੋਣਗੀਆਂ। ਜੇਕਰ ਤੁਸੀਂ ਐਜ਼ ਇਟ ਇਜ਼ ਇਸ ਨੂੰ ਪਾਸ ਕਰ ਦਿੱਤਾ ਤਾਂ ਬਹੁਤ ਬੁਰਾ ਅਸਰ ਹੋਵੇਗਾ। ਇਕ ਛੋਟੀ ਜਿਹੀ ਉਦਾਹਰਣ ਮੈਂ ਦਿੰਦਾ ਹਾਂ। ਇਕ ਛੋਟਾ ਦੁਕਾਨਦਾਰ ਹੈ, ਭਾਵੇਂ ਉਹ ਦੁੱਧ ਦੀ ਦੁਕਾਨਦਾਰੀ ਕਰਦਾ ਹੈ ਤੇ ਭਾਵੇਂ ਕਰਿਆਨੇ ਦੀ ਦੁਕਾਨਦਾਰੀ ਕਰਦਾ ਹੈ ਔਰ ਉਸ ਦਾ ਘਰ ਗਲੀ ਵਿਚ ਦੁਕਾਨ ਦੇ ਨਾਲ ਹੈ। ਉਸ ਦੀ ਬੱਚੀ ਜਾਂਦੀ ਹੈ, ਉਸ ਨੂੰ ਚਾਹ ਪਕੜਾ ਜਾਂਦੀ ਹੈ ਔਰ ਸਕੂਲੋਂ ਆਉਂਦੀ ਹੈ ਤਾਂ ਰੋਟੀ ਦੇ ਜਾਂਦੀ ਹੈ। ਜੇਕਰ ਉਹ ਮਕਾਨ ਨਿਕਲ ਆਵੇ ਕਿਸੇ ਮੁਲਾਜ਼ਮ ਦਾ ਤਾਂ ਉਸ ਦਾ ਕੰਮ ਵੀ ਉਜੜ ਗਿਆ ਔਰ ਘਰ ਵੀ ਉਜੜ ਗਿਆ। ਉਹ ਕਿੱਥੇ ਜਾਵੇਗਾ, ਉਸ ਗਰੀਬ ਦਾ ਕੌਣ ਰਖਵਾਲਾ ਹੈ। ਮੈਂ ਅਰਜ਼ ਕਰਦਾ ਹਾਂ ਕਿ ਅੱਗੇ ਜਿਹੜਾ ਇਨ੍ਹਾਂ ਨੇ 5(ਬੀ) ਦੇ ਵਿਚ ਦਿੱਤਾ ਹੈ ਕਿ ਸਮਨ ਕਿਸ ਤਰ੍ਹਾਂ ਹੋਣਗੇ। ਅਗਰ ਰਜਿਸਟਰਡ ਚਿੱਠੀ ਭੇਜੀ ਜਾਂਦੀ ਹੈ ਤਾਂ ਉਹ ਭਾਵੇਂ ਆਦਮੀ ਉਥੇ ਹੋਵੇ ਜਾਂ ਨਾ ਹੋਵੇ ਉਹ ਰਜਿਸਟਰੀ ਰਾਹੀਂ ਭੇਜੇ

Original with;
Punjab Vidhan Sabha
Digitized by;
Panjab Digital Library

ਗਏ ਭਾਵੇਂ ਸਮਨ ਹੋਣ ਉਹ ਸਰਵ ਹੋਏ ਸਮਝੇ ਜਾਣਗੇ। ਇਸ ਤਰ੍ਹਾਂ ਇਹ ਬਿੱਲ ਕੋਰਟ ਦਾ ਪਰੋਸੀਜਰ ਵੀ ਲਾਂਭੇ ਕਰ ਦਿੰਦਾ ਹੈ। ਜਿਹੜੇ ਸੱਮਨ ਇਸ ਤਰ੍ਹਾਂ ਰਜਿਸਟਰੀ ਰਾਹੀਂ ਭੇਜੇ ਜਾਣਗੇ they will be considered as served.

ਇਸ ਤਰ੍ਹਾਂ ਨਾਲ ਸਿਵਿਲ ਕੋਰਟ ਦੇ ਪਰੋਸੀਜਰ ਨੂੰ ਵੀ ਵਾਸ਼ ਆਊਟ ਕਰ ਦਿੱਤਾ ਹੈ। ਫਿਰ ਹਾਈ ਕੋਰਟ ਨੂੰ ਇਸ ਗੱਲ ਦਾ ਇਖਤਿਆਰ ਨਹੀਂ ਕਿ ਉਹ ਦਖਲ ਅੰਦਾਜ਼ੀ ਕਰ ਸਕੇ,ਕੰਟਰੋਲਰ ਨੂੰ ਇੰਨੀ ਤਾਕਤ ਦੇ ਦਿੱਤੀ ਹੈ। ਮੇਰਾ ਖਿਆਲ ਹੈ ਕਿ 50 ਪ੍ਰਤੀਸ਼ਤ ਤੋਂ 60 ਪ੍ਰਤੀਸ਼ਤ ਸ਼ਹਿਰੀ ਆਦਮੀ ਕਿਰਾਏ ਦੀ ਜਗ੍ਹਾ ਵਿਚ ਰਹਿੰਦੇ ਹਨ। (ਘੰਟੀ)

ਸ਼੍ਰੀ ਸਪੀਕਰ : ਮਹਿਰਾ ਸਾਹਿਬ, ਵਾਇੰਡ ਅਪ ਕਰੋ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਹਾਈ ਕੋਰਟ ਦੇ ਬਾਰੇ ਲਿਖਿਆ ਹੈ :

"Provided that the High Court may, for the purpose of satisfying itself that an order made by the Controller under this section is according to law, call for the records of the case and pass such order in respect thereto as it thinks fit.

(9) Save as otherwise provided in this section,....."

ਬਸ ਜੀ, ਮੈਂ ਤਾਂ ਇਹ ਕਹਿਣਾ ਹੈ ਔਰ ਮੇਰੀ ਪੱਕੀ ਰਾਏ ਹੈ ਕਿ ਬਰਨਾਲਾ ਸਾਹਿਬ ਮੇਰੀ ਸੁਜੈਸ਼ਨ ਨੂੰ ਐਕਸੈਪਟ ਕਰ ਲੈਣ ਔਰ ਇਸ ਨੂੰ ਪਬਲਿਕਲੀ ਸਰਕੂਲੇਟ ਕਰ ਦਿਤਾ ਜਾਵੇ ਔਰ ਦੋ ਮਹੀਨਿਆਂ ਵਾਸਤੇ ਇਸ ਤੇ ਪਬਲਿਕ ਓਪੀਨੀਅਨ ਲੈ ਲਿਆ ਜਾਵੇ। ਫਿਰ ਇਸ ਬਿੱਲ ਨੂੰ ਲਿਆਂਦਾ ਜਾਵੇ। ਸ਼ੁਕਰੀਆ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਇਕ ਬਹੁਤ ਵਧੀਆ ਬਿੱਲ ਆਇਆ ਹੈ, ਇਕ ਬਹੁਤ ਵਧੀਆ ਲੈਜਿਸਲੇਸ਼ਨ ਆਇਆ ਹੈ ਔਰ ਬਹੁਤ ਸਾਰੀ ਇਸ ਤੇ ਬਹਿਸ ਹੋਈ ਹੈ। ਸਪੀਕਰ ਸਾਹਿਬ, ਜਿਹੜੇ ਆਦਮੀ ਡਿਫੈਂਸ ਸਰਵਿਸ ਵਿਚ ਹੁੰਦੇ ਹਨ ਉਨ੍ਹਾਂ ਦੀ ਪੋਸਟਿੰਗ ਦੂਰ ਹੋ ਜਾਂਦੀ ਹੈ, ਦੂਰ ਚਲੇ ਜਾਂਦੇ ਹਨ ਆਪਣੇ ਘਰਾਂ ਤੋਂ। ਉਹ ਇਹ ਤਾਂ ਕਹਿ ਨਹੀਂ ਸਕਦੇ, ਜਿਸ ਤਰ੍ਹਾਂ ਕਿ ਇਥੇ ਦਰਖਾਸਤਾਂ ਲੈ ਕੇ ਲੋਕ ਆ ਜਾਂਦੇ ਹਨ ਕਿ ਮੇਰੀ ਬਦਲੀ ਇਸ ਪਿੰਡ ਤੋਂ ਇਥੇ ਕਰ ਦਿਓ। ਇਸ ਤਰ੍ਹਾਂ ਉਹ ਕਹਿ ਨਹੀਂ ਸਕਦੇ। ਜਦੋਂ ਉਹ ਡਿਫੈਂਸ ਵਿਚ ਨੌਕਰ ਹੋ ਗਿਆ ਤਾਂ ਉਸ ਨੂੰ ਕਦੇ ਆਸਾਮ ਵਿਚ ਲਗਾ ਦਿੱਤਾ, ਤਾਮਿਲਨਾਡੂ ਵਿਚ ਲਗਾ ਦਿੱਤਾ।ਉਨ੍ਹਾਂ ਦੇ ਬਾਰੇ ਬਹੁਤ ਮੰਗ ਚਲ ਰਹੀ ਸੀ।ਸੈਂਟਰਲ ਸਰਵਿਸਿਜ਼ ਬਾਰੇ ਮੰਗ ਚਲ ਰਹੀ ਸੀ ਕਿਉਂਕਿ ਉਨ੍ਹਾਂ ਨੂੰ ਵੀ ਦੂਰ ਦੁਰਾਡੇ ਜਾਣਾ ਪੈਂਦਾ ਹੈ ਨੌਕਰੀ ਵਾਸਤੇ। ਜਦੋਂ ਇਨ੍ਹਾਂ ਬਾਰੇ ਵਿਚਾਰ ਹੋ ਰਿਹਾ ਸੀ ਸੈਂਟਰਲ ਸਰਵਿਸਿਜ਼ ਔਰ ਡਿਫੈਂਸ ਪਰਸੋਨਲ ਦੇ ਬਾਰੇ ਤਾਂ ਇਹ ਮਹਿਸੂਸ ਕੀਤਾ ਕਿ ਜੇਕਰ ਸਟੇਟ ਸਰਵਿਸਿਜ਼ ਨੂੰ ਪਾਸੇ ਰੱਖ ਦਿੱਤਾ ਤਾਂ ਇਹ ਜ਼ਿਆਦਤੀ ਹੋਵੇਗੀ। ਇਸ ਲਈ ਬੜੇ ਸਮੇਂ ਤੋਂ ਬਾਅਦ ਇਸ ਬਿੱਲ ਨੂੰ ਲਿਆਂਦਾ ਹੈ। ਇਸ ਦਾ ਕਰੈਡਿਟ ਕਿਸੇ ਹੋਰ ਨੇ ਵੀ ਲੈਣ ਦੀ ਕੋਸ਼ਿਸ਼ ਕੀਤੀ ਉਸ ਵੇਲੇ ਗਿਆਨੀ ਜ਼ੈਲ ਸਿੰਘ ਹੋਰਾਂ ਦੀ ਸਰਕਾਰ ਸੀ ਉਦੋਂ ਸੋਚਣ ਲਗ ਗਏ ਸਨ ਪਰ ਲੈਜਿਸਲੇਸ਼ਨ ਨਹੀਂ ਲਿਆ ਸਕੇ। ਫਿਰ ਕੰਮਿਟ ਨੇ ਇਕ ਹੋਰ ਕਮੇਟੀ ਬਣਾਈ ਸੀ। ਉਸ ਦੀਆਂ ਮੀਟਿੰਗਾਂ ਹੁੰਦੀਆਂ ਸਨ। ਉਸ ਕਮੇਟੀ ਦਾ ਮੈਂ ਵੀ ਮੈਂਬਰ ਰਿਹਾ ਹਾਂ। ਪਰ ਹੁਣ ਇਹ ਬਿੱਲ ਲਿਆਂਦਾ ਹੈ ਪਰ ਜੇਕਰ ਲਿਆਂਦਾ ਹੈ ਤਾਂ ਕਿਹਾ ਜਾ ਰਿਹਾ ਹੈ ਕਿ ਇਸ ਨੂੰ ਬਾਹਰ ਭੇਜ ਦਿਓ ਓਪੀਨੀਅਨ ਲੈਣ ਵਾਸਤੇ। ਪਤਾ ਨਹੀਂ ਹੈ, ਸਪੀਕਰ ਸਾਹਿਬ, ਕਿਉਂ ਡਰਲੀਫ ਦੇਈ ਹੈ। ਨੁਕਸਾਨ ਕਿਸੇ ਦਾ ਨਾ ਦੇਵੇ। ਇਸ ਨੂੰ ਲਾਂਭੇ ਲਗਾਉਣ ਲਈ ਕਿਹਾ ਜਾ ਰਿਹਾ ਹੈ। ਕਈ ਇਤਰਾਜ਼ ਕੀਤੇ ਹਨ। ਰਾਜਾ ਨਰਿੰਦਰ ਸਿੰਘ ਹੋਰਾਂ ਨੇ ਆਖਿਆ ਕਿ ਵਧੀਆ ਬਿੱਲ ਹੈ ਲੇਕਿਨ ਉਨ੍ਹਾਂ ਨੇ ਆਖਿਆ ਹੈ ਕਿ ਇਸ ਵਿਚ ਪੀਨਲ ਕਲਾਜ਼ ਲਗਾ ਦਿੱਤੀ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹੈ ਜਿਹੜੀ ਕਿ ਸ਼ੋਭਾ ਨਹੀਂ ਦਿੰਦੀ। ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਬੋਲਦਿਆਂ ਕਿਹਾ ਕਿ ਪੀਨਲ ਕਲਾਜ਼ ਲਗਣ ਨਾਲ ਹੀ ਇਸ ਬਿੱਲ ਦੀ ਖੂਬਸੂਰਤੀ ਬਣ ਗਈ ਹੈ। ਪੀਨਲ ਕਲਾਜ਼ ਮੈਂ ਵੀ ਸਮਝਦਾ ਹਾਂ ਕਿ ਜਿਹੜਾ ਕਿਰਾਏਦਾਰ ਹੈ ਉਸ ਦੇ ਵੀ ਕੋਈ ਰਾਈਟਸ ਹੁੰਦੇ ਹਨ, ਉਸ ਦਾ ਵੀ ਥੋੜ੍ਹਾ ਹੱਕ ਬਣ ਜਾਂਦਾ ਹੈ ਮਕਾਨ ਦੇ ਉਤੇ। ਇਸ ਕਲਾਜ਼ ਨਾਲ ਇਹ ਗੱਲ ਬਣ ਜਾਂਦੀ ਹੈ ਕਿ ਮਾਲਕ ਮਕਾਨ ਬਿਲਾ-ਵਜ੍ਹਾ ਨਾ ਕੱਢ ਦੇਵੇ। ਉਹ ਮਕਾਨ ਵਿਚ ਰਹਿਣਾ ਚਾਹੁੰਦਾ ਵੀ ਨਾ ਹੋਵੇ ਲੇਕਿਨ ਮਹਿਜ਼ ਇਸ ਕਰਕੇ ਕਿਰਾਏਦਾਰ ਨੂੰ ਕੱਢ ਦੇਵੇ ਕਿ ਹੋਰ ਵੱਧ ਕਿਰਾਏ ਤੇ ਉਸ ਮਕਾਨ ਨੂੰ ਦਿੱਤਾ ਜਾ ਸਕੇ। ਇਸ ਲਈ ਪੀਨਲ ਕਲਾਜ਼ ਰਖਣੀ ਜ਼ਰੂਰੀ ਹੋ ਗਈ ਹੈ। ਕੋਈ ਵੀ ਆਪਣੇ ਵਰਤਣ ਵਾਸਤੇ ਮਕਾਨ ਖਾਲੀ ਕਰਵਾਉਣਾ ਚਾਹੇ ਤਾਂ ਕਰਵਾ ਸਕਦਾ ਹੈ ਪਰ ਜੇ ਕੋਈ ਇਹ ਕਹੇ ਕਿ ਖਾਲੀ ਕਰਵਾ ਕੇ ਵੱਧ ਕਰਾਏ ਤੇ ਹੋਰ ਨੂੰ ਦੇਣਾ ਹੈ ਤਾਂ ਉਹ ਮਕਾਨ ਖਾਲੀ ਨਹੀਂ ਹੋ ਸਕੇਗਾ। ਉਸ ਨੂੰ ਨਾਲ ਹੀ ਇਹ ਦਸਣਾ ਪਵੇਗਾ ਕਿ ਉਸ ਦਾ ਉਸ ਸ਼ਹਿਰ ਵਿਚ ਹੋਰ ਕੋਈ ਮਕਾਨ ਨਹੀਂ ਹੈ, ਅੱਰ ਉਹ ਅਸਲ ਵਿਚ ਆਪ ਹੀ ਆ ਕੇ ਉਥੇ ਰਹਿਣਾ ਚਾਹੁੰਦਾ ਹੈ। ਸਪੀਕਰ ਸਾਹਿਬ, ਕੋਈ ਇਸ ਦਾ ਮਿਸਯੂਜ਼ ਨਾ ਕਰੇ, ਕੋਈ ਖਾਲੀ ਕਰਵਾ ਕੇ ਵੱਧ ਕਰਾਏ ਤੇ ਨਾ ਚੜ੍ਹਾ ਸਕੇ, ਇਸ ਲਈ ਇਹ ਪੀਨਲ ਕਲਾਜ਼ ਵਿਚ ਪਾ ਦਿੱਤੀ ਹੈ।

ਇਥੇ ਮਹਿਰਾ ਜੀ ਨੇ ਇਹ ਕਿਹਾ ਹੈ ਕਿ ਕੁਝ ਸਪੈਸੀਫਾਈਡ ਲੈਂਡਲਾਰਡਜ਼ ਦਾ ਲਫਜ਼ ਵਿਚ ਪਾ ਦਿੱਤਾ ਹੈ, ਮੈਂ ਸਮਝਦਾ ਹਾਂ ਕਿ ਇਹ ਠੀਕ ਨਹੀਂ ਹੈ। ਇਸ ਵਿਚ ਇਹ ਵੀ ਆਉਣਾ ਚਾਹੀਦਾ ਹੈ ਕਿ ਜਿਹੜੇ ਪ੍ਰਾਈਵੇਟ ਸੈਕਟਰ ਵਿਚ ਕੰਮ ਕਰਨ ਵਾਲੇ ਹਨ ਉਨ੍ਹਾਂ ਤੇ ਵੀ ਇਹ ਲਾਗੂ ਹੋਵੇ। ਇਸ ਸਬੰਧ ਵਿਚ, ਸਪੀਕਰ ਸਾਹਿਬ, ਅਲਾਹਾਬਾਦ ਹਾਈ ਕੋਰਟ ਵਿਚ ਇਕ ਮੁਕੱਦਮਾ ਚਲ ਰਿਹਾ ਹੈ ਕਿ ਇਸ ਤਰ੍ਹਾਂ ਦੀ ਸਾਰੀਆਂ ਫੈਸਿਲਟੀਜ਼ ਪ੍ਰਾਈਵੇਟ ਅਦਾਰੇ ਵਿਚ ਕੰਮ ਕਰਨ ਵਾਲੇ ਨੂੰ ਵੀ ਮਿਲਣੀਆਂ ਚਾਹੀਦੀਆਂ ਹਨ ਜਿਹੜੀਆਂ ਸਰਕਾਰੀ ਅਦਾਰੇ ਵਾਲਿਆਂ ਨੂੰ ਮਿਲਦੀਆਂ ਹਨ। ਮਹਿਰਾ ਸਾਹਿਬ ਨੇ ਉਸ ਤਰ੍ਹਾਂ ਦੀ ਗਲ ਕੀਤੀ ਹੈ ਮੈਂ ਸਮਝਦਾ ਹਾਂ ਕਿ ਇਹ ਕਿਸੇ ਨਾ ਕਿਸੇ ਤਰ੍ਹਾਂ ਇਸ ਨੂੰ ਹਾਲੇ ਟਾਲਣਾ ਚਾਹੁੰਦੇ ਸਨ ਜਿਹੜੀ ਕਿ ਠੀਕ ਗਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਲੈਜਿਸਲੇਸ਼ਨ ਬਹੁਤ ਵਧੀਆ ਹੈ ਅੱਰ ਠੀਕ ਸਮੇਂ ਤੇ ਆਈ ਹੈ ਅੱਰ ਤਕਰੀਬਨ ਸਾਰੇ ਮੈਂਬਰ ਸਾਹਿਬਾਨ ਨੇ ਇਸ ਤੇ ਸਹਿਮਤੀ ਵੀ ਪ੍ਰਗਟ ਕੀਤੀ ਹੈ, ਇਸ ਲਈ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

Mr. Speaker: Question is—

That the East Punjab Urban Rent Restriction (Amendment) Bill be taken into consideration at once.

The motion was carried.

Mr. Speaker: Now the House will proceed to consider the Bill Clause by Clause.

Is it the pleasure of the House that all the clauses of the Bill be put together to the vote of the House?

(**Voices**: Yes, Yes.)

Clause 2, Clause 3, Clause 4, Clause 5, Clause 6, Clause 7, Schedule II and Clause I

Mr. Speaker: Question is—

That Clause 2, Clause 3, Clause 4, Clause 5, Clause 6, Clause 7, Scheduled II and Clause 1 stand Part of the Bill.

The motion was carried.

Original with;
Punjab Vidhan Sabha
Digitized by;
Panjab Digital Library

TITLE

Mr. Speaker: Question is—

That Title be the Title of the Bill.

The motion was carried.

Chief Minister (Sardar Surjit Singh Barnala): Sir, I beg to move—

That the East Punjab Urban Rent Restriction (Amendment) Bill be passed.

Mr. Speaker: Motion moved—

That the East Punjab Urban Rent Restriction (Amendment) Bill be passed.

Mr. Speaker: Question is—

That the East Punjab Urban Rent Restriction (Amendment) Bill be passed.

The motion was carried.

FINANCIAL BUSINESS

EXCESS DEMANDS OVER GRANTS AND APPROPRIATIONS FOR THE YEARS 1976-77, 1977-78 AND 1978-79

Finance Minister (Sardar Balwant Singh): Sir, I beg to present the Excess demands over Grants and Appropriations for the years 1976-77 1977-78 and 1978-79.

ਸਪੀਕਰ ਸਾਹਿਬ, ਇਸ ਦੇ ਵਿਚ ਕੋਈ ਨਵੀਂ ਚੀਜ਼ ਨਹੀਂ ਹੈ। 7—8 ਸਾਲ ਪੁਰਾਣੀਆਂ ਡੀਮਾਂਡਜ਼ ਹਨ। ਇਹ ਜਿਹੜਾ ਖਰਚਾ ਹੋਇਆ ਹੈ ਇਹ ਪੀ.ਏ.ਸੀ. ਤੋਂ ਵੀ ਪਾਸ ਹੋ ਚੁੱਕਾ ਹੈ ਅਤੇ ਏ.ਜੀ. ਨੇ ਵੀ ਪਾਸ ਕੀਤਾ ਹੋਇਆ ਹੈ। ਇਸ ਲਈ ਮੇਰੀ ਗੁਜ਼ਾਰਿਸ਼ ਹੈ ਕਿ ਇਨ੍ਹਾਂ ਨੂੰ ਪਾਸ ਕਰ ਦਿੱਤਾ ਜਾਵੇ ।

VOTING OF EXCESS DEMANDS OVER GRANTS AND APPROPRIATIONS FOR THE YEARS 1976-77, 1977-78 AND 1978-79

Mr. Speaker: There are 34 Excess Demands over Grants and Appropriations for the years 1976-77, 1977-78 and 1978-79.

If the Hon'ble members agree, all these Excess Demands over Grants and Appropriations may be deemed to have been read and moved and may be discussed together.

(*Voices*: *Yes, Yes.*)

EXCESS DEMANDS OVER GRANTS AND APPROPRIATIONS 1976-77

Demand No. 2

That an excess sum not exceeding Rs. 6,39,375 on Revenue Account be granted to the Governor to defray the charges that had come in course of payment for the year ending 31st March, 1977, in respect of Council of Ministers.

Demand No. 6

That an excess sum not exceeding Rs. 9,41,859 on Revenue Account be granted to the Governor to defray the charges that had come in course of payment for the year ending 31st March, 1977 in respect of Excise and Taxation.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 9

That an excess sum not exceeding Rs. 16,17,144 on Revenue Account be granted to the Governor to defray the charges that had come in course of payment for the year ending 31st March, 1977 in respect of District administration.

Demand No. 11

That an excess sum not exceeding Rs. 2,12,808 on Revenue Account be granted to the Governor to defray the charges that had come in course of payment for the year ending 31st March, 1977 in respect of Jails.

Demand No. 15

That an excess sum not exceeding Rs. 1,00,42,635 on Revenue Account be granted to the Governor to defray the charges that had come in course of payment for the year ending 31st March, 1977 in respect of Education.

Demand No. 31

That an excess sum not exceeding Rs. 21,058 on Revenue Account be granted to the Governor to defray the charges that had come in course of payment for the year ending 31st March, 1977 in respect of Forest.

Demand No. 32

That an excess sum not exceeding Rs. 67,77,487 on Revenue Account be granted to the Governor to defray the charges that had come in course of payment for the year ending 31st March, 1977 in respect of Community Development.

Demand No. 35

That an excess sum not exceeding Rs. 17,15,013 on Capital Account be granted to the Governor to defray the charges that had come in course of payment for the year ending 31st March, 1977 in respect of Roads and Bridges.

Demand No. 36

That an excess sum not exceeding Rs. 10,03,067 on Revenue Account be granted to the Governor to defray the charges that had come in course of payment for the year ending 31st March, 1977 in respect of Road Transport.

Demand No. 37

That an excess sum not exceeding Rs. 67,47,770 on Revenue Account and Rs. 98,49,29,198 on Capital Account be granted to the Governor to defray the charges that had come in course of payment for the year ending 31st March, 1977 in respect of Multipurpose River Projects.

Demand No. 38

That an excess sum not exceeding Rs. 5,01,18,107 on Capital Account be granted to the Governor to defray the charges that had come in course of payment for the year ending 31st March, 1977 in respect of Irrigation, Drainage & Flood Control.

Demand No. 39

That an excess sum not exceeding Rs. 17,88,91,241 on Revenue Account and Rs. 5,54,58,737 on Capital Account be granted to the Governor to defray the charges that had come in course of payment for the year ending 31st March, 1977 in respect of Buildings.

EXCESS DEMANDS OVER GRANTS AND APPROPRIATIONS 1977-78

Demand No. 4

That an excess sum not exceeding Rs. 8,887 on Revenue Account be granted to the Governor to defray the charges that had come in course of payment for the year ending 31st March, 1978 in respect of Elections.

Original with;
Punjab Vidhan Sabha
Digitized by;
Panjab Digital Library

Demand No. 8

That an excess sum not exceeding Rs. 1,47,997 on Revenue Account be granted to the Governor to defray the charges that had come in course of payment for the year ending 31st March, 1978 in respect of Civil Secretariat.

Demand No. 10

That an excess sum not exceeding Rs. 1,70,30,076 on Revenue Account be granted to the Governor to defray the charges that had come in course of payment for the year ending 31st March, 1978 in respect of Police.

Demand No. 11

That an excess sum not exceeding Rs. 9,10,606 on Revenue Account be granted to the Governor to defray the charges that had come in course of payment for the year ending 31st March, 1978 in respect of Jails.

Demand No. 15

That an excess sum not exceeding Rs. 36,99,565 on Revenue Account be granted to the Governor to defray the charges that had come in course of payment for the year endng 31st March, 1978 in respect of Education.

Demand No. 24

That an excess sum not exceeding Rs. 21,67,443 on Revenue account be granted to the Governor to defray the charges that had come in course of payment for the year ending 31st March, 1978 in respect of Cooperation.

Demand No 35

That an excess sum not exceeding Rs. 4,30,989 on Capital Account be granted to the Governor to defray the charges that had come in course of payment for the year ending 31st March 1978 in respect of Roads and Bridges.

Demand No. 37

That an excess sum not exceedng Rs. 1,26,49,542 on Revenue Account and Rs. 71,46,78,671 on Capital Account be granted to the Governor to defray the charges that had come incourse of payment for the year ending 31st March, 1978 in respect of Multipurpose River Projects

Demand No. 38

That an excess sum not exceeding Rs. 5,48,50,260 on Capital Account be granted to the Governor to defray the charges that had come in course of payment for the year ending 31st March, 1978 in respect of Irrigation, Drainage and Flood Control.

Demand No. 39

That an excess sum not exceeding Rs. 16,44,59,779 on Revenue Account be granted to the Governor to defray the charges that had come in course of payment for the year ending 31st March, 1978 in respect of Buildings.

EXCESS DEMANDS OVER GRANTS AND APPROPRIATIONS 1978-79

Demaand No. 2

That an excess sum not exceeding Rs.1,10,246 on Revenue Account be granted to the Governor to defray the charges that had come in course of payment for the year ending 31st March, 1979 in respect of Council of Ministers

Demand No. 8

That an excess sum not exceeding Rs. 3,34,481 on Revenue Account be granted to the Governor to defray the charges that had come in course of payment for the year ending 31st March, 1979 in respect of Civil Secretariat.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 9

That an excess sum not exceeding Rs. 5,64,142 on Revenue Account be granted to the Governor to defray the charges that had come in course of payment for the year ending 31st March, 1979 in respect of District Administration.

Demand No. 10

That an excess sum not exceeding Rs. 27,26,827 on Revenue Account be granted to the Governor to defray the charges that had come incourse of payment for the year ending 31st March, 1979 in respect of Police.

Demand No. 15

That an excess sum not exceeding Rs. 49,40,239 on Revenue Account be granted to the Governor to defray the charges that had come in course of payment for the year ending 31st March, 1979 in respect of Education,

Demand No. 24

That an excess sum not exceeding Rs. 30,894 on Revenue Account be granted to the Governor to defray the charges that had come in course of payment for the year ending 31st March, 1979 in respect of Co-operation.

Demand No. 32

That an excess sum not exceeding Rs. 17,70,568 on Revenue Account be granted to the Governor to defray the charges that had come in course of payment for the year ending 31st March, 1979 in respect of Community Development.

Demand No. 34

That an excess sum not exceeding Rs. 3,203 on Capital Account be granted to the Governor to defray the charges that had come in course of payment for the year ending 31st March, 1979 in respect of Civil Aviation.

Demand No. 36

That an excess sum not exceeding Rs. 51,15,952 on Revenue Account be granted to the Governor to defray the charges that had come in course of payment for the year ending 31st March, 1979 in respect of Road Transport.

Demand No. 37

That an excess sum not exceeding Rs. 1,61,47,136 on Revenue Account and Rs. 53,29,47,924 on Capital Account be granted to the Governor to defray the charges that had come in course of payment for the year ending 31st March, 1979 in respect of Multipurpose River Projects.

Demand No. 38

That an excess sum not exceeding Rs. 13,81,124 on Revenue Account and Rs. 9,67,75,110 on Capital Account be granted to the Governor to defray the charges that had come in course of payment for the year ending 31st March, 1979 in respect of Irrigation, Drainage and Flood Control.

Demand No. 39

That an excess sum not exceeding Rs. 16,71,85,833 on Revenue Account be granted to the Governor to defray the charges that had come in course of payment for the year ending 31st March, 1979 in respect of Buildings.

Mr. Speaker : The Hon'ble Members while speaking may indicate the Excess Demand Number and year on which they would like to raise discussion.

Original with;
Punjab Vidhan Sabha
Digitized by;
Panjab Digital Library

(No one rose to speak)

Mr. Speaker : Now I will put the Excess Demands over Grants and Appropriations for the years 1976-77, 1977-78 and 1978-79 to the vote of the House.

EXCESS DEMANDS OVER GRANTS AND APPROPRIATIONS 1976-77

Demand No. 2

Mr. Speaker : Question is—

That an excess sum not exceeding Rs. 6,39,375 on Revenue Account be granted to the Governor to defray the charges that had come in course of payment for the year ending 31st March, 1977, in respect of Council of Ministers.

The motion was carried.

Demand No. 6

Mr. Speaker : Question is—

That an excess sum not exceeding Rs. 9,41,859 on Revenue Account be granted to the Governor to defray the charges that had come in course of payment for the year ending 31st March, 1977 in respect of Excise and Taxation.

The motion was carried.

Demand No. 9

Mr. Speaker : Question is—

That an excess sum not exceeding Rs. 16,17,144 on Revenue Account be granted to the Governor to defray the charges that had come in course of payment for the year ending 31st March, 1977 in respect of District Administration.

The motion was carried.

Demand No. 11

Mr. Speaker : Question is—

That an excess sum not exceeding Rs. 2,12,808 on Revenue Account be granted to the Governor to defray the charges that had come in course of payment for the year ending 31st March, 1977 in respect of Jails.

The motion was carried.

Demand No. 15

Mr. Speaker : Question is—

That an excess sum not exceeding Rs. 1,00,42,635 on Revenue Account by granted to the Governor to defray the charges that had come in course of payment for the year ending 31st March, 1977 in respect of Education.

The motion was carried.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 31

Mr. Speaker : Question is—

That an excess sum not exceeding Rs. 21,058 on Revenue Account be granted to the Governor to defray the charges that had come in course of payment for the year ending 31st March, 1977 in respect of Forest.

The motion was carried.

Demand No. 32

Mr. Speaker ; Question is—

That an excess sum not exceeding Rs. 67,77,487 on Revenue Account be granted to the Governor to defray the charges that had come in course of payment for the year ending 31st March, 1977 in respect of Community Development.

The motion was carried.

Demand No. 35

Mr. Speaker : Question is—

That an excess sum not exceeding Rs. 17,15,013 on Capital Account be granted to the Governor to defray the charges that had come in course of payment for the year ending 31st March, 1977 in respect of Roads and Bridges.

The motion was carried.

Demand No. 36

Mr. Speaker : Question is—

That an excess sum not exceeding Rs. 10,03,067 on Revenue Account be granted to the Governor to defray the charges that had come in course of payment for the year ending 31st March, 1977 in respect of Road Transport.

The motion was carried.

Demand No. 37

Mr. Speaker : Question is—

That an excess sum not exceeding Rs. 67,47,770 on Revenue Account and Rs. 98,49,29,198 on Capital Account be granted to the Governor to defray the charges that had come in course of payment for the year ending 31st March, 1977 in respect of Multipurpose River Projects.

The motion was carried.

Demand No. 38

Mr. Speaker : Question is—

That an excess sum not exceeding Rs. 5,01,18,107 on Capital Account be granted to the Governor to defray the charges that had come in course of payment for the year ending 31st March, 1977 in respect of Irrigation, Drainage & Flood Control.

The motion was carried.

Original with;
Punjab Vidhan Sabha
Digitized by;
Panjab Digital Library

Demand No. 39

Mr. Speaker : Question is—

That an excess sum not exceeding Rs. 17,88,91,241 on Revenue Account and Rs. 5,54,58,737 on Capital Account be granted to the Governor to defray the charges that had come in course of payment for the year ending 31st March, 1977 in respect of Buildings.

The motion was carried.

EXCESS DEMANDS OVER GRANTS AND APPROPRIATIONS 1977-78

Demand No. 4

Mr. Speaker : Question is—

That an excess sum not exceeding Rs. 8,887 on Revenue Account be granted to the Governor to defray the charges that had come in course of payment for the year ending 31st March, 1978 in respect of Elections.

The motion was carried.

Demand No. 8

Mr. Speaker : Question is—

That an excess sum not exceeding Rs. 1,47,997 on Revenue Account be granted to the Governor to defray the charges that had come in course of payment for the year ending 31st March, 1978 in respect of Civil Secretariat.

The motion was carried.

Demand No. 10

Mr. Speaker : Question is—

That an excess sum not exceeding Rs. 1,70,30,076 on Revenue Account be granted to the Governor to defray the charges that ha come in course of payment for the year ending 31st March, 1978 in respect of Police.

The motion was carried.

Demand No. 11

Mr. Speaker : Question is—

That an excess sum not exceeding Rs. 9,10,606 on Revenue Account be granted to the Governor to defray the charges that had come in course of payment for the year enaing 31st March, 1978 in respect of Jails.

The motion was carried.

Original with;
Punjab Vidhan Sabha
Digitized by;
Panjab Digital Library

[Mr. Speaker]

Demand No. 15

Mr. Speaker : Question is—

That an excess sum not exceeding Rs. 36,99,565 on Revenue Account be granted to the Governor to defray the charges that had come in course of payment for the year ending 31st March, 1978 in respect of Education.

The motion was carried.

Demand No. 24

Mr. Speaker : Question is—

That an excess sum not exceeding Rs. 21,67,443 on Revenue account be granted to the Governor to defray the charges that had come in course of payment for the year ending 31st March, 1978 in respect of Cooperation.

The motion was carried.

Demand No. 35

Mr. Speaker : Question is—

That an excess sum not exceeding Rs. 4,30,989 on Capital Account be granted to the Governor to defray the charges that had come in course of payment for the year ending 31st March, 1978 in respect of Roads and Bridges.

The motion was carried.

Demand No. 37

Mr. Speaker : Question is—

That an excess sum not exceeding Rs. 1,26,49,542 on Revenue Account and Rs. 71,46,78,671 on Capital Account be granted to the Governor to defray the charges that had come in course of payment for the year ending 31st March, 1978 in respect of Multipurpose River Projects.

The motion was carried.

Demand No. 38

Mr. Speaker : Question is—

That an excess sum not exceeding Rs. 5,48,50,260 on Capital Account be granted to the Governor to defray the charges that had come in course of payment for the year ending 31st March 1978 in respect of Irrigation, Drainage and Flood Control.

The motion was carried.

Demand No. 39

Mr. Speaker : Question is—

That an excess sum not exceeding Rs 16,44,59,779 on Revenue Account be granted to the Governor to defray the charges that had come in course of payment for the year ending 31st March, 1978 in respect of Buildings.

The moton was carried.

EXCESS DEMANDS OVER GRANTS AND APPROPRIATIONS
1978-79

Demand No. 2

Mr. Speaker : Question is—

That an excess sum not exceeding Rs.1,10,246 on Revenue Account be granted to the Governor to defray the charges that had come in course of payment for the year ending 31st March, 1979 in respect of Council of Ministers.

The motion was carried.

Original with;
Punjab Vidhan Sabha
Digitized by;
Panjab Digital Library

Demand No. 8

Mr. Speaker : Question is—

That an excess sum not exceeding Rs. 3,34,481 on Revenue Account be granted to the Governor to defray the charges that had come in course of payment for the year ending 31st March, 1979 in respect of Civil Secretariat.

The motion was carried.

Demand No. 9

Mr. Speaker : Question is—

That an excess sum not exceeding Rs. 5,64,142 on Revenue Account be granted to the Governor to defray the charges that had come in course of payment for the year ending 31st March, 1979 in respect of District Administration.

The motion was carried.

Demand No 10

Mr. Speaker : Question is—

That an excess sum not exceeding Rs. 27,26,827 on Revenue Account be granted to the Governor to defray the charges that had come in course of payment for the year ending 31st March, 1979 in respect of Police.

The motion was carried.

Demand No. 15

Mr. Speaker : Question is—

That an excess sum not exceeding Rs. 49,40,239 on Revenue Account be granted to the Governor to defray the charges that had come in course of payment for the year ending 31st March, 1979 in respect of Education.

The motion was carried.

Demand No. 24

Mr. Speaker : Question is—

That an excess sum not exceeding Rs. 30,894 on Revenue Account be granted to the Governor to defray the charges that had come in course of payment for the year ending 31st March, 1979 in respect of Co-operation.

The motion was carried.

Demand No. 32

Mr. Speaker : Question is—

That an excess sum not exceeding Rs. 17,70,568 on Revenue Account be granted to the Governor to defray the charges that had come in course of payment for the year ending 31st March, 1979 in respect of Community Development.

The motion was carried.

Original with;
Punjab Vidhan Sabha
Digitized by;
Panjab Digital Library

Demand No. 34

Mr. Speaker : Question is—

That an excess sum not exceeding Rs. 3,203 on Capital Account be granted to the Governor to defray the charges that had come in course of payment for the year ending 31st March, 1979 in respect of Civil Aviation.

The motion was carried.

Demand No. 36

Mr. Speaker : Question is—

That an excess sum not exceeding Rs. 51,15,952 on Revenue Account be granted to the Governor to defray the charges that had come in course of payment for the year ending 31st March, 1979 in respect of Road Transport.

The motion was carried.

Demand No. 37

Mr. Speaker : Question is.—

That an excess sum not exceeding Rs. 1,61,47,137 on Revenue Account and Rs. 53,29,47,924 on Capital Account be granted to the Governor to defray the charges that had come in course of payment for the year ending 31st March, 1979 in respect of Multipurpose River Projects.

The motion was carried

Demand No. 38

Mr. Speaker : Question is—

That an excess sum not exceeding Rs. 13,81,124 on Revenue Account and Rs. 9,67,75,110 on Capital Account be granted to the Governor to defray the charges that had come in course of payment for the year ending 31st March, 1979 in respect of Irrigation, Drainage and Flood Control.

The motion was carried.

Demand No. 39

Mr. Speaker : Question is—

That an excess sum not exceeding Rs. 16,71,85,833 on Revenue Account be granted to the Governor to defray the charges that had come in course of payment for the year ending 31st March, 1979 in respect of Buildings.

The motion was carried.

THE PUNJAB APPROPRIATION (No. 5) BILL, 1985

Finance Minister (Sardar Balwant Singh) : Sir, I beg to introduce the Punjab Appropriation (No. 5) Bill.

Sir, I also beg to move—

That the Punjab Appropriation (No. 5) Bill be taken into consideration at once.

Mr. Speaker : Motion moved—

That the Punjab Appropriation (No. 5) Bill be taken into consideration at once.

Mr. Speaker : Question is—

That the Punjab Appropriation (No. 5) Bill be taken into consideration at once.

The motion was carried.

Original with;
Punjab Vidhan Sabha
Digitized by;
Panjab Digital Library

Mr. Speaker : Now the House will proceed to consider the Bill Clause by Clause.

Mr. Speaker : Is it the pleasure of the House that all the Clauses of the Bill be put together to the vote of the House ?

(Voices : Yes, yes.)

CLAUSE 2, CLAUSE 3, SCHEDULE I, SCHEDULE II, SCHEDULE III AND CLAUSE I

Mr. Speaker : Question is—

That Clause 2, Clause 3, Schedule I, Schedule II, Schedule III and Clause I stand part of the Bill.

The motion was carried.

TITLE

Mr. Speaker : Question is—

That Title be the Title of the Bill.

The motion was carried.

Finance Minister (Sardar Balwant Singh) : Sir I beg to move—

That the Punjab Appropriation (No. 5) Bill be passed.

Mr. Speaker : Motion moved—

That the Punjab Appropriation (No. 5) Bill be passed.

Mr. Speaker : Question is—

That the Punjab Appropriation (No. 5) Bill be passed.

The motion was carried.

RESOLUTION RE. WHITE PAPER ON RAVI-BEAS AGREEMENT, 1981

Chief Minister (Sardar Surjit Singh Barnala) : Sir, I beg to move—

Whereas a Memorandum of settlement was signed between the Prime Minister, Shri Rajiv Gandhi and late Sant Harchand Singh Longowal, President, Shiromani Akali Dal, on July 24th, 1985 covering, *inter alia*, the aspects of interstate disputes on allocation of surplus Ravi Beas Water and whereas that is the final Accord in supersession of all previous settlements in this regard, the previous Ravi-Beas Agreement, 1981 has become redundant. Accordingly, therefore, the White Paper released by the Government of Punjab on 23rd April, 1982 on the said Ravi-Beas Agreement also becomes

Original with;
Punjab Vidhan Sabha
Digitized by;
Panjab Digital Library

[Chief Minister]

redundant and irrelevant. Moreover, this House feels that the observations made in the said White Paper were not correct.

Now, therefore, this House resolves that the aforesaid White Paper be and is hereby annulled and rejected.

Mr. Speaker : Motion moved—

Whereas a Memorandum of settlement was signed between the Prime Minister, Shri Rajiv Gandhi, and late Sant Harchand Singh Longowal, President, Shiromani Akali Dal, on July 24th, 1985 covering, *inter alia*, the aspects of interstate disputes on allocation of surplus Ravi-Beas Water and whereas that is the final Accord in supersession of all previous settlements in this regard, the previous Ravi-Beas Agreement, 1981 has become redundant. Accordingly, therefore, the White Paper released by the Government of Punjab on 23rd April, 1982 on the said Ravi-Beas Agreement also becomes redundant and irrelevant. Moreover, this House feels that the observations made in the said White Paper were not correct.

Now, therefore, this House resolves that the aforesaid White Paper be and is hereby annulled and rejected.

ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ.ਸੀ.) : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ ਜਿਹੜਾ ਇਨ੍ਹਾਂ ਨੇ ਹਾਊਸ ਦੇ ਵਿਚ ਬੜਾ ਜ਼ਰੂਰੀ ਮਾਮਲਾ ਲਿਆਂਦਾ ਹੈ। ਦਿੱਲੀ ਦੀ ਸਰਕਾਰ ਅਤੇ ਪੰਜਾਬ ਦੇ ਕਾਂਗਰਸੀ ਸਰਕਾਰ ਨੇ ਪੰਜਾਬ ਦੇ ਨਾਲ ਹਮੇਸ਼ਾ ਧੋਖਾ ਦਿੱਤਾ ਹੈ ਅਤੇ ਇਹ ਵਾਈਟ ਪੇਪਰ ਇਸ ਦੀ ਤਸਵੀਰ ਨੂੰ ਪੇਸ਼ ਕਰਦਾ ਹੈ। ਮੈਂ ਇਸ ਨੂੰ ਸਟੱਡੀ ਤਾਂ ਨਹੀਂ ਕੀਤਾ ਹੈ ਅਤੇ ਇਸ ਦੇ ਵਿਚ ਕਾਨੂੰਨੀ ਕੀ ਅੜਿਕੇ ਆ ਸਕਦੇ ਹਨ ਪਰ ਚੀਫ ਮਨਿਸਟਰ ਸਾਹਿਬ ਨੂੰ ਕਹੂੰਗਾ ਕਿ ਉਹ ਆਪਣੀ ਕਾਨੂੰਨੀ ਮਹਿਰਾਂ ਦੀ ਸਲਾਹ ਲੈ ਲੈਣ ਅਤੇ ਸੋਚ ਕੇ ਕਦਮ ਚੁੱਕਣ। ਇਸ ਦੇ ਵਿਚ ਬੜੀ ਸੀਰੀਅੱਸ ਗੱਲ ਹੈ ਅਤੇ ਪੰਜਾਬ ਨਾਲ ਪਿਛਲੀ ਸਰਕਾਰ ਨੇ ਧੋਖਾ ਕੀਤਾ ਸੀ ਅਤੇ ਦਿੱਲੀ ਦੀ ਸਰਕਾਰ ਵੀ ਸਾਡੇ ਨਾਲ ਬੇਇਨਸਾਫੀ ਕਰਦੀ ਰਹੀ ਹੈ ਇਸ ਨੂੰ ਲੋਕਾਂ ਦੇ ਸਾਹਮਣੇ ਨੰਗਾ ਕੀਤਾ ਜਾਣਾ ਚਾਹੀਦਾ ਹੈ। ਕਾਂਗਰਸ ਦੇ ਲੀਡਰ ਜਿਹੜੇ ਦਿੱਲੀ ਵਿਚ ਬੈਠੇ ਸਨ ਉਨ੍ਹਾਂ ਨੇ ਪੰਜਾਬ ਦੇ ਪੱਖ ਨੂੰ ਨਹੀਂ ਪੂਰਿਆ ਹੈ ਅਤੇ ਉਨ੍ਹਾਂ ਨੇ ਇਸ ਗਲਤ ਫੈਸਲੇ ਨੂੰ ਸਾਡੇ ਪਿਛਲੇ ਮੁੱਖ ਮੰਤਰੀ ਮੰਨ ਕੇ ਆ ਗਏ ਸਨ। ਇਹ ਫੈਸਲਾ ਸਾਡੀ ਪੰਜਾਬ ਦੀ ਧਰਤੀ ਦੇ ਨਾਲ ਇਕ ਧੋਖਾ ਸੀ ਅਤੇ ਪੰਜਾਬ ਦੇ ਲੋਕਾਂ ਨਾਲ ਇਕ ਬੜੀ ਵੱਡੀ ਬੇਇਨਸਾਫੀ ਸੀ (ਘੰਟੀ)।

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਕਾਫੀ ਕੁਝ ਤੁਸੀਂ ਕਹਿ ਲਿਆ ਹੈ ਹੁਣ ਤੁਸੀਂ ਵਾਈਂਡ ਅੱਪ ਕਰੋ।

ਸਰਦਾਰ ਦਲੀਪ ਸਿੰਘ ਪਾਂਧੀ: ਬਸ, ਸਪੀਕਰ ਸਾਹਿਬ, ਮੈਂ ਖਤਮ ਹੀ ਕਰਨ ਵਾਲਾ ਹਾਂ। ਪਿਛਲੀ ਸਰਕਾਰ ਤੱਥਾਂ ਨੂੰ ਤੋੜ ਮੋੜ ਕੇ ਪੇਸ਼ ਕਰਦੀ ਰਹੀ ਹੈ। ਇਸ ਲਈ ਸਾਡੇ ਚੀਫ ਮਨਿਸਟਰ ਸਾਹਿਬ ਨੂੰ ਤੱਥਾਂ ਨੂੰ ਫੈਕਟਸ ਦੇ ਆਧਾਰ ਤੇ ਟਰਿਬਿਊਨਲ ਦੇ ਕੋਲ ਪੇਸ਼ ਕਰਨਾ ਚਾਹੀਦਾ ਹੈ। ਪਿਛਲੀ ਸਰਕਾਰ ਨੇ ਜਿਹੜੀ ਗਲਤੀ ਕੀਤੀ ਹੈ ਉਸ ਦੇ ਲਈ ਸਾਡੇ ਸਾਹਮਣੇ ਬੈਠੇ ਕਾਂਗਰਸੀ ਮੈਂਬਰਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਅਤੇ ਅਸਤੀਫੇ ਦੇ ਦੇਣੇ ਚਾਹੀਦੇ ਹਨ। ਮੇਰੀ ਪ੍ਰਾਰਥਨਾ ਹੈ ਕਿ ਵਾਹਿਗੁਰੂ ਇਨ੍ਹਾਂ ਨੂੰ ਸਖਤ ਤੋਂ ਸਖਤ ਸ਼ਜਾ ਦੇਵੇ ਅਤੇ ਇਹ ਮਹਾਤਮਾਂ ਗਾਂਧੀ ਦੀ ਫੋਟੋ ਦੇ ਸਾਹਮਣੇ ਝੂਠੀਆਂ ਗੱਲਾਂ ਕਰਦੇ ਰਹੇ ਹਨ। ਪੂਜਾ ਪਾਠ ਤਾਂ ਇਨ੍ਹਾਂ ਹੁਣ ਛੱਡ ਦਿੱਤੀ ਹੈ ਅਤੇ ਇਹ ਹੁਣ ਮਾਡਰਨ ਬਣ ਗਏ ਹਨ। ਇਸ ਲਈ ਮੇਰੀ ਸਰਕਾਰ ਕੋਲ ਬੇਨਤੀ ਹੈ ਕਿ ਤੁਸੀਂ ਇਕ ਹੋਰ ਵਾਈਟ ਪੇਪਰ ਛਾਪੋ ਜਿਸ ਦੇ ਵਿਚ ਸਾਰੇ ਫੈਕਟਸ ਦਿਤੇ ਜਾਣ ਅਤੇ ਪਿਛਲੀ ਸਰਕਾਰ ਵਲੋਂ ਕੀਤੀਆਂ ਗਈਆਂ ਗਲਤੀਆਂ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ ਜਾਵੇ।ਇਹ ਪੰਜਾਬ ਦੀ ਮਰਜ਼ੀ ਹੈ ਜਿਸ ਨੂੰ ਚਾਹੇ ਪਾਣੀ ਦੇਵੇ ਜਦ ਕਿ ਸਾਡਾ ਫਰੀਦਕੋਟ, ਬਠਿੰਡਾ ਅਤੇ ਹੁਸ਼ਿਆਰਪੁਰ ਦਾ ਇਲਾਕਾ ਜਿਹੜਾ ਕੰਡੀ ਦਾ ਹੈ ਉਥੇ ਪਾਣੀ ਦੀ ਬਹੁਤ ਲੋੜ ਹੈ। ਅਸੀਂ ਇਸ ਪਾਣੀ ਨਾਲ ਬਿਜਲੀ ਪੈਦਾ ਕਰ ਸਕਦੇ ਹਾਂ ਅਤੇ ਅਸੀਂ ਇਸ ਪਾਣੀ ਨੂੰ ਵੇਚ ਵੀ ਸਕਦੇ ਹਾਂ। ਇਸ ਪਾਣੀ ਦੀ ਵੰਡ ਇਸ ਤਰੀਕੇ ਨਾਲ ਕੀਤੀ ਜਿਸ ਤਰ੍ਹਾਂ ਇਸ ਪਾਣੀ ਦਾ ਕੋਈ ਵਾਲੀ ਵਾਰਸ ਨਾ ਹੋਵੇ(ਘੰਟੀ) ਇਸ

Original with;
Punjab Vidhan Sabha
Digitized by;
Panjab Digital Library

ਸਾਰੇ ਮਾਮਲੇ ਨੂੰ ਘੋਖਣ ਦੀ ਲੋੜ ਹੈ। ਪੈਪਸੂ ਤੋਂ ਲੈ ਕੇ ਹੁਣ ਤੱਕ ਸਾਡੇ ਨਾਲ ਦਿੱਲੀ ਦੀ ਸਰਕਾਰ ਬੇਇਨਸਾਫੀ ਕਰਦੀ.ਆਈ ਹੈ। ਸਾਡੇ ਪੰਜਾਬ ਦੇ ਪਾਣੀ ਨੂੰ ਇਹ ਕਦੇ ਰਾਜਿਸਥਾਨ ਨੂੰ ਦੇ ਦਿੰਦੇ ਹਨ ਅਤੇ ਕਦੇ ਦਿੱਲੀ ਨੂੰ ਜਾ ਰਿਹਾ ਹੈ ਅਤੇ ਕਦੇ ਹਰਿਆਣੇ ਨੂੰ ਸਾਡਾ ਪਾਣੀ ਜਾ ਰਿਹਾ ਹੈ। ਹੁਣ, ਸਪੀਕਰ ਸਾਹਿਬ, ਤੁਸੀਂ ਦੇਖ ਲਵੋ ਐਸ. ਵਾਈ.ਐਲ. ਦਾ ਝਗੜਾ ਪਿਆ ਹੋਇਆ ਹੈ। 440ਕੇ.ਵੀ. ਦੀ ਲਾਈਨ ਗੰਗੂਵਾਲ ਤੋਂ ਸਰਸਾ ਨੂੰ ਜਾ ਰਹੀ ਹੈ। ਇਥੋਂ ਤੱਕ ਕਿ ਸਾਡੇ ਬਿਜਲੀ ਬੋਰਡ ਨੂੰ ਕਿਹਾ ਗਿਆ ਕਿ ਤੁਸੀਂ ਇਸ ਉਤੇ ਪੈਸੇ ਖਰਚੋ। ਸਾਡੀ ਧਰਤੀ ਦਾ ਪਾਣੀ ਹਰਿਆਣੇ ਨੂੰ ਦੇ ਕੇ ਇਹ ਕਾਂਗਰਸੀ ਖੁਸ਼ ਹੁੰਦੇ ਸਨ ਜਦ ਕਿ ਉਥੋਂ ਦਾ ਮੁੱਖ ਮੰਤਰੀ ਹੁਣ ਪੰਜਾਬ ਦੇ ਪਿੰਡਾਂ ਉਤੇ ਕਲੇਮ ਕਰ ਰਿਹਾ ਹੈ। ਇਸੇ ਤਰ੍ਹਾਂ ਮੈਥਿਊ ਕਮਿਸ਼ਨ ਕੋਲ ਗੌਰਮਿੰਟ ਆਫ ਇੰਡੀਆ ਨੇ ਗਲਤ ਨੋਟੀਫੀਕੇਸ਼ਨ ਕਰਕੇ ਕੇਸ ਭੇਜ ਦਿੱਤਾ। ਹੁਣ ਦਿੱਲੀ ਦੀ ਕਾਂਗਰਸ ਨੂੰ ਕਾਂਗਰਸ ਪਾਰਟੀ ਦੇ ਨਾਲ ਆਈ ਹਟਾ ਕੇ ਆਰ ਲਗਾ ਦੇਣਾ ਚਾਹੀਦਾ ਹੈ। ਆਰ ਦਾ ਮਤਲਬ ਹੈ ਰਾਜੀਵ ਗਾਂਧੀ। ਪਰ ਇਹ ਇਨ੍ਹਾਂ ਦਾ ਇਨਟਰਨਲ ਮਾਮਲਾ ਹੈ ਅਤੇ ਇਨ੍ਹਾਂ ਦੀ ਮਰਜ਼ੀ ਕਰਨ ਜਾਂ ਨਾ ਕਰਨ। (ਘੰਟੀ)

ਸ਼੍ਰੀ **ਸਪੀਕਰ** : ਪਾਂਧੀ ਸਾਹਿਬ, ਤੁਸੀਂ ਵਾਈਂਡ ਅੱਪ ਕਰੋ। (ਘੰਟੀ)

ਸਰਦਾਰ ਦਲੀਪ ਸਿੰਘ ਪਾਂਧੀ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੂੰ ਇਕ ਨਵਾਂ ਵ੍ਹਾਈਟ ਪੇਪਰ ਛਾਪ ਕੇ ਉਸ ਦੇ ਵਿਚ ਸਾਰੇ ਫੈਕਟਸ ਦੇ ਕੇ ਇਨ੍ਹਾਂ ਕਾਂਗਰਸੀਆਂ ਨੂੰ ਨੰਗਾ ਕੀਤਾ ਜਾਵੇ ਅਤੇ ਲੋਕਾਂ ਨੂੰ ਪਤਾ ਲਗ ਸਕੇ ਕਿ ਸਾਡੇ ਨਾਲ ਕਾਂਗਰਸ ਦੀ ਸਰਕਾਰ ਨੇ ਕੀ ਕੀ ਧੋਖਾ ਕੀਤਾ ਸੀ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਇਸ ਨੂੰ ਸਰਬ-ਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਇਸ ਮਤੇ ਉਤੇ ਬਹੁਤੀ ਕੋਈ ਬਹਿਸ ਕਰਨ ਦੀ ਲੋੜ ਨਹੀਂ ਸੀ।ਇਸ ਗਲਤੀ ਨੂੰ ਉਨ੍ਹਾਂ ਨੇ ਮੰਨ ਲਿਆ ਹੈ ਅਤੇ ਸਾਰਿਆਂ ਦੀ ਰਾਏ ਹੈ ਕਿ ਇਸ ਨੂੰ ਪਾਸ ਕਰ ਦਿੱਤਾ ਜਾਵੇ। ਇਸ ਦਾ ਜਿਹੜਾ ਐਗਰੀਮੈਂਟ ਸੀ ਉਹ ਰੈਲੇਵੈਂਟ ਨਹੀਂ ਰਿਹਾ ਹੈ ਅਤੇ ਰੀਡੰਡੈਂਟ ਹੋ ਗਿਆ ਹੈ। ਪੈਰਾ-ਬੀ ਵਿਚ ਜਿਹੜੀ ਕਮਿੱਟਮੈਂਟ ਹੈ, ਉਸ ਨਾਲ ਸਾਡੀਆਂ ਲੋੜਾਂ ਪਾਣੀ ਦੀਆਂ ਪੂਰੀਆਂ ਨਹੀਂ ਹੋਣਗੀਆਂ ਕਿਉਂਕਿ ਪਾਣੀ ਦੀ ਜ਼ਰੂਰਤ ਪੰਜਾਬ ਨੂੰ ਬਹੁਤ ਜ਼ਿਆਦਾ ਹੈ। ਸਾਡੇ ਐਕਸਪਰਟਸ ਦਸਦੇ ਹਨ ਕਿ ਸਾਨੂੰ 54 ਮਿਲੀਅਨ ਏਕੜ ਫੀਟ ਦੀ ਇਸ ਵੇਲੇ ਲੋੜ ਹੈ ਜਦ ਕਿ ਇਸ ਵੇਲੇ ਸਾਨੂੰ 33 ਮਿਲੀਅਨ ਏਕੜ ਫੀਟ ਮਿਲਦਾ ਹੈ ਅਤੇ ਇਹ ਸਾਡੀ ਲੋੜ ਨੂੰ ਪੂਰਾ ਨਹੀਂ ਕਰਦਾ ਹੈ। ਇਹ ਇਕ ਬਿਲਕੁਲ ਗਲਤ ਸਮਝੌਤਾ ਸੀ, ਜਿਸ ਕਰਕੇ ਇਹ ਰੇਜ਼ੋਲਿਊਸ਼ਨ ਇਸ ਹਾਊਸ ਵਿਚ ਲਿਆਉਣ ਦੀ ਲੋੜ ਪਈ ਹੈ ਅਤੇ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਇਸ ਦੇ ਨਾਲ ਐਗਰੀ ਕਰਦੇ ਹਨ ਅਤੇ ਚਾਹੁੰਦੇ ਹਨ ਕਿ ਇਸ ਨੂੰ ਸਰਬ-ਸੰਮਤੀ ਦੇ ਨਾਲ ਪਾਸ ਕਰ ਦਿੱਤਾ ਜਾਵੇ। ਇਸ ਲਈ ਮੈਂ ਕੋਈ ਬਹੁਤੀ ਲੰਬੀ ਸਪੀਚ ਕਰਨਾ ਠੀਕ ਨਹੀਂ ਸਮਝਦਾ ਹਾਂ। ਇਸ ਲਈ ਇਸ ਨੂੰ ਪਾਸ ਕਰ ਦਿੱਤਾ ਜਾਵੇ ।

Mr. Speaker : Question is:—

Whereas a Memorandum of settlement was signed between the Prime Minister, Shri Rajiv Gandhi and late Sant Harchand Singh Longowal, President, Shiromani Akali Dal, on July 24th, 1985 covering, *inter alia*, the aspects of interstate disputes on allocation of surplus Ravi Beas Water and whereas that is the final Accord in supersession of all previous settlements in this regard, the previous Ravi-Beas Agreement, 1981 has become redundant. Accordingly, therefore, the White Paper released by the Government of Punjab on 23rd April, 1982 on the said Ravi-Beas Agreement also becomes redundant and irrelevant. Moreover, this House feels that the observations made in the said White Paper were not correct.

Now, therefore, this House resolves that the aforesaid White Paper be and is hereby annulled and rejected.

Original with;
Punjab Vidhan Sabha
Digitized by;
Panjab Digital Library

The motion was carried unanimously.

ELECTION OF DEPUTY SPEAKER

Mr. Speaker : Now the House will proceed to elect the Deputy Speaker.

Chief Minister (Sardar Surjit Singh Barnala) : Sir, I beg to move—

That Sardar Nirmal Singh Kahlon, a Member of the Punjab Vidhan Sabha, who is present in the House, be elected as Deputy Speaker of the Vidhan Sabha.

Sardar Sukhdev Singh Dhillon : Sir, I second the motion.

Mr. Speaker : Motion moved—

That Sardar Nirmal Singh Kahlon, a Member of the Punjab Vidhan Sabha, who is present in the House, be elected as Deputy Speaker of the Vidhan Sabha.

Mr. Speaker : Is there any other proposal ?

(No other proposal was put forward by any other Hon'ble Member).

Mr. Speaker : Since no other proposal has been put forward by any other Hon'ble Member, I declare Sardar Nirmal Singh Kahlon elected as Deputy Speaker of the House.

(ਇਸ ਵੇਲੇ ਸਰਦਾਰ ਨਿਰਮਲ ਸਿੰਘ ਕਾਹਲੋਂ ਨੂੰ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ, ਸਾਹਿਬ ਲੈਣ ਗਏ ਅਤੇ ਉਨ੍ਹਾਂ ਨੂੰ ਲੀਡਰ ਆਫ ਦੀ ਆਪੋਜ਼ੀਸ਼ਨ ਦੇ ਨਾਲ ਡਿਪਟੀ ਸਪੀਕਰ ਦੀ ਸੀਟ ਤੇ ਬਿਠਾ ਦਿੱਤਾ ।) (ਥੰਪਿੰਗ)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਸਰਦਾਰ ਨਿਰਮਲ ਸਿੰਘ ਕਾਹਲੋਂ ਨੂੰ ਯੂਨੈਨੀਮਸਲੀ ਡਿਪਟੀ ਸਪੀਕਰ ਚੁਣੇ ਜਾਣੇ ਦੀ ਵਧਾਈ ਦਿੰਦਾ ਹਾਂ। ਇਨ੍ਹਾਂ ਦਾ ਜਨਮ 1936 ਵਿਚ ਹੋਇਆ। ਇਨ੍ਹਾਂ ਨੇ ਆਪਣੇ ਪਿੰਡ ਵਿਚ ਮੁਢਲੀ ਤਾਲੀਮ ਪ੍ਰਾਪਤ ਕੀਤੀ। ਪਹਿਲਾਂ ਐਮ.ਏ. ਕੀਤੀ ਅਤੇ ਉਸ ਤੋਂ ਬਾਅਦ ਐਲ.ਐਲ.ਬੀ. ਕੀਤੀ। ਸਪੀਕਰ ਸਾਹਿਬ, ਐਲ.ਐਲ.ਬੀ. ਕਰਨ ਤੋਂ ਬਾਅਦ 10 ਸਾਲ ਡਿਸਟ੍ਰਿਕਟ ਕੋਰਟ ਵਿਚ ਪਰੈਕਟਿਸ ਕੀਤੀ। ਸਪੀਕਰ ਸਾਹਿਬ, ਸਾਨੂੰ ਇਨ੍ਹਾਂ ਦਾ ਬਹੁਤ ਲਾਭ ਰਿਹਾ। ਮੋਰਚਿਆਂ ਦੇ ਦੌਰਾਨ ਜਿਹੜੇ ਨੌਜਵਾਨਾਂ ਦੇ ਖਿਲਾਫ ਕੇਸ ਬਣੇ, ਉਨ੍ਹਾਂ ਦੀ ਪੈਰਵੀ ਕਰਦੇ ਰਹੇ। ਉਨ੍ਹਾਂ ਨੇ ਸਾਰੇ ਕੇਸਾਂ ਦੀ ਬੜੀ ਤਨਦੇਹੀ ਨਾਲ ਪੈਰਵੀ ਕੀਤੀ। ਇਹ ਬੜੇ ਸੋਸ਼ਲ ਵਰਕਰ ਹਨ। ਇਸ ਤੋਂ ਪਹਿਲਾਂ 1969-72 ਵਿਚ ਕੋਆਪਰੇਟਿਵ ਮਾਰਕਿਟ ਕਮੇਟੀ ਦੇ ਪ੍ਰਧਾਨ ਵੀ ਰਹੇ। 1978—80 ਤਕ ਐਸ ਐਸ.ਐਸ. ਬੋਰਡ ਦੇ ਮੈਂਬਰ ਵੀ ਰਹੇ ਅਤੇ ਚੇਅਰਮੈਨ ਵੀ ਰਹੇ। ਸਪੀਕਰ ਸਾਹਿਬ, ਇਹ ਪੰਜਾਬ ਦੀਆਂ ਮੰਗਾਂ ਵਾਸਤੇ ਧਰਮਯੁੱਧ ਅਤੇ ਹੋਰ ਮੋਰਚਿਆਂ ਦੇ ਦੌਰਾਨ ਲੰਮੇ ਅਰਸੇ ਲਈ ਜੇਲ੍ਹਾਂ ਵਿਚ ਰਹੇ। ਇਨ੍ਹਾਂ ਦੇ ਨਾਲ ਇਨ੍ਹਾਂ ਦੇ ਹਲਕੇ ਵਿਚੋਂ ਭਾਰੀ ਤਾਦਾਦ ਵਿਚ ਵਰਕਰਾਂ ਨਾਲ ਜੇਲ੍ਹਾਂ ਵਿਚ ਗਏ। ਇਨ੍ਹਾਂ ਨਾਲ ਸਿਰਫ ਅਕਾਲੀ ਵਰਕਰ ਹੀ ਜੇਲ੍ਹਾਂ ਵਿਚ ਨਹੀਂ ਗਏ ਬਲਕਿ ਕਈ ਹਿੰਦੂ ਕ੍ਰਿਸਚਨ ਅਤੇ ਹੋਰ ਜਾਤੀਆਂ ਦੇ ਲੋਕ ਵੀ ਗਏ। ਲੋਕਾਂ ਨੇ ਉਨ੍ਹਾਂ ਦੀ ਬਹੁਤ ਮੱਦਦ ਕੀਤੀ ਸੀ। ਪੱਛੜੀਆਂ ਸ਼੍ਰੇਣੀਆਂ ਦੇ ਲੋਕਾਂ ਦੀ ਵੀ ਇਨ੍ਹਾਂ ਨੇ ਬਹੁਤ ਸੇਵਾ ਕੀਤੀ। ਮੈਨੂੰ, ਸਪੀਕਰ ਸਾਹਿਬ, ਖੁਸ਼ੀ ਹੈ ਕਿ ਹਾਊਸ ਨੇ ਅੱਜ ਯੂਨੈਨੀਮਸਲੀ ਇਨ੍ਹਾਂ ਨੂੰ ਡਿਪਟੀ ਸਪੀਕਰ ਚੁਣਿਆ। ਸਪੀਕਰ ਸਾਹਿਬ, ਤੁਹਾਡੀ ਗੈਰਹਾਜ਼ਰੀ ਵਿਚ ਜਦੋਂ ਵੀ ਡਿਪਟੀ ਸਪੀਕਰ ਸਾਹਿਬ ਇਸ ਅਹੁਦੇ ਨੂੰ ਸੰਭਾਲਨਗੇ ਤਾਂ ਬਿਲਕੁਲ ਨਿਰਪੱਖ ਹੋ ਕੇ ਕੰਮ ਕਰਨਗੇ। ਹਾਊਸ ਦੀਆਂ ਪਰੰਪਰਾਵਾਂ ਨੂੰ ਕਾਇਮ ਰਖਣਗੇ। ਮੈਂ ਸਪੀਕਰ ਸਾਹਿਬ, ਫਿਰ ਇਕ ਵਾਰ ਸਰਦਾਰ ਨਿਰਮਲ ਸਿੰਘ ਕਾਹਲੋਂ ਨੂੰ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ। (ਥੰਪਿੰਗ)।

Original with;
Punjab Vidhan Sabha
Digitized by;
Panjab Digital Library

ਸਰਦਾਰਨੀ ਗੁਰਬਿੰਦਰ ਕੌਰ ਬਰਾੜ (ਮੁਕਤਸਰ) : ਸਪੀਕਰ ਸਾਹਿਬ, ਮੈਂ ਸਰਦਾਰ ਨਿਰਮਲ ਸਿੰਘ ਕਾਹਲੋਂ ਨੂੰ ਯੂਨੈਨੀਮਸਲੀ ਡਿਪਟੀ ਸਪੀਕਰ ਚੁਣੇ ਜਾਣ ਦੀ ਆਪਣੀ ਪਾਰਟੀ ਵਲੋਂ ਵਧਾਈ ਦਿੰਦੀ ਹਾਂ। ਫਤਿਹਗੜ੍ਹ ਚੂੜੀਆਂ ਇਲਾਕੇ ਤੋਂ ਇਹ ਚੁਣ ਕੇ ਆਏ ਹਨ। ਸਪੀਕਰ ਸਾਹਿਬ, ਇੱਕ ਪਿੰਡ ਦੇ ਹੁੰਦੇ ਹੋਏ ਵੀ ਇਨ੍ਹਾਂ ਨੇ ਐਮ.ਏ. ਪੁਲਿਟੀਕਲ ਸਾਇੰਸ ਕੀਤੀ। ਪਿੰਡਾਂ ਵਿਚ ਆਮ ਤੌਰ ਤੇ ਮਾਸਟਰ ਅਤੇ ਹੈਡਮਾਸਟਰ ਬੱਚਿਆਂ ਦੀ ਪੜ੍ਹਾਈ ਵੱਲ ਧਿਆਨ ਨਹੀਂ ਦਿੰਦੇ। ਪਿੰਡਾਂ ਦੇ ਬੱਚੇ ਕਮਪੀਟੀਸ਼ਨ ਵਿਚ ਬਹੁਤ ਘੱਟ ਆਉਂਦੇ ਹਨ ਪਰ ਸ਼ਹਿਰਾਂ ਦੇ ਪੜ੍ਹੇ ਲਿਖੇ ਬੱਚੇ ਕਮਪੀਟੀਸ਼ਨ ਵਿਚ ਜ਼ਿਆਦਾ ਆਉਂਦੇ ਹਨ। ਸਪੀਕਰ ਸਾਹਿਬ, ਕਾਹਲੋਂ ਜੀ ਨੇ ਪਹਿਲਾਂ ਐਮ.ਏ ਕੀਤੀ ਅਤੇ ਫਿਰ ਐਲ.ਐਲ.ਬੀ ਕੀਤੀ। ਉਸ ਤੋਂ ਬਾਅਦ ਇਨ੍ਹਾਂ ਨੇ ਸੋਸ਼ਲ ਸਰਵਿਸ ਬਹੁਤ ਕੀਤੀ। ਸਪੀਕਰ ਸਾਹਿਬ, ਮੈਨੂੰ ਪੂਰੀ ਉਮੀਦ ਹੈ ਕਿ ਇਹ ਆਪਣੀ ਡਿਊਟੀ ਨੂੰ ਪੂਰੀ ਤਰ੍ਹਾਂ ਠੀਕ ਨਿਭਾਉਣਗੇ। ਆਪਣੀ ਪਾਰਟੀ ਅਤੇ ਹੋਰ ਚੀਜ਼ਾਂ ਤੋਂ ਉਪਰ ਉਠ ਕੇ ਕੰਮ ਕਰਨਗੇ। ਸਪੀਕਰ ਸਾਹਿਬ, ਇਹ ਖਾਸ ਕਰਕੇ ਆਪੋਜ਼ੀਸ਼ਨ ਪਾਰਟੀ ਦਾ ਖਿਆਲ ਰਖਣਗੇ। ਮੈਂ ਇਨ੍ਹਾਂ ਨੂੰ ਇਕ ਵਾਰ ਫਿਰ ਵਧਾਈ ਦਿੰਦੀ ਹਾਂ ਕਿ ਇਹ ਆਪਣੀ ਇਸ ਡਿਊਟੀ ਤੇ ਕਾਮਯਾਬ ਰਹਿਣ। (ਥੰਪਿੰਗ)

ਸ਼੍ਰੀ ਰਾਧਾ ਕ੍ਰਿਸ਼ਨ (ਫਾਜ਼ਿਲਕਾ) ਸਪੀਕਰ ਸਾਹਿਬ, ਮੈਂ ਸਰਦਾਰ ਨਿਰਮਲ ਸਿੰਘ ਕਾਹਲੋਂ ਜੀ ਨੂੰ ਆਪਣੀ ਪਾਰਟੀ ਵਲੋਂ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ। ਇਹ ਬੜੇ ਸੁਲਝੇ ਹੋਏ ਅਤੇ ਸਿਆਣੇ ਮੈਂਬਰ ਹਨ ਜਿਹੜੇ ਕਿ ਸਰਬਸੰਮਤੀ ਨਾਲ ਡਿਪਟੀ ਸਪੀਕਰ ਚੁਣੇ ਗਏ ਹਨ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਡਿਪਟੀ ਸਪੀਕਰ ਦੇ ਅਹੁਦੇ ਤੇ ਚੁਣੇ ਜਾਣ ਕਰਕੇ ਇਕ ਵਾਰ ਫਿਰ ਵਧਾਈ ਦਿੰਦਾ ਹਾਂ। (ਥੰਪਿੰਗ)

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਹਾਊਸ ਦੀ ਪਰੰਪਰਾ ਦੇ ਮੁਤਾਬਿਕ ਡਿਪਟੀ ਸਪੀਕਰ ਚੁਣੇ ਜਾਣ ਤੇ ਮੈਂ ਆਪਣੀ ਪਾਰਟੀ ਵਲੋਂ ਸਰਦਾਰ ਨਿਰਮਲ ਸਿੰਘ ਕਾਹਲੋਂ ਜੀ ਨੂੰ ਵਧਾਈ ਦਿੰਦਾ ਹਾਂ। ਡਿਪਟੀ ਸਪੀਕਰ ਹਮੇਸ਼ਾ ਆਪੋਜੀਸ਼ਨ ਬੈਂਚਾਂ ਤੇ ਬੈਠਦਾ ਹੈ। ਇਸ ਲਈ ਉਹ ਆਪੋਜ਼ੀਸ਼ਨ ਪਾਰਟੀ ਦਾ ਖਿਆਲ ਰਖਦਾ ਹੈ। ਉਨ੍ਹਾਂ ਦੀਆਂ ਯੋਗਤਾਵਾਂ ਬਾਰੇ ਮਾਨਯੋਗ ਮੁੱਖ ਮੰਤਰੀ ਜੀ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਜੀ ਨੇ ਦਸਿਆ ਹੈ। ਮੈਂ, ਸਪੀਕਰ ਸਾਹਿਬ, ਫਿਰ ਆਪਣੀ ਪਾਰਟੀ ਵਲੋਂ ਡਿਪਟੀ ਸਪੀਕਰ ਯੂਨੈਨੀਮਸਲੀ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ। (ਥੰਪਿੰਗ)

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਹਾਊਸ ਵਿਚ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਮੈਂਬਰਾਂ ਦੇ ਨਾਲ ਮੈਂ ਸਮਰਥਨ ਕਰਦਾ ਹੋਇਆ ਆਪਣੇ ਦੋਸਤ ਨੂੰ ਡਿਪਟੀ ਸਪੀਕਰ ਯੂਨੈਨੀਮਸਲੀ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ। ਉਨ੍ਹਾਂ ਨੇ ਬੜੀ ਮਿਹਨਤ ਅਤੇ ਕੋਸ਼ਿਸ਼ ਦੇ ਨਾਲ ਸਕੂਲ ਅਤੇ ਕਾਲਜ ਵਿਚ ਵਿਦਿਆ ਪਰਾਪਤ ਕੀਤੀ ਅਤੇ ਉਸ ਤੋਂ ਬਾਅਦ ਲੋਕਾਂ ਦੀ ਸੇਵਾ ਕੀਤੀ। ਪੰਜਾਬ ਦੀ ਇਜ਼ਤ ਅਤੇ ਵੱਕਾਰ ਦੇ ਸਵਾਲ ਨੂੰ ਸਾਹਮਣੇ ਰੱਖ ਕੇ ਸਿਆਣਪ ਨਾਲ ਕੰਮ ਕੀਤਾ। ਸੀਜ਼ਨਡ ਸ਼ਖਸ਼ੀਅਤ ਦਾ ਪਰਿਚੈ ਸਾਨੂੰ ਦਿਤਾ ਗਿਆ ਹੈ। ਮੇਰੇ ਦੋਸਤ ਜਦ ਆਪਣਾ ਅਹੁਦਾ ਸੰਭਾਲਣਗੇ ਤਾਂ ਮੇਰੀ ਇਕ ਗੱਲ ਯਾਦ ਰਖਣਗੇ ਕਿ ਇਨਸਾਫ ਮੇਰੀ ਜ਼ਿਮੇਂਵਾਰੀ ਹੈ, ਇਨਸਾਫ ਮੇਰਾ ਧਰਮ ਹੈ, ਇਨਸਾਫ ਮੇਰਾ ਯਕੀਨ ਹੈ। ਇਨਸਾਫ ਕੁਰਸੀ ਦਾ ਨਾਂ ਹੈ। ਸਭ ਨੂੰ ਇਨਸਾਫ ਦੇਣਾ ਹੈ। ਸਪੀਕਰ ਸਾਹਿਬ, ਮੈਂ ਇਹ ਆਸ ਰਖਦਾ ਹੋਇਆ ਆਪਣੀ ਪਾਰਟੀ ਵਲੋਂ ਆਪਣੇ ਦੋਸਤ ਨੂੰ ਬਹੁਤ ਵਧਾਈ ਦਿੰਦਾ ਹਾਂ। (ਥੰਪਿੰਗ)

ਸ਼੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ) : ਸਪੀਕਰ ਸਾਹਿਬ, ਮੈਂ ਸਰਦਾਰ ਨਿਰਮਲ ਸਿੰਘ ਕਾਹਲੋਂ ਜੀ ਨੂੰ ਯੂਨੈਨੀਮਸਲੀ ਡਿਪਟੀ ਸਪੀਕਰ ਚੁਣੇ ਜਾਣ ਤੇ ਵਧਾਈ ਦਿੰਦਾ ਹਾਂ। ਇਸ ਹਾਊਸ ਦੇ ਸਾਰੇ ਹੀ ਮੈਂਬਰਾਂ ਨੇ ਸਰਬਸੰਮਤੀ ਨਾਲ ਇਨ੍ਹਾਂ ਨੂੰ ਡਿਪਟੀ ਸਪੀਕਰ ਚੁਣਿਆ ਹੈ। ਇਨ੍ਹਾਂ ਨੇ ਆਪਣੀ ਐਜੂਕੇਸ਼ਨ ਪਰਾਪਤ ਕਰਕੇ ਪਰੈਕਟਿਸ ਕੀਤੀ ਅਤੇ ਫਿਰ ਲੋਕ ਭਲਾਈ ਦੇ ਕੰਮ ਕੀਤੇ। ਮੈਨੂੰ, ਸਪੀਕਰ ਸਾਹਿਬ, ਇਸ ਗੱਲ ਦੀ ਖੁਸ਼ੀ ਹੈ ਕਿ

Original with;
Punjab Vidhan Sabha
Digitized by:
Panjab Digital Library

[ਸ਼੍ਰੀ ਰਾਮ ਕਿਸ਼ਨ ਕਟਾਰੀਆ]

ਇਹ ਇਕ ਮੇਰੇ ਵੀਰ ਵਕੀਲ ਦੇ ਨਾਤੇ ਮੇਰੇ ਸਾਥੀ ਹਨ। ਮੈਂ ਇਨ੍ਹਾਂ ਤੋਂ ਉਮੀਦ ਰਖਦਾ ਹਾਂ ਕਿ ਇਹ ਹਾਊਸ ਦੀ ਪਰੰਪਰਾ ਨੂੰ ਨਿਰਪੱਖਤਾ ਦੇ ਨਾਲ ਨਿਭਾਉਣਗੇ। (ਥੰਪਿੰਗ)

ਸ਼੍ਰੀ ਸਪੀਕਰ : ਮੈਂ ਸਾਰੇ ਹਾਊਸ ਨੂੰ ਵਧਾਈ ਦਿੰਦਾ ਹਾਂ ਜਿਸ ਨੇ ਯੂਨੈਨੀਮਸਲੀ ਡਿਪਟੀ ਸਪੀਕਰ ਦੀ ਚੋਣ ਸੁਚੱਜੇ ਢੰਗ ਨਾਲ ਕੀਤੀ ਹੈ। ਕਾਹਲੋਂ ਸਾਹਿਬ ਨੂੰ ਮੈਂ ਆਪ 1977 ਦਾ ਜਾਣਦਾ ਹਾਂ ਜਦੋਂ ਉਹ ਐਸ.ਐਸ. ਐਸ. ਬੋਰਡ ਦੇ ਮੈਂਬਰ ਬਣੇ ਸਨ। ਅਕਾਲੀ ਦਲ ਦੇ ਤਕੜੇ ਵਰਕਰ ਰਹੇ ਹਨ। ਮੈਨੂੰ ਆਸ ਹੈ ਕਿ ਗੁਰਦਾਸਪੁਰ ਜ਼ਿਲ੍ਹੇ ਦੀ ਇਹ ਤਕੜੇ ਹੋ ਕੇ ਆਪਣੇ ਇਲਾਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਨਗੇ ਅਤੇ ਉਹ ਹਾਊਸ ਦੇ ਬਣਾਏ ਹੋਏ ਕਾਨੂੰਨ ਅਤੇ ਹਾਊਸ ਦੀਆਂ ਚੰਗੀਆਂ ਪਰੰਪਰਾਵਾਂ ਨੂੰ ਮੁੱਖ ਰਖਦਿਆਂ ਹੋਇਆਂ ਹਾਊਸ ਦੀ ਕਾਰਵਾਈ ਨੂੰ ਤਕੜੇ ਹੋ ਕੇ ਚਲਾਉਣਗੇ। ਉਨ੍ਹਾਂ ਦੀ ਚੋਣ ਤੇ ਮੈਨੂੰ ਬਹੁਤ ਖੁਸ਼ੀ ਹੋਈ ਹੈ। ਸਰਦਾਰ ਨਿਰਮਲ ਸਿੰਘ ਕਾਹਲੋਂ ਜੀ ਦੇ ਡਿਪਟੀ ਸਪੀਕਰ ਚੁਣੇ ਜਾਣ ਤੇ ਮੇਰਾ ਬੋਝ ਕੁਝ ਘੱਟ ਜਾਵੇਗਾ। ਬਹੁਤ ਬਹੁਤ ਧੰਨਵਾਦ। (ਥੰਪਿੰਗ)

ਸਰਦਾਰ ਨਿਰਮਲ ਸਿੰਘ ਕਾਹਲੋਂ (ਡਿਪਟੀ ਸਪੀਕਰ) : ਮਾਨਯੋਗ ਸਪੀਕਰ ਸਾਹਿਬ, ਅੱਜ ਹਾਊਸ ਨੇ ਡਿਪਟੀ ਸਪੀਕਰ ਦੀ ਚੋਣ ਕੀਤੀ ਹੈ। ਮਾਨਯੋਗ ਮੈਂਬਰ ਸਾਹਿਬਾਨ ਨੇ ਮੈਨੂੰ ਚੁਣ ਕੇ ਜੋ ਜ਼ਿੰਮੇਵਾਰੀ, ਜੋ ਬੋਝ ਮੇਰੇ ਤੇ ਪਾਇਆ ਹੈ, ਅੌਰ ਸਰਬਸੰਮਤੀ ਨਾਲ ਉਨ੍ਹਾਂ ਜਿਹੜੀ ਚੋਣ ਕੀਤੀ ਹੈ, ਮੈਂ ਉਸ ਜ਼ਿੰਮੇਵਾਰੀ ਨੂੰ ਨਿਰਪੱਖ ਰਹਿ ਕੇ ਇਮਾਨਦਾਰੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਾਂਗਾ। (ਥੰਪਿੰਗ) ਨਾਲ ਹੀ ਮੈਂ ਯਕੀਨ ਦਿਵਾਉਂਦਾ ਹਾਂ ਕਿ ਇਸ ਹਾਊਸ ਦੀਆਂ ਪਰੰਪਰਾਵਾਂ ਨੂੰ ਅਤੇ ਰੂਲਜ਼ ਨੂੰ, ਜਦੋਂ ਵੀ ਸਮਾਂ ਮਿਲਿਆ. ਪੂਰੀ ਜ਼ਿੰਮੇਵਾਰੀ ਨਾਲ ਨਿਭਾਵਾਂਗਾ। ਮੈਂ ਫੇਰ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਦਾ, ਜਿਨ੍ਹਾਂ ਮੇਰੀ ਚੋਣ ਕੀਤੀ ਹੈ ਅਤੇ ਮੇਰੇ ਤੇ ਜ਼ਿੰਮੇਵਾਰੀ ਅਤੇ ਭਾਰ ਪਾਇਆ ਹੈ, ਬੜਾ ਬੜਾ ਧੰਨਵਾਦੀ ਹਾਂ ।

Mr. Speaker: The House stands adjourned *sine die*.

*6.02 P.M. (*The Sabha then adjourned sine die.*)

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA

DABATES

Dated 5th November, 1985 (Afternoon Sitting)

Vol. I—No. 11

SHORT NOTICE QUESTIONS AND ANSWERS

Collection of money by a DSP posted at Muktsar

***59. Raja Narinder Singh** : Will the Chief Minister be pleased to state whether it is a fact that a Deputy Supdt. of Police posted at Muktsar has collected money amounting to more than Rs. 5 lacs in the name of a Footbal tournament, if so, the action proposed to be taken against the said officer and the time by which it is likely to be taken?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ਓ) ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

Under Weight Gunny Bags

***62. Sardar Sukhdev Singh Dhindsa** : Will the Minister for Agriculture and Forests be pleased to state whether the gunny bags being supplied to Punjab are 200-300 grames under weight? The actual weight should be 1200 grammes ($1/\frac{1}{4}$ Kilo). At the time of weighting in Mandi one weight is taken at 1200 grammes when in reality it is less. Farmers, therefore, lose 200-300 grames in each bag. The total loss to farmers is in lakhs of Rupees ?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : ਕਣਕ ਅਤੇ ਝੋਨੇ ਦੀ ਖਰੀਦ ਲਈ ਬਾਰਦਾਨਾ ਭਾਰਤ ਸਰਕਾਰ ਦੇ ਡਾਇਰੈਕਟਰ ਜਨਰਲ (ਸਪਲਾਈਜ਼ ਅਤੇ ਡਿਸਪੋਜ਼ਲ) ਰਾਹੀਂ ਖਰੀਦਿਆ ਜਾਂਦਾ ਹੈ, ਜਿਸ ਲਈ ਇੰਡੈਂਟ ਪੰਜਾਬ ਦੀਆਂ ਤਿੰਨਾਂ ਸਰਕਾਰੀ ਖਰੀਦ ਏਜੰਸੀਆਂ ਲਈ ਖੁਰਾਕ ਤੇ ਸਪਲਾਈਜ਼ ਵਿਭਾਗ ਵੱਲੋਂ ਅਤੇ ਐਫ. ਸੀ. ਆਈ. ਲਈ ਉਨ੍ਹਾਂ ਦੇ ਮੈਨੇਜਿੰਗ ਡਾਇਰੈਕਟਰ ਵੱਲੋਂ ਭੇਜਿਆ ਜਾਂਦਾ ਹੈ। ਡਾਇਰੈਕਟਰ ਜਨਰਲ (ਸਪਲਾਈਜ਼ ਅਤੇ ਡਿਸਪੋਜ਼ਲ) ਵੱਲੋਂ ਦਿਤੀਆਂ ਸਪੈਸੀਫਿਕੇਸ਼ਨਾਂ ਅਨੁਸਾਰ ਜੋ ਆਈ. ਐਸ. ਆਈ. ਸਪੈਸੀਫਿਕੇਸ਼ਨਾਂ ਵੀ ਦੱਸੀਆਂ ਜਾਂਦੀਆਂ ਹਨ ਅਨੁਸਾਰ ਬੋਰੀ ਦਾ ਵਜ਼ਨ 945 ਗ੍ਰਾਮ ਤੋਂ 1120 ਗ੍ਰਾਮ ਤੱਕ ਹੋ ਸਕਦਾ ਹੈ ਅਤੇ ਘੱਟੋ ਘਟ ਇਹ ਵਜ਼ਨ 918 ਗ੍ਰਾਮ ਤੱਕ ਹੋਣਾ ਚਾਹੀਦਾ ਹੈ। ਇਸ ਵੇਲੇ ਜਿਹੜਾ ਬਾਰਦਾਨਾ ਪੰਜਾਬ ਵਿਚ ਆ ਰਿਹਾ ਹੈ, ਉਸ ਵਿਚੋਂ ਕੁੱਝ ਕੁ ਥਾਵਾਂ ਤੇ ਆਏ ਬੋਰਦਾਨੇ ਦਾ ਔਸਤਨ ਵਜਨ 915 ਗ੍ਰਾਮ

Original with;
Punjab Vidhan Sabha
Digitized by;
Panjab Digital Library

ਹੈ, ਜਿਸ ਨਾਲ ਜ਼ਿਮੀਦਾਰਾਂ ਨੂੰ ਕੋਈ ਬਹੁਤਾ ਘਾਟਾ ਨਹੀਂ ਪੈਂਦਾ । ਬਾਰਦਾਨੇ ਦੇ ਵਜ਼ਨ ਵਿਚ ਘਾਟ ਹੋਣ ਬਾਰੇ ਪਹਿਲਾਂ ਵੀ ਮਾਮਲਾ ਡਾਇਰੈਕਟਰ ਜਨਰਲ (ਸਪਲਾਈਜ਼ ਅਤੇ ਡਿਸਪੋਜ਼ਲ) ਅਤੇ ਭਾਰਤ ਸਰਕਾਰ ਨਾਲ ਉਠਾਇਆ ਗਿਆ ਸੀ ਅਤੇ ਹੁਣ ਵੀ ਉਠਾਇਆ ਗਿਆ ਹੈ ।

Appointment of Persons on Contract/Re-Employment basis in the Tourism Department

*63. **Sardar Balwinder Singh Bhunder**
Sardar Sukhdev Singh Dhindsa
Raja Narinder Singh } : Will the Chief Minister be pleased to state whether there is any policy formulated by the State Government to appoint a person on contract/re-employment basis, if so, the names of the persons so appointed in the Punjab Tourism Department/Punjab Tourism Development Corporation Ltd., during the year 1985 (till date) ?

ਸਰਦਾਰ ਸੁਰਜੀਤ ਸਿੰਘ ਬਰਨਾਲਾ: ਨਹੀ, ਸ਼੍ਰੀਮਾਨ ਜੀ । ਪੰਜਾਬ ਟੂਰਿਜ਼ਮ ਵਿਕਾਸ ਕਾਰਪੋਰੇਸ਼ਨ ਲਿਮਿਟਿਡ ਨੇ ਸਾਲ 1985 ਵਿਚ ਸੇਵਾ ਨਿਵਿਰਤੀ ਦੀ ਉਮਰ ਤੋਂ ਬਾਅਦ ਸਿਰਫ ਇਕ ਆਦਮੀ ਨੂੰ ਦੁਬਾਰਾ ਨੌਕਰੀ ਤੇ ਲਾਇਆ ਹੈ । ਉਨ੍ਹਾਂ ਦਾ ਨਾਂ ਸ਼੍ਰੀ ਐਸ. ਕੇ. ਤਿਵਾੜੀ ਹੈ ਜਿਹੜੇ ਕਿ ਸਰਕਾਰੀ ਸੇਵਾ ਤੋਂ ਮੁੱਖ ਲੇਖਾ ਅਫ਼ਸਰ-ਕਮ-ਕੰਪਨੀ ਸਕੱਤਰ ਦੇ ਤੌਰ ਤੇ 31 ਅਕਤੂਬਰ, 1985 ਨੂੰ ਰਿਟਾਇਰ ਹੋਏ ਹਨ । ਪਰ ਸਰਕਾਰ ਨੇ ਸ਼੍ਰੀ ਐਸ. ਕੇ. ਤਿਵਾੜੀ ਨੂੰ ਬਤੌਰ ਮੁੱਖ ਲੇਖਾ ਅਫ਼ਸਰ-ਕਮ-ਕੰਪਨੀ ਸਕੱਤਰ ਉਨ੍ਹਾਂ ਦੇ ਸੇਵਾ ਨਿਵਿਰਤੀ ਦੀ ਉਮਰ ਪੁੱਗਣ ਤੇ ਦੁਬਾਰਾ ਨਿਯੁਕਤ ਕਰਨ ਦੀ ਤਜਵੀਜ਼ ਰੱਦ ਕਰ ਦਿੱਤੀ ਹੈ ਅਤੇ 6 ਮਾਰਚ, 1986 ਨੂੰ ਸ਼੍ਰੀ ਐਸ. ਕੇ. ਤਿਵਾੜੀ ਦੀਆਂ ਸੇਵਾਵਾ ਤੁਰੰਤ ਖਤਮ ਕਰਨ ਵਾਸਤੇ ਪੰਜਾਬ ਟੂਰਿਜ਼ਮ ਵਿਕਾਸ ਕਾਰਪੋਰੇਸ਼ਨ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ।

19526 PVS—Govt. Press, U.T., Chd.

Original with;
Punjab Vidhan Sabha
Digitized by;
Panjab Digital Library

Original With;
Punjab Vidhan Sabha
Digitized by;
Panjab Digital Library

Chief
Punjab Vidhan Sabha
Chandigarh

©1985

Published under the authority of the Punjab Vidhan Sabha a
Printed by the Controller, Printing and Stationary (U.T.), Chandigar

Original wi
Punjab Vidhan Sabha
Digitized b
Panjab Digital Library

Original with
Punjab Vidhan Sabha
Digitized by
Panjab Digital Library

Sabha
handigar

ਅਸਲ ਰਿਕਾਰਡ ਕੀਤਾ ਗਇਆ
ਅਤੇ ਉਸ ਦਾ ਸੰਭਾਲ ਸਮਾਂ
'A' 'B' or 'C' proceedings
in which the file was
recorded and its
retention period

ਕੀ ਕੇਸ ਸਬੰਧੀ ਨੋਟ ਸ਼ਾਖਾ/
ਸੈਕਸ਼ਨ ਦੀ ਨੋਟ ਬੁੱਕ
ਵਿਚ ਰੱਖਿਆ ਹੋਇਆ ਹੈ
ਜਾਂ ਨਹੀਂ
Whether note regarding
case has been kept in
the Branch/Sectional
Note Book or not

ਸਬੰਧਤ ਸਹਾਇਕ ਦੇ ਹਸਤਾਖਰ
Initials of the concerned
Assistant

ਰਿਕਾਰਡਰ ਦੇ ਹਸਤਾਖਰ
Initials of the Recorder


ਪਿਛਲੇ ਹਵਾਲੇ Previous References	ਬਾਅਦ ਦੇ ਹਵਾਲੇ Later References

Original with;
Punjab Vidhan Sabha
Digitized by;
Panjab Digital Library

Chief Reporter
Punjab Vidhan Sabha
Chandigarh

Original with;
Punjab Vidhan Sabha
Digitized by;
Panjab Digital Library

B-19121



Original with;
Punjab Vidhan Sabha
Digitized by
Panjab Digital Library